ਤੂੰ ਸਤਵੰਤੀ ਤੂੰ ਪਰਧਾਨਿ

(ਸਿੱਖ ਸਮਾਜ ਦਾ ਨਾਰੀ ਮੰਡਲ)



ਮਹਿੰਦਰ ਕੌਰ ਗਿੱਲ (ਡਾ.)

ਤਤਕਰਾ

	ਭੂਮਿਕਾ	vii
1.	**ਗੁਰੂ ਸਾਹਿਬ ਦੀਆਂ ਜਨਨੀਆਂ**	1
2.	**ਗੁਰੂ ਮਹਿਲ : ਜਾਣ-ਪਛਾਣ**	13
3.	ਮਾਤਾ ਸੁਲੱਖਣੀ ਜੀ	16
4.	ਮਾਤਾ ਖੀਵੀ ਜੀ	37
5.	ਮਾਤਾ ਮਨਸਾ ਦੇਵੀ ਜੀ	56
6.	ਬੀਬੀ ਭਾਨੀ ਜੀ	63
7.	ਮਾਤਾ ਗੰਗਾ ਜੀ	73
8.	ਮਾਤਾ ਦਮੋਦਰੀ ਜੀ	89
9.	ਮਾਤਾ ਨਾਨਕੀ ਜੀ	98
10.	ਮਾਤਾ ਮਹਾਂਦੇਵੀ ਜੀ	109
11.	ਮਾਤਾ ਕਿਸ਼ਨ ਕੌਰ ਜੀ	121
12.	ਮਾਤਾ ਗੁਜਰੀ ਜੀ	139
13.	ਮਾਤਾ ਸੁੰਦਰੀ ਜੀ	147
14.	ਮਾਤਾ ਜੀਤੋ ਜੀ	163
15.	ਮਾਤਾ ਸਾਹਿਬ ਦੇਵਾਂ ਜੀ	173
16.	**ਗੁਰੂ ਸਾਹਿਬ ਦੀਆਂ ਪੁੱਤਰੀਆਂ**	186
17.	ਬੀਬੀ ਅਣੋਖੀ	187
18.	ਬੀਬੀ ਅਮਰੋ	188
19.	ਬੀਬੀ ਦਾਨੀ	189
20.	ਬੀਬੀ ਭਾਨੀ	190
21.	ਬੀਬੀ ਵੀਰੋ	191
22.	ਬੀਬੀ ਰੂਪ ਕੌਰ	192
23.	**ਗੁਰੂ ਸਾਹਿਬਾਨ ਦੀਆਂ ਭੈਣਾਂ**	198
24.	ਬੇਬੇ ਨਾਨਕੀ	198
25.	ਬੀਬੀ ਵੀਰੋ	199
26.	ਬੀਬੀ ਰੂਪ ਕੌਰ	201

P + 18

27. ਗੁਰੂ ਸਾਹਿਬਾਨ ਦੀਆਂ ਨੂੰਹਾਂ 214
28. ਪੰਜਾਬ ਕੌਰ (ਮਾਤਾ) 219
29. ਗੁਰੂ ਘਰ ਦੀਆਂ ਪ੍ਰੇਮਣਾਂ 231
30. ਮਾਈ ਸਭਰਾਂਈ 231
31. ਬੀਬੀ ਕਉਲਾਂ 238
32. ਬੇਗਮ ਨੂਰਜਹਾਂ 241
33. ਮਾਈ ਭਾਗੋ 247
34. ਮਾਈ ਸੁਲੱਖਣੀ 252
35. ਸ: ਜੱਸਾ ਸਿੰਘ ਆਹਲੂਵਾਲੀਆ ਦੀ ਮਾਤਾ 261
36. ਗੁਰੂ ਘਰ ਦੀਆਂ ਬੇਨਾਮ ਸ਼ਹੀਦ ਸਿੰਘਣੀਆਂ 267
37. ਪੰਜਾਬ ਦੀਆਂ ਰਾਣੀਆਂ 281
38. ਰਾਣੀ ਸਦਾ ਕੌਰ 281
39. ਮਹਾਰਾਣੀ ਮਹਿਤਾਬ ਕੌਰ 294
40. ਰਾਣੀ ਚੰਦ ਕੌਰ 299
41. ਮਹਾਰਾਣੀ ਜਿੰਦਾਂ 308
42. ਸ਼ਹਿਜ਼ਾਦੀ ਬੰਬਾ ਜਿੰਦਾਂ 325
43. ਰਾਣੀ ਸਾਹਿਬ ਕੌਰ 330
44. ਪੰਜਾਬ ਦੀਆਂ ਬਹਾਦਰ ਬੀਬੀਆਂ 346
45. ਬੀਬੀ ਅਨੂਪ ਕੌਰ 346
46. ਬੀਬੀ ਸੁਸ਼ੀਲ ਕੌਰ 352
47. ਬੀਬੀ ਦੀਪ ਕੌਰ : ਇਕ ਅਸਾਧਾਰਨ ਇਸਤਰੀ 370
48. ਬੀਬੀ ਬਲਜੀਤ ਕੌਰ 380
49. ਬੀਬੀ ਨਿਰਭੈਅ ਕੌਰ 391

ਸ੍ਰੀ ਰਾਜੀਵ ਗਾਂਧੀ—ਸੰਤ ਹਰਚੰਦ ਸਿੰਘ ਲੌਂਗੋਵਾਲ ਸਮਝੌਤੇ ਦੇ ਅੰਤਰਗਤ
ਸਥਾਪਿਤ ਵਿਸ਼ੇਸ਼ ਪੰਜਾਬੀ ਸੈੱਲ ਦੀ ਮੂਲ ਪੰਜਾਬੀ ਪੁਸਤਕ ਨੰਬਰ-'26'

ਫੁਟਕਲ ਪ੍ਰਕਾਸ਼ਨ

ਤੂੰ ਸਤਵੰਤੀ ਤੂੰ ਪਰਧਾਨਿ

(ਸਿੱਖ ਸਮਾਜ ਦਾ ਨਾਰੀ ਮੰਡਲ)

ਮਹਿੰਦਰ ਕੌਰ ਗਿੱਲ (ਡਾ.)

ਨੈਸ਼ਨਲ ਬੁਕ ਟਰੱਸਟ, ਇੰਡੀਆ

ਗਿਆਨੀ ਸੋਹਣ ਸਿੰਘ ਸੀਤਲ ਜੀ ਦੇ ਸ਼ਗਿਰਦ
ਇੰਟਰਨੈਸ਼ਨਲ ਪੰਥਕ ਢਾਡੀ ਜੱਥਾ
ਗਿ: ਸਰੂਪ ਸਿੰਘ ਕਡਿਆਣਾ
(ਗੋਲਡ ਮੈਡਲਿਸਟ)
98150-03075
ਸਾਥੀ : ਲਖਵੀਰ ਸਿੰਘ ਤਲਵਣ - 98155-42247
ਸਾਥੀ : ਰਛਪਾਲ ਸਿੰਘ ਮੁੱਲਾਪੁਰੀ - 99140-00127
ਸਾਰੰਗੀ ਮਾ.: ਹਰਦੀਪ ਸਿੰਘ ਤਲਵਣ - 98141-51218

ਪਿੰਡ-ਕਡਿਆਣਾ ਤਹਿ. ਫਿਲੌਰ-144410 ਜਿਲ੍ਹਾ ਜਲੰਧਰ
E-mail. dhadikadiana@hotmail.com
www. dhadikadiana.com

ISBN 978-81-237-5446-8

2009 (ਸ਼ੱਕ ਸੰਮਤ 1930)

ਮੂਲ © ਡਾ: ਮਹਿੰਦਰ ਕੌਰ ਗਿੱਲ

Tu Satwanti Tu Pardhan *(Punjabi)*

ਮੁੱਲ : **120.00**

ਨਿਰਦੇਸ਼ਕ, ਨੈਸ਼ਨਲ ਬੁਕ ਟਰੱਸਟ, ਇੰਡੀਆ, ਨਹਿਰੂ ਭਵਨ, 5, ਇੰਸਟੀਚਿਊਸ਼ਨਲ ਏਰੀਆ, ਫੇਜ਼-II, ਵਸੰਤ ਕੁੰਜ, ਨਵੀਂ ਦਿੱਲੀ--110070 ਵੱਲੋਂ ਪ੍ਰਕਾਸ਼ਿਤ ।

ਭੂਮਿਕਾ

ਗੁਰੂ ਮਹਿਲ, ਗੁਰੂ ਜਣਨੀਆਂ, ਗੁਰੂ ਭੈਣਾਂ, ਗੁਰੂ ਪੁੱਤਰੀਆਂ, ਗੁਰੂ ਨੂੰਹਾਂ, ਗੁਰੂ ਪ੍ਰੇਮਣਾਂ ਤੇ ਗੁਰੂ ਘਰ ਦੀਆਂ ਬੇਨਾਮ ਸ਼ਹੀਦ ਸਿੰਘਣੀਆਂ ਸਾਰੀਆਂ ਦੀਆਂ ਸਾਰੀਆਂ ਇਕ ਸੂਤ ਪ੍ਰੋਏ ਧਾਗੇ ਵਿਚ ਪਰੁੱਚੀਆਂ, ਗੁਰੂ ਘਰ ਨੂੰ ਸਮਰਪਿਤ ਹਨ। ਗੁਰੂ ਸਾਹਿਬ ਸਭ ਦੇ ਪੂਜ, ਸਭ ਦੇ ਪ੍ਰੇਰਨਾ ਸ੍ਰੋਤ, ਸਭ ਲਈ ਦਇਆ-ਪੁੰਜ, ਸਭ ਨਾਲ ਸਨੇਹਮਈ, ਸਭ ਲਈ ਮਿਹਰਵੰਤ ਹਨ। ਗੁਰੂ ਲਈ ਸਭ ਇਕ਼ੋ ਜਿਹੀਆਂ ਸਨ। ਦੂਜੇ ਬੰਨੇ ਇਹ ਸਾਰੀਆਂ ਗੁਰੂ ਮਿਸ਼ਨ ਤੋਂ ਵਾਰੇ-ਬਲਿਹਾਰੇ ਜਾਂਦੀਆਂ ਰਹੀਆਂ। ਇਨ੍ਹਾਂ ਸਾਰੀਆਂ ਨੇ ਆਪੋ-ਆਪਣਾ ਰੋਲ ਨਿਭਾਇਆ ਪਰ ਅਚਰਜ ਤਾਂ ਇਹ ਹੈ, ਇਹ ਸਾਰੀਆਂ ਇਕ ਅਦੁੱਤੀ ਇਕਸੁਰਤਾ ਨੂੰ ਰੂਪਮਾਨ ਕਰਦੀਆਂ ਹਨ। ਇਨ੍ਹਾਂ ਲਈ ਗੁਰੂ-ਮਿਸ਼ਨ ਸਭ ਤੋਂ ਉਚੇਰਾ ਸੀ। ਇਹ ਸਿਦਕ ਭਰੇਸੇ ਦੀਆਂ ਮੂਰਤਾਂ, ਆਗਿਆਕਾਰਤਾ ਨਾਲ ਸੰਪੰਨ, ਗੁਰੂ ਸੇਵਾ ਵਿਚ ਖੀਵੀਆਂ, ਆਪੋ-ਆਪਣੀ ਸਮਰੱਥਾ ਤੇ ਲੋੜ ਅਨੁਸਾਰ ਸੀਰ ਪਾਉਂਦੀਆਂ ਰਹੀਆਂ। ਇਨ੍ਹਾਂ ਸਾਰੀਆਂ ਦਾ ਇਕੋ ਥਾਵੇਂ ਦੀਦਾਰ ਇਕ ਰੂਹਾਨੀ ਹੁਲਾਰਾ ਦੇਂਦਾ ਹੈ। ਆਪਣੀ ਭਾਰੀ-ਗਉਰੀ ਵਿਰਾਸਤ ਨੂੰ ਸਮਝ ਕੇ ਉਸ ਪ੍ਰਤੀ ਜਸ਼ਨ ਦੀ ਭਾਵਨਾ ਜਾਗਦੀ ਹੈ। ਉਸ ਪ੍ਰਤੀ ਗੌਰਵ ਸਿਰ ਚੜ੍ਹ ਕੇ ਬੋਲਦਾ ਹੈ। ਬੰਦਾ ਭਰਿਆ-ਭਰਿਆ ਮਹਿਸੂਸ ਕਰਦਾ ਹੈ। ਨਤ-ਮਸਤਕ ਹੁੰਦਾ ਹੈ, ਇਹ ਸਾਰੀਆਂ ਬੁਲੰਦ ਰੁਤਬੇ ਵਾਲੀਆਂ ਜੂ ਹੋਈਆਂ।

ਪਰੰਪਰਾਵਾਂ ਸਭਿਆਚਾਰ ਦੀ ਪ੍ਰਮੁੱਖ ਚੂਲ ਹਨ। ਇਹ ਕਹਿਣਾ ਖ਼ਾਸਾ ਕਠਿਨ ਹੈ ਕਿ ਸਭਿਆਚਾਰ ਪਰੰਪਰਾਵਾਂ ਦੀ ਪ੍ਰਕਰਮਾ ਕਰਦਾ ਹੈ ਜਾਂ ਪਰੰਪਰਾਵਾਂ ਸਭਿਆਚਾਰ ਦੀ। ਪਰ ਹਾਲ ਦੀ ਘੜੀ ਇਤਨਾ ਕੁ ਸਪੱਸ਼ਟ ਹੈ, ਪਰੰਪਰਾਵਾਂ ਬਿਨਾਂ ਸਭਿਆਚਾਰ ਵਰਤ-ਵਿਹਾਰ ਦਾ ਮਜਮੂਆਂ ਤਾਂ ਹੋ ਸਕਦਾ ਹੈ, ਜੀਂਦਾ-ਥੀਂਦਾ ਜੀਵਨ ਨਹੀਂ। ਇਹ ਪਰੰਪਰਾਵਾਂ ਹੀ ਹਨ ਜੋ ਸਮੇਂ-ਸਮੇਂ ਸਭਿਆਚਾਰਕ ਪਰਤਾਂ ਉਘੇੜਦੀਆਂ ਉਨ੍ਹਾਂ ਦੀ ਛਾਣ-ਬੀਣ ਕਰਦੀਆਂ, ਉਨ੍ਹਾਂ ਦੀ ਛਾਪ ਸਮੇਂ ਦੀ ਹਿੱਕ ਉਪਰ ਅੰਕਿਤ ਕਰਦੀਆਂ ਹਨ ਤੇ ਮਨੁੱਖੀ ਅਮਲ ਰਾਹੀਂ ਸਭਿਆਚਾਰ ਨੂੰ ਸਾਖਿਆਤਕਾਰ ਕਰ ਦੇਂਦੀਆਂ ਹਨ।

ਅਜੋਕੀ ਸਿੱਖ ਨਾਰੀ ਦੀ ਪਰੰਪਰਾ ਖ਼ਾਸੀ ਅਮੀਰ ਅਤੇ ਗੌਰਵਸ਼ਾਲੀ ਹੈ। ਇਸ ਵਿਚ ਗੁਰੂ ਘਰ ਨਾਲ ਜੁੜੀਆਂ ਬੀਬੀਆਂ ਦੀ ਜੀਵਨ-ਸ਼ੈਲੀ ਦੀ ਖ਼ੁਸ਼ਬੂ ਹੈ, ਆਬ ਹੈ, ਸ਼ਾਖ਼ ਹੈ, ਸ਼ਖ਼ਸੀ ਵੇਦਨਾ, ਭਗਤੀ, ਸੇਵਾ ਤੇ ਕਲਿਆਣਕਾਰੀ ਮੁਸਕਾਨ ਹੈ। ਗੁਰੂ ਮਹਿਲ-ਪਰੰਪਰਾ, ਗੁਰੂ ਸਾਹਿਬ ਦੇ ਸਮਵਿੱਥ ਹੋ ਕੇ ਤੁਰੀ ਹੈ। ਇਕ ਪਾਸੇ, ਗੁਰੂ ਸਾਹਿਬਾਨ ਕਾਰਜਸ਼ੀਲ ਸਨ ਤੇ ਦੂਸਰੇ ਪਾਸੇ, ਗੁਰੂ ਮਹਿਲ ਪਰੰਪਰਾ ਦੀ ਉਸਾਰੀ ਹੋਈ ਹੈ।

ਸਿੱਖ ਨਾਰੀ ਪਰੰਪਰਾ ਦਾ ਪ੍ਰਮਾਣਿਕ ਚਿੱਤਰ ਪੰਜਾਬੀ ਸਾਹਿਤ ਰਾਹੀਂ ਹੀ ਉਸਾਰਿਆ ਜਾ ਸਕਦਾ ਹੈ। ਧਿਆਨ ਰਹੇ, ਗੁਰਬਾਣੀ ਪੰਜਾਬੀ ਦਾ ਉੱਚ ਕੋਟੀ ਦਾ ਸਾਹਿਤ ਹੈ। ਇਸ ਵਿਚ

ਨਾਰੀ ਦੇ ਆਚਾਰ-ਵਿਹਾਰ ਨੂੰ ਆਦਰਸ਼-ਮਾਡਲ ਕਰ ਕੇ ਪ੍ਰਵਾਨਿਆ ਗਿਆ ਹੈ। ਨਾਰੀ ਦੀ ਪ੍ਰੀਤ, ਨਾਰੀ ਦੀ ਲੋਚਾ, ਨਾਰੀ ਦਾ ਵਿਜੋਗ, ਨਾਰੀ ਦੀ ਭਟਕਣ, ਨਾਰੀ ਆਚਾਰ ਨਾਲ ਜੁੜੇ ਮਾੜੇ-ਚੰਗੇ ਅਮਲ, ਨਾਰੀ ਦੇ ਸੰਜੋਗਾਤਮਕ ਵਿਹਾਰ ਆਦਿ ਨੂੰ ਗੁਰਬਾਣੀ ਵਿਚ ਮਾਡਲ ਰੂਪ ਕਰ ਕੇ ਪ੍ਰਵਾਨ ਕੀਤਾ ਗਿਆ ਹੈ। ਜ਼ਾਹਿਰ ਹੈ, ਗੁਰਬਾਣੀ ਵਿਚ ਲੋਕਮਾਨਸ ਦਾ ਅਧਿਆਤਮੀਕਰਣ ਹੋਇਆ ਹੈ। ਮਾਲੂਮ ਹੁੰਦਾ ਹੈ, ਪੁਰਖ ਪ੍ਰਧਾਨ ਸਮਾਜ ਵਿਚ ਨਾਰੀ ਨੂੰ ਅਚੇਤ, ਹੀ ਮੂਲ ਮਹੱਤਵ ਵਾਲੀ ਪਦਵੀ 'ਤੇ ਅਸਥਾਪਨ ਕਰ ਦਿੱਤਾ ਗਿਆ ਹੈ। ਇਹ ਗੱਲ ਖ਼ਾਸੀ ਹੈਰਾਨ ਕਰਨ ਵਾਲੀ ਹੈ, ਓਪਰੀ ਨਜ਼ਰੇ ਇਸਤਰੀ ਨੂੰ ਦੁਜੈਲਾ ਸਥਾਨ ਦਿੱਤਾ ਜਾਂਦਾ ਰਿਹਾ ਹੈ ਪਰ ਅਸਲ ਵਿਚ ਉਹ ਮਰਦ ਦੇ ਧੁਰ ਡੂੰਘ ਵਿਚ ਵੱਸੀ ਹੋਈ ਕੋਈ ਅਲੋਕਾਰ ਸ਼ੈਅ ਹੈ। ਮਰਦ ਸਮਾਜ ਜਿਥੇ ਸੁਚੇਤ ਹੈ, ਉਥੇ ਉਸ ਦੀ ਪਹਿਲ ਹੈ। ਜਿਥੇ ਉਹ ਅਚੇਤ ਹੈ ਉਥੇ ਸਹਿਵਨ ਹੀ ਨਾਰੀ ਨੂੰ ਆਪਣੇ ਤੋਂ ਵੱਡਾ ਕਬੂਲ ਕਰੀ ਬੈਠਾ ਹੈ ਵਰਨਾ ਸਿਰਜਨ-ਸੰਸਾਰ ਵਿਚ ਨਾਰੀ-ਪ੍ਰਤੀਕ ਕਿਵੇਂ ਹੋਂਦ ਵਿਚ ਆਉਂਦਾ। ਵੱਡੇ ਤੋਂ ਵੱਡਾ ਗਿਆਨ-ਵਾਨ, ਪ੍ਰੇਮਾ ਭਗਤੀ ਕਰਨ ਵਾਲਾ ਅਧਿਆਤਮ ਦੇ ਰਾਹ 'ਤੇ ਤੁਰਨ ਵੇਲੇ ਆਪਣੇ ਭਾਵਾਂ, ਆਪਣੇ ਆਚਾਰ-ਵਿਚਾਰ ਦੀ ਸਮਤਾ ਨਾਰੀ ਨਾਲ ਕਰਦਾ ਹੈ। ਉਦੋਂ ਉਹ ਇਸ ਲੋਕ ਤੋਂ ਪ੍ਰਲੋਕ ਵੱਲ ਮੁੜਦਾ ਹੈ। ਅਜਿਹੇ ਸਮੇਂ ਉਸ ਦਾ ਪ੍ਰਕਰਣ ਬਦਲ ਜਾਂਦਾ ਹੈ। ਉਦੋਂ ਇਹ ਪ੍ਰਤੀਕ ਮਾਨਵੀ ਨਾ ਹੋ ਕੇ ਦੈਵੀ ਹੋ ਜਾਂਦਾ ਹੈ ਪਰ ਨਾਰੀ ਚੇਤਨਾ ਦੀ ਕੱਸ ਪੀਡੀ ਹੀ ਰਹਿੰਦੀ ਹੈ। ਇੰਜ ਮਾਲੂਮ ਹੁੰਦਾ ਹੈ, ਉਦੋਂ ਨਾਰੀ ਦੂਸਰੀ ਹਸਤੀ ਹੋ ਕੇ ਮਨੋਬਣਤਰ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਇਹੋ ਸਾਡੀ ਪਰੰਪਰਾ ਦੀ ਮੁੱਲਵਾਨ ਪ੍ਰਾਪਤੀ ਵੀ ਹੈ ਤੇ ਪ੍ਰਵਾਨਗੀ ਵੀ।

ਮੱਧਕਾਲ ਵਿਚ ਨਾਰੀ ਸਮਾਜ ਦੀ ਪ੍ਰਤੀਨਿਧਤਾ ਗੁਰੂ ਮਹਿਲ ਕਰਦੇ ਹਨ। ਗੁਰੂ ਸਾਹਿਬਾਨ ਦੀਆਂ ਨੂੰਹਾਂ, ਧੀਆਂ, ਮਾਵਾਂ, ਭੈਣਾਂ, ਗੁਰੂ-ਮਿਸ਼ਨ ਤੋਂ ਟੁੱਟੀਆਂ ਹੋਈਆਂ ਨਹੀਂ। ਇਹ ਠੀਕ ਹੈ, ਗੁਰੂ ਮਹਿਲਾਂ ਦਾ ਰੋਲ ਪ੍ਰਤੀਨਿਧ ਹੈ ਪਰ ਗੁਰੂ ਪਰਿਵਾਰ ਦੀਆਂ ਬਾਕੀ ਸੁਆਣੀਆਂ ਵੀ ਗੁਰੂ-ਮਿਸ਼ਨ ਨੂੰ ਸਮਰਪਿਤ ਹਨ। ਇਨ੍ਹਾਂ ਦੀ ਕਾਰਗੁਜ਼ਾਰੀ ਨੂੰ ਰੂਪਮਾਨ ਕਰਨਾ ਹੀ ਇਸ ਭੂਮਿਕਾ ਦੀ ਹੱਦਬੰਦੀ ਹੈ।

ਨਰੋਈਆਂ ਕਦਰਾਂ-ਕੀਮਤਾਂ

ਨਾਰੀ ਸਮਾਜ ਦੀ ਬੀਜ ਇਕਾਈ ਹੈ। ਉਹ ਧੀ, ਭੈਣ, ਨੂੰਹ, ਪਤਨੀ, ਪ੍ਰੇਮਿਕਾ ਅਤੇ ਮਾਂ ਵੀ ਹੈ। ਨਾਰੀ ਦਾ ਸਭ ਤੋਂ ਨਰੋਇਆ ਅਤੇ ਨਿੱਗਰ ਪੱਖ ਮਾਂ ਹੋਣਾ ਹੈ। ਮਾਂ ਹੋਣਾ ਕੇਵਲ ਨਾਰੀ ਦੇ ਹਿੱਸੇ ਹੀ ਆਇਆ ਹੈ। ਮਾਂਪੁਣਾ ਨਿਰੋਲ ਨਾਰੀ ਦਾ ਆਪਣਾ ਵਿਲੱਖਣ ਸੰਸਾਰ ਹੈ। ਦੁਨੀਆ ਭਰ ਦੇ ਪੀਰਾਂ, ਪੈਗੰਬਰਾਂ, ਅਵਤਾਰਾਂ ਤੇ ਬ੍ਰਹਮ-ਵੇਤਿਆਂ ਨੂੰ ਮਾਂ ਦੀ ਗੋਦ ਵਿਚ ਖੇਡਣ-ਬੈਠਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਮਾਂ ਦੀ ਮਮਤਾ ਨਿਰਛਲਤਾ, ਨਿਰ-ਸੁਆਰਥਤਾ, ਸਵੱਛਤਾ, ਆਪਾ ਨਿਛਾਵਰਤਾ ਅੱਗੇ ਬਾਕੀ ਸਭ ਕੁਝ ਹੇਚ ਹੈ। ਮਾਂ ਤਾਂ ਦੁਨੀਆ ਦਾ ਮਿੰਨੀ ਰੱਬ ਹੈ। ਪੈਦਾ ਕਰਨਾ, ਪਾਲਣਾ ਕਰਨੀ ਤੇ ਰੱਖਿਆ ਕਰਨੀ ਮਾਂ ਦੇ ਤਿੰਨ ਵਿਸ਼ੇਸ਼ ਗੁਣ ਹਨ। ਇਹ ਤਿੰਨੇ ਗੁਣ ਸ੍ਰਿਸ਼ਟੀ ਦੀਆਂ ਸਭ ਪ੍ਰਕਾਰੀ ਮਾਦਾ ਵਿਚ ਦੇਖੇ ਜਾ ਸਕਦੇ ਹਨ। ਪਸ਼ੂ, ਪੰਛੀ, ਜੀਵ-ਜੰਤੂ ਇਸ ਤੱਤ ਦੀ ਸਾਖ ਬਹੁਤ ਨੇੜੇ ਹੋ ਕੇ ਭਰਦੇ

ਹਨ । ਇਸ ਸੰਦਰਭ ਵਿਚ ਪਰੰਪਰਕ ਨਾਰੀ-ਸੰਦੇਸ਼ ਪ੍ਰਪੱਕ ਵੀ ਹੈ ਤੇ ਸਿਹਤਮੰਦ ਵੀ । ਗੁਰੂ ਮਹਿਲਾਂ ਨੇ ਨਰੋਈਆਂ ਕਦਰਾਂ-ਕੀਮਤਾਂ ਦਾ ਸੰਚਾਰ ਕੀਤਾ ਹੈ । ਉਨ੍ਹਾਂ ਦਾ ਮਾਂ-ਰੂਪ ਅਸਲੋਂ ਨਿਵੇਕਲੇ ਅੰਦਾਜ਼ ਵਾਲਾ ਹੈ । ਮਾਤਾ ਮਨਸਾ ਗੁਰੂ ਅਮਰਦਾਸ ਜੀ ਦੇ ਮਹਿਲ ਤੇ ਬੀਬੀ ਭਾਨੀ ਦੇ ਸੁਭਾਗੀ ਅੰਮੀ ਹਨ । ਮਾਂ ਮਨਸਾ ਦੇਵੀ ਬਿਰਧ ਆਯੂ ਵਿਚ ਗੁਰਿਆਣੀ ਬਣੇ । ਉਨ੍ਹਾਂ ਦੇ ਪਤੀ ਗੁਰੂ ਅਮਰਦਾਸ ਜਦੋਂ ਬੀਬੀ ਅਮਰੋ ਤੋਂ ਗੁਰੂ ਨਾਨਕ ਦੇਵ ਦੀ ਬਾਣੀ ਦਾ ਪਾਠ ਸੁਣ ਕੇ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਗਏ ਤਾਂ ਮਾਤਾ ਮਨਸਾ ਦੇਵੀ ਜੀ ਉਸ ਸਮੇਂ ਆਪਣੇ ਚਾਰ ਬੱਚਿਆਂ ਸਮੇਤ ਖਡੂਰ ਵਿਚ ਰਹਿੰਦੇ ਸਨ । ਮਮਤਾ ਰੂਪ ਮਾਂ ਨੇ ਇਕ ਪਾਸੇ, ਆਪਣੇ ਪਤੀ ਨੂੰ ਪੂਰਾ-ਪੂਰਾ ਸਹਿਯੋਗ ਦਿੱਤਾ । ਪਤੀ ਗੁਰੂ ਬਾਰਾਂ ਸਾਲ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਰਹੇ । ਬਿਆਸਾ ਤੋਂ ਰੋਜ਼ ਗਾਗਰ ਭਰ ਲਿਆਉਣ ਦੀ ਕਥਾ ਸਰਬ ਵਿਖਿਆਤ ਹੈ । ਮਾਤਾ ਮਨਸਾ ਦੇਵੀ ਆਖਰ ਸਮਾਜ ਵਿਚ ਰਹਿੰਦੇ ਸਨ । ਉਨ੍ਹਾਂ ਦਾ ਵੀ ਆਪਣਾ ਭਾਈਚਾਰਾ ਸੀ । ਉਥੇ ਵੀ ਜਦੋਂ ਰੇਸ਼ਮ ਦਾ ਵਪਾਰ ਕਰਦਾ ਪਤੀ ਘਰ-ਬਾਰ ਛੱਡ ਰੱਬ ਦੇ ਰਾਹ ਤੇ ਤੁਰ ਪਿਆ ਤਾਂ ਉਹਦੇ ਲਈ ਭਾਈਚਾਰਕ ਤੌਰ ਤੇ ਕਈ ਸੁਆਲ ਪੈਦਾ ਕਰ ਗਿਆ । ਪਰ ਤਾਂ ਵੀ ਮਾਂ ਨੇ ਆਪਣੇ ਪੁੱਤ ਮੋਹਨ ਅਤੇ ਮੋਹਰੀ ਨੂੰ ਮਮਤਾ ਨਾਲ ਸਾਂਭਿਆ । ਬੇਟੀ ਭਾਨੀ ਅਤੇ ਦਾਨੀ ਨੂੰ ਅਜਿਹੇ ਗੁਣਾਂ ਦੀ ਜਾਗ ਲਾਈ ਕਿ ਬੀਬੀ ਭਾਨੀ ਦੀ ਸੇਵਾ ਤੋਂ ਸਾਰਾ ਸਿੱਖ ਜਗਤ ਜਾਣੂ ਹੈ । ਵਿਹਾਰੀ-ਵਰੀ ਬੀਬੀ ਭਾਨੀ ਪਿਤਾ ਦੀ ਸੇਵਾ ਬੜੇ ਸਿਦਕ ਨਾਲ ਨਿਭਾਉਂਦੀ ਰਹੀ । ਇਹ ਮਹਿਜ਼ ਇਤਫ਼ਾਕ ਨਹੀਂ ਹੈ ਸਗੋਂ ਇਸ ਵਿਚ ਮਾਤਾ ਮਨਸਾ ਦੇਵੀ ਦੀ ਟ੍ਰੇਨਿੰਗ ਵੀ ਆਪਣਾ ਸੀਰ ਪਾਉਂਦੀ ਨਜ਼ਰ ਆਉਂਦੀ ਹੈ । **ਆਪਣੇ ਬੱਚਿਆਂ ਨੂੰ ਉਚੇਰੇ ਗੁਣਾਂ ਦੀ ਜਾਗ ਲਾਉ** ਮਾਂ ਪਰੰਪਰਾ ਦਾ ਪਹਿਲਾ ਮੁੱਲਵਾਨ ਸੰਦੇਸ਼ ਹੈ ।

ਮਾਂ ਮਨਸਾ ਦੇਵੀ ਦੇ ਵੇਲੇ ਹੀ ਗੁਰੂ ਅਮਰ ਦਾਸ ਜੀ ਨੇ ਬਾਈ ਮੰਜੀਆਂ ਤੇ ਬਹੱਤਰ ਪੰਘੂੜਿਆਂ ਦੀ ਸਥਾਪਨਾ ਕੀਤੀ । ਇਹ ਮੰਜੀਆਂ ਅਤੇ ਪੰਘੂੜੇ ਧਰਮ ਪ੍ਰਚਾਰ ਦੇ ਕੇਂਦਰ ਤੇ ਉਪ-ਕੇਂਦਰ ਹੀ ਸਨ । ਇਥੇ ਬੈਠ ਕੇ ਮਾਤਾਵਾਂ ਇਕ ਪਾਸੇ, ਗੁਰੂ ਘਰ ਦਾ ਪ੍ਰਚਾਰ ਕਰਦੀਆਂ ਸਨ, ਦੂਜੇ ਪਾਸੇ ਮਾਤ-ਮੁੱਲਾਂ ਦੀ ਰੱਖਿਆ ਕਰਦੀਆਂ ਸਨ । (Mother Values) ਵਧੇਰੇ ਕਰ ਕੇ ਘਰ-ਪਰਿਵਾਰ ਦੇ ਜੀਵਨ ਨਾਲ ਸੰਬੰਧਿਤ ਹੈ । ਜਿਸ ਵਿਚ ਲੜਕੇ-ਲੜਕੀਆਂ ਦੋਵੇਂ ਸ਼ਾਮਿਲ ਹਨ । ਇਹ ਬੀਬੀਆਂ ਇਕ ਪਾਸੇ, ਆਪਣੇ ਆਸ-ਪਾਸ ਦੇ ਲੋਕਾਂ ਨੂੰ ਗੁਰੂ ਘਰ ਨਾਲ ਜੋੜਦੀਆਂ ਸਨ ਤੇ ਦੂਜੇ ਪਾਸੇ, ਗ੍ਰਹਿਸਥ ਦੀ ਮੂਲ ਇਕਾਈ ਘਰ ਦੀ ਸਾਂਭ-ਸੰਭਾਲ ਸਿਦਕ ਨਾਲ ਕਰਦੀਆਂ ਸਨ । ਇਤਿਹਾਸ ਸਾਖੀ ਹੈ ਗੁਰੂ ਅਮਰ ਦਾਸ ਜੀ ਨੇ ਮੰਜੀਆਂ ਦੀ ਸੇਵਾ ਕੇਵਲ ਦੋ ਬੀਬੀਆਂ : ਸਚਨ ਸਚ ਤੇ ਮਥੋ ਮੁਰਾਰੀ ਨੂੰ ਦਿੱਤੀ ਸੀ । ਪਰ ਬਹੱਤਰ ਪੰਘੂੜਿਆਂ ਦੀ ਸੇਵਾ ਇਕ ਖ਼ਾਸ ਸੰਦੇਸ਼ ਸੰਚਾਰਿਤ ਕਰਦੀ ਹੈ । **ਗ੍ਰਹਿਸਤ ਵਿਚ ਰਹਿ ਕੇ ਰੱਬੀ ਰਾਹ 'ਤੇ ਤੁਰੋ** । ਆਮ ਤੌਰ ਤੇ ਵੇਖਣ ਵਿਚ ਆਉਂਦਾ ਹੈ, ਸਾਧੂ ਸਮਾਜ ਜਦੋਂ ਰੱਬ ਦੇ ਰਾਹ ਵੱਲ ਆਉਂਦਾ ਹੈ ਤਾਂ ਤਿਆਗੀ ਹੋ ਜਾਂਦਾ ਹੈ । ਜਿਸ ਦਾ ਅਰਥ ਹੈ ਉਹ ਗ੍ਰਹਿਸਤ ਤੇ ਧਰਮ ਇਕੱਠਾ ਨਹੀਂ ਚਲਾ ਸਕਦੇ । ਪਰ ਜਦੋਂ ਬੀਬੀਆਂ ਧਰਮ ਦੇ ਰਾਹ 'ਤੇ ਵਿਸ਼ੇਸ਼ ਕਰ ਕੇ ਜੁੜਨ-ਜੋੜਨ ਲੱਗਣ ਤਾਂ ਗੱਲ ਹੋਰ ਸਾਰਥਕ ਹੋ ਜਾਂਦੀ ਹੈ । ਨਾਰੀ-ਸਮਾਜ ਉੱਤੇ ਪਰੰਪਰਾ ਤੋਂ ਘਰ-ਪਰਿਵਾਰ ਦੀ ਸਾਰ-ਸੰਭਾਲ ਦੀ ਜ਼ਿੰਮੇਵਾਰੀ ਹੈ.

ਤੇ ਜਦੋਂ ਇਹ ਬੀਬੀਆਂ ਗ੍ਰਹਿਸਤ ਦੀ ਗੱਲ ਦੇ ਨਾਲ-ਨਾਲ ਧਰਮ-ਪ੍ਰਚਾਰ ਨਾਲ ਜੁੜੀਆਂ ਤਾਂ ਇਕ ਸਿਹਤਮੰਦ ਸਮਾਜ ਸਾਹਮਣੇ ਆਇਆ। ਇਹ ਕੋਈ ਮਹਿਜ਼ ਇਤਫ਼ਾਕ ਨਹੀਂ ਕਿ ਅੱਗੇ ਚਲ ਕੇ ਹਜ਼ਾਰਾਂ ਸਿੱਖਾਂ ਨੇ ਸਿਦਕ ਨਾਲ ਸ਼ਹੀਦੀਆਂ ਪਾਈਆਂ, ਕੁਰਬਾਨੀਆਂ ਕੀਤੀਆਂ ਸਗੋਂ ਇਹ ਤਾਂ ਉਸ ਪਰੰਪਰਾ ਦੀ ਦੇਣ ਹੈ ਜਿਸ ਨੇ ਉਨ੍ਹਾਂ ਨੂੰ ਉਚੇਰੀਆਂ ਮਾਨਵੀ ਕਦਰਾਂ-ਕੀਮਤਾਂ ਨਾਲ ਸਿੰਜਿਆ ਸੀ। ਮਾਵਾਂ ਨੇ ਪੁੱਤਰਾਂ ਨੂੰ ਬਾਣੀ ਪੜ੍ਹਦਿਆਂ ਦੁੱਧ ਪਿਲਾਏ ਸਨ, ਬਾਣੀ ਪੜ੍ਹਦਿਆਂ ਲੰਗਰ ਛਕਾਏ ਸਨ। ਸੇਵਾ ਵਿਚ ਭਿੱਜੀਆਂ ਸੁਆਣੀਆਂ ਆਪਣੇ ਬਾਲ-ਪੁੱਤਾਂ ਦਾ ਆਦਰਸ਼ ਸਨ। ਤਾਹੀਉਂ ਉਨ੍ਹਾਂ ਦੇ ਪੁੱਤ ਗੁਰੂ ਘਰ ਦੀ ਸੇਵਾ ਕਰਦੇ ਨਾ ਥੱਕੇ। ਲੋੜ ਪੈਣ 'ਤੇ ਕੁਰਬਾਨੀਆਂ ਦੇਣ ਤੋਂ ਵੀ ਪਿੱਛੇ ਨਾ ਰਹੇ। ਸਵਾ ਮਣ ਗਿੱਲਾ ਪੀਸਣ ਪੀਹਣ ਵਾਲੀਆਂ ਬੀਬੀਆਂ ਦੀ ਪਰੰਪਰਾ ਮਾਤ ਮੁੱਲਾਂ ਨਾਲ ਸਰਾਬੋਰ ਸੀ। ਉਹ ਕੁਰਬਾਨੀਆਂ ਦੇ ਸਕਦੀਆਂ ਸਨ ਪਰ ਆਦਰਸ਼ ਨਹੀਂ ਸਨ ਛੱਡ ਸਕਦੀਆਂ। ਸਿੱਖ ਇਤਿਹਾਸ ਦੇ ਅਦੁੱਤੀ ਕਾਰਨਾਮਿਆਂ ਦੀ ਨੀਂਹ ਮਾਤ-ਮੁੱਲਾਂ 'ਤੇ ਰੱਖੀ ਗਈ। ਇਸੇ ਕਰ ਕੇ ਨਾ ਕਦੇ ਮਾਵਾਂ ਪਿੱਛੇ ਰਹੀਆਂ, ਨਾਂ ਪੁੱਤ ਪਿੱਛੇ ਹਟੇ।

ਧੀਰਤਾ ਅਤੇ ਬੀਰਤਾ ਦਾ ਸੰਗਮ

ਮਾਤ-ਮੁੱਲਾਂ ਨੇ ਇਕ ਹੋਰ ਕ੍ਰਿਸ਼ਮਾ ਕੀਤਾ। ਇਸ ਪਰੰਪਰਾ ਦੇ ਅਨੁਯਾਈਆਂ ਵਿਚ ਦੋ ਗੁਣਾਂ ਦਾ ਅਦਭੁਤ ਸੁਮੇਲ ਹੋ ਗਿਆ। ਇਸ ਪਰੰਪਰਾ ਨਾਲ ਸੰਬੰਧਿਤ ਬੀਬੀਆਂ ਨੇ ਅੰਤਾਂ ਦਾ ਧੀਰਜ ਦਿਖਾਇਆ ਅਤੇ ਕਹਿਰਾਂ ਦੀ ਬੀਰਤਾ। ਇਨ੍ਹਾਂ ਦੇ ਬੱਚਿਆਂ ਦੇ ਟੋਟੇ-ਟੋਟੇ ਕਰ ਕੇ ਇਨ੍ਹਾਂ ਦੇ ਗਲ਼ਾਂ ਵਿਚ ਹਾਰ ਪਾਏ ਗਏ, ਇਨ੍ਹਾਂ ਦੇ ਬੱਚਿਆਂ ਨੂੰ ਇਨ੍ਹਾਂ ਦੇ ਸਾਹਮਣੇ ਕੋਹਿਆ ਗਿਆ, ਇਨ੍ਹਾਂ ਦੇ ਬੱਚਿਆਂ ਨੂੰ ਨੇਜ਼ਿਆਂ 'ਤੇ ਟੰਗਿਆ ਗਿਆ। ਇਨ੍ਹਾਂ ਸੁਆਣੀਆਂ ਨੇ ਧਰਤੀ ਵਰਗਾ ਧੀਰਜ ਰੱਖਿਆ, ਰਤਾ ਨਾ ਡੋਲੀਆਂ। ਠੀਕ, ਇਸੇ ਤਰ੍ਹਾਂ ਬੰਦਾ ਸਿੰਘ ਬਹਾਦਰ ਦੇ ਪੁੱਤਰ ਦਾ ਕਲੇਜਾ ਉਸ ਦੇ ਮੂੰਹ ਵਿਚ ਤੁੰਨਿਆ ਗਿਆ ਪਰ ਨਾ ਉਹ ਡਰਿਆ, ਨਾ ਡੋਲਿਆ। ਜਦੋਂ ਸਮਾਂ ਆਇਆ ਤਾਂ ਸਿੱਖ ਬੀਬੀਆਂ ਅਦੁੱਤੀ ਬਹਾਦਰੀ ਨਾਲ ਮੈਦਾਨੇ-ਜੰਗ ਵਿਚ ਨਿੱਤਰੀਆਂ। ਸਿੱਖ ਇਤਿਹਾਸ ਵਿਚ ਮਾਈ ਭਾਗੋ ਅਜਿਹਾ ਗੌਰਵਮਈ ਨਾਮ ਹੈ ਜਿਸ ਨੇ ਨਾ ਕੇਵਲ ਰੁੱਸੇ ਵੀਰਾਂ ਨੂੰ ਹੀ ਮੋੜਿਆ ਸਗੋਂ ਉਨ੍ਹਾਂ ਚਾਲ੍ਹੀ ਸਿੱਖਾਂ ਨਾਲ ਰਲ ਕੇ ਮੈਦਾਨੇ-ਜੰਗ ਵਿਚ ਜੀਅ ਤੋੜ ਕੇ ਤਲਵਾਰ ਚਲਾਈ। ਮਾਈ ਭਾਗੋ ਜੀ ਬੀਰਤਾ ਦੀ ਪੁੰਜ ਸੀ। ਮਾਈ ਭਾਗੋ ਦਸਮ ਗੁਰੂ ਦੇ ਵੇਲੇ ਜੰਗੀ ਮੈਦਾਨ ਵਿਚ ਨਿੱਤਰੀ ਸੀ। ਏਸੇ ਤਰ੍ਹਾਂ ਮਾਤਾ ਗੁਜਰੀ ਨੇ ਬਾਲ ਸ਼ਹੀਦਾਂ ਵਿਚ ਅਜਿਹਾ ਜੋਸ਼ ਅਤੇ ਉਤਸ਼ਾਹ ਭਰਿਆ ਕਿ ਪੰਜ ਤੇ ਸੱਤ ਸਾਲ ਦੇ ਬੱਚਿਆਂ ਨੇ ਸ਼ਹੀਦੀ ਨੂੰ ਗਲ਼ ਨਾਲ ਲਾ ਲਿਆ ਪਰ ਆਪਣੇ ਆਦਰਸ਼ਾਂ ਨੂੰ ਆਂਚ ਨਾ ਆਉਣ ਦਿੱਤੀ। ਜ਼ੁਲਮੀ ਰਾਤ ਨੂੰ ਮਾਂ ਗੁਜਰੀ ਨੇ ਦਿਲ ਹਿਲਾਉਣ ਵਾਲੇ ਸਾਕੇ ਲਈ ਮਾਸੂਮ ਬੱਚਿਆਂ ਨੂੰ ਤਿਆਰ ਕਰ ਲਿਆ। ਮਾਸੂਮ ਬੱਚੇ ਬੁਲੰਦ ਹੌਸਲਿਆਂ ਨਾਲ ਕਚਹਿਰੀ ਵਿਚ ਪੇਸ਼ ਹੋਏ ਤੇ ਜ਼ਿੰਦਾ ਦਿਲੀ ਦੀ ਸਾਖ ਭਰਦੇ ਹੋਏ ਨੀਂਹ ਵਿਚ ਚਿਣੇ ਗਏ। ਪਰੰਪਰਕ ਨਾਰੀ ਦਾ ਇਹ ਬਹੁਤ ਹੀ ਮਹੱਤਵਪੂਰਨ ਸੰਦੇਸ਼ ਹੈ ਕਿ **ਜੇ ਸਮਾਂ ਆਣ ਬਣੇ ਤਾਂ ਧੀਰਜ ਨਾਲ ਨਿੱਬੜੋ ਤੇ ਬੀਰਤਾ ਨਾਲ ਜੂਝ ਮਰੋ।**

ਸਵੱਛ ਘਰੇਗੀ ਮਾਹੌਲ—ਸਿਰਜਣਾ

ਗੁਰੂ ਸਾਹਿਬਾਨ ਨੇ ਬਾਣੀ ਵਿਚ ਅੰਕਿਤ ਕੀਤਾ ਹੈ, "ਘਰ ਸੁਖ ਵਸਿਆ ਬਾਹਰ ਸੁਖ ਪਾਇਆ" ਸੁਆਲ ਹੈ, ਉਹ ਕਿਹੜਾ ਸੁਖ ਸੀ ਜਿਸ ਨੂੰ ਗੁਰੂ ਸਾਹਿਬਾਨ ਨੇ ਪ੍ਰਮਾਣ ਰੂਪ ਵਿਚ ਪ੍ਰਵਾਨ ਕੀਤਾ ਹੈ । ਆਖ਼ਰਕਾਰ ਘਰ ਤਾਂ ਘਰ ਦੀਆਂ ਸੁਆਣੀਆਂ ਨਾਲ ਹੀ ਚਲਦੇ ਹਨ । ਗੁਰੂ ਮਹਿਲਾਂ ਨੇ ਆਪਣੇ ਘਰੇਗੀ ਮਾਹੌਲ ਨੂੰ ਬੜਾ ਸੁਖਾਵਾਂ ਬਣਾਈ ਰੱਖਿਆ । ਹਾਲਾਂਕਿ ਇਨ੍ਹਾਂ ਨੂੰ ਜ਼ਾਤੀ ਤੌਰ ਤੇ ਬਹੁਤ ਸਾਰੀਆਂ ਕਠਿਨਾਈਆਂ ਵਿਚੋਂ ਲੰਘਣਾ ਪਿਆ । ਜਦੋਂ ਗੁਰੂ ਨਾਨਕ ਦੇਵ ਮਿਸ਼ਨ ਪੂਰਤੀ ਹਿਤ ਵਰ੍ਹਿਆਂ-ਬੱਧੀ ਘਰ ਨਾ ਮੁੜੇ ਤਾਂ ਮਾਤਾ ਸੁਲੱਖਣੀ ਨੂੰ ਕਿਹੋ ਜਿਹੇ ਹਾਲਾਤਾਂ ਦਾ ਸਾਹਮਣਾ ਕਰਨਾ ਪਿਆ ਹੋਵੇਗਾ ? ਜਦੋਂ ਗੁਰੂ ਅੰਗਦ ਦੇਵ ਜੀ ਦੇ ਸਪੁੱਤਰ ਦਾਤੂ ਅਤੇ ਬਾਬਾ ਦਾਸੂ ਜੀ ਨੇ ਗੁਰਗੱਦੀ 'ਤੇ ਹੱਕ ਜਤਾਉਣ ਲਈ ਕਲੇਸ਼ ਕੀਤਾ ਤਾਂ ਮਾਤਾ ਖੀਵੀ ਕਿਹੋ ਜਿਹੇ ਵੇਲੇ ਵਿਚੋਂ ਗੁਜ਼ਰੇ ਹੋਣਗੇ ? ਜਦੋਂ ਮਾਤਾ ਗੰਗਾ ਦੇ ਗੁਰੂ ਪਤੀ ਸ਼ਹੀਦੀ ਲਈ ਰਵਾਨਾ ਹੋਏ ਤਾਂ ਉਨ੍ਹਾਂ ਦਾ ਇਕਲੌਤਾ ਲਾਡਲਾ ਗੁਰੂ ਹਰਿਗੋਬਿੰਦ ਗਿਆਰ੍ਹਾਂ ਸਾਲਾਂ ਦੇ ਸਨ । ਇਸੇ ਤਰ੍ਹਾਂ ਮਾਤਾ ਗੁਜਰੀ ਦੇ ਪਤੀ ਗੁਰੂ ਤੇਗ ਬਹਾਦਰ ਜੀ ਧਰਮ ਦੀ ਰੱਖਿਆ ਲਈ ਕੁਰਬਾਨੀ ਦੇਣ ਲਈ ਦਿੱਲੀ ਗਏ ਤਾਂ ਉਨ੍ਹਾਂ ਦਾ ਇਕਲੌਤਾ ਸਪੁਤ ਗੁਰੂ ਗੋਬਿੰਦ ਸਿੰਘ ਕੇਵਲ 9 ਵਰ੍ਹਿਆਂ ਦੇ ਸਨ । ਇਨ੍ਹਾਂ ਮਾਤਾਵਾਂ ਨੇ ਕਿਹੋ ਜਿਹੇ ਆਤੰਕ ਦਾ ਸਾਹਮਣਾ ਕੀਤਾ ਹੋਵੇਗਾ ? ਜਦੋਂ ਪ੍ਰਿਥੀ ਚੰਦ ਨੇ ਗੁਰਗੱਦੀ ਲਈ ਸਰਕਾਰੇ-ਦਰਬਾਰੇ ਜਾ ਸ਼ਿਕਾਇਤ ਲਾਈ ਤਾਂ ਬੀਬੀ ਭਾਨੀ ਨੇ ਗੁਰੂ ਘਰ ਨੂੰ ਕਿਸ ਸਮੇਂ ਦੇ ਸਨਮੁੱਖ ਦੇਖਿਆ । ਗੁਰੂ ਘਰ ਸੰਘਰਸ਼ਸ਼ੀਲ ਰਿਹਾ ਹੀ ਹੈ । ਇਹ ਸੰਘਰਸ਼ ਘਰੇਗੀ ਸੀ ਜਾਂ ਹਕੂਮਤ ਨਾਲ ਪਰ ਮਾਤਾਵਾਂ ਦੀ ਭੂਮਿਕਾ ਆਪਣੀ ਨਿਵੇਕਲੀ ਹੋਂਦ ਕਾਇਮ ਰੱਖਦੀ ਹੈ । ਗੁਰੂ ਮਹਿਲਾਂ ਨੇ ਆਪਣੇ ਸੀਲ ਸੰਜਮ ਨਾਲ ਘਰੇਗੀ ਮਾਹੌਲ ਨੂੰ ਸੁਖਾਵਾਂ ਬਣਾਈ ਰੱਖਿਆ । ਇਸ ਸੁਖਾਵੇਂਪਨ ਦੀ ਬੁਨਿਆਦ ਇਨ੍ਹਾਂ ਦੀ ਸਾਫ਼ਗੋਈ ਉੱਪਰ ਸੀ । ਪੁੱਤਰ ਜੇ ਲਾਲਚ ਵਿਚ ਆਣ ਪਏ ਤਾਂ ਮਾਤਾਵਾਂ ਨੇ ਉਨ੍ਹਾਂ ਦਾ ਸਾਥ ਨਹੀਂ ਦਿੱਤਾ ਬਲਕਿ ਗੁਰੂ ਗੱਦੀ ਦੇ ਯੋਗ ਵਾਰਸਾਂ ਦੀ ਚੋਣ ਵਿਚ ਆਪਣੇ ਗੁਰੂ ਪਤੀ ਦਾ ਸਾਥ ਦਿੱਤਾ । ਮਾਤਾਵਾਂ ਗੁਰੂ-ਮਿਸ਼ਨ ਦੀਆਂ ਬਾਰੀਕੀਆਂ ਆਪਣੇ ਪੁੱਤਰਾਂ ਨਾਲ ਸਾਂਝੀਆਂ ਕਰਦੀਆਂ ਰਹੀਆਂ । ਗੁਰੂ-ਮਿਸ਼ਨ ਦਾ ਰਹੱਸ ਉਨ੍ਹਾਂ ਨੂੰ ਸਮਝਾਉਂਦੀਆਂ ਰਹੀਆਂ । ਗੁਰੂ ਸਾਹਿਬਾਨ ਕਿਉਂ ਨਾਦੀ ਸੰਤਾਨ ਵੱਲ ਰੁਚਿਤ ਸਨ । ਜੇ ਬਿੰਦੀ ਸੰਤਾਨ ਵੱਲ ਝੁਕਾਉ ਹੁੰਦਾ ਤਾਂ ਕੀ-ਕੀ ਕਮਜ਼ੋਰੀਆਂ ਆ ਸਕਦੀਆਂ ਸਨ ਆਦਿ ਪ੍ਰਸ਼ਨ ਮਾਤਾਵਾਂ ਦੇ ਜ਼ਿਹਨ ਵਿਚ ਕਾਫ਼ੀ ਸਪਸ਼ਟ ਸਨ । ਇਸੇ ਕਾਰਣ ਉਨ੍ਹਾਂ ਕਦੀ ਵੀ ਮਮਤਾ ਅਧੀਨ ਹੋ ਕੇ ਆਪਣੇ ਪਤੀ ਗੁਰੂਆਂ ਨਾਲ ਵਿਵਾਦ ਨਹੀਂ ਕੀਤਾ ਸਗੋਂ ਉਨ੍ਹਾਂ ਦਾ ਬਲ ਸਦਾ ਸੱਚਾਈ ਅਤੇ ਉਚੇਰੇ ਆਦਰਸ਼ਾਂ ਉੱਪਰ ਰਿਹਾ ।

ਮਾਤਾ ਮਨਸਾ ਦੇਵੀ ਜੀ ਨਾਰੀ ਸਮਾਜ ਨਾਲ ਜੁੜੀਆਂ ਕਈ ਕੁਰੀਤੀਆਂ ਤੋਂ ਵਾਕਿਫ਼ ਸਨ, ਮਸਲਨ ਪਰਦਾ ਕਰ ਕੇ ਸੇਵਾ ਕਰਨ ਵਿਚ ਘਰੇਗੀ ਕੰਮ-ਕਾਜ ਵਿਚ ਕਿਹੋ ਜਿਹੀ ਅਸੁਵਿਧਾ ਨੂੰ ਭੋਗਣਾ ਪੈਂਦਾ ਹੈ । ਇਸੇ ਤਰ੍ਹਾਂ ਵਿਧਵਾ ਇਸਤਰੀ ਲਈ ਰੰਡੇਪਾ ਕੱਟਣਾ ਕਿਤਨਾ ਕੁ ਕਸ਼ਟਦਾਇਕ ਹੁੰਦਾ ਹੈ ? ਭਾਵੇਂ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਸਿਹਰਾ ਗੁਰੂ ਅਮਰਦਾਸ ਜੀ ਉੱਪਰ ਹੀ ਹੈ ਪਰ ਮਾਤਾ ਮਨਸਾ ਜੀ ਗਾਹੇ-ਬਗਾਹੇ ਇਨ੍ਹਾਂ ਸਮੱਸਿਆਵਾਂ ਵੱਲ ਪਤੀ ਦਾ ਧਿਆਨ ਦਿਵਾਉਂਦੀ ਰਹਿੰਦੀ ਸੀ, ਦੀ ਭੂਮਿਕਾ ਵੀ ਘੱਟ ਮਹੱਤਵਯੋਗ

ਨਹੀਂ । ਮਾਤਾ ਮਨਸਾ ਦੇਵੀ ਦੀਆਂ ਦੋਵੇਂ ਪੁੱਤਰੀਆਂ ਬੀਬੀ ਦਾਨੀ ਤੇ ਬੀਬੀ ਭਾਨੀ ਗੁਰੂ ਆਸ਼ੇ ਨਾਲ ਇਕਸੁਰ ਸਨ । ਜਦੋਂ ਭਾਈ ਰਾਮਾ ਜੀ ਆਪਣੇ ਸਹੁਰੇ ਗੁਰੂ ਅਮਰਦਾਸ ਜੀ ਦੇ ਇਮਤਿਹਾਨ ਵਿਚ ਪਾਸ ਨਹੀਂ ਹੋਏ ਤੇ ਗੁਰਿਆਈ ਭਾਈ ਜੇਠਾ ਜੀ ਨੂੰ ਮਿਲ ਗਈ ਤਾਂ ਦੋਹਾਂ ਭੈਣਾਂ ਨੇ ਆਪਸ ਵਿਚ ਈਰਖਾ ਨਹੀਂ ਕੀਤੀ ਸਗੋਂ ਗੁਰੂ ਪਿਤਾ ਦੀ ਰਜ਼ਾ ਅੱਗੇ ਮੱਥਾ ਟੇਕ ਦਿੱਤਾ । ਇਸੇ ਤਰ੍ਹਾਂ ਬੀਬੀ ਅਮਰੋ ਨੂੰ ਪਰਿਵਾਰ ਵਿਚ ਵਧੇਰੇ ਮਾਣ ਮਿਲਿਆ । ਉਹਨੇ ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰਦਾਸ ਜੀ ਦਾ ਮੇਲ ਕਰਵਾਇਆ ਸੀ ਤਾਂ ਬੀਬੀ ਅਣੋਖੀ ਦੀ ਭਾਵਨਾ ਵਿਚ ਫ਼ਰਕ ਨਹੀਂ ਪਿਆ । ਮਾਤਾ ਗੰਗਾ ਜੀ ਨੇ ਆਪਣੀ ਜਿਠਾਣੀ (ਪ੍ਰਿਥੀ ਚੰਦ ਦੀ ਪਤਨੀ) ਹੱਥੋਂ ਉਸ ਦੀ ਈਰਖਾ ਕਾਰਣ ਬੜੇ ਕਸ਼ਟ ਪਾਏ । ਉਸ ਦਾ ਸਾੜਾ ਕੀਨਾ, ਗਾਲ੍ਹੀ-ਗਲੋਚ, ਰੀਦੀਆਂ ਹਰਕਤਾਂ ਆਦਿ ਅਨੇਕ ਵਾਰ ਕਲੇਸ਼ ਦਾ ਕਾਰਣ ਬਣੇ ਪਰ ਮਾਤਾ ਗੰਗਾ ਜੀ ਨੇ ਅਜਿਹੀਆਂ ਗੱਲਾਂ ਨਾਲ ਘਰ ਦਾ ਮਾਹੌਲ ਗੰਧਲਾ ਨਹੀਂ ਹੋਣ ਦਿੱਤਾ । ਪੰਚਮ ਗੁਰੂ ਅਰਜਨ ਦੇਵ ਜੀ ਆਪਣੇ ਭਤੀਜੇ ਮਿਹਰਬਾਨ ਨੂੰ ਬਹੁਤ ਪਿਆਰ ਕਰਦੇ ਸਨ । ਮਿਹਰਬਾਨ ਅਕਸਰ ਚਾਚੇ-ਚਾਚੀ ਦੇ ਘਰ ਖੇਡਦਾ ਰਹਿੰਦਾ । ਮਾਤਾ ਗੰਗਾ ਜੀ ਨੇ ਘਰੇਗੀ ਮਾਹੌਲ ਇਤਨਾ ਸੁਖਾਵਾਂ ਬਣਾਈ ਰੱਖਿਆ ਕਿ ਪਤੀ ਗੁਰੂ ਅਰਜਨ ਦੇਵ ਜੀ ਨੂੰ "ਘਰ ਸੁਖ ਵਸਿਆ ਬਾਹਰ ਸੁਖ ਪਾਇਆ" ਉਚਾਰ ਕੇ ਘਰੇਗੀ ਸੁਖ ਦੀ ਉੱਚਤਾ ਨੂੰ ਉਜਾਗਰ ਕਰਨਾ ਪਿਆ । ਦਸਮ ਗੁਰੂ ਦੇ ਜ਼ਮਾਨੇ ਜਦੋਂ ਮਸੰਦਾਂ ਨੇ ਸਾਫ਼ਗੋਈ ਨੂੰ ਤਿਲਾਂਜਲੀ ਦੇ ਦਿੱਤੀ ਤੇ ਲਾਲਚਵੱਸ ਬਾਬਾ ਰਾਮਰਾਇ ਜੋ ਸਮਾਧੀ ਸਥਿਤ ਸਨ, ਨੂੰ ਮੁਰਦਾ ਐਲਾਨ ਕੇ ਜ਼ਿੰਦਾ ਹੀ ਸਾੜ ਦਿੱਤਾ ਤਾਂ ਉਨ੍ਹਾਂ ਦੀ ਪਤਨੀ ਪੰਜਾਬ ਕੌਰ ਨਿਵਾਸੀ ਦੇਹਰਾਦੂਨ ਨੇ ਨਿਰਪੱਖ ਰਹਿ ਕੇ ਸਾਰੀ ਗੱਲ ਦਸਮ ਗੁਰੂ ਤਕ ਪਹੁੰਚਾਈ । ਹਾਲਾਤ ਵੱਸ ਜਦੋਂ ਦਸਮੇਸ਼ ਪਿਤਾ ਨੂੰ ਜੀਉਂਦੇ-ਜੀਅ ਮਸੰਦਾਂ ਨੂੰ ਤਲਣਾ ਪਿਆ ਤਾਂ ਮਾਤਾ ਗੁਜਰੀ ਮੌਜੂਦ ਸਨ ਅਤੇ ਨਾਲ ਹੀ ਮਾਤਾ ਸੁੰਦਰੀ ਜੀ ਵੀ । ਕਿਸੇ ਵੀ ਗੁਰੂ ਮਹਿਲ ਨੇ ਜਾਂ ਮਾਂ ਗੁਜਰੀ ਨੇ ਦਸਮ ਗੁਰੂ ਦੇ ਫ਼ੈਸਲੇ ਵਿਚ ਰੁਕਾਵਟ ਨਹੀਂ ਪਾਈ । ਇਹ ਉਹ ਅੰਤਰ-ਦ੍ਰਿਸ਼ਟੀ ਹੈ "ਠੀਕ ਨੂੰ ਠੀਕ ਕਹੋ ਗ਼ਲਤ ਨੂੰ ਗ਼ਲਤ" ਸਾਰੀਆਂ ਬੀਬੀਆਂ ਸੱਚ ਨਾਲ ਜੁੜੀਆਂ ਰਹੀਆਂ, ਉਹ ਨਾ ਤਾਂ ਮਮਤਾ-ਵੱਸ ਡੋਲੀਆਂ, ਨਾ ਹਾਲਾਤ ਵੱਸ ਕਮਜ਼ੋਰ ਪਈਆਂ, ਨਾ ਸਵਾਰਥ ਉਨ੍ਹਾਂ ਦੇ ਨੇੜੇ ਲੱਗਾ, ਨਾ ਈਰਖਾ ਉਨ੍ਹਾਂ ਨੂੰ ਬੇਚੈਨ ਕਰ ਸਕੀ । ਤਾਂਹੀਉਂ ਬੀਬੀ ਵੀਰੋ ਦੇ ਪੰਜੇ ਪੁੱਤ ਗੁਰੂ-ਮਿਸ਼ਨ ਤੋਂ ਕੁਰਬਾਨ ਹੋ ਗਏ । ਬੀਬੀ ਰੂਪ ਕੌਰ ਨੇ ਪੂਰਾ ਜੀਵਨ ਹੀ ਪਿਤਾ ਗੁਰੂ ਤੇ ਵੀਰਨ ਤੋਂ ਸਦਕੇ ਕਰ ਦਿੱਤਾ । ਬੀਬੀਆਂ ਦਾ ਇਹ ਸੁਖਾਵਾਂ ਸੰਦੇਸ਼ ਹੈ "ਮਨ ਨੂੰ ਠਹੁਰੇ ਰੱਖੋ, ਸੱਚ ਨਾਲ ਖੜੋਵੋ, ਸਫ਼ਲਤਾ ਤੁਹਾਡੇ ਪੈਰ ਚੁੰਮੇਗੀ ਹੀ ।"

ਸਿੱਖ ਅਸੂਲਾਂ ਨੂੰ ਪ੍ਰਾਥਮਿਕਤਾ

ਸਿੱਖ ਇਤਿਹਾਸ ਗਵਾਹ ਹੈ, ਮਾਤਾ ਸੁੰਦਰੀ ਜੀ ਨੇ ਇਕ ਪਾਲਿਤ ਪੁੱਤਰ ਬਣਾਇਆ ਸੀ ਤੇ ਇਸ ਦਾ ਨਾਮ ਵੀ ਅਜੀਤ ਸਿੰਘ ਰੱਖਿਆ ਸੀ । ਇਕ ਵੇਲਾ ਐਸਾ ਆਇਆ ਕਿ ਇਸ ਦਾ ਹਕੂਮਤ ਨਾਲ ਟਕਰਾਉ ਹੋ ਗਿਆ । ਇਹ ਗੱਲ ਧਿਆਨ ਯੋਗ ਹੈ ਕਿ ਦਸਮ ਗੁਰੂ ਨੇ ਖ਼ਾਲਸੇ ਨੂੰ ਖ਼ਾਸ ਰੂਪ ਦਿੱਤਾ ਸੀ । "ਖ਼ਾਲਸਾ ਮੇਰੋ ਰੂਪ ਹੈ ਖਾਸ" ਹਕੂਮਤ ਨੇ ਜਦ ਕਦੀ

ਵੀ ਕਿਸੇ ਸਿੱਖ 'ਤੇ ਤਸ਼ੱਦਦ ਕੀਤਾ ਤਾਂ ਸਭ ਤੋਂ ਪਹਿਲਾਂ ਉਸ ਸਿੱਖ ਤੋਂ ਉਸ ਦਾ ਖ਼ਾਸ ਸਰੂਪ ਮੰਗਿਆ ਅਥਵਾ ਸਿੱਖੀ ਸਰੂਪ ਹੀ ਖ਼ਾਲਸੇ ਦਾ ਖ਼ਾਸ ਸਰੂਪ ਹੈ। ਉਸੇ ਤੋਂ ਵਿਰਵਾ ਰਹਿਣ ਦਾ ਆਦੇਸ਼ ਹਕੂਮਤ ਨੇ ਸਿੱਖਾਂ ਨੂੰ ਦਿੱਤਾ ਜੋ ਕਿਸੇ ਵੀ ਸਿੱਖ ਨੇ ਕਦੀ ਪ੍ਰਵਾਨ ਨਹੀਂ ਕੀਤਾ। ਇਸ ਤੋਂ ਉਲਟ ਪਾਲਿਤ ਪੁੱਤਰ ਅਜੀਤ ਸਿੰਘ ਨੇ ਸਿੱਖੀ ਨੂੰ ਤਿਲਾਂਜਲੀ ਦੇ ਕੇ ਹਕੂਮਤ ਦੇ ਹੁਕਮ 'ਤੇ ਫੁੱਲ ਚਾੜ੍ਹ ਦਿੱਤੇ। ਸਿੱਖੀ ਸਰੂਪ ਤਾਂ ਮਾਤਾ ਜੀ ਦੀ ਜਿੰਦਜਾਨ ਸੀ। ਜਿਵੇਂ ਹੀ ਮਾਤਾ ਜੀ ਨੂੰ ਖ਼ਬਰ ਮਿਲੀ ਉਨ੍ਹਾਂ ਨੇ ਉਸ ਨੂੰ ਮੱਥੇ ਨਾ ਲੱਗਣ ਦਾ ਬਚਨ ਕੀਤਾ ਤੇ ਨਾਲ ਹੀ ਆਪਣਾ ਦਿੱਤਾ ਸਰਾਪ ਵੀ ਚੇਤੇ ਆਇਆ।

"ਨਹਿ ਜਵਾਨੀ ਕਾ ਭੋਗਨ ਕਰੇ ਬੁਧਿ ਤੇ ਧਰਮ ਹਾਰ ਕਰ ਮਰੇ"

ਮਾਤਾ ਜੀ ਦੀ ਰਸਨਾ ਤੋਂ ਨਿਕਲੇ ਬੋਲ ਖਾਲੀ ਕਿਵੇਂ ਜਾ ਸਕਦੇ ਸਨ ? ਅਜੀਤ ਸਿੰਘ ਦੀ ਬੁੱਧੀ ਵੀ ਭ੍ਰਿਸ਼ਟ ਹੋ ਗਈ ਤੇ ਦਿਨ ਵੀ ਮਾੜੇ ਆ ਗਏ। ਲੱਗਾ ਭੁੱਖਾ ਮਰਨ। ਇਕ ਦਿਨ ਬਹੁਤ ਹੀ ਦੀਨ ਦਸ਼ਾ ਵਿਚ ਮਾਤਾ ਜੀ ਦੀ ਹਵੇਲੀ ਦੇ ਦੁਆਰ 'ਤੇ ਆਣ ਖਲੋਤਾ। ਸਿੱਖਾਂ ਨੇ ਮਾਤਾ ਜੀ ਨੂੰ ਖ਼ਬਰ ਦਿੱਤੀ ਪਰ 'ਬਚਨ ਦੇ ਸੂਰੇ' ਮਾਤਾ ਜੀ ਨੇ ਅਜੀਤ ਸਿੰਘ ਨੂੰ ਮੱਥੇ ਨਹੀਂ ਲਾਇਆ। ਦਇਆ ਪੁੰਜ ਮਾਂ ਨੇ ਸਿੱਖਾਂ ਰਾਹੀਂ ਭੁੱਖੇ ਮਰਦੇ ਅਜੀਤ ਸਿੰਘ ਲਈ ਰੋਟੀ ਭਿਜਵਾ ਦਿੱਤੀ। ਇਥੇ ਹੀ ਇਹ ਟੋਹ ਮਿਲਦੀ ਸੀ ਕਿ ਮਾਤਾ ਜੀ ਨਾ ਕੇਵਲ ਬਚਨ ਦੇ ਸੂਰੇ ਹੀ ਸਨ ਸਗੋਂ ਕਰਮ ਦੇ ਵੀ ਪੂਰੇ ਸਨ : "ਭੁੱਖੇ ਮਰਦੇ ਨੂੰ ਰੋਟੀ ਤਾਂ ਦਿੱਤੀ ਜਾ ਸਕਦੀ ਹੈ, ਦਰਸ਼ਨ ਨਹੀਂ"। ਫਿਰ ਵਕਤ ਆਇਆ ਅਜੀਤ ਸਿੰਘ ਦਾ ਵਿਰੋਧ ਹਕੂਮਤ ਨਾਲ ਵਧਦਾ ਹੀ ਗਿਆ ਤੇ ਹਕੂਮਤ ਨੇ ਉਸ ਨੂੰ ਹਾਥੀ ਦੇ ਪੈਰਾਂ ਨਾਲ ਬੰਨ੍ਹ ਕੇ ਦਿੱਲੀ ਦੀਆਂ ਸੜਕਾਂ ਉੱਤੇ ਫੇਰਨ ਦੀ ਖ਼ਬਰ ਸੁਣਾਈ। ਮਾਤਾ ਜੀ ਜੇ ਚਾਹੁੰਦੇ ਤਾਂ ਪਾਲਿਤ ਪੁੱਤਰ ਨੂੰ ਬਚਾ ਸਕਦੇ ਸਨ ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਉਹ ਕਿਸੇ ਤਰ੍ਹਾਂ ਵੀ ਸਿੱਖੀ ਨੂੰ ਢਾਹ ਨਹੀਂ ਲੱਗਣ ਦੇਣਾ ਚਾਹੁੰਦੇ ਸਨ। ਉਹ ਆਪਣੀ ਮਮਤਾ ਦਾ ਗਲ਼ਾ ਘੁੱਟ ਸਕਦੇ ਸਨ, ਧਰਮ ਦਾ ਨਹੀਂ। ਇਹ ਬੜਾ ਬਲਵਾਨ ਨੁਕਤਾ ਹੈ : "ਧਰਮ ਮਨੁੱਖ ਲਈ ਸਰਬੋਚ ਹੈ। ਇਸ ਤੋਂ ਹਾਰਨਾ ਕੁੱਤੇ ਦੀ ਮੌਤ ਮਰਨਾ ਹੈ। ਧਰਮ ਲਈ ਆਪਾ ਵਾਰ ਦਿਓ ਪਰ ਧਰਮ ਦੇ ਰਾਹ 'ਤੇ ਗ਼ਲਤ ਸਮਝੌਤੇ ਨਾ ਕਰੋ।" ਜ਼ਾਹਿਰ ਹੈ, ਮਾਤਾ ਸੁੰਦਰੀ ਜੀ ਦੀ ਧਰਮ ਪ੍ਰਤੀ ਨਿਸ਼ਠਾ ਅਤੇ ਦ੍ਰਿੜ੍ਹਤਾ ਨੇ ਤਤਕਾਲੀ ਸਿੱਖਾਂ ਦਾ ਮਨੋਬਲ ਉੱਚਾ ਕੀਤਾ। ਉਨ੍ਹਾਂ ਦੇ ਇਸ ਕਦਮ ਨੇ ਤਤਕਾਲੀ ਸਿੱਖਾਂ ਵਿਚ ਇਕ ਅਜਿਹਾ ਜੋਸ਼ ਭਰਿਆ ਕਿ ਹਕੂਮਤ ਜ਼ੁਲਮ-ਦਰ-ਜ਼ੁਲਮ ਕਰਦੀ ਗਈ ਪਰ ਕਿਸੇ ਵੀ ਸਿੱਖ ਪਾਸੋਂ ਆਪਣੀ ਦੀਨ ਨਾ ਮੰਨਵਾ ਸਕੀ। ਸਿੱਖੀ ਦੀ ਪਰੰਪਰਾ ਆਉਣ ਵਾਲੀ ਉਮੱਤ ਲਈ ਇਕ ਆਦਰਸ਼ ਮਾਡਲ ਬਣ ਗਈ। ਮਾਤਾ ਸੁੰਦਰੀ ਜੀ ਦੇ ਸਮੇਂ ਵਿਚ ਅਲੌਕਿਕ ਸ਼ਹੀਦ ਭਾਈ ਮਨੀ ਸਿੰਘ, ਉਭੱਰ ਕੇ ਸਮੇਂ ਦੇ ਸੀਨੇ ਉੱਤੇ ਆਪਣੀ ਛਾਪ ਲਾ ਗਏ। ਇਨ੍ਹਾਂ ਤੋਂ ਬਾਅਦ ਤਾਂ ਸਿੱਖਾਂ ਲਈ ਸ਼ਹੀਦੀਆਂ ਦਾ ਦੌਰ ਸ਼ੁਰੂ ਹੋ ਗਿਆ। "ਧਰਮ ਪ੍ਰਤੀ ਆਪਾ ਵਾਰ ਦਿਓ" ਦਾ ਸੰਦੇਸ਼ ਆਪਣੀ ਚਰਮ ਸੀਮਾ ਨੂੰ ਪ੍ਰਾਪਤ ਹੋਇਆ ਤੇ ਗੁਰੂ ਘਰ ਦਾ ਨਿਵੇਕਲਾ ਅੰਦਾਜ਼ ਆਪਣਾ ਵੱਖਰਾ ਮੁਹਾਂਦਰਾ ਸਥਾਪਿਤ ਕਰ ਸਕਿਆ। ਸਿੱਖ ਇਤਿਹਾਸ ਦੇ ਖ਼ੂਨੀ ਪੱਤਰੇ ਸੁਨਹਿਰੀ ਅੱਖਰਾਂ ਵਿਚ ਲਿਖੇ ਗਏ ਤੇ ਕੌਮ ਦੀ ਬੜੀ ਬੁਲੰਦ ਪ੍ਰੇਰਨਾ ਬਣੇ। ਇਸ ਪ੍ਰੇਰਨਾ ਵਿਚ ਮਾਤਾ ਗੁਜਰੀ ਜੀ, ਮਾਤਾ ਸੁੰਦਰੀ ਜੀ ਤੇ ਬੀਬੀ ਵੀਰੋ ਦਾ ਯੋਗਦਾਨ ਅਦੁੱਤੀ ਹੈ। ਗੁਰੂ ਤੇਗ ਬਹਾਦਰ ਜੀ ਦਾ ਬਲੀਦਾਨ,

ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਮਾਤਾ ਸੁੰਦਰੀ ਜੀ ਦੇ ਸਮਕਾਲੀਆਂ ਦੀ ਕੁਰਬਾਨੀ ਨੇ ਸਿੱਖ ਇਤਿਹਾਸ ਦੇ ਨਾਲ-ਨਾਲ ਸਿੱਖ ਜੀਵਨ-ਸ਼ੈਲੀ ਦੀ ਨੁਹਾਰ ਵੀ ਬਦਲ ਦਿੱਤੀ। ਇਸ ਬਦਲਾਵ ਵਿਚ ਗੁਰੂ ਘਰ ਦਾ ਅੰਦਾਜ਼ ਬਹੁਤ ਕਾਰਗਰ ਸਾਬਤ ਹੋਇਆ। ਇਸੇ ਉੱਤੇ ਚਲਦਿਆਂ ਮਾਈ ਭਾਗੋ, ਬੀਬੀ ਅਨੂਪ ਕੌਰ, ਬੀਬੀ ਸੁਸ਼ੀਲ ਕੌਰ ਆਪਾ ਵਾਰ ਗਈਆਂ ਤੇ ਸਿੱਖੀ ਸਿਦਕ ਦੀ ਸਾਖ਼ ਭਰ ਗਈਆਂ।

ਸਮਾਜਿਕਤਾ ਤੇ ਅਧਿਆਤਮਿਕਤਾ

ਜਦੋਂ ਗੁਰੂ ਨਾਨਕ ਦੇਵ ਜੀ ਉਦਾਸੀਆਂ ਉਪਰੰਤ ਕਰਤਾਰ ਪੁਰ ਵਸਾ ਕੇ ਧਰਮਸ਼ਾਲਾ ਬਣਾ ਕੇ ਰਹਿਣ ਲੱਗੇ ਤਾਂ ਉਸ ਵੇਲੇ ਰਸੋਈ ਦਾ ਕੰਮ ਮਾਤਾ ਸੁਲੱਖਣੀ ਦੇ ਹਿੱਸੇ ਆਇਆ। ਇਹੋ ਉਹ ਵੇਲਾ ਹੈ ਜਦੋਂ ਲੰਗਰ ਦੀ ਰਸਮ ਹੋਂਦ ਵਿਚ ਆਈ। ਗੁਰੂ ਜੀ ਪਾਸ ਲੋਕ ਦੂਰੋਂ-ਦੂਰੋਂ ਆਉਂਦੇ ਸਨ। ਉਨ੍ਹਾਂ ਆਏ-ਗਏ ਦੀ ਸੇਵਾ ਮਾਤਾ ਸੁਲੱਖਣੀ ਜੀ ਬੜੇ ਪਿਆਰ ਨਾਲ ਕਰਦੇ ਸਨ। ਮਾਤਾ ਸੁਲੱਖਣੀ ਤੋਂ ਬਾਅਦ ਮਾਤਾ ਖੀਵੀ ਜੀ ਨੇ ਲੰਗਰ ਦੀ ਸੇਵਾ ਨਿਭਾਈ। ਹੁਣ ਲੰਗਰ ਨਿਰੀ ਸੇਵਾ ਨਾ ਰਹਿ ਕੇ ਧਰਮ-ਸੰਸਾਰ ਨਾਲ ਜੁੜ ਗਿਆ। ਸਮਾਜ ਵਿਚ ਰਹਿਣ ਵਾਲੇ ਸਾਰੇ ਪ੍ਰਾਣੀ ਸਮਤਾ ਨੂੰ ਪ੍ਰਾਪਤ ਹੋਏ। ਇਥੋਂ ਹੀ ਸੰਗਤ-ਪੰਗਤ ਦਾ ਸਿਧਾਂਤ ਪਰਪੱਕ ਹੋਇਆ। ਹਰ ਪ੍ਰਾਣੀ ਸਰਬ-ਸਾਂਝੇ ਅਧਿਕਾਰ ਰੱਖਦਾ ਸੀ। ਹਰ ਪ੍ਰਾਣੀ ਦੂਸਰੇ ਪ੍ਰਾਣੀ ਦੇ ਬਰਾਬਰ ਸੀ। ਸੱਭ ਲਈ ਇਕੋ ਜਿਹਾ ਪ੍ਰਸਾਦਿ ਇਕੋ ਥਾਵੇਂ ਵਰਤਦਾ ਸੀ। ਲੰਗਰ ਛਕ ਸਕਦਾ ਸੀ। ਲੰਗਰ ਛਕਾ ਸਕਦਾ ਸੀ। ਸਾਰਿਆਂ ਦੀ ਸੇਵਾ ਕਰਨਾ ਵੱਡਾ ਪੁੰਨ ਸੀ। ਲੰਗਰ ਲਈ ਦਾਨ-ਪੁੰਨ ਵੱਡਾ ਮਹਾਤਮ ਸੀ। ਗੱਲ ਕੀ ਲੰਗਰ-ਸੰਸਥਾ ਨੇ ਸਮਾਜਿਕਤਾ ਤੇ ਅਧਿਆਤਮਿਕਤਾ ਦਾ ਸੁਮੇਲ ਕਰਵਾ ਦਿੱਤਾ। ਇਸ ਮਹਾਨ ਸਿਧਾਂਤ ਨੂੰ ਸਿਰੇ ਚੜ੍ਹਾਉਣ ਵਿਚ ਗੁਰੂ ਮਹਿਲਾਂ ਦਾ ਵਿਸ਼ੇਸ਼ ਯੋਗਦਾਨ ਹੈ। ਲੰਗਰ-ਸੰਸਥਾ ਰਾਹੀਂ ਸੰਗਤ-ਪੰਗਤ ਦਾ ਸਿਧਾਂਤ ਸਾਹਮਣੇ ਆਇਆ ਜਿਸ ਰਾਹੀਂ ਮੱਧਕਾਲੀ ਜੀਵਨ-ਜਾਚ ਤੇ ਚਿੰਤਨ ਵਿਚ ਇਨਕਲਾਬ ਆ ਗਿਆ। ਗੁਰੂ ਘਰ ਆਪਣੇ ਇਸ ਸਿਧਾਂਤ ਰਾਹੀਂ ਅਨੇਕਾਂ ਵਾਰ ਵਾਦ-ਵਿਵਾਦ 'ਚੋਂ ਗੁਜ਼ਰਿਆ। ਗੁਰੂ ਗੋਬਿੰਦ ਸਿੰਘ ਜੀ ਨਾਲ ਪਹਾੜੀ ਰਾਜਿਆਂ ਦਾ ਵਿਰੋਧ ਇਸੇ ਨੁਕਤੇ ਤੋਂ ਪੈਦਾ ਹੋਇਆ ਸੀ। ਗੱਲ ਕੀ ਇਸ ਸਿਧਾਂਤ ਰਾਹੀਂ ਸਾਂਝ-ਭਿਆਲੀ ਦੀ ਭਾਵਨਾ ਮਜ਼ਬੂਤ ਹੋਈ। ਸਰਬ ਸਾਂਝੀਵਾਲਤਾ ਦਾ ਜੋ ਨਾਦ ਉੱਚੀ ਸੁਰ ਵਿਚ ਗੂੰਜਿਆ ਇਸ ਨੂੰ ਅੱਗੇ ਚੱਲ ਕੇ ਪੰਚਮ ਪਾਤਸ਼ਾਹ ਨੇ ਹੋਰ ਵੀ ਨਿਖਾਰ ਦਿੱਤਾ। ਪੰਦਰਾਂ ਸੰਤਾਂ-ਭਗਤਾਂ ਦੀ ਬਾਣੀ ਬਿਨਾਂ ਵਿਤਕਰੇ ਗੁਰੂ ਗ੍ਰੰਥ ਸਾਹਿਬ ਦਾ ਅੰਗ ਬਣੀ। ਲੰਗਰ-ਪ੍ਰਥਾ ਨੇ ਸਭ ਸਮਾਜਿਕ ਭੇਦਾਂ ਨੂੰ ਮੁਕਾ ਦਿੱਤਾ। ਅਨੇਕਾਂ ਸਿੱਖ ਅਜਿਹੇ ਹੋਏ ਹਨ ਜਿਨ੍ਹਾਂ ਨੇ ਲੰਗਰ ਦੀ ਸੇਵਾ ਨੂੰ ਹੀ ਆਪਣਾ ਅੰਤਿਮ ਨਿਸ਼ਾਨਾ ਮੰਨਿਆ ਤੇ ਇਸੇ ਸੇਵਾ ਵਿਚੋਂ ਹੀ ਉਹ ਪਰਮ ਪਦਵੀ ਨੂੰ ਪ੍ਰਾਪਤ ਹੋ ਗਏ। ਕੁਲ ਮਿਲਾ ਕੇ, ਸਮਾਜਿਕਤਾ ਤੇ ਅਧਿਆਤਮਿਕਤਾ ਇਕ ਦੂਜੇ ਦੀ ਪੂਰਕ ਵੀ ਰਹੀ ਤੇ ਕਈ ਥਾਈਂ ਇਕ ਰੂਪ ਵੀ ਹੋ ਗਈ। ਇਸ ਨਵੀਂ ਨੀਂਹ ਤੇ ਸੰਤੁਲਿਤ ਦ੍ਰਿਸ਼ਟੀ ਨੂੰ ਪ੍ਰਵਾਨ ਚੜ੍ਹਾਉਣ ਵਿਚ ਗੁਰੂ ਘਰ ਦੀਆਂ ਬੀਬੀਆਂ ਦੀ ਵਿਸ਼ੇਸ਼ ਭੂਮਿਕਾ ਹੈ। ਇਸ ਪ੍ਰਥਾ ਨੂੰ ਮਨੁੱਖੀ ਭਾਈਚਾਰੇ ਦੀ ਸਰਬ ਸਮਤਾ ਦਾ ਸੰਦੇਸ਼ ਪ੍ਰਾਪਤ ਹੁੰਦਾ ਹੈ। ਇਸ ਪਰਮ ਹਕੀਕਤ ਨੂੰ ਬੀਬੀ ਕੌਲਾਂ ਨੇ ਆਪਣੇ ਜੀਵਨ ਵਿਚ ਹੰਢਾਇਆ। ਮਲਿਕਾ ਨੂਰਜਹਾਂ

ਨੇ ਇਸ ਤੇ ਅਮਲ ਕਰਦਿਆਂ ਬਾਦਸ਼ਾਹ ਜਹਾਂਗੀਰ ਅੱਗੇ ਗੁਰੂ ਘਰ ਦੀ ਵਕਾਲਤ ਕੀਤੀ ਤੇ ਬਾਦਸ਼ਾਹ ਨੂੰ ਛੇਵੇਂ ਗੁਰੂ ਪ੍ਰਤੀ ਆਪਣਾ ਰਵੱਈਆ ਬਦਲਣਾ ਪਿਆ । ਮਾਤਾ ਗੁਜਰੀ ਦੀ ਭਤੀਜੀ ਬੀਬੀ ਦੀਪ ਕੌਰ ਤਾਂ ਅਮਲੀ ਤੌਰ ਤੇ ਭਾਈਚਾਰੇ ਵਿਚ ਸਰਬ ਸਮਤਾ ਦਾ ਪ੍ਰਚਾਰ ਕਰ ਕੇ ਸਭ ਲਈ ਪ੍ਰੇਰਨਾ ਦਾ ਸੋਮਾ ਬਣ ਗਈ । ਮਨੁੱਖ ਤੇ ਮਨੁੱਖ ਵਿਚ ਫ਼ਰਕ ਨਾ ਕਰੋ । ਸਭ ਵਿਚ ਇਕੋ ਹੀ ਰੱਬ ਮੌਜੂਦ ਹੈ, ਦਾ ਸੁਨੇਹਾ ਗੁਰੂ ਘਰ ਦਾ ਪੈਗਾਮ ਬਣ ਨਿੱਬੜਿਆ ।

ਕੁਰਬਾਨੀ

ਗੁਰੂ ਮਹਿਲਾਂ ਦੀ ਕੁਰਬਾਨੀ ਦੀ ਰੰਗਤ ਆਪੋ-ਆਪਣੀ ਹੈ । ਇਕ ਗੱਲ ਜੋ ਗੁਰੂ ਮਹਿਲ ਪਰੰਪਰਾ ਵਿਚ ਬਹੁਤ ਨਿੱਖੜ ਕੇ ਆਈ ਕਿ ਸਾਰੇ ਦੇ ਸਾਰੇ ਗੁਰੂ ਮਹਿਲ ਆਪਣੇ ਹਾਲਾਤ ਨਾਲ ਜੂਝਦੇ ਰਹੇ । ਕੋਈ ਪਤੀ ਤੋਂ ਦੂਰ ਰਹਿ ਕੇ, ਕੋਈ ਪਤੀ ਦੀ ਜ਼ਿੰਦਗਾਨੀ ਵਿਚ ਤੇ ਕੋਈ ਪਤੀ ਗੁਰੂ ਦੀ ਹਯਾਤੀ ਤੋਂ ਬਾਅਦ । ਗੁਰੂ ਮਹਿਲ ਪੀੜਿਤ ਜ਼ਰੂਰ ਰਹੇ ਪਰ ਕਿਸੇ ਨੇ ਉਨ੍ਹਾਂ ਦਾ ਰੁਦਨ ਨਹੀਂ ਸੁਣਿਆ । ਜਦੋਂ ਹਕੂਮਤ ਪੰਚਮ ਪਾਤਸ਼ਾਹ ਨੂੰ ਗ੍ਰਿਫ਼ਤਾਰ ਕਰ ਕੇ ਲੈ ਗਈ ਤਾਂ ਛਠਮ ਪੀਰ ਦੀ ਉਮਰ ਗਿਆਰ੍ਹਾਂ ਵਰ੍ਹਿਆਂ ਦੀ ਸੀ । ਇਸੇ ਤਰ੍ਹਾਂ ਜਦੋਂ ਗੁਰੂ ਤੇਗ ਬਹਾਦਰ ਜੀ ਬਲੀਦਾਨ ਦੇਣ ਲਈ ਰਵਾਨਾ ਹੋਏ ਤਾਂ ਦਸਮ ਗੁਰੂ ਦੀ ਆਯੂ ਨੌਂ ਵਰ੍ਹਿਆਂ ਦੀ ਸੀ । ਛੇਵੇਂ ਗੁਰੂ ਦੀ ਮਾਤਾ ਗੰਗਾ ਉਸ ਅਲੌਕਿਕ ਦ੍ਰਿਸ਼ ਦੀ ਚਸ਼ਮਦੀਦ ਗਵਾਹ ਹੈ, ਜਿਥੇ ਪੰਚਮ ਪਾਤਸ਼ਾਹ ਨੇ ਸਰਬ ਸਮਤਾ ਦਾ ਜੈਗਾਨ ਕਰਦੇ ਹੋਏ ਗੁਰੂ ਸਾਹਿਬਾਨ ਦੇ ਨਾਲ-ਨਾਲ ਭਾਰਤ ਦੇ ਹੋਰ ਪੰਦਰਾਂ ਸੰਤਾਂ-ਭਗਤਾਂ ਦੀ ਬਾਣੀ ਨੂੰ ਗੁਰੂ ਰੂਪ ਵਿਚ ਆਸੀਨ ਕਰ ਦਿੱਤਾ ਸੀ । ਇਹ ਆਪਣੇ ਆਪ ਵਿਚ ਬਹੁਤ ਇਨਕਲਾਬੀ ਕਦਮ ਸੀ । ਸਰਬ ਸਮਤਾ ਦਾ ਜੈ ਨਾਦ ਹਕੂਮਤ ਲਈ ਚੁਣੌਤੀ ਭਰਿਆ ਸੀ । ਪੰਚਮ ਗੁਰੂ ਦੇ ਨਗਰ ਵਸਾਉਣੇ, ਤੀਰਥ ਬਣਾਉਣੇ, ਲੋਕਾਂ ਦੀ ਯੋਗਤਾ ਅਨੁਸਾਰ ਕੰਮ-ਧੰਦੇ ਮੁਹੱਈਆ ਕਰਵਾਉਣੇ ਹਕੂਮਤ ਲਈ ਪਹਿਲਾਂ ਹੀ ਵੰਗਾਰ ਬਣੇ ਹੋਏ ਸਨ, ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਨੇ ਹਕੂਮਤ ਨੂੰ ਧੁਰ ਅੰਦਰੋਂ ਹਿਲਾ ਦਿੱਤਾ । ਬੰਦਾ ਜਿਸ ਪਾਸੇ ਭੈਮਾਨ ਹੁੰਦਾ ਹੈ, ਉਸੇ ਨੂੰ ਮਾਰਨ ਦੀ ਕੋਸ਼ਿਸ਼ ਵਿਚ ਲੱਗ ਜਾਂਦਾ ਹੈ । ਗੁਰੂ ਅਰਜਨ ਦੇਵ ਹਕੂਮਤ ਨੂੰ ਬਹੁਤ ਬਲਕਾਰੀ ਲੱਗ ਰਹੇ ਸਨ । ਫਲਸਰੂਪ, ਯੋਗ-ਅਯੋਗ ਢੰਗ ਨਾਲ, ਤੁਅੱਸਬੀ ਰੁਚੀਆਂ ਕਰ ਕੇ, ਉਹ ਪੰਚਮ ਗੁਰੂ ਨੂੰ ਸ਼ਹੀਦੀ ਲਈ ਲੈ ਗਈ । ਉਸ ਵੇਲੇ ਮਾਤਾ ਗੰਗਾ ਇਕਲੌਤੇ ਬੇਟੇ ਦੀ ਮਾਂ ਨਾ ਘਬਰਾਈ, ਨਾ ਡਰੀ, ਸਗੋਂ ਆਪਣੇ ਅੰਞਾਣੇ ਬਾਲ ਗੁਰੂ ਨੂੰ ਸਮੇਂ ਦੀ ਚੁਣੌਤੀ ਦਾ ਮੁਕਾਬਲਾ ਕਰਨ ਲਈ ਤਿਆਰ ਕਰ ਲਿਆ । ਇਤਿਹਾਸ ਗਵਾਹ ਹੈ, ਜਦੋਂ ਸ਼ਹਿਜ਼ਾਦਾ ਮੁਅੱਜ਼ਮ ਨੇ ਕੇਵਲ ਦੋ ਫੁੱਟ ਉੱਚਾ ਤਖ਼ਤ ਬਣਾ ਕੇ ਆਪਣਾ ਦਰਬਾਰ ਲਾਇਆ ਸੀ ਤਾਂ ਔਰੰਗਜ਼ੇਬ ਨੇ ਉਸ ਨੂੰ ਸਖ਼ਤ ਸਜ਼ਾ ਦਿੱਤੀ ਸੀ । ਹੁਣ ਛੇਵੇਂ ਗੁਰੂ ਨੇ ਹਕੂਮਤ ਨੂੰ ਵੰਗਾਰਦਿਆਂ ਬਾਰਾਂ ਫੁੱਟ ਉੱਚੇ ਅਕਾਲ ਤਖ਼ਤ ਦੀ ਸਿਰਜਣਾ ਕੀਤੀ, ਉਥੇ ਬੈਠ ਕੇ ਬੀਰ-ਵਾਰਾਂ ਸੁਣੀਆਂ, ਫ਼ੌਜਾਂ ਸੰਗਠਿਤ ਕੀਤੀਆਂ, ਚਾਰ ਲੜਾਈਆਂ ਲੜੀਆਂ, ਸ਼ਾਂਤ ਅਧਿਆਤਮਿਕ ਲਹਿਰ ਨਾਲ ਇਨਕਲਾਬੀ ਸੁਰ ਜੋੜਿਆ, ਮੀਰੀ-ਪੀਰੀ ਦੇ ਮਾਲਕ ਅਖਵਾਏ ਤਾਂ ਲੋਕ ਲਹਿਰ ਵਿਚ ਜੋਸ਼ ਉਛਾਲੇ ਖਾਣ ਲੱਗ ਪਿਆ । ਇਹ ਸਾਰਾ ਕੁਝ ਪੰਚਮ ਗੁਰੂ

ਦੀ ਸ਼ਹੀਦੀ ਤੋਂ ਬਾਅਦ ਮਾਤਾ ਗੰਗਾ ਜੀ ਦੇ ਸਾਹਮਣੇ ਵਾਪਰਿਆ । ਮਾਤਾ ਗੰਗਾ ਧੀਰਜ ਦੀ ਮੂਰਤ ਸਨ । ਉਹ ਬੜੀ ਦ੍ਰਿੜ੍ਹਤਾ ਨਾਲ ਸਭ ਕੁਝ ਵੇਖਦੇ ਨਿਹਾਰਦੇ ਰਹੇ । ਉਹ ਬਾਲ ਗੁਰੂ ਦੇ ਸੁਯੋਗ ਸਲਾਹਕਾਰ ਰਹੇ, ਪਰ ਡਰੇ ਮੂਲੋਂ ਨਹੀਂ ।

ਮਾਤਾ ਗੁਜਰੀ ਜੀ ਵੀ ਇਕਲੌਤੇ ਪੁੱਤਰ ਦੀ ਮਾਂ ਸਨ । ਮਾਤਾ ਗੰਗਾ ਤੇ ਮਾਤਾ ਗੁਜਰੀ ਦੋਹਾਂ ਦੇ ਪਤੀ ਬਲੀਦਾਨੀ, ਦੋਹਾਂ ਦੇ ਪੁੱਤਰਾਂ ਨੇ ਪਿਤਾ ਦੀ ਸ਼ਹੀਦੀ ਤੋਂ ਬਾਅਦ ਅਜਿਹੇ ਕ੍ਰਿਸ਼ਮੇ ਕੀਤੇ ਕਿ ਹਕੂਮਤ ਦੰਗ ਰਹਿ ਗਈ । ਗੁਰੂ ਹਰਿਗੋਬਿੰਦ ਸਾਹਿਬ ਦਾ ਪੀਰੀ ਤੋਂ ਮੀਰੀ ਵਾਲਾ ਚਲਨ, ਗੁਰੂ ਗੋਬਿੰਦ ਸਿੰਘ ਦੀ ਪੰਥ ਸਾਜਨਾ ਮਹਿਜ਼ ਇਤਫ਼ਾਤ ਨਹੀਂ । ਇਨ੍ਹਾਂ ਦੇ ਪਿੱਛੇ ਜੇ ਪੁੱਤਰਾਂ ਦੇ ਪਿਤਾ ਬਲਕਾਰੀ ਪ੍ਰੇਰਨਾ ਦੇ ਸ੍ਰੋਤ ਬਣ ਕੇ ਰਹੇ ਤਾਂ ਮਾਤਾਵਾਂ ਪ੍ਰਚੰਡ ਸੂਝ-ਬੂਝ ਵਾਲੀਆਂ । ਏਸੇ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਹਕੂਮਤ ਮਾਤਾ ਜੀ ਦਾ ਬੜਾ ਆਦਰ ਕਰਦੀ ਸੀ । ਨਾ ਕੇਵਲ ਆਦਰ ਹੀ ਕਰਦੀ ਸੀ ਸਗੋਂ ਸਿੱਖ ਭਾਵਨਾਵਾਂ ਨੂੰ ਠੇਸ ਨਹੀਂ ਸੀ ਲਾਉਂਦੀ । ਗੁਰਦੁਆਰਾ ਰਕਾਬ ਗੰਜ ਦੀ ਇਮਾਰਤ ਇਕ ਤੋਂ ਵਧੀਕ ਵਾਰ ਡੇਗ ਕੇ ਬਣਾਈ ਗਈ ਹੈ, ਭਰਤਪੁਰ ਦਾ ਰਾਜਾ ਮਾਤਾ ਜੀ ਦਾ ਬੜਾ ਸ਼ਰਧਾਲੂ ਸੀ । ਮਾਤਾ ਜੀ ਦੀ ਹਾਜ਼ਰੀ ਵਿਚ ਕਿਸੇ ਤੁਅੱਸਬੀ ਮੁਸਲਮਾਨ ਦੀ ਇਹ ਹਿੰਮਤ ਹੀ ਨਹੀਂ ਪਈ ਜੋ ਗੁਰਦੁਆਰਾ ਰਾਕਬ ਗੰਜ ਦੀ ਇਮਾਰਤ ਨੂੰ ਡੇਗ ਦੇਵੇ । ਹਾਲਾਤ ਵੱਸ ਮਾਤਾ ਜੀ ਦਿੱਲੀ ਵਿਚ ਨਹੀਂ ਸਨ ਤੇ ਤੁਅੱਸਬੀਆਂ ਦਾ ਦਾਅ ਲੱਗ ਗਿਆ । ਜਦੋਂ ਸਿੱਖਾਂ ਨੇ ਮਾਤਾ ਜੀ ਪਾਸ ਸ਼ਿਕਾਇਤ ਲਾਈ ਤਾਂ ਮਾਂ ਨੇ ਬੜੇ ਮਾਣ ਨਾਲ ਭਰ ਕੇ ਕਿਹਾ ਸੀ ਗੁਰੂ ਤੇਗ ਬਹਾਦਰ ਦੀਆਂ ਅਸਥੀਆਂ ਬਹੁਤ ਡੂੰਘੇ ਦੱਬੀਆਂ ਹੋਈਆਂ ਹਨ, ਮੁਸਲਮਾਨ ਇਸ ਜਗ੍ਹਾ ਨੂੰ ਹਥਿਆ ਨਹੀਂ ਸਕਦੇ, ਸਮਾਂ ਆਉਣ 'ਤੇ ਸਿੱਖ ਆਪੇ ਇਸ ਨੂੰ ਬਣਾ ਲੈਣਗੇ । ਇਤਿਹਾਸ ਸਾਖੀ ਹੈ ਕਿ ਭਾਈ ਬਘੇਲ ਸਿੰਘ ਨੇ ਗੁਰਦੁਆਰਾ ਰਕਾਬ ਗੰਜ ਦੀ ਇਮਾਰਤ ਫਿਰ ਆਪਣੀ ਦੇਖ-ਰੇਖ ਵਿਚ ਬਣਵਾਈ ਸੀ ।

ਸੰਖੇਪ ਵਿਚ, ਸਿੱਖ ਕੌਮ ਦੇ ਚਰਿੱਤਰ ਨਿਰਮਾਣ ਵਿਚ ਗੁਰੂ ਘਰ ਨਾਲ ਜੁੜੀਆਂ ਬੀਬੀਆਂ ਨੇ ਬੜੀ ਮਹੱਤਵਪੂਰਣ ਭੂਮਿਕਾ ਨਿਭਾਈ । ਆਪਣੀਆਂ ਬਜ਼ੁਰਗ ਬੀਬੀਆਂ ਦੀ ਵੱਡਮੁੱਲੀ ਦੇਣ ਨੂੰ ਇਕ ਨਜ਼ਰ ਭਰ ਕੇ ਵੇਖੀਏ ਤਾਂ ਆਪਣਾ ਆਪ ਮਾਣ ਨਾਲ ਭਰ ਜਾਂਦਾ ਹੈ । ਕੰਮ ਕੋਈ ਵੀ ਹੋਵੇ ਮੋਢੇ ਨਾਲ ਮੋਢਾ ਡਾਹ ਕੇ ਕਰੋ । ਨਾਰੀ ਸਭ ਤਰ੍ਹਾਂ ਨਾਲ ਸਹਿਯੋਗੀ ਬਣਨ ਦੇ ਯੋਗ ਹੈ । ਚਾਹੇ ਧੀ ਹੈ, ਪਤਨੀ ਹੈ, ਭੈਣ ਹੈ, ਨੂੰਹ ਹੈ ਜਾਂ ਮਾਂ । ਬੇਬੇ ਨਾਨਕੀ ਨੇ ਭੈਣ ਰੂਪ ਵਿਚ ਗੁਰੂ ਮਿਸ਼ਨ ਵਿਚ ਉਚੇਰਾ ਯੋਗਦਾਨ ਪਾਇਆ । ਬੀਬੀ ਭਾਨੀ ਨੇ ਬੇਟੀ ਦੇ ਰੂਪ ਵਿਚ ਆਪਣੇ ਆਪ ਦਾ ਸੇਵਾ-ਸਮਰਪਣ ਕੀਤਾ । ਮਾਤਾ ਖੀਵੀ, ਮਾਤਾ ਮਨਸਾ ਦੇਵੀ, ਮਾਤਾ ਗੰਗਾ, ਮਾਤਾ ਨਾਨਕੀ, ਮਾਤਾ ਦਮੋਦਰੀ, ਮਾਤਾ ਮਹਾਂ ਦੇਵੀ, ਮਾਤਾ ਗੁਜਰੀ, ਮਾਤਾ ਸੁੰਦਰੀ, ਮਾਤਾ ਜੀਤੋ ਜੀ ਤੇ ਮਾਤਾ ਸਾਹਿਬ ਦੇਵਾਂ ਨੇ ਆਪਣਾ ਸੀਰ ਗੁਰੂ ਮਿਸ਼ਨ ਦੀ ਸਫ਼ਲਤਾ ਵਿਚ ਪਾਇਆ । ਮਾਤਾ ਕਿਸ਼ਨ ਕੌਰ ਨੇ ਮਾਂ ਰੂਪ ਵਿਚ ਪੁੱਤਰ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਪ੍ਰਚਾਰ ਦੌਰਿਆਂ ਵਿਚ ਕਰੜੀ ਘਾਲਣਾ ਘਾਲੀ । ਮਾਤਾ ਸੁੰਦਰੀ ਜੀ ਦੇ ਲੇਖੇ ਪੰਥ ਦੀ ਰਹਿਨੁਮਾਈ ਆਈ ਜੋ ਸੰਕਟਗ੍ਰਸਤ ਵੇਲਿਆਂ ਵਿਚ ਆਪਣੇ ਸਿੱਖਾਂ ਨੂੰ "ਤੁਸੀਂ ਮੇਰੇ ਪੁੱਤ ਫ਼ਰਜ਼ੰਦ" ਕਹਿ ਕੇ ਨਿਵਾਜਦੇ ਰਹੇ । ਦਰਅਸਲ, ਨਾਰੀਆਂ ਦਾ ਸਮੁੱਚਾ ਜੀਵਨ ਹੀ ਪ੍ਰੇਰਨਾ ਰੂਪ ਹੋਣ ਕਰ ਕੇ ਸੰਦੇਸ਼ ਬਣ ਨਿੱਬੜਿਆ ਹੈ । ਇਨ੍ਹਾਂ ਨੇ ਮਨਬਚਨ ਤੇ ਕਰਮ ਦੀ

ਇਕਸੁਰਤਾ ਨਾਲ ਅਜਿਹੇ ਸਮਾਜ ਦੀ ਸਿਰਜਣਾ ਕੀਤੀ ਕਿ ਉਨ੍ਹਾਂ ਦੇ ਜੀਵਨ ਰੌਸ਼ਨ ਮਿਸਾਲਾਂ ਬਣ ਗਏ । ਇਨ੍ਹਾਂ ਨੇ ਅਜਿਹੀਆਂ ਨਰੋਈਆਂ ਕਦਰਾਂ-ਕੀਮਤਾਂ ਦਾ ਸੰਚਾਰ ਕੀਤਾ ਕਿ ਸੁਆਰਥੀ ਲੋਕ ਹੈਰਤ ਵਿਚ ਪੈ ਗਏ । ਇਹ ਸੱਚਮੁੱਚ ਹੀ ਸੰਜਮ ਦੀਆਂ ਪੁਤਲੀਆਂ ਸਨ ਜਿਨ੍ਹਾਂ ਦਾ ਧੀਰਜ ਧਰਤੀ ਵਰਗਾ ਸੀ ਤੇ ਜੀਵਨ-ਸੋਚ ਇਤਨੀ ਬੁਲੰਦ ਸੀ ਕਿ ਇਨ੍ਹਾਂ ਦੀ ਦੂਸਰੀ ਮਿਸਾਲ ਦੁਰਲੱਭ ਹੈ । ਏਸੇ ਕਰ ਕੇ ਇਨ੍ਹਾਂ ਦੇ ਘਰੋਗੀ ਮਾਹੌਲ ਸਵੱਛ ਰਹੇ । ਇਨ੍ਹਾਂ ਨੇ ਕਿਸੇ ਤਰ੍ਹਾਂ ਦੀ ਕਮਜ਼ੋਰੀ ਨੂੰ ਲਾਗੇ ਨਾ ਲੱਗਣ ਦਿੱਤਾ । ਈਰਖਾ, ਬਖੀਲੀ, ਸਾੜਾ, ਕੀਨਾ, ਥੋੜ੍ਹਦਿਲੀ ਇਨ੍ਹਾਂ ਦੇ ਨੇੜੇ ਨਹੀਂ ਆਈ । ਜਦੋਂ ਕਦੀ ਸਪੁੱਤਰਾਂ ਨੇ ਗੁਰਗੱਦੀ ਦਾ ਹੱਕ ਜਤਲਾਇਆ ਤਾਂ ਮਾਤਾਵਾਂ ਨੇ ਸੱਚਾਈ ਦਾ ਸਾਥ ਦਿੱਤਾ । ਇਨ੍ਹਾਂ ਨਾ ਕੇਵਲ ਆਪਣੇ ਗੁਰੂ ਦੇ ਬਚਨਾਂ ਦੀ ਪਾਲਣਾ ਕੀਤੀ ਸਗੋਂ ਜੋ ਗੁਰੂ ਗੱਦੀ ਦੇ ਵਾਰਸ ਬਣੇ ਉਨ੍ਹਾਂ ਗੁਰੂ ਸਾਹਿਬਾਨ ਦਾ ਵੀ ਪੂਰਾ-ਪੂਰਾ ਅਦਬ ਕੀਤਾ । ਇਤਿਹਾਸ ਗਵਾਹ ਹੈ ਕਿ ਮਾਤਾ ਖੀਵੀ ਜੀ ਦੋਹਾਂ ਪੁੱਤਰਾਂ ਨੂੰ ਗੁਰੂ ਅਮਰਦਾਸ ਜੀ ਕੋਲ ਮੁਆਫ਼ੀ ਮੰਗਵਾਉਣ ਲਈ ਲਿਆਏ । ਗੁਰਗੱਦੀ 'ਤੇ ਬਿਰਾਜਣ ਵਾਲੇ ਗੁਰੂ ਦੀ ਪਦਵੀ ਸਰਬੋਚ ਹੀ ਮੰਨੀ । ਸੇਵਾ, ਸਿਮਰਨ, ਤਪ, ਤਿਆਗ ਤੋਂ ਇਲਾਵਾ ਇਨ੍ਹਾਂ ਨੇ ਸਿੱਖੀ ਅਸੂਲਾਂ ਨੂੰ ਪ੍ਰਾਥਮਿਕਤਾ ਦਿੱਤੀ । ਉਸ ਲਈ ਭਾਵੇਂ ਮਮਤਾ ਨੂੰ ਕੁਚਲਣਾ ਪਿਆ ਪਰ ਕਿਸੇ ਥਾਂ ਵੀ ਗੁਰੂ ਮਹਿਲ ਨੇ ਗ਼ਲਤ ਸਮਝੌਤਾ ਨਹੀਂ ਕੀਤਾ । ਗੁਰੂ ਮਹਿਲਾਂ ਦਾ ਰੁਦਨ ਕਿਸੇ ਨਹੀਂ ਸੁਣਿਆ । ਸਦਾ ਚੜ੍ਹਦੀ ਕਲਾ ਵਿਚ ਰਹਿਣ ਵਾਲੀਆਂ ਇਨ੍ਹਾਂ ਸੁਆਣੀਆਂ ਨੇ ਸਮਾਜ ਕਲਿਆਣ ਵਿਚ ਆਪਣਾ ਵਿਸ਼ਵਾਸ ਜਤਾਇਆ । ਕੁਲ ਮਿਲਾ ਕੇ, ਨਰੋਈਆਂ ਕਦਰਾਂ-ਕੀਮਤਾਂ ਦਾ ਸੰਚਾਰ ਧੀਰਤਾ ਤੇ ਬੀਰਤਾ ਦਾ ਸੰਗਮ ਕਰਨਾ, ਸਵੱਛ ਘਰੋਗੀ ਮਾਹੌਲ ਸਿਰਜਣਾ ਸਿੱਖੀ ਅਸੂਲਾਂ ਨੂੰ ਪਹਿਲ ਦੇਣੀ, ਸਮਾਜਿਕਤਾ ਤੇ ਅਧਿਆਤਮਿਕਤਾ ਦਾ ਸੁਮੇਲ ਕਰਨਾ, ਸਾਨੂੰ ਗੁਰੂ ਪਰਿਵਾਰ ਤੇ ਗੁਰੂ ਘਰ ਨਾਲ ਜੁੜੀਆਂ ਬੀਬੀਆਂ ਦੇ ਜੀਵਨ ਬਿਰਤਾਂਤ ਤੋਂ ਸੰਦੇਸ਼ ਰੂਪ ਵਿਚ ਪ੍ਰਾਪਤ ਹੁੰਦਾ ਹੈ । ਗੁਰੂ ਪਰਿਵਾਰ ਤੇ ਗੁਰੂ ਘਰ ਨਾਲ ਜੁੜੀਆਂ ਬੀਬੀਆਂ ਦੇ ਜੀਵਨ ਬਿਰਤਾਂਤ ਤੋਂ ਇਨ੍ਹਾਂ ਬੀਬੀਆਂ ਨੇ ਜੀਵਨ ਦੇ ਵੱਖੋ-ਵੱਖ ਪਰਿਪੇਖਾਂ ਨਾਲ ਜੁੜਨ ਦੇ ਬਾਵਜੂਦ ਵੀ ਗੁਰੂ ਮਿਸ਼ਨ ਨੂੰ ਸਮਰਪਿਤ ਰਹੀਆਂ ਤੇ ਅੱਜ ਇਹ ਸੁਨੇਹਾ ਸਾਡੇ ਸਭ ਲਈ ਵੀ ਹੈ । ਸਾਰ ਵਜੋਂ, ਕਿਹਾ ਜਾ ਸਕਦਾ ਹੈ ਕਿ ਗੁਰੂ ਮਹਿਲਾਂ ਦਾ ਸਿੱਖ ਧਰਮ ਨੂੰ ਪ੍ਰਚਾਰਨ, ਵਿਸਥਾਰਨ ਤੇ ਅਮਲੀ ਜਾਮਾ ਪਹਿਨਾਉਣ ਵਿਚ ਅਦੁੱਤੀ ਯੋਗਦਾਨ ਹੈ । ਧਿਆਨ ਨਾਲ ਵੇਖਿਆ ਜਾਵੇ ਤਾਂ ਜਿਸ ਤਰ੍ਹਾਂ ਗੁਰੂ ਸਾਹਿਬਾਨ ਨੇ ਗੁਰੂ ਸੰਸਥਾ ਵਿਚ ਸਮੇਂ ਸਮੇਂ-ਨਵੇਂ ਵੇਰਵੇ ਜੋੜੇ, ਵਿਸਥਾਰ ਕੀਤਾ, ਨਿਸ਼ਚਿਤ ਮੁਹਾਂਦਰਾ ਦਿੱਤਾ, ਇਸੇ ਤਰ੍ਹਾਂ ਗੁਰੂ ਮਹਿਲਾਂ ਨੇ ਵੀ ਆਪਣੀ ਰਹਿਣੀ-ਬਹਿਣੀ ਨਾਲ ਇਸ ਦੇ ਆਦਰਸ਼ਾਂ ਨੂੰ ਅਮਲੀ ਰੂਪ ਦਿੱਤਾ । ਹਰ ਗੁਰੂ ਮਹਿਲ ਨੇ ਆਪਣੇ ਨਿਵੇਕਲੇ ਯੋਗਦਾਨ ਰਾਹੀਂ ਇਸ ਦੇ ਮੁਹਾਂਦਰੇ ਨੂੰ ਨਿਖਾਰਿਆ । ਸਿੱਖ ਧਰਮ ਦਾ ਇਹ ਪੱਖ ਬਾਕੀ ਹੋਰ ਧਰਮਾਂ ਦੀ ਤੁਲਨਾ ਵਿਚ ਬਹੁਤ ਹੀ ਬਲਵਾਨ, ਨਿੱਗਰ ਤੇ ਉੱਚਾ ਹੈ । ਭਾਰਤੀ ਨਾਰੀ-ਸੰਸਾਰ ਵਿਚ ਗੁਰੂ ਮਹਿਲਾਂ ਦਾ ਚਰਿੱਤਰ ਤੇ ਨਿੱਖੜਵਾਂ ਯੋਗਦਾਨ ਆਪਣੀ ਨਿਵੇਕਲੀ ਨੁਹਾਰ ਦਾ ਲਖਾਇਕ ਹੈ । ਗੁਰੂ ਮਿਸ਼ਨ ਵਿਚ ਗੁਰੂ ਮਹਿਲਾਂ ਦੀ ਭੂਮਿਕਾ ਇਸ ਤਰ੍ਹਾਂ ਹੈ ਕਿ ਜੇ ਗੁਰੂ ਸਾਹਿਬ ਆਪ ਅਗਰਭੂਮੀ (Fore Ground) ਵਿਚ ਸਨ ਤਾਂ ਗੁਰੂ ਮਹਿਲ ਪਿੱਠਭੂਮੀ (Back Ground) ਵਿਚ ਕਾਰਜਸ਼ੀਲ ਰਹੇ । ਗੁਰੂ ਮਹਿਲ ਪਰੰਪਰਾ, ਗੁਰੂ ਪਰੰਪਰਾ ਦੇ

ਸਮਵਿਥ ਹੋ ਕੇ ਉਸਰੀ ਹੈ । ਇਹ ਕੇਵਲ ਸਿੱਖ ਧਰਮ ਹੀ ਹੈ ਜਿਥੇ ਨਾਰੀ ਸਤਿਕਾਰ ਕੇਵਲ ਗੁਰੂ ਸਾਹਿਬਾਨ ਦੇ ਚਿਤਤਨ ਦਾ ਅੰਗ ਬਣ ਕੇ ਸਾਹਮਣੇ ਆਇਆ । ਇਸ ਪੱਖੋਂ ਆਸਾ ਦੀ ਵਾਰ ਗੁਰੂ ਨਾਨਕ ਦੇਵ ਦੇ ਚਿੰਤਨ ਦੀ ਉੱਤਮ ਮਿਸਾਲ ਹੈ । ਦਸਮ ਗੁਰੂ ਨੇ ਸਿੱਖ ਸਮਾਜ ਦਾ ਨਿਰਮਾਣ ਕੀਤਾ ਤੇ ਸੁਚੇਤ ਰੂਪ ਵਿਚ ਨਾਰੀ ਸਮਾਜ ਨੂੰ ਬਰਾਬਰ ਦਾ ਹੱਕ ਦਿੱਤਾ । 'ਸਿੰਘ' ਅਤੇ 'ਕੌਰ' ਇਸੇ ਨਿਵੇਕਲੀ ਸੂਝ ਦੇ ਲਖਾਇਕ ਸ਼ਬਦ ਹਨ । ਗੁਰੂ ਸਾਹਿਬਾਨ ਨੇ ਆਪਣੇ ਸਾਰੇ ਕਾਰਜਾਂ ਵਿਚ ਗੁਰੂ ਮਹਿਲਾਂ ਨੂੰ ਭਾਗੀਦਾਰ ਬਣਾਇਆ । ਮਾਤਾ ਖੀਵੀ ਦਾ ਲੰਗਰ-ਪ੍ਰਬੰਧ, ਬੀਬੀ ਭਾਨੀ ਦੀ ਸੇਵਾ ਮਾਤਾ ਗੁਜਰੀ ਦਾ ਬਲੀਦਾਨ, ਮਾਤਾ ਸੁੰਦਰੀ ਜੀ ਦੀ ਪੰਥਕ ਰਹਿਨੁਮਾਈ, ਮਾਤਾ ਸਾਹਿਬ ਕੌਰ ਨੂੰ 'ਖ਼ਾਲਸੇ ਦੀ ਮਾਤਾ' ਦਾ ਖ਼ਿਤਾਬ ਆਦਿ ਤੱਥ, ਇਸੇ ਗੱਲ ਦੀ ਸਾਖੀ ਭਰਦੇ ਹਨ ਕਿ ਨਾ ਤਾਂ ਗੁਰੂ ਸਾਹਿਬਾਨ ਨੇ ਗੁਰੂ ਮਹਿਲਾਂ ਨੂੰ ਦੂਜੈਲਾ ਸਥਾਨ ਦਿੱਤਾ ਤੇ ਨਾ ਹੀ ਗੁਰੂ ਮਹਿਲਾਂ ਨੇ ਆਪਣੇ ਆਪ ਨੂੰ ਕਿਸੇ ਗੱਲੋਂ ਊਣਾ ਸਮਝਿਆ । ਸਗੋਂ ਸੁਯੋਗ ਕਿਰਦਾਰ, ਸੰਤੁਲਿਤ ਨੀਝ ਵਾਲੀਆਂ, ਨਿੱਗਰ ਸਹਿਯੋਗੀ ਤੇ ਉੱਤਮ ਕਰਮਯੋਗਣਾਂ ਬਣ ਕੇ ਸਾਹਮਣੇ ਆਈਆਂ ਤੇ ਗੁਰੂ ਸਾਹਿਬਾਨ ਦੇ ਆਦਰਸ਼ਾਂ ਨੂੰ ਉਨ੍ਹਾਂ ਨੇ ਆਪਣੇ ਤਨ 'ਤੇ ਹੰਢਾਇਆ । ਉਹ ਮਨ, ਬਚਨ ਤੇ ਕਰਮ ਦੀ ਇਕਸੁਰਤਾ ਨੂੰ ਰੂਪਮਾਨ ਕਰਨ ਵਾਲੀਆਂ ਸੋਭਾਵੰਤੀਆਂ ਸਨ । ਉਨ੍ਹਾਂ ਆਪਣੇ ਪਤੀਆਂ ਨੂੰ ਖ਼ਾਵੰਦ ਵੀ ਸਮਝਿਆ ਤੇ ਪਾਰਬ੍ਰਹਮ ਰੂਪ ਵੀ । ਦੋਹਾਂ ਵਿਚ ਏਕੀਕਰਣ ਸਥਾਪਿਤ ਕਰ ਕੇ ਇਕ ਸੰਤੁਲਿਤ ਜੀਵਨ-ਦ੍ਰਿਸ਼ਟੀ ਨੂੰ ਆਪਣੇ ਅਮਲਾਂ ਰਾਹੀਂ ਉਜਾਗਰ ਕਰਨ ਵਿਚ ਗੁਰੂ ਮਹਿਲਾਂ ਦਾ ਯੋਗਦਾਨ ਬੇਜੋੜ ਹੈ । ਇਸ ਪੱਖੋਂ ਉਹ ਸੰਸਾਰ ਭਰ ਦੀਆਂ ਨਾਰੀਆਂ ਵਿਚੋਂ ਵਿਲੱਖਣ ਰੁਤਬੇ ਦੀਆਂ ਅਧਿਕਾਰੀ ਹਨ ।

ਕੁਲ ਮਿਲਾ ਕੇ, ਗੁਰੂ ਮਹਿਲਾਂ ਨੇ ਸਿੱਖ ਪੰਥ ਦੀ ਬੁਨਿਆਦ ਵਿਚ ਚੂਨੇ ਗਾਰੇ ਵਾਲਾ ਕੰਮ ਕੀਤਾ । ਕਿਸੇ ਵੀ ਮਿਸ਼ਨ ਦੀ ਸਥਾਪਤੀ ਲਈ ਉਸ ਦਾ ਅਮਲੀ ਪੱਖ ਸਾਹਮਣੇ ਆਉਣਾ, ਉਸ ਦੀ ਤਤਕਾਲੀ ਲੋੜ ਹੁੰਦੀ ਹੈ । ਅਮਲੀ ਪੱਖ ਉਹ ਕਾਰਗਰ ਸਾਧਨ ਹੈ ਜਿਸ ਰਾਹੀਂ ਪੰਥ ਵਿਸ਼ੇਸ਼ ਦੀਆਂ ਕਦਰਾਂ-ਕੀਮਤਾਂ ਨੂੰ ਬੋਲ ਮਿਲਦੇ ਹਨ । ਕੋਈ ਵੀ ਪੰਥ ਦਾਰਸ਼ਨਿਕ ਸੰਕਲਪ ਦਾ ਮਜ਼ਮੂਆਂ ਨਹੀਂ ਹੁੰਦਾ, ਉਸ ਨਾਲ ਜੁੜਿਆ ਉਸ ਦਾ ਵਿਹਾਰਕ ਪੱਖ ਹੀ ਉਸ ਨੂੰ ਜਨ-ਸਮੂਹ ਦੇ ਗ੍ਰਹਿਣਯੋਗ ਬਣਾਉਂਦਾ ਹੈ । ਏਸ ਸੰਦਰਭ ਵਿਚ ਗੁਰੂ ਮਹਿਲ ਬੀਬੀ ਨਾਨਕੀ, ਮਾਈ ਸਭਰਾਈ, ਮਾਈ ਭਾਗੋ ਅਜਿਹੀਆਂ ਉੱਚ ਆਤਮਾਵਾਂ ਸਨ ਜਿਨ੍ਹਾਂ ਨੇ ਸਿੱਖ ਸਿਦਕ ਤਨ-ਮਨ ਨਾਲ ਨਿਭਾਇਆ । ਇਨ੍ਹਾਂ ਨੇ ਨਾ ਕੇਵਲ ਸਿੱਖੀ ਤੇ ਗੁਰੂ ਮਿਸ਼ਨ ਨੂੰ ਹੀ ਤਨ 'ਤੇ ਹੰਢਾਇਆ ਸਗੋਂ ਇਸ ਨੂੰ ਅਮਲੀ ਰੂਪ ਵਿਚ ਜੀਅ ਕੇ ਅਜਿਹੇ ਪੂਰਨੇ ਪਾਏ ਕਿ ਆਉਣ ਵਾਲੀ ਸਿੱਖ ਸੰਗਤ ਇਸ ਨਾਲ ਜੁੜਨਾ ਗੌਰਵ ਮਹਿਸੂਸ ਕਰਨ ਲੱਗ ਪਈ । ਇਹ ਕੋਈ ਕਰਾਮਾਤੀ ਕੌਤਕ ਨਹੀਂ ਕਿ ਸਿੱਖ ਬੀਬੀਆਂ ਨੇ ਆਪਣੇ ਬੱਚਿਆਂ ਦੇ ਟੋਟਿਆਂ ਦੇ ਹਾਰ ਆਪਣੇ ਗਲ਼ਾਂ ਵਿਚ ਪੁਆ ਲਏ, ਅਕਹਿ ਦੁੱਖ ਸਹੇ, ਪਰ ਸਿਦਕ ਨਹੀਂ ਹਾਰਿਆ ! ਇਹ ਤਾਂ ਸਗੋਂ ਉਸ ਗੌਰਵਮਈ ਪਰੰਪਰਾ ਦੀ ਦੇਣ ਹੈ ਜਿਸ ਨੇ ਇਨ੍ਹਾਂ ਵਿਚ ਉਚੇਰੀਆਂ ਕਦਰਾਂ-ਕੀਮਤਾਂ ਦੇ ਬੀਜ ਬੀਜੇ ਤੇ ਸਮਾਂ ਪੈਣ 'ਤੇ, ਉਹ ਪੁੰਗਰ ਪਏ । ਗੁਰੂ ਮਹਿਲਾਂ ਤੋਂ ਇਲਾਵਾ ਗੁਰੂ ਸਾਹਿਬਾਨ ਦੀਆਂ ਹੋਰ ਸਮਕਾਲੀ ਬੀਬੀਆਂ ਵੀ ਇਨ੍ਹਾਂ ਉਚੇਰੇ ਆਦਰਸ਼ਾਂ 'ਤੇ ਚਲਦੀਆਂ ਰਹੀਆਂ । ਇਸ ਪਰੰਪਰਾ ਦੇ ਬੀਜ ਇਤਨੇ ਗਹਿਰੇ ਉਤਰ ਗਏ

ਕਿ ਘੱਲੂਘਾਰਿਆਂ ਦੇ ਦੌਰਾਨ ਵਖ਼ਤਾਂ ਨੂੰ ਫੜੀਆਂ ਬੀਬੀਆਂ ਨੇ ਵੀ ਇਨ੍ਹਾਂ ਕਦਰਾਂ-ਕੀਮਤਾਂ ਤੋਂ ਮੂੰਹ ਨਹੀਂ ਮੋੜਿਆ। ਹੋਰ ਤਾਂ ਹੋਰ, ਸਿੱਖੀ ਜੀਵਨ ਦੀ ਝਲਕ ਤਾਂ ਬਾਰਾਂ ਮਿਸਲਾਂ ਤੇ ਸਿੱਖ ਰਾਜ ਦੇ ਸਮੇਂ ਵੀ ਨਿੱਖਰ ਕੇ ਸਾਹਮਣੇ ਆਈ। ਮਹਾਰਾਣੀ ਸਦਾ ਕੌਰ, ਮਹਾਰਾਜਾ ਰਣਜੀਤ ਸਿੰਘ ਦੀ ਬਹੁਤ ਵੱਡੀ ਤਾਕਤ ਬਣ ਕੇ ਰਹੀ। ਅੰਤ ਵਿਚ ਇਹ ਕਹਿਣਾ ਉਚਿਤ ਹੈ ਕਿ ਸਿੱਖ ਬੀਬੀਆਂ ਖ਼ਾਲਸਾ ਪੰਥ ਦੀ ਬੁਨਿਆਦੀ ਤਾਕਤ ਸਨ, ਸਿੱਖ ਬੀਬੀਆਂ ਖ਼ਾਲਸਾ ਪੰਥ ਦੇ ਗੌਰਵਮਈ ਵਿਰਸੇ ਤੇ ਸਿਹਤਮੰਦ ਕਦਰਾਂ-ਕੀਮਤਾਂ ਨੂੰ ਸਿਰਜਣ, ਨਿਖਾਰਨ ਤੇ ਪ੍ਰਵਾਨ ਚੜ੍ਹਾਉਣ ਵਿਚ ਨੀਂਹਾਂ ਦਾ ਕੰਮ ਕਰਨ ਲਈ ਬੇਜੋੜ ਹਨ।

— ਮਹਿੰਦਰ ਕੌਰ ਗਿੱਲ (ਡਾ.)

ਗੁਰੂ ਸਾਹਿਬ ਦੀਆਂ ਜਨਨੀਆਂ

ਸਿੱਖ ਇਤਿਹਾਸ ਵਿਚ ਜੇ ਗੁਰੂ ਮਹਿਲਾਂ ਦੇ ਯੋਗਦਾਨ ਉੱਪਰ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ, ਸਿੱਖੀ ਦੇ ਮਹਿਲ ਨੂੰ ਉਸਾਰਨ ਵਿਚ ਇਨ੍ਹਾਂ ਨੇ ਸੀਮਿੰਟ ਦਾ ਕੰਮ ਕੀਤਾ, ਸਾਰੇ ਗੁਰੂ ਮਹਿਲ ਆਪੋ-ਆਪਣੇ ਵਿਲੱਖਣ ਯੋਗਦਾਨ ਕਾਰਣ ਸਿੱਖ ਇਤਿਹਾਸ ਨੂੰ ਪਉੜੀ-ਦਰ-ਪਉੜੀ ਉਸਾਰਦੇ ਰਹੇ। ਤਪ ਤਿਆਗ ਦਾ ਮਾਰਗ ਜੋ ਮਾਤਾ ਸੁਲੱਖਣੀ ਜੀ ਨੇ ਦਿਖਾਇਆ ਸੀ ਮਾਤਾ ਸੁੰਦਰੀ ਜੀ ਨੇ ਉਸੇ ਨੂੰ ਦ੍ਰਿੜ੍ਹ ਕਰਦੇ ਹੋਏ ਸਿੱਖੀ ਰਹਿਤ-ਮਰਿਆਦਾ ਦਾ ਝੰਡਾ ਬੁਲੰਦ ਰੱਖਿਆ। ਇਹੋ ਕਾਰਣ ਸੀ, ਮਾਤਾ ਸੁੰਦਰੀ ਜੀ ਦਾ ਪਾਲਿਤ ਪੁੱਤਰ ਦਾ ਸਿਰ ਹਾਥੀ ਦੇ ਪੈਰ ਥੱਲੇ ਕੁਚਲਿਆ ਗਿਆ ਪਰ ਮਾਂ ਨੇ ਤਰਸ ਨਾ ਕੀਤਾ ਤੇ ਨਾ ਹੀ ਅਫ਼ਸੋਸ। ਸਿੱਖੀ ਦਾ ਤਿਆਗ, ਬੇਮੌਤ ਕੁੱਤੇ ਦੀ ਮੌਤ ਮਰਨਾ ਸੀ। ਸਾਫ਼ ਹੈ, ਗੁਰੂ ਮਹਿਲਾਂ ਨੇ ਸਿੱਖੀ-ਮਹਿਲ ਨੂੰ ਉਚੇਰੀਆਂ, ਨਰੋਈਆਂ ਕਦਰਾਂ-ਕੀਮਤਾਂ ਦੀ ਦੌਲਤ ਨਾਲ ਮਾਲਾਮਾਲ ਕਰੀ ਰੱਖਿਆ।

ਗੁਰੂ ਇਤਿਹਾਸ ਅਨੁਸਾਰ ਗੁਰੂ ਮਹਿਲਾਂ ਦੀ ਗਿਣਤੀ ਤੇਰਾਂ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਤਕ, ਸੱਤਵੇਂ ਅਤੇ ਨੌਵੇਂ ਪਾਤਸ਼ਾਹ ਦਾ ਸਾਰਿਆਂ ਦਾ ਇਕ-ਇਕ ਮਹਿਲ ਸੀ। ਅਥਵਾ, ਇਨ੍ਹਾਂ ਦੀ ਗਿਣਤੀ ਸੱਤ ਹੈ। ਛੇਵੇਂ ਅਤੇ ਦਸਵੇਂ ਗੁਰੂ ਦੇ ਤਿੰਨ-ਤਿੰਨ ਮਹਿਲ ਹਨ। ਅੱਠਵੇਂ ਗੁਰੂ ਬਾਲ-ਅਵਸਥਾ ਵਿਚ ਪ੍ਰਲੋਕ ਗਮਨ ਕਰ ਗਏ ਸਨ। ਇਸੇ ਤਰ੍ਹਾਂ, ਗੁਰੂ ਮਹਿਲਾਂ ਦੀ ਗਿਣਤੀ ਬਾਬੇ ਨਾਨਕ ਵਾਲਾ ਨੰਬਰ ਤੇਰਾਂ ਹੀ ਹੈ।

ਸਾਡਾ ਵਿਸ਼ਾ ਹੈ : "ਗੁਰੂ ਜਨਨੀ ਦੇ ਰੂਪ ਵਿਚ ਸਿੱਖ ਨਾਰੀ"। ਸਿੱਖ ਕੌਮ ਦੀ ਸ਼ੁਰੂਆਤ ਬਾਬਾ ਨਾਨਕ ਜੀ ਤੋਂ ਹੁੰਦੀ ਹੈ। ਨਾਲੇ, ਬਾਬਾ ਨਾਨਕ ਤਾਂ ਜਗਤ ਗੁਰੂ ਸਨ। ਉਨ੍ਹਾਂ ਨੇ ਹੀ ਸਿੱਖ ਧਰਮ ਦੇ ਪ੍ਰਤੀਮਾਨ (Norms) ਕਦਰਾਂ-ਕੀਮਤਾਂ, ਬੁਨਿਆਦੀ ਰਹੁ-ਰੀਤ ਨਿਸ਼ਚਿਤ ਕੀਤੀ। ਇਸ ਲਈ ਭਾਵੇਂ ਮਾਤਾ ਤ੍ਰਿਪਤਾ ਜੀ ਗੁਰੂ ਜਨਨੀ ਹਨ ਪਰ ਬਾਬਾ ਨਾਨਕ ਤਾਂ ਜਗਤ ਗੁਰੂ ਸਨ ਤੇ ਸਿੱਖ ਧਰਮ ਦੇ ਆਦਿ-ਗੁਰੂ ਦੇ ਰੂਪ ਵਿਚ ਸਥਾਪਿਤ ਹੋਏ ਹਨ ਤੇ ਸਿੱਖ ਧਰਮ ਇਨ੍ਹਾਂ ਤੋਂ ਅਗਾਂਹ ਜਾ ਕੇ ਪ੍ਰਫੁੱਲਿਤ ਹੋਇਆ। ਇਸ ਲਈ ਮਾਤਾ ਤ੍ਰਿਪਤਾ ਜੀ ਨੂੰ ਇਥੇ ਨਹੀਂ ਵਿਚਾਰਿਆ ਜਾ ਰਿਹਾ। ਮਾਤਾ ਸੁਲੱਖਣੀ, ਮਾਤਾ ਖੀਵੀ, ਅਤੇ ਮਾਤਾ ਮਨਸਾ ਦੇਵੀ ਜੀ, ਇਨ੍ਹਾਂ ਦੀ ਪਦਵੀ ਗੁਰੂ ਮਹਿਲ ਤਕ ਸੀਮਿਤ ਹੈ। ਬੀਬੀ ਭਾਨੀ (ਮਾਤਾ ਗੁਰੂ ਅਰਜਨ ਦੇਵ), ਮਾਤਾ ਗੰਗਾ (ਅੰਮੀ ਗੁਰੂ ਹਰਿਗੋਬਿੰਦ ਸਾਹਿਬ), ਮਾਤਾ ਕ੍ਰਿਸ਼ਨ ਕੌਰ (ਅੰਮੀ ਗੁਰੂ ਹਰਿਕ੍ਰਿਸ਼ਨ ਜੀ), ਮਾਤਾ ਨਾਨਕੀ (ਅੰਮੀ ਗੁਰੂ ਤੇਗ ਬਹਾਦਰ ਜੀ), ਮਾਤਾ ਗੁਜਰੀ (ਅੰਮੀ ਗੁਰੂ ਗੋਬਿੰਦ ਸਿੰਘ ਜੀ) ਦਾ ਰੁਤਬਾ ਗੁਰੂ ਮਹਿਲਾਂ ਦੇ ਨਾਲ-ਨਾਲ ਗੁਰੂ ਜਨਨੀ ਵਾਲਾ ਵੀ ਹੈ। ਜ਼ਾਹਿਰ ਹੈ, ਹੱਥਲਾ ਅਧਿਐਨ-ਕਾਰਜ ਇਨ੍ਹਾਂ ਮਾਤਾਵਾਂ ਦੇ

ਇਰਦ-ਗਿਰਦ ਰਹੇਗਾ । ਇੱਥੇ ਇਹ ਸੰਕੇਤ ਕਰਨਾ ਉਚਿਤ ਹੈ, ਮਾਤਾ ਸੁੰਦਰੀ ਜੀ ਦੀ ਇਹ ਭੂਮਿਕਾ ਭਾਵੇਂ ਬਹੁਤ ਹੀ ਉਚੇਰੀ ਹੈ ਪਰ ਇਸ ਵਿਸ਼ੇ ਦੀ ਹੱਦਬੰਦੀ ਵਿਚ ਉਨ੍ਹਾਂ ਦਾ ਰੋਲ ਸਿਮਟਦਾ ਨਹੀਂ । ਇਸੇ ਤਰ੍ਹਾਂ ਖ਼ਾਲਸੇ ਦੀ ਮਾਤਾ ਸਾਹਿਬ ਕੌਰ ਦੀ ਭੂਮਿਕਾ ਨੂੰ ਇਸ ਵਿਸ਼ੇ ਦੇ ਅੰਤਰਗਤ ਨਹੀਂ ਵਿਚਾਰਿਆ ਜਾ ਸਕਦਾ ਹੈ ।

ਬੀਬੀ ਭਾਨੀ ਦਾ ਜੀਵਨ-ਇਤਿਹਾਸ ਇਸ ਤੱਥ ਦੀ ਸਾਖ ਭਰਦਾ ਹੈ ਕਿ ਆਪ ਨੇ ਤਿੰਨ ਸਪੁੱਤਰਾਂ ਨੂੰ ਜਨਮ ਦਿੱਤਾ । ਬਾਬਾ ਪ੍ਰਿਥਵੀ ਚੰਦ, ਬਾਬਾ ਮਹਾਂਦੇਵ, ਗੁਰੂ ਅਰਜਨ ਦੇਵ ਜੀ । ਗੁਰੂ ਇਤਿਹਾਸ ਅਨੁਸਾਰ ਬੀਬੀ ਭਾਨੀ ਦਾ ਪਿਤਾ ਗੁਰੂ ਜੀ ਦਾ ਅਨਿੰਨ ਭਗਤ ਸੀ । ਬੀਬੀ ਭਾਨੀ ਨੇ ਪਿਤਾ ਗੁਰੂ ਦੀ ਸੇਵਾ ਮਨਚਿਤ ਲਾ ਕੇ ਕੀਤੀ । ਬੀਬੀ ਜੀ ਦੀ ਜਦੋਂ ਸ਼ਾਦੀ ਵੀ ਹੋ ਗਈ ਤਾਂ ਵੀ ਉਹ ਅੰਮ੍ਰਿਤ ਵੇਲੇ ਪਿਤਾ ਗੁਰੂ ਨੂੰ ਇਸ਼ਨਾਨ ਆਦਿ ਕਰਾ ਕੇ ਪਿਤਾ ਦੀ ਅਰਦਲ ਵਿਚ ਉਤਨੀ ਦੇਰ ਜ਼ਰੂਰ ਰਹਿੰਦੀ ਜਿਤਨੀ ਦੇਰ ਪਿਤਾ ਜੀ ਸਮਾਧੀ-ਲਿਵਲੀਨ ਹੁੰਦੇ । ਫਿਰ ਇਕ ਵੇਲਾ ਆਇਆ ਬੀਬੀ ਭਾਨੀ ਨੇ ਪਿਤਾ ਪਾਸੋਂ ਗੁਰਿਆਈ ਗੱਦੀ ਉਨ੍ਹਾਂ ਦੇ ਖ਼ਾਨਦਾਨ ਵਿਚ ਰਹੇ, ਦਾ ਵਰ ਮੰਗਿਆ । ਅੰਤਰਜਾਮੀ ਗੁਰੂ ਆਉਣ ਵਾਲੇ ਸਮੇਂ ਵਿਚ ਹੋਣ ਵਾਲੇ ਜ਼ੁਲਮ ਤਸ਼ੱਦਦ ਨੂੰ ਅਨੁਭਵ ਕਰ ਰਹੇ ਸਨ । ਉਨ੍ਹਾਂ ਬੀਬੀ ਭਾਨੀ ਨੂੰ ਸੁਚੇਤ ਕਰਦਿਆਂ ਉਹ ਸਾਰੇ ਨਜ਼ਾਰੇ ਅੱਖਾਂ ਅੱਗੋਂ ਲੰਘਾ ਦਿੱਤੇ ਜੋ ਭਵਿੱਖ ਵਿਚ ਸਿੱਖੀ ਨੂੰ ਬਰਕਰਾਰ ਰੱਖਣ ਲਈ ਝੱਲਣੇ ਪੈਣੇ ਸਨ । ਬੀਬੀ ਭਾਨੀ ਉਸ ਵੇਲੇ ਭਾਰੀ ਗਉਰੀ ਤੇ ਸਿਦਕ ਨਾਲ ਭਰ ਕੇ ਬੋਲੀ, "ਹੋਰਸ ਅਜਰ ਨਾ ਜਰਿਆ ਜਾਈ" ।

ਇਹੋ ਜਿਹੇ ਭਿਆਨਕ ਤਸੀਹੇ ਹਰ ਕੋਈ ਨਹੀਂ ਜਰ ਸਕੇਗਾ ਸਗੋਂ ਅਜਿਹੇ ਤਸੀਹਿਆਂ ਨੂੰ ਉਸ ਦੀ ਕੁਲ ਵਿਚ ਆਉਣ ਵਾਲੇ ਮਹਾਪੁਰਖ ਹੀ ਜਰ ਸਕਣਗੇ । ਦਰਅਸਲ, ਇਹ ਇਕ ਤਰ੍ਹਾਂ ਦਾ ਭਵਿੱਖ ਵਾਕ ਵੀ ਸੀ ਜੋ ਬੀਬੀ ਭਾਨੀ ਦੀ ਉਚੇਰੀ ਸੁਰਤ ਦਾ ਲਖਾਇਕ ਹੈ । ਉਨ੍ਹਾਂ ਦੀ ਦੀਰਘ ਦ੍ਰਿਸ਼ਟੀ ਇਕ ਪਾਸੇ, ਗੁਰੂ ਘਰ ਦੇ ਵਿਸਥਾਰ ਤੇ ਪ੍ਰਫੁੱਲਤਾ ਨੂੰ ਨਿਹਾਰ ਰਹੀ ਸੀ । ਦੂਜੇ, ਈਰਖਾਲੂ ਤੇ ਸਾੜੇ ਕੀਨੇ ਨਾਲ ਨਾਲ ਭਰ ਕੱਟੜ ਵਿਰੋਧੀਆਂ ਦੀਆਂ ਸੰਭਾਵਨਾਵਾਂ ਸਿਰ ਚੁੱਕ ਰਹੀਆਂ ਸਨ । ਗੁਰੂ ਘਰ ਦੀ ਪ੍ਰਫੁੱਲਤਾ ਵਿਰੋਧੀਆਂ ਕੋਲੋਂ ਸਹਾਰੀ ਨਹੀਂ ਸੀ ਜਾਣੀ । ਇਕ ਪਾਸੇ, ਦੁਨੀਆ ਦੇ ਸੁਖ-ਆਰਾਮ, ਖ਼ੁਸ਼ੀਆਂ ਗੁਰੂ-ਸੰਗਤ ਨੂੰ ਪ੍ਰਾਪਤ ਹੋ ਰਹੀਆਂ ਸਨ । ਗੁਰੂ ਸਾਹਿਬਾਨ ਨਗਰ ਵਸਾ ਰਹੇ ਸਨ । ਉਨ੍ਹਾਂ ਨੂੰ ਰੁਜ਼ਗਾਰ ਦੇ ਕੇ ਦੁਨਿਆਵੀ ਤੌਰ ਤੇ ਸੌਖਿਆਂ ਕਰ ਰਹੇ ਸਨ । ਦੂਜੇ ਪਾਸੇ, ਉਚੇਰੇ ਆਚਾਰ-ਵਿਚਾਰ ਨਾਲ ਉਨ੍ਹਾਂ ਨੂੰ ਆਤਮਿਕ ਤੌਰ ਤੇ ਬੁਲੰਦੀਆਂ ਵੱਲ ਲਿਜਾ ਰਹੇ ਸਨ । ਧਰਮ ਨਾਲ ਜੁੜੇ ਕਰਮ ਆਡੰਬਰ, ਸਿੱਖ ਸੰਗਤ ਵਿਚੋਂ ਘਟ ਰਹੇ ਸਨ । ਨਾਰੀ-ਉੱਥਾਨ ਹੋ ਰਿਹਾ ਸੀ । ਪਰਦੇ ਦੀ ਰਸਮ, ਵਿਧਵਾ ਵਿਆਹ ਦੀ ਪਾਬੰਦੀ, ਸਤੀ ਰਸਮ ਆਦਿ ਨਵੀਂ ਸੋਚ, ਨਵੇਂ ਭਾਈਚਾਰੇ ਦੀ ਬਲੀ ਚੜ੍ਹ ਰਹੀਆਂ ਸਨ । ਫਲਸਰੂਪ, ਇਕ ਨਰੋਆ ਭਾਈਚਾਰਾ ਵਧ-ਫੁੱਲ ਰਿਹਾ ਸੀ । ਕਿਥੇ ਜਰਿਆ ਜਾਂਦਾ ਸੀ ਹਕੂਮਤੀਆਂ ਕੋਲੋਂ ਸਵੈ-ਸਰਕਾਰ ਵਰਗਾ ਲੋਕ-ਪ੍ਰਬੰਧ ? ਜ਼ਾਹਿਰ ਹੈ ਬੀਬੀ ਭਾਨੀ ਆਉਣ ਵਾਲੇ ਸਮਿਆਂ ਵਿਚ ਜਿਥੇ ਗੁਰੂ-ਘਰ ਦਾ ਚੜ੍ਹਾਅ ਦੇਖ ਰਹੇ ਸੀ । ਉਥੇ ਹੀ ਮਾਰੂ ਤਸੀਹਿਆਂ ਨਾਲ ਇਸ ਲੋਕ-ਲਹਿਰ ਦਾ ਦਮਨ ਵੀ ਕਿਆਸ ਰਹੀ ਸੀ । ਉਹ ਇਸ ਗੱਲੋਂ ਪੂਰੀ ਸੰਤੁਸ਼ਟ ਸੀ ਕਿ ਗੁਰੂ ਘਰ ਦਾ ਵਿਸਥਾਰ ਤਾਂ ਹੋਵੇਗਾ ਹੀ ਪਰ ਇਸ ਪੱਖੋਂ ਵੀ ਅਣਭੋਲ ਨਹੀਂ ਸੀ ਕਿ ਗੁਰੂ ਘਰ ਆਉਣ ਵਾਲੇ ਸਮਿਆਂ ਵਿਚ

ਅਸਹਿ ਅਤੇ ਅਕਹਿ ਕਸ਼ਟ ਵਿਚੋਂ ਲੰਘੇਗਾ। ਉਹ ਜਾਣਦੇ ਸੀ ਇਨ੍ਹਾਂ ਭਿਆਨਕ ਤਬਾਹੀਆਂ ਨੂੰ ਕੋਈ ਸੂਰਮਾ ਹੀ ਝੱਲ ਸਕੇਗਾ। ਉਹ ਜਿਸ ਦੇ ਲਹੂ ਵਿਚ ਸਿਦਕ ਹੋਵੇਗਾ, ਜਿਸ ਦਾ ਗੁਰੂ ਘਰ ਵਿਚ ਅਥਾਹ ਭਰੋਸਾ ਹੋਵੇਗਾ। ਉਹ, ਜੋ ਗੁਰੂ ਘਰ ਦੀਆਂ ਮਾਨਤਾਵਾਂ ਨੂੰ ਬਚਾਉਣ ਲਈ ਆਪਣਾ-ਆਪ ਵਾਰ ਦੇਵੇਗਾ। ਉਹ ਜੋ ਗੁਰੂ ਮਿਸ਼ਨ ਤੋਂ ਆਪਣੇ-ਆਪ ਨੂੰ ਕਰਬਾਨ ਕਰ ਦੇਵੇਗਾ। ਸੇਵਾ-ਸਿਮਰਨ ਤੇ ਭਗਤੀ ਵਰਗੇ ਉਚੇਰੇ ਗੁਣਾਂ ਨਾਲ ਤਾਂ ਮਾਤਾ ਭਾਨੀ ਭਰੀ-ਪੂਰੀ ਸੀ। ਉਹ ਇਹ ਵੀ ਜਾਣਦੀ ਸੀ ਕਿ ਇਨ੍ਹਾਂ ਗੁਣਾਂ ਦਾ ਪ੍ਰਕਾਸ਼ ਉਸ ਭਾਂਡੇ ਵਿਚ ਹੋਵੇਗਾ ਜੋ ਇਸ ਦੇ ਯੋਗ ਹੋਵੇਗਾ :

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥

(ਗੁਰੂ ਗ੍ਰੰਥ ਸਾਹਿਬ, ਪੰਨਾ 1088)

ਇਸੇ ਕਰ ਕੇ ਬੀਬੀ ਭਾਨੀ ਨੇ ਆਪਣੇ ਪਿਤਾ ਗੁਰੂ ਨੂੰ ਅਗਾਊਂ ਹੀ ਇਹ ਵਿਸ਼ਵਾਸ ਦੁਆ ਦਿੱਤਾ ਕਿ ਅਜਿਹੇ ਕਸ਼ਟਾਂ ਨੂੰ ਝੱਲਣ ਵਾਲਾ ਉਨ੍ਹਾਂ ਦਾ ਪਰਿਵਾਰ ਹੀ ਹੋ ਸਕਦਾ ਹੈ ਕਿਉਂਕਿ ਉਨ੍ਹਾਂ ਨੂੰ ਉਚੇਰੇ ਗੁਣਾਂ ਦੀ ਜਾਗ ਲੱਗੀ ਹੋਵੇਗੀ। ਬੀਬੀ ਭਾਨੀ ਨੇ ਲੰਮਾ ਅਰਸਾ ਆਪਣੇ ਸਪੁੱਤਰ ਗੁਰੂ ਅਰਜਨ ਦੇਵੀ ਜੀ ਦਾ ਸੰਗ-ਸਾਥ ਨਿਭਾਇਆ। ਉਹ ਸਦਾ ਸੇਵਾ ਲਈ ਤੱਤਪਰ ਰਹੇ। ਗੁਰੂ ਅਰਜਨ ਦੇਵ ਨੇ ਹਾਲਾਤ-ਵੱਸ ਸਭ ਤੋਂ ਅਧਿਕ ਇਮਾਰਤ ਉਸਾਰੀ ਕਰਵਾਈ, ਸਭ ਤੋਂ ਵਧੇਰੇ ਬਾਣੀ-ਸਿਰਜਣਾ ਕੀਤੀ। ਸਭ ਤੋਂ ਮਹਾਨ ਕੰਮ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕੀਤਾ। ਉਹ ਅਨੇਕਾਂ ਵਾਰ ਸੌੜ-ਭੀੜ ਥਾਈਂ ਲੰਘੇ ਪਰ ਮਾਂ ਭਾਨੀ ਦੀ ਸੁਚੱਜੀ ਰਾਇ ਸਦਾ ਉਨ੍ਹਾਂ ਦੇ ਨਾਲ ਰਹੀ।

ਬੀਬੀ ਭਾਨੀ ਨੇ ਆਪਣੇ ਹੀ ਪੁੱਤਰਾਂ ਵਿਚ ਈਰਖਾ ਦਾ ਵਗਦਾ ਦਰਿਆ ਵੀ ਵੇਖਿਆ। ਪ੍ਰਿਥੀਚੰਦ ਦਾ ਗੁਰੂ ਅਰਜਨ ਦੇਵ ਜੀ ਪ੍ਰਤੀ ਸਾੜੇ-ਕੀਨੇ ਵਾਲਾ ਵਿਹਾਰ ਸੀ। ਉਹ ਗੁਰੂ ਗੱਦੀ ਦਾ ਦਾਅਵੇਦਾਰ ਸਾਰੇ ਭਰਾਵਾਂ ਵਿਚੋਂ ਸਭ ਤੋਂ ਵੱਡਾ ਹੋਣ ਕਰ ਕੇ ਬਣਦਾ ਸੀ ਪਰ ਉਂਜ ਉਚੇਰੇ ਗੁਣਾਂ ਤੋਂ ਵਿਰਵਾ ਸੀ। ਮਾਂ ਭਾਨੀ ਨੇ ਪੁੱਤਰ ਦੀ ਰਿਆਇਤ ਨਹੀਂ ਕੀਤੀ। ਜਾਣਦੀ ਸੀ, ਗੁਰਿਆਈ ਦਾ ਹੱਕਦਾਰ ਕੋਈ ਕਮਾਈ ਵਾਲਾ ਹੀ ਹੋਵੇਗਾ। ਯੋਗ ਵਿਅਕਤੀ ਹੀ ਇਸ ਕਾਰਜ-ਭਾਰ ਨੂੰ ਸੰਭਾਲ ਸਕੇਗਾ। ਉਹ ਕਦੀ ਵੀ ਇਸ ਸੱਚਾਈ ਤੋਂ ਨਹੀਂ ਥਿੜਕੀ। ਮਾਂ ਭਾਨੀ ਨੇ ਗੁਰੂ ਜੀ ਦੀ ਦ੍ਰਿਸ਼ਟੀ ਦਾ ਆਦਰ ਕੀਤਾ ਜੋ ਆਯੂ ਵਿਚ ਵੱਡਾ ਹੋਣ ਨਾਲੋਂ ਗੁਣਾਂ ਅਤੇ ਯੋਗਤਾ ਵਿਚ ਵਡੇਰਾ ਹੋਵੇ, ਨੂੰ ਕਬੂਲ ਕਰਦੀ ਸੀ। ਮਾਂ ਭਾਨੀ ਦੀ ਦੀਰਘ-ਦ੍ਰਿਸ਼ਟੀ ਸਦਾ ਸੱਚ ਉੱਪਰ ਆਪਣੀ ਛਾਪ ਲਾਉਂਦੀ ਰਹੀ। ਉਹ ਮਮਤਾ ਵਿਚ ਆ ਕੇ ਡੋਲੀ ਨਹੀਂ। ਮਾਂ ਭਾਨੀ ਨੇ ਗੁਰੂ ਅਰਜਨ ਦੇਵ ਜੋ ਉਨ੍ਹਾਂ ਦੇ ਸਭ ਤੋਂ ਛੋਟੇ ਸਪੁੱਤਰ ਸਨ, ਨੂੰ ਸਰਬ ਗੁਣ ਸੰਪੰਨ ਬਣਾਇਆ। ਉਨ੍ਹਾਂ ਨੂੰ ਸੇਵਾ ਦਾ ਗੁਣ ਆਪਣੇ ਵਿਰਸੇ ਵਿਚੋਂ ਪ੍ਰਾਪਤ ਹੋਇਆ। ਉਹ ਨਿਮਰਤਾ ਦੇ ਪੁੰਜ ਸਨ। ਆਪਣੇ ਨਾਨਾ ਗੁਰੂ ਅਮਰਦਾਸ ਦੇ ਵਰਤ-ਵਿਹਾਰ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਮਾਂ ਭਾਨੀ ਦੇ ਧੀਰਜ ਦੀ ਉਨ੍ਹਾਂ ਨੂੰ ਪਾਹ ਸੀ। ਕੋਈ ਇਕ ਮੌਕਾ ਵੀ ਗੁਰੂ ਅਰਜਨ ਦੇਵ ਜੀ ਦੇ ਸਾਹਮਣੇ ਨਹੀਂ ਆਉਂਦਾ ਜਦੋਂ ਉਨ੍ਹਾਂ ਨੇ ਧੀਰਜ ਦਾ ਸਾਥ ਛੱਡਿਆ ਹੋਵੇ। ਜਨਨੀ ਮਾਂ ਭਾਨੀ ਨੇ ਉਨ੍ਹਾਂ ਵਿਚ ਸੇਵਾ, ਨਿਮਰਤਾ, ਧੀਰਜ, ਦਾਨਾਈ, ਪ੍ਰਬੰਧਕੀ ਸੂਝ ਦੇ ਗੁਣਾਂ ਨੂੰ ਪੂਰੀ ਤਰ੍ਹਾਂ ਉਘਾੜਿਆ। ਸਮੇਂ-ਸਮੇਂ ਆਪਣੀ ਮਿਸਾਲ ਆਦਰਸ਼ ਰੂਪ ਵਿਚ ਦਿੱਤੀ। ਉਨ੍ਹਾਂ ਨੇ ਆਪਣੀ ਆਦਰਸ਼ਕ ਮਿਸਾਲ ਨੂੰ ਬੋਲ

ਨਹੀਂ ਦਿੱਤੇ ਸਗੋਂ ਉਸ ਨੂੰ ਕਰਨੀ ਵਿਚ ਢਾਲਿਆ। ਬਾਲ ਗੁਰੂ ਅਰਜਨ ਉੱਪਰ ਮਾਂ-ਭਾਨੀ ਦਾ ਗਹਿਰਾ ਪ੍ਰਭਾਵ ਸ਼ੀ। ਉਹ ਦਾਨੇ-ਬੀਨੇ, ਭਾਰੇ-ਗਉਰੇ, ਗਹਿਰ-ਗੰਭੀਰ ਸੁਭਾਉ ਦੇ ਮਾਲਕ ਸਨ। ਅਜਿਹੇ ਉੱਤਮ ਗੁਣਾਂ ਦੀ ਸਾਂਝ ਮਾਂ ਭਾਨੀ ਨਾਲ ਵੀ ਸੀ। ਸਾਫ਼ ਹੈ, ਮਾਂ ਭਾਨੀ ਨੇ ਆਪਣੇ ਬਾਲ-ਪੁੱਤਰ ਦੀ ਨਾ ਕੇਵਲ ਬਾਹਰੀ ਨੁਹਾਰ ਨੂੰ ਹੀ ਤਰਾਸ਼ਿਆ ਸਗੋਂ ਉਚੇਰੇ ਮਾਨਵੀ ਗੁਣਾਂ ਦੀ ਭਰਪੂਰ ਪੇਸ਼ਕਾਰੀ ਨਾਲ ਗੁਰੂ ਅਰਜਨ ਦੇਵ ਦੀ ਸ਼ਖ਼ਸੀਅਤ ਨੂੰ ਵੀਂ ਨਿਖਾਰਿਆ। ਮਾਂ ਭਾਨੀ ਨੇ ਆਪਣੇ ਸਪੁੱਤਰ ਦੇ ਬਲੀਦਾਨ ਦੇ ਤਸੀਹਿਆਂ ਨੂੰ ਸੁਣਿਆ, ਜਰਿਆ ਪਰ ਮੂੰਹੋਂ ਸੀ ਨਾ ਕੀਤਾ।

ਬੀਬੀ ਭਾਨੀ ਨੇ ਆਪਣੀ ਬਾਲੜੀ ਨੂੰਹ ਮਾਤਾ ਗੰਗਾ ਨੂੰ ਵੀ ਉਚੇਰੇ ਗੁਣਾਂ ਦੀ ਜਾਗ ਲਾਈ। ਮਾਤਾ ਗੰਗਾ ਛੇਵੇਂ ਗੁਰੂ ਹਰਿਗੋਬਿੰਦ ਜੀ ਦੀ ਸੁਭਾਗੀ ਅੰਮੀ ਹੈ।

ਮਾਤਾ ਗੰਗਾ ਜੀ ਨੇ ਗੁਰੂ ਹਰਿਗੋਬਿੰਦ ਜੀ ਨੂੰ ਬੜੀਆਂ ਅਰਦਾਸਾਂ ਨਾਲ ਪ੍ਰਾਪਤ ਕੀਤਾ। ਸਿੱਖ-ਇਤਿਹਾਸ ਇਸ ਤੱਥ ਦੀ ਸਾਖ ਭਰਦਾ ਹੈ ਕਿ ਸੁਭਾਗੀ ਮਾਤਾ ਗੰਗਾ ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਬਾਬਾ ਬੁੱਢਾ ਜੀ ਨੇ ਮੁੱਕੇ ਨਾਲ ਗੰਢਾ ਭੰਨਦਿਆਂ ਹੋਇਆਂ ਮਾਤਾ ਗੰਗਾ ਨੂੰ ਸੂਰਬੀਰ ਬਾਲਕ ਦੀ ਮਾਂ ਹੋਣ ਦਾ ਨਾਲੇ ਵਰਦਾਨ ਦਿੱਤਾ ਤੇ ਨਾਲੇ ਅਸੀਸਾਂ—"ਤੇਰੇ ਘਰ ਮਾਤਾ, ਦਲਭੰਜਨ ਸੂਰਮਾ ਹੋਵੇਗਾ, ਉਹ ਦੁਸ਼ਮਣਾਂ ਦੇ ਸਿਰ ਇਵੇਂ ਭੰਨਿਆ ਕਰੇਗਾ ਜਿਵੇਂ ਮੈਂ ਮੁੱਕੇ ਨਾਲ ਗੰਢਾ ਭੰਨ ਰਿਹਾ ਹਾਂ"। ਸਿਆਣੀ ਮਾਤਾ ਗੰਗਾ ਬਚਪਨ ਤੋਂ ਹੀ ਬਾਲ ਰੁਚੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਉਨ੍ਹਾਂ ਦੀ ਰੁਚੀ ਸੂਰਬੀਰਤਾ ਵੱਲ ਮੋੜੀ। ਛਠਮ ਗੁਰੂ ਨੂੰ ਘੋੜਸਵਾਰੀ ਤੇ ਸ਼ਸਤਰ-ਵਿਦਿਆ ਖ਼ਾਸੇ ਉਚੇਚ ਨਾਲ ਦਿੱਤੀ ਗਈ। ਗੁਰੂ ਇਤਿਹਾਸ ਅਨੁਸਾਰ ਬਾਲ ਗੁਰੂ ਹਰਿਗੋਬਿੰਦ ਜੀ ਨੂੰ ਤਾਪ ਚੜ੍ਹ ਕੇ ਮਾਤਾ (ਚੇਚਕ) ਨਿਕਲੀ, ਬ੍ਰਾਹਮਣ ਦੁਆਰਾ ਦੁੱਧ ਵਿਚ ਜ਼ਹਿਰ ਮਿਲਾਇਆ ਜਾਣਾ, ਪਿਟਾਰੀ ਵਿਚ ਸੱਪ ਪਾ ਕੇ ਸਪੇਰੇ ਰਾਹੀਂ ਭੇਜਣਾ, ਪ੍ਰਿਥੀਚੰਦ ਦਾ ਸਾੜੇ-ਕੀਨੇ ਨਾਲ ਭਰਿਆ ਵਰਤਾਰਾ ਆਦਿ ਅਨੇਕ ਘਟਨਾਵਾਂ ਇਹੋ ਜਿਹੀਆਂ ਹਨ ਜਿਹੜੀਆਂ ਮਾਂ ਦੀ ਮਮਤਾ ਨੂੰ ਡੁਲਾ ਸਕਦੀਆਂ ਸਨ ਪਰ ਮਾਤਾ ਗੰਗਾ ਬਹੁਤ ਵੱਡੇ ਜੇਰੇ ਵਾਲੀ ਇਸਤਰੀ ਸੀ। ਇਨ੍ਹਾਂ ਕਸ਼ਟਦਾਈ ਘਟਨਾਵਾਂ ਕਰ ਕੇ ਉਹ ਨਾ ਕਦੇ ਘਬਰਾਈ ਤੇ ਨਾ ਹੀ ਡੋਲੀ। ਸਗੋਂ ਅਕਾਲ ਪੁਰਖ ਅੱਗੇ ਅਰਜ਼ੋਈਆਂ ਕਰਦਿਆਂ ਬਾਲ ਹਰਿਗੋਬਿੰਦ ਦੀ ਰੱਖਿਆ ਯਾਚਨਾ ਕਰਦੀ ਰਹੀ ਤੇ ਸ਼ੁਕਰ-ਸ਼ੁਕਰ ਕਰ ਕੇ ਬਾਲ-ਪੁੱਤਰ ਦੀ ਪਾਲਨਾ ਕਰਦੀ ਰਹੀ। ਅਸੁਰੱਖਿਅਤ ਮਾਹੌਲ ਵਿਚੋਂ ਵਿਚਰਦਿਆਂ ਮਾਤਾ ਗੰਗਾ ਵਿਚ ਅੰਤਾਂ ਦਾ ਸਿਦਕ ਸੀ। ਆਮ ਤੌਰ ਤੇ ਅਸੁਰੱਖਿਅਤਾ ਦੋ ਸੰਭਾਵਨਾਵਾਂ ਨੂੰ ਪੈਦਾ ਕਰ ਦੇਂਦੀ ਹੈ ਜਾਂ ਤਾਂ ਇਨ੍ਹਾਂ ਹਾਲਾਤਾਂ ਵਿਚ ਰਹਿ ਕੇ ਪਲਣ ਵਾਲੇ ਡਰਪੋਕ ਬਣ ਜਾਂਦੇ ਹਨ ਜਾਂ ਜੁਝਾਰੂ ਬਿਰਤੀ ਵਾਲੇ ਬਣ ਜਾਂਦੇ ਹਨ। ਮਾਤਾ ਗੰਗਾ ਤੇ ਉਸ ਦਾ ਲਾਲ ਜੁਝਾਰੂ ਬਿਰਤੀ ਵਾਲੇ ਬਣ ਗਏ। ਬਾਲ ਗੁਰੂ ਹਰਿਗੋਬਿੰਦ ਕੇਵਲ 11 ਸਾਲਾਂ ਦੇ ਸਨ ਜਦੋਂ ਇਨ੍ਹਾਂ ਦੇ ਪਿਤਾ ਗੁਰੂ ਅਰਜਨ ਦੇਵ ਜੀ ਨੂੰ ਹਕੂਮਤ ਦੇ ਕੱਟੜ ਰਵੱਈਏ ਕਾਰਨ ਬਲੀਦਾਨ ਦੇਣਾ ਪਿਆ। 11 ਸਾਲਾਂ ਦੇ ਲਾਲ ਨੂੰ ਜਦੋਂ ਗੁਰਿਆਈ ਗੱਦੀ ਦਾ ਤਿਲਕ ਲੱਗਾ ਤਾਂ ਮਾਤਾ ਗੰਗਾ ਵੀ ਮੌਜੂਦ ਸਨ ਤੇ 'ਹੋਰਸ ਅਰਜ ਨ ਜਰਿਆ ਜਾਈ' ਦੇ ਵਾਕ ਨੂੰ ਦ੍ਰਿੜ੍ਹ ਕਰਾਉਣ ਵਾਲੀ ਦਾਦੀ ਮਾਤਾ ਭਾਨੀ ਵੀ ਮੌਜੂਦ ਸੀ। ਦੋਹਾਂ ਨੂੰਹ-ਸੱਸ ਨੇ ਆਪਣੇ ਹੱਥੀਂ ਗੁਰੂ ਅਰਜਨ ਦੇਵ ਜੀ ਨੂੰ ਤਿਆਰ ਕਰ ਕੇ ਲਾਹੌਰ ਸ਼ਹੀਦੀ ਲਈ ਭੇਜਿਆ ਸੀ। ਦੋਹਾਂ

ਨੇ ਬਾਲ ਗੁਰੂ ਨੂੰ ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਨਦਿਆਂ ਵੇਖਿਆ ਸੀ। ਜਦੋਂ ਪੰਚਮ ਪਾਤਸ਼ਾਹ ਦੀ ਸ਼ਹੀਦੀ ਦੀ ਖ਼ਬਰ ਦੋਹਾਂ ਮਾਤਾਵਾਂ ਨੂੰ ਮਿਲੀ ਤਾਂ ਭਾਣਾ ਮੰਨਣ ਵਾਲੇ ਸਿਦਕੀ ਗੁਰੂ ਨੂੰ ਚੇਤੇ ਕਰ ਕੇ ਚੜ੍ਹਦੀ ਕਲਾ ਵਿਚ ਰਹੇ। ਇਸ ਗੁਰੂ ਵਿਚ ਇਸ ਗੁਣ ਨੂੰ ਪ੍ਰਫੁੱਲਿਤ ਕਰਨ ਵਿਚ ਮਾਂ-ਦਾਦੀ ਦਾ ਬਹੁਤ ਵੱਡਾ ਹੱਥ ਸੀ। ਗੁਰੂ ਹਰਿਗੋਬਿੰਦ ਜੀ ਨੇ ਪਿਤਾ ਦੀ ਸ਼ਹੀਦੀ ਤੋਂ ਬਾਅਦ ਕੇਵਲ 36 ਦਿਨਾਂ ਵਿਚ 'ਅਕਾਲ ਤਖਤ' ਦਾ ਨਿਰਮਾਣ ਕਰਵਾ ਲਿਆ ਸੀ। ਇਸ ਨਿਰਮਾਣ ਕਾਰਜ ਵਿਚ ਕਿਸੇ ਰਾਜ ਮਿਸਤਰੀ ਦੀ ਮਦਦ ਨਹੀਂ ਸੀ ਲਈ ਗਈ ਸਗੋਂ ਇਹ ਸੇਵਾ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਕੀਤੀ ਸੀ ਤੇ ਇਹ ਬਾਰਾਂ ਫੁੱਟ ਉੱਚਾ ਬਣਾਇਆ ਸੀ। ਇਤਿਹਾਸ ਗਵਾਹ ਹੈ ਕਿ ਜਹਾਂਗੀਰ ਬਾਦਸ਼ਾਹ ਨੇ ਆਪਣੇ ਪੁੱਤਰ ਮੁਅੱਜ਼ਮ ਨੂੰ ਢਾਈ ਫੁੱਟ ਉੱਚਾ ਥੜ੍ਹਾ ਬਣਾ ਕੇ, ਉਸ 'ਤੇ ਬੈਠਣ ਲਈ ਮੁਆਫ਼ ਨਹੀਂ ਸੀ ਕੀਤਾ। ਪਰ ਛੇਵੇਂ ਗੁਰੂ ਨੇ ਤਾਂ 12 ਫੁੱਟ ਉੱਚਾ ਤਖਤ ਬਣਾ ਕੇ ਉਸ ਉੱਪਰ ਆਸਣ ਲਾ ਲਿਆ ਸੀ। ਇਤਨਾ ਉੱਚਾ ਆਤਮਿਕ ਬਲ, ਵੱਡਾ ਹੌਸਲਾ ਅਤੇ ਉਹ ਵੀ ਉਦੋਂ ਅਜੇ ਕੁਝ ਦਿਨ ਹੀ ਹੋਏ ਹੋਣ ਸ਼ਹੀਦੀ ਨੂੰ। ਇਸ ਸਾਰੇ ਕੁਝ ਵਿਚ ਮਾਤਾ ਗੰਗਾ ਜੀ ਦਾ ਬਹੁਤ ਵੱਡਾ ਹੱਥ ਸੀ। ਬਾਲ ਗੁਰੂ ਨੂੰ ਘਰੇਗੀ ਮਾਹੌਲ ਬਹੁਤ ਹੀ ਸੁਖਾਵਾਂ, ਸੰਤੁਲਿਤ ਅਤੇ ਚੜ੍ਹਦੀ ਕਲਾ ਵਾਲਾ ਮਿਲਿਆ। ਭਾਣਾ ਮੰਨਣ ਦਾ ਸਬਕ ਉਨ੍ਹਾਂ ਦੇ ਘਰ ਦੇ ਕਣ-ਕਣ ਵਿਚ ਮੌਜੂਦ ਸੀ। ਹੁਣ ਚੜ੍ਹਦੀ ਕਲਾ ਦਾ ਸੰਦੇਸ਼ ਗੁਰੂ ਘਰ ਦੇ ਪੈਰੋਕਾਰਾਂ ਨੂੰ ਵੀ ਤਾਂ ਦੇਣਾ ਸੀ। ਇਹੋ ਉਹ ਵੇਲਾ ਹੈ ਜਦੋਂ ਗੁਰੂ ਘਰ ਦੀ ਸ਼ਾਂਤ ਅਧਿਆਤਮਿਕ ਲਹਿਰ ਨੇ ਮੋੜਾ ਖਾਧਾ ਤੇ ਇਹ ਇਨਕਲਾਬੀ ਲਹਿਰ ਵਿਚ ਤਬਦੀਲ ਹੋ ਗਈ। ਗੁਰੂ ਘਰ ਜ਼ੁਲਮ ਤੇ ਵਹਿਸ਼ਤ ਦਾ ਸ਼ਿਕਾਰ ਹੋ ਕੇ ਡਰੂ ਤੇ ਕਮਜ਼ੋਰ ਹੋਣ ਦੀ ਬਜਾਏ ਬੱਬਰ ਸ਼ੇਰ ਵਾਂਗ ਨਿਰਭੈ ਹੋ ਕੇ ਅਣਖ ਅਤੇ ਇਨਕਲਾਬ ਦਾ ਜੈਗਾਨ ਕਰ ਰਿਹਾ ਸੀ। ਛੇਵੇਂ ਗੁਰੂ ਨੇ ਤਾਂ ਅਨੁਯਾਈਆਂ ਨੂੰ ਇਕ ਆਦਰਸ਼ ਦੇਣਾ ਸੀ ਕਿ ਅੱਗੇ ਤੋਂ ਉਨ੍ਹਾਂ ਦਾ ਹਕੂਮਤ ਨਾਲ ਵਤੀਰਾ ਸਵੈਮਾਨੀਆਂ ਵਾਲਾ ਹੋਵੇਗਾ। ਇਸ ਨਰੋਈ ਸੋਚ ਨੂੰ ਦ੍ਰਿੜ੍ਹ ਕਰਨ ਵਿਚ ਮਾਤਾ ਗੰਗਾ ਦਾ ਬਹੁਤ ਵੱਡਾ ਰੋਲ ਸੀ। ਘਰ ਦਾ ਮਾਹੌਲ ਬਹੁਤ ਹੀ ਸੁਖਦ ਅਤੇ ਸਾਂਵਾ ਸੀ। ਮਾਤਾ ਗੰਗਾ ਨੇ ਆਪਣੇ ਬਾਲ-ਪੁੱਤਰ ਨੂੰ ਵੀ ਆਪਣੇ ਸਲਾਹ-ਮਸ਼ਵਰੇ ਰਾਹੀਂ ਜੰਗਜੂ ਬਹਾਦਰ ਬਣਾ ਰੱਖਿਆ ਸੀ। ਉਹ ਗੁਰੂ ਦੇ ਅਨੁਯਾਈਆਂ ਨੂੰ ਲੋਕ-ਪਰਲੋਕ ਦੋਹਾਂ ਤਰ੍ਹਾਂ ਦੇ ਉਪਦੇਸ਼ ਦੇ ਕੇ ਇਕ ਪਾਸੇ ਦੈਵੀ ਪ੍ਰਭੂਸੱਤਾ ਨਾਲ ਜੋੜ ਰਹੇ ਸਨ। ਦੂਜੇ ਪਾਸੇ, ਸਵੈਮਾਨ ਦੀ ਰੱਖਿਆ ਕਰਨ ਲਈ ਹਕੂਮਤ ਨਾਲ ਟੱਕਰ ਲੈਣ ਲਈ ਤਿਆਰ ਕਰ ਰਹੇ ਸਨ।

ਜਦੋਂ ਛੇਵੇਂ ਗੁਰੂ ਨੇ ਸਿੱਖ ਸੈਨਾ ਨੂੰ ਸੰਗਠਿਤ ਕਰਨ ਦਾ ਕੰਮ ਸ਼ੁਰੂ ਕੀਤਾ ਤਾਂ ਇਸ ਵਿਚ ਸਭ ਜਾਤਾਂ ਦੇ ਲੋਕ ਸ਼ਾਮਲ ਸਨ। ਇਹ ਗੱਲ ਗੁਰੂ ਘਰ ਵਿਚ ਨਵੀਂ ਨਹੀਂ ਸੀ। ਸਗੋਂ ਗੁਰੂ ਅਰਜਨ ਦੇਵ ਜੀ ਨੇ ਸੰਤਾਂ-ਭਗਤਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰ ਕੇ ਇਸ ਦਾ ਪਹਿਲਾਂ ਹੀ ਪ੍ਰਮਾਣ ਪੇਸ਼ ਕੀਤਾ ਹੋਇਆ ਸੀ।

ਪਰ ਹੁਣ ਦੇ ਹਾਲਾਤ ਅਧਿਆਤਮਿਕਤਾ ਨਾਲੋਂ ਰਾਜਨੀਤਿਕ ਮੋੜ ਲੈ ਚੁੱਕੇ ਸਨ। ਹੁਣ ਗੁਰੂ ਜੀ ਦੇ ਸਭ ਤੋਂ ਵੱਡੇ ਸਲਾਹਕਾਰ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਤੇ ਦਾਦੀ ਮਾਂ ਭਾਨੀ ਤੇ ਮਾਤਾ ਗੰਗਾ ਸਨ। ਇਨ੍ਹਾਂ ਸਾਰਿਆਂ ਦੀ ਰਾਇ ਇਹੋ ਸੀ ਕਿ ਸਭ ਜ਼ਾਤਾਂ, ਵਰਗਾਂ, ਧਰਮਾ ਦੇ ਬੰਦਿਆਂ ਨਾਲ ਮਿਲਵਰਤਣ ਕੀਤੀ ਜਾਏ। ਸਾਰੇ ਇਕੋ ਜਿਹੇ ਹਨ।

ਇਨ੍ਹਾਂ ਵਿਚ ਕਿਸੇ ਤਰ੍ਹਾਂ ਦਾ ਭੇਦ-ਭਾਵ ਨਾ ਰੱਖਿਆ ਜਾਵੇ। ਫਲਸਰੂਪ, ਸਭ ਜਾਤਾਂ ਦੇ ਰਲੇ-ਮਿਲੇ ਬੰਦੇ ਦੀਨ-ਧਰਮ ਦੇ ਚਾਅ ਵਿਚ ਉਮ੍ਹਲਣ ਲੱਗ ਪਏ। ਸੋਹਨ ਕਵੀ ਨੇ ਗੁਰਬਿਲਾਸ ਪਾਤਸ਼ਹੀ ਛੇਵੀਂ ਵਿਚ ਲਿਖਿਆ ਹੈ :

ਦੀਨ ਸਿਰ ਦੇਹਿਗੇ ਐਸ ਬਾਤ ਦ੍ਰਿੜ ਕੀਨ
ਚਾਰ ਸਹਸ ਸੂਰਾ ਬਲੀ ਕ੍ਰਿਪਾ ਸਿੰਧ ਮਨ ਚੀਨ
ਛੀਪੇ ਝੀਵਰ ਔਰ ਤਖਾਨ ਨਾਈ ਗ੍ਰਹ ਉਤਰੇ ਸਭ ਆਣ
ਸੋ ਗੁਰ ਆਗੇ ਖਰੇ ਨਿਹਾਰੇ ਗਰੀਬ ਨਿਵਾਜ ਬਿਰਦ ਜਿਹ ਭਾਰੇ

ਜ਼ਾਹਿਰ ਹੈ, ਅਧਿਆਤਮਿਕ ਤੋਂ ਇਨਕਲਾਬੀ ਲਹਿਰ, ਬਣਦੇ ਸਮੇਂ ਜਿਥੇ ਸਿੱਖ ਸੰਗਤ ਨੇ ਆਪਣੇ ਅਡੋਲ ਅਕੀਦੇ ਦੀ ਸਾਖ ਭਰੀ ਉਥੇ ਮਾਤਾ ਗੰਗਾ ਤੇ ਦਾਦੀ ਮਾਂ ਭਾਨੀ ਨੇ ਵੀ ਬਹੁਤ ਮਹੱਤਵਪੂਰਣ ਭੂਮਿਕਾ ਅਦਾ ਕੀਤੀ। ਗੁਰੂ ਘਰ ਦੀ ਸ਼ਾਂਤ ਅਧਿਆਤਮਿਕ ਲਹਿਰ ਜਿਸ ਦਾ ਆਗਾਜ਼ ਸ਼ੇਖੂਪੁਰਾ ਤੋਂ ਸ਼ੁਰੂ ਹੋਇਆ, ਅੰਮ੍ਰਿਤਸਰ ਤਕ ਪੁੱਜਦੇ ਪੁੱਜਦੇ ਖ਼ਾਸਾ ਰੂਪ ਵਟਾ ਗਈ। ਮਾਤਾ ਗੰਗਾ ਨੇ ਆਪਣੇ ਲਾਲ ਨੂੰ ਸਦਾ ਚੜ੍ਹਦੀ ਵਿਚ ਰਹਿਣ ਦਾ, ਸਵੈਮਾਣ ਦਾ, ਅਣਖ ਦਾ, ਉਚ-ਨੀਚ ਦੀ ਸਮ-ਏਕਤਾ ਦੀ ਭਾਵਨਾ ਨੂੰ ਬੁਲੰਦ ਰੱਖਣ ਲਈ ਉਤਸ਼ਾਹਿਤ ਕਰੀ ਰੱਖਿਆ। ਜਿਸ ਤਰ੍ਹਾਂ ਮਾਤਾ ਭਾਨੀ ਨੇ ਮਾਤਾ ਗੰਗਾ, ਆਪਣੀ ਨੂੰਹ, ਵਿਚ ਗੁਰੂ ਘਰ ਦੀ ਮਾਨ-ਮਰਿਆਦਾ ਤੇ ਨਰੋਈਆਂ, ਸਮਾਜਿਕ ਕਦਰਾਂ-ਕੀਮਤਾਂ ਦੀ ਰੱਖਿਆ ਕਰਨ ਦਾ ਭਾਵ ਜਗਾਈ ਰੱਖਿਆ। ਠੀਕ, ਉਸੇ ਤਰ੍ਹਾਂ ਮਾਤਾ ਗੰਗਾ ਨੇ ਆਪਣੀ ਨੂੰਹ ਮਾਤਾ ਨਾਨਕੀ ਵਿਚ ਇਨ੍ਹਾਂ ਉਚੇਰੀਆਂ ਕਦਰਾਂ-ਕੀਮਤਾਂ ਦਾ ਜਲਵਾ ਬਣਾਈ ਰੱਖਿਆ। ਮਾਤਾ ਗੰਗਾ ਜੀ ਦੀਆਂ ਤਿੰਨ ਨੂੰਹਾਂ ਸਨ : ਮਾਤਾ ਦਮੋਦਰੀ, ਮਾਤਾ ਨਾਨਕੀ ਤੇ ਮਾਤਾ ਮਹਾਂਦੇਵੀ ਇਨ੍ਹਾਂ ਤਿੰਨਾਂ ਵਿਚੋਂ ਗੁਰੂ-ਮਾਤਾ ਹੋਣ ਦੀ ਪਦਵੀ ਮਾਤਾ ਨਾਨਕੀ ਨੂੰ ਪ੍ਰਾਪਤ ਹੈ। ਮਾਤਾ ਗੰਗਾ ਦੀ ਨੂੰਹ ਤੇ ਛੇਵੇਂ ਗੁਰੂ ਦੇ ਮਹਿਲ ਮਾਤਾ ਨਾਨਕੀ ਗੁਰੂ ਤੇਗ ਬਹਾਦਰ ਜੀ ਦੀ ਸੁਭਾਗੀ ਅੰਮੀ ਹਨ।

ਗੁਰੂ ਘਰ ਵਿਚ ਇਨਕਲਾਬੀ ਤਬਦੀਲੀਆਂ ਦਾ ਦੌਰ ਛੇਵੇਂ ਗੁਰੂ ਜੀ ਦੇ ਸਮੇਂ ਤੋਂ ਹੀ ਸ਼ੁਰੂ ਹੋਇਆ। ਜਦੋਂ ਛੇਵੇਂ ਗੁਰੂ ਜੀ ਨੇ ਗੁਰੂ ਗੱਦੀ ਦਾ ਤਿਲਕ ਆਪਣੇ ਪੋਤਰੇ ਗੁਰੂ ਹਰਿ ਰਾਇ ਜੋ ਕਿ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਸਨ, ਨੂੰ ਗੁਰਗੱਦੀ ਦਾ ਤਿਲਕ ਦਿੱਤਾ (ਬਾਬਾ ਗੁਰਦਿੱਤਾ ਛੇਵੇਂ ਗੁਰੂ ਦੇ ਸਭ ਤੋਂ ਵੱਡੇ ਸਪੁੱਤਰ ਸਨ) ਤਾਂ ਮਾਤਾ ਨਾਨਕੀ ਆਪਣੇ ਹੋਣਹਾਰ ਸਪੁੱਤਰ (ਗੁਰੂ) ਤੇਗ ਬਹਾਦਰ ਜੀ ਨੂੰ ਆਪਣੇ ਪੇਕੇ ਬਕਾਲੇ ਲੈ ਕੇ ਚਲੀ ਗਈ।

ਮਾਂ ਨਾਨਕੀ ਨੇ ਆਪਣੇ ਸਪੁੱਤਰ ਨੂੰ ਕਿਸੇ ਵੀ ਵਿਵਾਦ ਦਾ ਹਿੱਸਾ ਨਹੀਂ ਬਣਨ ਦਿੱਤਾ। ਸੂਰਬੀਰ ਸਪੁੱਤਰ (ਗੁਰੂ) ਤੇਗ ਬਹਾਦਰ ਜੀ ਪਿਤਾ ਦੀ ਰਮਜ਼ ਨੂੰ ਸਮਝ ਗਏ ਸਨ। ਉਹ ਪਰਿਵਾਰਕ ਖਿੱਚੋਤਾਣ ਵਿਚ ਨਾ ਪੈ ਕੇ ਬਕਾਲੇ ਆ ਕੇ ਬੰਦਗੀ ਵਿਚ ਜੁੜ ਗਏ ਸਨ। ਗੁਰੂ ਹਰਿ ਰਾਇ ਜੀ ਨੇ ਸੰਨ 1644 ਈਸਵੀ ਵਿਚ ਅਕਾਲ ਚਲਾਣਾ ਕੀਤਾ। ਬਾਬਾ ਗੁਰਦਿੱਤਾ ਜੀ ਦੇ ਦੋ ਸਪੁੱਤਰ ਸਨ ਧੀਰ ਮੱਲ ਤੇ ਗੁਰੂ ਹਰਿ ਰਾਇ। ਦਾਦੇ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਪੁੱਤਰ (ਗੁਰੂ ਤੇਗ ਬਹਾਦਰ) ਤੇ ਪੋਤਰੇ ਧੀਰਮੱਲ (ਜੋ ਕਿ ਗੁਰੂ ਹਰਿ ਰਾਇ ਜੀ ਦਾ ਵੱਡਾ ਭਰਾ ਸੀ) ਨੂੰ ਛੱਡ ਕੇ ਗੁਰਗੱਦੀ ਦਾ ਯੋਗ ਵਾਰਿਸ ਗੁਰੂ ਹਰਿ ਰਾਇ ਜੀ ਨੂੰ ਹੀ

ਸਮਝਿਆ। ਜਦੋਂ ਗੁਰੂ ਹਰਿਗੋਬਿੰਦ ਜੀ ਜੋਤੀ-ਜੋਤ ਸਮਾਏ ਉਦੋਂ ਗੁਰੂ ਹਰਿ ਰਾਇ ਸਾਹਿਬ ਦੀ ਉਮਰ 14 ਸਾਲ ਦੀ ਸੀ ਤੇ (ਗੁਰੂ) ਤੇਗ ਬਹਾਦਰ ਜੀ ਦੀ ਉਮਰ 23 ਸਾਲ ਦੀ ਸੀ। ਗੁਰੂ ਹਰਿ ਰਾਇ ਜੀ ਦਾ ਜਨਮ ਸੰਨ 1630 ਈਸਵੀ ਵਿਚ ਹੋਇਆ। ਜ਼ਾਹਿਰ ਹੈ, ਗੁਰੂ ਜੀ ਗੁਰਗੱਦੀ ਇਕ ਤਾਂ ਪੋਤਰੇ ਨੂੰ ਦਿੱਤੀ, ਦੂਜਾ ਉਹ ਆਪਣੇ ਚਾਚਾ ਗੁਰੂ ਤੇਗ ਬਹਾਦਰ ਜੀ ਤੋਂ ਦਸ ਸਾਲ ਛੋਟਾ ਸੀ।

ਹੁਣ ਮਾਤਾ ਨਾਨਕੀ ਜੀ ਦੀ ਵਿਸ਼ਾਲ ਦ੍ਰਿਸ਼ਟੀ ਤੇ ਸੁਹਿਰਦ ਆਤਮਾ ਨੇ ਆਪਣੇ ਪਤੀ ਗੁਰੂ ਹਰਿਗੋਬਿੰਦ ਜੀ ਦੇ ਫ਼ੈਸਲੇ ਅੱਗੇ ਆਪਣਾ ਆਪ ਵਿਛਾ ਦਿੱਤਾ। ਉਹ ਇਸ ਫ਼ੈਸਲੇ ਦੇ ਵਿਰੁੱਧ ਇਕ ਸ਼ਬਦ ਵੀ ਨਾ ਬੋਲੇ। ਸਗੋਂ ਗੁਰੂ-ਹੁਕਮ ਵਿਚ ਰਹਿਣ ਵਾਲੀ ਮਾਂ ਨਾਨਕੀ ਨੇ ਸਹਿਜ ਰੂਪ ਵਿਚ ਹੀ ਗੁਰੂ ਦੀ ਆਗਿਆ ਮੰਨ ਕੇ ਮੱਥਾ ਟੇਕ ਦਿੱਤਾ। ਮਾਤਾ ਨਾਨਕੀ ਇਸ ਮੁਕਾਮ 'ਤੇ ਬਹੁਤ ਹੀ ਉਚੇਰੀ ਅਵਸਥਾ ਦੇ ਸਾਬਤ ਹੋਏ। ਉਨ੍ਹਾਂ ਆਤਮ-ਵਿਗਾਸ ਵਾਲੀ ਉੱਚ ਬਿਰਤੀ ਦਾ ਸਬੂਤ ਦਿੱਤਾ। ਉਨ੍ਹਾਂ ਦਾ ਰੋਲ ਸਿੱਖ ਲਹਿਰ ਦੀ ਉਸਾਰੀ ਵਿਚ ਤੇ ਨਿਸ਼ਕਾਮ ਵਫ਼ਾਦਾਰੀ ਵਿਚ ਬੇਜੋੜ ਹੈ। ਇਕ ਮਾਂ ਦੇ ਤੌਰ ਤੇ ਉਨ੍ਹਾਂ ਅੰਦਰ ਆਪਣੇ ਪੁੱਤਰ ਲਈ ਲੋਭ-ਲਾਲਚ ਵੀ ਹੋ ਸਕਦਾ ਸੀ। ਆਪਣੇ ਪੁੱਤਰ ਨੂੰ ਹੱਕ ਤੋਂ ਵਾਂਝਿਆਂ ਵੇਖ ਕੇ ਉਨ੍ਹਾਂ ਦੇ ਮਨ ਵਿਚ ਮਾਤਾ ਦਮੋਦਰੀ ਦੇ ਪੋਤਰੇ ਲਈ ਈਰਖਾ ਵੀ ਜਾਗ ਸਕਦੀ ਸੀ। ਮਾਤਾ ਦਮੋਦਰੀ ਬਾਬਾ ਗੁਰਦਿੱਤਾ ਜੀ ਦੀ ਮਾਂ ਸੀ। ਸੰਕੇਤ ਕੀਤਾ ਜਾ ਚੁੱਕਾ ਹੈ, ਗੁਰੂ ਹਰਿ ਰਾਇ ਬਾਬਾ ਗੁਰਦਿੱਤਾ ਜੀ ਦੇ ਛੋਟੇ ਸਪੁੱਤਰ ਸਨ ਤੇ ਮਾਤਾ ਦਮੋਦਰੀ ਦੇ ਪੋਤਰੇ। ਮਾਤਾ ਨਾਨਕੀ ਤਾਂ ਗੁਰੂ-ਹੁਕਮ ਨੂੰ ਸਮਰਪਿਤ ਰੂਹ ਸੀ। ਉਨ੍ਹਾਂ ਦੇ ਪੋਤਰੇ ਹਰਿ ਰਾਇ, ਜੋ ਹੁਣ ਗੁਰੂ ਬਣ ਚੁੱਕੇ ਸਨ, ਦਾ ਅਦਬ-ਮਾਣ ਗੁਰੂ ਪਰੰਪਰਾ ਅਨੁਸਾਰ ਉਨ੍ਹਾਂ ਨੂੰ ਗੁਰੂ ਜਾਣ ਕੇ ਹੀ ਕੀਤਾ। ਮਾਤਾ ਨਾਨਕੀ ਰਿਸ਼ਤੇ ਵਿਚ ਭਾਵੇਂ ਗੁਰੂ ਹਰਿ ਰਾਇ ਦੀ ਦਾਦੀ ਮਾਂ ਲੱਗਦੇ ਸਨ ਪਰ ਉਨ੍ਹਾਂ ਗੁਰੂ-ਭਗਤੀ ਵਿਚ ਕਿਸੇ ਤਰ੍ਹਾਂ ਦਾ ਫ਼ਰਕ ਨਹੀਂ ਆਉਣ ਦਿੱਤਾ। ਉਨ੍ਹਾਂ ਦੀ ਆਗਿਆ 'ਤੇ ਸਦਾ ਫੁੱਲ ਚੜ੍ਹਾਏ। ਉਨ੍ਹਾਂ ਲਈ ਨਿੱਜੀ ਮੋਹ ਵੱਡਾ ਨਹੀਂ ਸੀ। ਸਗੋਂ ਗੁਰੂ ਘਰ ਦੀ ਮਾਣ-ਮਰਿਆਦਾ, ਗੁਰੂ ਦਾ ਹੁਕਮ ਵੱਡਾ ਸੀ। ਗੁਰੂ ਗੱਦੀ ਤੇ ਸਥਾਪਿਤ ਗੁਰੂ ਦੀ ਆਗਿਆ ਵੱਡੀ ਸੀ। ਜਦੋਂ ਗੁਰੂ ਹਰਿ ਰਾਇ ਜੀ ਨੇ ਆਪਣੇ ਪੰਜ ਸਾਲਾ ਸਪੁੱਤਰ (ਗੁਰੂ) ਹਰਿਕ੍ਰਿਸ਼ਨ ਜੀ ਨੂੰ 1661 ਈਸਵੀ ਵਿਚ ਗੁਰਿਆਈ ਪਦ ਦਿੱਤਾ ਤਾਂ ਵੀ ਮਾਤਾ ਨਾਨਕੀ ਨੇ ਸਬਰ ਸ਼ੁਕਰ ਨਾਲ ਸਿਰ ਨਿਵਾਇਆ। ਗੁਰੂ ਹਰਿਕ੍ਰਿਸ਼ਨ ਜੀ ਨੇ ਸੰਨ 1664 ਈਸਵੀ ਵਿਚ ਯਾਨੀ ਕਿ ਤਿੰਨ-ਸਾਢੇ ਤਿੰਨ ਸਾਲ ਗੁਰਿਆਈ ਗੱਦੀ ਦੀ ਜ਼ਿੰਮੇਵਾਰੀ ਨੂੰ ਨਿਭਾਇਆ। ਉਨ੍ਹਾਂ ਆਖ਼ਰੀ ਸਮੇਂ ਸਿੱਖ ਸੰਗਤ ਨੂੰ 'ਬਾਬਾ ਬਕਾਲੇ' ਦਾ ਇਸ਼ਾਰਾ ਦਿੱਤਾ। ਸਾਫ਼ ਹੈ ਉਦੋਂ 'ਬਾਬਾ ਬਕਾਲੇ' ਵਿਚ ਗੁਰੂ ਤੇਗ ਬਹਾਦਰ ਜੀ ਭੋਰੇ ਵਿਚ ਬੈਠੇ ਤਪੱਸਿਆ ਕਰ ਰਹੇ ਸਨ। ਜਦੋਂ ਮੱਖਣ ਸ਼ਾਹ ਲੁਬਾਣੇ ਨੇ 'ਗੁਰੂ ਲਾਧੋ ਰੇ' ਦਾ ਹੋਕਾ ਦਿੱਤਾ ਤਾਂ ਮਾਤਾ ਨਾਨਕੀ ਨੇ ਸ਼ੁਕਰ-ਸ਼ੁਕਰ ਕਰ ਕੇ ਆਪਣੇ ਪ੍ਰਾਣ ਪਿਆਰੇ ਸਪੁੱਤਰ ਨੂੰ ਪ੍ਰਗਟ ਹੋਣ ਦਿੱਤਾ। ਗੁਰੂ ਇਤਿਹਾਸ ਗਵਾਹ ਹੈ, ਗੁਰੂ ਤੇਗ ਬਹਾਦਰ ਜੀ ਨੇ ਬਾਬਾ ਬਕਾਲੇ ਆ ਕੇ, ਆਪਣੇ ਆਪ ਨੂੰ ਭੋਰੇ ਵਿਚ ਬੰਦ ਕਰ ਕੇ ਤਪੱਸਿਆ ਕੀਤੀ। ਇਸ ਤਪੱਸਿਆ ਦੇ ਅਰਸੇ ਬਾਰੇ ਇਤਿਹਾਸਕਾਰ ਮਤਭੇਦ ਰੱਖਦੇ ਹਨ। ਕੁਝ ਕੁ ਨੇ ਇਸ ਨੂੰ 22 ਵਰ੍ਹੇ ਕਿਹਾ ਹੈ। ਦੂਜਿਆਂ ਨੇ 26 ਵਰ੍ਹੇ। ਗੁਰੂ ਤੇਗ ਬਹਾਦਰ ਜੀ ਦੀ ਸ਼ਾਦੀ ਸੰਨ 1629 ਈਸਵੀ ਨੂੰ ਹੋਈ।

ਆਪਣੀ ਚੜ੍ਹਦੀ ਜਵਾਨੀ ਵਿਚ ਇਨ੍ਹਾਂ ਨੇ ਆਪਣੇ ਪਿਤਾ ਗੁਰੂ ਹਰਿਗੋਬਿੰਦ ਜੀ ਨਾਲ ਰਲ ਕੇ ਚਾਰ ਜੰਗਾਂ ਵਿਚ ਹਿੱਸਾ ਲਿਆ। ਗੁਰੂ ਹਰਿ ਰਾਇ ਜੀ ਨੇ ਜਿਵੇਂ ਹੀ ਗੁਰਿਆਈ ਗੱਦੀ ਸੰਭਾਲੀ ਤਾਂ ਗੁਰੂ ਤੇਗ ਬਹਾਦਰ ਜੀ ਮਾਤਾ ਨਾਨਕੀ ਜਾ ਨਾਲ ਬਕਾਲੇ ਆ ਗਏ ਤੇ ਲੰਮਾ ਸਮਾਂ ਆਪਣੇ ਨਾਨਕੇ ਪਿੰਡ ਵਿਚ ਹੀ ਰਹੇ। ਇਨ੍ਹਾਂ ਦਿਨਾਂ ਵਿਚ ਮਾਤਾ ਨਾਨਕੀ ਨੇ ਆਪਣੀ ਜਵਾਨ ਨੂੰਹ ਮਾਤਾ ਗੁਜਰੀ ਨਾਲ ਰਲ ਕੇ ਆਪਣੇ ਸਪੁੱਤਰ (ਗੁਰੂ) ਤੇਗ ਬਹਾਦਰ ਜੀ ਦੀ ਕਠਿਨ ਤਪੱਸਿਆ ਸਮੇਂ ਕਰੜੀ ਸੇਵਾ ਕੀਤੀ। ਨੌਵੇਂ ਗੁਰੂ ਦਾ ਹੁਕਮ ਸੀ ਕਿ ਭੋਰੇ ਵਿਚ ਪ੍ਰਸ਼ਾਦਾ ਕੇਵਲ ਮਾਤਾ ਨਾਨਕੀ ਜੀ ਹੀ ਛਕਾਉਣ। ਜਿਤਨੇ ਵਰ੍ਹੇ ਗੁਰੂ ਜੀ ਭੋਰੇ ਵਿਚ ਰਹੇ ਉਤਨੇ ਵਰ੍ਹੇ ਮਾਤਾ ਗੁਜਰੀ ਜੀ ਪ੍ਰਸ਼ਾਦਾ ਤਿਆਰ ਕਰ ਕੇ ਭੋਰੇ ਦੀ ਦਹਿਲੀਜ਼ ਉਤੇ ਰੱਖ ਕੇ ਮੱਥਾ ਟੇਕ ਦੇਂਦੀ। ਮਾਤਾ ਨਾਨਕੀ ਭੋਰੇ ਵਿਚ ਤਪੱਸਵੀ ਪੁੱਤਰ ਨੂੰ ਪ੍ਰਸ਼ਾਦਾ ਛਕਾਉਂਦੇ। ਧੀਰਜ, ਧਰਮ, ਤਿਆਗ ਤੇ ਸਹਿਨਸ਼ੀਲਤਾ ਵਰਗੇ ਉੱਤਮ ਗੁਣ ਸਹਿਵਨ ਹੀ ਮਾਂ ਨਾਨਕੀ ਦੇ ਚਰਿੱਤਰ-ਵਿਹਾਰ ਵਿਚੋਂ ਝਲਕਦੇ ਹਨ। ਕਠਿਨ ਸਮੇਂ ਮਾਂ ਨੇ ਆਪਣੇ ਸਪੁੱਤਰ ਨੂੰ ਮਸ਼ਵਰਾ ਦੇ ਕੇ ਘਰੇਗੀ ਵਿਵਾਦ ਤੋਂ ਹਟਾ ਕੇ ਆਪਣੇ ਪੇਕੀਂ ਲੈ ਆਈ। ਜਦੋਂ ਗੁਰੂ ਜੀ ਗੁਰੂ-ਜੋਤਿ ਵਿਚ ਪ੍ਰਗਟ ਹੋਏ ਤਾਂ ਇਕ ਵਾਰੀ ਫਿਰ ਈਰਖਾ ਦੀ ਅੱਗ ਲਾਟਾਂ ਮਾਰਨ ਲੱਗੀ। ਧੀਰਮੱਲ ਦਾ ਗੁਰੂ ਜੀ ਨੂੰ ਗੋਲੀ ਮਾਰਨਾ ਤੇ ਉਨ੍ਹਾਂ ਦਾ ਬਚ ਜਾਣਾ, ਵਾਲਾ ਪ੍ਰਸੰਗ ਸਭ ਨੂੰ ਪਤਾ ਹੈ। ਮਾਂ ਨਾਨਕੀ ਨੇ ਦੂਜੀ ਵੇਰ ਫਿਰ ਦਲੇਰ ਕਦਮ ਉਠਾਇਆ। ਆਪਣੀ ਸੁਚੱਜੀ ਨੂੰਹ ਮਾਤਾ ਗੁਜਰੀ ਤੇ ਸਪੁੱਤਰ ਗੁਰੂ ਤੇਗ ਬਹਾਦਰ ਨੂੰ ਲੈ ਕੇ ਮਾਖੋਵਾਲ ਆ ਗਈ। ਮਾਖੋਵਾਲ ਦੀ ਧਰਤੀ ਨੌਵੇਂ ਗੁਰੂ ਨੇ ਆਪ ਹੀ ਖ਼ਰੀਦੀ ਤੇ ਆਪ ਹੀ ਉਸਾਰੀ। ਉਨ੍ਹਾਂ ਨੇ ਇਸ ਦਾ ਨਾਮਕਰਣ ਅਪਣੀ ਪੂਜਨੀਕ ਮਾਤਾ ਦੇ ਨਾਮ ਉਤੇ 'ਬੀਬੀ ਨਾਨਕੀ ਦਾ ਚੱਕ' ਰੱਖਿਆ। ਬਾਅਦ ਵਿਚ ਇਸੇ ਚੱਕ ਦਾ ਨਾਮ ਅਨੰਦਪੁਰ ਰੱਖਿਆ ਗਿਆ। ਸਾਫ਼ ਹੈ, ਮਾਤਾ ਨਾਨਕੀ ਦੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਵਿਚ ਬੜੀ ਗੌਰਵਸ਼ਾਲੀ ਭੂਮਿਕਾ ਹੈ।

ਮਾਤਾ ਕਿਸ਼ਨ ਕੌਰ ਅੱਠਵੇਂ ਗੁਰੂ ਦੇ ਮਾਤਾ ਜੀ ਹਨ। ਆਮ ਤੌਰ ਤੇ ਗੁਰੂ ਮਾਤਾਵਾਂ ਆਪਣੇ ਬਾਲ-ਸਪੁੱਤਰਾਂ ਦੀ ਪਾਲਣਾ-ਪੋਸਣਾ ਬੜੇ ਉੱਦਮ ਨਾਲ ਕਰਦੀਆਂ ਰਹੀਆਂ ਹਨ ਪਰ ਜੇ ਉਨ੍ਹਾਂ ਦੇ ਸਪੁੱਤਰ ਗੁਰੂ-ਰੂਪ ਵਿਚ ਉਜਾਗਰ ਹੋਏ ਤਾਂ ਗੁਰੂ ਮਾਤਾਵਾਂ ਨੇ ਆਪਣੀਆਂ ਨੂੰਹਾਂ ਨੂੰ ਵੀ ਨਾਲ ਲਾ ਲਿਆ ਤੇ ਆਪਣੇ ਤਨ ਮਨ ਨਾਲ ਗੁਰੂ ਪੁੱਤਰਾਂ ਦੀ ਸੇਵਾ ਕਰਦੀਆਂ ਰਹੀਆਂ। ਪਰ ਮਾਤਾ ਕਿਸ਼ਨ ਕੌਰ ਦਾ ਰੋਲ ਰਤਾ ਏਦੂੰ ਕਠਿਨ ਤੇ ਗੰਭੀਰ ਸੀ। ਪੰਜ ਸਾਲਾ ਸਪੁੱਤਰ ਜਦੋਂ ਗੁਰੂ ਗੱਦੀ ਨੂੰ ਪ੍ਰਾਪਤ ਹੋਇਆ ਤਾਂ ਮਾਤਾ ਕਿਸ਼ਨ ਕੌਰ ਉਨ੍ਹਾਂ ਦੇ ਅਨੇਕ ਮੁੱਖ ਕਾਰਜਾਂ ਨੂੰ ਆਪ ਸੰਭਾਲਣ ਲੱਗੀ। ਹੋਰ ਤਾਂ ਹੋਰ ਅੱਠਵੇਂ ਗੁਰੂ ਦੇ ਪ੍ਰਚਾਰ-ਦੌਰਿਆਂ ਦਾ ਪ੍ਰਬੰਧ ਮਾਤਾ ਕਿਸ਼ਨ ਕੌਰ ਜੀ ਖ਼ੁਦ ਹੀ ਕਰਦੇ ਸਨ। ਇਕ ਪਾਸੇ, ਉਹ ਉਨ੍ਹਾਂ ਦੇ ਸਪੁੱਤਰ ਸਨ, ਦੂਜੇ ਪਾਸੇ ਗੁਰੂ। ਇਕ ਪਾਸੇ ਜ਼ਿੰਮੇਦਾਰੀ ਸੀ, ਦੂਜੇ ਪਾਸੇ ਨਿਸ਼ਠਾ। ਉਨ੍ਹਾਂ ਦੀ ਇਕ ਧਿਰ ਗੁਰੂ ਜੀ ਦੇ ਪ੍ਰੋਗਰਾਮ ਨੂੰ ਉਲੀਕਦੀ ਸੀ। ਦੂਰੀ ਧਿਰ, ਸਤਿਬਚਨ ਕਰ ਕੇ ਨਿਭਾਉਂਦੀ ਸੀ। ਸਾਫ਼ ਹੈ, ਖ਼ਾਸਾ ਕਠਿਨ ਰੋਲ ਸੀ, ਮਾਤਾ ਕਿਸ਼ਨ ਕੌਰ ਜੀ ਦਾ। ਮਾਤਾ ਕਿਸ਼ਨ ਕੌਰ ਦੀ ਮਿੱਠਤ, ਪ੍ਰਬੰਧਕੀ ਸੂਝ ਤੇ ਚੜ੍ਹਦੀ ਕਲਾ ਵਾਲੇ ਸੁਭਾਉ ਨੇ ਬਾਲਾ ਪ੍ਰੀਤਮ ਨੂੰ ਵੀ ਉਤਸ਼ਾਹਿਤ ਕਰੀ ਰੱਖਿਆ। ਗੁਰੂ-ਜੋਤਿ ਦਾ ਨਿਵਾਸ ਜਦੋਂ ਪੰਜ ਸਾਲਾ ਬਾਲਕ ਵਿਚ

ਹੋਇਆ ਤਾਂ ਆਮ ਲੋਕਾਂ ਲਈ ਤਾਂ ਹੈਰਾਨਗੀ ਦਾ ਕਾਰਣ ਸੀ ਹੀ । ਮਾਤਾ ਕਿਸ਼ਨ ਕੌਰ ਨੇ ਗੁਰੂ-ਜੋਤਿ ਅੱਗੇ ਨਮਸਕਾਰ ਕੀਤੀ । ਉਸ ਦਾ ਹੁਕਮ ਮੰਨਿਆ । ਉਨ੍ਹਾਂ ਦੀ ਆਗਿਆ ਅਨੁਸਾਰ ਯਾਤਰਾ-ਪ੍ਰੋਗਰਾਮ ਉਲੀਕੇ । ਦਿੱਲੀ ਆਉਣ ਦਾ ਨਾ ਕੇਵਲ ਮਨ ਹੀ ਬਣਾਇਆ ਸਗੋਂ ਉਸ ਨੂੰ ਪੂਰੀ ਸ਼ਰਧਾ ਨਾਲ ਨਿਭਾਇਆ । ਮਾਤਾ ਕਿਸ਼ਨ ਕੌਰ ਨੇ ਇਕ ਤਰ੍ਹਾਂ ਅੱਠਵੇਂ ਗੁਰੂ ਦੀ ਸੈਕਟਰੀ ਬਣ ਕੇ ਸੇਵਾ ਕੀਤੀ । ਜਦੋਂ ਬਾਲਾ ਗੁਰੂ ਦਿੱਲੀ ਪੁੱਜੇ ਤੇ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਠਹਿਰੇ, ਉਸ ਵੇਲੇ ਦਾ ਰੋਲ ਵੀ ਅਦੁੱਤੀ ਸੀ—ਮਾਤਾ ਕਿਸ਼ਨ ਕੌਰ ਨੇ ਹੁਕਮ ਬਜਾਇਆ । ਆਪਣੇ ਪਰਿਵਾਰ ਦੇ ਨੇੜੇ ਦੇ ਜੀਆਂ ਦਾ ਮੋਹ ਜਾਂ ਲਾਲਚ ਤਿਆਗ ਕੇ ਨੌਵੇਂ ਗੁਰੂ ਜੀ ਨੂੰ ਗੁਰ ਗੱਦੀ ਦਾ ਨਾ ਕੇਵਲ ਸੰਦੇਸ਼ ਹੀ ਭੇਜਿਆ ਸਗੋਂ ਆਪ ਵੀ ਉਥੇ ਪਹੁੰਚ ਕੇ ਉਨ੍ਹਾਂ ਦੇ ਦਰਸ਼ਨ ਕੀਤੇ । ਮਾਤਾ ਕਿਸ਼ਨ ਕੌਰ ਨੇ ਇਕ ਤਰ੍ਹਾਂ ਇਕੱਲਿਆਂ ਹੀ ਬਾਲਾ ਪ੍ਰੀਤਮ ਦੇ ਮਿਸ਼ਨ ਨੂੰ ਪੂਰਾ ਚੜ੍ਹਾਇਆ ।

ਗੁਰੂ ਜਨਨੀ ਦੇ ਰੂਪ ਵਿਚ ਇਸ ਮਾਲਾ ਦੇ ਆਖ਼ਰੀ ਮਣਕੇ ਮਾਤਾ ਗੁਜਰੀ ਜੀ ਹਨ । ਮਾਤਾ ਗੁਜਰੀ ਜੀ ਦਾ ਲੰਮਾ ਅਰਸਾ ਆਪਣੀ ਸੱਸ ਮਾਤਾ ਨਾਨਕੀ ਦੀ ਤਾਬਿਆ ਵਿਚ ਗੁਜ਼ਰਿਆ । ਨੌਵੇਂ ਪਾਤਸ਼ਾਹ ਜਦੋਂ ਗੁਰੂ ਰੂਪ ਵਿਚ ਪ੍ਰਗਟ ਹੋਏ ਤਾਂ ਬਕਾਲਾ ਦੀ ਧਰਤੀ ਤਿਆਗ ਕੇ ਨਾਨਕੀ ਚੱਕ ਆ ਗਏ । ਇਥੋਂ ਹੀ ਪਹਿਲਾਂ ਪੰਜਾਬ ਦੀ ਯਾਤਰਾ ਆਰੰਭ ਕੀਤੀ । ਗੁਰੂ ਜੀ ਇਥੋਂ ਪਹਿਲੋਂ-ਪਹਿਲ ਹਰਿਮੰਦਰ ਸਾਹਿਬ, ਅੰਮ੍ਰਿਤਸਰ, ਗੋਇੰਦਵਾਲ, ਕਰਤਾਰਪੁਰ ਤੇ ਕੀਰਤਪੁਰ ਸਾਹਿਬ ਦੀ ਯਾਤਰਾ ਕੀਤੀ । ਇਸ ਤੋਂ ਬਾਅਦ ਮਾਂ ਨਾਨਕੀ ਤੇ ਮਹਿਲ ਮਾਤਾ ਗੁਜਰੀ ਨੂੰ ਨਾਲ ਲੈ ਕੇ ਉੱਤਰੀ ਭਾਰਤ ਦੀ ਯਾਤਰਾ ਦਾ ਆਰੰਭ ਕੀਤਾ । ਇਥੋਂ ਹੀ ਆਪ ਬਿਹਾਰ, ਬੰਗਾਲ, ਆਸਾਮ ਤੇ ਢਾਕਾ ਗਏ । ਗਰਭਵਤੀ ਮਾਤਾ ਗੁਜਰੀ ਨੂੰ ਮਾਂ ਨਾਨਕੀ ਦੀ ਦੇਖ-ਰੇਖ ਵਿਚ ਛੱਡ ਕੇ ਆਪ ਪ੍ਰਚਾਰ ਦੌਰੇ 'ਤੇ ਚਲੇ ਗਏ ਤੇ ਇਹ ਦੋਵੇਂ ਪਟਨੇ ਹੀ ਰਹੀਆਂ । ਇਥੇ ਹੀ ਸੰਨ 1666 ਈਸਵੀ ਵਿਚ ਦਸਮ ਗੁਰੂ ਦਾ ਅਵਤਾਰ ਹੋਇਆ । ਹੁਣ ਮਾਤਾ ਗੁਜਰੀ ਦਾ ਮਾਤ-ਰੋਲ ਸ਼ੁਰੂ ਹੋ ਗਿਆ । ਨੂੰਹ ਸੱਸ ਨੇ ਪਟਨੇ ਦੀ ਧਰਤੀ ਨੂੰ ਕੋਈ ਛੇ ਸਾਲ ਭਾਗ ਲਾਇਆ । ਸੰਨ 1672 ਵਿਚ ਜਦੋਂ ਨੌਵੇਂ ਪਾਤਸ਼ਾਹ ਨੇ ਅਨੰਦਪੁਰ ਆਉਣ ਦਾ ਸੱਦਾ ਭੇਜਿਆ ਤਾਂ ਇਨ੍ਹਾਂ ਦੀ ਖ਼ੁਸ਼ੀ ਦਾ ਕੋਈ ਪਾਰ ਨਹੀਂ ਸੀ । ਜ਼ਾਹਿਰ ਹੈ, ਦਸਮ ਗੁਰੂ ਦੇ ਪਹਿਲੇ ਛੇ ਸਾਲਾਂ ਵਿਚ ਮਾਤਾ ਗੁਜਰੀ ਨੇ ਆਪਣਾ ਮਹੱਤਵ-ਪੂਰਣ ਸੀਰ ਪਾਇਆ । ਮਾਤਾ ਗੁਜਰੀ ਬੀਰ ਜੁਝਾਰੂ ਦੀ ਪਤਨੀ ਸਨ । ਉਨ੍ਹਾਂ ਨੇ ਆਪਣੇ ਪਤੀ ਨੂੰ ਸਦਾ ਚੜ੍ਹਦੀਆਂ ਕਲਾਂ ਵਿਚ ਵੇਖਿਆ ਸੀ । ਬਾਲ ਗੁਰੂ ਦੇ ਅਨੰਤ ਚੋਜ ਉਨ੍ਹਾਂ ਨੇ ਵੇਖੇ ਤੇ ਮਾਣੇ ਸਨ । ਕਦੀ ਦਸਮ ਗੁਰੂ ਗੁਜਰੀਆਂ ਦੀਆਂ ਗਾਗਰਾਂ ਨੂੰ ਤੀਰ ਮਾਰ ਕੇ ਫੋੜ ਦੇਂਦੇ ਤੇ ਕਦੀ ਸੋਨੇ ਦੇ ਕੜੇ ਗੰਗਾ ਵਿਚ ਵਗਾਹ ਮਾਰਦੇ, ਕਦੇ ਪਟਨੇ ਦੀ ਰਾਣੀ ਦੀ ਗੋਦ ਵਿਚ ਅੰਮੀ-ਅੰਮੀ ਕਰਦੇ ਛੋਲੇ ਆਣ ਖਾਂਦੇ । ਬਹੁਤ ਹੀ ਦਿਲਕਸ਼ ਬਾਲ ਸੀ ਦਸਮ ਗੁਰੂ ! ਮਾਤਾ ਗੁਜਰੀ ਉਨ੍ਹਾਂ ਦੇ ਚੋਜ ਵੇਖ ਮੁਗਧ ਹੁੰਦੀ ਰਹਿੰਦੀ । ਉਨ੍ਹਾਂ ਨੂੰ ਆਪਣੇ ਪਿਤਾ ਦੇ ਕਰਤਬਾਂ ਦਾ ਹਾਲ ਸੁਣਾਉਂਦੀ । ਕਿਵੇਂ ਉਨ੍ਹਾਂ ਦਾ ਕੌਸ਼ਲ ਵੇਖ ਕੇ ਉਨ੍ਹਾਂ ਦੇ ਦਾਦੇ ਗੁਰੂ ਨੇ ਉਨ੍ਹਾਂ ਦੇ ਪਿਤਾ ਦਾ ਨਾਮ ਗੁਰੂ ਤੇਗ ਬਹਾਦਰ ਰੱਖਿਆ ਸੀ । ਉਹ ਤਾਂ ਤੇਗ ਦੇ ਧਨੀ ਸਨ । ਮਾਤਾ ਗੁਜਰੀ ਪਤੀ ਦੀ ਗ਼ੈਰ-ਮੌਜੂਦਗੀ ਵਿਚ ਬਾਲਾ ਪ੍ਰੀਤਮ ਦੀ ਬਾਲ-ਲੀਲ੍ਹਾ ਵੇਖ ਵੇਖ ਖੀਵੀ ਹੁੰਦੀ । ਉਨ੍ਹਾਂ ਨੂੰ ਉਨ੍ਹਾਂ ਦੇ ਪਿਤਾ ਦੀ ਕਰੜੀ ਘਾਲ, ਤਪੱਸਿਆ ਦਾ ਹਾਲ

ਸੁਣਾਉਂਦੀ, ਬਾਣੀ ਕੰਠ ਕਰਾਉਂਦੀ, ਸਾਖੀਆਂ ਸੁਣਾਉਂਦੀ, ਬੀਰਤਾ ਦੇ ਪ੍ਰਸੰਗ ਸੁਣਾਉਂਦੀ। ਗੱਲ ਕੀ ਸਦਾ ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲੀ ਮਾਤਾ ਗੁਜਰੀ ਨੇ ਦਸਮ ਗੁਰੂ ਦਾ ਬਚਪਨ ਬਹੁਤ ਹੀ ਭਰਪੂਰ ਰੱਖਿਆ। ਖੇੜਾ, ਖੁਸ਼ੀ, ਚਾਉ, ਆਨੰਦ, ਬੀਰਤਾ ਆਦਿ ਗੁਣਾਂ ਨਾਲ ਸੰਪੰਨ ਮਾਤਾ ਗੁਜਰੀ ਨੇ ਆਪਣੇ ਦੁਲਾਰੇ ਦੀ ਸ਼ਖ਼ਸੀਅਤ ਬਹੁਤ ਹੀ ਉੱਤਮ ਗੁਣਾਂ ਨਾਲ ਸ਼ਿੰਗਾਰੀ। ਹੁਣ ਇਹ ਛੋਟਾ ਜਿਹਾ ਪਰਿਵਾਰ ਜਿਸ ਵਿਚ ਬਾਲ ਦਸਮ ਗੁਰੂ, ਉਨ੍ਹਾਂ ਦੀ ਅੰਮੀ ਮਾਤਾ ਗੁਜਰੀ ਤੇ ਦਾਦੀ ਮਾਂ ਨਾਨਕੀ ਜੀ ਸ਼ਾਮਲ ਸਨ, ਬਹੁਤ ਹੀ ਅਨੰਦ ਮਗਨ ਦਿਨ ਬਿਤਾ ਰਹੇ ਸਨ। ਇਕ ਦਿਨ ਉਨ੍ਹਾਂ ਨੂੰ ਪਟਨੇ ਤੋਂ ਅਨੰਦਪੁਰ ਸਾਹਿਬ ਆਉਣ ਦਾ ਸੰਦੇਸ਼ਾ ਮਿਲਿਆ। ਸਾਰੇ ਹੀ ਅਨੰਦ ਨਾਲ ਥਰਕ ਉਠੇ। ਉਨ੍ਹਾਂ ਦਾ ਚਾਉ ਮਿਉਂਦਾ ਨਹੀਂ ਸੀ। ਅਖ਼ੀਰ ਸਾਰੇ ਇਕ-ਇਕ ਦਿਨ ਕਰ ਕੇ ਲੰਮਾ ਪੈਂਡਾ ਝਾਗ ਕੇ ਅਨੰਦਪੁਰ ਸਾਹਿਬ ਪੁੱਜ ਗਏ। ਅੱਜ ਪੁੱਤਰ-ਪਿਤਾ (ਬਾਲ ਦਸਮ ਗੁਰੂ ਨੌਵੇਂ ਗੁਰੂ) ਪਤੀ-ਪਤਨੀ (ਨੌਵੇਂ ਗੁਰੂ ਤੇ ਮਾਤਾ ਗੁਜਰੀ), ਮਾਂ-ਪੁੱਤਰ (ਮਾਤਾ ਨਾਨਕੀ ਤੇ ਨੌਵੇਂ ਗੁਰੂ) ਚਿਰੀਂ ਵਿਛੜੇ ਇਕ ਦੂਜੇ ਨੂੰ ਮਿਲ ਰਹੇ ਸਨ। ਸਭ ਇਕ ਦੂਜੇ ਤੋਂ ਵਾਰੀ-ਬਲਿਹਾਰੀ ਜਾ ਰਹੇ ਸਨ। ਅਨੰਦ ਰੂਪ ਹੋਏ ਪਰਿਵਾਰ ਨੂੰ ਵੇਖ ਕੇ ਨੌਵੇਂ ਗੁਰੂ ਨੇ ਨਾਨਕੀ ਚੱਕ ਦਾ ਨਾਮ ਬਦਲ਼ ਕੇ ਅਨੰਦਪੁਰ ਰੱਖ ਦਿੱਤਾ।

ਇਹ ਸਾਰਾ ਪਰਿਵਾਰ ਅਨੰਦੁਪਰ ਸਾਹਿਬ ਵਿਚ ਕੋਈ ਤਿੰਨ-ਸਾਢੇ ਤਿੰਨ ਸਾਲ ਇਕੱਠੇ ਰਹੇ। ਪਿਤਾ-ਪੁੱਤਰ ਇਕ ਪਾਸੇ ਇਸ ਰਮਣੀਕ ਥਾਂ ਦਾ ਅਨੰਦ ਮਾਣ ਰਹੇ ਸਨ। ਦੂਜੇ ਪਾਸੇ, ਪਿਤਾ ਨੂੰ ਪੁੱਤਰ ਦੀ ਵਿਦਿਆ ਦਾ ਫ਼ਿਕਰ ਹੋ ਰਿਹਾ ਸੀ। ਪਿਤਾ ਗੁਰੂ ਨੇ ਬਾਲ ਦਸਮੇਸ਼ ਦੀ ਸ਼ਾਸਤਰ ਤੇ ਸ਼ਸਤ੍ਰ ਵਿਦਿਆ ਵੱਲ ਪੂਰਾ ਧਿਆਨ ਦਿੱਤਾ। 'ਨਾ ਡਰੋ ਨਾ ਡਰਾਉ' ਦੇ ਸਿਧਾਂਤ ਦਾ ਜਨਮ ਵੀ ਇਸੇ ਅਸਥਾਨ 'ਤੇ ਹੋਇਆ। ਦਸਮ ਗੁਰੂ ਬਲਕਾਰੀ ਯੋਧੇ, ਨਿਰਭੈ, ਅਡੋਲ, ਅਣਖੀਲੇ, ਸਵੈਮਾਨੀ, ਬਲੀਦਾਨੀ ਤੇ ਸ਼ਾਇਰਾਨਾ ਰੁਚੀਆਂ ਦੇ ਸੁਆਮੀ ਦੇ ਰੂਪ ਵਿਚ ਪ੍ਰਗਟ ਹੋਏ। ਮਾਂ ਗੁਜਰੀ ਆਪਣੇ ਲਾਲ ਦੀ ਸ਼ਖ਼ਸੀਅਤ ਤੋਂ ਬਲਿਹਾਰੇ ਜਾਂਦੀ ਨਾ ਥੱਕਦੀ।

ਫਿਰ ਸਮਾਂ ਆਇਆ ਜਦੋਂ ਨੌਵੇਂ ਪਾਤਸ਼ਾਹ ਨੂੰ ਧਰਮ ਦੇ ਮੁਆਮਲੇ ਵਿਚ ਇਕ ਬੁਨਿਆਦੀ ਹੱਕ ਦੀ ਖ਼ਾਤਰ ਬਲੀਦਾਨ ਦੇਣਾ ਪਿਆ। ਇਹ ਬੁਨਿਆਦੀ ਹੱਕ ਸੀ, "ਕੋਈ ਜਿਵੇਂ ਚਾਹੇ ਆਪਣੀ ਮਨਮਰਜ਼ੀ ਨਾਲ ਪੂਜਾ ਕਰ ਸਕਦਾ ਹੈ। ਕੋਈ ਵੀ ਇਸ਼ਟ-ਰੂਪ ਕਿਸੇ ਉਤੇ ਥੋਪਿਆ ਨਹੀਂ ਜਾ ਸਕਦਾ।" ਮਾਂ-ਪੁੱਤ ਦੋਹਾਂ ਨੇ ਇਕੱਠਿਆਂ ਆਪਣੇ ਪੂਜਨੀਕ ਗੁਰੂ ਤੇਗ ਬਹਾਦਰ ਜੀ ਦੇ ਸੀਸ ਦੇ ਦਰਸ਼ਨ ਕੀਤੇ। ਮਾਂ ਗੁਜਰੀ ਦੁਖ ਦੇ ਵਹਿਣ ਵਿਚ ਵਹਿ ਨਹੀਂ ਗਈ। ਸਗੋਂ ਆਪਣੇ ਪਿਆਰੇ ਸਪੁੱਤਰ ਦੀ ਬਹੁਤ ਵੱਡੀ ਢਾਰਸ ਬਣ ਕੇ ਸਾਹਮਣੇ ਆਈ। ਨਾ ਸਪੁੱਤਰ ਡੋਲਿਆ, ਨਾ ਮਾਤਾ ਘਬਰਾਈ। ਦੋਹਾਂ ਨੇ ਚੜ੍ਹਦੀ ਕਲਾ ਵਿਚ ਰਹਿ ਕੇ ਰੱਬੀ ਭਾਣੇ ਨੂੰ ਕਬੂਲਿਆ। ਘਰ-ਪਰਿਵਾਰ ਵਿਚ ਸ਼ੁਰੂ ਹੋ ਰਹੇ ਸੰਘਰਸ਼ ਅਤੇ ਸੰਕਟ ਦੀ ਭਾਅ ਦੋਹਾਂ ਇਕੱਠਿਆਂ ਹੀ ਵੇਖੀ। ਦੋਹਾਂ ਆਪਣੇ ਆਪ ਨੂੰ ਪ੍ਰਚੰਡ ਰੋਹ ਨਾਲ ਭਖਾ ਲਿਆ। ਦੋਵੇਂ ਆਉਣ ਵਾਲੇ ਕਸ਼ਟਾਂ ਲਈ ਸੁਚੇਤ ਹੋ ਗਏ। ਇਹ ਮਾਂ ਦੀ ਸਿੱਖਿਆ ਹੀ ਸੀ ਜੋ ਮਾਰੂ ਕਸ਼ਟਾਂ ਨੂੰ ਸਹਿਣਾ ਸਹਿਜ ਹੋ ਗਿਆ। ਦਸਮ ਗੁਰੂ ਹੁਣ ਗੱਭਰੂ ਹੋ ਰਹੇ ਸਨ। ਉਨ੍ਹਾਂ ਹੁਣ ਸੈਨਿਕ ਸੰਗਠਨ ਕਰਨਾ ਬੜੀ ਗੰਭੀਰਤਾ ਨਾਲ ਸ਼ੁਰੂ ਕਰ ਦਿੱਤਾ। ਉਨ੍ਹਾਂ

ਦੀ ਸੈਨਾ ਵਿਚ ਸਭ ਤਰ੍ਹਾਂ ਦੇ ਲੋਕ ਸਨ। ਗੁਰੂ ਜੀ ਨਾਲ ਧਰਮ ਸੰਬੰਧਿਤ ਆਡੰਬਰਾਂ ਦਾ ਤਿੱਖਾ ਵਿਰੋਧ ਕਰ ਰਹੇ ਸਨ। ਗੁਰੂ ਘਰ ਦੀ ਲੰਗਰ ਪ੍ਰਥਾ ਨੇ ਪਹਾੜੀ ਰਾਜਿਆਂ ਨੂੰ ਖ਼ਾਸਾ ਤੰਗ ਕਰ ਰੱਖਿਆ ਸੀ। ਪਹਾੜੀ ਰਾਜੇ ਸੋਚ ਹੀ ਨਹੀਂ ਸੀ ਸਕਦੇ ਕਿ ਸਾਰੇ ਵਰਗ ਤੇ ਵਰਣ ਇਕ ਪੰਗਤ ਵਿਚ ਬੈਠ ਕੇ ਭੋਜਨ ਛਕਣ। ਉਚੇਰੀ ਅਧਿਆਤਮਕ ਵਿੱਦਿਆ ਦਾ ਘੇਰਾ ਹੁਣ ਤਕ ਪੰਡਤਾਂ ਤਕ ਸੀਮਿਤ ਸੀ। ਗੁਰੂ ਜੀ ਨੇ ਇਹ ਤੋੜ ਕੇ ਸਭ ਨੂੰ ਪੜ੍ਹਨ ਲਈ ਉਤਸ਼ਾਹਿਤ ਕੀਤਾ। ਗੁਰੂ ਜੀ ਨਿੱਤ ਸ਼ਿਕਾਰ ਖੇਡਦੇ, ਝੂਠੀ-ਮੂਠੀ ਦੇ ਜੰਗ ਖੇਡਦੇ, ਖਾਲਸਾ ਸੈਨਾ ਨੂੰ ਸ਼ਸਤਰਾਂ ਦੀ ਟ੍ਰੇਨਿੰਗ ਦੇਂਦੇ, ਪਾਠ ਨਿੱਤਨੇਮ ਕਰਦੇ, ਰਣਜੀਤ ਨਗਾਰਾ ਵਜਾਉਂਦੇ। ਇਹ ਸਾਰਾ ਕਾਰ-ਵਿਹਾਰ ਪਹਾੜੀ ਰਾਜਿਆਂ ਨੂੰ ਰਾਸ ਨਹੀਂ ਸੀ ਆ ਰਿਹਾ। ਉਹ ਹਕੂਮਤ ਨਾਲ ਰਲ ਕੇ ਗੁਰੂ ਜੀ ਦਾ ਵਿਰੋਧ ਕਰਨ ਲੱਗੇ। ਮਾਤਾ ਗੁਜਰੀ ਆਪਣੇ ਲਾਲ ਦੇ ਬੜੇ ਸੁਲਝੇ ਸਲਾਹਕਾਰ ਬਣ ਕੇ ਸਾਹਮਣੇ ਆਏ। ਇਨ੍ਹਾਂ ਹੀ ਦਿਨਾਂ ਵਿਚ ਗੁਰੂ ਜੀ ਦੀ ਸ਼ਾਦੀ ਹੋਈ। ਮਾਮੇ ਕਿਰਪਾਲ ਦੀ ਦੇਖ-ਰੇਖ ਹੇਠ 'ਗੁਰੂ ਕਾ ਲਾਹੌਰ' ਨਗਰ ਦੀ ਆਬਾਦੀ ਹੋਈ। ਮਾਂ ਨੇ ਜਦੋਂ ਵਿਰੋਧ ਵਧਦਾ ਵੇਖਿਆ ਤਾਂ ਗੁਰੂ ਜੀ ਨੂੰ ਦੂਸਰੀ ਰਿਆਸਤ ਵਿਚ ਜਾਣ ਦੀ ਸਲਾਹ ਦਿੱਤੀ। ਆਗਿਆਕਾਰ ਪੁੱਤਰ ਮਾਂ ਦੀ ਆਗਿਆ ਮੰਨ ਜਾਂਦੇ। ਅਖ਼ੀਰ ਜਦੋਂ ਮਸੰਦਾਂ ਨਾਲ ਮਿਲ ਕੇ ਮਾਤਾ ਜੀ ਨੇ ਗੁਰੂ ਜੀ 'ਤੇ ਜ਼ੋਰ ਪਾਇਆ ਕਿ ਅਨੰਦਪੁਰ ਸਾਹਿਬ ਖ਼ਾਲੀ ਕਰ ਦੇਈਏ ਤਾਂ ਜਾਣੀਜਾਣ ਗੁਰੂ ਨਾ ਚਾਹੁੰਦੇ ਹੋਏ ਵੀ ਮਾਂ ਦੀ ਰਾਇ ਨੂੰ ਮੰਨ ਗਏ। ਇਤਿਹਾਸ ਸਾਖੀ ਹੈ, ਮਾਂ ਗੁਜਰੀ ਨੇ ਕਿਵੇਂ ਰਾਤ-ਭਰ ਸਿੱਖਿਆ ਦੇ ਕੇ ਜ਼ਾਲਮਾਂ ਅੱਗੇ ਨਿੱਕੇ-ਨਿੱਕੇ ਪੋਤਰਿਆਂ ਨੂੰ ਮੁਕਾਬਲਾ ਕਰਨ ਲਈ ਤਿਆਰ ਕਰ ਲਿਆ। ਤੇ ਆਪ ਮਾਸੂਮ ਪੋਤਰਿਆਂ ਦੇ ਸੰਗ ਹੀ ਜੋਤੀ ਜੋਤਿ ਸਮਾ ਗਈ।

ਕੁਲ ਮਿਲਾ ਕੇ, 'ਗੁਰੂ ਜਨਨੀ ਦੇ ਰੂਪ ਵਿਚ ਸਿੱਖ ਨਾਰੀ' ਦੀ ਭੂਮਿਕਾ ਖ਼ਾਸੀ ਵਿਸ਼ਾਲ ਤੇ ਭਾਰੀ ਗਉਰੀ ਹੈ। ਬੀਬੀ ਭਾਨੀ ਦਾ ਗੁਰੂ ਅਰਜਨ ਦੇਵ ਜੀ ਦੇ ਜੀਵਨ ਵਿਚ ਪਾਇਆ ਗਿਆ ਯੋਗਦਾਨ ਅਦੁੱਤੀ ਹੈ। ਮਾਤਾ ਗੰਗਾ ਦਾ ਗੁਰੂ ਹਰਿਗੋਬਿੰਦ ਜੀ ਦੇ ਸੰਗ-ਸਾਥ ਵਿਚ ਅਧਿਆਤਮਕ ਲਹਿਰ ਦਾ ਇਨਕਲਾਬੀ ਲਹਿਰ ਵਿਚ ਤਬਦੀਲ ਹੋਣਾ, ਮੀਰੀ-ਪੀਰੀ ਦੇ ਸੰਕਲਪ ਦਾ ਉਦੈ ਹੋਣਾ, ਗੁਰੂ ਜੀ ਦੇ ਯੁੱਧ ਕਰਨੇ, ਅਕਾਲ ਤਖਤ ਦਾ ਨਿਰਮਾਣ ਕਰਨਾ ਆਦਿ ਕਾਰਜਾਂ ਵਿਚ ਦਿੱਤਾ ਗਿਆ ਸਹਿਯੋਗ ਲਾਸਾਨੀ ਹੈ। ਮਾਤਾ ਨਾਨਕੀ ਦਾ ਨੌਵੇਂ ਗੁਰੂ ਜੀ ਦੇ ਜੀਵਨ ਵਿਚ ਨਿਭਾਇਆ ਗਿਆ ਰੋਲ ਵਿਸ਼ੇਸ਼ ਮਹੱਤਵ ਦਾ ਅਧਿਕਾਰੀ ਹੈ। ਮਾਂ ਦੀ ਭੋਰੇ ਪਏ ਪੁੱਤਰ ਦੀ ਲੰਮਾ ਅਰਸਾ ਸੇਵਾ ਕਰਨੀ, ਈਰਖਾ ਨਾ ਕਰਨੀ, ਸਬਰ-ਸ਼ੁਕਰ ਨਾਲ ਦਿਨ ਕੱਟਣੇ, ਮੋਹ ਵਿਚ ਨਾ ਫਸਣਾ, ਗੁਰੂ-ਪਤੀ ਦੀ ਆਗਿਆਕਾਰਤਾ ਵਿਚ ਰਹਿਣਾ, ਅਜਿਹੇ ਕਾਰਜ ਹਨ, ਜਿਨ੍ਹਾਂ ਅੱਗੇ ਨਤ-ਮਸਤਕ ਹੋਣਾ ਹੀ ਬਣਦਾ ਹੈ। ਮਾਤਾ ਕਿਸ਼ਨ ਕੌਰ ਨੇ ਇਕ ਪਾਸੇ ਬਾਲ ਗੁਰੂ ਦਾ ਹੁਕਮ ਮੰਨਿਆ। ਦੂਜੇ ਪਾਸੇ, ਬਾਲਕ ਦਾ ਪਾਲਣ-ਪੋਸਣ ਕੀਤਾ। ਤੀਜੇ ਬੰਨੇ ਨਿੱਜੀ ਸਹਾਇਕ ਬਣ ਕੇ ਗੁਰੂ ਮਿਸ਼ਨ ਵਿਚ ਵਿਚ ਉਚੇਰਾ ਯੋਗਦਾਨ ਪਾਇਆ। ਮਾਤਾ ਗੁਜਰੀ ਨੇ ਦਸਮ ਗੁਰੂ ਦੇ ਅਨੇਕ ਮੁੱਖ ਕਾਰਜਾਂ ਨੂੰ ਸਫ਼ਲਤਾ ਪੂਰਵਕ ਨਿਭਾਉਣ ਵਿਚ ਭਰਵਾਂ ਹਿੱਸਾ ਪਾਇਆ। ਖਾਲਸਾ-ਸਿਰਜਣਾ ਕੀਤਾ। ਜੰਗ-ਯੁੱਧ ਲੜੇ। ਸਿੱਖਾਂ ਨੂੰ ਸੱਚੇ ਸਿਦਕੀ ਤੇ ਨਿਰਭੈ ਹੋ ਕੇ ਜੀਉਣ ਦਾ ਰਾਹ ਸਿਖਾਇਆ। ਮਾਤਾ ਗੁਜਰੀ ਨੇ ਇਸ ਨਵੇਂ ਸਭਿਆਚਾਰ ਦੀ ਸਿਰਜਣਾ ਵਿਚ ਬਹੁਤ ਹੀ ਗੌਰਵਸ਼ਾਲੀ ਭੂਮਿਕਾ

ਨਿਭਾਈ । ਦਸਮ ਗੁਰੂ ਦੁਆਰਾ ਕੀਤੇ ਗਏ ਸਾਰੇ ਕਾਰਜਾਂ ਤੇ ਉਨ੍ਹਾਂ ਦੀ ਵਿਲੱਖਣ ਛਾਪ ਵਿਚ ਮਾਤਾ ਗੁਜਰੀ ਜੀ ਦਾ ਬਰਕਤ ਭਰਿਆ ਹੱਥ ਸੀ । ਮਾਂ ਦੀ ਬਿਰਤੀ ਚੜ੍ਹਦੀ ਕਲਾ ਵਿਚ ਰਹਿਣ ਵਾਲੀ ਸੀ । ਉਹ ਸਦਾ ਵਿਗਾਸਮਈ ਅਨੰਦ ਦੀ ਮੂਰਤ ਸੀ । ਉਨ੍ਹਾਂ ਨੇ ਗੁਰੂ ਘਰ ਦੀ ਚੜ੍ਹਤ ਵੀ ਵੇਖੀ ਤੇ ਸੰਘਰਸ਼ ਵੀ । ਪਰ ਆਤਮ-ਬਲੀਦਾਨ ਤੇ ਸਵੈਮਾਨ ਨੂੰ ਕਿਧਰੇ ਆਂਚ ਨਹੀਂ ਆਉਣ ਦਿੱਤੀ । ਅੰਤ ਵਿਚ, ਗੁਰੂ ਜਨਨੀਆਂ ਦੇ ਰੂਪ ਵਿਚ ਮਾਤਾਵਾਂ ਦਾ ਰੋਲ ਬੇਜੋੜ ਹੈ ।

ਗੁਰੂ ਮਹਿਲ : ਜਾਣ-ਪਛਾਣ

ਗੁਰੂ ਮਹਿਲਾਂ ਦੀ ਪਰੰਪਰਾ ਵੀ ਗੁਰੂ ਸਾਹਿਬਾਨ ਦੇ ਸਮਵਿਧ ਹੀ ਤੁਰਦੀ ਰਹੀ ਹੈ। ਗੁਰੂ ਸਾਹਿਬਾਨ ਗੁਰੂ ਘਰ ਨੂੰ ਇਕ ਖ਼ਾਸ ਤਰ੍ਹਾਂ ਦੀ ਸੇਧ ਦੇ ਕੇ ਇਸ ਦਾ ਸਰਬਾਂਗੀ ਨਿਰਮਾਣ ਕਰ ਰਹੇ ਸਨ। ਗੁਰੂ ਮਹਿਲ ਸਾਰੇ ਦੇ ਸਾਰੇ ਗੁਰੂ-ਮਿਸ਼ਨ ਨੂੰ ਸਮਰਪਿਤ ਰਹੇ। ਇਨ੍ਹਾਂ ਸਾਰਿਆਂ ਦਾ ਯੋਗਦਾਨ ਆਪਣਾ ਨਿਵੇਕਲਾ ਮੁਹਾਂਦਰਾ ਵੀ ਰੱਖਦਾ ਹੈ ਤੇ ਕਮਾਲ ਦੀ ਇਕਸੁਰਤਾ ਵੀ। ਆਮ ਲੋਕ ਦਸ ਗੁਰੂ ਸਾਹਿਬਾਨ ਕਰ ਕੇ ਦਸ ਗੁਰੂ ਮਹਿਲਾਂ ਦੀ ਹੀ ਕਲਪਨਾ ਕਰਦੇ ਹਨ ਪਰ ਗੁਰੂ ਮਹਿਲਾਂ ਦੀ ਕੁਲ ਗਿਣਤੀ ਤੇਰ੍ਹਾਂ ਹੈ। ਅੱਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਬਾਲ-ਅਵਸਥਾ ਵਿਚ ਹੀ ਪਰਲੋਕ ਗਮਨ ਕਰ ਗਏ। ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ-ਤਿੰਨ ਆਨੰਦ-ਕਾਰਜ ਹੋਏ। ਇਸ ਤਰ੍ਹਾਂ ਗੁਰੂ ਮਹਿਲਾਂ ਦੀ ਗਿਣਤੀ ਤੇਰ੍ਹਾਂ ਹੀ ਬਣਦੀ ਹੈ। ਇਸ ਤੋਂ ਪਹਿਲਾਂ ਕਿ ਗੁਰੂ ਮਹਿਲਾਂ ਦੇ ਯੋਗਦਾਨ ਦੀ ਗੱਲ ਛੋਹੀ ਜਾਵੇ, ਤੇਰ੍ਹਾਂ ਗੁਰੂ ਮਹਿਲਾਂ ਦਾ ਵੇਰਵਾ ਜਾਣ ਲੈਣਾ ਉਚਿਤ ਹੈ :

1. ਮਾਤਾ ਸੁਲੱਖਣੀ ਜੀ, ਮਹਿਲ ਗੁਰੂ ਨਾਨਕ ਦੇਵ ਜੀ
2. ਮਾਤਾ ਖੀਵੀ ਜੀ, ਮਹਿਲ ਗੁਰੂ ਅੰਗਦ ਦੇਵ ਜੀ
3. ਮਾਤਾ ਮਨਸਾ ਦੇਵੀ ਜੀ, ਮਹਿਲ ਗੁਰੂ ਅਮਰਦਾਸ ਜੀ
4. ਮਾਤਾ ਭਾਨੀ ਜੀ, ਮਹਿਲ ਗੁਰੂ ਰਾਮਦਾਸ ਜੀ
5. ਮਾਤਾ ਗੰਗਾ ਜੀ, ਮਹਿਲ ਗੁਰੂ ਅਰਜਨ ਦੇਵ ਜੀ
6. ਮਾਤਾ ਨਾਨਕੀ ਜੀ, ਮਹਿਲ ਗੁਰੂ ਹਰਿਗੋਬਿੰਦ ਜੀ
7. ਮਾਤਾ ਦਮੋਦਰੀ ਜੀ, ਮਹਿਲ ਗੁਰੂ ਹਰਿਗੋਬਿੰਦ ਜੀ
8. ਮਾਤਾ ਮਹਾਂਦੇਵੀ ਜੀ, ਮਹਿਲ ਗੁਰੂ ਹਰਿਗੋਬਿੰਦ ਜੀ
9. ਮਾਤਾ ਕਿਸ਼ਨ ਜੀ, ਮਹਿਲ ਗੁਰੂ ਹਰਿ ਰਾਇ ਜੀ
   (ਗੁਰੂ ਹਰਿਰਾਇ ਦੇ ਮਹਿਲਾਂ ਬਾਰੇ ਅਪਵਾਦ ਹੈ ਪਰ ਕਿਸ਼ਨ ਕੌਰ ਜੀ ਲਈ ਸਾਰੇ ਵਿਦਵਾਨ ਇਕਮਤ ਹਨ, ਇਹ ਅੱਠਵੇਂ ਗੁਰੂ ਦੀ ਮਾਤਾ ਸਨ।)
10. ਮਾਤਾ ਨਾਨਕੀ ਜੀਂ, ਮਹਿਲ ਗੁਰੂ ਤੇਗ ਬਹਾਦਰ ਜੀ
11. ਮਾਤਾ ਸੁੰਦਰੀ ਜੀ, ਮਹਿਲ ਗੁਰੂ ਗੋਬਿੰਦ ਸਿੰਘ ਜੀ
12. ਮਾਤਾ ਜੀਤੋ ਜੀ, ਮਹਿਲ ਗੁਰੂ ਗੋਬਿੰਦ ਸਿੰਘ ਜੀ
13. ਮਾਤਾ ਸਾਹਿਬ ਦੇਵਾਂ ਜੀ, ਮਹਿਲ ਗੁਰੂ ਗੋਬਿੰਦ ਸਿੰਘ ਜੀ।

ਹੁਣ 13 ਗੁਰੂ ਮਹਿਲਾਂ ਦੀ ਘਾਲ-ਕਮਾਈ ਨਾਲ ਜਾਣ-ਪਛਾਣ ਕਰਨੀ ਮੁਨਾਸਿਬ ਪ੍ਰਤੀਤ ਹੋ ਰਹੀ ਹੈ। ਏਡੀ ਵੱਡੀ ਭਾਰੀ-ਗਉਰੀ ਵਿਰਾਸਤ ਨੂੰ ਜਾਣਨਾ ਆਪਣੇ-ਆਪ ਵਿਚ

ਬਹੁਤ ਵੱਡੀ ਪ੍ਰਾਪਤੀ ਹੈ ਤੇ ਦੂਜਿਆਂ ਨੂੰ ਉਸ ਤੋਂ ਜਾਣੂ ਕਰਾਉਣਾ ਵੱਡਾ ਪੁੰਨ ਹੈ।

ਦਸ ਗੁਰੂ ਸਾਹਿਬਾਨ ਕੁਲ ਦੁਨੀਆ ਵਿਚ ਸਰਬ ਵਿਖਿਆਤ ਹਨ। ਗੁਰੂ ਸਾਹਿਬਾਨ ਅਧਿਆਤਮੀ ਤਾਂ ਸਨ ਹੀ ਪਰ ਪਰਵਿਰਤੀ ਮਾਰਗ ਨੂੰ ਅਪਣਾਉਣ ਕਰ ਕੇ ਗ੍ਰਹਿਸਥੀ ਵੀ ਸਨ। ਦਸ ਗੁਰੂ ਮਹਿਲਾਂ ਦਾ ਸਿੱਖ ਧਰਮ ਨੂੰ ਪ੍ਰਚਾਰਨ, ਵਿਸਥਾਰਨ ਤੇ ਅਮਲੀ ਜਾਮਾ ਪਹਿਨਾਉਣ ਵਿਚ ਅਦੁੱਤੀ ਯੋਗਦਾਨ ਹੈ। ਗੁਰੂ ਸਾਹਿਬਾਨ ਦੇ ਨਾਲ-ਨਾਲ ਹੀ ਗੁਰੂ ਮਹਿਲ ਪਰੰਪਰਾ ਵੀ ਆਪਣੇ ਵਜੂਦ ਵਿਚ ਆ ਗਈ ਸੀ। ਹਰ ਇਕ ਗੁਰੂ ਮਹਿਲ ਨੇ ਆਪਣਾ ਨਿਵੇਕਲਾ ਰੋਲ ਅਦਾ ਕਰ ਕੇ ਗੁਰੂ ਮਹਿਲ ਪਰੰਪਰਾ ਦੇ ਮੁੰਹ-ਮੁਹਾਂਦਰੇ ਨੂੰ ਲਿਸ਼ਕਾਇਆ। ਸਿੱਖ ਇਤਿਹਾਸਕਾਰ ਗੁਰੂ ਸਾਹਿਬਾਨ ਦੇ ਜੀਵਨ-ਬਿਰਤਾਂਤ ਨੂੰ ਉਸਾਰਨ, ਉਭਾਰਨ ਤੇ ਨਿਸ਼ਚਿਤ ਕਰਨ ਵੱਲ ਵਧੇਰੇ ਰੁਚਿਤ ਰਹੇ ਤੇ ਗੁਰੂ ਮਹਿਲਾਂ ਪ੍ਰਤੀ ਉਨ੍ਹਾਂ ਦਾ ਰਵੱਈਆ ਉਦਾਸੀਨਤਾ ਵਾਲਾ ਹੀ ਰਿਹਾ। ਉਨ੍ਹਾਂ ਦੇ ਉਦਾਸੀਨ ਰਵੱਈਏ ਦੇ ਕਈ ਕਾਰਣ ਹੋ ਸਕਦੇ ਹਨ। ਇਨ੍ਹਾਂ ਵਿਚ ਨਾ ਉਲਝ ਕੇ ਇਤਨਾ ਕਹਿਣਾ ਹੀ ਸੰਗਤ ਪ੍ਰਤੀਤ ਹੁੰਦਾ ਹੈ ਕਿ ਗੁਰੂ ਮਹਿਲਾਂ ਦੇ ਜੀਵਨ ਬਿਰਤਾਂਤ ਦੀ ਇਤਿਹਾਸਕਤਾ ਸਿੱਖ ਜਗਤ ਵਿਚ ਪੂਰੀ ਤਰ੍ਹਾਂ ਉਜਾਗਰ ਨਹੀਂ ਹੋਈ। ਫਲਸਰੂਪ, ਇਸ ਦੇ ਕੁਝ ਗੰਭੀਰ ਕਿਸਮ ਦੇ ਨੁਕਸਾਨ ਵੀ ਹੋਏ :

(ੳ) ਗੁਰੂ ਮਹਿਲ, ਸਿੱਖ ਵਿਰਾਸਤ ਦਾ ਮਹੱਤਵਪੂਰਣ ਅੰਗ ਸਨ ਪਰ ਸਿੱਖ ਵਿਰਾਸਤ ਦਾ ਇਹ ਭਾਗ ਅਣਗੌਲਿਆ ਹੀ ਰਿਹਾ।

(ਅ) ਸਿੱਖ ਧਰਮ ਦਾ ਉਹ ਪੱਖ ਜੋ ਦੁਨੀਆ ਦੇ ਹੋਰ ਧਰਮਾਂ ਦੀ ਤੁਲਨਾ ਵਿਚ ਬਹੁਤ ਹੀ ਸਿਹਤਮੰਦ, ਬਲਵਾਨ ਅਤੇ ਨਿੱਗਰ ਸੀ, ਸਾਹਮਣੇ ਨਾ ਆ ਸਕਿਆ।

(ੲ) ਭਾਰਤੀ ਨਾਰੀ ਸੰਸਾਰ ਦੇ ਸੰਦਰਭ ਵਿਚ ਗੁਰੂ ਮਹਿਲਾਂ ਦਾ ਚਰਿੱਤਰ ਤੇ ਉਨ੍ਹਾਂ ਦਾ ਨਿੱਖੜਵਾਂ ਯੋਗਦਾਨ ਪਿਛੋਕੜ ਵਿਚ ਹੀ ਰਹਿ ਗਿਆ। ਹਾਲਾਂਕਿ ਗੁਰੂ-ਮਿਸ਼ਨ ਵਿਚ ਗੁਰੂ ਸਾਹਿਬਾਨ ਖ਼ੁਦ ਆਪ ਜਿਥੇ ਅਗਰਭੂਮੀ (Fore Ground) ਵਿਚ ਸਨ ਉਥੇ ਗੁਰੂ ਮਹਿਲ ਪਿੱਠ-ਭੂਮੀ (Back Ground) ਵਿਚ ਸਦਾ ਕਾਰਜਸ਼ੀਲ ਰਹੇ।

ਜ਼ਾਹਿਰ ਹੈ, ਸਿੱਖ ਧਰਮ ਦੀ ਨੁਹਾਰ ਜੋ ਸਮਾਜਿਕ ਪ੍ਰਸੰਗ ਵਿਚ ਅਸਲੋਂ ਨਿਵੇਕਲੀ ਹੈ, ਉਹ ਉਸ ਪ੍ਰਭਾਵਸ਼ਾਲੀ ਤੇ ਉਸਾਰੂ ਰੂਪ ਵਿਚ ਰੂਪਮਾਨ ਨਹੀਂ ਹੋ ਸਕੀ। ਗੁਰੂ ਨਾਨਕ ਸਾਹਿਬ ਦਾ ਜਨਮ 1469 ਈਸਵੀ ਵਿਚ ਹੋਇਆ ਤੇ ਗੁਰੂ ਗੋਬਿੰਦ ਸਿੰਘ ਜੀ ਨੇ 1708 ਈਸਵੀ ਵਿਚ ਅਕਾਲ ਚਲਾਣਾ ਕੀਤਾ ਜਿਸ ਦਾ ਅਰਥ ਹੈ ਗੁਰੂ ਪਰੰਪਰਾ ਦੀ ਉਮਰ ਕੋਈ ਦੋ ਸੌ ਚਾਲ੍ਹੀ ਕੁ ਸਾਲ ਹੈ। ਗੁਰੂ ਮਹਿਲ ਪਰੰਪਰਾ ਗੁਰੂ ਪਰੰਪਰਾ ਦੇ ਸਮਵਿਥ ਹੋ ਕੇ ਉਸਰੀ ਹੈ।

ਇਥੇ ਇਹ ਸੰਕੇਤ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ, ਦਸਮ ਗੁਰੂ ਤੋਂ ਬਾਅਦ ਲੰਮੇ ਅਰਸੇ ਤਕ ਸਿੱਖ ਕੌਮ, ਤਸ਼ੱਦਦ ਅਤੇ ਵਹਿਸ਼ਤ ਦਾ ਸ਼ਿਕਾਰ ਰਹੀ। ਇਤਿਹਾਸਕਾਰਾਂ ਨੇ ਇਸ ਨੂੰ ਇਤਿਹਾਸ ਦਾ 'ਅੰਨ੍ਹਾ ਦੌਰ' ਕਿਹਾ ਹੈ। ਸਿੰਘ ਘੱਲੂਘਾਰਿਆਂ ਦਾ ਸ਼ਿਕਾਰ ਹੋ ਕੇ ਜੰਗਲ-ਬੀਹੜਾਂ ਵਿਚ ਜਾ ਲੁਕੇ। ਅਜਿਹੇ ਕਾਲ ਸਮੇਂ ਜੇ ਇਤਿਹਾਸਕ ਘਟਨਾ-ਕ੍ਰਮ, ਕਾਲ-ਕ੍ਰਮ, ਤਿਥੀ-ਤਾਰੀਖ, ਸੰਮਤ-ਸੰਨ ਤੇ ਸਥਾਨ ਵਿਸ਼ੇਸ਼ ਵਿਵਾਦ ਗ੍ਰਸਤ ਹੋ ਜਾਣ ਤਾਂ ਅਸੰਭਵ ਨਹੀਂ। ਇਸ ਸਮੇਂ ਦਾ ਸਭ ਤੋਂ ਵੱਡਾ ਪ੍ਰਭਾਵ ਇਹ ਹੋਇਆ ਕਿ ਇਤਿਹਾਸਕ ਵੇਰਵਿਆਂ ਵਿਚ ਕਈ ਖੱਪੇ ਪੈਦਾ ਹੋ ਗਏ, ਸੰਸੇ ਅਤੇ ਗ਼ਲਤਫ਼ਹਿਮੀਆਂ ਵੀ। ਦੂਜੇ ਪਾਸੇ, ਪੁਰਖ-ਪ੍ਰਧਾਨ

ਸਮਾਜ ਵਿਚ ਇਸਤਰੀ-ਵਰਗ ਨੂੰ ਦੂਜੈਲਾ ਸਥਾਨ ਮਿਲਿਆ । ਇਸ ਕਰ ਕੇ ਵੀ ਗੁਰੂ-ਮਹਿਲ ਸਿੱਖ-ਇਤਿਹਾਸ ਵਿਚ ਬਿਰਤਾਂਤ ਦੇ ਪਾਤਰ ਨਾ ਬਣ ਸਕੇ । ਇਥੇ ਇਕ ਸ਼ੰਕਾ ਪੈਦਾ ਹੋ ਸਕਦਾ ਹੈ ਕਿ ਕੀ ਗੁਰੂ ਮਹਿਲਾਂ ਉੱਪਰ ਬਿਰਤਾਂਤ-ਵਰਣਨ ਇਸ ਕਰ ਕੇ ਨਹੀਂ ਹੋਇਆ ਕਿ ਪੁਰਖ-ਪ੍ਰਧਾਨ ਸਮਾਜ ਵਿਚ ਆਮ ਨਾਰੀ ਸਮਾਜ ਦਾ ਸਥਾਨ ਗੌਣ ਸੀ ਜਾਂ ਏਸ ਕਰ ਕੇ ਕਿ ਉਨ੍ਹਾਂ ਦੇ ਜੀਵਨ-ਵੇਰਵੇ ਤਤਕਾਲੀ ਇਤਿਹਾਸਕਾਰਾਂ ਨੂੰ ਪ੍ਰਾਪਤ ਨਹੀਂ ਹੋ ਸਕੇ । ਮੇਰੀ ਜਾਚੇ, ਪਿਛਲੀ ਗੱਲ ਵਧੇਰੇ ਵਜ਼ਨਦਾਰ ਹੈ । ਉੱਜ ਪੁਰਖ-ਪ੍ਰਧਾਨ ਸਮਾਜ ਵਿਚ ਸਿੱਖ ਸਮਾਜ ਦੀ ਸਥਿਤੀ ਅਸਲੋਂ ਵੱਖਰੀ ਰਹੀ ਹੈ । ਗੁਰੂ ਸਾਹਿਬਾਨ ਨੇ ਨਾਰੀ-ਸਥਿਤੀ ਨੂੰ ਬੁਲੰਦ ਕਰਨ ਲਈ ਨਾ ਕੇਵਲ ਜਤਨ ਹੀ ਕੀਤੇ ਸਗੋਂ ਆਪ 'ਨਾਰੀ ਸਤਿਕਾਰ' ਦੀ ਉਦਾਹਰਣ ਬਣ ਕੇ ਸਾਹਮਣੇ ਆਏ । ਸਿੱਖ ਧਰਮ ਵਿਚ ਅਜੋਕੀਆਂ ਪ੍ਰਵਾਨਿਤ ਕਦਰਾਂ-ਕੀਮਤਾਂ ਉਹੋ ਹੀ ਹਨ ਜਿਨ੍ਹਾਂ ਨੂੰ ਗੁਰੂ ਮਹਿਲਾਂ ਨੇ ਆਪਣੇ ਤਨ 'ਤੇ ਹੰਢਾਇਆ, ਆਪਣੀ ਕਾਰ-ਸੇਵਾ ਰਾਹੀਂ ਕਮਾਇਆ । ਆਉਣ ਵਾਲੀ ਉੱਮਤ ਨੂੰ ਆਪਣੇ ਮਨ, ਬਚਨ, ਕਰਮ ਰਾਹੀਂ ਗੁਰੂ-ਮਿਸ਼ਨ ਦ੍ਰਿੜ੍ਹ ਕਰਵਾਇਆ । ਇਸ ਮੁਆਮਲੇ ਵਿਚ, ਇਹ ਗੱਲ ਧਿਆਨਯੋਗ ਹੈ । ਭਾਵੇਂ ਗੁਰੂ ਇਤਿਹਾਸ ਜਾਂ ਸਿੱਖ ਇਤਿਹਾਸ ਵਿਚ ਗੁਰੂ ਮਹਿਲਾਂ ਬਾਰੇ ਬਹੁਤ ਅਲਪ ਸਾਮਗ੍ਰੀ ਉਪਲਬਧ ਹੈ । ਇਸ ਤੋਂ ਉਲਟ ਗੁਰੂ ਸਾਹਿਬਾਨ ਦੇ ਆਪਣੇ ਜੀਵਨ-ਵਿਹਾਰ ਵਿਚ ਗੁਰੂ ਮਹਿਲਾਂ ਨੂੰ ਬਹੁਤ ਆਦਰ ਤੇ ਬਰਾਬਰੀ ਵਾਲਾ ਸਥਾਨ ਮਿਲਿਆ ਹੈ । ਇਸ ਲਈ ਇਹ ਜਾਣਨਾ ਜ਼ਰੂਰੀ ਨਹੀਂ ਕਿ ਗੁਰੂ ਮਹਿਲਾਂ ਬਾਰੇ ਘੱਟ ਲਿਖਿਆ ਗਿਆ ਹੈ ਸਗੋਂ ਇਹ ਮਹੱਤਵਪੂਰਣ ਹੈ ਕਿ ਗੁਰੂ ਸਾਹਿਬਾਨ ਦੀ ਇਸਤਰੀ-ਵਰਗ ਪ੍ਰਤੀ ਜੀਵਨ-ਦ੍ਰਿਸ਼ਟੀ ਕੀ ਸੀ ? ਗੁਰੂ ਸਾਹਿਬਾਨ ਨੇ ਆਪਣੇ ਕਾਰਜਾਂ ਵਿਚ ਗੁਰੂ-ਮਹਿਲਾਂ ਨੂੰ ਬਰਾਬਰ ਦਾ ਭਾਗੀਦਾਰ ਬਣਾਇਆ । ਕੋਈ ਅਜਿਹਾ ਕਾਰਜ ਉਨ੍ਹਾਂ ਨੇ ਨਹੀਂ ਕੀਤਾ ਜਿਸ ਵਿਚ ਗੁਰੂ-ਮਹਿਲ ਦੀ ਸ਼ਮੂਲੀਅਤ ਨਹੀਂ ਸੀ । ਜ਼ਾਹਿਰ ਹੈ, ਇਸਤ੍ਰੀ-ਵਰਗ ਪ੍ਰਤੀ ਗੁਰੂ ਸਾਹਿਬਾਨ ਦੀ ਸਾਵੀਂ ਸੰਤੁਲਿਤ ਦ੍ਰਿਸ਼ਟੀ ਸੀ । ਉਨ੍ਹਾਂ ਦੇ ਵੇਲੇ ਗੁਰੂ-ਮਹਿਲਾਂ ਨੇ ਵੀ ਆਪਣੇ ਆਪ ਨੂੰ ਸੁਯੋਗ ਅਧਿਕਾਰੀ ਸਿੱਧ ਕੀਤਾ ਤੇ ਗੁਰੂ ਸਾਹਿਬਾਨ ਦੁਆਰਾ ਚਲਾਏ ਗਏ ਸਾਰੇ ਕਾਰਜਾਂ ਵਿਚ ਪੂਰਾ-ਪੂਰਾ ਸਹਿਯੋਗ ਦਿੱਤਾ ।

ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਵਿਚ ਜਿਥੇ ਨਾਰੀ ਉੱਥਾਨ ਦੀ ਗੱਲ ਕੀਤੀ ਉਥੇ ਉਨ੍ਹਾਂ ਨੇ ਆਪਣੀ ਭੈਣ ਨਾਨਕੀ ਦਾ ਇਤਨਾ ਆਦਰ-ਮਾਣ ਕੀਤਾ ਕਿ ਸਿੱਖ ਧਰਮ ਵਿਚ ਉਹ ਪਹਿਲੀ ਬੀਬੀ ਸੀ ਜਿਸ ਨੇ ਗੁਰੂ ਨਾਨਕ ਧਰਮ ਨੂੰ ਧਾਰਨ ਕੀਤਾ । ਬੀਬੀ ਨਾਨਕੀ ਜਿਥੇ ਪਹਿਲੀ ਧਰਮ ਧਾਰਨ ਕਰਨ ਵਾਲੀ ਇਸਤਰੀ ਸੀ ਉਥੇ ਗੁਰੂ ਜੀ ਦੀ ਪਹਿਲੀ ਪੈਰੋਕਾਰ ਵੀ । ਕਿਤਨਾ ਮਾਣ ਇਸਤਰੀ ਜਾਤੀ ਦਾ ਗੁਰੂ ਨਾਨਕ ਦੇਵ ਨੇ ਕੀਤਾ ਕਿ ਸਿੱਖ ਧਰਮ ਨੂੰ ਧਾਰਨ ਕਰਨ ਵਾਲੀ ਸਭ ਤੋਂ ਪਹਿਲੀ ਇਸਤਰੀ ਸੀ । ਇਹ ਬੀਬੀ ਨਾਨਕੀ ਹੀ ਸੀ ਜਿਸ ਨੇ ਵੀਰ ਨਾਨਕ ਦੀ ਭਾਵਨਾ ਦਾ ਸਤਿਕਾਰ ਕਰਦੇ ਹੋਏ ਆਪਣੇ ਵੀਰ ਨੂੰ ਆਪ ਰਬਾਬ ਖ਼ਰੀਦ ਕੇ ਦਿੱਤੀ । ਕੀਰਤਨ ਅੱਜ ਸਿੱਖ-ਧਰਮ ਦੀ ਜਿੰਦਜਾਨ ਹੈ । ਪਰ ਰੱਬੀ ਭਾਵਨਾ ਨੂੰ ਸੰਗੀਤਕ ਸੁਰਾਂ ਵਿਚ ਬੰਨ੍ਹ ਕੇ ਪੇਸ਼ ਕਰਨ ਵਿਚ ਬੀਬੀ ਨਾਨਕੀ ਜੀ ਦੀ ਪ੍ਰੇਰਣਾ ਅੱਖ ਹੈ । ਤਦ ਤੋਂ ਕੀਰਤਨ ਰਾਗ-ਸੁਰ ਵਿਚ ਇਕ ਪ੍ਰਤੀਮਾਨ (Norm) ਬਣ ਗਿਆ । ਅੱਜ ਵੀ ਗੁਰੂ-ਘਰ ਵਿਚ ਕੀਰਤਨ ਨੂੰ ਸਰਬ ਪ੍ਰਥਮ ਪਹਿਲ ਪ੍ਰਾਪਤ ਹੈ । ਹੋਰ ਤਾਂ ਹੋਰ ਗੁਰੂ

ਨਾਨਕ ਪਾਤਸ਼ਾਹ ਨੇ ਬਾਣੀ ਰਚਨਾ ਲਈ ਰਾਗ ਇਕ ਲਾਜ਼ਮੀ ਜੁਗਤ ਕਰਾਰ ਕਰ ਦਿੱਤੀ । ਨਿਰਣੇ ਵਜੋਂ, ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰਾ ਰੱਬੀ ਕਲਾਮ ਰਾਗ-ਜੁਗਤ ਰਾਹੀਂ ਪ੍ਰਵਾਨ ਚੜ੍ਹਿਆ ।

ਕੁਲ ਮਿਲਾ ਕੇ ਸਿੱਖੀ ਮਹੱਲ ਦੇ ਪੰਜ ਸਤੰਭ ਹਨ :

1. ਸਿਮਰਨ, 2. ਸੇਵਾ, 3. ਸਮਾਜ ਕਲਿਆਣ, 4. ਤਿਆਗ, 5.ਬਲੀਦਾਨ ।

ਇਨ੍ਹਾਂ ਪੰਜਾਂ ਤੋਂ ਇਲਾਵਾ ਗੁਰੂ-ਮਿਸ਼ਨ ਦੀ ਕਾਮਨਾ ਨਹੀਂ ਕੀਤੀ ਜਾ ਸਕਦੀ । ਗੁਰੂ ਸਾਹਿਬਾਨ ਦੇ ਮਿਸ਼ਨ ਨੂੰ ਪਹਿਲੋਂ ਅਮਲੀ ਜਾਮਾ ਗੁਰੂ ਮਹਿਲਾਂ ਨੇ ਆਪ ਕਮਾਈ ਕਰ ਕੇ ਪਹਿਨਾਇਆ । ਗੁਰੂ ਮਹਿਲਾਂ ਨੇ ਇਕੋ ਵੇਲੇ ਗੁਰੂ ਸਾਹਿਬਾਨ ਨੂੰ ਪਤੀ ਵੀ ਜਾਣਿਆ ਤੇ ਪਾਰਬ੍ਰਹਮ ਵੀ । ਇਸ ਤਰ੍ਹਾਂ ਗੁਰੂ ਮਹਿਲ-ਪਰੰਪਰਾ ਆਪਣੇ ਨਿਵੇਕਲੇ ਸਰੂਪ ਵਿਚ ਉਜਾਗਰ ਹੋਈ । ਗੁਰੂ ਸਾਹਿਬਾਨ ਦੇ ਨਾਲ ਨਾਲ ਹੀ ਗੁਰੂ ਮਹਿਲਾਂ ਦੀ ਜੀਵਨ-ਸ਼ੈਲੀ ਵੀ ਨਿਸ਼ਚਿਤ ਹੁੰਦੀ ਗਈ । ਇਸ ਤਰ੍ਹਾਂ ਗੁਰੂ ਮਹਿਲਾਂ ਨੇ ਅਧਿਆਤਮਿਕ ਲਹਿਰ ਨੂੰ ਸਮਾਜਿਕ ਤੇ ਫਿਰ ਰਾਜਸੀ ਰੰਗਣ ਵਿਚ ਤਬਦੀਲ ਹੁੰਦੇ ਵੀ ਵੇਖਿਆ । ਗੁਰੂ ਸਾਹਿਬਾਨ ਦੇ ਸਮਾਜ ਕਲਿਆਣ-ਕਾਰੀ ਕਾਰਜਾਂ ਵਿਚ ਭਾਗੀਦਾਰ ਰਹੀਆਂ । ਗੁਰੂ ਮਹਿਲ ਅਨੇਕ ਕਸ਼ਟਾਂ ਵਿਚੋਂ ਲੰਘੇ ਪਰ ਕਿਸੇ ਨੇ ਵੀ ਇਨ੍ਹਾਂ ਦਾ ਰੁਦਨ ਨਹੀਂ ਸੁਣਿਆ । ਆਪਣੇ ਹੱਥੀਂ ਆਪਣੇ ਪਤੀਆਂ ਨੂੰ ਸ਼ਹੀਦੀ ਜਾਮ ਪੀਣ ਲਈ ਤੋਰਿਆ ਪਰ ਰਜ਼ਾ ਵਿਚ ਰਹੀਆਂ । ਰੱਬੀ ਭਾਣੇ ਅੱਗੇ ਸ਼ੁਕਰ-ਸ਼ੁਕਰ ਕਰਨਾ ਇਨ੍ਹਾਂ ਦਾ ਖ਼ਾਸਾ ਰਿਹਾ ਹੈ । ਗੁਰੂ ਸਾਹਿਬਾਨ ਨੇ ਜੇ ਇਨ੍ਹਾਂ ਨੂੰ ਧਰਮ-ਪ੍ਰਚਾਰ ਲਈ ਅੱਗੇ ਲਾਇਆ ਤਾਂ ਹੁਕਮ ਵਿਚ ਰਹੀਆਂ । ਗੁਰੂ ਮਹਿਲਾਂ ਨੇ ਆਪਣੇ ਸੁਚਾਰੂ ਯੋਗਦਾਨ ਨਾਲ ਸਿੱਖੀ-ਮਹੱਲ ਨੂੰ ਨਿਖਾਰਿਆ । ਮਾਤਾ ਸੁਲੱਖਣੀ, ਮਾਤਾ ਸਾਹਿਬ ਦੇਵਾਂ ਜੇ ਤਪ-ਤਿਆਗ ਦੀਆਂ ਮੂਰਤਾਂ ਸਨ ਤਾਂ ਮਾਤਾ ਖੀਵੀ ਜੀ, ਬੀਬੀ ਭਾਨੀ ਜੀ, ਮਾਤਾ ਜੀਤੋ ਜੀ, ਮਾਤਾ ਦਮੋਦਰੀ ਜੀ ਤੇ ਮਾਤਾ ਨਾਨਕੀ ਜੀ, ਮਾਤਾ ਮਹਾਂਦੇਵੀ ਜੀ ਸੇਵਾ-ਸਿਮਰਨ ਦਾ ਸਰੂਪ ਸਨ । ਮਾਤਾ ਮਨਸਾ ਦੇਵੀ ਜੀ ਸਮਾਜ ਕਲਿਆਣ ਦੇ ਮੁਦੱਈ ਸਨ । ਮਾਤਾ ਗੰਗਾ ਤੇ ਮਾਤਾ ਗੁਜਰੀ ਜੀ ਬਲੀਦਾਨ ਦੇ ਰੌਸ਼ਨ ਮੁਨਾਰੇ ਸਨ । ਮਾਤਾ ਸੁੰਦਰੀ ਜੀ ਸੁਯੋਗ ਆਗੂ ਤੇ ਉੱਚ ਪਾਏ ਦੇ ਰਾਹਨੁਮਾ ਸਨ । ਸਿੱਖ ਸਿਆਸਤ ਨੂੰ ਉਨ੍ਹਾਂ ਨੇ ਨਿੱਗਰ, ਉਸਾਰੂ ਤੇ ਸਿਹਤਮੰਦ ਦਿਸ਼ਾ ਦਿੱਤੀ । ਏਸੇ ਕਰ ਕੇ ਸਿੱਖ ਸਵੈਮਾਨ ਨਾਲ ਜਿਉਣਾ ਸਿਖ ਗਏ । ਉਨ੍ਹਾਂ ਦੇ ਮਨ ਵਿਚੋਂ ਡਰ ਭਉ ਮੁੱਕ ਗਿਆ ਤੇ ਲੰਬੇ ਅਰਸੇ ਲਈ ਜ਼ੁਲਮੀ ਹਕੂਮਤ ਦਾ ਅਣਖ ਨਾਲ ਮੁਕਾਬਲਾ ਕਰਦੇ ਰਹੇ । ਅੱਜ ਵੀ ਸਿੱਖ ਧਰਮ ਵਿਚ ਪ੍ਰਵਾਨਿਤ ਪਰੰਪਰਾਵਾਂ :

1. ਲੰਗਰ, 2. ਸੇਵਾ, 3. ਸਮਾਜ ਕਲਿਆਣ,
4 ਬਲੀਦਾਨ, 5. ਸਹੀ ਅਗਵਾਈ ।

ਨੂੰ ਸੁਦ੍ਰਿੜ੍ਹ ਕਰਵਾਉਣ ਵਿਚ ਗੁਰੂ-ਮਹਿਲਾਂ ਦਾ ਯੋਗਦਾਨ ਬੇਜੋੜ ਹੈ । ਗੁਰੂ ਘਰ ਦੇ ਜਨਮ, ਵਿਕਾਸ ਤੇ ਸਥਾਪਤੀ ਦੇ ਚਸ਼ਮਦੀਦ ਗਵਾਹ ਹਨ, ਗੁਰੂ-ਮਹਿਲ !

ਮਾਤਾ ਸੁਲੱਖਣੀ

ਪੂਰੇ ਬ੍ਰਹਿਮੰਡ ਨੂੰ ਧਾਰਨ ਕਰਨ ਵਾਲਿਆਂ ਨੂੰ ਪ੍ਰਾਚੀਨ ਕਾਲ ਵਿਚ ਧਰਮ ਕਿਹਾ ਜਾਂਦਾ ਸੀ । ਜਿਸ ਤਰ੍ਹਾਂ ਸੂਰਜ ਨੇ ਰੌਸ਼ਨੀ ਤੇ ਗਰਮੀ ਨੂੰ ਧਾਰਣ ਕਰ ਰੱਖਿਆ ਹੈ । ਇਹੋ ਉਸ

ਦਾ ਧਰਮ ਵੀ ਹੈ। ਇਸੇ ਦੇ ਰਾਹੀਂ ਉਹ ਸ੍ਰਿਸ਼ਟੀ ਦਾ ਪੋਸ਼ਣ ਕਰਦਾ ਹੈ। ਇਸੇ ਤਰ੍ਹਾਂ ਮਾਂ ਧਰਮ ਦੀ ਧਾਰਣੀ ਹੈ, ਉਹ ਧਰਮ ਨੂੰ ਧਾਰਣ ਵੀ ਕਰਦੀ ਹੈ ਤੇ ਉਸ ਨੂੰ ਨਿਰੰਤਰ ਪੀੜ੍ਹੀ-ਦਰ-ਪੀੜ੍ਹੀ ਆਪਣੇ ਅਮਲ ਵਿਚ ਉਤਾਰ ਕੇ ਰਾਖਵਾਂ (Preserve) ਵੀ ਰੱਖਦੀ ਹੈ। ਇਸ ਤਰ੍ਹਾਂ ਧਰਮ-ਸੰਸਕਾਰ ਨਿਰੰਤਰ ਪ੍ਰਵਾਹਮਾਨ ਰਹਿੰਦੇ ਹਨ। ਸੰਸਾਰ ਭਰ ਦੇ ਮਜ਼ਹਬ ਇਸ ਤੱਥ ਦੀ ਸਾਖ ਭਰਦੇ ਹਨ ਕਿ ਨਾ ਕੇਵਲ ਮਾਤਾਵਾਂ ਧਾਰਮਿਕ ਮੁੱਲਾਂ (Values) ਨੂੰ ਧਾਰਣ ਹੀ ਕਰਦੀਆਂ ਹਨ ਸਗੋਂ ਜਦ ਕਦੀ ਵੀ ਸਮਾਂ ਆਇਆ ਤਾਂ ਸਰਬ ਪ੍ਰਥਮ ਮਾਂ, ਭੈਣ ਤੇ ਪਤਨੀ ਨੇ ਮਜ਼ਹਬ-ਵਿਸ਼ੇਸ਼ ਨੂੰ ਗ੍ਰਹਿਣ ਕੀਤਾ। ਮਿਸਾਲ ਵਜੋਂ ਇਸਲਾਮ ਮਜ਼ਹਬ ਨੂੰ ਸਭ ਤੋਂ ਪਹਿਲਾਂ ਬੀਬੀ ਬੀਬੀ ਖ਼ੁਦੈਜਾ ਜੋ ਹਜ਼ਰਤ ਮੁਹੰਮਦ ਸਾਹਿਬ ਦੀ ਬੀਵੀ ਸੀ, ਨੇ ਪ੍ਰਵਾਨ ਕੀਤਾ। ਬੀਬੀ ਨਾਨਕੀ ਜੋ ਗੁਰੂ ਨਾਨਕ ਸਾਹਿਬ ਦੀ ਭੈਣ ਸੀ, ਨੇ ਸਭ ਤੋਂ ਪਹਿਲਾਂ ਵੀਰ ਨਾਨਕ ਦੇ ਧਰਮ ਨੂੰ ਗ੍ਰਹਿਣ ਕੀਤਾ। ਈਸਾਈ ਮਤ ਨੂੰ ਯਸੂ ਮਸੀਹ ਦੀ ਮਾਂ ਮਰੀਅਮ ਨੇ ਸਰਬ ਪ੍ਰਥਮ ਕਬੂਲ ਕੀਤਾ। ਧਰਮ ਦਾ ਸ਼ਬਦੀ ਅਰਥ ਤਾਂ ਹੈ ਹੀ ਧਾਰਣ ਕਰਨਾ।

ਕੁਲ ਮਿਲਾ ਕੇ, ਮਾਂ-ਸੰਸਾਰ ਤੇ ਧਰਮ-ਸੰਸਾਰ ਦਾ ਰਿਸ਼ਤਾ ਅਤਿ ਨੇੜੇ ਦਾ ਹੈ। ਮਾਂ ਦੁਨੀਆ ਦੀ ਉਹ ਤਲਿੱਸਮ ਭਰੀ ਸ਼ਖ਼ਸੀਅਤ ਹੈ ਜਿਸ ਨੇ ਵੱਡੇ-ਵੱਡੇ ਗੁਰੂ ਪੀਰਾਂ, ਰਹਿਬਰਾਂ ਨੂੰ ਨਾ ਕੇਵਲ ਜਨਮ ਹੀ ਦਿੱਤਾ ਸਗੋਂ ਆਪਣੀ ਮਨੋਹਰ ਕਰਨੀ ਨਾਲ ਬਾਲ-ਮਨਾਂ ਨੂੰ ਇਸ ਤਰ੍ਹਾਂ ਮੋਹੀ ਰੱਖਿਆ ਕਿ ਬਾਲ-ਗੁਰੂ ਅਤੇ ਪੀਰ-ਪੈਗੰਬਰ ਮਾਤਾਵਾਂ ਉੱਤੋਂ ਵਾਰੇ-ਬਲਿਹਾਰੇ ਜਾਂਦੇ ਰਹੇ। ਮਾਂ ਨੇ ਮਮਤਾ ਦੀਆਂ ਲਹਿਰਾਂ ਨਾਲ ਉਨ੍ਹਾਂ ਨੂੰ ਆਪਣੀ ਜਕੜ ਵਿਚ ਬੰਨ੍ਹੀ ਰੱਖਿਆ। ਮਾਵਾਂ ਬਾਲ-ਕੌਤਕ ਵੇਖਦੀਆਂ ਵੇਖਦੀਆਂ ਅੰਦਰੋਂ ਧਨ-ਧਨ ਹੁੰਦੀਆਂ ਰਹੀਆਂ ਅਤੇ ਉੱਤੋਂ ਉੱਤੋਂ ਬਾਲਾਂ ਨੂੰ ਝੂਠ-ਮੂਠ ਡਰਾਉਂਦੀਆਂ-ਧਮਕਾਉਂਦੀਆਂ ਰਹੀਆਂ। ਲਾਡ-ਪਿਆਰ ਦੇ ਮੁਜੱਸਮੇ ਰੋਸਾ-ਗੁੱਸਾ ਸਹਾਰਦੇ ਰਹੇ। ਰੁੱਸੇ ਬਾਲ ਮਾਵਾਂ ਦੀਆਂ ਗੋਦੀਆਂ ਵਿਚ ਚੁਹਲ-ਮੁਹਲ ਕਰਦੇ ਰਹੇ। ਮਾਵਾਂ ਇਨ੍ਹਾਂ ਦੇ ਬਾਲ ਚੋਜ ਵੇਖ-ਵੇਖ ਮੁਗਧ ਹੁੰਦੀਆਂ ਰਹੀਆਂ, ਤਨ ਨੂੰ ਠਾਰਦੀਆਂ ਰਹੀਆਂ, ਅੱਖਾਂ ਨੂੰ ਰਜਾਂਦੀਆਂ ਰਹੀਆਂ, ਅੰਮ੍ਰਿਤ ਰਸ ਵਿਚ ਝੂਮਦੀਆਂ ਰਹੀਆਂ, ਸਰਸ਼ਾਰ ਹੁੰਦੀਆਂ ਰਹੀਆਂ।

ਅਜਿਹਾ ਹੀ ਇਕ ਪਲ ਆਇਆ ਸੀ ਮਾਂ ਸੁਲੱਖਣੀ ਦੀ ਝੋਲੀ ਵਿਚ ਜਦੋਂ ਅੰਮ੍ਰਿਤ-ਰਸ ਨੂੰ ਝੁਣਝੁਣੀ ਆਈ ਸੀ। ਮਾਂ ਸੁਲੱਖਣੀ ਨੇ ਆਪਣੇ ਪਹਿਲ-ਪਲੇਠੀ ਦੇ ਬਾਲ ਸ੍ਰੀਚੰਦ ਨੂੰ ਆਪਣੀ ਗੋਦ ਵਿਚ ਮੁਸਕਰਾਉਂਦੇ ਵੇਖਿਆ ਸੀ। ਲੱਗਿਆ ਸੀ ਕੁਲ ਦੁਨੀਆ ਦਾ ਸੁਹਜ ਸਿਮਟ ਕੇ ਮਾਂ ਦੀ ਗੋਦੀ ਵਿਚ ਆਣ ਪਿਆ ਹੈ। ਕੁਲ ਆਲਮ ਦੀ ਮਾਸੂਮੀਅਤ, ਮੁਲਾਇਮਤਾ ਨੂਰੋ-ਨੂਰ ਹੋਈ ਮਾਂ ਦੀ ਗੋਦ ਨੂੰ ਰੁਸ਼ਨਾ ਰਹੀ ਸੀ। ਅੱਜ ਮਾਂ ਸੁਲੱਖਣੀ ਰਸਰੂਪ ਭਰਪੂਰ ਹੋਈ ਮਮਤਾ ਦੀਆਂ ਝਰਨਾਹਟਾਂ ਛੇੜ ਬਾਲ-ਪੁੱਤਰ ਨੂੰ ਨਿਹਾਰ ਰਹੀ ਸੀ। ਅੱਜ ਉਹ ਆਨੰਦ ਰੂਪ ਖਿੜਿਆ ਚਿਹਰਾ ਬਾਰੰਬਾਰ ਵੇਖਦੀ ਫਿਰ ਸੋਚਦੀ ਕਿੱਡਾ ਨੂਰ ਵਰ੍ਹ ਰਿਹਾ ਹੈ ਇਸ ਬਾਲ ਦੇ ਮੁਖੜੇ 'ਤੇ, ਮਨਮੋਹਣਾ ਬਾਲ ਹਸੂੰ-ਹਸੂੰ ਕਰਦਾ ਖੁਸ਼ੀ-ਖੇੜਾ ਖਿਲੇਰ ਰਿਹਾ ਹੈ। ਧੰਨ ਹੈ, ਅਜਿਹੀ ਸੁਭਾਗੀ ਮਾਂ ਜੋ ਪਰਮ ਗੁਰੂ ਨਾਨਕ ਦੀ ਸੁਪਤਨੀ ਅਤੇ ਬਾਬਾ ਸ੍ਰੀ ਚੰਦ ਜੀ ਦੀ ਅੰਮੜੀ ਹੈ। ਅਜਿਹਾ ਸੁਭਾਗ ਕਦੇ-ਕਦਾਈਂ ਕਿਸੇ ਇਕ ਅੱਧ ਨੂੰ ਹੀ ਮਿਲਦਾ ਹੈ ਜੋ ਪਰਮ ਗੁਰੂ ਦੀ ਧਰਮ ਸੁਪਤਨੀ ਵੀ ਹੋਵੇ ਤੇ ਨਿਰਬਾਣ ਬਾਬਾ ਸ੍ਰੀ ਚੰਦ ਜੀ ਦੀ ਪਿਆਰੀ ਅੰਮੀ ਵੀ।

2

ਆਓ, ਇਸ ਸੁਭਾਗੀ ਅੰਮੀ ਬਾਰੇ ਰਤਾ ਹੋਰ ਨੇੜੇ ਹੋ ਕੇ ਜਾਣੀਏ ਸਮਝੀਏ । ਉਹ ਮਾਂ ਜਿਸ ਨੇ ਆਪਣੇ ਮਨ, ਬਚਨ ਤੇ ਕਰਮ ਰਾਹੀਂ ਉਨ੍ਹਾਂ ਕਦਰਾਂ-ਕੀਮਤਾਂ ਨੂੰ ਆਪਣੇ ਜੀਵਨ ਵਿਚ ਢਾਲਿਆ ਜੋ ਅੱਗੇ ਚੱਲ ਕੇ ਗੁਰੂ-ਮਿਸ਼ਨ ਦਾ ਆਦਰਸ਼ ਅਖਵਾਇਆ । ਮਾਂ ਸੁਲੱਖਣੀ ਦਾ ਜਨਮ ਪਿੰਡ ਪੱਖੋਕੇ, ਜ਼ਿਲ੍ਹਾ ਗੁਰਦਾਸਪੁਰ ਵਿਚ ਹੋਇਆ । ਆਪ ਦੇ ਪਿਤਾ ਪਟਵਾਰੀ ਮੂਲ ਚੰਦ ਚੋਣਾ ਤੇ ਮਾਤਾ ਚੰਦੋ ਰਾਣੀ ਕਰ ਕੇ ਗੁਰੂ-ਇਤਿਹਾਸ ਵਿਚ ਜਾਣੇ ਜਾਂਦੇ ਹਨ । ਗੁਰੂ-ਇਤਿਹਾਸ ਦੀ ਇਕ ਰਵਾਇਤ ਹੈ, ਗੁਰੂ-ਮਹਿਲਾਂ ਦੀ ਸ਼ਾਦੀ ਤੋਂ ਪਹਿਲਾਂ ਦਾ ਸਮਾਂ, ਉਨ੍ਹਾਂ ਦਾ ਬਾਲਪਨ, ਜਨਮ ਮਿਤੀ ਆਦਿ ਦਾ ਵੇਰਵਾ ਅਕਸਰ ਉਪਲਬਧ ਨਹੀਂ । ਇਸ ਦਾ ਕਾਰਣ, ਸਾਡੀ ਸੰਸਕ੍ਰਿਤੀ ਵਿਚ ਨਾਰੀ-ਸਮਾਜ ਨੂੰ ਪ੍ਰਾਥਮਿਕਤਾ ਨਾ ਮਿਲਣ ਕਰ ਕੇ, ਇਸ ਦਾ ਦੂਜੈਲਾ ਸਥਾਨ ਹੀ ਰਿਹਾ ਹੈ । ਇਹੋ ਕਾਰਣ ਹੈ, ਗੁਰੂ-ਮਹਿਲਾਂ ਤੇ ਹੋਰ ਗੁਰੂ-ਘਰ ਨਾਲ ਜੁੜੀਆਂ ਅਨੇਕ ਬੀਬੀਆਂ ਹਨ, ਜਿਨ੍ਹਾਂ ਦੇ ਜਨਮ-ਸੀਮਤ ਬਾਰੇ ਸਹੀ ਸੰਕੇਤ ਨਹੀਂ ਮਿਲਦੇ ਸਗੋਂ ਤਤਕਾਲੀ ਰਿਵਾਜ਼ਾਂ ਉੱਪਰ ਧਿਆਨ ਟਿਕਾ ਕੇ ਉਨ੍ਹਾਂ ਦੇ ਜਨਮ-ਸੰਨ ਨੂੰ ਕਿਆਸਣਾ ਪੈਂਦਾ ਹੈ । ਇਹ ਗੱਲ ਮਾਤਾ ਸੁਲੱਖਣੀ ਦੇ ਸੰਦਰਭ ਵਿਚ ਵੀ ਸੱਚ ਹੈ । ਪੁਰਾਤਨ ਇਤਿਹਾਸਕਾਰਾਂ ਤੋਂ ਲੈ ਕੇ ਆਧੁਨਿਕ ਲਿਖਾਰੀ ਭਾਈ ਕਾਨ੍ਹ ਸਿੰਘ ਤਕ ਮਾਤਾ ਜੀ ਦੇ ਜਨਮ-ਸੰਨ ਜਾਂ ਮਿਤੀ ਬਾਰੇ ਸੰਕੇਤ ਪ੍ਰਾਪਤ ਨਹੀਂ ਹੈ । ਇਹ ਠੀਕ ਹੈ, ਮਹਾਨ ਕੋਸ਼ ਵਿਚ 'ਸੁਲੱਖਣੀ' ਨਾਮ ਦੀ ਵਿਆਖਿਆ ਕਰਦਿਆਂ ਇਹ ਲਿਖਿਆ : 'ਸੁਲੱਖਣੀ' ਜਿਸ ਦੇ ਲੱਖਣ ਜਾਂ ਲੱਛਣ ਚੰਗੇ ਹੋਣ ਅਥਵਾ ਸੁਲੱਖਣੀ ਚੰਗੇ ਗੁਣਾਂ ਵਾਲੀ ਬੱਚੀ ਸੀ । ਸ਼ਾਇਦ ਏਹੋ ਕਾਰਣ ਹੈ, ਮਾਂ ਚੰਦੋ ਰਾਣੀ ਤੇ ਪਿਤਾ ਮੂਲ ਚੰਦ ਨੇ ਆਪਣੀ ਪਿਆਰੀ ਬੇਟੀ ਦਾ ਨਾਮ ਸੁਲੱਖਣੀ ਰੱਖਿਆ । ਇਸ ਬੱਚੀ ਵਿਚ ਜ਼ਰੂਰ ਅਜਿਹੇ ਚਿੰਨ੍ਹ ਮੌਜੂਦ ਸਨ ਜਿਨ੍ਹਾਂ ਨੇ ਇਸ ਦੇ ਮਾਪਿਆਂ ਨੂੰ ਸੋਚਣ ਲਈ ਮਜਬੂਰ ਕੀਤਾ ਤੇ ਉਹ ਉਸ ਦਾ ਨਾਮ ਸੁਲੱਖਣੀ ਰੱਖ ਕੇ ਅਤੀ ਪ੍ਰਸੰਨ ਵੀ ਹੋਏ ਅਤੇ ਮਨ ਦੇ ਭਾਰ ਤੋਂ ਮੁਕਤ ਵੀ ।

3

ਗੁਰੂ-ਇਤਿਹਾਸ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਸ਼ਾਦੀ ਬੀਬੀ ਸੁਲੱਖਣੀ ਨਾਲ ਸੰਨ 1487 ਈਸਵੀ ਵਿਚ ਹੋਈ । ਉਸ ਵੇਲੇ ਗੁਰੂ ਜੀ ਦੀ ਉਮਰ 18 ਕੁ ਵਰ੍ਹਿਆਂ ਦੀ ਸੀ । ਗੁਰੂ ਨਾਨਕ ਦੇਵ ਜੀ ਦੀ ਸ਼ਾਦੀ ਦੇ ਸੰਨ ਨਾਲ ਬਹੁਤਿਆਂ ਦੀ ਸਹਿਮਤੀ ਹੈ । ਆਮ ਰਿਵਾਜ ਅਨੁਸਾਰ ਲੜਕੀ ਦੀ ਆਯੂ ਲੜਕੇ ਨਾਲੋਂ 4-5 ਸਾਲ ਛੋਟੀ ਹੁੰਦੀ ਹੀ ਸੀ । ਜੇ ਇਸ ਵਿਚਾਰ ਨੂੰ ਮੰਨ ਲਿਆ ਜਾਵੇ ਤਾਂ ਬੀਬੀ ਸੁਲੱਖਣੀ ਦੀ ਉਮਰ ਸ਼ਾਦੀ ਦੇ ਵੇਲੇ 13-14 ਸਾਲ ਦੇ ਦਰਮਿਆਨ ਸੀ । ਗੁਰੂ ਨਾਨਕ ਦੇਵ ਜੀ ਦਾ ਜਨਮ-ਸੰਨ 1973-74 ਕੇਵਲ ਅਨੁਮਾਨ ਹੀ ਹੈ ਇਸ ਦਾ ਮੂਲ ਆਧਾਰ ਤਤਕਾਲੀ ਰਸਮੋ-ਰਿਵਾਜ਼ ਹਨ । ਕਿਸੇ ਪ੍ਰਮਾਣਿਕ ਸਬੂਤ ਦੀ ਅਣਹੋਂਦ ਵਿਚ ਇਨ੍ਹਾਂ ਦੋਹਾਂ ਸੰਨਾਂ ਯਾਨੀ ਕਿ 1473 ਜਾਂ 1474 ਨੂੰ ਬੀਬੀ ਸੁਲੱਖਣੀ ਦਾ ਜਨਮ-ਵਰ੍ਹਾ ਮਿਥਿਆ ਜਾ ਸਕਦਾ ਹੈ । ਬੀਬੀ ਸੁਲੱਖਣੀ ਦਾ ਬਚਪਨ ਤੇ ਵਿਦਿਆ-ਪ੍ਰਾਪਤੀ ਬਾਰੇ ਇਤਿਹਾਸ ਮੂਕ ਹੈ । ਕਮਾਲ ਤਾਂ ਇਹ ਕਿ ਗੁਰੂ ਸਾਹਿਬ ਦੇ ਜੀਵਨ ਬਾਰੇ ਜਨਮਸਾਖੀਆਂ ਵੀ ਪ੍ਰਚੱਲਿਤ ਹਨ ਪਰ ਕਿਸੇ ਵੀ ਸਾਖੀਕਾਰ ਨੇ ਬੀਬੀ ਸੁਲੱਖਣੀ ਜੋ

ਗੁਰੂ-ਮਹਿਲ ਪਰੰਪਰਾ ਦੀ ਬਾਨੀ ਹੈ, ਜਨਮ ਜਾਂ ਬਾਲਪਨ ਬਾਰੇ ਕਿਸੇ ਤਰ੍ਹਾਂ ਦਾ ਸੰਕੇਤ ਨਹੀਂ ਦਿੱਤਾ । ਉਸ ਬੀਬੀ ਸੁਲੱਖਣੀ ਬਾਰੇ ਜਿਸ ਨੂੰ ਭਾਵੀ ਜੀਵਨ ਵਿਚ ਗੁਰੂ-ਮਹਿਲ ਹੋਣ ਦਾ ਗੌਰਵ ਪ੍ਰਾਪਤ ਹੋਣਾ ਸੀ । ਉਹ ਜਿਸ ਗੁਰੂ-ਮਹਿਲ ਪਰੰਪਰਾ ਦੀ ਸ਼ੁਰੂਆਤ ਕਰਨੀ ਸੀ । ਉਹ ਜਿਸ ਨੇ ਗੁਰੂ-ਮਹਿਲ-ਪਰੰਪਰਾ ਨੂੰ ਤਰਾਸ਼ਣਾ ਸੀ ।

ਛੋਟੇ-ਮੋਟੇ ਸੰਕੇਤ ਜੋ ਇਨ੍ਹਾਂ ਦੇ ਪਰਿਵਾਰ ਬਾਰੇ ਪ੍ਰਾਪਤ ਹੋਏ ਹਨ, ਉਹ ਹੈ, ਆਪ ਦਾ ਪਿਤਾ ਪਟਵਾਰੀ ਸੀ । ਉਨ੍ਹੀਂ ਦਿਨੀ ਪਟਵਾਰੀ ਚੰਗੇ ਖਾਂਦੇ-ਪੀਂਦੇ ਘਰਾਂ ਦੇ ਹੁੰਦੇ ਸਨ । ਗੁਰੂ ਨਾਨਕ ਦੇਵ ਜੀ ਵੀ ਪਟਵਾਰੀ ਪਿਤਾ ਕਾਲੂ ਰਾਮ ਦੇ ਸਪੁੱਤਰ ਸਨ । ਗੁਰੂ ਜੀ ਦੀ ਇਕੋ-ਇਕ ਭੈਣ ਬੀਬੀ ਨਾਨਕੀ ਵੀ ਪਟਵਾਰੀ ਜੈ ਰਾਮ ਨਾਲ ਵਿਆਹੀ ਹੋਈ ਸੀ । ਸੋ ਇਹ ਸਾਰਾ ਪਰਿਵਾਰ ਪਟਵਾਰੀਆਂ ਦਾ ਹੀ ਸੀ । ਬੀਬੀ ਸੁਲੱਖਣੀ ਪਟਵਾਰੀਆਂ ਦੀ ਧੀ ਸੀ ਤੇ ਪਟਵਾਰੀਆਂ ਦੀ ਹੀ ਨੂੰਹ ਵੀ । ਉਸ ਦੀ ਨਿਨਾਣ ਬੀਬੀ ਨਾਨਕੀ ਵੀ ਪਟਵਾਰੀ ਨਾਲ ਵਿਆਹੀ-ਵਰੀ ਸੀ । ਸੰਖੇਪ ਵਿਚ, ਬੀਬੀ ਸੁਲੱਖਣੀ ਪੇਕਿਉਂ-ਸਹੁਰਿਉਂ ਖ਼ਾਨਦਾਨੀ ਘਰਾਂ ਦੀ ਨੂੰਹ-ਧੀ ਸੀ । ਪੁਰਾਣੇ ਸਮਿਆਂ ਵਿਚ ਇਕ ਹੋਰ ਰਿਵਾਜ ਸੀ ਕੋਈ ਨਾ ਕੋਈ ਵਿਚ ਪੈ ਕੇ ਰਿਸ਼ਤਾ ਕਰਾਉਂਦਾ ਸੀ । ਬੀਬੀ ਸੁਲੱਖਣੀ ਦੇ ਰਿਸ਼ਤੇ ਦੀ ਦੱਸ ਭਾਈ ਜੈ ਰਾਮ ਨੂੰ ਕਿਸੇ ਨੇ ਪਾਈ ਸੀ । ਦਰਅਸਲ, ਭਾਈ ਜੈ ਰਾਮ ਜੀ ਖ਼ਾਨਪੁਰ ਦੇ ਰਹਿਣ ਵਾਲੇ ਸਨ ਤੇ ਉਨ੍ਹੀਂ ਦਿਨੀਂ ਨਵਾਬ ਦੌਲਤ ਖ਼ਾਂ ਕੋਲ ਮਾਲ ਦੇ ਮਹਿਕਮੇ ਵਿਚ ਆਮਿਲ ਸਨ । ਸਰਕਾਰੀ ਕੰਮਾਂ ਲਈ ਉਨ੍ਹਾਂ ਨੂੰ ਪੱਖੋਕੇ ਤਕ ਜਾਣਾ ਪੈਂਦਾ ਸੀ । ਪੱਖੋਕੇ ਦਾ ਪਟਵਾਰੀ ਮੂਲਚੰਦ ਸੀ । ਉਸ ਦੀ ਸੁੰਦਰ, ਸੁਨੱਖੀ, ਗੁਣਵਾਨ ਬੇਟੀ ਸੁਲੱਖਣੀ ਸੀ । ਜਦੋਂ ਮੂਲਚੰਦ ਨੂੰ ਭਾਈ ਜੈ ਰਾਮ ਨੇ ਮਹਿਤਾ ਕਾਲੂ ਦੇ ਸਪੁੱਤਰ (ਗੁਰੂ) ਨਾਨਕ ਦੇਵ ਜੀ ਦੀ ਦੱਸ ਪਾਈ ਤਾਂ ਮੂਲ ਚੰਦ ਨੇ ਚੰਗਾ ਵਰ-ਘਰ ਸਮਝ ਕੇ, ਆਪਣੇ ਹਾਣ ਦੇ ਕੁੜਮ ਜਾਣ ਕੇ ਆਪਣੀ ਬੱਚੜੀ ਬੀਬੀ ਸੁਲੱਖਣੀ ਦਾ ਸਾਕ (ਗੁਰੂ) ਨਾਨਕ ਦੇਵ ਜੀ ਨਾਲ ਕਰਨਾ ਉਚਿਤ ਜਾਣਿਆ ।

ਇਸ ਤੱਥ ਦੀ ਪ੍ਰੋੜ੍ਹਤਾ ਭਾਈ ਸਾਹਿਬ ਸਿੰਘ ਨੇ ਆਪਣੇ ਇਕ ਲੇਖ ਵਿਚ ਵੀ ਕੀਤੀ ਹੈ ਜੋ 'ਆਲੋਚਨਾ' ਦੇ ਵਿਸ਼ੇਸ਼ ਅੰਕ, 1669 ਵਿਚ ਛਪਿਆ ਸੀ । (ਗੁਰੂ) ਨਾਨਕ ਦੇਵ ਜੀ ਦੀ ਕੁੜਮਾਈ ਸੰਨ 1485 (1542 ਸੰਮਤ) ਵਿਚ ਹੋਈ । ਉਦੋਂ ਮੂਲਚੰਦ ਚੋਣਾ ਪੱਖੋਕੇ ਬਟਾਲੇ ਵਿਚ ਰਹਿੰਦਾ ਸੀ ਤੇ ਕਾਲੂ ਚੰਦ ਮਹਿਤਾ ਤਲਵੰਡੀ (ਨਨਕਾਣਾ ਸਾਹਿਬ) ਜ਼ਿਲ੍ਹਾ ਸ਼ੇਖੂਪੁਰਾ ਵਿਚ । ਬਾਬੇ ਨਾਨਕ ਦੀ ਉਮਰ ਇਸ ਵੇਲੇ 17 ਵਰ੍ਹਿਆਂ ਦੀ ਸੀ । ਇਤਿਹਾਸਕ ਤੱਥਾਂ ਅਨੁਸਾਰ ਕੁੜਮਾਈ ਦੇ ਇਕ ਡੇਢ ਸਾਲ ਬਾਅਦ ਜਦੋਂ ਨਾਨਕ ਜੀ ਦੀ ਉਮਰ 18 ਵਰ੍ਹਿਆਂ ਦੀ ਸੀ ਅਰਥਾਤ 1487 ਸੰਨ (24 ਜੇਠ 1544) ਵਿਚ ਉਨ੍ਹਾਂ ਦਾ ਵਿਆਹ ਹੋਇਆ । ਭਾਈ ਕਾਨ੍ਹ ਸਿੰਘ ਨਾਭਾ ਤੇ ਪ੍ਰਿੰਸੀਪਲ ਤੇਜਾ ਸਿੰਘ ਅਤੇ ਰੀਡਾ ਸਿੰਘ ਵੀ (ਏ ਸ਼ਾਰਟ ਸਿੱਖ ਹਿਸਟਰੀ) ਇਸ ਸੰਨ ਨਾਲ ਸਹਿਮਤੀ ਰੱਖਦੇ ਹਨ । ਜ਼ਾਹਿਰ ਹੈ, ਬੀਬੀ ਸੁਲੱਖਣੀ ਦਾ ਜਨਮ 1474 ਵਿਚ ਹੋਇਆ ਹੋਵੇ । ਕੁੜਮਾਈ ਸੰਨ 1485 ਵਿਚ ਤੇ ਵਿਆਹ ਸੰਨ 1487 ਵਿਚ ਹੋਇਆ ।

ਬੀਬੀ ਸੁਲੱਖਣੀ ਦੇ ਵਿਆਹ ਨਾਲ ਵਿਵਾਦ ਵੀ ਜੁੜੇ ਹੋਏ ਹਨ । ਇਸ ਦਾ ਕਾਰਣ ਬੀਬੀ ਸੁਲੱਖਣੀ ਨਹੀਂ ਸਗੋਂ ਉਸ ਦੇ ਪਤੀ ਗੁਰੂ ਨਾਨਕ ਦੇਵ ਜੀ ਹਨ । ਗੁਰੂ ਨਾਨਕ ਦੇਵ ਜੀ ਆਪਣੇ ਜੀਵਨ ਵਿਚ ਮਨ, ਬਚਨ ਅਤੇ ਕਰਮ ਦੀ ਇਕਸੁਰਤਾ ਨੂੰ ਰੂਪਮਾਨ ਕਰਦੇ

ਹਨ। ਗੁਰੂ ਜੀ ਦੀ ਕਥਨੀ ਤੇ ਕਰਣੀ ਇਕੋ ਸੀ, ਇਸ ਦੇ ਸਪੱਸ਼ਟ ਸੰਕੇਤ ਉਨ੍ਹਾਂ ਨੇ ਆਪਣੇ ਬਾਲਪਨ ਤੋਂ ਹੀ ਦੇਣੇ ਸ਼ੁਰੂ ਕਰ ਦਿੱਤੇ ਸਨ। ਸੱਚੇ ਸੌਦੇ ਵਰਗੀਆਂ ਸਾਖੀਆਂ ਇਸ ਤੱਥ ਦਾ ਪੁਸ਼ਟ ਪ੍ਰਮਾਣ ਹਨ। ਗੁਰੂ ਸਾਹਿਬ ਨੇ ਸਥਾਪਿਤ ਕਦਰਾਂ-ਕੀਮਤਾਂ ਜਿਨ੍ਹਾਂ ਦਾ ਸੰਬੰਧ ਕਰਮ ਪਾਖੰਡ ਜਾਂ ਵਹਿਮ-ਭਰਮ ਨਾਲ ਸੀ, ਉਨ੍ਹਾਂ ਦਾ ਡਟ ਕੇ ਵਿਰੋਧ ਕੀਤਾ। ਗੁਰੂ ਜੀ ਸ਼ਾਦੀ ਹੋਣ ਦੇ ਸਮੇਂ ਤਕ ਆਪਣੇ ਸੱਚੇ-ਸੁੱਚੇ ਕਿਰਦਾਰ ਦੀ ਸਾਖ ਬਣਾ ਚੁੱਕੇ ਸਨ। ਗੁਰੂ ਜੀ ਸ਼ਾਦੀ ਤੋਂ ਪਹਿਲਾਂ ਜਦੋਂ ਆਪਣੀ ਭੈਣ ਕੋਲ ਰਹੇ ਤਾਂ ਅੰਮ੍ਰਿਤ ਵੇਲੇ ਪਾਠ-ਅਭਿਆਸ ਕਰਿਆ ਕਰਦੇ ਸਨ। ਆਪਣੇ ਵਿਹਾਰ ਦੇ ਉੱਚੇ-ਸੁੱਚੇ ਸਨ। ਖਿਮਾਂ, ਦਇਆ ਤੇ ਗਰੀਬੀ ਵਰਗੇ ਉੱਤਮ ਗੁਣਾਂ ਕਾਰਣ ਲੋਕ ਉਨ੍ਹਾਂ ਨੂੰ ਬਹੁਤ ਚੰਗਾ ਜਾਣਦੇ ਸਨ।

ਤਲਵੰਡੀ ਦਾ ਰਾਇ ਬੁਲਾਰ ਤਾਂ ਉਨ੍ਹਾਂ ਦੇ ਅਜ਼ਮਤ ਭਰੇ ਕੌਤਕ ਵੇਖ ਕੇ ਉਨ੍ਹਾਂ ਨੂੰ ਖ਼ੁਦਾਵੰਦ ਦਾ ਦਰਜਾ ਹੀ ਦੇਂਦਾ ਸੀ। ਰਾਇ ਬੁਲਾਰ ਨੂੰ ਜਿਹੜੀ ਗੱਲ ਕਦੇ ਭੁੱਲੀ ਨਹੀਂ, ਉਹ ਸੀ ਮੱਝੀਆਂ ਚਾਰਦੇ ਗੁਰੂ ਨਾਨਕ ਦੇਵ ਦਾ ਖੇਤ ਵਿਚ ਰੁੱਖ ਦੀ ਛਾਵੇਂ ਲੇਟਣਾ ਤੇ ਸਰਪ ਦਾ ਫਨ ਫੈਲਾ ਕੇ ਛਾਂ ਕਰਨੀ। ਉਦੋਂ ਬਾਅਦ ਤਾਂ ਉਹ ਗੁਰੂ ਨਾਨਕ ਨੂੰ ਤਨੋਂ-ਮਨੋਂ ਰੱਬ ਮੰਨਣ ਲੱਗ ਪਿਆ ਸੀ। ਦੂਜਾ ਜਦੋਂ ਗੁਰੂ ਨਾਨਕ ਸਾਹਿਬ ਤਲਵੰਡੀ ਤੋਂ ਸੁਲਤਾਨਪੁਰ ਆਏ ਤਾਂ ਬੇਬੇ ਨਾਨਕੀ ਦਾ ਆਪਣੇ ਵੀਰ ਨੂੰ ਰੱਬ-ਰੂਪ ਜਾਣਨਾ ਤੇ ਇਸ ਗੱਲ ਦਾ ਪ੍ਰਗਟਾ ਆਮ ਲੋਕਾਂ ਵਿਚ ਕਰਨਾ। ਸੰਖੇਪ ਵਿਚ, ਸ਼ਾਦੀ ਤੋਂ ਪਹਿਲਾਂ ਹੀ ਗੁਰੂ ਨਾਨਕ ਦੇਵ ਜੀ ਆਮ ਲੋਕਾਈ ਵਿਚ ਮਹਾਪੁਰਖ ਕਰ ਕੇ ਜਾਣੇ ਜਾਂਦੇ ਸਨ। ਗੁਰੂ ਨਾਨਕ ਦੇਵ ਜੀ ਦਾ ਬਹੁਤਾ ਰੁਝਾਨ ਗਰੀਬਾਂ ਵੱਲ ਸੀ ਜਾਂ ਉਹ ਜੋ ਆਤਮਿਕ ਤੌਰ 'ਤੇ ਉੱਚੀ ਸੁਰਤ ਵਾਲੇ ਸਨ। ਜ਼ਾਹਿਰ ਹੈ, ਪਰਿਵਾਰ ਦਾ ਰਈਸੀ ਠਾਠ ਵਾਲਿਆਂ ਨਾਲ ਵੀ ਜੋੜ ਸੀ ਤੇ ਦੂਲ੍ਹੇ ਬਾਬਾ ਨਾਨਕ ਦਾ ਰੂਹਾਨੀ ਜੀਊੜਿਆਂ ਨਾਲ ਵੀ ਮੇਲ ਸੀ।

ਇਸ ਤਰ੍ਹਾਂ ਬਾਬੇ ਨਾਨਕ ਦੀ ਜੰਞ ਵਿਚ ਇਕ ਪਾਸੇ, ਰਾਇ ਬੁਲਾਰ ਸੀ, ਨਵਾਬ ਦੌਲਤ ਖਾਂ ਵਰਗੇ ਅਮੀਰ ਸਨ। ਦੂਜੇ ਪਾਸੇ ਪਟਵਾਰੀ ਮਹਿਤਾ ਕਾਲੂ ਚੰਦ ਦੇ ਰਿਸ਼ਤੇਦਾਰ ਜਿਨ੍ਹਾਂ ਵਿਚ ਉਸ ਦਾ ਜੁਆਈ ਪਟਵਾਰੀ ਜੈ ਰਾਮ ਵੀ ਸੀ ਤੇ ਗੁਰੂ ਬਾਬੇ ਦੇ ਨਾਨਕੇ ਆਦਿ। ਤੀਜੇ ਪਾਸੇ, ਗੁਰੂ ਬਾਬੇ ਨਾਲ ਜੁੜੇ ਰੂਹਾਨੀ ਜੀਊੜੇ ਜੋ ਵੇਖਣ-ਚਾਖਣ ਵਿਚ ਅਤੀ ਸਾਧਾਰਣ ਬੰਦੇ ਸਨ। ਪਟਵਾਰੀ ਪਿਤਾ ਦਾ ਇਕੋ ਇਕ ਪੁੱਤਰ ਬਾਬਾ ਨਾਨਕ ਸੀ। ਅੱਜ ਪਿਤਾ ਨੇ ਆਪਣੀਆਂ ਰੀਝਾਂ ਲਾਹੁਣੀਆਂ ਸਨ। ਸਾਰੀ ਉਮਰ ਪਟਵਾਰਪੁਣੇ ਦੀ ਕਮਾਈ ਤੇ ਇਕਲੌਤਾ ਸਾਹਿਬਜ਼ਾਦਾ। ਅੱਜ ਤਲਵੰਡੀ ਵਿਚ ਮਹਿਤਾ ਕਾਲੂ ਦੇ ਵਿਹੜੇ ਸ਼ਹਿਨਾਈ ਤੇ ਭੇਰੀ ਵੱਜੀ। ਸਾਰੀ ਤਲਵੰਡੀ ਖੁਸ਼ੀ ਵਿਚ ਝੂਮ ਉਠੀ। ਸਾਰਾ ਪਿੰਡ ਪਟਵਾਰੀਆਂ ਦੇ ਘਰ ਵਲ ਧਾਇਆ। ਸਭ ਦੀ ਦਰਜਾ-ਬਦਰਜਾ ਸੇਵਾ ਹੋਈ। ਗਰੀਬ-ਗੁਰਬਿਆਂ ਨੂੰ ਦਾਨ-ਪੁੰਨ ਕੀਤਾ ਗਿਆ। ਦੂਲ੍ਹਾ ਬਾਬਾ ਨਾਨਕ ਨੂੰ ਸ਼ੇਰਵਾਨੀ ਪੁਆਈ ਗਈ। ਉੱਤੇ ਸੋਹਣੀ ਦਸਤਾਰ, ਲੱਕ ਚੂੜੀਦਾਰ ਪਜਾਮਾ, ਪੈਰੀਂ ਤਿੱਲਦੋਰ ਜੁੱਤੀ। ਗੁਰੂ ਨਾਨਕ ਦੇਵ ਦੇ ਜੋੜੇ-ਜਾਮੇ ਦੀ ਅੱਜ ਆਬ ਝੱਲੀ ਨਹੀਂ ਸੀ ਜਾਂਦੀ। ਉਤੋਂ ਦੂਲ੍ਹੇ ਬਾਬੇ ਦਾ ਭਖਦਾ ਜਲਾਲਵੰਤ ਚੇਹਰਾ। ਗੁਲਾਬੀ ਗੱਲ੍ਹਾਂ, ਰੌਸ਼ਨ ਅੱਖਾਂ, ਮੰਦ ਮੰਦ ਮੁਸਕਾਉਂਦਾ ਮੂੰਹ, ਕਮਾਲ ਛਬਿ ਸੀ ਭੈਣ ਨਾਨਕੀ ਦੇ ਵੀਰਨ ਦੀ!

ਅੱਜ ਮਾਂ ਤ੍ਰਿਪਤਾ ਨੇ ਆਪਣੇ ਚਾਅ ਪੂਰੇ ਕਰਨੇ ਸਨ। ਪੁੱਤਰ ਦੇ ਸ਼ਗਨ ਮਨਾਉਣੇ

ਸਨ । ਮਾਂ ਸੰਕੋਚ ਕਰਦੀ ਸੀ ਮਤੇ ਉਹਦਾ ਪੁੱਤਰ ਇਨਕਾਰ ਨਾ ਕਰ ਦੇਵੇ । ਮਾਂ ਖੁਸ਼ ਵੀ ਸੀ ਕਿ ਉਹਦਾ ਲਾਡਲਾ ਘੋੜੀ ਚੜ੍ਹ ਰਿਹਾ ਸੀ । ਭੈਣ ਨਾਨਕੀ ਵੀਰਨ ਦਾ ਸੁਭਾਅ ਚੰਗੀ ਤਰ੍ਹਾਂ ਸਮਝਦੀ ਸੀ । ਖਬਰੇ ਤਾਹੀਉਂ ਮਾਂ ਹਰ ਨਿੱਕੀ ਗੱਲ 'ਤੇ ਵੀ ਆਪਣੀ ਸਿਆਣੀ ਧੀ ਬੇਬੇ ਨਾਨਕੀ ਨੂੰ ਪੁੱਛ-ਦੱਸ ਲੈਂਦੀ । ਨਾਲੇ, ਅੱਜ ਬੇਬੇ ਨੇ ਵੀਰ ਨੂੰ ਸਿਹਰਾ ਬੰਨ੍ਹਣਾ ਸੀ । ਬੇਬੇ ਬਾਰ-ਬਾਰ ਮੋਤੀਆਂ ਦੇ ਸਿਹਰੇ ਦੀਆਂ ਲੜੀਆਂ ਵੱਲ ਵੇਖਦੀ । ਉਨ੍ਹਾਂ ਦੀ ਲੰਬਾਈ, ਉਨ੍ਹਾਂ ਨਾਲ ਲੱਗੇ ਫੁੰਮਣ, ਉਨ੍ਹਾਂ ਦੇ ਵੰਨ-ਸੁਵੰਨੇ ਰੰਗ ਤੇ ਵੀਰ ਦਾ ਨੂਰਾਨੀ ਮੁਖੜਾ । ਬੇਬੇ ਮਨ ਹੀ ਮਨ ਵਾਰਨੇ ਜਾਂਦੀ । ਚਾਚਾ ਲਾਲੂ ਖੁਸ਼-ਖੁਸ਼ ਅੱਜ ਆਪਣੇ ਭਤੀਜੇ ਨੂੰ ਨਿਹਾਰ ਰਿਹਾ ਸੀ । ਮਾਮਾ ਕ੍ਰਿਸ਼ਨਾ ਦੀ ਖੁਸ਼ੀ ਮਿਉਂਦੀ ਨਹੀਂ ਸੀ । ਆਖ਼ਰ ਉਹ ਵੇਲਾ ਵੀ ਆਇਆ ਜਦ ਸਭ 'ਤੇ ਕੇਸਰ ਛਿੜਕਿਆ ਗਿਆ, ਅਤਰ-ਫੁਲੇਲ ਨਾਲ ਸਾਰਾ ਵਾਤਾਵਰਣ ਮਹਿਕ ਉਠਿਆ । ਮਹਿਕੀ-ਖਿੜੀ ਜੰਞ ਪੱਖੋ ਕੇ ਵੱਲ ਰਵਾਨਾ ਹੋਈ । ਰਥ, ਘੋੜੇ ਤੇ ਬੈਲ-ਗੱਡੀਆਂ ਵਿਚ ਸਜੇ ਬਰਾਤੀ ਬਾਬੇ ਨਾਨਕ ਨੂੰ ਵਿਆਹੁਣ ਜਾ ਰਹੇ ਸਨ ।

ਧਿਆਨਯੋਗ ਨੁਕਤਾ ਤਾਂ ਇਹ ਹੈ ਸਾਡੇ ਸਾਡੇ ਲਿਖਾਰੀ ਇਕ ਮਤ ਨਹੀਂ ਕਿ ਜੰਞ ਸੁਲਤਾਨਪੁਰੋਂ ਚੜ੍ਹੀ ਜਾਂ ਤਲਵੰਡੀ ਤੋਂ ? ਇਹ ਤਾਂ ਠੀਕ ਹੈ, ਵਿਆਹੋਂ ਪਹਿਲਾਂ ਹੀ ਗੁਰੂ ਨਾਨਕ ਦੇਵ ਆਪਣੀ ਭੈਣ ਕੋਲ ਸੁਲਤਾਨਪੁਰ ਲੋਧੀ ਆ ਗਏ ਸਨ । ਪਰ ਮਾਲੂਮ ਹੁੰਦਾ ਹੈ, ਇਕਲੌਤੇ ਪੁੱਤਰ ਹੋਣ ਕਰ ਕੇ ਤੇ ਉਹ ਵੀ ਚੰਗੇ ਰਈਸ ਘਰਾਣੇ ਦੇ ਹੋਣ ਕਰ ਕੇ ਮਹਿਤਾ ਕਾਲੂ ਨੇ ਆਪਣੇ ਚਾਅ-ਮਲ੍ਹਾਰ ਪੂਰੇ ਕਰਨ ਲਈ ਬਰਾਤ ਤਲਵੰਡੀਉਂ ਹੀ ਚਾੜ੍ਹਨੀ ਮੁਨਾਸਿਬ ਸਮਝੀ ਹੋਵੇਗੀ । ਉਹ ਉਂਝ ਵੀ ਚੰਗੇ ਅਸਰ-ਰਸੂਖ਼ ਵਾਲਾ ਬੰਦਾ ਸੀ ਤੇ ਵੱਡੇ ਖਾਨਦਾਨ ਵਾਲਾ ਵੀ । ਬੀਬੀ ਸੁਲੱਖਣੀ ਦਾ ਲਾੜਾ ਸਜਿਆ-ਫਬਿਆ ਰਈਸੀ ਠਾਠ-ਬਾਠ ਨਾਲ ਤੇ ਸਹਿਜ ਸਾਦਗੀ ਵਿਚ ਅਡੋਲ 'ਸਮਤੋਲ' ਦਾ ਪ੍ਰਤੱਖ ਪ੍ਰਮਾਣ ਸੀ ।

4

ਅੱਜ ਪਟਵਾਰੀ ਮੂਲ ਚੰਦ ਚੋਣੇ ਦੇ ਪਿੰਡ ਪੱਖੋਕੇ ਵਿਚ ਰੌਣਕਾਂ ਦਾ ਹੜ੍ਹ ਆਇਆ ਹੋਇਆ ਸੀ । ਬੀਬੀ ਸੁਲੱਖਣੀ ਮਾਪਿਆਂ ਦੀ ਇਕੋ-ਇਕ ਧੀ ਸੀ । ਬੀਬੀ ਦਾ ਘਰ-ਵਿਹੜਾ ਮੇਲਣਾਂ ਨਾਲ ਭਰਿਆ ਹੋਇਆ ਸੀ । ਪਿੰਡ ਦੀ ਨੈਣ ਆਈ, ਬੀਬੀ ਸੁਲੱਖਣੀ ਨੂੰ ਵੱਟਣਾ ਮਲਿਆ ਗਿਆ, ਮਹਿੰਦੀ ਲਾਈ ਗਈ । ਦੂਜੇ ਪਾਸੇ, ਸੁਹਾਗ ਗਾਏ ਗਏ । ਮਹਿੰਦੀ ਦੇ ਗੀਤਾਂ ਨਾਲ ਹਵੇਲੀ ਗੂੰਜ ਉਠੀ । ਕੁੜੀਆਂ-ਚਿੜੀਆਂ ਦਾ ਚਾਉ ਤਾਂ ਮਿਉਂਦਾ ਹੀ ਨਹੀਂ ਸੀ । ਕੋਈ ਮੋਂਢੀਆਂ ਗੁੰਦ ਰਹੀ ਸੀ, ਕੋਈ ਪਰਾਂਦੀ ਦੇ ਲੜ ਵੇਖ-ਪਰਖ ਰਹੀ ਸੀ, ਕੋਈ ਬੀਬੀ ਦਾ ਦਾਜ ਵੇਖ ਰਹੀ ਸੀ । ਤਰ੍ਹਾਂ ਤਰ੍ਹਾਂ ਦੀਆਂ ਫੁਲਕਾਰੀਆਂ, ਬਿਸਤਰੇ, ਪੀੜ੍ਹੇ, ਪਲੰਘ, ਭਾਂਡੇ, ਕਪੜੇ ਸਭ ਦੇ ਸਭ ਆਪਣੀ ਅਮੀਰੀ ਦੀ ਸਾਖ ਭਰ ਰਹੇ ਸਨ । ਹਲਵਾਈ ਸਤਰੰਗੀ ਮਠਿਆਈ ਬਣਾ ਬਣਾ ਕੇ ਥਾਲਾਂ ਵਿਚ ਸਜਾ ਰਹੇ ਸਨ । ਕਈ ਪ੍ਰਕਾਰ ਦੇ ਭੋਜਨ, ਸਬਜ਼ੀਆਂ ਦੇ ਤੜਕੇ ਸਾਰੇ ਮਾਹੌਲ ਨੂੰ ਸੁਆਦਲਾ ਬਣਾ ਰਹੇ ਸਨ । ਅੱਜ ਪਿੰਡ ਦਾ ਸਰਾਫ਼ ਚਾਅ ਨਾਲ ਬੀਬੀ ਦੇ ਗਹਿਣੇ ਵਿਖਾਉਣ ਆਇਆ । ਝੁਮਕੀ, ਬੁਘਤੀਆਂ, ਰਾਣੀਹਾਰ, ਗੋਖਰੂ, ਛਾਪਾਂ, ਛੱਲੇ, ਪੰਜੇਬਾਂ ਆਦਿ ਸਭ ਇਕ ਦੂਜੇ ਤੋਂ ਵੱਧ । ਬੀਬੀ ਸੁਲੱਖਣੀ ਸੰਕੋਚ ਰੁੱਧੀ ਜਗਿਆਸਾ ਪੂਰਨ ਸਭ ਕੁਝ ਨਿਹਾਰ ਰਹੀ ਸੀ । ਆਉਣ ਵਾਲੇ ਸਮੇਂ ਨੂੰ ਸੋਚ ਕਦੀ ਖਿੜ ਉਠਦੀ,

ਕਦੀ ਨਾਂਹ-ਪੱਖੀ ਸੋਚ ਨਾਲ ਮਸੋਸੀ ਜਾਂਦੀ। *'ਕਿਆ ਜਾਨਾ ਕਿਆ ਕਰਸੀ ਪੀਉ'* ਦਾ ਅਸਲੀ ਮਰਮ ਅੱਜ ਬੀਬੀ ਸੁਲੱਖਣੀ ਨੂੰ ਸਮਝ ਆ ਰਿਹਾ ਸੀ।

ਕਰਦਿਆਂ-ਕਰਾਂਦਿਆਂ ਉਹ ਵੇਲਾ ਵੀ ਆਣ ਪੁੱਜਾ ਜਦੋਂ ਬਰਾਤ ਦਾ ਢੁਕਾਅ ਹੋਣਾ ਸੀ। ਬਰਾਤੀਆਂ ਦੀ ਵੰਨ-ਸੁਵੰਨਤਾ ਨੇ ਲੋਕਾਂ ਨੂੰ ਖੁਸ਼ ਵੀ ਕੀਤਾ, ਹਸਾਇਆ ਵੀ ਤੇ ਕਈਆਂ ਠੱਠਾ-ਮਖੌਲ ਵੀ ਕੀਤਾ ਤੇ ਕਈਆਂ ਨੇ ਰੰਜ ਵੀ। ਬਾਬੇ ਨਾਨਕ ਦੀ ਜੰਞ ਵਿਚ ਸਾਧਾਰਣ ਲੀੜਿਆਂ ਵਿਚ ਸਾਧਾਰਣ ਬੰਦੇ ਨੁਕਤਾਚੀਨੀ ਦਾ ਸ਼ਿਕਾਰ ਹੋਏ। ਕਈਆਂ ਨੇ ਕਿਹਾ ਬਾਬੇ ਨਾਨਕ ਦੇ ਸਿਲਸਿਲੇ ਦੀ ਸਮਝ ਨਹੀਂ ਆ ਰਹੀ। ਭਲਾ ਵੱਡੇ ਘਰ ਦੇ ਪੁੱਤਰ ਨੂੰ ਇਹੋ ਜਿਹੇ ਗਰੀਬੜਿਆਂ ਨਾਲ ਵਾਸਤਾ ਰੱਖਣ ਦੀ ਕੀ ਲੋੜ ਹੈ ? ਕੋਈ ਕਹੇ ਗੁਰੂ ਨਾਨਕ ਤਾਂ ਹੈ ਹੀ ਦਰਦਮੰਦਾਂ ਦਾ ਸਾਥੀ ! ਖ਼ੁਦ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ-ਰਚਨਾ ਵਿਚ ਉਚਾਰਿਆ, ਉਸ ਦੀ ਮਿਸਾਲ ਆਪਣੇ ਜੀਵਨ ਵਿਚ ਜੀਅ ਕੇ ਦਿੱਤੀ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

(ਗੁਰੂ ਗ੍ਰੰਥ ਸਾਹਿਬ, ਪੰਨਾ 15)

ਇਸੇ ਤਰ੍ਹਾਂ ਕੋਈ ਕਹੇ ਕੇਡਾ ਜਲਾਲਵੰਤ ਹੈ ਲਾੜਾ। ਕੋਈ ਕਹੇ ਕਿਆ ਨਿਰਾਲੀ ਸ਼ਾਨ ਹੈ, ਇਨ੍ਹਾਂ ਰਥ ਵਾਲਿਆਂ ਦੀ। ਵੇਖੋ ਭਾਈ ਏਹ ਨਵਾਬ ਆਪ ਵੀ ਬਰਾਤੀ ਬਣ ਕੇ ਆਇਆ ਹੈ, ਜ਼ਰੂਰ (ਗੁਰੂ) ਨਾਨਕ ਵਿਚ ਖਿੱਚ ਹੈ। ਰਾਇ ਬੁਲਾਰ ਵੀ ਵੇਖੇ ਕਿਥੋਂ ਨਾਲ ਹੋ ਟੁਰਿਆ— ਤਲਵੰਡੀ ਤੋਂ। ਧੰਨ ਹੈ ਬਾਬਾ ਨਾਨਕ ਜਿਸ ਅਮੀਰ-ਗਰੀਬ ਵਿਚ ਫ਼ਰਕ ਨਹੀਂ ਕੀਤਾ। ਸਭ ਨੂੰ ਇਕੋ ਜੇਹਾ ਮਾਣ ਦਿੱਤਾ ਹੈ। ਧੰਨ ਹੈ, ਬੀਬੀ ਸੁਲੱਖਣੀ ਦਾ ਲਾੜਾ !

ਗੁਰੂ ਨਾਨਕ ਪਾਤਸ਼ਾਹ ਬਾਰੇ ਇਤਿਹਾਸਕਾਰਾਂ ਨੇ ਇਕ ਹੋਰ ਵਿਵਾਦ ਵੱਲ ਵੀ ਇਸ਼ਾਰਾ ਕੀਤਾ ਹੈ। ਉਹ ਸੀ ਪੰਡਿਤਾਂ ਦਾ ਸਮੇਂ ਦੇ ਮਹੂਰਤ ਉੱਪਰ ਬਲ ਦੇਣਾ। ਗੁਰੂ ਨਾਨਕ ਦੇਵ ਸਾਰੇ ਵਕਤ ਉਸ ਕਰਤਾਰ ਦੇ ਬਣਾਏ ਹੋਏ ਮੰਨਦੇ ਸਨ ਤੇ ਪੰਡਿਤਾਂ ਦੇ ਵਹਿਮ-ਭਰਮ ਤੋਂ ਮੁਕਤ ਸਨ। ਸੰਖੇਪ ਵਿਚ, ਦੋ ਵਿਵਾਦ ਪ੍ਰਮੁੱਖ ਹਨ। ਪਹਿਲਾ, ਬਰਾਤੀਆਂ ਵਿਚ ਗਰੀਬ-ਗੁਰਬਿਆਂ ਦਾ ਆਉਣਾ। ਦੂਜਾ, ਪੰਡਿਤਾਂ ਦੀ ਸੋਚ ਅਤੇ ਵਿਹਾਰ ਦਾ ਖੰਡਨ। ਇਸ ਗੱਲ ਨੇ ਧੇਤ੍ਰਿਆਂ ਨੂੰ ਉਤੇਜਿਤ ਕੀਤਾ। ਉਨ੍ਹਾਂ ਸੋਚਿਆ ਬਰਾਤ ਵਾਪਸ ਚਲੀ ਜਾਏ। ਅਜਿਹੇ ਸਮੇਂ ਇਕ ਹੋਰ ਸੱਜਣ ਭੰਡਾਰੀ ਜੀ ਨਿੱਤਰੇ। ਉਨ੍ਹਾਂ ਕਿਹਾ, ਬਰਾਤ ਵਾਪਸ ਨਹੀਂ ਜਾਏਗੀ। ਮੈਂ ਆਪਣੀ ਲੜਕੀ ਦਾ ਡੋਲਾ ਗੁਰੂ ਜੀ ਨੂੰ ਦੇਂਦਾ ਹਾਂ। ਹੁਣ ਧੇਤੇ ਹੋਰ ਪਸ਼ੇਮਾਨ ਹੋ ਗਏ। ਸੋਚਿਆ ਜੇ ਵਿਆਹ ਸਾਡੇ ਘਰ ਨਹੀਂ ਹੁੰਦਾ ਤਾਂ ਬਟਾਲੇ ਦੇ ਕਿਸੇ ਹੋਰ ਨਿਵਾਸੀ ਵੱਲ ਵੀ ਨਾ ਹੋਵੇ।

ਅਖ਼ੀਰ ਉਨ੍ਹਾਂ ਸਾਜ਼ਿਸ਼ ਰਾਹੀਂ ਗੁਰੂ ਸਾਹਿਬ ਨੂੰ ਮਾਰਨ ਦਾ ਰਾਹ ਲੱਭਿਆ। ਲਾਗੇ ਹੀ ਇਕ ਕੱਚੀ ਕੰਧ ਸੀ ਜੋ ਬਹੁਤ ਹੀ ਬੁਰੀ ਤਰ੍ਹਾਂ ਹਿੱਲ ਰਹੀ ਸੀ ਤੇ ਕਿਸੇ ਵੇਲੇ ਵੀ ਡਿੱਗ ਸਕਦੀ ਸੀ। ਗੁਰੂ ਜੀ ਨੂੰ ਉਸ ਦੇ ਲਾਗੇ ਆਣ ਬਿਠਾਇਆ। ਉਨ੍ਹਾਂ ਸੋਚਿਆ ਏਸ ਕੰਧ ਹੇਠ ਆਪੇ ਹੀ ਦੱਬ ਜਾਏਗਾ। "ਇਥੋਂ ਪਰੇ ਹਟ ਜਾਓ, ਇਹ ਕੰਧ ਹਿੱਲਦੀ ਪਈ ਏ, ਇਹ ਹੁਣੇ ਡਿੱਗ ਜਾਏਗੀ।" ਮਾਈ ਦੀ ਗੱਲ ਸੁਣ ਕੇ ਗੁਰੂ ਜੀ ਹੱਸ ਪਏ "ਮਾਈ ਇਹ ਕੰਧ ਤਾਂ ਜੁਗਾਂ ਤਕ ਨਹੀਂ ਡਿੱਗਣੀ।" ਮਾਈ ਨੂੰ ਗੁਰੂ ਜੀ ਦੀ ਰਮਜ਼ ਨਾ ਸਮਝ ਆਈ ਤੇ ਉਹ

ਇਹੋ ਤਰਲੇ ਲੈਂਦੀ ਰਹੀ ਕਿ ਤੁਸੀਂ ਇਥੋਂ ਕੰਧ ਕੋਲੋਂ ਪਿੱਛੇ ਹਟ ਜਾਓ । ਕਹਿੰਦੇ ਨੇ ਗੁਰੂ ਜੀ ਅਡੋਲ ਉਥੇ ਬੈਠੇ ਰਹੇ । ਕੁਝ ਚਿਰ ਬਾਅਦ ਪੰਡਿਤਾਂ ਤੇ ਗੁਰੂ ਜੀ ਦੀ ਭਖਵੀਂ ਬਹਿਸ ਹੋਈ ਤੇ ਗੁਰੂ ਜੀ ਦਾ ਗੁਣਾ ਜਿੱਤ ਵੱਲ ਸੀ । ਅੰਤ, ਉਨ੍ਹਾਂ ਨੂੰ ਬੀਬੀ ਸੁਲੱਖਣੀ ਦੀ ਸ਼ਾਦੀ ਗੁਰੂ ਜੀ ਨਾਲ ਗੁਰੂ ਜੀ ਦੀਆਂ ਸ਼ਰਤਾਂ ਅਨੁਸਾਰ ਕਰਨੀ ਪਈ ।

ਸੁਆਲ ਹੋ ਸਕਦਾ ਹੈ ਕਿ ਇਸ ਮਾਈ ਨੂੰ ਕਿਸ ਨੇ ਭੇਜਿਆ ਸੀ ? ਜਾਂ ਇਹ ਆਪੇ ਹੀ ਆਈ ਸੀ ? ਹੋ ਸਕਦਾ ਹੈ ਬੀਬੀ ਸੁਲੱਖਣੀ ਨੇ ਹੀ ਕਿਸੇ ਜੁਗਤ ਨਾਲ ਭੇਜਿਆ ਹੋਵੇ । ਆਖਰ ਤਾਂ ਉਹ ਉਸ ਦੇ ਮੰਗੇਤਰ ਸਨ ਤੇ ਉਹਨੇ ਕੁੜਮਾਈ ਤੋਂ ਬਾਅਦ ਗੁਰੂ ਜੀ ਨੂੰ ਮਨ ਕਰ ਕੇ ਨਾ ਕੇਵਲ ਪ੍ਰਵਾਨ ਹੀ ਕੀਤਾ ਸੀ ਸਗੋਂ ਅਨੇਕ ਤਰ੍ਹਾਂ ਦੀਆਂ ਆਸਾਂ-ਉਮੀਦਾਂ ਦਾ ਸੰਸਾਰ ਵੀ ਸਿਰਜਿਆ ਸੀ । ਗੱਲ ਕੀ ਸ਼ਾਦੀ ਦੀ ਰਸਮ ਪੂਰੀ ਹੋਣ ਤੋਂ ਬਾਅਦ ਸੁਲੱਖਣੀ ਜੀ ਦੀ ਡੋਲੀ ਵਿਦਾ ਹੋਈ । ਇਨ੍ਹਾਂ ਦੇ ਮਾਪੇ ਵੀ ਖੁਸ਼ ਸਨ ਤੇ ਸੰਸੇ-ਗ੍ਰਸਤ ਵੀ । ਕਦੇ ਸੋਚਦੇ ਵਰ ਦੇ 'ਤੌਰ-ਤਰੀਕੇ' ਅਜੀਬ ਹਨ । ਪਤਾ ਨਹੀਂ ਸਾਡੀ ਸੁਖਾਂ-ਲੱਧੀ ਨਾਲ ਕੀ ਬਣੇਗਾ ? ਹੁਣ ਬਰਾਤੀ ਡੋਲੀ ਸਮੇਤ ਤਲਵੰਡੀ ਪੁੱਜੇ ।

ਅੱਜ ਮਾਤਾ ਤ੍ਰਿਪਤਾ ਨੇ ਨੂੰਹ-ਪੁੱਤਰ ਦੇ ਸ਼ਗਨ ਮਨਾਉਣੇ ਸਨ । ਮਾਂ ਨੇ ਪਰਿਵਾਰਕ ਰਸਮਾਂ ਵੀ ਕੀਤੀਆਂ ਤੇ ਧਾਰਮਿਕ ਵੀ । ਮਾਂ ਬਾਰ-ਬਾਰ ਵਾਰਨੇ-ਬਲਿਹਾਰਨੇ ਜਾ ਰਹੀ ਸੀ ਆਪਣੇ ਨੂੰਹ-ਪੁੱਤਰ ਦੀ ਅਨੁਪਮ ਜੋੜੀ ਤੋਂ । ਲਾੜੀ ਬੀਬੀ ਸੁਲੱਖਣੀ ਸੁੰਦਰਤਾ ਤੇ ਸੰਜਮ ਦਾ ਅਦੁੱਤੀ ਸੁਮੇਲ ਸੀ । ਉਹ ਰਿਸ਼ਤੇਦਾਰਨੀਆਂ ਵਿਚ ਘਿਰੀ ਕਦੀ-ਕਦੀ ਆਪਣੀ ਨਜ਼ਰ ਉਠਾ ਕੇ ਆਸੇ-ਪਾਸੇ ਆਪਣੇ ਘਰ ਨੂੰ ਨਿਹਾਰਦੀ । ਉਂਝ ਉਸ ਦੇ ਪੇਕਿਆਂ ਦਾ ਘਰ ਅਤੇ ਮਾਣ-ਮਰਾਤਬਾ ਵੀ ਉਸ ਦੇ ਸਹੁਰੇ ਘਰ ਨਾਲੋਂ ਛੋਟਾ ਨਹੀਂ ਸੀ । ਪਰ ਜਗਿਆਸੂ ਅੱਖ ਸਭ ਕੁਝ ਚੁਪਚਾਪ ਨਿਹਾਰ ਰਹੀ ਸੀ । ਇਕੋ-ਇਕ ਨਿਨਾਣ ਬੇਬੇ ਨਾਨਕੀ ਦਾ ਖੁਸ਼ੀ ਨਾਲ ਪੈਰ ਭੁੰਜੇ ਨਹੀਂ ਸੀ ਪੈ ਰਿਹਾ । ਉਸ ਦਾ ਵੀਰ ਨਾਨਕ ਅੱਜ ਪਰਿਵਾਰ ਵਾਲਾ ਬਣ ਗਿਆ ਸੀ । ਉਹਨੇ ਵੀ ਹੋਰ ਪੁੱਤਰਾਂ ਵਾਂਗ ਮਾਂ-ਬਾਪ ਦੀ ਆਸ ਪੁਜਾਈ ਸੀ । ਉਹ ਵੀ ਅੱਜ ਬਾਬਲ ਦੇ ਵਿਹੜੇ ਵਿਚ ਚਾਨਣ ਖਲੇਰ ਰਿਹਾ ਸੀ । ਉਸ ਦੇ ਖਿੜੇ ਚਿਹਰੇ ਅੱਗੇ ਚਮਨ ਦੀ ਬਹਾਰ ਵੀ ਫਿੱਕੀ ਲੱਗ ਰਹੀ ਸੀ । ਅੱਜ ਵਰ੍ਹਿਆਂ ਪਿੱਛੋਂ ਮਾਤਾ-ਪਿਤਾ ਇਕ ਖ਼ਾਸ ਤਰ੍ਹਾਂ ਦੇ ਸਕੂਨ ਵਿਚ ਸਨ । ਅਖ਼ੀਰ ਉਨ੍ਹਾਂ ਦਾ ਸਪੁੱਤਰ ਉਨ੍ਹਾਂ ਦੇ ਆਂਦਰੀਂ ਠੰਡ ਪਾ ਹੀ ਗਿਆ । ਉਜਲੀ ਠੰਡੀ ਸ਼ਾਮ ਅੱਜ ਘਰ ਦੇ ਜੀਆਂ ਨੂੰ ਸੀਤਲ ਹਿਲੋਰੇ ਦੇ ਰਹੀ ਸੀ । ਕੁਝ ਇਤਿਹਾਸਕਾਰਾਂ ਦਾ ਮਤ ਹੈ ਕਿ ਡੋਲੀ ਸੁਲਤਾਨਪੁਰ ਆਈ ਸੀ । ਪਰ ਸਹੀ ਇਹੋ ਜਾਪਦਾ ਹੈ ਕਿ ਬੀਬੀ ਸੁਲੱਖਣੀ ਦੀ ਜੰਞ ਉਸ ਦੇ ਸਹੁਰੇ ਘਰੋਂ ਤਲਵੰਡੀ ਤੋਂ ਹੀ ਤੁਰੀ ਸੀ ਤੇ ਉਥੇ ਹੀ ਡੋਲੀ ਲੈ ਕੇ ਪੁੱਜੀ ਸੀ । ਇਹ ਸ਼ਾਦੀ ਸੰਨ 1487 ਈਸਵੀ ਵਿਚ ਬਟਾਲੇ ਅਤੇ ਤਲਵੰਡੀ ਵਿਚ ਸੰਪੰਨ ਹੋਈ ।

5

ਸੁਲੱਖਣੀ ਜੀ ਕੁਝ ਦਿਨ ਸਹੁਰੇ ਘਰ ਠਹਿਰ ਕੇ ਆਪਣੇ ਪੇਕੀਂ ਤੇ ਉਥੋਂ ਹੀ ਉਹ ਸੁਲਤਾਨਪੁਰ ਲੋਧੀ ਆਪਣੇ ਪਤੀ ਕੋਲ ਆਈ । ਇਥੇ ਰਹਿੰਦਿਆਂ ਆਪਣੇ ਜੀਵਨ ਦੇ 14 ਵਰ੍ਹੇ ਆਪਣੇ ਪਤੀ ਦੇ ਸੰਗ-ਸਾਥ ਵਿਚ ਬਿਤਾਏ । ਇਥੇ ਰਹਿੰਦਿਆਂ ਹੀ ਉਨ੍ਹਾਂ ਦੋ ਲਾਲਾਂ

ਦੀ ਜੋੜੀ ਨੂੰ ਜਨਮ ਦਿੱਤਾ । ਬਾਬਾ ਸ੍ਰੀ ਚੰਦ ਜੀ 1494 ਈਸਵੀ ਅਤੇ ਲਖਮੀ ਦਾਸ 1496 ਈਸਵੀ ਵਿਚ ਪੈਦਾ ਹੋਏ । ਇਹੋ ਉਹ ਅਸਥਾਨ ਹੈ, ਜਿਥੇ ਉਨ੍ਹਾਂ ਨੇ ਪਤੀ ਨੂੰ ਦੁਨਿਆਵੀ ਕਾਰ-ਵਿਹਾਰ ਕਰਦਿਆਂ ਵੀ ਵੇਖਿਆ ਤੇ ਰੱਬੀ ਸੋਹਿਲੇ ਗਾਉਂਦੇ ਵੀ । ਇਹੋ ਉਹ ਅਸਥਾਨ ਹੈ ਜਿਥੇ ਪਤੀ ਨੇ ਅਨੇਕ ਤਰ੍ਹਾਂ ਦੇ ਮਹੱਤਵਪੂਰਣ ਕਾਰਜ ਕੀਤੇ । ਵੇਈਂ ਦੀ ਚੁੱਭੀ ਵੀ ਇਸੇ ਅਸਥਾਨ ਸੁਲਤਾਨਪੁਰ ਦਾ ਵਾਕਿਆ ਹੈ । ਕੀਰਤਨ ਕਰਨ-ਸੁਣਨ ਦੀ ਮਰਿਆਦਾ ਵੀ ਸਤਿਗੁਰਾਂ ਨੇ ਏਸੇ ਅਸਥਾਨ ਤੋਂ ਚਲਾਈ । ਏਸੇ ਅਸਥਾਨ 'ਤੇ ਰਹਿੰਦਿਆਂ ਹੀ ਨਵਾਬ ਦੌਲਤ ਖਾਂ ਦੇ ਮੋਦੀਖਾਨੇ ਵਿਚ ਗੁਰੂ ਜੀ 'ਮੋਦੀ' ਦੀ ਪਦਵੀ ਉੱਤੇ ਰਹੇ । ਇਹੋ ਉਹ ਅਸਥਾਨ ਹੈ, ਜਦੋਂ ਧਾਰਨਾ ਤੋਲਦੇ-ਤੋਲਦੇ ਮਾਤਾ ਸੁਲੱਖਣੀ ਦੇ ਪਤੀ 'ਤੇਰਾਂ' ਦੀ ਧਾਰਨਾ 'ਤੇ ਰੁਕ ਜਾਂਦੇ ਤੇ 'ਤੇਰਾ-ਤੇਰਾਂ' ਦੀ ਰਟ ਲਗਾ ਦੇਂਦੇ । ਏਥੇ ਹੀ ਮਾਂ ਸੁਲੱਖਣੀ ਨੇ ਆਪਣੇ ਬਾਲ-ਪੁੱਤਰਾਂ ਸ੍ਰੀ ਚੰਦ ਤੇ ਲਖਮੀਦਾਸ ਨਾਲ ਪਤੀ ਨੂੰ ਨਿੱਕੇ ਨਿੱਕੇ ਚੁਹਲ-ਮੁਹਲ ਕਰਦੇ ਵੇਖਿਆ । ਸ੍ਰੀ ਚੰਦ ਤਾਂ ਪਿਤਾ ਨਾਲ ਏਨਾ ਪਿਆਰ ਕਰਦੇ ਸਨ ਕਿ ਰਾਤੀਂ ਵੀ ਪਿਤਾ ਪਾਸ ਹੀ ਸੌਂਦੇ ਸਨ । ਮਾਤਾ ਸੁਲੱਖਣੀ ਪੁੱਤਰਾਂ ਦਾ ਪਿਤਾ-ਸਨੇਹ ਨੂੰ ਮਾਣਦਿਆਂ ਤੱਕ ਖੀਵੀ ਹੁੰਦੀ ਜਾਂਦੀ ਸੀ । ਪਤਨੀ ਦੇ ਤੌਰ ਤੇ ਮਾਤਾ ਸੁਲੱਖਣੀ ਬਹੁਤ ਹੀ ਆਗਿਆਕਾਰ, ਸੁਸ਼ੀਲ ਤੇ ਸੰਜਮਸ਼ੀਲ ਸੀ । ਪਤੀ ਜਦ ਵਿਹੜੇ ਵਿਚ ਵੜਦੇ ਤਾਂ ਉਸ ਨੂੰ ਲੱਗਦਾ ਜਿਵੇਂ ਕੁਲ ਆਲਮ ਦੀ ਰੌਣਕ ਉਹਦੇ ਵਿਹੜੇ ਵਿਚ ਆਣ ਬੈਠੀ ਹੈ । ਉਨ੍ਹਾਂ ਦੇ ਬਾਲ-ਪੁੱਤਰਾਂ ਦੇ ਤੋਤਲੇ ਬੋਲ ਸੁਣ ਕੇ ਉਸ ਦੇ ਪਤੀ ਮੁਸਕਰਾ ਪੈਂਦੇ । ਮਾਤਾ ਸੁਲੱਖਣੀ ਨੂੰ ਲੱਗਦਾ ਜਿਵੇਂ ਦੁਨੀਆ ਜਹਾਨ ਦੇ ਸੁਖ ਉਸ ਦੀ ਹਵੇਲੀ ਵਿਚ ਆਣ ਜੁੜੇ ਹਨ । ਪਤੀ ਅੰਮ੍ਰਿਤ ਵੇਲੇ ਉਠ ਕੇ ਵੇਈਂ ਨਦੀ 'ਤੇ ਇਸ਼ਨਾਨ ਕਰਨ ਲਈ ਚਲੇ ਜਾਂਦੇ । ਉਹ ਨਦੀ ਕਿਨਾਰੇ ਹੀ ਨਾਮ-ਸਿਮਰਨ ਵਿਚ ਜੁੜ ਜਾਂਦੇ । ਦਿਨ ਚੜ੍ਹੇ ਮਖ਼ਮੂਰੀ ਅੱਖਾਂ ਤੇ ਖਿੜੇ ਚਿਹਰੇ ਨਾਲ ਘਰ ਪਰਤਦੇ । ਮਾਤਾ ਸੁਲੱਖਣੀ ਵੀ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਦੁੱਧ ਰਿੜਕਦੀ, ਮੱਖਣ ਕੱਢਦੀ ਤੇ ਘਰ ਦਾ ਕੰਮ-ਕਾਜ ਮੁਕਾ ਪਤੀ ਨੂੰ ਉਡੀਕਦੀ ਤਾਂ ਜੋ ਉਹ ਛਾਹ-ਵੇਲਾ ਕਰ ਕੇ ਮੋਦੀਖਾਨੇ ਜਾਣ ਤੇ ਆਪਣੇ ਰੁਜ਼ਗਾਰ 'ਤੇ ਖਲੋਣ ।

ਬਾਬਾ ਨਾਨਕ ਅੱਜਕਲ੍ਹ "ਗ੍ਰਿਹਸਤਨ ਮਹਿ ਤੂ ਬਡੋ ਗ੍ਰਿਹਸਤੀ" ਵਾਲਾ ਕਾਰ-ਵਿਹਾਰ ਬੜੀ ਸੁਚੱਜਤਾ ਨਾਲ ਨਿਬਾਹ ਰਹੇ ਸਨ । ਸਿਆਣੀ ਭੈਣ ਨਾਨਕੀ ਵੀਰ ਨੂੰ ਘਰ ਵਿਚ ਰਚਿਆ-ਮਿਚਿਆ ਵੇਖ ਮਨ ਹੀ ਮਨ ਕੁਰਬਾਨ ਜਾਂਦੀ । ਛੋਟੇ ਭਤੀਜੇ ਪਿਤਾ-ਸਨੇਹ ਵਿਚ ਪਲ ਰਹੇ ਸਨ ਤੇ ਅਗਵਾਈ ਵੀ ਲੈ ਰਹੇ ਸਨ । ਪਿਤਾ ਜਦੋਂ ਸ਼ਾਮਾਂ ਨੂੰ ਘਰ ਮੁੜਦੇ ਤਾਂ ਸਨੇਹ-ਭਿੱਜੇ ਹੱਥਾਂ ਨਾਲ ਬਾਲਾਂ ਦੇ ਮੂੰਹ ਪਲੋਸਦੇ, ਕੰਡ ਨੂੰ ਥਾਪੜਦੇ ਤਾਂ ਮਾਤਾ ਸੁਲੱਖਣੀ ਖਿੜ-ਪੁੜ ਜਾਂਦੀ । ਬਹੁਤ ਹੀ ਚੰਗੇ ਦਿਨ ਸਨ ਇਹ, ਜਿਸ ਵਿਚ ਬਾਲ-ਪੁੱਤਰ ਤੇ ਪਤੀ-ਪਤਨੀ ਰਲ-ਮਿਲ ਕੇ ਖੁਸ਼ੀ ਖੁਸ਼ੀ ਦਿਨ ਬਿਤਾ ਰਹੇ ਸਨ ।

6

ਸਮਾਂ ਇਕਸਾਰ ਨਹੀਂ ਰਹਿੰਦਾ । ਮਾਤਾ ਸੁਲੱਖਣੀ ਦੇ ਪਤੀ ਗੁਰੂ ਨਾਨਕ ਦੇਵ ਜੀ ਦੁਖੀਆਂ ਦਾ ਦਰਦ ਵੰਡਾਉਣ ਲਈ ਘਰੋਂ ਬਾਹਰ ਜਾਣਾ ਚਾਹੁੰਦੇ ਸੀ । ਇਹ ਗੱਲ ਉਨ੍ਹਾਂ ਨੇ ਆਪਣੇ ਪਰਿਵਾਰ ਨੂੰ ਵੀ ਦੱਸੀ ਤੇ ਭੈਣ ਨਾਨਕੀ ਨੂੰ ਵੀ । ਹੁਣ ਭੈਣ-ਹਿਰਦਾ ਬੋਲ ਉਠਿਆ, "ਇਸ

ਤੋਂ ਪਹਿਲਾਂ ਤੁਸੀਂ ਪਿਤਾ ਦੇ ਕਹੇ ਖੇਤੀ ਨਹੀਂ ਕੀਤੀ, ਸੁਦਾਗਰੀ ਨਹੀਂ ਕੀਤੀ, ਹੱਟੀ ਨਹੀਂ ਪਾਈ, ਹੁਣ ਜੇ ਮੋਦੀਖਾਨੇ ਵਿਚ ਚਾਕ਼ਰੀ ਕਰਨ ਲੱਗੇ ਹੋ ਤਾਂ ਉਹ ਵੀ ਛੱਡਣ ਲਈ ਤਿਆਰ ਬੈਠੇ ਹੋ। ਇਥੇ ਤਾਂ ਆਪ ਗਰੀਬਾਂ ਦੀਆਂ ਝੋਲੀਆਂ ਵੀ ਭਰਦੇ ਸੀ, ਘਰ ਦਾ ਵੀ ਕਰਦੇ ਸੀ ਤੇ ਪਰਮਾਰਥ ਵੀ ਨਾਲ-ਨਾਲ ਕਰੀ ਜਾ ਰਹੇ ਸੀ। ਲਖਮੀ ਦਾਸ ਤਾਂ ਭਾਵੇਂ ਛੋਟਾ ਹੈ ਪਰ ਸ੍ਰੀ ਚੰਦ ਤਾਂ ਤੁਹਾਡੇ ਬਿਨਾਂ ਰਹਿੰਦਾ ਹੀ ਨਹੀਂ। ਦਿਨ ਭਰ ਮੋਦੀਖਾਨੇ ਵੱਲ ਦੌੜਦਾ ਹੈ। ਰਾਤ ਵੀ ਤੁਹਾਡੇ ਕੋਲ ਸੌਂਦਾ ਹੈ। ਇਹ ਆਪ ਤੋਂ ਵਿਛੜ ਕੇ ਕੀ ਕਰੇਗਾ ? ਕਿਵੇਂ ਰਹੇਗਾ ?" ਗੁਰੂ ਜੀ ਉਠੇ ਤੇ ਸ੍ਰੀ ਚੰਦ ਨੂੰ ਬੇਬੇ ਨਾਨਕੀ ਦੀ ਝੋਲੀ ਪਾ ਦਿੱਤਾ। "ਅੱਜ ਤੋਂ ਇਹ ਤੁਹਾਡਾ ਹੀ ਪੁੱਤਰ ਹੈ। ਤੁਸੀਂ ਇਸ ਦੀ ਪਾਲਣਾ ਕਰੋ। ਬੇਬੇ ਜੀਉ ਇਸ ਨੂੰ ਕੇਵਲ ਸਪੁੱਤਰ ਹੀ ਨਾ ਜਾਣਨਾ, ਇਹ ਆਪਣੀ ਪ੍ਰੇਮਾ ਭਗਤੀ ਸਦਕਾ ਵੱਡਾ ਮਹਾਤਮਾ ਹੋਵੇਗਾ। ਇਸ ਦਾ ਆਪਣਾ ਪੰਥ ਚੱਲੇਗਾ। ਇਹ ਜਗਤ ਤਾਰਕ ਹੋਵੇਗਾ। ਇਹ ਜਤੀ-ਸਤੀ ਤੇ ਚਿਰੰਜੀਵੀ ਸਾਧੂ ਹੋਵੇਗਾ।

"ਲਖਮੀ ਦਾਸ ਆਪਣੀ ਮਾਤਾ ਨਾਲ ਪਰਚ ਜਾਵੇਗਾ। ਇਸ ਦੀ ਸੰਤਾਨ ਹੋਵੇਗੀ। ਇਹ ਵੀ ਸਿਮਰਨ ਕਰ ਕੇ ਮਾਨ ਪ੍ਰਾਪਤ ਕਰੇਗਾ। ਸਾਡਾ-ਤੁਹਾਡਾ ਵਾਇਦਾ ਰਿਹਾ ਤੁਸੀਂ ਜਦ ਵੀ ਯਾਦ ਕਰੋਗੇ ਅਸੀਂ ਆ ਜਾਇਆ ਕਰਾਂਗੇ।" ਮਾਤਾ ਸੁਲਖੱਣੀ ਹੈਰਾਨ-ਪਸ਼ੇਮਾਨ ਗੁਰੂ ਜੀ ਦੇ ਬਚਨਾਂ ਦਾ ਮਰਮ ਸਮਝਣ ਦੀ ਕੋਸ਼ਿਸ਼ ਕਰ ਰਹੇ ਸੀ। ਜ਼ਿੰਦਗੀ ਦੇ ਕਾਲੇ ਕੋਹ ਕਿਵੇਂ ਪਾਰ ਹੋਣਗੇ ? ਉਹ ਕਿਥੇ ਰਹੇਗੀ ? ਉਸ ਨੂੰ ਕੁਝ ਨਹੀਂ ਸੀ ਪਤਾ ਕਿ ਕੀ ਹੋਣ ਵਾਲਾ ਹੈ ? ਉਹ ਤਾਂ ਬਾਰੰਬਾਰ ਇਹੋ ਸੋਚ ਰਹੀ ਸੀ ਕਿ ਉਸ ਦੇ ਪਤੀ ਘਰ-ਬਾਰ ਤਿਆਗ ਕੇ ਸਾਧੂ ਹੋਣਾ ਕਿਉਂ ਸੋਚ ਰਹੇ ਹਨ ? ਉਹ ਅਜੇ ਇਸ ਤਰ੍ਹਾਂ ਸੋਚ ਹੀ ਰਹੀ ਸੀ ਕਿ ਉਸ ਨੂੰ ਪਤਾ ਲੱਗਾ ਕਿ ਉਸ ਦੇ ਪਤੀ ਨੇ ਮੋਦੀਖਾਨਾ ਲੁਟਾ ਦਿੱਤਾ ਹੈ। ਆਪ ਉੱਚੀ-ਉੱਚੀ ਅਵਾਜ਼ਾਂ ਮਾਰ ਕੇ ਲੋੜਵੰਦਾਂ ਨੂੰ ਬੁਲਾਇਆ ਹੈ ਤੇ ਕਿਹਾ ਹੈ ਬਿਨਾਂ ਪੈਸੇ ਦਿੱਤਿਆਂ ਜੋ ਚਾਹੀਦਾ ਹੈ, ਲੈ ਜਾਉ। ਲੋਕੀਂ ਵੀ ਪੰਡਾਂ ਬੰਨ੍ਹ ਕੇ ਲੈ ਤੁਰੇ। ਜਿਤਨੇ ਪੈਸੇ ਸਨ ਉਹ ਭਾਈਆ ਜੈ ਰਾਮ ਨੂੰ ਦਿੱਤੇ ਕਿ ਉਹ ਜਾ ਕੇ ਨਵਾਬ ਦਾ ਹਿਸਾਬ ਚੁਕਾ ਦੇਣ।

ਮਾਤਾ ਸੁਲੱਖਣੀ ਦਾ ਸਾਈਂ ਅੱਜ ਦੁਨੀਆ ਦਾ ਤਿਆਗ ਕਰ ਕੇ ਰੱਬੀ-ਰਾਹ ਵੱਲ ਤੁਰ ਪਿਆ ਸੀ। ਰੋਜ਼ ਦੀ ਤਰ੍ਹਾਂ ਵੇਈਂ ਵਿਚ ਟੁੱਭੀ ਲਾਈ ਪਰ ਬਾਹਰ ਨਹੀਂ ਆਏ। ਨਵਾਬ ਦੌਲਤ ਖਾਂ ਨੇ ਦੂਰ-ਦੂਰ ਤਕ ਟੋਭੇ ਭੇਜੇ ਪਰ ਮਾਂ ਸੁਲੱਖਣੀ ਦੇ ਸਾਈਂ ਦੀ ਕੋਈ ਖ਼ਬਰ ਨਹੀਂ ਮਿਲੀ। ਮਾਂ ਸੁਲੱਖਣੀ ਮਨ ਹੀ ਮਨ ਆਪੇ ਸੁਆਲ ਕਰਦੀ ਤੇ ਆਪੇ ਉੱਤਰ ਦੇਂਦੀ। ਪਰ ਉਸ ਨੂੰ ਤਸੱਲੀ ਨਾ ਹੁੰਦੀ। ਉਹ ਬਾਰੰਬਾਰ ਪੁੱਛਦੀ ਉਹ ਨਦੀ 'ਚੋਂ ਕਿਧਰ ਗਏ ? ਅੱਜ ਸੱਚਮੁੱਚ ਹੀ ਬਹੁਤ ਭਿਆਨਕ ਦਿਨ ਮਾਤਾ ਸੁਲੱਖਣੀ ਦੀ ਜ਼ਿੰਦੇਗੀ ਵਿਚ ਆਇਆ। ਪੱਖੋਕੇ ਤੇ ਤਲਵੰਡੀ ਵੀ ਖ਼ਬਰਾਂ ਭੇਜੀਆਂ ਗਈਆਂ। ਰੱਬ ਦੀ ਨੇਤ ਗੁਰੂ ਜੀ ਤਿੰਨ ਦਿਨਾਂ ਬਾਅਦ ਮਸਾਣਾਂ ਦੇ ਵੀਰਾਨੇ ਵਿਚ ਬੈਠੇ ਮਿਲ ਗਏ। ਸਾਰੇ ਦੇ ਸਾਰੇ ਨਿਰਾਸ਼ਾ ਤੋਂ ਆਸ਼ਾ ਵੱਲ ਮੁੜ ਆਏ। ਗੁਰੂ ਜੀ ਉਥੋਂ ਉਠੋਂ ਕੇ ਮਸੀਤ ਵਿਚ ਆਣ ਖਲੋਤੇ। ਇਥੇ ਹੀ ਕਾਜ਼ੀ ਨਾਲ ਨਮਾਜ਼ ਪੜ੍ਹੀ ਤੇ ਉਸ ਨੂੰ ਚਿੱਤ ਇਕਾਗਰ ਨਾ ਹੋਣ ਕਰ ਕੇ ਆਪਣੀ ਸੂਈ ਹੋਈ ਘੋੜੀ ਦੀ ਵਛੇਰੀ ਪਿੱਛੇ ਦੌੜਨ ਲਈ ਤਾੜਨਾ ਕੀਤੀ। ਮਾਂ ਸੁਲੱਖਣੀ ਦੇ ਕੰਨੀਂ ਵੀ ਪਤੀ ਦੀ ਅਜ਼ਮਤ ਬਾਰੇ ਚਰਚਾ ਆਣ ਪੁੱਜੀ, ਉਹ ਸੋਚਣ ਲੱਗ ਪਈ। ਉਹ ਤਾਂ ਏਨਾ ਸਮਾਂ ਮੇਰੇ ਕੋਲ ਰਹੇ ਪਰ

ਮੈਂ ਤਾਂ ਉਨ੍ਹਾਂ ਦਾ ਇਹ ਦੀਦਾਰ ਨਾ ਕਰ ਸਕੀ। ਉਸ ਨੂੰ ਪਤਾ ਲੱਗਾ ਕਿ ਤਲਵੰਡੀਉਂ ਮਰਦਾਨਾ, ਮਾਤਾ-ਪਿਤਾ ਦੇ ਭੇਜਿਆ ਸੁਲਤਾਨਪੁਰ ਵਾਸੀਆਂ ਦਾ ਸਾਰ-ਸੰਭਾਲ ਕਰਨ ਆਇਆ ਹੈ। ਭੋਲੀ ਮਾਂ ਸੁਲੱਖਣੀ ਕੀ ਜਾਣੇ ਜਿਹੜਾ ਸਾਰ ਲੈਣ ਆਇਆ ਹੈ, ਉਸ ਵੀ ਮੇਰੇ ਪਤੀ ਦੇ ਸੰਗ-ਸਾਥ ਵਿਚ ਬਾਹਰ ਉਦਾਸੀਆਂ 'ਤੇ ਚਲੇ ਜਾਣਾ ਹੈ ਤੇ ਮਾਪੇ ਤਲਵੰਡੀ ਵਿਚ ਨਾਨਕ ਜੀ ਨੂੰ ਉਡੀਕਦੇ ਹੀ ਰਹਿਣਗੇ।

ਉਧੱਰ ਮਰਦਾਨੇ ਦੇ 'ਪੂਰਬ ਕਰਮ ਅੰਕੁਰ ਜਬ ਪ੍ਰਗਟੈ' ਭਾਗ ਜਾਗੇ। ਮਾਂ ਸੁਲੱਖਣੀ ਦੇ ਸਾਈਂ ਨੇ ਮਰਦਾਨੇ ਨੂੰ ਭੈਣ ਨਾਨਕੀ ਵੱਲ ਭੇਜਿਆ ਕਿ ਉਸ ਤੋਂ ਰੁਪਏ ਲੈ ਕੇ ਰਬਾਬ ਖ਼ਰੀਦ ਲਿਆ। ਮਰਦਾਨੇ ਦੀ ਕਈ ਦਿਨਾਂ ਦੀ ਭਾਲ ਮਗਰੋਂ 'ਫਿਰੰਦਾ' ਨਾਮ ਦੇ ਗਵੱਈਏ ਕੋਲੋਂ ਜਾ 'ਰਬਾਬ' ਖਰੀਦੀ, ਤੇ ਜਦੋਂ ਉਸ ਨੇ ਆਣ ਕੇ ਗੁਰੂ ਦੀ ਹਜ਼ੂਰੀ ਵਿਚ ਵਜਾਈ ਜ਼ਿਮੀਂ-ਅਸਮਾਨ 'ਤੂੰਹੀ ਨਿਰੰਕਾਰ, ਤੂੰਹੀ ਨਿਰੰਕਾਰ' ਨਾਲ ਗੂੰਜਣ ਲੱਗ ਪਿਆ। ਇਹ ਗੂੰਜ ਦਰਅਸਲ ਇਸ ਗੱਲ ਦਾ ਐਲਾਨ ਸੀ ਕਿ ਹੁਣ ਬਾਬਾ ਨਾਨਕ ਪ੍ਰਚਾਰ-ਯਾਤਰਾ ਉੱਤੇ ਬਾਹਰ ਜਾਣ ਲੱਗੇ ਹਨ। ਮਾਤਾ ਸੁਲੱਖਣੀ ਨੇ ਰੱਬੀ ਰਜ਼ਾ ਨੂੰ ਮੰਨਣ ਲਈ ਸਿਰ ਨਿਵਾ ਦਿੱਤਾ। ਗੁਰੂ ਜੀ ਨੇ ਸੰਨ 1501 ਈਸਵੀ ਵਿਚ ਪਹਿਲੀ ਉਦਾਸੀ ਧਾਰਨ ਕੀਤੀ।

7

ਅੱਜ ਮਾਂ ਸੁਲੱਖਣੀ ਬਹੁਤ ਵੈਰਾਗ ਕੀਤਾ। ਉਦਾਸੀ ਦੀ ਮਾਰੀ ਕਦੀ ਅੰਦਰ ਜਾਂਦੀ ਤੇ ਕਦੀ ਬਾਹਰ। ਆਪਣੇ ਨਿੱਕੇ ਬੱਚੇ ਵੀ ਚੰਗੇ ਨਾ ਲੱਗਣ, ਖਾਣਾ-ਪੀਣਾ ਤਾਂ ਦਰਕਿਨਾਰ ਸੀ। ਘਰ ਦੇ ਲਵੇਰੇ ਮੂੰਹ ਚੁੱਕ ਚੁੱਕ ਵੇਖ ਰਹੇ ਸਨ। ਦੁੱਧ-ਦਹੀਂ ਸਾਂਭਣ ਵਾਲਾ ਪਿਆ ਸੀ ਪਰ ਮਾਂ ਸੁਲੱਖਣੀ ਦੀ ਸੁਰਤ ਤਾਂ ਪਤੀ ਦੇ ਪਿੱਛੇ-ਪਿੱਛੇ ਦੌੜ ਰਹੀ ਸੀ।

ਬਾਬਾ ਸ੍ਰੀ ਚੰਦ ਦੀ ਉਮਰ ਉਦੋਂ ਸੱਤ ਕੁ ਸਾਲ ਦੀ ਸੀ ਤੇ ਬਾਬਾ ਲਖਮੀ ਦਾਸ ਚਾਰ ਕੁ ਵਰ੍ਹਿਆਂ ਦੇ। ਬਾਬਾ ਸ੍ਰੀ ਚੰਦ ਜੀ ਨੂੰ ਤਾਂ ਖ਼ੁਦ ਹੀ ਮਾਂ ਦੇ ਪਤੀ, ਆਪ ਭੈਣ ਨਾਨਕੀ ਦੀ ਝੋਲੀ ਵਿਚ ਪਾ ਗਏ ਸਨ। ਪਰ ਉਹ ਕੀ ਕਰੇ ? ਨਾਲੇ ਸ੍ਰੀ ਚੰਦ ਤਾਂ ਪਿਤਾ ਦੇ ਕੋਲ ਵਧੇਰੇ ਰਹਿੰਦੇ ਸਨ। ਉਹ ਰਾਤ ਵੀ ਉਨ੍ਹਾਂ ਪਾਸ ਹੀ ਸੌਂਦੇ ਸਨ। ਉਹ ਦਿਨ ਵੇਲੇ ਆਪਣੇ ਪਿਤਾ ਦੇ ਲੋਕਾਂ ਨਾਲ ਬਚਨ-ਬਿਲਾਸ ਵੀ ਸੁਣਦੇ ਰਹਿੰਦੇ ਸਨ। ਰਾਤ ਸਮੇਂ ਪਿਤਾ ਨੂੰ ਸਮਾਧੀ ਅਵਸਥਾ ਵਿਚ ਕਈ ਵਾਰੀ ਵੇਖਦੇ ਸੀ। ਨਤੀਜੇ ਵਜੋਂ, ਉਹ ਵੀ ਬਾਲ-ਉਮਰੇ ਸਮਾਧੀਆਂ ਲਾਉਣ ਲੱਗ ਪਏ ਸਨ। ਉਹ ਵੀ ਕਿਸੇ ਨਾਲ ਬਹੁਤਾ ਮੋਹ ਨਹੀਂ ਸੀ ਕਰਦੇ। ਮਾਂ ਨੇ ਸੋਚਿਆ ਕਿਉਂ ਨਾ ਚਾਰ ਦਿਨ ਪੱਖੋਕੀ ਚਲੀ ਜਾਵਾਂ। ਹੁਣ ਮਾਂ ਸੁਲੱਖਣੀ ਆਪਣੇ ਚਾਰ ਕੁ ਸਾਲਾਂ ਦੇ ਬਾਲ ਲਖਮੀ ਦਾਸ ਨੂੰ ਨਾਲ ਲੈ ਕੇ ਪੇਕੇ ਘਰ ਆ ਗਈ। ਹੁਣ ਉਹ ਸਾਰਾ ਦਿਨ ਘਰ ਦੇ ਕੰਮ-ਕਾਜ ਵਿਚ ਦਿਲ ਪਰਚਾਂਦੀ ਪਰ ਅੰਦਰੋਂ ਉਸ ਦੀ ਤਾਰ ਪਤੀ ਨਾਲ ਜੁੜੀ ਰਹਿੰਦੀ। ਉਸ ਦਾ ਇਹ ਅਟੁੱਟ ਵਿਸ਼ਵਾਸ ਸੀ ਕਿ ਮੇਰੇ ਪਤੀ ਮੇਰੇ ਦਿਲ ਦੀਆਂ ਬੁੱਝਦੇ ਹਨ। ਕਦੇ-ਕਦੇ ਆਪਣੇ ਵੱਡੇ ਪੁੱਤਰ ਬਾਬਾ ਸ੍ਰੀ ਚੰਦ ਜੀ ਦੀ ਯਾਦ ਵਿਚ ਗੱਚ ਭਰ ਲੈਂਦੀ। ਇਨ੍ਹਾਂ ਦੀ ਮਾਤਾ ਚੰਦੋ ਰਾਣੀ ਵੀ ਧੀ ਦਾ ਦੁੱਖ ਸਮਝਦੀ ਸੀ, ਉਹ ਗੁਰੂ ਜੀ ਨੂੰ ਤਾਂ ਕਿਧਰੋਂ ਲੱਭ ਕੇ ਨਹੀਂ ਲਿਆ ਸਕਦੀ ਸੀ ਪਰ ਆਪਣੇ ਦੋਹਤੇ ਨੂੰ ਮੰਗਵਾਉਣ ਲਈ ਦੋ-ਤਿੰਨ ਬੰਦੇ ਸੁਲਤਾਨਪੁਰ ਭੇਜ ਚੁੱਕੀ ਸੀ। ਬੇਬੇ ਨਾਨਕੀ ਨੇ ਸਾਰੇ ਖਾਲੀ ਮੋੜੇ ਸਨ।

ਅਖ਼ੀਰ ਨਾਨਾ ਮੂਲ ਚੰਦ ਸੁਲਤਾਨਪੁਰੋਂ ਦੋਹਤੇ ਨੂੰ ਲੈ ਤੁਰੇ। ਉਹ ਚਾਹੁੰਦੇ ਸਨ ਉਨ੍ਹਾਂ ਦੀ ਲਾਡਲੀ ਬੇਟੀ ਕਿਵੇਂ ਤਾਂ ਧੀਰਜ ਕਰੇ। ਸ੍ਰੀ ਚੰਦ ਹੁਣ ਪਹਿਲੀ ਵਾਰ ਨਾਨਕੇ ਘਰ ਆਏ। ਉਦੋਂ ਸੰਨ 0000 ਸੀ। ਮਾਵਾਂ-ਧੀਆਂ ਖੁਸ਼ ਹੋਈਆਂ। ਸ੍ਰੀ ਚੰਦ ਬਹੁਤ ਹੀ ਖੁਸ਼-ਰਹਿਣੇ ਸੁਭਾਅ ਦੇ ਸਨ। ਉਨ੍ਹਾਂ ਨੂੰ ਮਿਲ ਕੇ ਲਖਮੀ ਦਾਸ ਵੀ ਖੁਸ਼ ਹੋਏ।

ਕੋਈ ਛੇ ਮਹੀਨੇ ਨਾਨਕੇ ਘਰ ਰਹਿ ਕੇ ਸ੍ਰੀ ਚੰਦ ਜੀ ਵਾਪਸ ਸੁਲਤਾਨਪੁਰ ਆ ਗਏ। ਉਦੋਂ ਇਹ ਅੱਠਾਂ ਕੁ ਵਰ੍ਹਿਆਂ ਦੇ ਸਨ। ਮਾਂ ਸੁਲੱਖਣੀ ਨਿੱਕੇ ਪੁੱਤਰ ਨਾਲ ਪੇਕੇ ਹੀ ਰਹੀ। ਭਾਵੇਂ ਉਨ੍ਹਾਂ ਨੂੰ ਪੇਕੇ ਘਰ ਵਿਚ ਕਿਸੇ ਤਰ੍ਹਾਂ ਦੀ ਕਮੀ ਨਹੀਂ ਸੀ ਪਰ ਉਹ ਪੁੱਤਰ ਤੇ ਪਤੀ ਦੇ ਵਿਛੋੜੇ ਦਾ ਕੀ ਕਰੇ ? ਕਰਦਿਆਂ-ਕਰਦਿਆਂ ਤਿੰਨ ਸਾਲ ਬੀਤ ਗਏ ਪਰ ਪਤੀ ਨਹੀਂ ਪਰਤੇ। ਉੱਧਰ ਤਲਵੰਡੀ ਵਿਚ ਮਾਤਾ-ਪਿਤਾ ਵੀ ਬਹੁਤ ਉਦਾਸ ਸਨ। ਉਨ੍ਹਾਂ ਦਾ ਦਿਲ-ਪ੍ਰਚਾਵਾ ਵੀ ਹੋਰ ਕੋਈ ਨਹੀਂ ਸੀ। ਹੁਣ ਸ੍ਰੀ ਚੰਦ 11 ਵਰ੍ਹਿਆਂ ਦੇ ਗਭਰੇਟ ਸਨ। ਦਾਦਾ ਕਾਲੂ ਚੰਦ ਪੋਤਰਿਆਂ ਨੂੰ ਮਿਲਣ ਆਏ ਤੇ ਸ੍ਰੀ ਚੰਦ ਨੂੰ ਆਪਣੇ ਨਾਲ ਹੀ ਤਲਵੰਡੀ ਲੈ ਗਏ। ਮਾਤਾ ਤ੍ਰਿਪਤਾ ਨੇ ਪੋਤਰੇ ਦਾ ਮੂੰਹ-ਮੱਥਾ ਚੁੰਮਿਆ, ਲਾਡ-ਪਿਆਰ ਕੀਤਾ। ਖੁਆਇਆ-ਪਿਆਇਆ, ਗੱਲਾਂਬਾਤਾਂ ਕੀਤੀਆਂ, ਉਸ ਨੂੰ ਲੱਗਾ ਜਿਵੇਂ ਨਿੱਕਾ ਨਾਨਕ ਮਿਲ ਗਿਆ ਹੈ। ਸ੍ਰੀ ਚੰਦ ਕੋਈ ਛੇ ਕੁ ਮਹੀਨੇ ਦਾਦਕੇ ਰਹਿ ਕੇ ਫਿਰ ਨਾਨਕੇ ਆ ਗਏ। ਪੱਥੇਕੇ ਤੇ ਤਲਵੰਡੀ 90 ਕੁ ਮੀਲਾਂ ਦੇ ਫ਼ਾਸਲੇ 'ਤੇ ਸੀ ਪਰ ਤਾਂ ਵੀ ਪਰਿਵਾਰ ਦੇ ਜੀਅ ਆਪਸ ਵਿਚ ਮਿਲਦੇ ਰਹਿੰਦੇ ਸਨ।

8

ਅੱਜਕਲ੍ਹ ਮਾਂ ਸੁਲੱਖਣੀ ਦੇ ਪੇਕੇ ਘਰ ਰੌਣਕ ਸੀ। ਦੋਵੇਂ ਦੋਹਤੇ ਨਾਨਾ-ਨਾਨੀ ਦੇ ਪਿਆਰੇ ਸਨ। ਨਾਨੀ ਦੋਹਾਂ ਨੂੰ ਆਪਣੇ ਹੱਥੀਂ ਖੁਆਉਂਦੀ-ਪਿਆਉਂਦੀ। ਆਪਣੇ ਕੁੜਮਾਂ ਦਾ ਹਾਲ ਸ੍ਰੀ ਚੰਦ ਤੋਂ ਸੁਣਦੀ। ਸ੍ਰੀ ਚੰਦ ਦੋ-ਚਾਰ ਦਿਨਾਂ ਵਿਚ ਹੀ ਇਕਾਂਤਵਾਸ ਕਰਨ ਲੱਗ ਪਏ। ਪਹਿਲੇ ਤਾਂ ਉਹ ਘੰਟਿਆਂ ਦੀ ਸਮਾਧੀ ਲਗਾਉਂਦੇ ਹੁੰਦੇ ਸੀ। ਹੁਣ ਕਈ-ਕਈ ਦਿਨ ਸਮਾਧੀ ਵਿਚ ਲੀਨ ਰਹਿਣ ਲੱਗੇ। ਮਾਂ ਸੁਲੱਖਣੀ ਨੂੰ ਚਿੰਤਾ ਹੋਈ ਪਰ ਇਕ ਦਿਨ ਬਾਲਕ ਸ੍ਰੀ ਚੰਦ ਜੀ ਨੇ ਮਾਤਾ ਨੂੰ ਦੱਸਿਆ ਕਿ ਘਬਰਾਉਣ ਦੀ ਕੋਈ ਗੱਲ ਨਹੀਂ। ਤੁਹਾਨੂੰ ਯਾਦ ਹੋਣਾ ਹੈ ਮੈਂ ਪਿਤਾ ਜੀ ਦੇ ਨਾਲ ਸੌਂਦਾ ਸੀ। ਮੈਂ ਕਈ ਵਾਰੀ ਵੇਖਿਆ ਸੀ ਪਿਤਾ ਜੀ ਸਮਾਧੀ ਵਿਚ ਲੀਨ ਹੁੰਦੇ ਸਨ। ਉਨ੍ਹਾਂ ਨੂੰ ਵੇਖ ਕੇ ਮੈਨੂੰ ਵੀ ਨਾਮ-ਸਿਮਰਨ ਵਿਚ ਜੁੜਨਾ ਚੰਗਾ ਲੱਗਣ ਲੱਗ ਪਿਆ। ਜਦ ਕਦੀ ਮੇਰੀ ਜਾਗ ਖੁੱਲ੍ਹ ਜਾਂਦੀ ਮੈਂ ਵੀ ਪਿਤਾ ਜੀ ਵਾਂਗ ਚੌਂਕੜੀ ਮਾਰ ਕੇ ਬੈਠ ਜਾਂਦਾ। ਹੁਣ ਤਾਂ ਮੈਨੂੰ ਨਾਮ-ਜਪਣ ਵਿਚ ਸੁਆਦ ਆਉਣ ਲੱਗ ਪਿਆ ਹੈ। ਤੁਸੀਂ ਚਿੰਤਾ ਨਾ ਕੀਤਾ ਕਰੋ। ਮੈਨੂੰ ਤਾਂ ਨਾਮ-ਅਭਿਆਸ ਦਾ ਰਸ ਹੀ ਏਨਾ ਚੰਗਾ ਲੱਗਦਾ ਹੈ ਕਿ ਭੁੱਖ-ਤਿੱਖ ਦਾ ਧਿਆਨ ਹੀ ਨਹੀਂ ਰਹਿੰਦਾ। ਮੈਨੂੰ ਤਾਂ ਖੁਦ ਆਪ ਪਿਤਾ ਜੀ ਨੇ ਇਸ ਪਾਸੇ ਲਾਇਆ ਹੈ। ਉਨ੍ਹਾਂ ਦੇ ਬਚਨ ਸੱਚੇ ਹੋਣੇ ਹਨ, ਉਨ੍ਹਾਂ ਨੇ ਹੀ ਤਾਂ ਕਿਹਾ ਸੀ "ਤੂੰ ਵੱਡਾ ਕਰਾਮਾਤੀ ਸਾਧੂ ਹੋਵੇਂਗਾ।" ਸੋ ਮੈਂ ਜਾਣ-ਬੁੱਝ ਕੇ ਕੁਝ ਨਹੀਂ ਕਰਦਾ ਮੇਰਾ ਮਨ ਤਾਂ ਆਪੇ ਹੀ ਪ੍ਰਭੂ ਪਾਸੇ ਦੌੜਦਾ ਹੈ। ਮੇਰੀ ਸਮਾਧੀ ਤਾਂ ਆਪੇ ਹੀ ਲੱਗ ਜਾਂਦੀ ਹੈ। ਮੈਂ ਭਾਵੇਂ ਦੋ-ਚਾਰ ਦਿਨ ਸਮਾਧੀ ਵਿਚ ਬੈਠਾ ਰਹਾਂ—ਮੈਨੂੰ ਕੁਝ ਨਹੀਂ ਹੁੰਦਾ।

ਨਾਲੇ, ਤੁਸੀਂ ਤਾਂ ਆਪ ਕਹਿੰਦੇ ਹੋ, 'ਮੇਰੇ ਸਾਈਂ ਦੇ ਬਚਨ ਸੱਚੇ ਹੋਣੇ ਹਨ' । ਮਾਂ ਸੁਲੱਖਣੀ ਪੁੱਤਰ ਦੇ ਮੂੰਹ ਵਿਚੋਂ ਪਤੀ ਨੂੰ ਪਛਾਣ ਰਹੀ ਸੀ । ਉਹ ਪੁੱਤਰ ਦੇ ਅਜਿਹੇ ਬਚਨ ਸੁਣ ਕੇ ਘਬਰਾਈ ਨਹੀਂ । ਸਗੋਂ ਹੋਰ ਨਿਸ਼ਠਾਵਾਨ ਹੋ ਗਈ । ਹੁਣ ਜਦ ਉਸ ਦਾ ਸਪੁੱਤਰ ਸਮਾਧੀ ਵਿਚ ਲੀਨ ਹੁੰਦਾ, ਉਹ ਧਿਆਨ ਤਾਂ ਰਖਦੀ, ਪਰ ਵਿਘਨ ਨਾ ਪਾਉਂਦੀ । ਸਗੋਂ ਵੇਖ-ਵੇਖ ਬਲਿਹਾਰੇ ਜਾਂਦੀ ।

ਅੱਜਕਲ੍ਹ ਸ੍ਰੀ ਚੰਦ ਜੀ ਨਾਨਕੇ ਹੀ ਸਨ ਤਾਂ ਭੂਆ ਨਾਨਕੀ ਤੇ ਫੁੱਫੜ ਜੈ ਰਾਮ ਜੀ ਆਣ ਮਿਲੇ । ਭੂਆ ਬਹੁਤ ਹੀ ਪ੍ਰਸੰਨ ਹੋਈ ਦੋਹਾਂ ਭਤੀਜਿਆਂ ਨੂੰ ਵੇਖ ਕੇ । ਉਸ ਦੀਆਂ ਅੱਖਾਂ ਵਿਚੋਂ ਪਿਆਰ ਦੇ ਹੰਝੂ ਕਿਰਨ ਲੱਗੇ । ਉਹ ਦੋਹਾਂ ਭਤੀਜਿਆਂ ਦੀ ਪਿੱਠ 'ਤੇ ਨਾਲੇ ਹੱਥ ਫੇਰਨ ਤੇ ਨਾਲੇ ਹੰਝੂ ਕੇਰਨ । ਅੱਜ ਬੇਬੇ ਦਾ ਰੋਮ-ਰੋਮ ਪ੍ਰੇਮਮਈ ਹੋ ਵੀਰਨ ਨੂੰ ਚਿਤਾਰ ਰਿਹਾ ਸੀ । ਕੋਲ ਬੈਠੀ ਭਰਜਾਈ ਸੁਲੱਖਣੀ ਅੱਜ ਨਿਨਾਣ ਦੇ ਮੂੰਹੋਂ ਵੀਰਨ ਦੀ ਯਾਦ ਸੁਣ ਕੇ ਅੰਦਰੋਂ ਅੰਦਰੀਂ ਡਰ ਰਹੀ ਸੀ । ਮਾਂ ਸੁਲੱਖਣੀ ਨੂੰ ਯਾਦ ਆਇਆ ਬੇਬੇ ਦੇ ਵੀਰ ਨੇ ਕਿਹਾ ਸੀ ਜਦੋਂ ਯਾਦ ਕਰੋਗੇ ਅਸੀਂ ਆ ਜਾਵਾਂਗੇ । ਮਾਤਾ ਜੀ ਨੂੰ ਬੇਬੇ ਦਾ ਵੈਰਾਗ ਬਹੁਤ ਹੀ ਚੰਗਾ ਲੱਗ ਰਿਹਾ ਸੀ । ਕੋਲ ਬੈਠੀ ਦਾਸੀ ਤੁਲਸਾਂ ਤੇ ਮਾਂ ਚੰਦੋ ਰਾਣੀ ਦੀ ਟਹਿਲਣ ਪ੍ਰੇਮੋ ਮਹਿਰੀ ਵੀ ਪ੍ਰੇਮ ਰਸ ਵਿਚ ਮੁਗਧ ਹੋਈਆਂ ਕਦੇ ਬੇਬੇ ਨਾਨਕੀ ਨੂੰ ਨਿਹਾਰਦੀਆਂ ਸਨ ਤੇ ਕਦੇ ਬੇਬੇ ਨਾਨਕੀ ਦੇ ਵੀਰ ਨੂੰ ਕਿਆਸਦੀਆਂ ।

ਕੁਝ ਦਿਨ ਠਹਿਰ ਕੇ ਬੇਬੇ ਨਾਨਕੀ ਤੇ ਫੁੱਫੜ ਜੈ ਰਾਮ ਸ੍ਰੀ ਚੰਦ ਨੂੰ ਨਾਲ ਲੈ ਕੇ ਸੁਲਤਾਨਪੁਰ ਆ ਗਏ । ਸਮਾਂ ਲੰਘਦਾ ਗਿਆ ਤੇ ਵੀਰਨ ਨੂੰ ਗਏ ਨੂੰ ਅੱਠ ਸਾਲ ਹੋ ਗਏ ਸਨ । ਇੱਧਰ ਬਾਬਾ ਸ੍ਰੀ ਚੰਦ ਦੀ ਪੜ੍ਹਾਈ ਦਾ ਪ੍ਰਬੰਧ ਵੀ ਭੂਆ-ਫੁੱਫੜ ਨੇ ਕਰ ਦਿੱਤਾ ਸੀ । ਨਿੱਕੇ ਬਾਬਾ ਜੀ ਨਾਲੇ ਪੜ੍ਹਦੇ ਨਾਲੇ ਗਿਆਨਵਾਨ ਬਚਨ-ਬਿਲਾਸ ਕਰਦੇ । ਨਾਲੇ ਇਕਾਗਰ ਚਿੱਤ ਹੋ ਕੇ ਨਾਮ-ਅਭਿਆਸ ਕਰਦੇ । ਬੇਬੇ ਜੀ ਕਾਰ-ਵਿਹਾਰ ਤਾਂ ਕਰਦੇ ਰਹਿੰਦੇ ਪਰ ਸੁਰਤ ਵੀਰਨ ਨਾਲ ਜੋੜੀ ਰੱਖਦੇ । ਕਦੇ-ਕਦੇ ਬਹੁਤ ਕਾਹਲ ਪੈਂਦੀ । ਵੀਰਨ ਕਿਉਂ ਨਹੀਂ ਆਏ ? ਬੁੱਢੇ ਮਾਂ-ਬਾਪ ਸਿੱਕਾਂ ਸਿੱਕਦੇ ਹਨ । ਭਰਜਾਈ ਵਿਚਾਰੀ ਉੱਭੇ ਸਾਹ ਲੈਂਦੀ ਹੈ । ਕੌਣ ਵੀਰਨ ਨੂੰ ਮੋੜ ਲਿਆਵੇ ? ਆ ਕੇ ਵੇਖਣ ਤਾਂ ਸਹੀ ਜਿਸ ਨੂੰ ਉਹ ਮੇਰੀ ਗੋਦ ਪਾ ਗਏ ਸਨ ਹੁਣ ਕਿੰਨਾ ਗੱਭਰੂ ਜਵਾਨ ਨਿਕਲ ਆਇਆ ਹੈ । ਕਿਵੇਂ ਉਹ ਧਰਮ-ਗ੍ਰੰਥਾਂ ਦਾ ਅਭਿਆਸੀ ਹੋ ਗਿਆ ਹੈ । ਕਿਵੇਂ ਉਹ ਭਗਤੀ ਵਿਚ ਲੀਨ ਰਹਿੰਦਾ ਹੈ । ਅੱਜਕਲ੍ਹ ਬੇਬੇ ਦੀ ਸੁਰਤ ਹਰ ਵੇਲੇ ਵੀਰਨ ਨੂੰ 'ਵਾਜਾਂ ਮਾਰਦੀ ।

ਇਕ ਦਿਨ ਕੀ ਵੇਖਣ ਕਿ ਵੀਰਨ ਨੇ ਆਣ ਦਸਤਕ ਦਿੱਤੀ ਹੈ । ਬੇਬੇ ਵੀਰਨ ਦੇ ਹੱਥ ਪਛਾਣਦੀ ਸੀ । ਵਾਹੋਦਾਹੀ ਬੂਹੇ ਵੱਲ ਧਾਈ । ਅੱਗੇ ਵੀਰ ਨਾਨਕ ਨਿਰਮਲ ਉਜਲੇ ਖੇੜੇ ਨਾਲ ਭਰੇ ਹੋਏ ਖੜ੍ਹੇ ਸਨ । ਬੇਬੇ ਚਰਨਾਂ 'ਤੇ ਆਣ ਡਿੱਗੀ । ਗਲ਼ਾ ਰੁੰਧ ਗਿਆ । ਕੁਝ ਬੋਲ ਨਾ ਸਕੀ । ਵੀਰਨ ਨੇ ਛੇਤੀ ਨਾਲ ਭੈਣ ਨੂੰ ਉਠਾਲਿਆ ਤੇ ਕਿਹਾ, "ਬੇਬੇ ਜੀ ਉਲਟੀ ਗੱਲ ਨਾ ਕਰੋ । ਤੁਸੀਂ ਵੱਡੇ ਹੋ ।" ਬਾਬਾ ਸ੍ਰੀ ਚੰਦ ਨੇ ਵੇਖਿਆ ਪਿਤਾ ਜੀ ਆਏ ਹਨ । ਉਹ ਧਾਅ ਕੇ ਚਰਨੀਂ ਡਿੱਗੇ ਉਤਨੀ ਦੇਰ ਤਕ ਨਹੀਂ ਉਠੇ ਜਦ ਤਕ ਪਿਤਾ ਨੇ ਆਪ ਨਹੀਂ ਉਠਾਇਆ । ਭੂਆ-ਭਤੀਜਾ ਦਰਸ਼ਨ ਕਰ ਕੇ ਠਰ ਗਏ । ਕੁਝ ਦੇਰ ਦੋਵੇਂ ਨਾ ਬੋਲ ਸਕੇ । ਦੋਵੇਂ ਸ਼ਾਂਤ, ਬਿਟ-ਬਿਟ ਗੁਰੂ ਨਾਨਕ ਵਲ ਵੇਖਦੇ ਰਹੇ । ਇਕ ਅਪੂਰਵ ਦਾ ਰਾਜ ਸੀ ਇਸ

ਵੇਲੇ । ਅਖ਼ੀਰ ਭਾਈਆ ਜੈ ਰਾਮ ਨੇ ਚੁੱਪ ਨੂੰ ਤੋੜਿਆ : ਸਾਨੂੰ ਇਹ ਉਮੀਦ ਨਹੀਂ ਸੀ ਕਿ ਤੁਸੀਂ ਬੱਚਿਆਂ ਨੂੰ ਵੀ ਭੁਲਾ ਦਿਓਗੇ । ਬੜਾ ਵੱਡਾ ਜਿਗਰਾ ਹੈ ਤੁਹਾਡਾ ! ਸਤਿਗੁਰੂ ਕਹਿ ਰਹੇ ਸਨ—ਕਰਤਾਰ ਦੀ ਕਾਰ ਵਿਚ ਲੱਗੇ ਹਾਂ । ਜੋ ਕਰਾਉਂਦਾ ਹੈ—ਸੋ ਕਰਦੇ ਹਾਂ । ਬੇਬੇ ਨਾਨਕੀ ਨੇ ਤੁਲਸਾਂ ਨੂੰ ਸਾਵਧਾਨ ਕੀਤਾ । ਪ੍ਰਸ਼ਾਦਾ-ਪਾਣੀ ਤਿਆਰ ਹੋਇਆ । ਸਾਰੇ ਪਰਿਵਾਰ ਨੇ ਉਮਾਹ ਸਹਿਤ ਛਕਿਆ ।

ਹੁਣ ਭੈਣ-ਭਰਾ ਮਿਲ ਬੈਠੇ । ਬੇਬੇ ਨੇ ਹੌਲੀ-ਹੌਲੀ ਤਲਵੰਡੀ ਵਾਲਿਆਂ ਦਾ ਹਾਲ ਸੁਣਾਇਆ । ਭਰਜਾਈ ਸੁਲੱਖਣੀ ਤੇ ਪੱਖੋਕੇ ਵਾਲਿਆਂ ਬਾਬਤ ਦੱਸਿਆ । ਭਰਜਾਈ ਦੀ ਉਦਾਸੀ, ਉਦਰੇਵੇਂ ਦੀ ਗੱਲ ਛੋਹੀ, ਵੀਰਨ ਚੁੱਪਚਾਪ ਸੁਣਦੇ ਰਹੇ । ਭੈਣ ਨੇ ਭਤੀਜਿਆਂ ਬਾਰੇ ਦੱਸਿਆ । ਬੇਬੇ ਦਾ ਖ਼ਿਆਲ ਸੀ ਗੁਰੂ ਜੀ ਤਲਵੰਡੀ ਜਾ ਕੇ ਮਾਪਿਆਂ ਨੂੰ ਠੰਡ ਪਾਉਣਗੇ । ਪੱਖੋਕੇ ਜਾ ਕੇ ਲੁੱਛਦੀ ਭਰਜਾਈ ਸੁਲੱਖਣੀ ਦੀ ਬਾਤ ਸੁਣਨਗੇ ਪਰ ਕਿੱਥੋਂ ? ਹੁਣ ਬੇਬੇ ਜੀ ਭਾਈ ਮਰਦਾਨੇ ਤੋਂ ਸਫ਼ਰ ਬਾਰੇ ਪੁੱਛਦੀ ਰਹੀ । ਰਾਹ ਦੀਆਂ ਔਕੜਾਂ ਬਾਰੇ ਨਿਰਣੇ ਨਾਲ ਸੁਣਦੀ ਰਹੀ । ਸਤਿਗੁਰਾਂ ਨੇ ਕਿਨ੍ਹਾਂ ਲੋਕਾਂ ਨੂੰ ਨਿਹਾਲ ਕੀਤਾ, ਕਿਨ੍ਹਾਂ ਦਾ ਨਿਸਤਾਰਾ ਕੀਤਾ, ਬੇਬੇ ਸੁਣ ਸੁਣ ਕੇ ਧੰਨ-ਧੰਨ ਹੋ ਰਹੀ ਸੀ ।

ਫਿਰ ਵੇਲਾ ਆਇਆ ਅੱਜ ਪੁੱਤਰ ਨੇ ਪਿਤਾ ਕੋਲ ਸੌਣਾ ਸੀ । ਦੋਵੇਂ ਅੱਠੀਂ ਸਾਲੀਂ ਮਿਲੇ ਸਨ । ਅੱਜ ਪੁੱਤਰ ਸਾਧਕ ਤੇ ਪਿਤਾ ਸਿੱਧ-ਰੂਪ ਵਿਚ ਮਿਲ ਰਹੇ ਸਨ । ਢੇਰ ਚਿਰ ਆਤਮ-ਵਿਚਾਰ ਕਰਦੇ ਰਹੇ । ਸੋਹਣੇ ਸਪੂਤ ਨੂੰ ਅਧਿਆਤਮ ਮਾਰਗ ਦੀਆਂ ਰਮਜ਼ਾਂ ਸਮਝਾਉਂਦੇ ਰਹੇ । ਸ੍ਰੀ ਚੰਦ ਜੀ ਦੀ ਉਮਰ ਇਸ ਵੇਲੇ 15 ਵਰ੍ਹਿਆਂ ਦੀ ਸੀ । ਚੜ੍ਹਦੀ ਜਵਾਨੀ ਵਾਲਾ ਸਪੂਤ ਪਿਤਾ ਦੇ ਮੁਖਾਰਬਿੰਦ ਤੋਂ ਅਧਿਆਤਮਕ ਉਚਾਈਆਂ ਬਾਰੇ ਬ੍ਰਹਮ-ਗਿਆਨ ਪ੍ਰਾਪਤ ਕਰ ਰਿਹਾ ਸੀ । ਲੰਮਾ ਸਮਾਂ ਪਿਤਾ-ਪੁੱਤਰ ਵਿਚਾਰ-ਮਗਨ ਰਹੇ । ਗੁਰੂ ਬਾਬੇ ਨੇ ਪੁੱਤਰ ਨੂੰ ਅਸੀਸਾਂ ਨਾਲ ਰਜਾ ਦਿੱਤਾ । ਅਤੀ ਪ੍ਰਸੰਨਤਾ ਤੇ ਉਮਾਹ ਨਾਲ ਉਹ ਗਭਰੇਟ ਪੁੱਤਰ ਨੂੰ ਵੇਖ ਰਹੇ ਸਨ, ਜਿਸ ਦੀਆਂ ਲੰਮੀਆਂ ਬਾਹੀਂ, ਖਿੜਿਆ ਉਜੱਲ ਚਿਹਰਾ, ਮਖ਼ਮੂਰ ਅੱਖਾਂ, ਖੁਸ਼ੀ ਭਰੇ ਬੋਲ ਪਿਤਾ ਨੂੰ ਗਦਗਦ ਕਰ ਰਹੇ ਸਨ । ਦਿਨ ਚੜ੍ਹੇ ਗੁਰੂ ਜੀ ਆਪਣੇ ਪੰਧ 'ਤੇ ਸਵਾਰ ਹੋ ਗਏ ।

9

ਮਾਤਾ ਸੁਲੱਖਣੀ ਨੂੰ ਪਤਾ ਲੱਗਾ, ਪਤੀ ਜੀ ਆਏ ਵੀ ਤੇ ਬਿਨਾਂ ਮਿਲੇ ਹੀ ਚਲੇ ਗਏ ਹਨ । ਉਦਾਸ ਹੋਈ ਮਾਂ ਨੇ ਪਤੀ-ਗੁਰੂ ਦੀ ਰਜ਼ਾ ਅੱਗੇ ਸਿਰ ਨਿਵਾ ਦਿੱਤਾ । ਪਰ ਸੁਰਤੀ ਦੀ ਲਿਵਤਾਰ ਦਾ ਕੀ ਕਹਿਣਾ ! ਹਰ ਵੇਲੇ ਅਰਜ਼ੋਈਆਂ ਕਰਦੀ ਰਹਿੰਦੀ । ਕਦੀ-ਕਦੀ ਨਾਨੀ ਚੰਦੋ ਰਾਣੀ ਲਖਮੀ ਦਾਸ ਨੂੰ ਮਿਹਣੇ ਦੀ ਤਨਜ਼ ਵਿਚ ਕੁਝ ਕਹਿੰਦੀ ਤਾਂ ਝੱਟ ਮਾਤਾ ਸੁਲੱਖਣੀ ਬੋਲ ਪੈਂਦੀ : 'ਇਸ ਨੂੰ ਇਸ ਦੇ ਪਿਤਾ ਦਾ ਮਿਹਣਾ ਨਾ ਦਿਉ । ਇਸ ਦੇ ਪਿਤਾ ਬਹੁਤ ਵੱਡੇ ਤੇ ਪੂਜ ਹਨ । ਇਹ ਤਾਂ ਮੇਰੇ ਹੀ ਕਰਮ ਹਨ ਜੋ ਮੈਂ ਉਨ੍ਹਾਂ ਤੋਂ ਵਿਛੜੀ ਹੋਈ ਹਾਂ ।' ਵਿਛੋੜੇ ਦਾ ਅਸਹਿ ਦਰਦ ਮਾਂ ਸੁਲੱਖਣੀ ਹਰ ਵੇਲੇ ਭੋਗਦੇ ਪਰ ਮੂੰਹੋਂ ਉਭਾਸਰਦੇ ਨਾ । ਉਹ ਅੰਦਰੋਂ-ਅੰਦਰੀਂ ਸੋਚਦੇ ਰਹਿੰਦੇ ਜੇ ਹੁਣ ਪਤੀ ਜੀ ਆਏ ਤਾਂ ਮੈਂ ਜ਼ਰੂਰ ਦਰਸ਼ਨਾਂ ਨੂੰ ਜਾਵਾਂਗੀ । ਉਹ ਬਿਨਾਂ ਬੋਲੇ, ਬਿਨਾਂ ਕਹੇ ਪਤੀ ਨੂੰ ਉਡੀਕਦੇ ਰਹਿੰਦੇ । ਫਿਰ ਪਤਾ ਲੱਗਾ

ਉਨ੍ਹਾਂ ਦੇ ਸਿਰਤਾਜ ਸੁਲਤਾਨਪੁਰ ਦੂਜੀ ਵੇਰ ਪੰਜਾਂ-ਛੇਆਂ ਸਾਲਾਂ ਬਾਅਦ ਆਏ ਸਨ। ਸਭ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਇਕ ਮੈਂ ਹੀ ਨਿਮਾਣੀ ਦੇ ਭਾਗ ਨਹੀਂ ਸਨ। ਮਾਂ ਸੁਲੱਖਣੀ ਬਾਰ-ਬਾਰ ਸੋਚਦੀ ਕਿ ਜੇ ਕਦੀ ਉਹ ਵੀ ਸੁਲਤਾਨਪੁਰ ਹੁੰਦੀ ਤਾਂ ਉਸ ਨੂੰ ਵੀ ਦਰਸ਼ਨਾਂ ਦੀ ਖ਼ੈਰਾਤ ਪੈ ਜਾਂਦੀ। ਕਦੀ ਉਹ ਮਨ ਨੂੰ ਢਾਰਸ ਦੇਂਦੀ, ਗੁਰੂ ਜੀ ਕਿਹੜਾ ਬਹੁਤ ਦਿਨ ਠਹਿਰੇ ਸਨ। ਦੋ-ਚਾਰ ਦਿਨ ਦਾ ਮੇਲ ਵੀ ਕੋਈ ਮੇਲ ਹੈ। ਫਿਰ ਕਹਿੰਦੀ, ਚਲੋ ਅੱਛਾ ਕਦੀ ਆਪੇ ਬੁਲਾਉਣਗੇ। ਸੱਚ ਹੀ ਉਨ੍ਹਾਂ ਦੇ ਪਤੀ ਦੋ-ਚਾਰ ਦਿਨ ਠਹਿਰ ਕੇ ਤੀਸਰੀ ਉਦਾਸੀ 'ਤੇ ਚਲੇ ਗਏ ਸਨ। ਹੁਣ ਗੁਰੂ ਜੀ ਦੇ ਮਾਤਾ-ਪਿਤਾ ਬਹੁਤ ਹੀ ਬਿਹਬਲ ਹੋ ਰਹੇ ਸਨ। ਬੁੱਢੇ-ਵਾਰੇ ਪੁੱਤਰ ਦਾ ਵਿਛੋੜਾ ਅਸਹਿ ਸੀ। ਕਦੀ ਸੋਚਦੇ ਮਤਾਂ ਬਿਨਾਂ ਮਿਲਿਆਂ ਹੀ ਨਾ ਦੁਨੀਆ ਤੋਂ ਟੁਰ ਜਾਈਏ। ਕਦੀ ਸੋਚਦੇ ਸਾਡਾ ਨਾਨਕ ਤਿਆਗੀ ਹੋ ਕੇ ਚਲਾ ਗਿਆ ਹੈ। ਉਸ ਨੇ ਫ਼ਕੀਰੀ ਨੂੰ ਲੱਜ ਨਹੀਂ ਲਗਾਈ। ਚਾਰੇ ਪਾਸਿਓਂ ਉਸ ਦੀ ਸ਼ੋਭਾ ਹੀ ਸੁਣੀਂਦੀ ਹੈ। ਕਦੇ ਆਪਣੀ ਨੂੰਹ ਸੁਲੱਖਣੀ ਬਾਰੇ ਸੋਚਦੇ। ਕਿਵੇਂ ਪਤੀ ਦੀ ਬਿਰਹੋਂ ਵਿਚ ਉਸ ਉਮਰ ਲੰਘਾ ਦਿੱਤੀ ਹੈ। ਉਲਾਂਭਾ ਤਾਂ ਉਸ ਨੇ ਵੀ ਸਾਨੂੰ ਕੋਈ ਨਹੀਂ ਦੁਆਇਆ। ਦੋਵੇਂ ਬੁੱਢੇ ਮਾਂ-ਪਿਓ ਕਦੇ ਇਕ ਗੱਲ ਸੋਚਦੇ ਤੇ ਕਦੀ ਦੂਜੀ।

ਅਖ਼ੀਰ ਉਹ ਸੁਲੱਖਣਾ ਵੇਲਾ ਵੀ ਆਇਆ ਜਦੋਂ ਗੁਰੂ ਨਾਨਕ ਨੇ ਤਲਵੰਡੀ ਦੀ ਜੂਹ ਵਿਚ ਆਣ ਚਰਨ ਪਾਏ। ਇਹ ਤੀਸਰੀ ਉਦਾਸੀ ਸੀ ਜੋ ਸੱਤ ਸਾਲਾਂ ਤੋਂ ਬਾਅਦ ਸਮਾਪਤ ਕਰ ਕੇ ਗੁਰੂ ਜੀ ਮਾਤ-ਪਿਤਾ ਨੂੰ ਮਿਲਣ ਲਈ ਆਏ ਸਨ। ਪਰ ਮਾਤਾ ਸੁਲੱਖਣੀ ਦੀ ਵਾਰੀ ਤਾਂ ਅਜੇ ਵੀ ਨਹੀਂ ਸੀ ਆਈ। ਮਾਤਾ ਸੁਲੱਖਣੀ ਕਦੀ ਗੱਚ ਭਰ ਲੈਂਦੇ, ਕਦੇ ਫੁੱਟ-ਫੁੱਟ ਕੇ ਰੋ ਪੈਂਦੇ, ਕਦੇ ਸਬਰ-ਸ਼ੁਕਰ ਨਾਲ ਆਪਣੇ ਆਪ ਨੂੰ ਵਿਲਚਾ ਲੈਂਦੇ। ਫਿਰ ਉਹ ਵੇਲਾ ਵੀ ਆਇਆ ਜਦੋਂ ਉਨ੍ਹਾਂ ਦੇ ਪਤੀ ਨੇ ਪੱਖੋਕੇ ਚੌਧਰੀ ਅਜਿੱਤੇ ਰੰਧਾਵੇ ਦੇ ਖੂਹ 'ਤੇ ਆਣ ਡੇਰਾ ਲਾਇਆ। ਸਹੁਰਿਆਂ ਨੂੰ ਵੀ ਪਤਾ ਲੱਗਾ। ਸੱਸ ਚੰਦੋ ਰਾਣੀ ਤੇ ਸਹੁਰਾ ਮੂਲ ਚੰਦ ਵੀ ਦਰਸ਼ਨਾਂ ਨੂੰ ਆਏ।

ਅੱਜ 21 ਸਾਲਾਂ ਬਾਅਦ ਮਾਤਾ ਸੁਲੱਖਣੀ ਦੁੱਖਾਂ-ਦਰਦਾਂ ਵਿਚ ਭਿੱਜੇ ਸੁਨੇਹੇ ਭੇਜ ਰਹੀ ਸੀ। ਪਤੀ ਪੱਖੋਕੇ ਵਿਚ ਆ ਕੇ ਵੀ ਘਰ ਨਹੀਂ ਸਨ ਆਏ। ਸੋ ਮਾਤਾ ਸੁਲੱਖਣੀ ਆਪਣੀ ਮਹਿਰਮ ਪ੍ਰੇਮੋ ਮਹਿਰੀ ਨੂੰ ਸੰਦੇਸ਼ਾ ਦੇ ਕੇ ਭੇਜਿਆ ਕਿ ਘਰ ਆਣ ਕੇ ਮੈਨੂੰ ਦਰਸ਼ਨ ਕਿਉਂ ਨਹੀਂ ਦਿੱਤੇ। ਮੈਥੋਂ ਕੀ ਅਵੱਗਿਆ ਹੋ ਗਈ ? ਮੇਰੀ ਭੁੱਲ ਤਾਂ ਮੈਨੂੰ ਦੱਸੋ। ਜਿਵੇਂ ਜਾਣੋ ਦਰਸ਼ਨ ਦੇਹੁ। ਗੁਰੂ ਜੀ ਨੇ ਕਿਹਾ, ਸਾਡੇ ਕੋਲ ਆਉਣ ਦੀ ਸਾਰਿਆਂ ਨੂੰ ਖੁੱਲ੍ਹ ਹੈ—ਉਹ ਨਿਰਸੰਸੇ ਆਵੇ।

ਅੱਜ ਜਾ ਰਹੀ ਸੀ ਮਾਤ ਸੁਲੱਖਣੀ ਅਜਿੱਤੇ ਰੰਧਾਵੇ ਦੇ ਖੂਹ ਨੂੰ। ਆਪਣੇ ਪਤੀ ਦਾ ਦੀਦਾਰ ਕਰਨ। ਇੱਕੀ ਵਰ੍ਹਿਆਂ ਬਾਅਦ। ਇੱਕੀ ਵਰ੍ਹਿਆਂ ਨੇ ਉਸ ਦੇ ਪਤੀ ਦੇ ਕਾਲੇ ਕੇਸ ਚਿੱਟੇ ਕਰ ਦਿੱਤੇ ਸਨ। ਉਹ ਆਪ ਵੀ ਢਲਦੀ ਵਰੇਸ ਵਲ ਤੁਰ ਪਈ ਸੀ। ਭਾਵਾਂ ਦਾ ਤੂਫ਼ਾਨ ਉਮੜ ਆਇਆ ਸੀ। ਪਤਾ ਨਹੀਂ ਕਿਹੜੇ-ਕਿਹੜੇ ਪਲਾਂ ਨੂੰ ਚਿਤਾਰ ਰਹੀ ਸੀ। ਉਹਨੂੰ ਯਾਦ ਆ ਰਿਹਾ ਸੀ ਮਨਮੋਹਕ ਨੂਰਾਨੀ ਚਿਹਰਾ ਜਦੋਂ ਲਾੜੇ ਬਣੇ ਉਹਨੂੰ ਵਿਆਹੁਣ ਆਏ ਸਨ। ਉਹਨੂੰ ਯਾਦ ਆ ਰਿਹਾ ਸੀ—ਉਹ ਪਲ ਜਦ ਪਹਿਲੀ ਵੇਰ ਪਿਤਾ ਬਣਨ ਤੋਂ ਬਾਅਦ ਬਾਲ ਸ੍ਰੀ ਚੰਦ ਦੇ ਦਰਸ਼ਨ ਕੀਤੇ ਸਨ। ਕਿਤਨਾ ਖੇੜਾ ਤੇ ਉਮਾਹ ਸੀ

ਉਨ੍ਹਾਂ ਦੇ ਰਸਭਿੰਨੜੇ ਬੋਲਾਂ ਵਿਚ। ਉਹਨੂੰ ਯਾਦ ਆਏ ਉਹ ਦਿਨ ਜਦੋਂ ਪਤੀ ਜੀ ਗ੍ਰਹਿਸਤੀ ਦੇ ਕੰਮ ਇਕ ਇਕ-ਕਰ ਕੇ ਪੂਰੇ ਕਰਦੇ ਸਨ। ਸ਼ਾਮ ਵੇਲੇ ਉਹਦੇ ਲਾਲਾਂ ਦਾ ਮੂੰਹ-ਮੱਥਾ ਆਣ ਚੁੰਮਦੇ ਸਨ। ਸਬਰ-ਸ਼ੁਕਰ ਨਾਲ ਪਰਸ਼ਾਦਾ ਛਕ ਕੇ ਮੋਦੀਖਾਨੇ ਵੱਲ ਜਾਂਦੇ ਸਨ। ਉਹਨੂੰ ਯਾਦ ਸਨ ਉਹ ਚੁਹਲ-ਮੁਹਲ ਜੋ ਉਹ ਬਾਲ ਸ੍ਰੀ ਚੰਦ ਨਾਲ ਕਰਦੇ ਸਨ। ਉਹਨੂੰ ਯਾਦ ਸੀ ਉਹ ਦਿਨ ਜਦੋਂ ਉਸ ਦੇ ਪਤੀ ਉਸ ਨੂੰ ਆਪਣਾ ਮਿਸ਼ਨ ਸਮਝਾ ਕੇ ਪਰਦੇਸੀ ਹੋ ਤੁਰੇ ਸਨ। ਅੱਜ ਅਨੇਕਾਂ ਹੀ ਪਲ ਮਾਤਾ ਸੁਲੱਖਣੀ ਦੀ ਚੇਤਨਾ ਵਿਚ ਥਰਕ ਰਹੇ ਸਨ। ਉਹਨੂੰ ਯਾਦ ਆਇਆ ਪਤੀ ਦੇ ਸੀਸ 'ਤੇ ਰੱਖੀ ਬਸੰਤੀ ਦਸਤਾਰ, ਸੁਨਹਿਰੀ ਮੁਕਟ, ਤਿੱਲੇਦਾਰ ਸਿਹਰਾ, ਰੇਸ਼ਮੀ ਜਾਮਾ ਤੇ ਪੈਰੀਂ ਜ਼ਰੀ ਦੀ ਜੁੱਤੀ। ਕੀ ਫਬਤ ਸੀ, ਕੀ ਆਭਾ ਸੀ ਉਨ੍ਹਾਂ ਦੇ ਮੁੱਖ-ਮੰਡਲ ਦੀ।

ਅੱਜ ਫ਼ਕੀਰੀ ਬਾਣੇ ਵਿਚ ਬੈਠੇ ਸਿਮਰਨ ਕਰ ਰਹੇ ਸਨ। ਮਾਂ ਸੁਲੱਖਣੀ ਨੇ ਦਰਸ਼ਨ ਕੀ ਕੀਤੇ ਰੋ ਰੋ ਕੇ ਚਰਨਾਂ ਨੂੰ ਧੋ ਦਿੱਤਾ। ਸਤਿਗੁਰੂ ਮਿਹਰ ਦੇ ਘਰ ਆਏ ਸੁਲੱਖਣੀ ਦੇ ਸਿਰ 'ਤੇ ਹੱਥ ਰੱਖਿਆ, ਬਾਹੋਂ ਪਕੜ ਕੇ ਉਠਾਇਆ—ਅਸੀਸ ਦਿੱਤੀ "ਵਡਭਾਗਣੀ ਸੁਹਾਗਣੀ ਜੀਉ—ਕਰਤਾਰ ਚਿਤ ਆਵੈ" ਮਾਤਾ ਸੁਲੱਖਣੀ ਹੌਲੀ ਹੌਲੀ ਧੀਰਜ ਵਿਚ ਆਈ। ਕੁਝ ਆਪਣੀਆਂ ਦੱਸੀਆਂ, ਕੁਝ ਉਨ੍ਹਾਂ ਦੀਆਂ ਸੁਣੀਆਂ। ਹੁਣ ਸੁਚੇਤ ਹੋ ਕੇ ਬੋਲੀ, "ਮੈਨੂੰ ਤੁਹਾਡੇ ਸੰਗ-ਸਾਥ ਵਿਚ ਹੀ ਸਰਬ ਸੁਖਾਂ ਦੀ ਪ੍ਰਾਪਤੀ ਹੈ।"

ਇਹ ਗੱਲ ਪਤਨੀ ਸੁਲੱਖਣੀ ਨੇ ਏਨੀ ਆਜਜ਼ੀ, ਪ੍ਰੇਮ ਤੇ ਨਿੰਮਰਤਾ ਨਾਲ ਆਖੀ ਕਿ ਸਤਿਗੁਰੂ ਉਨ੍ਹਾਂ ਨੂੰ ਕੋਲ ਰੱਖਣ ਲਈ ਰਜ਼ਾਮੰਦ ਹੋ ਗਏ। ਹੁਣ ਗੁਰੂ ਜੀ ਨੇ ਪੱਖੋਕੇ ਧਰਮਸਾਲਾ ਵਿਚ ਮਾਤਾ ਸੁਲੱਖਣੀ ਤੇ ਦੋਹਾਂ ਸਪੁੱਤਰਾਂ ਨਾਲ, ਭਾਈ ਬਾਲਾ ਤੇ ਮਰਦਾਨਾ ਸਮੇਤ ਰਹਿਣਾ ਸ਼ੁਰੂ ਕਰ ਦਿੱਤਾ। ਇਥੇ ਸੰਗਤਾਂ ਦੂਰੋਂ-ਦੂਰੋਂ ਦਰਸ਼ਨਾਂ ਨੂੰ ਆਉਂਦੀਆਂ ਜਿਨ੍ਹਾਂ ਦੀ ਟਹਿਲ-ਸੇਵਾ ਤਾਂ ਮਾਂ ਸੁਲੱਖਣੀ ਬੜੇ ਪ੍ਰੇਮ ਨਾਲ ਕਰਦੇ। ਬਾਬਾ ਸ੍ਰੀ ਚੰਦ ਤਾਂ ਸਿਮਰਨ ਧਿਆਨ ਵਿਚ ਮਸਤ ਰਹਿੰਦੇ ਪਰ ਬਾਬਾ ਲਖਮੀ ਦਾਸ ਮਾਤਾ ਜੀ ਨਾਲ ਮਿਲ ਕੇ ਸੰਗਤਾਂ ਦੀ ਸੇਵਾ ਕਰਦੇ। ਸੁਲੱਖਣੀ ਜੀ ਦੇ ਪਤੀ ਸਵੇਰੇ-ਸ਼ਾਮ ਦੀਵਾਨ ਸਜਾ ਕੇ ਬਾਣੀ ਦੀ ਵਿਚਾਰ ਕਰਦੇ, ਕੀਰਤਨ ਕਰਦੇ। ਹੁਣ ਇਕ ਪਾਸੇ, ਸਤਿਸੰਗ ਦਾ ਪ੍ਰਵਾਹ ਸੀ। ਦੂਜੇ ਪਾਸੇ, ਪਰਿਵਾਰ ਸੰਗ-ਸਾਥ ਵਿਚ ਰਹਿ ਰਿਹਾ ਸੀ। ਮਾਤਾ ਸੁਲੱਖਣੀ ਨੂੰ ਚਿਰਾਂ ਬਾਅਦ ਪਤੀ ਦੀ ਸੰਗਤ ਨਸੀਬ ਹੋਈ ਸੀ। ਉਸ ਦਾ ਹਰ ਪਲ ਸ਼ੁਕਰਾਨੇ ਵਿਚ ਬੀਤ ਰਿਹਾ ਸੀ।

ਇਨ੍ਹਾਂ ਹੀ ਦਿਨਾਂ ਵਿਚ ਥੋੜ੍ਹੇ-ਥੋੜ੍ਹੇ ਅੰਤਰ ਨਾਲ ਮਾਤਾ ਸੁਲੱਖਣੀ ਦੇ ਮਾਤਾ-ਪਿਤਾ ਚੰਦੋ ਰਾਣੀ ਤੇ ਮੂਲ ਚੰਦ ਗੁਰਪੁਰੀ ਸਿਧਾਰ ਗਏ। ਇਨ੍ਹਾਂ ਦੋਹਾਂ ਦਾ ਅੰਤਮ ਸੰਸਕਾਰ ਆਪ ਬਾਬੇ ਨਾਨਕ ਨੇ ਕੀਤਾ। ਹੁਣ ਸੁਲੱਖਣੀ ਜੀ ਨੇ ਸਲਾਹ ਦਿੱਤੀ ਕਿ ਅਸੀਂ ਸਾਰੇ ਆਪਣੇ ਮਾਤਾ-ਪਿਤਾ ਦੇ ਘਰ ਹੀ ਚਲ ਰਹੀਏ ਪਰ ਗੁਰੂ ਜੀ ਨਹੀਂ ਮੰਨੇ। ਸਗੋਂ ਇਸ ਤੋਂ ਦੋ ਕੋਹਾਂ ਦੀ ਵਿੱਥ 'ਤੇ ਰਾਵੀ ਦੇ ਕੰਢੇ ਇਕ ਖੁੱਲ੍ਹੀ ਥਾਂ ਜ਼ਮੀਨ 'ਤੇ ਆਸਣ ਲਾ ਦਿੱਤਾ। ਇਹ ਥਾਂ ਦੀਵਾਨ ਕਰੋੜੀ ਮਲ ਦੀ ਸੀ ਜੋ ਗੁਰੂ ਜੀ ਨਾਲ ਅੰਦਰੋਂ ਈਰਖਾ ਰੱਖਦਾ ਸੀ। ਉਹ ਆਇਆ ਤਾਂ ਭੈੜੀ ਨੀਅਤ ਨਾਲ ਹੀ ਸੀ ਪਰ ਗੁਰੂ ਜੀ ਦੇ ਜਾਹੋ-ਜਲਾਲ ਅੱਗੇ ਪਾਣੀ ਬਣ ਗਿਆ। ਉਸ ਨੇ ਗੁਰੂ ਨਾਨਕ ਦੀ ਅਜ਼ਮਤ ਅੱਗੇ ਸਿਰ ਝੁਕਾ ਦਿੱਤਾ ਤੇ ਆਪ ਸਾਰਾ ਇੰਤਜ਼ਾਮ ਕਰ ਕੇ ਇਕ ਸੋਹਣੀ ਧਰਮਸਾਲ ਵੀ ਬਣਵਾ ਦਿੱਤੀ ਤੇ ਕੁਝ ਰਿਹਾਇਸ਼ੀ ਮਕਾਨ ਵੀ।

ਗੁਰੂ ਨਾਨਕ ਪਾਤਸ਼ਾਹ ਦੀ ਤਲਵੰਡੀ ਵੀ ਘਰ-ਜਾਇਦਾਦ ਸੀ। ਪੱਖੋਕੇ ਵਟਾਲੇ ਵੀ ਸਹੁਰਿਆਂ ਦੇ ਘਰ ਤੇ ਹਵੇਲੀਆਂ ਸਨ। ਸੁਲੱਖਣੀ ਜੀ ਇਕਲੌਤੀ ਸੰਤਾਨ ਹੋਣ ਕਰ ਕੇ, ਇਸ ਦੀ ਵਾਰਸ ਸੀ। ਪਰ ਗੁਰੂ ਨਾਨਕ ਸਹੁਰਿਆਂ ਨੂੰ ਛੱਡ ਕੇ ਅੱਜ ਕਰਤਾਰਪੁਰ ਵਸਾ ਰਹੇ ਸਨ। ਇਥੇ ਹੀ ਗੁਰੂ ਜੀ ਨੇ ਗੁਰਮਤਿ ਦੀ ਮਰਿਆਦਾ ਚਲਾਈ। ਇਥੇ ਹੀ ਸੰਗਤ-ਪੰਗਤ ਦਾ ਤੌਰ-ਤਰੀਕਾ ਹੋਂਦ ਵਿਚ ਆਇਆ। ਇਥੇ ਹੀ ਸੁਲੱਖਣੀ ਮਾਂ ਨੇ ਆਉਣ ਵਾਲੇ ਗੁਰੂ ਮਹਿਲਾਂ ਲਈ ਪੂਰਨੇ ਪਾਏ। ਇਥੇ ਹੀ ਲੰਗਰ ਬਾਕਾਇਦਗੀ ਨਾਲ ਬਣਨਾ ਸ਼ੁਰੂ ਹੋਇਆ। ਇਥੇ ਹੀ ਕੀਰਤਨ ਮਰਿਆਦਾ ਦਾ ਜ਼ਰੂਰੀ ਅੰਗ ਬਣ ਗਿਆ। ਇਸੇ ਧਰਮਸਾਲ ਵਿਚ ਹੀ 'ਸੋਹਿਲਾ ਸੰਧਿਆ ਗਾਈਐ ਅੰਮ੍ਰਿਤ ਵੇਲੇ ਜਾਪੁ ਉਚਾਰਾ' ਦੀ ਮਰਿਆਦਾ ਹੋਂਦ ਵਿਚ ਆਈ। ਇਥੇ ਹੀ ਗੁਰੂ-ਨਾਨਕ-ਪਰਿਵਾਰ ਗੁਰੂ ਸੇਵਾ ਕਰਨ ਦਾ ਉਪਦੇਸ਼ ਦ੍ਰਿੜ੍ਹ ਕਰਵਾ ਸਕਿਆ। ਮਾਂ-ਪੁੱਤ ਦਿਨ ਭਰ ਸੇਵਾ ਕਰਦੇ ਆਉਣ-ਜਾਣ ਵਾਲੀ ਸੰਗਤ ਦੀ। ਕਰਤਾਰਪੁਰ ਸੰਨ 1522 ਈਸਵੀ ਵਿਚ ਵਸਾਇਆ ਗਿਆ। ਮਾਂ ਸੁਲੱਖਣੀ ਦਾ ਉਤਸ਼ਾਹ ਅੱਜਕਲ੍ਹ ਮਿਉਂਦਾ ਨਹੀਂ ਸੀ, ਉਹ ਚਾਈਂ-ਚਾਈਂ ਸਾਰਾ ਕਾਰਜ ਕਰ ਰਹੇ ਸਨ। ਸਾਰੀ ਜ਼ਿੰਮੇਵਾਰੀ ਨੂੰ ਨਿਬਾਹ ਰਹੇ ਸਨ। ਇਹ ਥਾਂ ਗੁਰਸਿੱਖੀ ਦੀ ਟਕਸਾਲ ਜੁ ਸੀ। ਅੱਜਕਲ੍ਹ ਬਾਬਾ ਸ੍ਰੀ ਚੰਦ ਵੀ ਮਹੱਤਵਪੂਰਣ ਭੂਮਿਕਾ ਨਿਬਾਹ ਰਹੇ ਸਨ। ਸ੍ਰੀ ਚੰਦ ਜੀ ਧਰਮਸਾਲ ਦਾ ਕੰਮ ਜ਼ਿੰਮੇਵਾਰੀ ਨਾਲ ਕਰਦੇ ਸਨ ਤੇ ਮਾਤਾ ਸੁਲੱਖਣੀ ਤੇ ਲਖਮੀ ਦਾਸ ਲੰਗਰ-ਪ੍ਰਬੰਧ ਦਾ ਇੰਤਜ਼ਾਮ। ਇਸ ਤਰ੍ਹਾਂ ਘਰ, ਸੰਗਤ ਅਤੇ ਟਕਸਾਲ ਦਾ ਮੁੱਢ ਬੱਝਾ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਸਨ। ਹੁਣ ਉਨ੍ਹਾਂ ਨੂੰ ਸੰਤ-ਸੇਵਾ, ਨਾਮ-ਸਿਮਰਨ, ਕੀਰਤਨ ਪ੍ਰਚਾਰ ਅਤੇ ਪਰ-ਉਪਕਾਰ ਕਰਨ ਦੇ ਮਿਸ਼ਨ ਵਿਚ ਪੂਰੀ ਕਾਮਯਾਬੀ ਮਿਲ ਰਹੀ ਸੀ।

ਗੁਰੂ ਜੀ ਨੇ ਇਕ ਦਿਨ ਸਾਰੇ ਪਰਿਵਾਰ ਨੂੰ ਬਿਠਾ ਕੇ ਕੁਝ ਗੱਲਾਂ ਸਮਝਾਈਆਂ ਤੇ ਨਾਲ ਹੀ ਦੱਸਿਆ ਕਿ ਅਸੀਂ ਕੁਝ ਸਮੇਂ ਲਈ ਬਾਹਰ ਜਾਣਾ ਹੈ। ਤੁਸੀਂ ਇਸ ਮਰਿਆਦਾ ਨੂੰ ਭੰਗ ਨਾ ਕਰਨਾ। ਤੁਹਾਨੂੰ ਕੋਈ ਤੋਟ ਨਹੀਂ ਆਵੇਗੀ। ਸਾਰੇ ਹੈਰਾਨ ਤਾਂ ਹੋਏ ਪਰ ਗੁਰੂ ਹੁਕਮ ਅੱਗੇ ਸਿਰ ਨਿਵਾ ਦਿੱਤਾ। ਹੁਣ ਗੁਰੂ ਜੀ ਭਾਈ ਬਾਲਾ ਤੇ ਮਰਦਾਨਾ ਸਮੇਤ ਚੌਥੀ ਉਦਾਸੀ ਲਈ ਰਵਾਨਾ ਹੋ ਗਏ। ਇਹ ਉਦਾਸੀ ਲਗਭਗ ਨੌਂ ਸਾਲਾਂ ਦੀ ਸੀ। ਜਦੋਂ ਇਹ ਉਦਾਸੀ ਸਮਾਪਤ ਕਰ ਕੇ ਗੁਰੂ ਜੀ ਫਿਰ ਕਰਤਾਰਪੁਰ ਆਏ ਤੇ ਸੰਗਤਾਂ ਅਤੇ ਪਰਿਵਾਰ ਨੇ ਬਹੁਤ ਖੁਸ਼ੀਆਂ ਮਨਾਈਆਂ। ਸਪੁੱਤਰਾਂ ਨੇ ਚਰਨ-ਬੰਦਨਾ ਕੀਤੀ। ਸਿੱਖ ਸੰਗਤ ਤੇ ਮਾਤਾ ਸੁਲੱਖਣੀ ਨੇ ਦਰਸ਼ਨ ਕੀਤੇ, ਨਮਸਕਾਰ ਕੀਤੀ ਤੇ ਅਸੀਸਾਂ ਲਈਆਂ। ਅੱਜ ਫਿਰ ਗੁਰੂ ਪਰਿਵਾਰ ਕਰਤਾਰਪੁਰ ਵਿਚ ਮਿਲ ਰਿਹਾ ਸੀ। ਗੁਰੂ ਜੀ ਹਾਲ ਸੁਨਾ ਰਹੇ ਸਨ, ਸਪੁੱਤਰ ਤੇ ਸੁਪਤਨੀ ਹਾਲ ਸੁਣ ਰਹੇ ਸਨ। ਗੁਰੂ ਜੀ ਦੀ ਗ਼ੈਰ-ਮੌਜੂਦਗੀ ਵਿਚ ਉਨ੍ਹਾਂ ਦੇ ਪਰਿਵਾਰ ਨੇ 'ਗੁਰੂ ਮਤ ਟਕਸਾਲ' ਦੀ ਮਰਿਆਦਾ ਕਾਇਮ ਰੱਖੀ—ਇਹ ਸੁਣ ਕੇ ਗੁਰੂ ਜੀ ਅਤੀ ਪ੍ਰਸੰਨ ਹੋਏ। ਹੁਣ ਇਲਾਕੇ ਦੀਆਂ ਸੰਗਤਾਂ ਅਤੇ ਦੂਰ-ਦੁਰਾਡੀਆਂ ਸੰਗਤਾਂ ਫਿਰ ਦਰਸ਼ਨਾਂ ਨੂੰ ਆਉਣ ਲੱਗੀਆਂ। ਉਹੋ ਕੀਰਤਨ ਦਾ ਪ੍ਰਵਾਹ ਤੇ ਮਨੋਹਰ ਉਪਦੇਸ਼ਾਂ ਦਾ ਅਨੰਦ ਸੰਗਤਾਂ ਮਾਣਨ ਲੱਗ ਪਈਆਂ। ਹੁਣ ਗੁਰੂ ਜੀ ਦੀ ਹਜ਼ੂਰੀ ਵਿਚ ਦੋਵੇਂ ਵੇਲੇ ਦੀਵਾਨ ਸਜਦਾ। ਇਥੇ ਹੀ 'ਰਮਦਾਸ' ਪਿੰਡ ਦਾ ਇਕ ਬਾਲਕ ਜੋ ਕਰਤਾਰਪੁਰ ਤੋਂ ਕੁਝ ਮੀਲ ਦੂਰੀ 'ਤੇ ਸੀ, ਸਭ ਤੋਂ ਪਹਿਲਾਂ ਆਉਂਦਾ ਤੇ ਸਭ ਤੋਂ ਅਖੀਰ ਵਿਚ ਜਾਂਦਾ। ਇਸ ਬਾਲਕ 'ਤੇ ਸਤਿਗੁਰਾਂ

ਦੀ ਬੜੀ ਪ੍ਰਸੰਨਤਾ ਹੋਈ। ਇਹੋ ਬਾਲਕ ਅੱਗੇ ਚੱਲ ਕੇ ਬਾਬਾ ਬੁੱਢਾ ਕਹਾਇਆ। ਇਥੇ ਹੀ ਮੂਲਾ ਕੀੜਾ ਜੀ, ਭਾਈ ਪਾਰੋ ਜੀ, ਭਾਈ ਪੈੜਾ ਜੀ ਆਦਿ ਸਿੱਖ ਗੁਰੂ ਬਾਬੇ ਦੇ ਦਰਬਾਰ ਆ ਕੇ ਗੁਰੂ ਸਿੱਖਿਆ ਨਾਲ ਗੁਰੂਸਿੱਖ ਅਖਵਾਏ।

10

ਮਾਤਾ ਸੁਲੱਖਣੀ ਚੌਜੀ ਪਤੀ ਦੇ ਚੋਜ ਵੇਖ-ਵੇਖ ਬਲਿਹਾਰੇ ਹੁੰਦੀ ਰਹਿੰਦੀ। ਮਾਂ ਸੁਲੱਖਣੀ ਨੇ ਪਤੀ ਦੇ ਪਹਿਲੋਂ ਪਹਿਲ 'ਦੂਲ੍ਹੇ ਰਾਜੇ' ਦੇ ਰੂਪ ਵਿਚ ਦਰਸ਼ਨ ਕੀਤੇ ਸਨ। ਪਤੀ ਦਾ ਦੂਸਰਾ ਰੂਪ ਉਹ ਸੀ ਜਦੋਂ ਗੁਰੂ ਨਾਨਕ ਸੰਸਾਰੀ ਕਪੜੇ ਉਤਾਰ ਕੇ ਮੋਦੀਖਾਨਾ ਲੁਟਾ ਕੇ ਮਸਾਣਾਂ ਵਿਚ ਜਾ ਬੈਠੇ ਸਨ ਤੇ ਸੰਤਾਂ-ਫ਼ਕੀਰਾਂ ਦਾ ਬਾਣਾ ਧਾਰਨ ਕਰ ਲਿਆ ਸੀ। ਭਾਈ ਗੁਰਦਾਸ ਜੀ ਨੇ ਉਚਾਰਿਆ ਹੈ :

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ ॥
ਚੜ੍ਹਿਆ ਸੋਧਣਿ ਧਰਤਿ ਲੁਕਾਈ ॥

(ਭਾਈ ਗੁਰਦਾਸ ਜੀ, ਵਾਰ 1, ਪਉੜੀ 24)

ਗੁਰੂ ਜੀ ਨੇ ਚਾਰ ਉਦਾਸੀਆਂ ਇਸੇ ਭੇਖ ਨਾਲ ਕੀਤੀਆਂ। ਗਿਆਨੀ ਗਿਆਨ ਸਿੰਘ ਨੇ 'ਪੰਥ ਪ੍ਰਕਾਸ਼' ਵਿਚ ਇਸ ਗੱਲ ਦਾ ਨਿਸ਼ਚਾ ਕੀਤਾ ਹੈ :

ਪ੍ਰਾਤ: ਨਹਾਏ ਗੁਰ ਧਿਆਨ ਲਗਾਵੈਂ।
ਟੀਕਾ ਚੰਦਨ ਊਰਧ ਲਾਵੈਂ।
ਖਫਨੀ ਚੋਲਾ ਸੇਲੀ ਮਾਲਾ।
ਪਹਿਰ ਸਿੰਘਾਸਨ ਧਿਰੇ ਕ੍ਰਿਪਾਲਾ।

ਬਾਬਾ ਸ੍ਰੀ ਚੰਦ ਜੀ ਨੇ ਪਿਤਾ ਦੀ ਆਗਿਆ ਨਾਲ ਹੀ ਉਦਾਸੀ ਭੇਖ ਧਾਰਣ ਕੀਤਾ ਸੀ। ਏਸੇ ਕਾਰਣ ਇਹ ਉਦਾਸੀ ਅਖਵਾਏ। ਤਿਆਗੀ ਹੀ ਸਭ ਤੋਂ ਵੱਡਾ ਭੇਖ ਉਦਾਸੀ ਹੈ। ਹੁਣ ਤੀਸਰਾ ਰੂਪ ਦੇਖਿਆ, ਪਤੀ ਨੇ ਉਦਾਸੀ ਭੇਖ ਉਤਾਰ ਕੇ ਸੰਸਾਰੀਆਂ ਵਾਲੇ ਕਪੜੇ ਪਹਿਨ ਲਏ :

ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖ ਉਦਾਸੀ ਸਗਲ ਉਤਾਰਾ ॥
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ ॥

(ਭਾਈ ਗੁਰਦਾਸ ਜੀ, ਵਾਰ 1, ਪਉੜੀ 38)

ਹੁਣ ਮਾਤਾ ਸੁਲੱਖਣੀ ਨੇ ਆਪਣੇ ਪਤੀ ਦਾ ਚੌਥਾ ਰੂਪ ਵੇਖਣਾ ਸੀ। ਗ੍ਰਿਹਸਤੀ ਭੇਖ ਵਿਚ ਮਿਸ਼ਨ ਨੂੰ ਆਪਾ ਸਮਰਪਣ ਕਰਨਾ। ਹੋਰ ਤਾਂ ਹੋਰ ਜੇ ਪੁੱਤਰ ਇਸ ਯੋਗ ਨਾ ਲੱਗਾ ਤਾਂ ਗੱਦੀਦਾਰ ਹੋਰ ਤਲਾਸ਼ਣਾ। ਉਂਝ ਉਹ ਜਾਣਦੀ ਸੀ ਵੱਡੇ ਸਪੁੱਤਰ ਸ੍ਰੀ ਚੰਦ ਜੀ ਨੂੰ ਤਾਂ ਪਹਿਲਾਂ ਹੀ ਉਦਾਸੀ ਦਾ ਭੇਖ ਪੁਆਇਆ ਸੀ। ਉਦਾਸੀ ਸੰਤ ਗ੍ਰਿਹਸਤ ਤੋਂ ਤਿਆਗੀ ਤੇ ਨਾਮ-ਸਿਮਰਨ ਵਿਚ ਲਿਵਲੀਨ ਰਹਿਣ ਵਾਲੇ ਹੁੰਦੇ ਸਨ। ਬਾਬਾ ਸ੍ਰੀ ਚੰਦ ਜੀ ਗੁਰੂ ਨਾਨਕ ਸਾਹਿਬ ਦੁਆਰਾ ਜਪਾਇਆ ਗਿਆ ਸਤਿਨਾਮ ਦਾ ਮੰਤ੍ਰ ਹੀ ਹਰ ਥਾਂ ਜਪਾਉਂਦੇ ਰਹੇ। ਉਹ ਗੁਰੂ ਜੀ ਦੇ ਉਪਦੇਸ਼ਾਂ ਦਾ ਪ੍ਰਚਾਰ ਹੀ ਹਰ ਥਾਂ ਕਰਦੇ ਸੀ। ਚੌਥੀ ਉਦਾਸੀ ਦੇ ਵੇਲੇ ਜਦੋਂ ਸਾਰਾ ਪਰਿਵਾਰ ਕਰਤਾਰਪੁਰ ਆਣ ਕੇ ਵਸ ਗਿਆ ਤੇ ਗੁਰੂ ਜੀ ਆਪ ਪ੍ਰਚਾਰ

ਦੌਰੇ 'ਤੇ ਚਲੇ ਗਏ ਤਾਂ ਕਰਤਾਰਪੁਰ ਦੀ ਧਰਮਸਾਲ ਦਾ ਪ੍ਰਚਾਰ-ਕਾਰਜ ਬਾਬਾ ਸ੍ਰੀ ਚੰਦ ਹੀ ਜ਼ਿੰਮੇਵਾਰੀ ਨਾਲ ਨਿਭਾਉਂਦੇ ਰਹੇ। ਮਾਤਾ ਸੁਲੱਖਣੀ ਸੋਚਦੀ ਚਲੋ ਸ੍ਰੀ ਚੰਦ ਜੀ ਨੂੰ ਤਾਂ ਆਪ ਹੀ ਗੁਰੂ ਮਹਾਰਾਜ ਨੇ ਸੇਧ ਦੇ ਦਿੱਤੀ ਪਰ ਉਹ ਲਖਮੀ ਦਾਸ ਦਾ ਕੀ ਕਰੇ ? ਲਖਮੀ ਦਾਸ ਉੱਪਰ ਗੁਰੂ-ਘਰ ਦੀ ਜ਼ਿੰਮੇਵਾਰੀ ਨਾ ਪਾ ਕੇ ਗੁਰੂ ਜੀ ਨੇ ਭਾਈ ਲਹਿਣੇ ਦੀ ਚੋਣ ਕਰ ਲਈ ! ਇਹ ਘੜੀ ਇਮਤਿਹਾਨ ਦੀ ਸੀ ਤੇ ਮਾਂ ਆਪਣੇ ਪੁੱਤਰ ਦੇ ਸੰਗ-ਸਾਥ ਜਾ ਖਲੋਈ। ਉਸ ਨੂੰ ਬਾਰੰਬਾਰ ਲਗਦਾ ਉਸ ਦੇ ਪਤੀ, ਪੁੱਤਰ ਦਾ ਲਿਹਾਜ਼ ਕਿਉਂ ਨਹੀਂ ਕਰਦੇ, ਉਹ ਪੁੱਤਰ ਨੂੰ ਗੁਰੂਗੱਦੀ ਲਈ ਯੋਗ ਕਿਉਂ ਨਹੀਂ ਬਣਾ ਸਕਦੇ ? ਭਾਈ ਲਹਿਣਾ ਜੋ ਬਾਹਰੋਂ ਆਇਆ ਅੱਗੇ ਕਿਵੇਂ ਹੋ ਗਿਆ ? ਮਾਤਾ ਸੁਲੱਖਣੀ ਪੁੱਤਰ-ਮੋਹ ਨੂੰ ਤਿਆਗ ਨਾ ਸਕੀ ਪਰ ਗੁਰੂ ਜੀ ਤਾਂ ਯੋਗ ਵਾਰਸ ਦੀ ਤਲਾਸ਼ ਵਿਚ ਸਨ ਜੋ ਯੋਗ ਨਿਕਲਿਆ, ਉਸ ਨੂੰ ਪ੍ਰਵਾਨ ਕਰ ਲਿਆ। ਗੁਰੂ-ਘਰ ਵਿਚ ਯੋਗ ਅਧਿਕਾਰੀ ਨੂੰ ਹੀ ਮਾਣ-ਮਰਾਤਬਾ ਮਿਲਿਆ ਹੈ :

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥

(ਗੁਰੂ ਗ੍ਰੰਥ ਸਾਹਿਬ, ਪੰਨਾ 1088)

ਭਾਵੇਂ ਸੁਲੱਖਣੀ ਜੀ ਪੁੱਤਰ-ਮੋਹ ਦੀ ਛਾਪ ਲਾਉਂਦੇ ਹਨ ਪਰ ਜਦੋਂ ਗੁਰੂ-ਪਤੀ ਨੇ ਉਨ੍ਹਾਂ ਨੂੰ ਸਮਝਾਇਆ ਤਾਂ ਉਹ ਉਨ੍ਹਾਂ ਦੀ ਦ੍ਰਿਸ਼ਟੀ ਨੂੰ ਸਮਝ ਵੀ ਗਈ ਤੇ ਹੌਲੀ-ਹੌਲੀ ਲਖਮੀ ਦਾਸ ਦੇ ਰੰਜ ਨੂੰ ਖ਼ਤਮ ਵੀ ਕਰਵਾਇਆ। ਇਹ ਮਾਂ ਸੁਲੱਖਣੀ ਦੀ ਸਿਆਣਪ ਹੀ ਸੀ ਕਿ ਉਹਨੇ ਆਪਣੇ ਪੁੱਤਰ ਨੂੰ ਪਿਤਾ ਦੇ ਦੱਸੇ ਮਾਰਗ ਉੱਤੇ ਟੋਰ ਲਿਆ। ਹੁਣ ਮਾਤਾ ਚਾਹੁੰਦੀ ਸੀ ਕਿ ਲਖਮੀ ਦਾਸ ਵਿਆਹ ਕਰ ਲੈਣ। ਇਸ ਵੇਲੇ ਉਨ੍ਹਾਂ ਦੀ ਉਮਰ ਵੀ 42 ਸਾਲ ਦੀ ਹੋ ਚੁੱਕੀ ਸੀ। ਪਰ ਉਹ ਸ਼ਾਦੀ ਲਈ ਮੰਨਦੇ ਨਹੀਂ ਸਨ। ਅੱਜਕਲ੍ਹ ਮਾਂ ਸੁਲੱਖਣੀ ਬਹੁਤ ਸੁਖ-ਅਨੰਦ ਵਿਚ ਪ੍ਰਤੀਤ ਹੁੰਦੇ ਸਨ। ਵੱਡੇ ਸਪੁੱਤਰ ਪਿਤਾ ਦੇ ਦੱਸੇ ਰਾਹ 'ਤੇ ਚਲ ਕੇ ਪ੍ਰਚਾਰ ਕਾਰਜ ਕਰ ਰਹੇ ਸਨ ਤੇ ਛੋਟਾ ਸੇਵਾ ਅਰਥਾਤ ਲੰਗਰ ਆਦਿ ਦਾ ਸਾਰਾ ਪ੍ਰਬੰਧ ਕਰ ਰਿਹਾ ਸੀ। ਮਾਤਾ ਸੁਲੱਖਣੀ ਪਤੀ ਦੁਆਰਾ ਚਲਾਏ ਗਏ ਸਾਰੇ ਕਾਰਜਾਂ ਨੂੰ ਸੁਚਾਰੂ ਰੂਪ ਵਿਚ ਕਰਵਾ ਰਹੇ ਸਨ। ਸਮਾਂ ਬਹੁਤਾ ਨਹੀਂ ਸੀ ਬੀਤਿਆ ਕਿ ਮਾਤਾ ਸੁਲੱਖਣੀ ਦੇ ਪਤੀ ਗੁਰੂ ਨਾਨਕ ਦੇਵ ਜੀ ਨੇ ਸੰਮਤ 1569 ਅੱਸੂ ਵਦੀ ਪੰਚਮੀ (18 ਅੱਸੂ) ਸੰਨ 1539 ਨੂੰ ਪ੍ਰਲੋਕ ਗਮਨ ਕੀਤਾ ਤੇ ਮਾਤਾ ਜੀ ਹੁਣ ਇਸੇ ਸੰਮਤ ਅਥਵਾ 1596 ਮੱਘਰ ਦੀ 24 ਨੂੰ ਯਾਨੀ ਦੋ ਕੁ ਮਹੀਨਿਆਂ ਬਾਅਦ ਗੁਰਪੁਰੀ ਸਿਧਾਰ ਗਏ। ਇਹ ਸੰਨ 1539 ਈਸਵੀ ਦਾ ਹੀ ਵਾਕਿਆ ਹੈ।

ਸੰਖੇਪ ਵਿਚ ਮਾਤਾ ਸੁਲੱਖਣੀ ਦੇ ਜੀਵਨ-ਕਾਲ ਨੂੰ ਪੰਜ ਭਾਗਾਂ ਵਿਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ :

ਪਹਿਲਾ : ਮਾਤਾ ਸੁਲੱਖਣੀ ਜੀ ਅਰੰਭਲਾ ਵਿਆਹੁਤਾ ਜੀਵਨ ਜਿਸ ਵਿਚ ਉਹ ਆਪਣੇ ਪਤੀ ਨਾਲ ਸੁਲਤਾਨਪੁਰ ਰਹੇ। ਇਨ੍ਹਾਂ ਦੀ ਸ਼ਾਦੀ ਤੋਂ 14 ਵਰ੍ਹੇ ਬਾਅਦ ਤਕ ਉਹ ਬਹੁਤ ਹੀ ਅਨੰਦ ਪੂਰਬਕ ਆਪਣੇ ਸਾਈਂ ਦੀ ਛਤਰ-ਛਾਇਆ ਹੇਠ ਰਹੇ। ਇਥੇ ਰਹਿੰਦਿਆਂ ਹੀ ਉਨ੍ਹਾਂ ਲਾਲਾਂ ਦੀ ਜੋੜੀ ਨੂੰ ਜਨਮ ਦਿੱਤਾ। ਉਨ੍ਹਾਂ ਨਾਲ ਲਾਡ-ਪਿਆਰ ਕੀਤੇ। ਉਨ੍ਹਾਂ ਦੀ ਪੜ੍ਹਾਈ ਦੇ ਪ੍ਰਬੰਧ ਕੀਤੇ। ਇਸੇ ਸਮੇਂ ਦੌਰਾਨ ਹੀ ਪਤੀ ਜੀ ਨੂੰ ਰੱਬੀ ਰੰਗ ਵਿਚ ਰੰਗਿਆ

ਵੀ ਵੇਖਿਆ, ਸੋਹਣੇ ਸੁਚੱਜੇ ਗ੍ਰਹਿਸਤੀ ਵੀ ਤੇ ਤਿਆਗੀ ਦੇ ਰੂਪ ਵਿਚ ਵੀ ।

ਦੂਜਾ : ਇਹ ਉਹ ਸਮਾਂ ਹੈ, ਜਿਥੇ ਗੁਰੂ ਜੀ ਤਿੰਨ ਉਦਾਸੀਆਂ ਧਾਰ ਕੇ ਕਲਿਆਣ ਲਈ ਜਾਂਦੇ ਰਹੇ ਤੇ ਮਾਤਾ ਸੁਲੱਖਣੀ ਨੇ 21 ਵਰ੍ਹੇ ਆਪਣੇ ਪੇਕਿਆਂ ਦੇ ਵਿਹੜੇ ਰੌਣਕ ਲਾਈ ਰੱਖੀ । ਇਸ ਦੌਰਾਨ ਉਨ੍ਹਾਂ ਦਾ ਵੱਡਾ ਸਪੁੱਤਰ ਬਾਬਾ ਸ੍ਰੀ ਚੰਦ ਨਾਨਕੇ-ਦਾਦਕੇ ਵੀ ਜਾਂਦੇ ਰਹੇ ਤੇ ਭੂਆ ਜੀ ਪਾਸ ਵੀ ਰਹੇ । ਮਾਂ ਸੁਲੱਖਣੀ ਨੇ ਉਹ ਵੇਲਾ ਵੀ ਵੇਖਿਆ ਜਦੋਂ ਆਪ ਦੇ ਪਤੀ ਬਾਲਕ ਸ੍ਰੀ ਚੰਦ ਨੂੰ ਭੂਆ ਦੀ ਗੋਦ ਪਾ ਗਏ । ਏਸੇ ਸਮੇਂ ਮਾਂ ਸੁਲੱਖਣੀ ਨੇ ਆਪਣੇ ਲਾਡਲੇ ਸਪੂਤ ਨੂੰ ਅਧਿਆਤਮ ਮਾਰਗ 'ਤੇ ਤੁਰਦੇ ਵੇਖਿਆ ਤੇ ਕਈ-ਕਈ ਦਿਨ ਸਮਾਧੀ-ਲੀਨ ਵੀ । ਇਹ ਵਰ੍ਹੇ ਉਡੀਕਾਂ, ਉਦਰੇਵਿਆਂ ਦੇ ਦਿਨ ਸਨ । ਤਿੰਨ ਵਾਰ ਪਤੀ ਜੀ ਉਦਾਸੀਆਂ ਦੌਰਾਨ ਘਰ ਆਏ, ਦੋ ਵੇਰਾਂ ਸੁਲਤਾਨਪੁਰ ਤੇ ਤੀਜੀ ਵੇਰਾਂ ਤਲਵੰਡੀ ਪਰ ਸਬਰ-ਸ਼ੁਕਰ ਦੀ ਮਾਲਕ ਮਾਂ ਸੁਲੱਖਣੀ ਆਸ ਬੰਨ੍ਹੀ ਵੇਖਦੀ ਰਹੀ । ਮਾਪੇ ਠੰਢੀ-ਤੱਤੀ ਵੀ ਇਨ੍ਹਾਂ ਦੇ ਪਤੀ ਤੇ ਆਪਣੇ ਜੁਆਈ ਬਾਰੇ ਆਖਦੇ ਰਹੇ । ਮਾਂ ਸੁਲੱਖਣੀ ਦੂਹਰਾ ਦਰਦ ਹੰਢਾਉਂਦੇ ਰਹੇ । ਇਕ ਪਾਸੇ, ਮਾਂ-ਬਾਪ ਦੇ ਬੋਲ-ਕੁਬੋਲ । ਦੂਜੇ ਪਾਸੇ, ਪਤੀ ਦਾ ਵਿਛੋੜਾ । ਠੰਢੀ ਸੀਰਤ ਵਾਲੀ ਮਾਂ ਦਾ ਨਾ ਕਿਸੇ ਰੁਦਨ ਸੁਣਿਆ ਤੇ ਨਾ ਹੀ ਕੌੜੇ-ਕੁਸੈਲੇ ਬੋਲ । ਉਹ ਤਾਂ ਅਬੋਲ ਪਤੀ ਦਾ ਰਾਹ ਉਡੀਕਦੀ ਰਹੀ ।

ਤੀਸਰਾ : ਇਹ ਉਹ ਸਮਾਂ ਹੈ ਜਦੋਂ ਗੁਰੂ ਜੀ ਤਿੰਨ ਉਦਾਸੀਆਂ ਤੋਂ ਬਾਅਦ ਪੱਖੋਕੇ ਅਜਿੱਤੇ ਰੰਧਾਵੇ ਦੇ ਖੂਹ 'ਤੇ ਆਣ ਡੇਰਾ ਲਾਇਆ । ਇਥੇ ਹੀ ਸਾਰਾ ਪਰਿਵਾਰ ਮਿਲ ਕੇ ਪੱਖੋਕੇ ਦੀ ਧਰਮਸਾਲ ਵਿਚ ਰਹੇ । ਇਥੇ ਰਹਿੰਦਿਆਂ ਹੀ ਸਤਿਗੁਰਾਂ ਨੇ ਕਰਤਾਰਪੁਰ ਆਣ ਵਸਾਇਆ । ਇਸ ਧਰਮਸਾਲ ਵਿਚ ਗੁਰੂ-ਘਰ ਦੀ ਮਰਿਆਦਾ ਬੱਧੀ । ਅੰਮ੍ਰਿਤ ਵੇਲੇ ਪਾਠ-ਭਜਨ ਤੇ ਕੀਰਤਨ, ਸ਼ਾਮ ਦੀ ਸੰਧਿਆ ਵੇਲੇ ਰਹਿਰਾਸ ਕਰਨ ਦੀ ਪਿਰਤ ਚਲਾਈ । ਆਏ-ਗਏ ਲਈ ਲੰਗਰ ਆਦਿ ਦਾ ਪ੍ਰਬੰਧ ਗੁਰੂ-ਘਰ ਦੀ ਮਰਿਆਦਾ, ਇਸ ਟਕਸਾਲ ਦੇ ਪ੍ਰਮੁੱਖ ਵੇਰਵੇ ਹਨ । ਮਾਂ ਸੁਲੱਖਣੀ ਤਨੋਂ-ਮਨੋਂ ਸੇਵਾ ਕਰਦੇ ਰਹੇ । ਇਥੇ ਰਹਿੰਦਿਆਂ ਹੀ ਗੁਰੂ ਜੀ ਚੌਥੀ ਉਦਾਸੀ ਲਈ ਦੇਸ਼-ਰਟਨ ਕਰਨ ਚਲੇ ਗਏ ਤੇ ਨੌਂ ਸਾਲਾਂ ਬਾਅਦ ਆਏ । ਇਨ੍ਹਾਂ ਸਾਲਾਂ ਵਿਚ ਮਾਤਾ ਜੀ ਸਿੱਖ-ਸੰਗਤ ਤੇ ਆਪਣੇ ਸਪੁੱਤਰਾਂ ਦੇ ਸੰਗ-ਸਾਥ ਵਿਚ ਰਹੇ । ਮਾਤਾ ਜੀ ਦੀ ਹਿੰਮਤ, ਉਤਸ਼ਾਹ ਤੇ ਹੌਂਸਲੇ ਕਰ ਕੇ ਗੁਰੂ ਜੀ ਦੀ ਗ਼ੈਰ-ਹਾਜ਼ਰੀ ਵਿਚ ਵੀ ਧਰਮਸਾਲ ਦੀ ਮਰਿਆਦਾ ਵਿਚ ਫ਼ਰਕ ਨਾ ਆਇਆ ਤੇ ਸਾਰੇ ਸਿਦਕ ਨਾਲ ਸੇਵਾ ਨਿਭਾਉਂਦੇ ਰਹੇ । ਵਿਛੋੜੇ ਦੇ ਲੰਮੇ ਨੌਂ ਸਾਲ ਮਾਂ ਨੇ ਬੜੀ ਪ੍ਰੀਤ ਨਾਲ ਲੰਘਾਏ ।

ਚੌਥਾ : ਇਹ ਕਾਲ-ਖੰਡ ਉਸ ਸਮੇਂ ਨਾਲ ਜੁੜਿਆ ਹੋਇਆ ਹੈ, ਜਦੋਂ ਗੁਰੂ ਜੀ ਚੌਥੀ ਉਦਾਸੀ ਤੋਂ ਬਾਅਦ ਵਾਪਸ ਆਏ ਤੇ ਆਪਣੇ ਹੱਥੀਂ ਸ਼ੁਰੂ ਕੀਤੀ ਮਰਿਆਦਾ ਦਾ ਬਾਕਾਇਦਗੀ ਨਾਲ ਨਿਰਬਾਹ ਵੇਖਿਆ । ਉਹ ਗਦਗਦ ਹੋ ਗਏ । ਮਾਂ ਸੁਲੱਖਣੀ ਦੀ ਸੁਯੋਗ ਅਗਵਾਈ ਵਿਚ ਸਿੱਖ-ਸੰਗਤ ਵੀ ਗੁਰੂ-ਘਰ ਨਾਲ ਜੁੜੀ ਰਹੀ ਤੇ ਦੋਵੇਂ ਸਪੁੱਤਰ ਵੀ । ਇਸੇ ਕਾਲ-ਖੰਡ ਵਿਚ ਗੁਰੂ ਜੀ ਥੋੜ੍ਹੇ ਥੋੜ੍ਹੇ ਅਰਸੇ ਲਈ ਵਟਾਲੇ ਜੋਗੀਆਂ ਦਾ ਤੇ ਮੁਲਤਾਨ ਪੀਰਾਂ-ਫ਼ਕੀਰਾਂ ਦਾ ਨਿਸਤਾਰਾ ਕਰਨ ਲਈ ਗਏ । ਮੁਲਤਾਨ-ਲਾਹੌਰ ਤੋਂ ਬਾਅਦ ਇਨ੍ਹਾਂ ਦੇ ਪਤੀ ਫਿਰ ਪ੍ਰਚਾਰ-ਦੌਰੇ 'ਤੇ ਨਹੀਂ ਗਏ । ਇਹ ਕਾਲ-ਖੰਡ ਬੜਾ ਮਹੱਤਵਪੂਰਣ ਹੈ । ਇਸੇ ਦੌਰਾਨ ਗੁਰੂ ਜੀ ਕੋਲ ਚਾਰ-ਪੰਜ ਉਹ ਸਿੱਖ ਆਏ ਜਿਨ੍ਹਾਂ ਨੇ ਲੰਮਾ ਅਰਸਾ ਗੁਰੂ-

ਘਰ ਦੀ ਸੇਵਾ ਕੀਤੀ । ਜਿਹਾ ਕਿ ਬਾਬਾ ਬੁੱਢਾ ਜੀ, ਮੂਲਾ ਕੀੜਾ, ਭਾਈ ਪਾਰੋ ਜੀ ਆਦਿ । ਇਸ ਵੇਲੇ ਮਾਂ ਸੁਲੱਖਣੀ ਸਾਹਿਬਜ਼ਾਦਿਆਂ ਨਾਲ ਆਪਣੇ ਜ਼ਿੰਮੇ ਲੱਗੀ ਡਿਊਟੀ ਨੂੰ ਖਿੜੇ ਮੱਥੇ ਨਿਭਾਉਂਦੀ ਰਹੀ । ਇਹੋ ਉਹ ਕਾਲ-ਖੰਡ ਹੈ, ਜਦੋਂ ਪਤੀ ਜੀ ਨੇ ਗੁਰੂਗੱਦੀ ਭਾਈ ਲਹਿਣਾ ਜੀ ਨੂੰ ਦੇਣ ਦਾ ਫ਼ੈਸਲਾ ਕੀਤਾ । ਮਾਂ ਲਈ ਇਹ ਇਮਤਿਹਾਨ ਦੀ ਘੜੀ ਸੀ । ਪੁੱਤਰ-ਮੋਹ ਜਾਗਿਆ ਤਾਂ ਸਹੀ ਪਰ ਪਤੀ ਦੀ ਦ੍ਰਿਸ਼ਟੀ ਅੱਗੇ ਸਿਰ ਨਿਵਾ ਦਿੱਤਾ ਤੇ ਪਤੀ ਦੀ ਆਗਿਆ ਸਿਰ-ਮੱਥੇ ਮੰਨਦੇ ਹੋਏ ਆਪਣੇ ਲਾਡਲੇ ਸਪੂਤ ਲਖਮੀ ਦਾਸ ਨੂੰ ਸਮਝਾ-ਬੁਝਾ ਲਿਆ । ਉਹ ਵੀ ਪਿਤਾ ਦੀ ਰਜ਼ਾ ਵਿਚ ਰਾਜ਼ੀ ਹੋ ਗਿਆ । ਇਹੋ ਉਹ ਕਾਲ-ਖੰਡ ਹੈ, ਜਦੋਂ ਮਾਂ ਦੇ ਪਤੀ ਬੈਕੁੰਠ ਧਾਮ ਨੂੰ ਗਏ । ਗੁਰੂ-ਪਤੀ ਦਾ ਵੈਰਾਗ, ਸੱਲ, ਉਦਾਸੀ, ਸੰਸਾਰ ਦੀ ਅਸਾਰਤਾ ਮਾਂ ਦੀ ਸੁਰਤ ਨੂੰ ਉਚੇਰਾ ਕਰ ਗਈ ।

ਪੰਜਵਾਂ : ਇਹ ਕਾਲ-ਖੰਡ ਮਾਂ ਦੇ ਜੀਵਨ ਦੇ ਉਸ ਸਮੇਂ ਨਾਲ ਸੰਬੰਧਿਤ ਹੈ ਜਦੋਂ ਉਹ ਗੁਰੂ-ਪਤੀ ਲਈ ਬਹੁਤ ਵੈਰਾਗਵਾਨ ਸੀ । ਪਰ ਮਾਂ ਨੇ ਆਪਣਾ ਸਮਤੋਲ ਨਹੀਂ ਗੁਆਇਆ । ਆਪਣੇ ਜ਼ਿੰਮੇ ਲੱਗੀ ਲੰਗਰ ਦੀ ਸੇਵਾ ਨੂੰ ਦਿਲ-ਜਾਨ ਨਾਲ ਨਿਭਾਇਆ । ਆਪਣੇ ਸਪੂਤਾਂ ਨੂੰ ਪਿਤਾ ਦੇ ਮਿਸ਼ਨ ਵਿਚ ਪ੍ਰਪੱਕ ਕੀਤਾ । ਸਿੱਖ-ਸੰਗਤ ਨੂੰ ਗੁਰੂ ਦੇ ਹੁਕਮ ਨਾਲ ਜੋੜਿਆ । ਭਾਵੇਂ ਮਾਤਾ ਸੁਲੱਖਣੀ ਆਪਣੇ ਪਤੀ-ਗੁਰੂ ਤੋਂ ਬਾਅਦ ਦੋ ਕੁ ਮਹੀਨੇ ਹੀ ਜੀਵਿਤ ਰਹੇ ਪਰ ਇਸ ਥੋੜ੍ਹੇ ਜਿਹੇ ਸਮੇਂ ਵਿਚ ਵੀ ਉਨ੍ਹਾਂ ਦੀ ਸ਼ਖ਼ਸੀਅਤ ਦਾ ਬਹੁਤ ਗਹਿਰਾ ਪ੍ਰਭਾਵ ਪਿਆ । ਪਤੀ-ਗੁਰੂ ਦੇ ਅੰਤਿਮ ਭੋਗ 'ਤੇ ਗੁਰੂ ਅੰਗਦ ਦੇਵ ਜੀ ਵੀ ਆਏ । ਮਾਤਾ ਜੀ ਨੇ ਉਨ੍ਹਾਂ ਦਾ ਬੜਾ ਸਤਿਕਾਰ ਕੀਤਾ ਤੇ ਆਪਣੇ ਸਪੁੱਤਰਾਂ ਪਾਸੋਂ ਵੀ ਉਨ੍ਹਾਂ ਨੂੰ ਨਮਸਕਾਰ ਕਰਵਾਈ । ਇਹ ਮਾਤਾ ਜੀ ਦਾ ਚੌੜਾ ਹਿਰਦਾ ਹੀ ਹੈ ਜਿਸ ਨੇ ਭਾਵੀ ਗੁਰੂ ਤੇ ਆਪਣੇ ਸਪੁੱਤਰਾਂ ਦੇ ਦਰਮਿਆਨ ਬੜੀ ਸੁਹਿਰਦਤਾ ਵਾਲਾ ਰਿਸ਼ਤਾ ਕਾਇਮ ਕਰਵਾਇਆ ।

11

ਮਾਤਾ ਸੁਲੱਖਣੀ ਗੁਰੂ-ਇਤਿਹਾਸ ਵਿਚ ਇਕ ਅਜਿਹੀ ਸ਼ਖ਼ਸੀਅਤ ਹੈ ਜਿਸ ਨੇ ਆਪਣੇ ਨਿੱਜੀ ਸੁੱਖਾਂ ਦਾ ਤਿਆਗ ਕਰ ਕੇ ਆਪਣੀ ਸੰਤਾਨ ਦੀ ਸਾਰ-ਸੰਭਾਲ ਕੀਤੀ । ਪਤੀ-ਗੁਰੂ ਦੀ ਆਗਿਆ ਨੂੰ ਤਨਦੇਹੀ ਨਾਲ ਨਿਭਾਇਆ । ਮਾਤਾ ਸੁਲੱਖਣੀ ਗੁਰੂ ਸਾਹਿਬ ਦੀ ਨਿਰੀ ਪਤਨੀ ਹੀ ਨਹੀਂ ਸੀ, ਸਗੋਂ ਉਹ ਉਨ੍ਹਾਂ ਨੂੰ ਗੁਰੂ-ਰੂਪ ਕਰ ਕੇ ਵੀ ਜਾਣਦੀ ਸੀ । ਜਦੋਂ ਉਨ੍ਹਾਂ ਨੇ ਆਪਣੇ ਬਾਲ-ਪੁੱਤਰ ਬਾਬਾ ਸ੍ਰੀ ਚੰਦ ਨੂੰ ਅਸੀਸਾਂ ਦਿੱਤੀਆਂ ਸਨ ਕਿ ਇਹ ਵੱਡਾ ਕਰਾਮਤੀ ਸਾਧੂ ਹੋਵੇਗਾ । ਇਸ ਦਾ ਆਪਣਾ ਪੰਥ ਚੱਲੇਗਾ । ਇਹ ਰੱਬ ਦੇ ਰਾਹ 'ਤੇ ਟੁਰਨ ਵਾਲਾ ਮਹਾ-ਉਦਾਸੀ ਹੋਵੇਗਾ । ਮਾਂ ਸੁਲੱਖਣੀ ਦਾ ਰੋਮ-ਰੋਮ ਇਸ ਗੱਲ ਦੀ ਸ਼ਾਹਦੀ ਦੇ ਦਾ ਸੀ ਕਿ ਉਸ ਦੇ ਗੁਰੂ-ਪਤੀ ਦੇ ਬੋਲ ਸੱਚੇ ਹੋਣਗੇ । ਜਦੋਂ ਬਾਲ-ਪੁੱਤਰ ਸ੍ਰੀ ਚੰਦ ਸਮਾਧੀਆਂ ਲਾਉਣ ਲੱਗੇ, ਗਿਆਨ ਪ੍ਰਵਾਹ ਚਲਾਉਣ ਲੱਗੇ, ਨਾਮ-ਸਿਮਰਨ ਕਰਾਉਣ ਲੱਗੇ, ਘਰ ਵਿਚ ਰਹਿੰਦਿਆਂ ਹੀ ਉਦਾਸ ਰਹਿਣ ਲੱਗੇ ਤਾਂ ਮਾਂ ਅੰਦਰੋਂ ਜਾਣਦੀ ਸੀ ਇਸ ਦੇ ਪਿਤਾ-ਗੁਰੂ ਦੇ ਬੋਲ ਸੱਚੇ ਸਾਬਤ ਹੋਣਗੇ । 'ਸਾਧ ਬਚਨ ਅਟਲਾਧਾ' ਵਿਚ ਵਿਸ਼ਵਾਸ ਉਹੋ ਇਸਤਰੀ ਹੀ ਕਰ ਸਕਦੀ ਹੈ, ਜਿਸ ਨੂੰ ਗੁਰੂ-ਪਤੀ 'ਤੇ ਪੂਰਨ ਭਰੋਸਾ ਹੋਵੇ । ਮਾਂ ਸੁਲੱਖਣੀ ਅੱਜ ਸਿਮਰਨ ਸਮਾਧੀ ਵਿਚ ਹੀ ਬੈਕੁੰਠ ਧਾਮ ਚਲੇ ਗਏ । ਇਹ ਵਾਕਿਆ 24 ਮੱਘਰ

ਸੰਮਤ 1596 ਅਰਥਾਤ 1539 ਈਸਵੀ ਦਾ ਹੈ ।

ਕੁਲ ਮਿਲਾ ਕੇ, ਮਾਤਾ ਸੁਲੱਖਣੀ ਜੀ ਦੇ ਜੀਵਨ-ਬਿਰਤਾਂਤ ਤੋਂ ਭਾਵੀ ਗੁਰੂ-ਮਹਿਲਾਂ ਨੂੰ ਅਜਿਹੇ ਆਦਰਸ਼ ਪ੍ਰਾਪਤ ਹੋਏ ਕਿ ਉਨ੍ਹਾਂ ਉੱਪਰ ਚਲਣਾ ਸਾਰੇ ਗੁਰੂ-ਮਹਿਲਾਂ ਨੇ ਆਪਣਾ ਪਰਮ ਧਰਮ ਸਮਝਿਆ :

1. ਗੁਰੂ-ਪਤੀ ਦੇ ਉਚੇਰੇ ਆਦਰਸ਼ਾਂ ਦੀ ਪੂਰਤੀ ਲਈ ਆਪਣੇ ਨਿੱਜੀ ਸੁਖਾਂ ਨੂੰ ਤਿਆਗ ਦਿਓ । ਲੋਕ-ਚਰਚਾ ਵਲ ਧਿਆਨ ਨਾ ਦਿਓ ਸਗੋਂ ਆਪਣੇ ਆਦਰਸ਼ ਦੀ ਪੂਰਤੀ ਹਿਤ ਜਾਓ । ਮਾਂ ਸੁਲੱਖਣੀ ਇਸ ਦੀ ਜੀਉਂਦੀ ਮਿਸਾਲ ਹੈ ।
2. ਵਿਆਹੁਤਾ ਜੀਵਨ ਵਿਚ ਪਤੀ ਦੇ ਸੰਗ-ਸਾਥ ਤੁੱਲ ਹੋਰ ਕੋਈ ਵਸਤ ਨਹੀਂ ਬਸ਼ਰਤੇ ਆਗਿਆਕਾਰੀ ਦਾ ਆਲਮ ਬਰਕਰਾਰ ਰਹੇ । ਹੁਕਮ ਅਧੀਨ ਵਿਛੋੜਾ ਵੀ ਸਾਰਥਕ ਹੈ ਜੇ ਕੋਈ ਮਹੱਤਵਪੂਰਣ ਭੂਮਿਕਾ ਨਿਭਾਉਣੀ ਪਵੇ ਜਿਵੇਂ ਕਿ ਆਪ ਮਾਂ ਸੁਲੱਖਣੀ ਬਾਲ-ਪੁੱਤਰਾਂ ਨੂੰ ਪਾਲਦੀ ਰਹੀ । ਲੰਗਰ ਦੀ ਸੇਵਾ ਕਰਦੀ ਰਹੀ । ਸਿੱਖ-ਸੰਗਤ ਦੀ ਆਗੂ ਬਣ ਕੇ ਧਰਮਸਾਲਾ ਦੀ ਮਰਿਆਦਾ ਤੋਰਦੀ ਰਹੀ ।
3. ਪਿਤਾ-ਗੁਰੂ ਦੀ ਆਗਿਆ ਨਾਲ ਜੇ ਸਪੁੱਤਰਾਂ ਦਾ ਮਤਭੇਦ ਹੋ ਜਾਵੇ ਤਾਂ ਪਤੀ-ਗੁਰੂ ਦੇ ਆਸ਼ੇ ਨੂੰ ਸਮਝ ਕੇ, ਉਸ ਦੇ ਨਾਲ ਖਲੋਵੋ । ਗੁਰੂ-ਮਹਿਲਾਂ ਦਾ ਇਤਿਹਾਸ ਗਵਾਹ ਹੈ, ਮਾਤਾ ਖੀਵੀ, ਮਾਤਾ ਮਨਸਾ ਦੇਵੀ, ਤੇ ਮਾਤਾ ਭਾਨੀ ਨੇ ਗੁਰੂਗੱਦੀ ਦੇ ਵਾਰਿਸ ਦੇ ਸੰਦਰਭ ਵਿਚ ਪੁੱਤਰਾਂ ਦਾ ਸਾਥ ਨਾ ਦੇ ਕੇ ਗੁਰੂ ਦੀ ਆਗਿਆ ਨੂੰ ਮੰਨਿਆ । ਇਸ ਦਾ ਪਹਿਲਾ ਸਬਕ ਮਾਤਾ ਸੁਲੱਖਣੀ ਜੀ ਨੇ ਹੀ ਦ੍ਰਿੜ੍ਹ ਕਰਵਾਇਆ ।
4. ਪੁੱਤਰ ਜੇ ਪ੍ਰਤਾਪੀ ਹੋਵੇ ਤਾਂ ਪਤੀ ਤੇ ਪੁੱਤਰ ਦੋਹਾਂ ਦਾ ਸਤਿਕਾਰ ਥਾਉਂ-ਥਾਈਂ ਕਰਨਾ ਹੈ । ਧੰਨ ਹੈ ਮਾਂ ਸੁਲੱਖਣੀ ਜਿਸ ਨੇ ਪਤੀ-ਗੁਰੂ ਤੋਂ ਪਤੀ-ਗੁਰੂ ਦੀ ਗ਼ੈਰ-ਮੌਜੂਦਗੀ ਵਿਚ ਆਪਣੇ ਸਪੁੱਤਰ ਬਾਬਾ ਸ੍ਰੀ ਚੰਦ ਨੂੰ ਧੰਨ ਧੰਨ ਜਾਤਾ । ਉਨ੍ਹਾਂ ਦਾ ਅਦਬ-ਸਤਿਕਾਰ ਕੀਤਾ । ਉਨ੍ਹਾਂ ਦੀਆਂ ਅਜ਼ਮਤਾਂ ਅੱਗੇ ਸਿਰ ਨਿਵਾਂ ਦਿੱਤਾ । ਉਨ੍ਹਾਂ ਦੇ ਉਦਾਸੀ ਪੰਥ ਨੂੰ ਵਡਿਆਇਆ-ਸਲਾਹਿਆ ਤੇ ਨਮਸਕਾਰ ਕੀਤੀ ।

ਮਾਤਾ ਖੀਵੀ ਜੀ

ਮਾਤਾ ਖੀਵੀ ਜੀ ਦੇ ਵਿਲੱਖਣ ਸਥਾਨ ਨੂੰ ਮੁੱਖ ਤੌਰ 'ਤੇ ਦੋ ਭਾਗਾਂ ਵਿਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ :

1. ਮਾਤਾ ਖੀਵੀ ਜੀ ਦਾ ਪਿਛੋਕੜ ਤੇ ਵਿਆਹੁਤਾ ਜੀਵਨ,
2. ਮਾਤਾ ਖੀਵੀ ਜੀ ਦੀ ਗੁਰਿਆਈ-ਰੂਪ ਵਿਚ ਨਿਭਾਈ ਗਈ ਭੂਮਿਕਾ ।

ਸੰਦੇਹ ਨਹੀਂ, ਦੂਸਰੇ ਭਾਗ ਦੇ ਅਧਿਐਨ-ਵਿਚਾਰ ਆਰੰਭ ਕਰਨ ਤੋਂ ਪਹਿਲਾਂ ਕਾਰਜ-ਸੀਮਾ ਦਾ ਉਲੇਖ ਕਰਨਾ ਉਚਿਤ ਮਾਲੂਮ ਹੋ ਰਿਹਾ ਹੈ :

1. ਲੰਗਰ-ਪ੍ਰਥਾ ਦਾ ਵਿਕਾਸ
2. ਗੁਰੂ-ਮਹਿਲ-ਪਰੰਪਰਾ ਲਈ ਪਾਏ ਪੂਰਨੇ
3. ਸੰਤਾਨ-ਹਿਤ ਨਾਲੋਂ ਗੁਰੂਗੱਦੀ ਨੂੰ ਮਾਨਤਾ
4. ਜੀਵਨ ਅਤੇ ਘਾਲਣਾ ਤੋਂ ਪ੍ਰਾਪਤ ਸੰਦੇਸ਼ ।

ਨਾਰੀ ਧਰਮ ਤੇ ਸਮਾਜ ਦੋਹਾਂ ਦੀ ਬੀਜ ਇਕਾਈ ਹੈ। ਨਾ ਸਮਾਜ ਨਾਰੀ ਬਿਨਾਂ ਚਲਦਾ ਹੈ, ਨਾ ਹੀ ਧਰਮ ਨਾਰੀ ਬਿਨਾਂ ਜੜ੍ਹ ਫੜਦਾ ਹੈ। ਹਰ ਮਜ਼ਹਬ ਦੇ ਵਿਸਤਾਰ ਵਿਚ ਸੁਆਣੀਆਂ ਦੀ ਲਾਸਾਨੀ ਭੂਮਿਕਾ ਹੈ ਜੋ ਆਪਣੇ ਬਜ਼ੁਰਗਾਂ ਦੇ ਕਾਰਨਾਮੇ ਉਨ੍ਹਾਂ ਦੇ ਉਚੇਰੇ ਅਸੂਲ, ਉਨ੍ਹਾਂ ਦਾ ਵਡਮੁੱਲਾ ਮੰਤਵ ਕਿਸੇ ਟੋਟਕੇ, ਮਿੱਥ ਜਾਂ ਲੀਜੈਂਡ ਰਾਹੀਂ ਬਹਿੰਦਿਆਂ-ਉਠਦਿਆਂ ਆਪਣੇ ਬਾਲਾਂ ਨੂੰ ਸੁਣਾਉਂਦੀਆਂ ਰਹਿੰਦੀਆਂ ਹਨ। ਇਹੋ ਜਿਹੇ ਹਾਲ ਬਾਲ-ਮਨਾਂ ਦੀ ਤਖ਼ਤੀ ਉੱਤੇ ਉਕਰੇ ਜਾਂਦੇ ਹਨ ਜੋ ਸਮਾਂ ਆਉਣ 'ਤੇ ਪੁੰਗਰ ਪੈਂਦੇ ਹਨ। ਕਮਾਲ ਤਾਂ ਇਹ ਹੈ ਕਿ ਸੰਸਾਰ ਭਰ ਦੇ ਮਜ਼ਹਬਾਂ ਵਿਚ ਨਾਰੀ ਦੀ ਘਾਲਣਾ ਬੇਜੋੜ ਹੈ। ਗੁਰੂ ਨਾਨਕ ਦੇਵ ਦੇ ਮਤਿ ਨੂੰ ਸਰਬ ਪ੍ਰਥਮ ਭੈਣ ਨਾਨਕੀ ਨੇ ਅਪਣਾਇਆ। ਇਸਲਾਮ ਨੂੰ ਹਜ਼ਰਤ ਮੁਹੰਮਦ ਦੀ ਬੀਵੀ ਹਜ਼ਰਤ ਖ਼ੁਦੈਜਾਂ ਨੇ ਸਭ ਤੋਂ ਪਹਿਲਾਂ ਕਬੂਲ ਕੀਤਾ। ਈਸਾਈ ਧਰਮ ਧਾਰਨ ਕਰਨ ਵਾਲੀ ਸਭ ਤੋਂ ਪਹਿਲੀ ਨਾਰੀ ਉਨ੍ਹਾਂ ਦੀ ਮਾਂ ਮਰੀਅਮ ਹੀ ਸੀ। ਨਾਰੀ ਜੋ ਮਾਂ ਸੀ, ਭੈਣ ਸੀ ਜਾਂ ਬੀਵੀ ਸਭ ਤੋਂ ਪਹਿਲਾਂ ਮਜ਼ਹਬ-ਵਿਸ਼ੇਸ਼ 'ਤੇ ਇਤਕਾਦ ਲਿਆ ਕੇ ਇਹ ਸਾਬਤ ਕਰ ਦਿੱਤਾ ਕਿ ਉਹ ਰੂਹਾਨੀਅਤ ਵੱਲ ਸਹਿਜੇ ਹੀ ਆਕਰਸ਼ਿਤ ਹੋ ਜਾਂਦੀ ਹੈ। ਉਚੇਰੇ ਗੁਣ ਉਸ ਦੇ ਮਾਤ-ਮੁੱਲਾਂ ਨੂੰ ਉਭਾਰਦੇ ਹਨ ਤੇ ਉਹ ਇਨਸਾਨੀਅਤ, ਸਮਾਜਿਕਤਾ ਤੇ ਰੱਬੀ ਰਾਹ 'ਤੇ ਸਹਿਜ-ਸਾਦਗੀ ਨਾਲ ਤੁਰਨ ਲੱਗ ਪੈਂਦੀ ਹੈ। ਇਹ ਗੱਲ ਸੰਤੋਖਜਨਕ ਹੈ ਕਿ ਹਰ ਮਜ਼ਹਬ ਦੀ ਪ੍ਰਫੁੱਲਤਾ ਵਿਚ ਜਿਥੇ ਉਸ ਦੇ ਬਾਨੀ ਦਾ ਹੱਥ ਹੈ ਉਥੇ ਉਨ੍ਹਾਂ ਦੇ ਪਰਿਵਾਰ ਨਾਲ ਜੁੜੀਆਂ ਬੀਬੀਆਂ ਨੇ ਵੀ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਸਿੱਖ ਧਰਮ ਦੇ ਇਤਿਹਾਸ ਵਿਚ ਮਾਤਾ ਖੀਵੀ ਜੀ ਦਾ ਨਾਮ ਉਚੇਰੇ ਮਹੱਤਵ ਦਾ ਅਧਿਕਾਰੀ ਹੈ। ਸਿੱਖ ਧਰਮ ਦੇ ਇਤਿਹਾਸ ਦੇ ਵੇਰਵਿਆਂ ਉੱਤੇ ਨਜ਼ਰਸਾਨੀ ਕਰੀਏ ਤਾਂ ਪਤਾ ਲਗਦਾ ਹੈ। ਗੁਰੂ ਸਾਹਿਬਾਨ ਦੇ ਉਚੇਰੇ ਮਿਸ਼ਨ ਦੀ ਪਰੰਪਰਾ ਨੂੰ ਨਿਖਾਰਨ ਵਿਚ ਹਰ ਇਕ ਗੁਰੂ ਦਾ ਯੋਗਦਾਨ ਨਿਵੇਕਲਾ ਹੈ। ਇਸੇ ਤਰ੍ਹਾਂ ਗੁਰੂ-ਪਰੰਪਰਾ ਦੇ ਨਾਲ-ਨਾਲ ਹੀ ਗੁਰੂ-ਮਹਿਲ-ਪਰੰਪਰਾ ਵੀ ਉਸਰਦੀ ਗਈ। ਜੇ ਗੁਰੂ ਸਾਹਿਬਾਨ ਆਪਣੇ ਧੁਰੋਂ ਵਰੋਸਾਏ ਮਿਸ਼ਨ ਦੀ ਪੂਰਤੀ ਹਿਤ ਕਠਿਨ ਘਾਲਣਾ ਘਾਲ ਰਹੇ ਸੀ ਤਾਂ ਗੁਰੂ-ਮਹਿਲ ਆਪਣੇ ਘਰੇਗੀ ਮਾਹੌਲ ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾ ਰਹੇ ਸਨ। ਉਨ੍ਹਾਂ ਦੇ ਘਰੇਗੀ ਮਾਹੌਲ ਵਿਚ ਸਾਫ਼ ਸਵੱਛਤਾ ਦਾ ਨਿਵਾਸ ਸੀ। ਪੰਚਮ ਗੁਰੂ ਨੇ ਖ਼ਬਰੇ ਤਾਹੀਉਂ ਇਸ ਤੱਥ ਵੱਲ ਸੰਕੇਤ ਕੀਤਾ ਹੈ : "ਘਰ ਸੁਖ ਵਸਿਆ ਬਾਹਰ ਸੁਖ ਪਾਇਆ" ਮਾਤਾ ਖੀਵੀ ਉਹ ਵਡਭਾਗਣੀ ਤੇ ਸੁਲੱਖਣੀ ਇਕੋ ਇਕ ਗੁਰੂ-ਮਹਿਲ ਹੈ ਜਿਸ ਦਾ ਨਾਮ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ। ਗੁਰੂ ਗ੍ਰੰਥ ਸਾਹਿਬ ਵਿਚ 22 ਵਾਰਾਂ ਅੰਕਿਤ ਹਨ। ਉਨ੍ਹਾਂ ਵਿਚੋਂ ਇਕ ਵਾਰ ਮਿਰਾਸੀ-ਕੀਰਤਨੀਆਂ ਦੀ ਉਚਰਿਤ ਹੈ। ਇਸ ਦਾ ਪੂਰਾ ਨਾਮ ਹੈ : "ਰਾਮਕਲੀ ਦੀ ਵਾਰ ਰਾਇ ਬਲਵੰਡ ਤਥਾ ਸਤੇ ਡੂਮ ਆਖੀ" ਇਥੇ ਇਹ ਗੱਲ ਧਿਆਨਯੋਗ ਹੈ, ਗੁਰੂ ਸਾਹਿਬ ਨੇ ਕਿਸੇ ਹੋਰ ਗੁਣੀ-ਗਿਆਨੀ ਨੂੰ ਹਮ-ਆਸਣ ਨਹੀਂ ਕੀਤਾ ਕੇਵਲ ਕੀਰਤਨੀਆਂ ਨੂੰ ਕੀਤਾ ਹੈ। ਸਤਾ ਤੇ ਬਲਵੰਡ ਪੰਚਮ ਗੁਰੂ-ਦਰਬਾਰ ਵਿਚ ਕੀਰਤਨ ਕਰਦੇ ਸਨ। ਇਨ੍ਹਾਂ ਦੁਆਰਾ ਉਚਾਰੀ ਗਈ ਵਾਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਸ ਵਿਚਲੀ ਇਕ ਪਉੜੀ ਮਾਤਾ ਖੀਵੀ ਜੀ ਨੂੰ ਸਮਰਪਿਤ ਹੈ :

ਬਲਵੰਡ ਖੀਵੀ ਨੇਕ ਜਨੁ, ਜਿਸੁ ਬਹੁਤੀ ਛਾਉ ਪਤ੍ਰਾਲੀ ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥
ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ ॥
ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ ॥
ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ ॥

(ਗੁਰੂ ਗ੍ਰੰਥ ਸਾਹਿਬ, ਪੰਨਾ 967)

ਮਾਤਾ ਖੀਵੀ ਜੀ ਬਹੁਤ ਹੀ ਭਲੇ ਸੁਭਾਅ ਦੇ ਸਨ । ਉਨ੍ਹਾਂ ਦਾ ਸੁਭਾਅ ਇਸ ਤਰ੍ਹਾਂ ਠੰਡ ਪਾਉਂਦਾ ਸੀ ਜਿਸ ਤਰ੍ਹਾਂ ਘਣਛਾਵਾਂ ਰੁੱਖ ਠੰਡੀ ਛਾਂ ਦੇਂਦਾ ਹੈ । ਗੁਰੂ ਅੰਗਦ ਦੇਵ ਜੀ ਜਿਥੇ ਨਾਮ-ਸਿਮਰਨ ਦੀ ਦੌਲਤ ਵੰਡ ਰਹੇ ਸਨ, ਉਥੇ ਮਾਤਾ ਖੀਵੀ ਜੀ ਬਹੁਤ ਸੁਆਦਲਾ ਲੰਗਰ ਤੇ ਘਿਆਲੀ ਖੀਰ ਸੰਗਤਾਂ ਨੂੰ ਖੁਆ ਕੇ ਅੰਮ੍ਰਿਤ ਰਸ ਦਾ ਸੰਚਾਰ ਕਰ ਰਹੇ ਸਨ । ਗੁਰੂ ਸਿੱਖ ਗੁਰੂ ਦਰ 'ਤੇ ਆ ਕੇ ਖਿੜ ਜਾਂਦੇ । ਮਾਤਾ ਜੀ ਦਾ ਦੀਦਾਰ ਤੇ ਵਾਰਤਾ ਸਿੱਖਾਂ ਵਿਚ ਉਮਾਹ ਪੈਦਾ ਕਰ ਦੇਂਦੇ ਪਰ ਦਵੈਖੀ ਈਰਖਾ ਨਾਲ ਪੀਲੇ ਪੈ ਜਾਂਦੇ । ਮਾਤਾ ਖੀਵੀ ਜੀ ਦੀ ਘਾਲਣਾ, ਸੇਵਾ ਅਤੇ ਕਮਾਈ ਵਿਚ ਮਰਦਾਂ ਵਾਲੀ ਦ੍ਰਿੜ੍ਹਤਾ ਅਤੇ ਪਕਿਆਈ ਸੀ । ਮਾਤਾ ਖੀਵੀ ਆਪਣੇ ਪਤੀ ਗੁਰੂ ਅੰਗਦ ਦੇਵ ਜੀ ਨਾਲ ਸੁਸ਼ੋਭਿਤ ਗੁਰੂ-ਮਿਸ਼ਨ ਦੇ ਵਾਧੇ ਵਿਚ ਆਪਣਾ ਪੂਰਾ ਪੂਰਾ ਯੋਗਦਾਨ ਪਾ ਰਹੇ ਸਨ ਅਤੇ ਉਹ ਵੀ ਉਸ ਗੁਰੂ ਦੀ ਸੰਗਤ ਵਿਚ ਜਿਸ ਨੇ ਪੂਰੇ ਜਗਤ ਦਾ ਭਾਰ ਉਠਾ ਰੱਖਿਆ ਸੀ ।

ਮਾਤਾ ਖੀਵੀ ਤੇ ਹੋਰ ਗੁਰੂ-ਮਹਿਲਾਂ ਦੇ ਜਨਮ-ਤਾਰੀਖ, ਬਚਪਨ, ਵਿਦਿਆ ਜਾਂ ਪਿਛੋਕੜ ਬਾਰੇ ਸਿੱਖ-ਇਤਿਹਾਸ ਆਮ ਤੌਰ 'ਤੇ ਖ਼ਾਮੋਸ਼ ਹੈ । ਇਨ੍ਹਾਂ ਦਾ ਵਰਣਨ ਹਮੇਸ਼ਾ ਜਾਂ ਤਾਂ ਘਟਨਾ-ਵਿਸ਼ੇਸ਼ ਵਿਚ ਹੁੰਦਾ ਹੈ ਜਾਂ ਫਿਰ ਸ਼ਾਦੀ ਹੋ ਜਾਣ ਤੋਂ ਬਾਅਦ ਗੁਰੂ-ਵਿਸ਼ੇਸ਼ ਦੇ ਸੰਦਰਭ ਵਿਚ ਹੁੰਦਾ ਹੈ ਤੇ ਇਹ ਵੀ ਸਪੱਸ਼ਟ ਹੈ, ਇਨ੍ਹਾਂ ਦੀ ਸ਼ਾਦੀ ਤੋਂ ਹੀ ਅਨੁਮਾਨ ਨਾਲ ਇਨ੍ਹਾਂ ਦੀਆਂ ਜਨਮ-ਤਿੱਥਾਂ ਆਂਕੀਆਂ ਜਾਂਦੀਆਂ ਹਨ ਜਿਸ ਦਾ ਆਧਾਰ ਤਤਕਾਲੀ ਰਿਵਾਜ ਹੀ ਹੁੰਦਾ ਹੈ । ਇਹੋ ਹਾਲ ਮਾਤਾ ਖੀਵੀ ਜੀ ਦੀ ਜਨਮ-ਤਿਥੀ ਦੇ ਸੰਕੇਤ ਬਾਰੇ ਹੈ । ਉਨ੍ਹਾਂ ਦੇ ਇਤਿਹਾਸ ਬਾਰੇ ਕੋਈ ਸੰਕੇਤ ਨਹੀਂ ਮਿਲਦਾ । ਉਨ੍ਹਾਂ ਦੇ ਪਤੀ ਗੁਰੂ ਅੰਗਦ ਦੇਵ ਜੀ ਬਾਰੇ ਕਈ ਇਤਿਹਾਸਕ ਸੋਤਾਂ ਤੋਂ ਜਾਣਕਾਰੀ ਪ੍ਰਾਪਤ ਹੁੰਦੀ ਹੈ । ਭਾਈ ਲਹਿਣਾ ਜੀ ਦਾ ਜਨਮ 31 ਮਾਰਚ 1504 ਈਸਵੀ ਵਿਚ ਹੋਇਆ । ਖੀਵੀ ਜੀ ਨਾਲ ਉਨ੍ਹਾਂ ਦੀ ਸ਼ਾਦੀ ਪੰਦਰਾਂ ਸਾਲਾਂ ਦੀ ਉਮਰ ਵਿਚ 1519 ਈਸਵੀ ਵਿਚ ਹੋਈ । ਇਸ ਤਰ੍ਹਾਂ ਰਿਵਾਜ ਅਨੁਸਾਰ ਜੇ ਖੀਵੀ ਜੀ ਦੀ ਆਯੂ ਪਤੀ ਕੋਲੋਂ ਤਿੰਨ-ਚਾਰ ਵਰ੍ਹੇ ਛੋਟੀ ਹੋਵੇ ਤਾਂ ਉਨ੍ਹਾਂ ਦਾ ਜਨਮ-ਸੰਨ 1506-1507 ਆਖਿਆ ਜਾ ਸਕਦਾ ਹੈ । ਪ੍ਰੋ. ਕਰਤਾਰ ਸਿੰਘ, ਸਿੱਖ ਇਤਿਹਾਸ ਦੇ ਪੰਨਾ 114 ਉੱਪਰ ਲਿਖਦੇ ਹਨ, "ਮਾਤਾ ਜੀ ਦਾ ਜਨਮ ਸੰਨ 1506 ਈਸਵੀ ਵਿਚ ਖਡੂਰ ਦੇ ਨੇੜੇ ਪਿੰਡ ਸੰਘਰ, ਤਹਿਸੀਲ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ । ਇਨ੍ਹਾਂ ਦੇ ਪਿਤਾ ਦਾ ਨਾਮ ਦੇਵੀ ਚੰਦ ਸੀ ਜੋ ਖੱਤਰੀ ਜਾਤ ਦੇ ਸਨ । ਇਨ੍ਹਾਂ ਦੀ ਮਾਤਾ ਦਾ ਨਾਮ ਕਰਮ ਦੇਈ ਸੀ । ਮਾਤਾ ਖੀਵੀ ਜੀ ਦੀ ਮਾਤਾ ਦਾ ਨਾਮ ਕਿਸੇ ਹੋਰ ਸੋਤ ਤੋਂ ਨਹੀਂ ਮਿਲਦਾ ਕੇਵਲ ਗਿਆਨੀ ਊਧਮ ਸਿੰਘ ਜੀ ਨੇ 'ਨਿਰਾਲੀ ਖੋਜ' (ਪੰਨਾ 50) ਉੱਪਰ ਇਸ ਦਾ ਜ਼ਿਕਰ ਕੀਤਾ ਹੈ । ਗਿਆਨੀ ਜੀ ਨੇ ਆਪਣੇ ਸੋਤ ਦਾ ਸੰਕੇਤ ਨਹੀਂ ਕੀਤਾ । ਕਿਸੇ ਹੋਰ ਇਤਿਹਾਸਕ ਸੋਤ

ਦੇ ਅਭਾਵ ਵਿਚ ਖੀਵੀ ਜੀ ਦੀ ਮਾਤਾ ਦਾ ਨਾਮ ਕਰਮ ਦੇਈ ਪ੍ਰਵਾਨ ਕਰ ਲੈਣਾ ਹੀ ਉਚਿਤ ਹੈ। ਇਸ ਤਰ੍ਹਾਂ ਮਾਤਾ ਖੀਵੀ ਦੇ ਪਿਤਾ ਦਾ ਨਾਮ ਦੇਵੀ ਚੰਦ ਹੈ ਤੇ ਮਾਤਾ ਦਾ ਨਾਮ ਕਰਮ ਦੇਈ ਹੈ। ਇਨ੍ਹਾਂ ਦੀ ਸ਼ਾਦੀ 1519 ਈਸਵੀ ਵਿਚ ਭਾਈ ਲਹਿਣਾ ਜੀ ਨਾਲ ਹੋਈ। ਇਨ੍ਹਾਂ ਦਾ ਸਾਕ ਮਾਈ ਵਿਰਾਈ ਨੇ ਕਰਵਾਇਆ ਸੀ। ਮਾਈ ਵਿਰਾਈ ਮੱਤੇ ਦੇ ਸਰਾਂ ਵਾਲੇ ਚੌਧਰੀ ਤਖਤ ਮੱਲ ਦੀ ਸਪੁੱਤਰੀ ਸੀ। ਉਹ ਖਡੂਰ ਵਿਖੇ ਵਿਆਹੀ ਹੋਈ ਸੀ। ਇਹ ਬਾਬਾ ਫੇਰੂ ਮਲ ਦੀ ਧਰਮ-ਭੈਣ ਬਣੀ ਹੋਈ ਸੀ ਤੇ ਗੁਰੂ ਨਾਨਕ ਦੇਵ ਜੀ ਦੀ ਅਨਿੰਨ ਸ਼ਰਧਾਲੂ ਸੀ। ਬਾਬਾ ਫੇਰੂ ਮਲ ਜਾਂ ਭਾਈ ਲਹਿਣਾ ਜੀ ਆਪਣੇ ਕੰਮਕਾਰ ਦੇ ਸਿਲਸਿਲੇ ਵਿਚ ਜਦੋਂ ਵੀ ਖਡੂਰ ਆਉਂਦੇ ਤਾਂ ਇਨ੍ਹਾਂ ਦੇ ਘਰ ਹੀ ਠਹਿਰਦੇ। ਪ੍ਰੋ. ਸਤਿਬੀਰ ਸਿੰਘ 'ਪੁਰਾਤਨ ਇਤਿਹਾਸਕ ਜੀਵਨੀਆਂ' (ਪੰਨਾ 21) 'ਤੇ ਡਾ. ਤਾਰਨ ਸਿੰਘ 'ਗੁਰੂ ਅੰਗਦ ਦੇਵ ਜੀ' (ਪੰਨਾ 1) ਦੋਵੇਂ ਇਸ ਤੱਥ ਦੀ ਪ੍ਰੋੜ੍ਹਤਾ ਕਰਦੇ ਹਨ। ਕੰਮਕਾਰ ਦੇ ਸਿਲਸਿਲੇ ਵਿਚ ਜਾਂ ਕਿਸੇ ਹੋਰ ਕਾਰਨ ਭਾਈ ਫੇਰੂ ਮਲ ਤੇ ਚੌਧਰੀ ਤਖਤ ਮਲ ਵਿਚ ਗਲਤਫ਼ਹਿਮੀ ਪੈਦਾ ਹੋ ਗਈ। ਨਤੀਜਾ, ਫੇਰੂ ਮਲ ਮੱਤੇ ਦੀ ਸਰਾਂ ਛੱਡ ਕੇ ਪਿੰਡ ਸੰਘਰ ਆ ਗਏ ਤੇ ਫਿਰ ਖਡੂਰ ਨੂੰ ਹੀ ਆਪਣਾ ਪੱਕਾ ਟਿਕਾਣਾ ਬਣਾ ਲਿਆ।

ਭਾਈ ਦੇਵੀ ਚੰਦ ਆਪਣੇ ਪਿੰਡ ਸੰਘਰ ਵਿਚ ਧਰਮੀ ਤੇ ਨੇਕ ਪੁਰਸ਼ ਕਰ ਕੇ ਜਾਣੇ ਜਾਂਦੇ ਸਨ। ਘਰ ਦੇ ਸੁਖਾਵੇਂ ਮਾਹੌਲ ਵਿਚ ਪਲ ਕੇ ਬੀਬੀ ਖੀਵੀ ਦਿਨ-ਬਦਿਨ ਜੁਆਨ ਹੋ ਰਹੀ ਸੀ। ਉਹ ਸੁਘੜ, ਸਿਆਣੀ, ਸੁਚੱਜੀ ਤੇ ਮਿੱਠੀ ਸੀਰਤ ਰੱਖਦੀ ਸੀ। ਮਾਈ ਵਿਰਾਈ ਦੀ ਨਜ਼ਰ ਵਿਚ ਦੇਵੀ ਚੰਦ ਖੱਤਰੀ ਦਾ ਲੜਕਾ ਭਾਈ ਲਹਿਣਾ ਬੀਬੀ ਲਈ ਯੋਗ ਵਰ ਸਾਬਤ ਹੋਵੇਗਾ। ਉਸ ਨੇ ਆਪਣੇ ਧਰਮ ਵੀਰ ਬਾਬਾ ਫੇਰੂ ਮਲ ਨੂੰ ਬੀਬੀ ਖੀਵੀ ਦੇ ਸਾਕ ਦੀ ਦੱਸ ਪਾਈ। ਇਸ ਤਰ੍ਹਾਂ ਦੇਵੀ ਚੰਦ ਖੱਤਰੀ ਤੇ ਬਾਬਾ ਫੇਰੂ ਮਲ ਕੁੜਮਚਾਰੀ ਦੇ ਰਿਸ਼ਤੇ ਵਿਚ ਬੰਨ੍ਹੇ ਗਏ ਤੇ ਬੀਬੀ ਖੀਵੀ ਦਾ ਵਿਆਹ ਭਾਈ ਲਹਿਣਾ ਜੀ ਨਾਲ ਸੰਨ 1519 ਵਿਚ ਹੋਇਆ। ਦੇਵੀ ਚੰਦ ਖੱਤਰੀ ਸ਼ਾਹੂਕਾਰੇ ਦਾ ਕੰਮ ਚੰਗੀ ਵੱਡੀ ਪੱਧਰ 'ਤੇ ਕਰਦੇ ਸਨ ਤੇ ਨੇਕ ਇਨਸਾਨ ਮੰਨੇ ਜਾਂਦੇ ਸਨ। ਸ਼ਾਦੀ ਦੇ ਥੋੜ੍ਹੇ ਸਮੇਂ ਬਾਅਦ ਹੀ ਬਾਬਾ ਫੇਰੂ ਮਲ ਨੇ ਆਪਣਾ ਪੁਸ਼ਤੀ ਪਿੰਡ ਬਾਸਰਕੇ ਛੱਡ ਕੇ ਸੰਘਰ ਵਿਚ ਰਹਿਣਾ ਸ਼ੁਰੂ ਕਰ ਦਿੱਤਾ। ਫੇਰੂ ਮਲ ਜੀ ਹਰੀ ਕੇ ਪੱਤਣ ਵਿਚ ਦੁਕਾਨ ਚਲਾਉਣ ਲੱਗ ਪਏ ਸਨ ਜੋ ਸੰਘਰ ਤੋਂ ਤਿੰਨ-ਚਾਰ ਮੀਲ ਦੂਰ ਸੀ। ਦੁਕਾਨ ਤਾਂ ਭਾਵੇਂ ਚਲ ਪਈ ਪਰ ਪਰਿਵਾਰ ਵਿਚ ਇਕ ਖ਼ਾਸ ਕਿਸਮ ਦੀ ਉਦਾਸੀ ਛਾ ਗਈ। ਸਾਰਿਆਂ ਦਾ ਮਨ ਖੇੜੇ ਵਿਚ ਨਹੀਂ ਸੀ। ਨਵੀਂ ਥਾਂ 'ਤੇ ਸਾਰਿਆਂ ਦਾ ਮਨ ਉਦਾਸ ਹੋ ਗਿਆ। ਇਧਰੋਂ ਸੰਨ 1526 ਈਸਵੀ ਵਿਚ ਬਾਬਾ ਫੇਰੂ ਮਲ ਜੀ ਪ੍ਰਲੋਕ ਗਮਨ ਕਰ ਗਏ ਤੇ ਕੰਮ-ਕਾਜ ਦਾ ਸਾਰਾ ਭਾਰ ਭਾਈ ਲਹਿਣਾ ਜੀ 'ਤੇ ਆਣ ਪਿਆ। ਕੇਸਰ ਸਿੰਘ ਛਿੱਬਰ ਅਨੁਸਾਰ ਸੰਘਰ ਤੋਂ ਵਾਪਸ ਖਡੂਰ ਵਿਚ ਆਉਣ ਦੀ ਮੁੱਖ ਪ੍ਰੇਰਕ ਬੀਬੀ ਖੀਵੀ ਜੀ ਸਨ। ਬੰਸਾਵਲੀਨਾਮਾ ਇਸ ਤੱਥ ਦੀ ਸਾਖ ਭਰਦਾ ਹੈ :

ਰਿਦਾ ਉਦਾਸ ਲਹਿਣੇ ਜੀ ਦਾ ਤਬ ਹੋਇਆ
ਤਬ ਮਾਤਾ ਖੀਵੀ ਬਚਨੁ ਇਹ ਢੋਇਆ।
ਅਜੀ ! ਵਤਨ ਵਡਿਆਂ ਦੇ ਆਪਣੇ ਚਲੋ
ਹੁਣ ਇਥੇ ਰਹਿਣਾ ਨਹੀਂ ਭਲੋ।

ਤਬ ਹਰੀਏ ਕੋ ਛਡਿ ਬਾਸਰਕੀ ਆਏ
ਕਿਰਤ ਕਾਰ ਅਰੰਭੀ ਅਤੇ ਘਰ ਪਾਏ ।
ਏਹੁ ਵਤਨ ਵਡਿਆ ਦਾ ਆਹਾ
ਦੈਵ ਸੰਜੋਗ ਕਰਿ ਆਏ ਤਾਹਾ ।

ਭਾਈ ਫੇਰੂ ਮਲ ਦੇਵੀ ਦੇ ਭਗਤ ਸਨ ਤੇ ਉਨ੍ਹਾਂ ਦਾ ਸਪੁੱਤਰ ਭਾਈ ਲਹਿਣਾ ਵੀ ਆਪਣੇ ਪਿਤਾ ਨਾਲ ਹਰ ਸਾਲ ਦੇਵੀ ਦਰਸ਼ਨਾਂ ਨੂੰ ਜਵਾਲਾਮੁਖੀ ਜਾਇਆ ਕਰਦੇ ਸਨ । ਭਾਈ ਫੇਰੂ ਮਲ ਜੀ ਜਦੋਂ 1526 ਈਸਵੀ ਵਿਚ ਚੜ੍ਹਾਈ ਕਰ ਗਏ ਤਾਂ ਵੀ 1532 ਈਸਵੀ ਤਕ ਯਾਨੀ ਛੇ ਸਾਲ ਤਕ ਭਾਈ ਲਹਿਣਾ ਜੀ ਨੇ ਇਹ ਨਿਯਮ ਜਾਰੀ ਰੱਖਿਆ । ਉਹ ਦੇਵੀ ਦੇ ਭਗਤਾਂ ਦਾ ਜੱਥਾ ਲੈ ਕੇ ਹਰ ਸਾਲ ਜਵਾਲਾਮੁਖੀ ਜਾਂਦੇ, ਇਸ ਤੱਥ ਦੀ ਪ੍ਰੋੜ੍ਹਤਾ ਡਾ. ਤਾਰਨ ਸਿੰਘ ਤੇ ਪ੍ਰਿੰਸੀਪਲ ਸਤਿਬੀਰ ਸਿੰਘ ਨੇ ਵੀ ਕੀਤੀ ਹੈ । ਇਕ ਪਾਸੇ, ਲਹਿਣਾ ਜੀ ਘਰ-ਗ੍ਰਹਿਸਤੀ ਤੇ ਕਾਰੋਬਾਰ ਦਾ ਭਾਰ ਉਠਾ ਰਹੇ ਸਨ । ਦੂਜੇ ਪਾਸੇ, ਉਨ੍ਹਾਂ ਨੂੰ ਹਰ ਵੇਲੇ ਅੰਦਰੋਂ ਖੋਹ ਪਈ ਰਹਿੰਦੀ ਕਿ ਸ਼ਾਂਤੀ ਕਿੱਥੋਂ ਮਿਲੇ ? ਉਹ ਸੰਤਾਂ-ਸਾਧਾਂ ਦੀ ਸੰਗਤ ਵੀ ਕਰਦੇ, ਦਾਨ-ਪੁੰਨ ਵੀ ਕਰਦੇ, ਸਤਿਸੰਗਤ ਵੀ ਕਰਦੇ, ਸਾਲ ਦੇ ਸਾਲ ਦੇਵੀ ਦੇ ਦਰਸ਼ਨਾਂ ਨੂੰ ਵੀ ਜਾਂਦੇ ਪਰ ਖ਼ੈਰ ਕਿਤੋਂ ਨਾ ਪੈਂਦੀ :

ਜਗਿਆਸਾ ਬੜੀ ਪਰ ਸਾਂਤਿ ਨਾ ਆਵੈ ।
ਸਾਧ ਅਤੀਤ ਸੁਣੈ, ਤਿਥੈ ਚਲਿ ਜਾਵੈ ।
ਜੋਗੀ, ਬੈਰਾਗੀ, ਸੰਨਿਆਸੀ ਹੋਈ ।
ਸਾਧੂ ਭਗਤੁ ਜੋ ਸੁਣੀਐ ਕੋਈ ।
ਭੇਟਾ 'ਲੈ ਕੇ ਜਾਏਂ' ਸਭ ਪਾਸ
ਮਤ ਕਿਧਰੋਂ ਪੂਰੀ ਹੋਵੈ ਆਸ ।

(ਬੰਸਾਵਲੀਨਾਮਾ ਬੰਦ 8-9)

ਹੁਣ ਉਨ੍ਹਾਂ ਵਿਚ ਇਕ ਖ਼ਾਸ ਤਰ੍ਹਾਂ ਦੀ ਤਬਦੀਲੀ ਆ ਰਹੀ ਸੀ । ਇਹੀ ਉਹ ਦਿਨ ਹਨ ਜਦੋਂ ਗੁਰੂ ਨਾਨਕ ਦੇਵ ਜੀ ਆਪਣੀਆਂ ਚਾਰ ਲੰਮੀਆਂ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਆਣ ਟਿਕੇ ਸਨ । ਗੁਰੂ ਸਾਹਿਬ ਦੁਆਰਾ ਕੀਤਾ ਜਾ ਰਿਹਾ ਪ੍ਰਚਾਰ, ਮਾਨਵੀ ਅਸੂਲ ਤੇ ਇਨਕਲਾਬੀ ਵਿਚਾਰ ਪੂਰੇ ਪੰਜਾਬ ਵਿਚ ਫੈਲ ਰਹੇ ਸਨ । ਲੋਕ ਗੁਰੂ ਸਾਹਿਬ ਰਚਿਤ ਬਾਣੀ ਦਾ ਪਾਠ ਵੀ ਨਿੱਤ-ਕਿਰਿਆ ਵਿਚ ਕਰਦੇ ਸਨ । ਇਨ੍ਹੀਂ ਦਿਨੀਂ ਭਾਈ ਲਹਿਣਾ ਜੀ ਦਾ ਭਾਈ ਜੋਧ ਨਾਲ ਮੇਲ ਹੋਇਆ । ਭਾਈ ਜੋਧ ਗੁਰੂ ਨਾਨਕ ਦੇਵ ਜੀ ਦਾ ਅਨਿੰਨ ਸ਼ਰਧਾਲੂ ਸੀ । ਉਹ ਜਪੁਜੀ ਸਾਹਿਬ ਦਾ ਪਾਠ ਬਹੁਤ ਹੀ ਪ੍ਰੇਮ ਨਾਲ ਕਰਿਆ ਕਰਦਾ ਸੀ । ਭਾਈ ਲਹਿਣਾ ਜੀ ਨੇ ਇਕ ਦਿਨ ਭਾਈ ਜੋਧ ਪਾਸੋਂ ਜਪੁਜੀ ਸਾਹਿਬ ਦਾ ਪਾਠ ਸੁਣਿਆ । ਸੁਣ ਕੇ ਚੰਗਾ ਲੱਗਾ । ਉਨ੍ਹਾਂ ਨਿਸ਼ਚਾ ਕਰ ਲਿਆ ਕਿ ਐਤਕੀਂ ਜਦੋਂ ਦੇਵੀ-ਦਰਸ਼ਨਾਂ ਲਈ ਜਾਵਾਂਗਾ ਤਾਂ ਰਾਹ ਵਿਚ 'ਨਾਨਕ ਤਪੇ' ਦਾ ਦਰਸ਼ਨ ਵੀ ਜ਼ਰੂਰ ਕਰਾਂਗਾ । ਛਿੱਬਰ ਅਨੁਸਾਰ :

ਏਕ ਸਮੇਂ ਜੁਆਲਾ ਜੀ ਗਏ
ਪੀਰ, ਫਕੀਰ, ਸੰਨਿਆਸੀ ਆ ਕੇ ਬੈਠਤ ਭਏ ।

ਤਹਾਂ ਚਰਚਾ ਤਬ ਐਸੇ ਹੋਈ
ਨਾਨਕ ਤਪਾ ਖਤ੍ਰੀ ਇਕ ਹੋਇਆ ਹੈ ਕੋਈ ।
ਪਰੁ ਬਡੀ ਬਰਕਤਿ ਵਾਲਾ ਹੈ ਹੋਇਆ
ਉਥੋਂ ਹਿਰਦੇ ਵਿਚ ਇਹ ਸੁਖਨੁ ਪਰੋਇਆ ।
ਭਈ ਜਾਹ ਜੇ ਦਰਸ਼ਨ ਪਾਈਐ
ਜਿਥੇ ਉਹ ਹੋਵੈ, ਉਥੇ ਹੀ ਜਾਈਐ ॥

ਹੁਣ ਦਿਨ-ਰਾਤ ਲਹਿਣਾ ਜੀ ਨੂੰ ਲਟਕ ਲੱਗ ਗਈ ਕਿਵੇਂ ਗੁਰੂ ਨਾਨਕ ਦੇ ਦਰਸ਼ਨ ਕਰਾਂ ? ਮਨ ਹਰ ਵੇਲੇ ਵੈਰਾਗੀ ਰਹਿਣ ਲੱਗਾ । ਸਮੇਂ ਅਨੁਸਾਰ ਜੱਥਾ ਫਿਰ ਤਿਆਰ ਹੋਣ ਲੱਗਾ । ਉਨ੍ਹਾਂ ਦੇਵੀ ਦੇ ਦਰਸ਼ਨਾਂ ਨੂੰ ਜਾਣਾ ਸੀ । ਮਾਤਾ ਖੀਵੀ ਵੀ ਇਸ ਵਾਰ ਨਾਲ ਹੀ ਜਾਣਾ ਚਾਹੁੰਦੇ ਸਨ ਪਰ ਛੋਟਾ ਪੁੱਤਰ ਦਾਤੂ ਅਤੇ ਦਾਸੂ ਅਜੇ ਬਹੁਤ ਅੰਞਾਣਾ ਸੀ । ਭਾਈ ਲਹਿਣਾ ਜੀ ਨੇ ਕਿਹਾ ਤੁਹਾਨੂੰ ਅਗਲੀ ਵੇਰ ਲੈ ਚੱਲਾਂਗੇ । ਇਸ ਤੱਥ ਦੀ ਗਵਾਹੀ ਕੇਸਰ ਸਿੰਘ ਛਿੱਬਰ ਵੀ ਕਰਦਾ ਹੈ :

ਅਗੋਂ ਚਾਲ ਦੇਵੀ ਦੁਆਰੇ ਦੀ ਆਈ
ਦਰਸਨਿ ਚਲੀ ਬਹੁਤ ਲੁਕਾਈ ।
ਲਹਿਣਾ ਜੀ ਭੀ ਭਏ ਤਿਆਰ
ਦੁਇ ਬੀਬੀਆਂ, ਦੁਇ ਬਾਲਕ-ਭਏ ਚਾਰ ।
ਮਾਤਾ ਖੀਵੀ ਕਹਿਆ, "ਅਸਾਨੂੰ ਲੈ ਚਲੋ ਨਾਲ
ਲਹਿਣੇ ਜੀ ਕਹਿਆ, ਦਾਤੂ ਜੀ ਇਆਣੇ ਹੈਨ ਬਾਲ ।
ਦੂਜੀ ਵਾਰ ਤੁਸਾਨੂੰ ਲਾ ਜਾਵਾਂਗੇ
ਕਰ ਭਾੜਾ ਸਭਨਾਂ ਨੂੰ ਦਰਸਨ ਕਰਾਵਾਂਗੇ ।

ਇਹ ਸਾਰਾ ਸੰਗ ਹੁਣ ਦੇਵੀ ਦੇ ਦਰਸ਼ਨਾਂ ਨੂੰ ਜਾ ਰਿਹਾ ਸੀ । ਇਨ੍ਹਾਂ ਨੇ ਜਿਸ ਰੂਟ ਨੂੰ ਚੁਣਿਆ ਕਰਤਾਰਪੁਰ ਉਸ ਰਾਹ ਵਿਚ ਪੈਂਦਾ ਸੀ । ਭਾਈ ਲਹਿਣਾ ਜੀ ਨੂੰ ਪਤਾ ਸੀ ਕਿ ਗੁਰੂ ਨਾਨਕ ਸਾਹਿਬ ਨੇ ਇਥੇ ਹੀ ਟਿਕਾਣਾ ਕਰ ਰੱਖਿਆ ਹੈ । ਜਨਮਸਾਖੀਆਂ ਤੇ ਬੰਸਾਵਲੀਨਾਮੇ ਦੇ ਅਨੁਸਾਰ ਭਾਈ ਲਹਿਣਾ ਨੂੰ ਇਥੇ ਹੀ ਦੇਵੀ ਦੇ ਦਰਸ਼ਨ ਹੋ ਗਏ । ਦਰਸ਼ਨ ਕਰਦਿਆਂ ਹੀ ਉਨ੍ਹਾਂ ਨੂੰ ਗੁਰੂ ਨਾਨਕ ਦੀ ਅਰੰਮਤਾ ਦੀ ਸਮਝ ਆ ਗਈ । ਉਨ੍ਹਾਂ ਦਾ ਮਨ ਸ਼ਾਂਤ ਹੋ ਗਿਆ । ਫੁਣ ਅਜਿਹੀ ਸੋਝੀ ਆਈ ਕਿ ਉਹ ਨਾਲ ਨਾ ਜਾ ਕੇ ਉਥੇ ਹੀ ਕਰਤਾਰਪੁਰ ਗੁਰੂ ਨਾਨਕ ਪਾਤਸ਼ਾਹ ਦੇ ਦੀਦਾਰ ਦਾ ਅਨੰਦ ਮਾਣਨ ਲਈ ਠਹਿਰ ਗਏ । ਇਸ ਤੱਥ ਦੀ ਪੁਸ਼ਟੀ ਗਿਆਨੀ ਗਿਆਨ ਸਿੰਘ, 'ਤਵਾਰੀਖ਼ ਗੁਰੂ ਖਾਲਸਾ' (ਪੰਨਾ 266-267) ਤੇ ਪ੍ਰੋ. ਸਾਹਿਬ ਸਿੰਘ ਨੇ 'ਜੀਵਨ ਬ੍ਰਿਤਾਂਤ ਗੁਰੂ ਅੰਗਦ ਦੇਵ' (ਪੰਨੇ 10-11) 'ਤੇ ਵੀ ਕੀਤੀ ਹੈ ।

ਮਾਤਾ ਖੀਵੀ ਦੇ ਪਤੀ ਭਾਈ ਲਹਿਣਾ ਜੀ ਦਾ ਮਨ ਹੁਣ ਵਾਪਸ ਮੁੜਨ ਨੂੰ ਨਾ ਕਰੇ ਪਰ ਨਾਲ ਹੀ ਘਰ-ਗ੍ਰਿਸਤੀ ਦਾ ਭਾਰ ਵੀ ਨਜ਼ਰ ਆਵੇ । ਮਾਤਾ ਖੀਵੀ ਦੀਆਂ ਪਰਿਵਾਰਕ ਜ਼ਿੰਮੇਵਾਰੀਆਂ ਤਾਂ ਮੂੰਹ ਅੱਡੀ ਖੜ੍ਹੀਆਂ ਸਨ ਪਰ ਤਾਂ ਵੀ ਉਨ੍ਹਾਂ ਨੇ ਪਤੀ ਦੀ ਸ਼ਾਂਤੀ ਸਾਹਵੇਂ ਸਭ ਕੁਝ ਕਬੂਲ ਕਰਨ ਦਾ ਭਰੋਸਾ ਦਿਵਾਇਆ । ਮਾਤਾ ਖੀਵੀ ਤਪ-ਤਿਆਗ ਦੀ ਮੂਰਤ

ਸੀ। ਉਹ ਪਤੀ ਦੇ ਵੈਰਾਗ ਅੱਗੇ ਰੁਕਾਵਟ ਨਹੀਂ ਬਣੇ ਸਗੋਂ ਇਹੀ ਕਿਹਾ "ਜਾਉ ਜਿਥੇ ਆਪ ਨੂੰ ਟਿਕਾਉ ਮਿਲੇ, ਸ਼ਾਂਤੀ ਮਿਲੇ। ਸੇਵਾ ਵਿਚ ਲੱਗ ਜਾਓ। ਪਰ ਜੇ ਜਾਣ ਤੋਂ ਪਹਿਲਾਂ ਆਪਣੀ ਬੀਬੀ ਅਮਰੋ ਦਾ ਕਾਰਜ ਕਰ ਜਾਓ ਤਾਂ ਚਿੰਤਾ ਨਹੀਂ ਰਹੇਗੀ।" ਬੀਬੀ ਅਮਰੋ ਹੁਣ ਮੁਟਿਆਰ ਹੋ ਰਹੀ ਸੀ।

ਇਹ ਸਲਾਹ ਲਹਿਣਾ ਜੀ ਨੂੰ ਚੰਗੀ ਲੱਗੀ। ਪਰ ਜਾਣੋਂ ਨਾ ਰਹਿ ਸਕੇ। ਉਹ ਕਰਤਾਰਪੁਰ ਚਲੇ ਤਾਂ ਗਏ ਪਰ ਛੇਤੀ ਹੀ ਵਾਪਸ ਮੁੜੇ ਤੇ ਆ ਕੇ ਸਭ ਤੋਂ ਪਹਿਲਾਂ ਬੀਬੀ ਅਮਰੋ ਦੀ ਕੁੜਮਾਈ ਪਿੰਡ ਬਾਸਰਕੇ ਭੱਲਿਆਂ ਦੇ ਪੁੱਤਰ ਜੱਸੂ ਨਾਲ ਕੀਤੀ। ਜੱਸੂ, ਗੁਰੂ ਅਮਰਦਾਸ ਦਾ ਭਤੀਜਾ ਤੇ ਭਾਈ ਮਾਣਕ ਚੰਦ ਦਾ ਪੁੱਤਰ ਸੀ। ਬੀਬੀ ਅਮਰੋ ਨੂੰ ਮਾਂ ਖੀਵੀ ਨੇ ਉਚੇਰੇ ਗੁਣਾਂ ਦੀ ਜਾਗ ਲਾ ਰੱਖੀ ਸੀ। ਉਹ ਧਰਮ ਭਾਵਨਾ ਨਾਲ ਓਤਪੋਤ ਸੀ। ਉਸ ਨੂੰ ਜਪੁਜੀ, ਸਿੱਧਗੋਸ਼ਟ, ਦੱਖਣੀ ਓਅੰਕਾਰ ਆਦਿ ਬਾਣੀਆਂ ਯਾਦ ਸਨ। ਉਹ ਜਦੋਂ ਅੰਮ੍ਰਿਤ ਵੇਲੇ ਉੱਚੀ ਸੁਰ ਵਿਚ ਬਾਣੀ ਪੜ੍ਹਦੀ ਤਾਂ ਸੁਣਨ ਵਾਲਿਆਂ ਨੂੰ ਇਕ ਅਕਹਿ ਠੰਡ ਪੈਂਦੀ। ਬੀਬੀ ਅਮਰੋ ਨੇ ਬਾਸਰਕੇ ਦੇ ਪਿੰਡ-ਵਾਸੀਆਂ ਨੂੰ ਬਾਣੀ ਦੀ ਜਾਗ ਲਾਈ ਕਿ ਸਾਰਾ ਪਿੰਡ ਹੀ ਬਾਣੀ ਨਾਲ ਜੁੜ ਗਿਆ। ਮਾਤਾ ਖੀਵੀ ਜੀ ਨੂੰ ਪੂਰਨ ਭਰੋਸਾ ਸੀ ਕਿ ਉਨ੍ਹਾਂ ਦੀ ਬੱਚੀ ਵਿਚ ਉੱਤਮ ਗੁਣਾਂ ਦਾ ਨਿਵਾਸ ਹੈ, ਉਹ ਜ਼ਰੂਰ ਆਂਢ-ਗੁਆਂਢ ਨੂੰ ਗੁਰੂ-ਘਰ ਨਾਲ ਜੋੜੇਗੀ। ਇਤਿਹਾਸ ਸਾਖੀ ਹੈ ਕਿ ਇਕ ਦਿਨ ਅੰਮ੍ਰਿਤ ਵੇਲੇ ਉਹ ਬਾਣੀ ਦਾ ਪਾਠ ਕਰ ਰਹੀ ਸੀ ਜਦੋਂ ਉਹਨੇ "ਕਰਣੀ ਕਾਗਦ ਮਨ ਮਸਵਾਣੀ" ਵਾਲਾ ਸ਼ਬਦ ਪੜ੍ਹਿਆ ਤਾਂ (ਗੁਰੂ) ਅਮਰਦਾਸ ਜੀ ਜੋ ਰਿਸ਼ਤੇ ਵਿਚ ਉਨ੍ਹਾਂ ਦੇ ਪਤਿਔਰ੍ਹੇ ਲੱਗਦੇ ਸਨ, ਗੁਰੂ ਅੰਗਦ ਦੇਵ ਜੀ ਨੂੰ ਮਿਲਣ ਲਈ ਬਿਹਬਲ ਹੋ ਉਠੇ। ਉਨ੍ਹਾਂ ਦੇ ਅੰਦਰ ਚਾਨਣ ਦੀ ਇਕ ਅਜਿਹੀ ਲਹਿਰ ਉੱਠੀ ਕਿ ਬੀਬੀ ਅਮਰੋ ਨੂੰ ਨਾਲ ਲੈ ਕੇ ਖਡੂਰ ਪਹੁੰਚ ਗਏ। ਗੁਰੂ ਅੰਗਦ ਦੇਵ ਜੀ ਨੇ ਆਪਣੇ ਕੁੜਮ ਦਾ ਨਿੱਘਾ ਸੁਆਗਤ ਕੀਤਾ ਪਰ ਉਹ ਤਾਂ ਅੰਦਰੋਂ ਬਿਹਬਲ ਹੋ ਕੇ ਗੁਰੂ ਅੰਗਦ ਦੇਵ ਦੇ ਸੇਵਾਦਾਰ ਬਣਨਾ ਚਾਹੁੰਦੇ ਸਨ। ਜੁਟ ਗਏ ਸੇਵਾ ਵਿਚ ਤੇ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ ਦਾ ਰੂਪ ਹੀ ਹੋ ਗਏ। ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਦੀ ਸੇਵਾ ਵਿਚ ਲੀਨ ਇਕਮੁੱਖ ਇਕਾਗਰਤਾ ਦੀ ਅਵਸਥਾ ਵਿਚ ਸਨ। ਲਹਿਣਾ ਜੀ ਦੀ ਮਾਨਸਿਕ ਸਥਿਤੀ ਵਿਚ ਇਹ ਬਦਲਾਅ ਕੋਈ ਇਕ ਦਿਨ ਵਿਚ ਨਹੀਂ ਆਇਆ ਸਗੋਂ ਹੌਲੀ-ਹੌਲੀ ਆਇਆ। ਇਸ ਨੂੰ ਆਉਂਦਿਆਂ ਕੋਈ ਸੱਤ ਸਾਲ ਲੱਗੇ। ਇਤਿਹਾਸਕਾਰਾਂ ਨੇ ਇਹ ਸਮਾਂ 1532 ਤੋਂ 1539 ਈਸਵੀ ਤਕ ਦਾ ਆਖਿਆ ਹੈ। ਇਹ ਸੱਤ ਸਾਲ ਖੀਵੀ ਜੀ ਲਈ ਅਤਿਅੰਤ ਸੰਘਰਸ਼ ਦੇ ਸਨ। ਬੱਚੇ ਸਾਰੇ ਛੋਟੇ ਸਨ। ਕਾਰੋਬਾਰ ਨੂੰ ਸੰਭਾਲਣ ਲਈ ਸੁਯੋਗ ਹੱਥਾਂ ਦੀ ਲੋੜ ਸੀ। ਜਨਮਸਾਖੀਆਂ ਤੇ ਇਤਿਹਾਸਕ ਸ੍ਰੋਤਾਂ ਦੇ ਅਨੁਸਾਰ ਇਸ ਤੱਥ ਵਿਚ ਵਿਵਾਦ ਹੈ। ਕਿਸੇ ਨੇ ਲਿਖਿਆ ਹੈ ਉਸ ਵੇਲੇ ਦਾਸੂ ਜੀ ਦੀ ਉਮਰ ਪੰਜ ਸਾਲ ਦੀ ਸੀ। ਦੂਜੇ ਨੇ ਲਿਖਿਆ ਹੈ ਦਾਸੂ ਜੀ ਦੀ ਉਮਰ ਦਸ ਸਾਲ ਦੀ ਸੀ। ਇਤਿਹਾਸਕਾਰਾਂ ਅਨੁਸਾਰ ਜੇ ਇਹ ਸਮਾਂ ਮਿੱਥ ਲਿਆ ਜਾਵੇ ਤਾਂ ਭਾਈ ਲਹਿਣਾ ਜੀ ਦੇ ਕਰਤਾਰਪੁਰ ਟਿਕਣ ਦਾ ਸਮਾਂ 1532 ਈਸਵੀ ਤੋਂ 1539 ਈਸਵੀ ਹੈ। ਇਸ ਦਾ ਅਰਥ ਇਹ ਹੋਇਆ ਕਿ ਦਾਤੂ ਜੀ ਅਥਵਾ ਛੋਟਾ ਲੜਕਾ ਅਜੇ ਦੋ ਸਾਲਾਂ ਦਾ ਹੀ ਸੀ, ਜਦੋਂ ਲਹਿਣਾ ਜੀ ਖਡੂਰ ਛੱਡਿਆ ਤੇ ਕਰਤਾਰਪੁਰ ਆ ਗਏ। ਮਾਤਾ ਖੀਵੀ ਜੀ ਦੀ ਸੱਸ

ਸੰਨ 1537 ਈਸਵੀ ਵਿਚ ਪ੍ਰਲੋਕ ਗਮਨ ਕਰ ਗਈ। ਹੁਣ ਤਕ ਹਾਲ ਇਹ ਸੀ ਕਿ ਜੇ ਪਤੀ ਘਰੋਂ ਬਾਹਰ ਰਹਿਣ ਤਾਂ ਵਿਚ ਇਕ ਵਡੇਰੇ ਬੰਦੇ ਦਾ ਸਹਾਰਾ ਮਾਤਾ ਖੀਵੀ ਜੀ ਨੂੰ ਹੁੰਦਾ ਸੀ। ਛਿੱਬਰ ਦੇ ਅਨੁਸਾਰ :

ਮਾਤਾ ਲਹਿਣੇ ਜੀ ਕੀ 'ਮਨਸਾ ਦੇਵੀ' ਆਹੀ
ਸੋ ਸੁਰਗ ਸਿਧਾਣੀ ਸੰਮਤ ਚਉਰਾਨਵੇਂ ਮਾਹੀ।
ਸੰਮਤ ਪੰਦ੍ਰਾਂ ਸੈ ਪਚਾਨਵੇ ਜਦ ਭਏ
ਲਹਿਣੇ ਜੀ ਘਰ ਕੇ ਕਾਰਜ ਸਭ ਕਰ ਲਏ।

(ਬੰਸਾਵਲੀਨਾਮਾ 27)

ਮਾਤਾ ਖੀਵੀ ਦੇ ਪਤੀ ਗ੍ਰਿਹਸਤੀ ਦੇ ਸਾਰੇ ਕਾਰਜ 1538 ਈਸਵੀ ਤਕ ਮੁਕਾ ਕੇ ਗੁਰੂ ਨਾਨਕ ਸਾਹਿਬ ਪਾਸ ਚਲੇ ਗਏ ਜਦਕਿ ਬਹੁਤੇ ਇਤਿਹਾਸਕਾਰ ਇਕਮਤ ਹਨ ਕਿ ਮਾਤਾ ਖੀਵੀ ਦੇ ਪਤੀ 1532 ਤੋਂ 1539 ਤਕ ਕਰਤਾਰਪੁਰ ਰਹੇ। ਇਹ ਸਮਾਂ ਮਾਤਾ ਖੀਵੀ ਦੇ ਤਪ-ਤਿਆਗ ਦਾ ਸਮਾਂ ਹੈ। ਬਾਲ-ਬੱਚੇ ਛੋਟੇ, ਬਜ਼ੁਰਗ ਘਰ ਰਹੇ ਨਹੀਂ, ਪਤੀ ਘਰੋਂ ਬਾਹਰ ਪਰ ਉਹ ਤਾਂ ਸ਼ਾਂਤਮਈ ਸੁਭਾਅ ਦੇ ਸੰਜਮ ਨਾਲ਼ ਦਿਨ ਬਿਤਾ ਰਹੇ ਸਨ। ਕਦੀ-ਕਦੀ ਪਤੀ ਘਰ ਆ ਵੀ ਜਾਂਦੇ ਸਨ ਘਰ ਦਾ ਪਤਾ-ਸੁਰ ਲੈ ਜਾਂਦੇ ਸਨ। ਪਰ ਰਹੇ ਅਕਸਰ ਗੁਰੂ ਨਾਨਕ ਪਾਤਸ਼ਾਹ ਦੀ ਸੇਵਾ ਵਿਚ ਹੀ। ਇਤਿਹਾਸਕਾਰਾਂ ਵਿਚ ਇਸ ਬਾਰੇ ਵੀ ਵਿਵਾਦ ਹੈ ਕਿ ਜਦੋਂ ਗੁਰੂ ਅੰਗਦ ਦੇਵ ਗੁਰੂ ਨਾਨਕ ਸਾਹਿਬ ਨੂੰ ਪਹਿਲੀ ਵੇਰਾਂ ਮਿਲੇ ਤਾਂ ਮਾਤਾ ਖੀਵੀ ਜੀ ਨਾਲ ਸਨ ਜਾਂ ਨਹੀਂ। ਪਰ ਛਿੱਬਰ ਅਨੁਸਾਰ ਤਾਂ ਇਹ ਸਪੱਸ਼ਟ ਹੈ, ਪਹਿਲੀ ਵੇਰਾਂ ਉਹ ਇਕੱਲੇ ਹੀ ਗੁਰੂ ਬਾਬੇ ਨੂੰ ਮਿਲੇ ਸਨ। ਜਦੋਂ 1532 ਈਸਵੀ ਵਿਚ ਲਹਿਣਾ ਜੀ ਨੇ ਗੁਰੂ ਨਾਨਕ ਦੇਵ ਜੀ ਦਰਸ਼ਨ ਕੀਤੇ ਤਾਂ ਮਨ ਤ੍ਰਿਪਤ ਹੋ ਗਿਆ। ਹੁਣ ਉਨ੍ਹਾਂ ਦੇਵੀ-ਦਰਸ਼ਨਾਂ ਨੂੰ ਜਾਣ ਦਾ ਇਰਾਦਾ ਛੱਡ ਦਿੱਤਾ। ਉਹ ਹੁਣ ਕਰਤਾਰਪੁਰ ਵਿਚ ਰਹਿ ਕੇ ਹੀ ਸੇਵਾ-ਸਿਮਰਨ ਕਰਨਗੇ। ਇਸ ਗੱਲ ਦੀ ਖ਼ਬਰ ਮਾਤਾ ਖੀਵੀ ਜੀ ਨੂੰ ਮਿਲੀ। ਉਨ੍ਹਾਂ ਨੇ ਖੁਸ਼ੀ ਨਾਲ ਘਰੇਗੀ ਜ਼ਿੰਮੇਵਾਰੀਆਂ ਨੂੰ ਸੰਭਾਲ ਲਿਆ। ਉਨ੍ਹਾਂ ਪਤੀ-ਪ੍ਰੇਮ ਵਿਚ ਸਭ ਕੁਝ ਜਰ ਲਿਆ। ਇਸ ਜਰਨ ਵਿਚ ਇਕ ਅਜੀਬ ਆਤਮਿਕ ਸੁਖ ਸੀ। ਉਹ ਸਭ ਕੁਝ ਗੁਰੂ ਭਾਣੇ ਦੀ ਲੀਲ੍ਹਾ ਸਮਝ ਕੇ ਅਨੰਦ ਪੂਰਬਕ ਮਾਣ ਰਹੇ ਸਨ। ਜਦੋਂ ਪਤੀਦੇਵ ਆਤਮਕ ਸੁਖ ਲਈ ਕਰਤਾਰਪੁਰ ਹੀ ਠਹਿਰ ਗਏ ਤਾਂ ਮਾਤਾ ਖੀਵੀ ਜੀ ਨੂੰ ਜ਼ਾਤੀ ਤੌਰ 'ਤੇ ਬਹੁਤ ਸਾਰੀਆਂ ਕਠਿਨਾਈਆਂ ਵਿਚੋਂ ਲੰਘਣਾ ਪਿਆ। ਆਖ਼ਰਕਾਰ ਕੰਮਕਾਜ ਤਾਂ ਦੁਕਾਨਦਾਰੀ ਦਾ ਹੀ ਸੀ ਤੇ ਉਸ ਨੂੰ ਚਲਾਉਂਦਾ ਕੌਣ ? ਬੱਚੇ ਤਾਂ ਬਹੁਤ ਛੋਟੇ ਸਨ। ਪਰ ਜਰਨ ਦੀ ਵੀ ਇਕ ਇੰਤਹਾ ਹੈ।

ਮਾਤਾ ਖੀਵੀ ਜੀ ਉਹ ਸੁਭਾਗੀ ਸੁਆਣੀ ਹੈ ਜਿਸ ਨੂੰ ਗੁਰੂ ਨਾਨਕ ਸਾਹਿਬ ਦੀ ਸੇਵਾ ਦਾ ਸੁਅਵਸਰ ਮਿਲਿਆ। ਇਹ ਅਵਸਰ ਉਨ੍ਹਾਂ ਨੂੰ ਉਦੋਂ ਮਿਲਿਆ ਜਦੋਂ ਗੁਰੂ ਨਾਨਕ ਦੇਵ ਜੀ ਕੁਝ ਸਮਾਂ ਖਡੂਰ ਆ ਕੇ ਰੁਕੇ ਸਨ। ਗੁਰੂ ਨਾਨਕ ਸਾਹਿਬ ਦੇ ਹੁਕਮ ਨਾਲ ਹੀ ਭਾਈ ਲਹਿਣਾ ਜੀ ਨੇ ਖਡੂਰ ਵਿਚ ਮੰਜੀ ਸਥਾਪਿਤ ਕੀਤੀ ਤੇ ਗੁਰੂ ਬਾਬੇ ਦੇ ਬਚਨਾਂ ਦਾ ਪ੍ਰਚਾਰ ਕੀਤਾ। ਕਰਤਾਰਪੁਰ ਤੋਂ ਤੁਰਨ ਲੱਗਿਆਂ ਇਨ੍ਹਾਂ ਦੇ ਬੇਨਤੀ ਕਰਨ 'ਤੇ ਗੁਰੂ ਬਾਬੇ ਨੇ ਮਿਹਰ ਦੀ ਨਜ਼ਰ ਕੀਤੀ ਤੇ ਅਸੀਸਾਂ ਨਾਲ ਝੋਲੀ ਭਰਦਿਆਂ ਕਿਹਾ, "ਤੂੰ ਮੇਰਾ ਅੰਗ

ਹੈਂ, ਜਦੋਂ ਯਾਦ ਕਰੇਂਗਾ ਮੈਂ ਖਡੂਰ ਆ ਪਹੁੰਚਾਂਗਾ" ਪਰ ਜਦੋਂ ਇਹ ਵਿਥਿਆ ਉਨ੍ਹਾਂ ਖੀਵੀ ਜੀ ਨੂੰ ਸੁਣਾਈ ਤਾਂ ਉਹ ਗਦਗਦ ਹੋ ਉੱਠੀ । ਲਗਭਗ ਚਾਰ ਮਹੀਨੇ ਬੇਤਾਬੀ ਕਿਧਰੇ ਖਲੋਂਦੀ ਨਹੀਂ ਸੀ । ਦੰਪਤੀ ਵੈਰਾਗੇ ਨੈਣਾਂ ਨਾਲ ਉਡੀਕਦੇ ਰਹੇ । ਬਿੜਕਾਂ ਲੈਂਦੇ ਰਹੇ । ਬਾਬਾ ਨਾਨਕ ਦੇ ਸ਼ਹਿਰ ਵਲ ਟਿਕਟਿਕੀ ਲਾ ਕੇ ਵੇਖਦੇ ਰਹੇ । ਅਖੀਰ ਉਹ ਸੁਭਾਗਾ ਦਿਨ ਵੀ ਆ ਗਿਆ ਜਦੋਂ ਉਨ੍ਹਾਂ ਨੂੰ ਬਾਬਾ ਜੀ ਦੀ ਆਮਦ ਦਾ ਸੁਨੇਹਾ ਮਿਲਿਆ । ਦੋਹਾਂ ਲਈ ਧਰਤ-ਆਕਾਸ਼ ਖਿੜ ਗਿਆ । ਸਭ ਪਾਸੇ ਬਹਾਰ ਆ ਗਈ । ਹੁਣ ਘਰ ਜਾਂ ਉਡੀਕ ਵਿਚ ਕੌਣ ਖਲੋਵੇ ? ਉਹ ਕਈ ਕੋਹ ਅੱਗੋਂ ਜਾ ਕੇ ਮਿਲੇ । ਚਰਨ-ਬੰਦਨਾ ਕੀਤੀ । ਪ੍ਰੇਮ ਦੇ ਹੰਝੂਆਂ ਨਾਲ ਬਾਬਾ ਜੀ ਦੇ ਚਰਨ ਧੋ ਦਿੱਤੇ । ਸਰੂਪ ਦਾਸ ਭੱਲਾ 'ਗੁਰੂ ਨਾਨਕ ਮਹਿਮਾ' ਵਿਚ ਲਿਖਦਾ ਹੈ :

ਗੁਰੂ ਬਾਬਾ ਖਡੂਰ ਚਲੇ ਆਏ
ਗੁਰੂ ਅੰਗਦ ਆਗੇ ਲੈਨੇ ਆਏ ।
ਸੁਨ ਮਾਤਾ ਖੀਵੀ ਦਰਸ਼ਨ ਆਈ
ਪਰਮ ਪਦਾਰਥ ਗੁਰ ਦਰਸ਼ਨ ਪਾਈ ।

ਇਤਿਹਾਸ ਸਾਖੀ ਹੈ, ਭਾਈ ਲਹਿਣਾ ਜੀ ਨੇ ਆਪਣੀ ਅਣਥੱਕ ਸੇਵਾ ਨਾਲ ਬਾਬੇ ਨਾਨਕ ਨੂੰ ਰਿਝਾ ਲਿਆ ਸੀ । ਜਦੋਂ ਗੁਰੂ ਨਾਨਕ ਸਾਹਿਬ ਨੇ ਕਰਤਾਰਪੁਰ ਵਸਾਇਆ ਤਾਂ ਚਾਰ ਲੰਮੀਆਂ ਉਦਾਸੀਆਂ ਉਪਰੰਤ ਪ੍ਰਚਾਰ-ਦੌਰੇ ਲਗਭਗ ਸਮਾਪਤ ਕਰ ਚੁੱਕੇ ਸਨ । ਭਾਈ ਲਹਿਣਾ ਜੀ ਦਾ ਮੇਲ ਗੁਰੂ ਨਾਨਕ ਦੇਵ ਜੀ ਨਾਲ ਸੰਨ 1532 ਈਸਵੀ ਵਿਚ ਹੋਇਆ । ਉਨ੍ਹਾਂ "ਮਨੁ ਤਨੁ ਆਗੈ ਰਾਖਿਕੈ ਉਭੀ ਸੇਵ ਕਰੇਇ" ਵਾਲੀ ਅਵਸਥਾ ਪ੍ਰਾਪਤ ਕਰ ਲਈ ਸੀ । ਗੁਰੂ ਨਾਨਕ ਸਾਹਿਬ ਨੇ 1539 ਈਸਵੀ ਵਿਚ ਪ੍ਰਲੋਕ ਗਮਨ ਕੀਤਾ ਤੇ ਇਸੇ ਸਾਲ ਹੀ ਲਹਿਣਾ ਜੀ ਨੂੰ ਗੁਰਿਆਈ ਦਾ ਤਿਲਕ ਵੀ ਲੱਗਾ । ਹੁਣ ਗੁਰੂ ਨਾਨਕ ਦੇਵ ਜੀ ਦੇ ਸਪੁੱਤਰਾਂ ਨੇ ਵਿਰੋਧ ਕਰਨਾ ਹੀ ਸੀ । ਅੰਤਰਜਾਮੀ ਗੁਰੂ ਜੀ ਨੇ ਆਪਣੇ ਹੁੰਦਿਆਂ ਹੀ ਗੁਰੂ ਅੰਗਦ ਦੇਵ ਜੀ ਨੂੰ ਖਡੂਰ ਚਲੇ ਜਾਣ ਦਾ ਹੁਕਮ ਕੀਤਾ । ਇਨ੍ਹਾਂ ਪ੍ਰਸਥਿਤੀਆਂ ਵਿਚ ਮਾਤਾ ਖੀਵੀ ਜੀ ਦੀ ਕਾਰਗੁਜ਼ਾਰੀ ਬੜੀ ਨਿੱਗਰ ਹੈ । ਇਸ ਸਮੇਂ ਉਨ੍ਹਾਂ ਦਾ ਸਹਿਯੋਗ ਅਤਿਅੰਤ ਜ਼ਰੂਰੀ ਸੀ । ਉਚੇਰੀ ਸੁਰਤ ਵਾਲੀ ਮਾਤਾ ਖੀਵੀ ਨੂੰ ਅੰਦਰੋਂ ਅਹਿਸਾਸ ਸੀ ਕਿ ਜਗਤ-ਗੁਰੂ ਬਾਬਾ ਦੀ ਜੋਤ ਪਹਿਲੀ ਵੇਰਾਂ ਕਿਸੇ ਸਿੱਖ ਵਿਚ ਪ੍ਰਵੇਸ਼ ਕੀਤੀ ਹੈ । ਉਹੋ ਅਕਾਲੀ ਜੋਤ ਕਾਇਆ ਪਲਟ ਕੇ ਕਿਸੇ ਹੋਰ ਵਿਚ ਵਿਦਮਾਨ ਹੋਈ ਹੈ । ਪਹਿਲੀ ਵੇਰਾਂ ਕੋਈ ਸਿੱਖ ਗੁਰੂ ਦੀ ਪ੍ਰੀਖਿਆ ਵਿਚ ਪੂਰਾ ਉਤਰਿਆ ਹੈ । ਸਿੱਖ ਦਾ ਗੁਰੂ ਵਿਚ ਅਭੇਦ ਹੋ ਜਾਣਾ ਇਕ ਅਲੌਕਿਕ ਘਟਨਾ ਹੈ । ਜ਼ਾਹਿਰ ਹੈ, ਮਾਤਾ ਖੀਵੀ ਗੁਰੂ-ਮਿਸ਼ਨ ਉਪਰ ਕੋਈ ਹਰਫ਼ ਨਾ ਆਵੇ ਇਸ ਲਈ ਸਾਰੀ ਉਮਰ ਇਸੇ ਜਤਨ ਵਿਚ ਲੱਗੇ ਰਹੇ । ਮਾਤਾ ਖੀਵੀ ਜੀ ਦੀ ਲਾਸਾਨੀ ਘਾਲਣਾ ਦੇ ਅਨੇਕ ਪੱਖ ਹਨ ।

1. ਲੰਗਰ ਦੀ ਪ੍ਰਥਾ ਤੇ ਵਿਕਾਸ

ਗੁਰੂ ਨਾਨਕ ਸਾਹਿਬ ਨੇ ਜਦੋਂ ਕਰਤਾਰਪੁਰ ਵਸਾਇਆ ਤਾਂ ਸ਼ਰਧਾਲੂ ਲੋਕ ਉਨ੍ਹਾਂ ਦੇ ਦਰਸ਼ਨਾਂ ਨੂੰ ਆਉਣ ਲੱਗੇ । ਪਹਿਲੇ-ਪਹਿਲ ਗੁਰੂ ਸਾਹਿਬ ਨੇ ਅਜਿੱਤੇ ਰੰਧਾਵੇ ਦੇ ਖੂਹ ਤੇ ਡੇਰਾ

ਲਾਇਆ । ਉਥੇ ਹੀ ਮਾਤਾ ਸੁਲੱਖਣੀ ਨੇ ਆ ਕੇ ਦੀਦਾਰ ਕੀਤਾ 'ਤੇ ਨਾਲ ਹੀ ਆਏ-ਗਏ ਲਈ ਲੰਗਰ ਦਾ ਪ੍ਰਸ਼ਾਦਾ ਤਿਆਰ ਕਰਨ ਲੱਗੇ । ਗੁਰੂ ਨਾਨਕ ਦੇਵ ਦੇ ਮਿਸ਼ਨ ਦੇ ਤਿੰਨ ਨੁਕਤੇ : ਨਾਮ ਜਪਣਾ, ਕਿਰਤ ਕਰਨਾ ਤੇ ਵੰਡ ਛਕਣਾ ਖਾਸੇ ਉੱਭਰਵੇਂ ਹਨ । ਗੁਰੂ ਪਾਤਸ਼ਾਹ ਨੇ ਜਿਥੇ ਅੰਮ੍ਰਿਤ ਵੇਲੇ ਤੇ ਸੰਧਿਆ ਦੇ ਦੀਵਾਨ ਲਾਉਣੇ ਸ਼ੁਰੂ ਕੀਤੇ ਉਥੇ ਨਾਲ ਹੀ ਖੇਤਾਂ ਵਿਚ ਹਲ ਵਾਹ ਕੇ ਕਿਰਤ ਕਰਨ ਦੀ ਜਾਗ ਵੀ ਲਾਈ । ਕਿਰਤ-ਕਮਾਈ ਵਿਚ ਵੰਡ ਕੇ ਖਾਣਾ ਅਤੀ ਉੱਤਮ ਕਰਮ ਮੰਨਿਆ ਗਿਆ ਹੈ । ਹੁਣ ਧਰਮਸਾਲਾ ਵਿਚ ਅਨੇਕ ਸਾਧੂ, ਸੰਤ, ਸ਼ਰਧਾਲੂ ਤੇ ਗ੍ਰਿਹਸਤੀ ਆਉਣ ਲੱਗੇ । ਇਸ ਤਰ੍ਹਾਂ ਧਰਮਸਾਲਾ ਵਿਚ ਪ੍ਰਸ਼ਾਦਾ ਬਣਨ ਲੱਗਾ ਤੇ ਇਸ ਦੀ ਜ਼ਿੰਮੇਵਾਰੀ ਮਾਤਾ ਸੁਲੱਖਣੀ ਜੀ ਉੱਪਰ ਸੀ । ਗੁਰੂ ਸਾਹਿਬ ਦੇ ਉਪਦੇਸ਼ ਇਕ ਖ਼ਾਸ ਤਰ੍ਹਾਂ ਦੀ ਚੇਤਨਾ ਪੈਦਾ ਕਰ ਰਹੇ ਸਨ । ਜਦੋਂ ਗੁਰਿਆਈ-ਗੱਦੀ ਗੁਰੂ ਅੰਗਦ ਦੇਵ ਜੀ ਨੂੰ ਦਿੱਤੀ ਗਈ ਉਸ ਸਮੇਂ ਸ਼ਾਇਦ ਮਾਤਾ ਖੀਵੀ ਜੀ ਮੌਜੂਦ ਨਹੀਂ ਸਨ । ਬਿਹਬਲ ਹੋਈ ਨੇ ਜਦੋਂ ਪਤੀ-ਪਰਮੇਸ਼ਰ ਗੁਰੂ ਅੰਗਦ ਦੇਵ ਦੇ ਚਰਨਾਂ ਉਤੇ ਮੱਥਾ ਟੇਕਿਆ ਤੇ ਨਾਲ ਹੀ ਪੁੱਛਿਆ ਕਿ ਗੁਰੂ ਸਾਹਿਬ ਨੇ ਮੇਰੇ ਲਈ ਵੀ ਕੁਝ ਹੁਕਮ ਕੀਤਾ ਸੀ ? ਗੁਰੂ ਅੰਗਦ ਦੇਵ ਜੀ ਨੇ ਬਹੁਤ ਪਿਆਰ ਤੇ ਉਤਸ਼ਾਹ ਨਹੀਂ ਦੱਸਿਆ ਜਦੋਂ ਮੇਰਾ ਦਾਤਾ ਮੈਨੂੰ ਆਪਣੀ ਬਖ਼ਸ਼ਿਸ਼ ਦੇ ਭੰਡਾਰ ਨਾਲ ਨਿਵਾਜ ਰਿਹਾ ਸੀ ਉਦੋਂ ਤੇਰੇ ਲਈ ਖ਼ੁਦ ਅੰਨਦਾਨ ਦੇ ਕੜਛੇ ਨੂੰ ਸੌਂਪਿਆ ਸੀ । ਮਾਤਾ ਖੀਵੀ ਨੇ ਸਾਰੀ ਉਮਰ ਇਸ ਗੱਲ 'ਤੇ ਪਹਿਰਾ ਦਿੱਤਾ । ਭਾਈ ਵੀਰ ਸਿੰਘ ਨੇ ਬੜੀ ਖ਼ੂਬਸੂਰਤੀ ਨਾਲ ਇਸ ਘਟਨਾ ਨੂੰ ਦਰਸਾਇਆ ਹੈ : "ਹੁਣ ਬੀਬੀ ਅੱਗੇ ਵਧੀ । ਬੈਠੀ ਹੋਈ ਸੰਗਤ ਸਾਰੀ ਉਠ ਖੜ੍ਹੀ ਹੋਈ । ਮਾਈ ਨੇ ਆਪਣੇ ਕੰਬਦੇ-ਕੰਬਦੇ ਸਿਰ ਨੂੰ ਚਰਨਾਂ 'ਤੇ ਲਿਜਾ ਧਰਿਆ । ਦਾਤੇ ਨੇ ਸਿਰ 'ਤੇ ਹੱਥ ਰੱਖ ਕੇ ਆਖਿਆ : ਨਿਹਾਲ ! ਹੱਥ ਛੂੰਹਦਿਆਂ ਹੀ ਝਰਨ-ਝਰਨ ਹੋਈ ਸਾਰੇ ਸਰੀਰ ਵਿਚ, ਜੋ ਲੈ ਗਈ ਖੀਵੀ ਨੂੰ ਪਰਮਾਤਮਾ ਦੀ ਗੋਦ ਵਿਚ, ਮਿਲ ਗਈ ਖੀਵੀ ਮਿਲ ਕੇ ਕਦੀ ਨਾ ਵਿਛੜਨ ਵਾਲੀ ਜੀਵਨ-ਤਾਰ ਵਿਚ । ਫੇਰ ਬਚਨ ਹੋਇਆ : ਨਿਹਾਲ ! ਹੁਣ ਦਾਤੇ ਨੇ ਸਿਰ ਤੋਂ ਹੱਥ ਚੁੱਕ ਲਿਆ । ਖੀਵੀ ਚਰਨਾਂ ਤੋਂ ਸਿਰ ਚੁੱਕ ਕੇ ਹੱਥ ਜੋੜ ਕੇ ਖੜ੍ਹ ਗਈ—ਤਾ ਰਜ਼ਾ ਵਿਚ ਰਖੋ ਰਾਜ਼ੀ, ਦਾਤ ਬਖਸ਼ੋ ਦਰਸ਼ਨ ਦੀ । ਸੰਘਰ ਤੋਂ ਰੋਜ਼ ਆ ਕੇ ਇਕ ਝਾਕੀ ਲੈ ਜਾਇਆ ਕਰਾਂ । ਜੇ ਰਜ਼ਾ ਹੋਵੇ ਤਾਂ ਖਡੂਰ ਰਹਵਾਂ ਤੇ ਦਰਸ਼ਨ-ਝਾਤ ਰੋਜ਼ ਲੈ ਜਾਇਆ ਕਰਾਂ ।" ਸਾਹਿਬਾਂ ਨੇ ਬੰਦ ਨੈਣ ਖੋਲ੍ਹੇ ਤੇ ਖੀਵੀ ਵੱਲ ਤੱਕ ਕੇ ਬੋਲੇ "ਜਦੋਂ ਮੇਰੇ ਦਾਤਾ ਮੈਨੂੰ ਸ਼ਬਦ-ਦਾਨ ਕਰਨ ਵਾਲਾ ਕੜਛਾ ਬਖਸ਼ਿਆ ਸੀ, ਤਦੋਂ ਤੇਰੇ ਹਿੱਸੇ ਅੰਨ ਦਾ ਕੜਛਾ ਆਇਆ ਸੀ, ਵਰਤਾ ।" ਰਮਜ਼ਾਂ ਸਮਝਣ ਵਾਲੀ ਮਾਈ ਵਿਰਾਈ ਜੀ ਲੰਗਰ ਵਿਚੋਂ ਇਕ ਕੜਛਾ ਚੁੱਕ ਲਿਆਈ । ਮੇਰੇ ਗੁਰੂ ਨਾਨਕ ਨੇ ਤੁਹਾਨੂੰ ਇਹ ਕੜਛਾ ਆਪਣੇ ਹੱਥੀਂ ਸੌਂਪਿਆ ਸੀ । ਅੰਨਦਾਨ ਦਾ ਇਹ ਕੜਛਾ ਜਾ ਕੇ ਸ੍ਰੀ ਖੀਵੀ ਜੀ ਨੂੰ ਬਖਸ਼ਿਆ ਤੇ ਲੰਗਰ ਵੱਲ ਤੱਕੇ । ਵਿਰਾਈ ਭਰਜਾਈ ਨੂੰ ਨਾਲ ਲੈ ਕੇ ਲੰਗਰ ਵਿਚ ਚਲੀ ਗਈ ਤੇ ਇਕ ਰੰਗੀਨ ਪੀੜ੍ਹਾ ਡਾਹ ਕੇ ਉਤੇ ਬਿਠਾ ਦਿੱਤੋਸ । ਆਖਣ ਲੱਗੀ : ਮੇਰੇ ਰਾਜ ਜੋਗ ਰਾਜੇ ਵੀਰ ਦੀ ਰਾਣੀ, ਵਰਤਾ—ਹੁਕਮ ਹੈ ਦਾਤੇ ਦਾ, ਵਰਤਾ । ਤੇਰੇ ਦੁਆਰਿਉਂ ਖਾਲੀ ਕੋਈ ਨਾ ਜਾਏ ਦੇਖ ਗੁਰੂ ਨਾਨਕ ਦਾ ਗ੍ਰਿਹਸਤ ਨਿਰਬਾਣ ਮਾਰਗ : ਅਤੀਤ ਹੈ ਤੇਰਾ ਪਤੀ, ਅਤੀਤ ਬਣਾਇਆ ਹੈ ਸੂ ਤੈਨੂੰ, ਫੇਰ ਦੇਖ ਗ੍ਰਿਹਸਤ ਹੈ, ਧੰਨ ਗੁਰੂ ਨਾਨਕ ! ਮਾਤਾ ਖੀਵੀ ਜੀ ਇਸ ਸਬਕ ਨੂੰ ਕਦੇ ਨਹੀਂ ਭੁੱਲੀ ਸਗੋਂ ਸਾਰੀ ਉਮਰ

ਇਸੇ ਦੀ ਕਮਾਈ ਕੀਤੀ । ਲੰਗਰ ਪ੍ਰਥਾ ਬਹੁਤ ਚੰਗੀ ਤਰ੍ਹਾਂ ਵਿਕਸਿਤ ਹੋਈ ਤੇ ਸਿੱਖ ਪਰੰਪਰਾ ਦਾ ਅੰਗ ਬਣ ਗਈ । ਮਾਤਾ ਜੀ ਦੇ ਲੰਗਰ ਦੀ ਸ਼ੋਭਾ ਪੂਰੇ ਪੰਜਾਬ ਵਿਚ ਫੈਲੀ ਹੋਈ ਸੀ ਸਗੋਂ ਦਿੱਲੀ ਤੋਂ ਲਾਹੌਰ ਜਾਂਦੇ ਮੁਗਲ ਅਤੇ ਅਫ਼ਗਾਨ ਸਿਪਾਹੀ ਵੀ ਕਈ ਵਾਰ ਖਡੂਰ ਰੁਕ ਕੇ ਅੱਗੇ ਜਾਂਦੇ । ਉਹ ਵੀ ਗੁਰੂ ਕਾ ਲੰਗਰ ਛਕਦੇ ਤੇ ਸਰਸ਼ਾਰ ਹੋ ਜਾਂਦੇ । ਮਾਤਾ ਜੀ ਦਾ ਸੁਭਾਅ ਆਮ ਲੋਕਾਂ ਨੂੰ ਆਕਰਸ਼ਿਤ ਕਰਦਾ । ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਕਿਰਤ ਕਰਨਾ ਤੇ ਵੰਡ ਛਕਣ ਦਾ ਨਿਯਮ ਲੋਕਾਂ ਵਿਚ ਪ੍ਰਚੱਲਿਤ ਹੋ ਰਿਹਾ ਸੀ । ਹੁਣ ਲੋਕ ਗੁਰੂ ਕੇ ਲੰਗਰ ਲਈ ਰਸਦ ਲਿਆਉਂਦੇ । ਮਾਤਾ ਖੀਵੀ ਜੀ ਆਪਣੇ ਹੱਥੀਂ ਭੋਜਨ ਤਿਆਰ ਕਰਦੇ । ਸਭ ਨੂੰ ਇਕ ਪੰਗਤ ਵਿਚ ਬਿਠਾ ਕੇ ਇਕੋ ਜਿਹਾ ਭੋਜਨ ਛਕਾ ਦੇਂਦੇ । ਮਾਤਾ ਜੀ ਦੇ ਲੰਗਰ ਵਿਚ ਰਾਜਾ-ਰੰਕ, ਊਚ-ਨੀਚ, ਅਮੀਰ-ਗ਼ਰੀਬ ਦਾ ਭੇਦਭਾਵ ਵੀ ਨਹੀਂ ਸੀ । ਸਭ ਜਾਤਾਂ ਦੇ ਲੋਕ ਇਕੋ ਪੰਕਤੀ ਵਿਚ ਬੈਠ ਕੇ ਇਕੋ ਜਿਹਾ ਭੋਜਨ ਛਕਦੇ । ਗੁਰਮੁਖ ਸਲਾਹੁੰਦੇ, ਮਨਮੁਖ ਦ੍ਵੈਖੀ ਸੁਰ ਵਿਚ ਬੋਲਦੇ ਪਰ ਇਨ੍ਹਾਂ ਗੱਲਾਂ ਦਾ ਮਾਤਾ ਜੀ ਉੱਪਰ ਕੋਈ ਅਸਰ ਨਹੀਂ ਸੀ । ਗੁਰੂ-ਘਰ ਵਿਚ ਸੰਗਤ-ਪੰਗਤ ਦਾ ਸੰਕਲਪ ਲੰਗਰ-ਸੰਸਥਾ ਰਾਹੀਂ ਪ੍ਰਵਾਨ ਚੜ੍ਹਿਆ । ਇਹ ਲੰਗਰ ਦੀ ਉਹ ਵਿਲੱਖਣਤਾ ਹੈ ਜਿਸ ਨੇ ਸਿੱਖ ਸੁਸਾਇਟੀ ਨੂੰ ਦੂਸਰੇ ਧਰਮਾਂ ਨਾਲੋਂ ਅੱਡਰਾ ਰੂਪ ਦਿੱਤਾ ਹੈ । ਉਂਝ ਦਾਨ ਦੇਣ ਦੀ ਪ੍ਰਥਾ ਥੋੜ੍ਹੇ-ਬਹੁਤ ਅੰਤਰ ਨਾਲ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਵੀ ਮੌਜੂਦ ਹੈ ਪਰ ਜਿਸ ਢੰਗ ਨਾਲ ਇਹ ਉੱਭਰ ਕੇ ਲੰਗਰ-ਪ੍ਰਥਾ ਰਾਹੀਂ ਸਾਹਮਣੇ ਆਈ ਇਹ ਆਪਣੇ ਆਪ ਵਿਚ ਬੇ ਜੋੜ ਹੈ । ਇਤਿਹਾਸ ਗਵਾਹ ਹੈ, ਦੋਵੇਂ ਦੰਪਤੀ ਸਮਾਜ ਕਲਿਆਣ ਦੇ ਕਾਰਜ ਵਿਚ ਰੁੱਝ ਗਏ ਸਨ । ਮਾਤਾ ਜੀ ਜਿਥੇ ਲੰਗਰ ਵਿਚ ਰੁੱਝ ਗਏ ਉਥੇ ਗੁਰੂ ਅੰਗਦ ਦੇਵ ਜੀ ਬੱਚਿਆਂ ਨੂੰ ਗੁਰਮੁਖੀ ਅੱਖਰਾਂ ਨਾਲ ਜੋੜ ਰਹੇ ਸਨ । ਤਾਂ ਜੋ ਉਹ ਗੁਰਬਾਣੀ ਪੜ੍ਹ ਸਕਣ ਤੇ ਬਾਣੀ-ਪਾਠ ਕਰ ਸਕਣ । ਬਾਦਸ਼ਾਹ ਹਮਾਯੂੰ ਜਦੋਂ ਸ਼ੇਰਸ਼ਾਹ ਸੂਰੀ ਕੋਲੋਂ ਹਾਰ ਖਾ ਕੇ ਦੌੜਿਆ ਸੀ ਤਾਂ ਰਾਹ ਵਿਚ ਗੁਰੂ ਅੰਗਦ ਦੇਵ ਜੀ ਦਾ ਆਸ਼ੀਰਵਾਦ ਲੈਣ ਲਈ ਖਡੂਰ ਸਾਹਿਬ ਰੁਕ ਗਿਆ । ਉਸ ਸਮੇਂ ਗੁਰੂ ਸਾਹਿਬ ਬੱਚਿਆਂ ਨੂੰ ਗੁਰਮੁਖੀ ਅੱਖਰ ਪੜ੍ਹਾ ਰਹੇ ਸਨ । ਹਮਾਯੂੰ ਨੂੰ ਲੱਗਾ ਗੁਰੂ ਨੇ ਮੇਰਾ ਨਿਰਾਦਰ ਕੀਤਾ ਹੈ ਤੇ ਗੁੱਸੇ ਨਾਲ ਤਲਵਾਰ ਖਿੱਚ ਲਈ । ਗੁਰੂ ਸਾਹਿਬ ਨੇ ਸਿਰ ਚੁੱਕਿਆ ਤੇ ਕਿਹਾ "ਬਾਦਸ਼ਾਹ ਜਿਸ ਤਲਵਾਰ ਨੂੰ ਤੂੰ ਫਕੀਰਾਂ ਉਤੇ ਵਰਤਣਾ ਚਾਹੁੰਦਾ ਹੈਂ, ਉਹ ਤਲਵਾਰ ਸ਼ੇਰਸ਼ਾਹ ਵੇਲੇ ਕਿਥੇ ਸੀ ?" ਸ਼ਰਮਿੰਦਾ ਹੋਇਆ ਹਮਾਯੂੰ ਤੇ ਗੁਰੂ ਸਾਹਿਬ ਨੂੰ ਮੱਥਾ ਟੇਕਿਆ ਤੇ ਲੰਗਰ ਛਕ ਕੇ ਲਾਹੌਰ ਲਈ ਰਵਾਨਾ ਹੋ ਗਿਆ । ਜਦੋਂ ਗੁਰੂ ਜੀ ਬੱਚਿਆਂ ਨੂੰ ਪੜ੍ਹਾ ਰਹੇ ਹੁੰਦੇ ਤਾਂ ਮਾਤਾ ਜੀ ਬੱਚਿਆਂ ਲਈ ਮਿੱਠੇ ਪਕਵਾਨ ਬਣਾ ਕੇ ਲੈ ਜਾਂਦੇ । ਨਾਲੇ ਬੱਚੇ ਪਕਵਾਨ ਛਕਦੇ ਨਾਲੇ ਮਾਤਾ ਜੀ ਦਾ ਗੁਣਗਾਨ ਕਰਦੇ । ਦਰਅਸਲ, ਮਾਤਾ ਜੀ ਦੀ ਅਣਥੱਕ ਸੇਵਾ ਨੇ ਲੰਗਰ-ਪ੍ਰਥਾ ਨੂੰ ਮਜ਼ਬੂਤ ਕਰ ਦਿੱਤਾ ਸੀ । ਆਮ ਸੰਗਤਾਂ ਵੀ ਲੰਗਰ ਵਿਚ ਸੇਵਾ ਕਰਨ ਲੱਗੀਆਂ । ਭਾਈ ਮਨੀ ਸਿੰਘ ਜੀ ਨੇ 'ਭਗਤਮਾਲਾ' ਵਿਚ ਲੰਗਰ ਦੀ ਸੇਵਾ ਲਈ ਭਾਈ ਜੋਧ ਸਿੰਘ ਤੇ ਭਾਈ ਕੇਦਾਰਾ ਦਾ ਖਾਸ ਜ਼ਿਕਰ ਕੀਤਾ ਹੈ । ਭਾਈ ਜੋਧ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਕੰਠ ਸੀ । ਉਹ ਬਾਣੀ ਵਿਚ ਰੱਤਾ ਲੰਗਰ ਦੀ ਸੇਵਾ ਵਿਚ ਬੁੱਝਾ ਰਹਿੰਦਾ ਸੀ । ਉਸ ਨੇ ਬਹੁਤ ਸਮਾਂ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿਚ ਰਸੋਈਏ ਦੇ ਤੌਰ ਤੇ ਬਿਤਾਇਆ । ਗੁਰੂ ਕੇ ਲੰਗਰ ਵਿਚ ਜਦੋਂ

ਵੀ ਕੋਈ ਆਉਂਦਾ, ਉਹ ਉਸੇ ਵੇਲੇ ਪ੍ਰਸ਼ਾਦਾ ਤਿਆਰ ਕਰ ਕੇ ਛਕਾਉਂਦਾ। ਗੁਰੂ-ਘਰ ਵਿਚ ਸੇਵਾ-ਸਿਮਰਨ ਇਕੋ ਤੋਲ ਤੁਲੇ ਹਨ। ਮਾਤਾ ਖੀਵੀ ਜੀ ਦੀ ਸੇਵਾ ਦਾ ਪ੍ਰਭਾਵ ਆਮ ਸਿੱਖ ਸੰਗਤ ਉੱਪਰ ਪਿਆ। ਜੇ ਗੁਰੂ-ਮਹਿਲ ਲੰਗਰ ਦੀ ਸੇਵਾ ਕਰ ਸਕਦੇ ਹਨ ਤਾਂ ਕਿਸੇ ਹੋਰ ਸਿੱਖ ਨੂੰ ਕੀ ਉਜਰ ਹੋ ਸਕਦਾ ਹੈ ? ਵੇਖਾ-ਵੇਖੀ ਕਈ ਸਿੱਖ ਇਸ ਸੇਵਾ ਵਿਚ ਜੁੜ ਗਏ। ਜਦੋਂ ਬੀਬੀ ਅਮਰੋ ਤੋਂ ਬਾਣੀ-ਪਾਠ ਸੁਣ ਕੇ ਬਾਬਾ ਅਮਰਦਾਸ ਗੁਰੂ ਅੰਗਦ ਦੇਵ ਜੀ ਪਾਸ ਆਏ ਤਾਂ ਮਾਤਾ ਖੀਵੀ ਨੂੰ ਸੇਵਾ ਕਰਦੇ ਵੇਖ ਆਪਣੇ ਆਪ ਨੂੰ ਲੰਗਰ ਦੀ ਸੇਵਾ ਵਿਚ ਸਮਰਪਿਤ ਕਰ ਦਿੱਤਾ। ਲੰਗਰ ਦੀ ਉੱਚਤਾ ਏਨੀ ਮਹਾਨ ਹੋ ਗਈ ਕਿ ਜਦੋਂ ਬਾਬਾ ਅਮਰਦਾਸ ਗੁਰੂ ਅਮਰਦਾਸ ਦੇ ਰੂਪ ਵਿਚ ਸੁਸ਼ੋਭਿਤ ਹੋ ਗਏ ਤਾਂ ਇਕ ਵਾਰ ਬਾਦਸ਼ਾਹ ਅਕਬਰ ਨੂੰ ਫੁਰਨਾ ਫੁਰਿਆ ਕਿ ਗੁਰੂ-ਦਰਬਾਰ ਦੇ ਦਰਸ਼ਨ ਕੀਤੇ ਜਾਣ। ਪਰ ਉਸ ਨੂੰ ਗੁਰੂ ਸਾਹਿਬ ਦਾ ਸੁਨੇਹਾ ਮਿਲਿਆ ਕਿ ਪਹਿਲਾਂ ਲੰਗਰ ਛਕੋ। ਜਿਤਨੀ ਦੇਰ ਉਸ ਨੇ ਲੰਗਰ ਨਹੀਂ ਛਕ ਲਿਆ ਉਤਨੀ ਦੇਰ ਉਸ ਦੀ ਭੇਟ ਗੁਰੂ ਸਾਹਿਬ ਨਾਲ ਨਹੀਂ ਹੋਈ। ਲੰਗਰ ਨੇ ਸੰਗਤ-ਪੰਗਤ ਦਾ ਜੈਗਾਨ ਬੁਲੰਦ ਕਰ ਦਿੱਤਾ। ਅੱਜ ਵੀ ਇਹ ਸਿਧਾਂਤ ਸਿੱਖ ਧਰਮ ਦੀ ਵਿਲੱਖਣਤਾ ਨੂੰ ਸਥਾਪਿਤ ਕਰਨ ਵਿਚ ਪ੍ਰਮੁੱਖ ਹੈ।

2. ਗੁਰੂ-ਮਹਿਲ-ਪਰੰਪਰਾ ਲਈ ਪੂਰਨੇ

ਮਾਤਾ ਖੀਵੀ ਜੀ ਨੇ ਘਰ ਨੂੰ ਇਤਨਾ ਸੁਖਦ ਢੰਗ ਨਾਲ ਚਲਾਇਆ ਕਿ ਹੈਰਤ ਹੁੰਦੀ ਹੈ। ਉਨ੍ਹਾਂ ਦੇ ਪਤੀ ਨੇ ਗੁਰਿਆਈ ਗੱਦੀ ਸੰਭਾਲਣ ਤੋਂ ਬਾਅਦ ਇਹ ਨਿਸ਼ਚਾ ਕਰ ਲਿਆ ਕਿ ਉਹ ਸੰਗਤਾਂ ਵਲੋਂ ਆਈ ਚੜ੍ਹਤ ਨੂੰ ਲੰਗਰ ਲਈ ਹੀ ਵਰਤਣਗੇ ਤੇ ਘਰ-ਗ੍ਰਹਿਸਤੀ ਨੂੰ ਚਲਾਣ ਲਈ ਜਦੋਂ ਵੀ ਸਮਾਂ ਮਿਲਦਾ, ਮੁੰਞ ਦੀਆਂ ਰੱਸੀਆਂ ਵੱਟ ਕੇ ਮੰਜੀਆਂ ਬੁਣਦੇ ਤੇ ਉਥੋਂ ਜੋ ਕਮਾਈ ਹੁੰਦੀ, ਉਸ ਨਾਲ ਘਰ ਚਲਾਉਂਦੇ। ਹੁਣ ਮਾਤਾ ਖੀਵੀ ਜੀ ਇਸ ਕੰਮ ਵਿਚ ਪਤੀ-ਗੁਰੂ ਦਾ ਹੱਥ ਵਟਾਉਂਦੇ ਤੇ ਸੰਤਾਨ ਨੂੰ ਵੀ ਇਹੋ ਉਪਦੇਸ਼ ਦੇਂਦੇ ਕਿ ਗੁਰੂ-ਘਰ ਦੀ ਚੜ੍ਹਤ ਅਮਾਨਤ ਹੈ। ਇਸ ਨੂੰ ਘਰ ਲਈ ਨਹੀਂ ਵਰਤਣਾ। ਤੇਜਾ ਸਿੰਘ ਤੇ ਗੰਡਾ ਸਿੰਘ ਨੇ ਇਸ ਤੱਥ ਦੀ ਪੁਸ਼ਟੀ ਕੀਤੀ ਹੈ। ਗੁਰੂ ਅੰਗਦ ਦੇਵ ਜੀ ਜਦੋਂ 1539 ਈਸਵੀ ਵਿਚ ਗੁਰਿਆਈ-ਪਦ ਨੂੰ ਪ੍ਰਾਪਤ ਹੋਏ ਤਾਂ ਉਸ ਵਿਚ ਮਾਤਾ ਜੀ ਖੀਵੀ ਜੀ ਦਾ ਸਬਰ, ਸੰਤੋਖ, ਤਪ-ਤਿਆਗ, ਪ੍ਰੇਮ ਤੇ ਰਜ਼ਾ ਵਿਚ ਰਹਿਣਾ ਸ਼ਾਮਿਲ ਹੈ। ਇਤਿਹਾਸਕਾਰਾਂ ਨੇ ਉਨ੍ਹਾਂ ਦੇ ਪਤੀ ਬਾਰੇ ਸੰਕੇਤ ਕਰਦਿਆਂ ਲਿਖਿਆ ਹੈ ਕਿ ਉਹ 1532 ਤੋਂ 1539 ਈਸਵੀ ਤਕ ਕਰਤਾਰਪੁਰ ਗੁਰੂ ਨਾਨਕ ਦੇਵ ਜੀ ਪਾਸ ਰਹੇ। ਹੁਣ ਸੁਆਲ ਹੈ ਜਦੋਂ ਯਾਤਰਾ 'ਤੇ ਗਿਆ ਪਤੀ ਘਰ ਨਾ ਪਰਤਿਆ ਤਾਂ ਮਾਂ ਖੀਵੀ ਨੇ ਕਿਹੋ ਜਿਹੇ ਹਾਲਾਤ ਦਾ ਸਾਹਮਣਾ ਕੀਤਾ ਹੋਵੇਗਾ। ਇਕ ਪਾਸੇ ਸ਼ਰੀਕਾ, ਪਿੰਡ ਦੇ ਲੋਕ, ਦੂਜੇ ਪਾਸੇ ਘਰ ਦੀਆਂ ਜ਼ਿੰਮੇਵਾਰੀਆਂ, ਇਹ ਕੇਵਲ ਮਾਤਾ ਜੀ ਦਾ ਧੀਰਜ ਸੀ ਜੋ ਸਭ ਕੁਝ ਸਹਿ ਗੁਜ਼ਰਿਆ। ਰੱਬੀ-ਰਜ਼ਾ ਮੰਨ ਕੇ ਸ਼ੁਕਰ ਕਰ ਲਿਆ। ਸਗੋਂ ਆਪਣਾ ਧਿਆਨ ਗੁਰੂ-ਸੇਵਾ ਵਿਚ ਲਾ ਲਿਆ। ਸੇਵਾ ਵੀ ਐਸੀ ਕੀਤੀ ਕਿ ਕੋਈ ਪ੍ਰਭਾਵਿਤ ਹੋਣੋਂ ਨਾ ਰਹਿ ਸਕਿਆ ਤੇ ਉਨ੍ਹਾਂ ਦਾ ਨਾਮ ਰੱਬੀ ਕਲਾਮ ਗੁਰੂ ਗ੍ਰੰਥ ਵਿਚ ਦਰਜ ਹੋ ਗਿਆ। ਮਾਤਾ ਖੀਵੀ ਦੀ ਵਿਆਹੁਤਾ ਜ਼ਿੰਦਗੀ ਦੇ 20 ਵਰ੍ਹੇ (ਉਨ੍ਹਾਂ ਦੀ ਸ਼ਾਦੀ 1519 ਵਿਚ ਹੋਈ ਸੀ ਤੇ 1539 ਵਿਚ ਗੁਰਿਆਈ ਦੇ ਰੂਪ ਵਿਚ ਸਥਾਪਿਤ ਹੋ

ਗਏ ਸਨ) ਘੋਰ ਤਪੱਸਿਆ ਤੇ ਤਿਆਗ ਦੇ ਸਨ । ਪਰ ਭਵਿੱਖ ਅਜੇ ਉਨ੍ਹਾਂ ਤੋਂ ਵੱਡੀਆਂ ਉਮੀਦਾਂ ਰੱਖੀ ਬੈਠਾ ਸੀ । ਗੁਰੂ ਅੰਗਦ ਦੇਵ ਉਨ੍ਹਾਂ ਦੇ ਪਤੀ-ਗੁਰੂ ਸਨ, 1552 ਈਸਵੀ ਵਿਚ ਪ੍ਰਲੋਕ ਪਿਆਨਾ ਕਰ ਗਏ । ਜ਼ਾਹਿਰ ਹੈ, ਉਨ੍ਹਾਂ ਲਗਭਗ 13 ਸਾਲ ਗੁਰਿਆਈ ਕੀਤੀ । ਸੰਕੇਤ ਕੀਤਾ ਜਾ ਚੁੱਕਾ ਹੈ, ਮਾਤਾ ਖੀਵੀ ਜੀ ਦੇ ਦੋ ਸਪੁੱਤਰ ਸਨ । ਦੋਵਾਂ ਦਾ ਪਿਤਾ ਨਾਲ ਵਿਵਾਦ ਖੜ੍ਹਾ ਹੋ ਗਿਆ । ਇਸ ਦਾ ਕਾਰਣ ਸੀ, ਪਿਤਾ-ਗੁਰੂ ਨੇ ਗੁਰਿਆਈ ਦਾ ਤਿਲਕ ਬਾਬਾ ਅਮਰਦਾਸ ਨੂੰ ਦਿੱਤਾ ਪਰ ਪੁੱਤਰ ਸਮਝਦੇ ਸਨ ਕਿ ਗੁਰੂ-ਅੰਸ ਹੋਣ ਕਰ ਕੇ ਪਿਤਾ ਤੋਂ ਬਾਅਦ ਗੁਰਿਆਈ ਦਾ ਹੱਕ ਸਾਡਾ ਹੀ ਹੈ । ਉਸ ਵੇਲੇ ਪੁੱਤਰ ਸੋਚਦੇ ਸਨ ਕਿ ਉਨ੍ਹਾਂ ਦੀ ਮਾਤਾ ਖੀਵੀ ਆਪਣੇ ਪੁੱਤਰਾਂ ਦੇ ਹੱਕ ਵਿਚ ਖਲੋਣਗੇ ਪਰ ਮਾਂ ਨੇ ਅਜੇਹਾ ਨਹੀਂ ਕੀਤਾ । ਦੁਨਿਆਵੀ ਵਿਹਾਰ ਵਿਚ ਮਾਵਾਂ ਆਮ ਤੌਰ 'ਤੇ ਜੇ ਪਿਤਾ-ਪੁੱਤਰ ਦਾ ਆਪਸੀ ਵਿਵਾਦ ਹੋਵੇ ਤਾਂ ਪੁੱਤਰਾਂ ਦੇ ਨਾਲ ਖਲੋਂਦੀਆਂ ਹਨ ਪਰ ਮਾਤਾ ਖੀਵੀ ਆਪਣੇ ਪਤੀ ਨੂੰ ਪਾਰਬ੍ਰਹਮ ਦਾ ਰੂਪ ਜਾਣਦੀ ਸੀ । ਉਨ੍ਹਾਂ ਨੇ ਨਰੋਈਆਂ ਕਦਰਾਂ-ਕੀਮਤਾਂ ਦੀ ਉਸਾਰੀ ਕੀਤੀ । ਮਾਂ ਦਾ ਸਭ ਤੋਂ ਨਰੋਆ ਪੱਖ ਸੱਚ ਨਾਲ ਖਲੋਣਾ ਹੈ । ਦੁਨੀਆ ਭਰ ਦੇ ਪੀਰਾਂ, ਪੈਗ਼ੰਬਰਾਂ, ਅਵਤਾਰਾਂ ਤੇ ਬ੍ਰਹਮ ਵੇਤਿਆਂ ਨੂੰ ਮਾਂ ਦੀ ਗੋਦ ਵਿਚ ਬੈਠਣ ਦਾ ਸੁਭਾਗ ਪ੍ਰਾਪਤ ਹੈ । ਮਾਤਾ ਦੀ ਮਮਤਾ, ਨਿਰਛਲਤਾ ਅੱਗੇ ਸਭ ਹੇਚ ਹੈ । ਉਨ੍ਹਾਂ ਨੇ ਸਵੱਛ ਘਰੇਗੀ ਮਾਹੌਲ ਦੀ ਸਿਰਜਣਾ ਕੀਤੀ । ਮਾਤਾ ਖੀਵੀ ਨੇ ਪੁੱਤਰ ਦਾਸੂ ਦਾ ਸਹਿਯੋਗ ਨਹੀਂ ਕੀਤਾ ਸਗੋਂ ਬਾਰੰਬਾਰ ਉਨ੍ਹਾਂ ਨੂੰ ਇਹ ਗੱਲ ਸਮਝਾਈ ਕਿ ਗੁਰਗੱਦੀ ਕਿਸੇ ਦਾ ਜੱਦੀ ਹੱਕ ਨਹੀਂ । ਇਹ ਤਾਂ ਕਮਾਈ ਹੈ ਜੋ ਕਰੇਗਾ ਸੋ ਲਏਗਾ । ਪਰ ਲਾਲਚ ਗੱਲ ਦੀ ਅਸਲੀਅਤ ਨੂੰ ਸਮਝਣ ਨਹੀਂ ਦੇਂਦਾ । ਮਾਤਾ ਖੀਵੀ ਜੀ ਪੁੱਤਰਾਂ ਨੂੰ ਬਾਰੰਬਾਰ ਸਮਝਾਉਂਦੇ ਕਿ ਪਿਤਾ ਦੇ ਹੁਕਮ ਉਤੇ ਫੁੱਲ ਚੜ੍ਹਾਓ । ਇਕ ਸੁਆਲ ਸਹਿਜੇ ਹੀ ਪੈਦਾ ਹੁੰਦਾ ਆਖ਼ਰਕਾਰ ਮਾਤਾ ਖੀਵੀ ਅਤੇ ਉਨ੍ਹਾਂ ਦੇ ਪਤੀ ਨੇ ਨਾਦੀ ਸੰਤਾਨ ਨੂੰ ਤਰਜੀਹ ਕਿਉਂ ਦਿੱਤੀ ? ਉਹ ਜਾਣਦੇ ਸਨ ਬਿੰਦੀ ਸੰਤਾਨ ਵਿਚ ਕਈ ਔਗੁਣ ਜਾਗ ਸਕਦੇ ਹਨ । ਉਹ ਲਾਲਚੀ, ਦੈਖੀ, ਸੁਆਰਥੀ ਆਦਿ ਹੋ ਸਕਦੇ ਹਨ । ਉਸ ਹਾਲਤ ਵਿਚ ਗੁਰੂ-ਘਰ ਨੂੰ ਠੇਸ ਪਹੁੰਚੇਗੀ । ਇਸ ਲਈ ਪੂਰੀ ਪਰਖ-ਪੜਤਾਲ ਕਰ ਕੇ ਜਿਹੜਾ ਵੀ ਸਿੱਖ ਉਨ੍ਹਾਂ ਦੀ ਕਸਵੱਟੀ ਉਤੇ ਪੂਰਾ ਉਤਰਿਆ । ਉਨ੍ਹਾਂ ਨੇ ਗੁਰਿਆਈ ਦਾ ਤਿਲਕ ਉਸ ਨੂੰ ਹੀ ਲਾਇਆ । ਨਾਲੇ, ਗੁਰੂ ਅੰਗਦ ਦੇਵ ਜੀ ਪਰੰਪਰਾ-ਪਾਲਕ ਵੀ ਸਨ । ਨਿਰਸੰਦੇਹ, ਮਾਤਾ ਖੀਵੀ ਆਪਣੇ ਪਤੀ ਦੇ ਫ਼ੈਸਲੇ ਅੱਗੇ ਸਿਰ ਨਿਵਾ ਕੇ ਪੁੱਤਰਾਂ ਨੂੰ ਸਮਝਾਉਣ ਲੱਗ ਪਏ । ਮਾਤਾ ਖੀਵੀ ਜੀ ਨੇ ਜਿਥੇ ਪਤੀ-ਗੁਰੂ ਕੀ ਆਗਿਆ ਪਾਲਣ ਕਰ ਕੇ ਪੁੱਤਰਾਂ ਦਾ ਸਾਥ ਨਾ ਦਿੱਤਾ ਉਥੇ ਆਉਣ ਵਾਲੇ ਗੁਰੂ-ਮਹਿਲਾਂ ਲਈ ਇਕ ਉੱਤਮ ਉਦਾਹਰਣ ਪੈਦਾ ਕਰ ਗਏ । ਇਤਿਹਾਸ ਗਵਾਹ ਹੈ, ਜਦੋਂ ਗੁਰੂ ਅਮਰਦਾਸ ਜੀ ਨੇ ਆਪਣੇ ਜਵਾਈ ਰਾਮਦਾਸ ਜੀ ਨੂੰ ਗੁਰਿਆਈ ਦਾ ਤਿਲਕ ਲਗਵਾਇਆ ਤਾਂ ਦੋਹਾਂ ਪੁੱਤਰਾਂ ਬਾਬਾ ਮੋਹਨ ਤੇ ਬਾਬਾ ਮੋਹਰੀ ਨੇ ਰੋਸ ਕੀਤਾ ਕਿ ਪੁੱਤਰਾਂ ਨੂੰ ਛੱਡ ਕੇ ਜਵਾਈ ਦੀ ਚੋਣ ਕੀਤੀ ਹੈ । ਉਸ ਵੇਲੇ ਮਾਤਾ ਮਨਸਾ ਦੇਵੀ, ਜੋ ਤੀਸਰੇ ਪਾਤਸ਼ਾਹ ਦੀ ਧਰਮ-ਪਤਨੀ ਸੀ, ਨੇ ਗੁਰੂ-ਪਤੀ ਦੇ ਫ਼ੈਸਲੇ ਦਾ ਸਵਾਗਤ ਕੀਤਾ । ਇਸੇ ਤਰ੍ਹਾਂ ਜਦੋਂ ਗੁਰੂ ਰਾਮਦਾਸ ਜੀ ਨੇ ਵੱਡੇ ਪੁੱਤਰ ਪ੍ਰਿਥੀ ਚੰਦ ਨੂੰ ਛੱਡ ਕੇ ਛੋਟੇ ਪੁੱਤਰ (ਗੁਰੂ) ਅਰਜਨ ਦੇਵ ਜੀ ਨੂੰ ਗੁਰਿਆਈ-ਗੱਦੀ ਦਿੱਤੀ ਤਾਂ ਮਾਤਾ ਭਾਨੀ ਨੇ ਪਤੀ-ਗੁਰੂ ਦੇ ਫ਼ੈਸਲੇ ਅੱਗੇ

ਸਿਰ ਨਿਵਾਇਆ । ਗੁਰੂ ਅਮਰਦਾਸ ਨੇ ਇਸ ਝਗੜੇ ਦਾ ਸੰਕੇਤ ਆਪਣੀ ਬਾਣੀ ਵਿਚ ਕੀਤਾ ਹੈ :

ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥
ਜਿਨਿ ਕੇ ਜਣੇ ਬਡੇਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥
(ਗੁਰੂ ਗ੍ਰੰਥ ਸਾਹਿਬ, ਪੰਨਾ 1200)

ਗੱਲ ਕੀ ਆਉਣ ਵਾਲੇ ਗੁਰੂ-ਮਹਿਲ ਇਸ ਗੱਲ ਪ੍ਰਤੀ ਸੁਚੇਤ ਰਹੇ ਕਿ ਗੁਰਿਆਈ ਯੋਗ ਅਧਿਕਾਰੀ ਨੂੰ ਹੀ ਮਿਲਣੀ ਚਾਹੀਦੀ ਹੈ :

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥
(ਗੁਰੂ ਗ੍ਰੰਥ ਸਾਹਿਬ, ਪੰਨਾ 1088)

ਏਸ ਨਿਯਮ ਨੂੰ ਨਿਭਾਣ ਲਈ ਗੁਰੂ-ਮਹਿਲਾਂ ਨੂੰ ਕਈ ਵੇਰਾਂ ਵੱਡੇ ਕਲੇਸ਼ ਵਿਚ ਦੀ ਲੰਘਣਾ ਪਿਆ ਪਰ ਕਿਸੇ ਵੀ ਗੁਰੂ-ਮਹਿਲ ਨੇ ਇਸ ਦੀ ਅਵੱਗਿਆ ਨਹੀਂ ਕੀਤੀ । ਇਕ ਗੱਲ ਹੋਰ ਜੋ ਮਾਤਾ ਖੀਵੀ ਜੀ ਨੇ ਕੀਤੀ । ਉਹ ਸੀ ਨਾਰੀ-ਸਮਾਜ ਨੂੰ ਹਲਕੀ ਜੇਹੀ ਖੁੱਲ੍ਹ ਦਿੱਤੀ ਤੇ ਉਹ ਵੀ ਸੇਵਾ ਵਿਚ ਲੱਗ ਗਈਆਂ । ਬਾਬਾ ਅਮਰਦਾਸ ਜੀ ਨੇ ਮਾਤਾ ਖੀਵੀ ਨੂੰ ਘੁੰਡ-ਮੁਕਤ ਸੇਵਾ ਕਰਦਿਆਂ ਵੇਖਿਆ ਸੀ । ਇਸ ਨਾਲ ਬੀਬੀਆਂ ਸੇਵਾ ਸੌਖੀ ਤਰ੍ਹਾਂ ਕਰ ਸਕਦੀਆਂ ਸਨ । ਨਾਲੇ ਮਰਦ-ਸਮਾਜ ਵਿਚ ਭੈਣ-ਭਰਾਵਾਂ ਵਾਲਾ ਰਿਸ਼ਤਾ ਸੁਦ੍ਰਿੜ੍ਹ ਹੋ ਰਿਹਾ ਸੀ । ਲੰਗਰ ਵਿਚ ਭੈਣਾਂ-ਮਾਈਆਂ ਅਤੇ ਵੀਰ-ਭਰਾ ਇਕੱਠੇ ਸੇਵਾ ਕਰ ਸਕਦੇ ਸੀ । ਇਸ ਨਾਲ ਗੁਰੂ-ਘਰ ਤੇ ਗੁਰੂ-ਸੰਗਤ ਵਿਚ ਪ੍ਰੇਮ-ਪਿਆਰ ਤੇ ਭਗਤੀਭਾਵ ਦੀ ਭਾਵਨਾ ਅੱਗੇ ਵਧੀ । ਜ਼ਾਹਿਰ ਹੈ, ਜਦੋਂ ਮਾਤਾ ਮਨਸਾ ਦੇਵੀ ਜੀ ਗੁਰਿਆਣੀ ਬਣੇ ਤਾਂ ਨਾਰੀ-ਸਮਾਜ ਵੱਲ ਉਚੇਚਾ ਧਿਆਨ ਦਿੱਤਾ ਗਿਆ । ਗੁਰੂ ਅਮਰਦਾਸ ਜੀ ਨੇ ਤਾਂ ਗੁਰੂ-ਦਰਬਾਰ ਵਿਚ ਬਿਨਾਂ-ਘੁੰਡ ਆਉਣ ਦਾ ਨਿਯਮ ਬਣਾ ਦਿੱਤਾ ਸੀ । ਇਸ ਪ੍ਰਸੰਗ ਵਿਚ ਬਿਲਾਸਪੁਰ ਦੀ ਰਾਣੀ ਦੀ ਸਾਖੀ ਤੋਂ ਸਭ ਜਾਣੂ ਹਨ । ਉਨ੍ਹਾਂ ਨੇ ਵਿਧਵਾ ਦੇ ਪੁਨਰ-ਵਿਆਹ ਪ੍ਰਥਾ ਦਾ ਆਦੇਸ਼ ਦਿੱਤਾ ਸੀ । ਸਤੀ-ਪ੍ਰਥਾ ਦਾ ਵਿਰੋਧ ਕੀਤਾ ਸੀ । ਜ਼ਾਹਿਰ ਹੈ, ਮਾਤਾ ਖੀਵੀ ਜੀ ਨੇ ਗੁਰੂ-ਮਿਸ਼ਨ ਲਈ ਅਜਿਹੇ ਪੂਰਨੇ ਪਾਏ ਜਿਨ੍ਹਾਂ ਤੇ ਚਲਣਾ ਸਭ ਨੇ ਆਪਣਾ ਪਰਮ-ਧਰਮ ਸਮਝਿਆ । ਸਾਰੇ ਗੁਰੂ-ਮਿਸ਼ਨ ਵਿਚ ਆਪੋ-ਆਪਣਾ ਸੀਰ ਪਾਉਂਦੇ ਰਹੇ । ਇਕ ਗੱਲ ਜੋ ਗੁਰੂ-ਮਹਿਲਾਂ ਲਈ ਨਿਸ਼ਚਿਤ ਹੋ ਗਈ, ਉਹ ਸੀ ਤਪ-ਤਿਆਗ, ਸੇਵਾ ਤੇ ਸਿਮਰਨ, ਕੁਰਬਾਨੀ ਕਰਨਾ ਤਾਂ ਉਨ੍ਹਾਂ ਦੇ ਜੀਵਨ ਦਾ ਅੰਗ ਹੀ ਬਣ ਗਿਆ, ਮਾਤਾ ਗੁਜਰੀ ਤੇ ਮਾਤਾ ਸੁੰਦਰੀ ਜੀ ਇਸ ਦੇ ਪ੍ਰਮਾਣ ਹਨ ।

3. ਸੰਤਾਨ-ਹਿਤ ਨਾਲੋਂ ਗੁਰਗੱਦੀ ਨੂੰ ਮਾਨਤਾ

ਗੁਰਗੱਦੀ ਉੱਪਰ ਯੋਗ ਅਧਿਕਾਰੀ ਹੀ ਬਿਰਾਜਮਾਨ ਹੋ ਸਕੇਗਾ । ਇਸ ਨਿਯਮ ਦਾ ਉਲੇਖ 'ਬੰਸਾਵਲੀਨਾਮਾ' ਵਿਚ ਬੜੀ ਖ਼ੂਬਸੂਰਤੀ ਨਾਲ ਕੀਤਾ ਹੈ । ਮਾਤਾ ਖੀਵੀ ਦੇ ਪਤੀ ਨੇ ਗੁਰਿਆਈ ਦੇਣ ਤੋਂ ਪਹਿਲਾਂ ਆਪਣਾ ਫ਼ੈਸਲਾ ਇਸ ਤਰ੍ਹਾਂ ਸੁਣਾਇਆ :

ਦਾਸੂ ਦਾਤੂ ਅਮਰਦਾਸ

ਮਾਤਾ ਖੀਵੀ ਹੋਰ ਸਭ ਸਿਖ ਸਦ ਬਹਾਇਆ ।
.....
ਅਮਰਦਾਸ ਦੀ ਬਾਂਹ ਸਭਨਾ ਨੂੰ ਪਕੜਾਈ ।
ਭਾਈ ਇਹੁ ਹੈ ਮੇਰਾ, ਮੈਂ ਪੰਡ ਇਸ ਨੂੰ ਚੁਕਾਈ ।
ਤੁਸਾਂ ਸਭਨਾਂ ਇਸ ਦੀ ਕਰਨੀ ਹੈ ਗਉਰ ।
ਇਹ ਬਚਨ ਸੁਣਕੇ ਸਭੇ ਹੋਏ ਡਉਰ ਭਉਰ ।
.....
ਵਾਰਸਿ ਪੁੱਤ ਪੋਤੇ ਹੋਂਦੇ ਆਏ ।
ਪੁਤਾਂ ਬੈਠਿਆਂ ਹੋਰ ਕਉਣ ਲੈ ਜਾਏ ?
ਮਾਤਾ ਖੀਵੀ ਰਿਦਾ ਇਨ੍ਹਾਂ ਦਾ ਲਹਿਆ
ਸੁਣੋ ਭਾਈ ! ਤੁਸਾਂ ਕਰਨਾ ਸੀ ਖਾਵੰਦ ਦਾ ਕਹਿਆ ,
ਅਗੇ ਤੁਸੀਂ ਜਾਣੋ, ਜੋ ਤੁਹਾਨੂੰ ਭਾਵੈ
ਚੁਕੋ ਪੰਡ ਜੇ ਚੁੱਕੀ ਜਾਵੈ ।
ਖਟ ਮਸ ਕੀਤੀ ਗੁਰਿਆਈ
ਰਲਿ ਮਿਲਿ ਸਿਖਾਂ ਪੱਗ ਦਾਸੂ ਨੂੰ ਬੰਨ੍ਹਵਾਈ ।
ਚੜ੍ਹਦੇ ਮਹੀਨੇ ਮੂੰਹ ਦਾਸੂ ਦਾ ਫਿਰਿ ਗਇਆ
ਅਨੇਕ ਜਤਨ ਕਰਿ ਰਹੇ, ਸਿੱਧਾ ਨਾ ਭਇਆ ।
ਮਾਤਾ ਖੀਵੀ ਪਾਸ ਆਇ ਬੇਨਤੀ ਕੀਤੀ
ਮਾਤਾ ਕਹਿਆ ਬੇਟਾ ਤੁਸਾਂ ਭਾਰੀ ਪੰਡ ਹੈ ਚੁੱਕ ਲੀਤੀ
ਭਾਰ ਲਾਹ ਸੁੱਟੇ, ਸਿਰ ਸਿੱਧਾ ਹੋਇ ਜਾਸੀ ।
ਅਮਰਦਾਸ ਗੋਇੰਦਵਾਲ ਅਗੇ ਹੀ ਉਠਿ ਗਿਆ ਸੀ ।

(ਬੰਸਾਵਲੀਨਾਮਾ, ਪੰਨੇ 123-124)

ਹੁਣ ਮਾਤਾ ਖੀਵੀ ਜੀ ਤਾਂ ਗੁਰਗੱਦੀ ਦੀ ਸਰਬੋਚਤਾ ਨੂੰ ਸਥਾਪਿਤ ਕਰਨਾ ਚਾਹੁੰਦੇ ਸੀ । ਸੋਚਿਆ ਜਿਨ੍ਹਾਂ ਨੂੰ ਮੇਰੇ ਖਾਵੰਦ-ਗੁਰੂ, ਗੁਰੂ-ਘਰ ਦੀ ਵਿਰਾਸਤ ਦੇ ਮਾਲਕ ਬਣਾ ਗਏ ਹਨ, ਉਨ੍ਹਾਂ ਪਾਸੋਂ ਹੀ ਦਾਸੂ ਦੀ ਭੁੱਲ ਬਖਸ਼ਵਾਈ ਜਾਵੇ । ਮਾਤਾ ਜੀ ਦਾ ਸਿੱਖ-ਸੰਗਤ ਵਿਚ ਬਹੁਤ ਹੀ ਸੰਘਣਾ ਅਦਬ-ਸਤਿਕਾਰ ਸੀ । ਉਹ ਸਿੱਖ-ਸੰਗਤ ਨੂੰ ਨਾਲ ਲੈ ਕੇ ਗੋਇੰਦਵਾਲ ਪਹੁੰਚ ਗਏ ਤੇ ਗੁਰੂ ਅਮਰਦਾਸ ਜੀ ਨੂੰ ਸਾਰੀ ਵਿਥਿਆ ਦੱਸੀ :

ਮਾਤਾ ਖੀਵੀ ਲੈ ਕੇ ਨਾਲ ਦਾਸੂ ਨੂੰ ਆਈ
ਜਿਥੇ ਗੋਇੰਦਵਾਲ ਛਪਰੀ ਸੀ ਅਮਰੇ ਪਾਈ ।
ਰਲਿ ਮਿਲ ਸੰਗਤ ਸਭ ਆਈ ਨਦੀ ਦੇ ਕਿਨਾਰੇ
ਅਮਰਦਾਸ ਜੀ ਬੈਠੇ ਸੇ ਅੰਦਰਿ ਸਮਾਧੀ ਧਾਰੇ ।
ਮਾਤਾ ਕਹਿਆ ਅਮਰਦਾਸਾ ਬੂਹਾ ਖੋਲ
ਅਸੀਂ ਸਭ ਆਏ ਹਾਂ ਤੇਰੇ ਕੋਲ ।
ਅਮਰਦਾਸ ਆਇ ਮਾਤਾ ਦੇ ਚਰਨੀ ਪਇਆ

ਤਬ ਦਾਸੂ ਕਰੀ ਅਮਰਦਾਸੁ ਸੀਸ ਚਰਨੀ ਧਰਿਆ ।
ਮਾਤਾ ਕਹਿਆ ਤੂੰ ਹੈ ਗੁਰੂ ਸਭ ਸਿਖ ਹੈਨ ਤੇਰੇ
ਦਾਸੂ ਹੈ ਕਾਹਲਾ ਕਹੇ ਲਗਾ ਨਾ ਮੇਰੇ ।
ਤੈਨੂੰ ਆਪ ਦਿੱਤੀ ਹੈ ਖਾਵੰਦ ਵਡਿਆਈ
ਦਾਸੂ ਦਾ ਕਰਿ ਸਿਰ ਸਿਧਾ ਹਥਿ ਲਗਾਈ ।
ਸਤਿਨਾਮ ਕਹਿਆ ਅਮਰਦਾਸ ਹੱਥ ਲਾਇਆ
ਸਿਰ ਸਿਧਾ ਦਾਸੂ ਦਾ ਹੋਇ ਗਇਆ ।

(ਬੰਸਾਵਲੀਨਾਮਾ, ਪੰਨੇ 137-138)

ਦਾਸੂ ਦਾ ਸਿਰ ਮਾਤਾ-ਹੁਕਮ ਮੰਨ ਕੇ ਸਿੱਧਾ ਹੋ ਗਿਆ । ਪਰ ਦੂਸਰੇ ਪੁੱਤਰ ਦਾਤੂ ਦਾ ਵਿਰੋਧ ਠੰਡਾ ਨਹੀਂ ਸੀ ਪਿਆ । ਗੁਰੂ-ਪੁੱਤਰ ਹੋਣ ਕਰ ਕੇ ਅਨੇਕ ਰਿੱਧੀਆਂ-ਸਿੱਧੀਆਂ ਦਾ ਮਾਲਕ ਵੀ ਸੀ । ਉਸ ਨੇ ਲੋਕਾਂ 'ਤੇ ਅਸਰ ਪਾਉਣਾ ਸ਼ੁਰੂ ਕਰ ਦਿੱਤਾ । ਹੁਣ ਉਸ ਅੰਦਰਲੀ ਦ੍ਵੈਖ ਪ੍ਰਚੰਡ ਰੂਪ ਧਾਰਨ ਕਰ ਰਹੀ ਸੀ । ਇਕ ਦਿਨ ਅਚਾਨਕ ਆਪਣੇ ਕੁਝ ਸਾਥੀਆਂ ਨੂੰ ਨਾਲ ਲੈ ਕੇ ਖਡੂਰ ਤੋਂ ਗੋਇੰਦਵਾਲ ਆ ਗਿਆ । ਅੱਗੇ ਗੁਰੂ ਜੀ ਦਰਬਾਰ ਵਿਚ ਗੁਰ-ਉਪਦੇਸ਼ਾਂ ਉੱਪਰ ਵਿਚਾਰ ਕਰ ਰਹੇ ਸਨ । ਗੁਰੂ ਜੀ ਦਾ ਦਰਬਾਰ ਤੇ ਉਸ ਦਾ ਸ਼ਾਂਤ ਪ੍ਰਭਾਵ ਵੇਖ ਕੇ ਉਸ ਦੀ ਈਰਖਾ ਹੋਰ ਵੀ ਭੜਕ ਉੱਠੀ । ਦੀਵਾਨ ਵਿਚ ਉੱਚੀ-ਉੱਚੀ ਅਪਮਾਨ-ਜਨਕ ਸ਼ਬਦ ਬੋਲਣ ਲੱਗ ਪਿਆ ਤੇ ਗੁਰੂ ਜੀ ਨੂੰ ਜ਼ੋਰ ਦੀ ਲੱਤ ਕੱਢ ਮਾਰੀ । ਨਿੰਮਰਤਾ ਦੇ ਪੁੰਜ ਸਤਿਗੁਰੂ ਨੇ ਦਾਤੂ ਦੇ ਚਰਨ ਫੜ ਲਏ ਤੇ ਕਿਹਾ—ਮੇਰੇ ਬੁੱਢੇ ਹੱਡ ਸਖ਼ਤ ਹਨ, ਤੁਹਾਡੇ ਕੋਮਲ ਚਰਨਾਂ 'ਤੇ ਸੱਟ ਤੇ ਨਹੀਂ ਲੱਗੀ । ਗੁਰੂ ਜੀ ਦੀ ਅਡੋਲਤਾ ਨੂੰ ਵੇਖ ਕੇ ਸੰਗਤਾਂ ਧੰਨ-ਧੰਨ ਕਹਿਣ ਲੱਗ ਪਈਆਂ । ਹੁਣ ਦਾਤੂ ਦਰਬਾਰ ਵਿਚੋਂ ਨਿਕਲ ਕੇ ਚੁਬਾਰੇ ਚੜ੍ਹ ਗਿਆ ਤੇ ਸਾਰਾ ਮਾਲ ਖੱਚਰਾਂ ਉੱਪਰ ਲਦਵਾ ਲਿਆ । ਜਦੋਂ ਉਹ ਖਡੂਰ ਵੱਲ ਆ ਰਿਹਾ ਸੀ ਤਾਂ ਰਸਤੇ ਵਿਚ ਚੋਰਾਂ ਨੇ ਘੇਰ ਕੇ ਸਾਰਾ ਸਾਮਾਨ ਲੁੱਟ ਲਿਆ ਤੇ ਇਸ ਖੋਹਾਖਾਹੀ ਵਿਚ ਉਨ੍ਹਾਂ ਲਾਠੀਆਂ ਵੀ ਚਲਾਈਆਂ ਜਿਸ ਵਿਚੋਂ ਇਕ ਲਾਠੀ ਉਸ ਦੀ ਲੱਤ 'ਤੇ ਆਣ ਲੱਗੀ ਜੋ ਉਸ ਨੇ ਗੁਰੂ ਸਾਹਿਬ ਨੂੰ ਮਾਰੀ ਸੀ । ਬਹੁਤ ਇਲਾਜ ਕਰਨ 'ਤੇ ਵੀ ਉਸ ਲੱਤ ਵਿਚ ਦਰਦ ਠਹਿਰ ਗਈ ਤੇ ਕਿਸੇ ਤਰ੍ਹਾਂ ਵੀ ਆਰਾਮ ਨਾ ਆਇਆ । ਹੁਣ ਉਹ ਹਰ ਵੇਲੇ ਹਾਇ-ਹਾਇ ਕਰਦਾ ਰਹੇ । ਪੁੱਤਰ ਦੀ ਅਕਹਿ ਪੀੜਾ ਨੂੰ ਵੇਖ ਕੇ ਮਾਤਾ ਖੀਵੀ ਦਾ ਮਨ ਵੀ ਪਰੇਸ਼ਾਨ ਹੁੰਦਾ । (ਤਵਾਰੀਖ ਗੁਰੂ ਖਾਲਸਾ, 345) ਅਖ਼ੀਰ ਉਹ ਦਾਤੂ ਨੂੰ ਲੈ ਕੇ ਖਡੂਰ ਤੋਂ ਗੋਇੰਦਵਾਲ ਆਏ ਤੇ ਪੁੱਤਰ ਦੀ ਭੁੱਲ ਬਖ਼ਸ਼ ਦੇਣ ਦੀ ਯਾਚਨਾ ਕੀਤੀ । ਪਰ ਮਿਹਰਵੰਤ ਗੁਰੂ ਜੀ ਨੇ ਇਹ ਕਿਹਾ ਕਿ ਇਹ ਦਰਦ ਹੁਣ ਪੰਜਵੇਂ ਗੁਰੂ ਹੀ ਹਟਾਉਣਗੇ ।

ਭਾਈ ਵੀਰ ਸਿੰਘ 'ਅਸ਼ਟ ਚਮਤਕਾਰ' ਵਿਚ ਇਸ ਪ੍ਰਸੰਗ ਦਾ ਸੰਬੰਧ ਪੰਚਮ ਗੁਰੂ ਦੀ ਗੋਇੰਦਵਾਲ ਵਿਚਲੀ ਆਮਦ ਨਾਲ ਜੋੜਦੇ ਹਨ । ਪੰਚਮ ਗੁਰੂ ਜੀ ਅੰਮ੍ਰਿਤਸਰ ਸ਼ਹਿਰ ਦਾ ਨਿਰਮਾਣ ਕਰਵਾ ਰਹੇ ਸਨ । ਇਸ ਲਈ ਕਦੀ ਚੱਕ ਰਾਮਦਾਸ ਅਤੇ ਕੁਝ ਸਮਾਂ ਗੋਇੰਦਵਾਲ ਠਹਿਰਦੇ । ਇਕ ਵਾਰ ਜਦੋਂ ਉਹ ਰਾਤ ਗੋਇੰਦਵਾਲ ਠਹਿਰੇ ਤਾਂ ਮਾਤਾ ਖੀਵੀ ਜੀ ਨੂੰ ਤੀਸਰੇ ਗੁਰੂ ਦਾ ਬਚਨ ਯਾਦ ਆਇਆ । ਉਸ ਪੁੱਤਰ ਦਾਤੂ ਨੂੰ ਨਾਲ ਲੈ ਕੇ ਪੰਚਮ

ਗੁਰੂ ਨਾਲ ਭੇਟ ਕੀਤੀ ਤੇ ਨਾਲ ਹੀ ਇਸ ਦੀ ਭੁੱਲ ਬਖਸ਼ ਦੇਣ ਦੀ ਬੇਨਤੀ ਕੀਤੀ ਤੇ ਦਾਤੂ ਨੂੰ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਉਤੇ ਮੱਥਾ ਟੇਕਣ ਲਈ ਕਿਹਾ । ਮਿਹਰਵੰਤ ਦਿਆਲੂ ਗੁਰੂ ਜੀ ਮੇਹਰ ਦੇ ਘਰ ਆਏ । ਬਸ ਇਕ ਨਜ਼ਰ ਮਿਹਰ ਦੀ ਕੀਤੀ ਕਿ ਦਾਤੂ ਜੀ ਦੀ ਪੀੜਾ ਜਾਂਦੀ ਰਹੀ । ਦਾਤੂ ਜੀ ਨੌਂ-ਬਰ-ਨੌਂ ਹੋ ਗਏ ।

4. ਜੀਵਨ ਤੇ ਘਾਲਣਾ ਤੋਂ ਪ੍ਰਾਪਤ ਸੰਦੇਸ਼

ਮਾਤਾ ਖੀਵੀ ਜੀ ਦੇ ਜੀਵਨ ਉੱਪਰ ਜੇ ਨਜ਼ਰ ਮਾਰੀਏ ਤਾਂ ਮਾਤਾ ਜੀ ਦਾ ਬਚਪਨ ਆਪਣੇ ਸ਼ਾਹੂਕਾਰ ਪਿਤਾ ਦੇਵੀ ਚੰਦ ਦੇ ਘਰ ਬਹੁਤ ਹੀ ਲਾਡ-ਪਿਆਰ ਨਾਲ ਗੁਜ਼ਰਿਆ । ਉਹ ਬਚਪਨ ਤੋਂ ਹੀ ਸੀਲ-ਸੰਜਮ ਵਾਲੀ, ਸਤਗੁਣਾਂ ਵਾਲੀ, ਆਏ-ਗਏ ਦੀ ਸੇਵਾ ਕਰਨ ਵਾਲੀ, ਅਤੀ ਸੁਚੱਜੀ ਸੁੰਦਰ ਸਰੂਪ ਸੀ । ਉਨ੍ਹਾਂ ਨੇ ਆਪਣੇ ਜੀਵਨ ਦਾ ਨਿਰੰਬਾਹ ਬਹੁਤ ਸ਼ਾਂਤੀ ਨਾਲ ਕੀਤਾ । ਉਹ ਪਤੀਬ੍ਰਤਾ ਤਪ-ਤਿਆਗ ਦੀ ਮੂਰਤ ਸੀ । ਜੇ ਪਤੀ ਮਨ ਦੀ ਸ਼ਾਂਤੀ ਲਈ ਤੀਰਥ-ਯਾਤਰਾ ਕਰਦੇ, ਸੰਤਾਂ-ਸਾਧਾਂ ਦੀ ਸੇਵਾ ਕਰਦੇ, ਦਾਨ-ਪੁੰਨ ਕਰਦੇ ਉਜਰ ਨਾ ਕਰਦੀ । ਉਹ ਵਿਆਹੇ ਵੀ ਚੰਗੇ ਸੌਖੇ ਘਰ ਸੀ । ਉਨ੍ਹਾਂ ਦੇ ਪਿਤਾ ਦੇਵੀ ਚੰਦ ਸ਼ਾਹੂਕਾਰੇ ਦਾ ਕੰਮ ਵੱਡੀ ਪੱਧਰ 'ਤੇ ਕਰਦੇ ਸੀ । ਪਰ ਜਦੋਂ ਪਤੀ ਜੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿਚ ਰਹੇ ਤੇ ਸੱਤ ਸਾਲ ਘਰ ਨਾ ਮੁੜੇ ਤਾਂ ਮਾਤਾ ਜੀ ਨੇ ਸਬਰ-ਸ਼ੁਕਰ ਨਾਲ ਦਿਨ ਕੱਟੇ । ਉਨ੍ਹਾਂ ਨੂੰ ਨਾ ਕੋਈ ਰੰਜਿਸ਼ ਸੀ ਨਾ ਸ਼ਿਕਾਇਤ, ਉਹ ਤਾਂ ਬਸ ਰਜ਼ਾ ਦੀ ਮੂਰਤ ਸਨ । ਮਾਤਾ ਖੀਵੀ ਉਹ ਸੁਭਾਗੀ ਸੁਆਣੀ ਹੈ ਜਿਸ ਨੂੰ ਗੁਰੂ ਨਾਨਕ ਦੇਵ ਜੀ ਦੇ ਚਰਨ ਪਰਸਣ ਤੇ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ । ਅੰਨ-ਦੇਗ ਦਾ ਕੜਛਾ ਗੁਰੂ ਨਾਨਕ ਦੇਵ ਜੀ ਦੀ ਬਖ਼ਸ਼ਿਸ਼ ਦੇ ਸਦਕੇ ਹੀ ਮਿਲਿਆ । ਇਸ ਸੁਲੱਖਣੀ ਮਾਤਾ ਨੇ ਗੁਰੂ ਅਮਰਦਾਸ ਜੀ ਦੀ ਸਰਸ੍ਰਪਸਤੀ ਕੀਤੀ । ਗੁਰੂ ਅਮਰਦਾਸ ਜੀ ਨੇ ਸੱਤ ਸਾਲ ਗੁਰਿਆਈ ਕੀਤੀ ਉਦੋਂ ਵੀ ਮਾਤਾ ਜੀ ਮੌਜੂਦ ਸਨ ਤੇ ਗੁਰੂ-ਘਰ ਦੇ ਮਿਸ਼ਨ ਦਾ ਪ੍ਰਚਾਰ ਖਡੂਰ, ਗੋਇੰਦਵਾਲ ਆਦਿ ਕਰਦੇ ਰਹੇ । ਜਦੋਂ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਤਿਲਕ ਲੱਗਾ ਤਾਂ ਉਸ ਵੇਲੇ ਵੀ ਮਾਤਾ ਜੀ ਜੀਵਨ-ਜੋਤ ਜਗਾ ਰਹੇ ਸਨ ਤੇ ਸਿੱਖ ਸੰਗਤ ਦੀ ਸਮੇਂ ਸਮੇਂ ਰਹਿਨੁਮਾਈ ਵੀ ਕਰਦੇ ਸਨ । ਇਤਿਹਾਸ ਗਵਾਹ ਹੈ, ਜਦੋਂ ਪੰਚਮ ਗੁਰੂ ਅੰਮ੍ਰਿਤਸਰ ਸ਼ਹਿਰ ਦੀ ਉਸਾਰੀ ਕਰਵਾ ਰਹੇ ਸਨ ਤਾਂ ਉਹ ਕਦੀ-ਕਦੀ ਗੋਇੰਦਵਾਲ ਜਾਂ ਖਡੂਰ ਸਾਹਿਬ ਆ ਕੇ ਠਹਿਰਦੇ ਸਨ । ਇਸ ਦਾ ਅਰਥ ਹੈ ਕਿ ਮਾਤਾ ਖੀਵੀ ਜੀ ਨੂੰ ਗੁਰੂ ਅਰਜਨ ਦੇਵ ਜੀ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਸੀ । ਮਾਤਾ ਜੀ ਦਾ ਅਦਬ-ਸਤਿਕਾਰ, ਪਿਆਰ ਤੇ ਬਖ਼ਸ਼ਿਸ਼ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਚਮ ਗੁਰੂ ਤਕ ਰਹੀ । ਮਾਤਾ ਜੀ ਨੇ ਗੁਰੂ-ਮਿਸ਼ਨ ਦੀ ਅਦੁੱਤੀ ਸੇਵਾ ਕੀਤੀ ।

ਨਤੀਜੇ ਵਜੋਂ, ਮਾਤਾ ਜੀ ਦੇ ਵਿਆਹੁਤਾ ਜੀਵਨ ਦੇ ਪਹਿਲੇ ਸਾਲ ਸੰਘਰਸ਼ ਭਰੇ ਸਨ ਪਰ ਉਨ੍ਹਾਂ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੂੰਹ ਨਹੀਂ ਮੋੜਿਆ ਸਗੋਂ ਪਤੀ ਦੇ ਮੋਢੇ ਨਾਲ ਮੋਢਾ ਡਾਹ ਕੇ ਖੜ੍ਹੀ ਰਹੀ । ਘਰ-ਪਰਿਵਾਰ ਦੀ ਜ਼ਿੰਮੇਵਾਰੀ, ਕਾਰੋਬਾਰ ਦੀ ਜ਼ਿੰਮੇਵਾਰੀ, ਬੱਚਿਆਂ ਦੀ ਸਾਰ-ਸੰਭਾਲ ਬਹੁਤ ਸਬਰ-ਸੰਤੋਖ ਨਾਲ ਕੀਤੀ । ਜਦੋਂ ਉਨ੍ਹਾਂ ਦੇ ਸਹੁਰਾ ਫੇਰੂ ਮਲ ਜੀ ਚੜ੍ਹਾਈ ਕਰ ਗਏ ਤੇ ਪਤੀਦੇਵ ਗੁਰੂ-ਚਰਨਾਂ ਵਿਚ ਆ ਗਏ ਤਾਂ ਦੁਕਾਨਦਾਰੀ

ਦਾ ਕੰਮ ਉਨ੍ਹਾਂ ਨੂੰ ਸੰਭਾਲਣਾ ਪਿਆ । ਪਰਿਵਾਰਕ ਸਾਂਭ-ਸੰਭਾਲ ਦੇ ਸਾਰੇ ਕਾਰਜ ਉਨ੍ਹਾਂ ਖੁਸ਼ੀ-ਖੁਸ਼ੀ ਨਿਭਾਏ ।

ਮਾਤਾ ਖੀਵੀ ਬਹੁਤ ਦ੍ਰਿੜ੍ਹ ਤੇ ਮਜ਼ਬੂਤ ਇਰਾਦੇ ਦੇ ਮਾਲਕ ਸਨ । ਉਨ੍ਹਾਂ ਨੇ ਘਰੇਗੀ ਮਾਹੌਲ ਵਿਚ ਨਰੋਈਆਂ ਕਦਰਾਂ-ਕੀਮਤਾਂ ਦੀ ਉਸਾਰੀ ਕੀਤੀ । ਜਦੋਂ ਗੁਰੂ ਅੰਗਦ ਦੇਵ ਜੀ ਦੀ ਗੁਰਿਆਈ ਸਮੇਂ ਉਨ੍ਹਾਂ ਨੇ ਦੋਵੇਂ ਸਪੁੱਤਰਾਂ ਬਾਬਾ ਦਾਸੂ ਤੇ ਦਾਤੂ ਦੇ ਮਨ ਵਿਚ ਲਾਲਚ ਅਤੇ ਈਰਖਾ ਜਾਗੀ ਤੇ ਉਹ ਗੁਰਗੱਦੀ ਨੂੰ ਹਥਿਆਉਣਾ ਚਾਹੁੰਦੇ ਸਨ ਤਾਂ ਮਾਂ ਖੀਵੀ ਦੀ ਸਾਫ਼ਗੋਈ, ਸੱਚਾਈ ਸਿਰ ਚੜ੍ਹ ਕੇ ਬੋਲੀ । ਉਨ੍ਹਾਂ ਪੁੱਤਰਾਂ ਦਾ ਸਾਥ ਨਹੀਂ ਦਿੱਤਾ ਬਲਕਿ ਬਾਣੀ ਦੇ ਇਸ ਵਾਕ ਉਤੇ ਪਹਿਰਾ ਦਿੱਤਾ :

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੋਈ ॥

ਜਦੋਂ ਦਾਤੂ ਗੁਰੂ ਅਮਰਦਾਸ ਜੀ ਨੂੰ ਲੱਤ ਮਾਰ ਕੇ ਉਥੋਂ ਦਾ ਸਾਰਾ ਪਦਾਰਥ ਲੁੱਟ ਕੇ ਵਾਪਸ ਖਡੂਰ ਆਇਆ ਤਾਂ ਮਾਂ ਖੀਵੀ ਨੇ ਅਪ੍ਰਸੰਨਤਾ ਜ਼ਾਹਿਰ ਕੀਤੀ । ਉਹ ਤਾਂ ਗੁਰੂ ਸਾਹਿਬਾਨ ਨੂੰ ਪਰਮੇਸ਼ਰ-ਰੂਪ ਜਾਣਦੇ ਸਨ । ਚਾਹੇ ਉਹ ਪਤੀ ਸੀ ਜਾਂ ਕੋਈ ਹੋਰ, ਅਚਰਜ ਤਾਂ ਇਹ ਹੈ, ਜਦੋਂ ਇਹੀ ਪੁੱਤ ਸਿੱਖੀ ਅਸੂਲਾਂ ਨੂੰ ਤਿਆਗ ਕੇ, ਨਿੰਮਰਤਾ ਨੂੰ ਤਿਲਾਂਜਲੀ ਦੇ ਕੇ ਅਭਿਮਾਨੀ ਵਰਤਾਰਾ ਕਰਨ ਲੱਗੇ ਤਾਂ ਮਾਂ ਨੇ ਮਾਤਾ ਦਾ ਬਿਰਦ ਬਚਾਇਆ :

ਜੈਸੇ ਬਾਲਕ ਭਾਇ ਸੁਭਾਇ ਲਖ ਅਪਰਾਧ ਕਮਾਵੈ ॥
ਕਰ ਉਪਦੇਸ ਝਿੜਕੇ ਬਹੁ ਭਾਂਤਿ ਬਹੁੜ ਪਿਤਾ ਗਲ ਲਾਵੈ ॥

ਮਾਤਾ ਖੀਵੀ ਜੀ ਆਪ ਵੀ ਉਚੇਰੀ ਸ਼ਕਤੀ ਦੇ ਮਾਲਕ ਸਨ । ਪਰ ਆਪਣੇ ਆਪ ਨੂੰ ਨਾ ਜਾਣ ਕੇ ਦਾਸੂ ਪੁੱਤਰ ਤੋਂ ਗੁਰੂ ਅਮਰਦਾਸ ਜੀ ਅੱਗੇ ਮੱਥਾ ਟਿਕਵਾ ਕੇ ਭੁੱਲ ਬਖਸ਼ਵਾਈ । ਛਿੱਬਰ ਅਨੁਸਾਰ ਮਾਤਾ ਖੀਵੀ ਨੇ ਗੁਰੂ ਅਮਰਦਾਸ ਜੀ ਨੂੰ ਆਦੇਸ਼ ਦਿੱਤਾ ਕਿ ਇਸ ਦੇ ਸਿਰ ਨੂੰ ਹੱਥ ਲਾ ਕੇ ਇਸ ਦਾ ਸਿਰ ਸਿੱਧਾ ਕਰ ਦੇ । ਜਿਸ ਨੂੰ ਇਹ ਵੀ ਪਤਾ ਹੋਵੇ ਕਿ ਹੱਥ ਲਾਇਆਂ ਸਿਰ ਸਿੱਧਾ ਹੋ ਸਕਦਾ ਹੈ, ਉਹ ਖ਼ੁਦ ਹੱਥ ਨਹੀਂ ਸੀ ਲਾਉਂਦੀ ਸਗੋਂ ਗੁਰੂਗੱਦੀ 'ਤੇ ਆਸੀਨ ਗੁਰੂ ਤੋਂ ਲਗਵਾਉਂਦੀ ਹੈ । ਉਂਝ ਤਾਂ ਉਹ ਆਪ ਵੀ ਗੁਰਿਆਣੀ ਸੀ ਤੇ ਪੁੱਤਰ ਗੁਰੂ-ਪੁੱਤਰ, ਪਰ ਮਾਤਾ ਖੀਵੀ ਜੀ ਨੇ ਗੁਰਗੱਦੀ ਦਾ ਆਦਰ-ਮਾਣ ਕੀਤਾ ਤੇ ਗੁਰਗੱਦੀ 'ਤੇ ਬਿਰਾਜਮਾਨ ਗੁਰੂ ਨੂੰ ਹੀ ਸਰਬ-ਸ੍ਰੇਸ਼ਟ ਮੰਨਿਆ । ਫਿਰ ਜਦ ਸਮਾਂ ਆਇਆ ਪੰਚਮ ਪਾਤਸ਼ਾਹ ਨੂੰ ਬੇਨਤੀ ਕੀਤੀ । ਇਨ੍ਹਾਂ ਦੋਹਾਂ ਘਟਨਾਵਾਂ ਤੋਂ ਨਤੀਜਾ ਇਹੋ ਹੀ ਨਿਕਲਦਾ ਹੈ, ਮਾਤਾ ਖੀਵੀ ਗੁਰੂ-ਘਰ ਦੀ ਮਰਿਆਦਾ ਦੀ ਸੈਰੱਖਿਅਕ ਸਨ । ਉੱਚਤਾ ਗੱਦੀ 'ਤੇ ਬਿਰਾਜਮਾਨ ਹੋਣ ਵਾਲੇ ਦੀ ਹੈ । ਉਹੋ ਹੀ ਉਸ ਸਮੇਂ ਜਗਤ ਦਾ ਮਾਲਕ ਸੀ । ਰਾਮਕਲੀ ਦੀ ਵਾਰ ਇਸ ਤੱਥ ਦੀ ਪ੍ਰੋੜ੍ਹਤਾ ਕਰਦੀ ਹੈ :

ਸੋ ਟਿਕਾ ਸੋ ਬੈਹਣਾ ਸੋਹੀ ਦੀਬਾਨੁ ॥
ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਨੁ ॥
(ਗੁਰੂ ਗ੍ਰੰਥ ਸਾਹਿਬ, ਪੰਨਾ 968)

ਅਥਵਾ ਗੁਰੂ ਨਾਨਕ ਦੇਵ ਦਾਦਾ ਸਨ, ਗੁਰੂ ਅੰਗਦ ਦੇਵ ਜੀ ਪਿਤਾ ਤੇ ਗੁਰੂ ਅਮਰਦਾਸ ਜੀ ਪੋਤਰੇ ਹੋਏ । ਗੁਰੂ-ਕ੍ਰਮ ਵਿਚ ਤੀਸਰੇ ਨੰਬਰ 'ਤੇ ਆਉਣ ਕਰ ਕੇ ਗੁਰੂ ਅਮਰਦਾਸ ਜੀ

ਪੋਤਰਾ-ਪਦਵੀ ਨੂੰ ਪ੍ਰਾਪਤ ਹਨ । ਮਾਤਾ ਖੀਵੀ ਇਸ ਤੱਥ ਤੋਂ ਜਾਣੂ ਵੀ ਹੈ ਤੇ ਮੰਨਣਹਾਰ ਵੀ । ਇਸੇ ਲਈ ਉਹ ਆਪਣੀ ਸ਼ਕਤੀ ਦਾ ਵਿਖਾਲਾ ਨਾ ਕਰ ਕੇ ਆਪਣੇ ਪੁੱਤਰਾਂ ਨੂੰ ਗੁਰੂ ਅਮਰਦਾਸ ਤੇ ਗੁਰੂ ਅਰਜਨ ਦੇਵ ਜੀ ਪਾਸੋਂ ਕ੍ਰਮਵਾਰ ਭੁੱਲ ਬਖਸ਼ਵਾਉਂਦੀ ਹੈ । ਮਾਤਾ ਖੀਵੀ ਨੇ ਠੀਕ ਨੂੰ ਠੀਕ ਕਿਹਾ ਤੇ ਗ਼ਲਤ ਨੂੰ ਗ਼ਲਤ । ਉਹ ਸੱਚ ਨਾਲ ਜੁੜੀ ਰਹੀ । ਉਹ ਨਾ ਤਾਂ ਮਮਤਾਵੱਸ ਡੋਲੀ ਤੇ ਨਾ ਹੀ ਹਾਲਾਤ ਵੱਸ ਕਮਜ਼ੋਰ ਪਈ । ਸੁਆਰਥ ਉਸ ਦੇ ਨੇੜੇ ਨਹੀਂ ਲੱਗਾ । ਪੁੱਤਰਾਂ ਦੀ ਈਰਖਾ ਨੇ ਉਨ੍ਹਾਂ ਨੂੰ ਬੇਚੈਨ ਨਹੀਂ ਕੀਤਾ । ਉਹ ਧੀਰਤਾ ਦਾ ਮੁਜੱਸਮਾ ਸਨ । ਉਨ੍ਹਾਂ ਨੇ ਕਿਹਾ ਕਿ ਜੇ ਸਮਾਂ ਆਣ ਬਣੇ ਤਾਂ ਧੀਰਜ ਨਾਲ ਨਿੱਬੜੋ ਤੇ ਉਤਸ਼ਾਹ ਨਾਲ ਜੂਝੋ । ਮਨ ਨੂੰ ਠਹੁਰੇ ਰੱਖੋ, ਸੱਚ ਨਾਲ ਖਲੋਵੋ । ਸਫ਼ਲਤਾ ਤੁਹਾਡੇ ਚਰਨ ਚੁੰਮੇਗੀ ।

ਨਿਰਣੈ ਵਜੋਂ, ਮਾਤਾ ਖੀਵੀ ਜੀ ਦੀ ਲਾਸਾਨੀ ਘਾਲਣਾ ਨੇ ਖ਼ਾਸੀ ਅਮੀਰ ਗੌਰਵਸ਼ਾਲੀ ਪਰੰਪਰਾ ਨੂੰ ਜਨਮ ਦਿੱਤਾ । ਉਨ੍ਹਾਂ ਦੀ ਜੀਵਨ-ਸ਼ੈਲੀ ਵਿਚ ਇਕ ਖ਼ਾਸ ਤਰ੍ਹਾਂ ਦੀ ਆਬ ਹੈ । ਸ਼ਖ਼ਸੀ ਵੇਦਨਾ ਹੈ । ਪਰ ਉਨ੍ਹਾਂ ਨੇ ਭਗਤੀ ਤੇ ਸੇਵਾ ਦੀ ਖ਼ੁਸ਼ਬੂ ਫੈਲਾ ਕੇ ਇਕ ਕਲਿਆਣਕਾਰੀ ਮੁਸਕਾਨ ਆਪਣੀ ਵਿਰਾਸਤ ਨੂੰ ਦਿੱਤੀ । ਗੁਰੂ-ਮਹਿਲ-ਪਰੰਪਰਾ ਗੁਰੂ ਸਾਹਿਬ ਦੇ ਸਮਵਿੱਥ ਹੋ ਕੇ ਤੁਰੀ । ਮਾਤਾ ਖੀਵੀ ਜੀ ਨੂੰ ਲੰਗਰ-ਪਰੰਪਰਾ ਨੂੰ ਪ੍ਰਪੱਕ ਕਰਨ ਦਾ ਮਾਣ ਹਾਸਿਲ ਹੈ । ਲੰਗਰ ਦੀ ਮਰਿਆਦਾ ਉਨ੍ਹਾਂ ਦੇ ਸਮੇਂ ਹੀ ਦ੍ਰਿੜ੍ਹ ਹੋਈ । ਉਨ੍ਹਾਂ ਨੇ ਸੰਤਾਨ-ਮੋਹ ਤੋਂ ਮੁਕਤ ਰਹਿਣ ਦਾ ਸਬਕ ਵੀ ਦ੍ਰਿੜ੍ਹ ਕਰਾਇਆ ।

ਗੁਰੂਗੱਦੀ ਪ੍ਰਾਪਤੀ ਦੇ ਲਾਲਚ ਨੂੰ ਨਕਾਰਣ ਦਾ ਸਿਹਰਾ ਵੀ ਉਨ੍ਹਾਂ ਨੂੰ ਹੀ ਮਿਲਿਆ । ਗੁਰੂਗੱਦੀ ਕਮਾਈ ਦੀ ਵਸਤ ਹੈ । ਵਿਰਾਸਤ ਦੀ ਨਹੀਂ । ਗੁਰੂਗੱਦੀ ਦੇ ਤਖ਼ਤ ਉਤੇ ਉਹੀ ਬਿਰਾਜਮਾਨ ਹੋਵੇਗਾ ਜੋ ਉਸ ਦੇ ਯੋਗ ਹੋਵੇਗਾ ।

ਗੁਰੂ-ਮਹਿਲ ਲੋੜ ਪੈਣ 'ਤੇ ਤਪ-ਤਿਆਗ ਨੂੰ ਧਾਰਣ ਕਰਨਗੇ । ਗੁਰੂ-ਇਤਿਹਾਸ ਸਾਖੀ ਹੈ, ਮਾਤਾ ਸੁਲੱਖਣੀ ਤੋਂ ਲੈ ਕੇ ਮਾਤਾ ਸੁੰਦਰੀ ਜੀ ਤਕ ਸਾਰੇ ਗੁਰੂ-ਮਹਿਲ ਤਪ-ਤਿਆਗ ਤੇ ਕੁਰਬਾਨੀ ਦੇ ਰਾਹ 'ਤੇ ਤੁਰਦੇ ਰਹੇ । ਉਨ੍ਹਾਂ ਦੇ ਪਤੀ ਗੁਰੂ, ਗੁਰੂ-ਮਿਸ਼ਨ ਨੂੰ ਪ੍ਰਚਾਰਨ, ਪ੍ਰਸਾਰਨ ਤੇ ਪ੍ਰਪੱਕ ਕਰਨ ਵਿਚ ਲੱਗੇ ਰਹੇ । ਗੁਰੂ-ਮਹਿਲ ਉਨ੍ਹਾਂ ਦੇ ਮਿਸ਼ਨ ਦੇ ਮੂਲ ਨੁਕਤਿਆਂ ਨੂੰ ਘਰਾਂ ਵਿਚ ਰਹਿ ਕੇ ਅਮਲੀ ਜਾਮਾ ਪਹਿਨਾਉਂਦੇ ਰਹੇ ।

ਮਾਤਾ ਖੀਵੀ ਨੇ ਨਾਰੀ-ਸੰਸਾਰ ਨੂੰ ਇਕ ਖ਼ਾਸ ਤਰ੍ਹਾਂ ਦੀ ਆਜ਼ਾਦੀ ਦਿਵਾਈ । ਹਿੰਦੂ ਸਮਾਜ ਦੇ ਰਸੋਈਘਰਾਂ ਵਿਚ ਨਾਰੀ ਨੂੰ ਉਹ ਆਜ਼ਾਦੀ ਪ੍ਰਾਪਤ ਨਹੀਂ ਜੋ ਮਾਤਾ ਖੀਵੀ ਦੇ ਅੰਨ-ਦੇਗ ਦੇ ਕੜਛੇ ਨਾਲ ਲੰਗਰ ਦੀ ਪ੍ਰਥਾ ਚਲਾ ਕੇ ਸਿੱਖ ਨਾਰੀਆਂ ਲਈ ਸੇਵਾ ਦੀ ਪ੍ਰਥਾ ਰਾਹੀਂ ਇਕ ਖ਼ਾਸ ਤਰ੍ਹਾਂ ਦੀ ਆਜ਼ਾਦੀ ਦਿਵਾ ਦਿੱਤੀ । ਰਹਿੰਦੀ-ਸਹਿੰਦੀ ਕਸਰ ਮਾਤਾ ਮਨਸਾ ਦੇਵੀ ਜੀ ਦੇ ਸਮੇਂ ਪੂਰੀ ਹੋ ਗਈ ਜਦੋਂ ਗੁਰੂ ਅਮਰਦਾਸ ਜੀ ਨੇ ਸਿੱਖ ਬੀਬੀਆਂ ਨੂੰ ਗੁਰੂ-ਦਰਸ਼ਨ ਵਿਚ ਘੁੰਡ ਤੋਂ ਬਿਨਾਂ ਆਉਣ ਦਾ ਆਦੇਸ਼ ਦਿੱਤਾ । ਇਸ ਤਰ੍ਹਾਂ ਇਕ ਨਵੇਂ ਸਭਿਆਚਾਰ ਦੀ ਸਿਰਜਣਾ ਵਿਚ ਮਾਤਾ ਖੀਵੀ ਜੀ ਦੀ ਘਾਲਣਾ ਅਦੁੱਤੀ ਹੈ । ਕੁਲ ਮਿਲਾ ਕੇ, ਉਹ ਧੀਰ-ਧਰਮ ਤੇ ਸੇਵਾ-ਪੁੰਜ ਸਨ । ਆਪਣੀ ਨਿਰ-ਸੁਆਰਥ ਤੇ ਨਿਸ਼ਕਾਮ ਸੇਵਾ ਨਾਲ ਹੀ ਉਹ ਪੰਜ ਗੁਰੂ ਸਾਹਿਬਾਨ ਨੂੰ ਪਰਸਣ ਦਾ ਮਾਣ ਪ੍ਰਾਪਤ ਕਰ ਸਕੇ ।

ਗੁਰੂ-ਘਰ ਨੂੰ ਸਮਰਪਿਤ ਜੀਵਨ ਦਾ ਅੰਤ ਖਡੂਰ ਵਿਖੇ ਹੀ ਹੋਇਆ । ਉਨ੍ਹਾਂ ਅੰਤਮ ਸੰਸਕਾਰ ਲਈ ਜਿਥੇ ਗੁਰੂ-ਘਰ ਨਾਲ ਸੰਬੰਧਿਤ ਅਨੇਕ ਸ਼ਰਧਾਲੂ ਤੇ ਰਿਸ਼ਤੇਦਾਰ ਆਏ ਉਥੇ

ਗੁਰੂਗੱਦੀ 'ਤੇ ਸੁਸ਼ੋਭਿਤ ਗੁਰੂ ਅਰਜਨ ਦੇਵ ਜੀ ਵੀ ਮਾਤਾ ਜੀ ਨੂੰ ਸ਼ਰਧਾਂਜਲੀ ਭੇਟ ਕਰਨ ਖਡੂਰ ਗਏ। 'ਬੰਸਾਵਲੀਨਾਮਾ' ਇਸ ਤੱਥ ਦੀ ਪ੍ਰੋੜ੍ਹਤਾ ਕਰਦਾ ਹੈ :

ਸੰਮਤ ਸੋਲਾ ਸੈ ਉਨਤਾਲੀ ਜਬ ਭਏ
ਮਾਤਾ ਖੀਵੀ ਜੀ ਸੁਰਪੁਰ ਨੂੰ ਗਏ।
ਗੁਰੂ ਅਰਜਨ ਜੀ ਬਾਸਰਕੀਓ ਆਏ ਖਡੂਰ ਮੁਕਾਣੀ
ਦਾਸੂ ਜੀ ਨੂੰ ਪਗਿ ਸੀ ਬੰਨਣੀ।

ਮਾਤਾ ਜੀ ਦੀ ਲਾਸਾਨੀ ਘਾਲਣਾ ਇਤਿਹਾਸਕ ਮਹੱਤਵ ਰੱਖਦੀ ਹੈ। ਉਨ੍ਹਾਂ ਦੁਆਰਾ ਕੀਤਾ ਗਿਆ ਮਾਰਗ-ਦਰਸ਼ਨ ਪ੍ਰਥਾ-ਰੂਪ ਵਿਚ ਬਦਲ ਗਿਆ ਤੇ ਅੱਜ ਵੀ ਸਿੱਖ-ਸੰਗਤ ਨੂੰ ਇਸ ਦਾ ਗੌਰਵ ਪ੍ਰਾਪਤ ਹੈ।

ਮਾਤਾ ਮਨਸਾ ਦੇਵੀ ਜੀ

ਮਾਤਾ ਮਨਸਾ ਦੇਵੀ ਜੀ ਤੀਸਰੇ ਗੁਰੂ ਅਮਰਦਾਸ ਜੀ ਦੇ ਮਹਿਲ ਸਨ। ਗੁਰੂ ਅਮਰਦਾਸ ਜੀ ਬਹੁਤ ਬਿਰਧ ਆਯੂ ਵਿਚ ਗੁਰੂਗੱਦੀ ਨੂੰ ਪ੍ਰਾਪਤ ਹੋਏ। ਜ਼ਾਹਿਰ ਹੈ, ਮਾਤਾ ਮਨਸਾ ਦੇਵੀ ਜੀ ਵੀ ਉਸ ਵੇਲੇ ਵਡੇਰੀ ਉਮਰ ਵਾਲੇ ਸਨ। ਗੁਰੂ ਅਮਰਦਾਸ ਜੀ ਦਾ ਜੀਵਨ-ਬ੍ਰਿਤਾਂਤ ਇਸ ਤੱਥ ਦੀ ਸਾਖ ਭਰਦਾ ਹੈ ਕਿ ਗੁਰੂ-ਘਰ ਦੀ ਸੰਗਤ ਤੋਂ ਪਹਿਲਾਂ ਉਹ ਲੰਬਾ ਅਰਸਾ ਤੀਰਥਾਂ ਉੱਪਰ ਜਾਂਦੇ ਰਹੇ ਸਨ। ਤੀਰਥ-ਇਸ਼ਨਾਨ, ਦਾਨ-ਪੁੰਨ ਆਦਿ ਧਾਰਮਿਕ ਜੀਵਨ ਵਾਲਿਆਂ ਦੇ ਜੀਵਨ ਵਿਚ ਵਿਸ਼ੇਸ਼ ਮਹੱਤਵ ਰੱਖਦੇ ਹਨ। ਗੁਰੂ ਸਾਹਿਬ ਉਨ੍ਹੀਂ ਦਿਨੀਂ ਆਪਣੇ ਸੰਗੀਆਂ-ਸਾਥੀਆਂ ਨਾਲ ਤੀਰਥ ਯਾਤਰਾ ਕਰਨ ਜਾਂਦੇ ਸਨ ਜਿਨ੍ਹਾਂ ਵਿਚ ਉਨ੍ਹਾਂ ਦੀ ਧਰਮਪਤਨੀ ਮਾਤਾ ਮਨਸਾ ਦੇਵੀ ਜੀ ਵੀ ਸ਼ਾਮਿਲ ਹੁੰਦੇ ਸਨ। ਉਦੋਂ ਆਉਣ-ਜਾਣ ਦੇ ਚੰਗੇ ਵਸੀਲੇ ਨਾ ਹੋਣ ਕਰ ਕੇ ਤੀਰਥ-ਯਾਤਰਾ ਆਮ ਕਰ ਕੇ ਲੋਕ 'ਸੰਗ' ਦੀ ਸ਼ਕਲ ਵਿਚ ਪੈਦਲ ਹੀ ਕਰਦੇ ਸਨ। ਰਾਹ ਦੀਆਂ ਦੁਸ਼ਵਾਰੀਆਂ, ਮੀਂਹ-ਝੱਖੜ, ਸਰਦੀ-ਗਰਮੀ, ਦੁੱਖ-ਸੁਖ ਲੋਕ ਇਕ-ਦੂਜੇ ਦੇ ਹਮ-ਸ਼ਰੀਕ ਹੋ ਕੇ ਸਹਿ ਲੈਂਦੇ ਸਨ। ਇਸ ਯਾਤਰਾ ਵਿਚ ਕਾਹਲ ਨਹੀਂ ਸੀ ਹੁੰਦੀ ਸਗੋਂ ਲੋਕ ਹਰ ਥਾਂ ਕੁਝ ਸਮਾਂ ਬਿਤਾ ਕੇ ਉਥੋਂ ਦੀ ਜ਼ਿੰਦਗੀ ਨੂੰ ਨੇੜੇ ਹੋ ਕੇ ਵੇਖਦੇ-ਵਿਚਾਰਦੇ ਸਨ। ਏਹੋ ਜੇਹਾ ਸੀ ਇਕ ਅਦੁੱਤੀ ਜੋੜਾ ਗੁਰੂ ਅਮਰਦਾਸ ਜੀ ਤੇ ਮਾਤਾ ਮਨਸਾ ਦੇਵੀ ਜੀ ਦਾ, ਜਿਨ੍ਹਾਂ ਪਾਸ ਉਮਰ ਦਾ ਤਜਰਬਾ ਸੀ, ਸਿਆਣਪ ਸੀ। ਦੀਰਘ ਦ੍ਰਿਸ਼ਟੀ ਸੀ। ਲੰਮੀ ਨੀਝ ਸੀ ਤੇ ਲੋਕ-ਜੀਵਨ ਵਿਚ ਡੂੰਘੀ ਦਿਲਚਸਪੀ ਸੀ। ਸਮਾਜ ਜਿਸ ਦਾ ਲਾਜ਼ਮੀ ਅੰਗ ਸੀ।

ਇਸ ਸੁਭਾਗੇ ਜੋੜੇ ਦਾ ਵਿਆਹ 1502 ਈਸਵੀ ਵਿਚ ਹੋਇਆ। ਉਦੋਂ ਇਨ੍ਹਾਂ ਦੀ ਉਮਰ ਕੋਈ ਸੋਲ੍ਹਾਂ ਵਰ੍ਹਿਆਂ ਦੀ ਸੀ। ਕਿਆਸ ਕੀਤਾ ਜਾ ਸਕਦਾ ਹੈ ਕਿ ਮਾਤਾ ਮਨਸਾ ਦੇਵੀ ਜੀ ਦਾ ਜਨਮ ਸੰਨ 1482 ਤੋਂ 1485 ਈਸਵੀ ਦੇ ਵਿਚਕਾਰ ਹੋਇਆ ਹੋਵੇਗਾ।

ਗੁਰੂ-ਮਹਿਲਾਂ ਦੇ ਜੀਵਨ ਬਾਰੇ ਆਮ ਤੌਰ 'ਤੇ ਇਤਿਹਾਸਕਾਰ ਖ਼ਾਮੋਸ਼ ਹਨ। ਇਨ੍ਹਾਂ ਦੇ ਜੀਵਨ ਬਾਰੇ ਜੋ ਵੀ ਸੰਕੇਤ ਜਾਂ ਸਾਮਗਰੀ ਪ੍ਰਾਪਤ ਹੈ, ਉਸ ਦਾ ਵਧੇਰੇ ਕਰ ਕੇ ਸੰਬੰਧ ਉਸ ਸਮੇਂ ਨਾਲ ਹੈ, ਜਦੋਂ ਉਹ ਗੁਰੂ ਮਹਿਲ ਬਣ ਗਏ ਸਨ। ਉਨ੍ਹਾਂ ਦੇ ਮੁੱਢਲੇ ਸਮੇਂ ਦੇ ਜ਼ਿਕਰ ਬਾਰੇ ਆਮ ਤੌਰ 'ਤੇ ਇਤਿਹਾਸ ਚੁੱਪ ਹੈ। ਇਸ ਸੰਬੰਧ ਵਿਚ ਇਕ ਗੱਲ ਹੋਰ

ਵੀ ਹੈ, ਗੁਰੂ-ਮਹਿਲਾਂ ਦਾ ਜ਼ਿਕਰ ਵਧੇਰੇ ਕਰ ਕੇ ਘਟਨਾ-ਵਿਸ਼ੇਸ਼ ਨਾਲ ਜੋੜ ਕੇ ਕੀਤਾ ਗਿਆ ਹੈ। ਸੰਖੇਪ ਵਿਚ, ਮਾਤਾ ਮਨਸਾ ਦੇਵੀ ਜੀ ਦੇ ਜਨਮ ਆਦਿ ਤਿੱਥਾਂ ਬਾਰੇ ਕਿਆਸ ਹੀ ਲਾਏ ਜਾ ਸਕਦੇ ਹਨ, ਪ੍ਰਮਾਣਿਕ ਤੱਥਾਂ ਦਾ ਅਭਾਵ ਹੈ।

ਇਨ੍ਹਾਂ ਦੇ ਪਤੀ ਗੁਰੂ ਅਮਰਦਾਸ ਜੀ ਦੇ ਪਿਤਾ ਚੰਗੇ ਰੱਜੇ-ਪੁੱਜੇ ਵਪਾਰੀ ਵੀ ਸਨ ਤੇ ਜ਼ਿਮੀਂਦਾਰਾ ਵੀ ਕਰਦੇ-ਕਰਾਉਂਦੇ ਸਨ। ਗੁਰੂ ਅਮਰਦਾਸ ਜੀ ਦੇ ਪਿਤਾ ਤੇਜਭਾਨ ਨੇ ਆਪਣੇ ਸਪੁੱਤਰ ਦਾ ਵਿਆਹ ਆਪਣੇ ਨਾਲ ਮੇਲ ਖਾਂਦੇ ਘਰ-ਪਰਿਵਾਰ ਨਾਲ ਹੀ ਕੀਤਾ ਹੋਵੇਗਾ। ਗੁਰੂ ਅਮਰਦਾਸ ਜੀ ਦੇ ਸਹੁਰਾ ਸਾਹਿਬ ਤੇ ਮਾਤਾ ਮਨਸਾ ਦੇਵੀ ਦੇ ਪਿਤਾ ਦਾ ਨਾਮ ਭਾਈ ਦੇਵੀ ਚੰਦ ਬਹਿਲ ਸੀ। ਮਾਲੂਮ ਹੁੰਦਾ ਹੈ, ਬਹਿਲ ਪਰਿਵਾਰ ਵੀ ਚੰਗਾ ਸਰਦਾ-ਪੁੱਜਦਾ ਪਰਿਵਾਰ ਹੋਵੇਗਾ। ਮਾਤਾ ਮਨਸਾ ਦੇਵੀ ਦੇ ਪੇਕੇ ਸਨੱਖੜੇ ਦੇ ਵਸਨੀਕ ਸਨ ਜੋ ਅੰਮ੍ਰਿਤਸਰੋਂ ਕੋਈ 60 ਕੁ ਮੀਲਾਂ ਦੀ ਵਿੱਥ 'ਤੇ ਸੀ। ਗੁਰੂ ਅਮਰਦਾਸ ਜੀ ਮਾਪੇ 'ਬਾਸਰਕੇ' ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਸਨ। ਉਨ੍ਹਾਂ ਸਮਿਆਂ ਵਿਚ 60 ਮੀਲਾਂ ਦੀ ਦੂਰੀ ਬੜੀ ਵੱਡੀ ਦੂਰੀ ਸੀ। ਹੋ ਸਕਦਾ ਹੈ, ਬਹਿਲ ਪਰਿਵਾਰ ਵੀ ਵਪਾਰੀ ਤਬਕਾ ਹੋਵੇ ਤੇ ਇਸ ਤਰ੍ਹਾਂ ਤੇਜਭਾਨ ਭੱਲਾ ਤੇ ਦੇਵੀ ਚੰਦ ਬਹਿਲ ਆਪਸ ਵਿਚ ਵਪਾਰਕ ਸੰਬੰਧਾਂ ਕਰ ਕੇ ਇਕ ਦੂਜੇ ਨੂੰ ਦੂਰੋਂ-ਪਾਰੋਂ ਜਾਣਦੇ ਹੋਣ। ਨਿਰਣੈ ਵਜੋਂ, ਇਹ ਕਿਹਾ ਜਾ ਸਕਦਾ ਹੈ, ਮਾਤਾ ਮਨਸਾ ਦੇਵੀ ਜੀ ਦਾ ਪੇਕਾ-ਪਰਿਵਾਰ ਖ਼ਾਸਾ ਸੰਪੰਨ ਸੀ ਤੇ ਉਨ੍ਹਾਂ ਦੇ ਬਾਲਪਨ ਦੇ ਵਰ੍ਹੇ ਬੜੇ ਚੰਗੇ ਮਾਹੌਲ ਵਿਚ ਬੀਤੇ ਸਨ। ਉਹ ਚੰਗੇ ਪਰਿਵਾਰ ਵਿਚ ਪਲ ਕੇ ਜਵਾਨ ਹੋਈ ਸੀ ਤੇ ਸਮੇਂ ਅਨੁਸਾਰ ਉਨ੍ਹਾਂ ਸਾਰੇ ਗੁਣਾਂ ਦੀ ਧਾਰਣੀ ਸੀ ਜਿਨ੍ਹਾਂ ਦੀ ਉਸ ਸਮੇਂ ਵਿਚ ਇਕ ਚੰਗੀ ਮੁਟਿਆਰ ਤੋਂ ਤਵੱਕੋ ਕੀਤੀ ਜਾਂਦੀ ਸੀ। ਕੋਈ ਵੱਡੀ ਗੱਲ ਨਹੀਂ ਜੋ ਸਮੇਂ ਦੇ ਰਿਵਾਜ ਅਨੁਸਾਰ ਉਨ੍ਹਾਂ ਨੂੰ ਗੁਰਮੁਖੀ ਆਦਿ ਪੜ੍ਹਨੀ ਵੀ ਆਉਂਦੀ ਹੋਵੇ।

ਮਾਤਾ ਮਨਸਾ ਦੇਵੀ ਦੇ ਉਦਰ ਤੋਂ ਦੋ ਬੇਟੀਆਂ ਅਤੇ ਦੋ ਬੇਟੇ ਪੈਦਾ ਹੋਏ : ਬੀਬੀ ਅਮਰੋ ਅਤੇ ਬੀਬੀ ਦਾਨੀ ਤੋਂ ਬਾਅਦ ਬਾਬਾ ਮੋਹਣ ਜੀ ਤੇ ਬਾਬਾ ਮੋਹਰੀ ਜੀ। ਬੀਬੀ ਭਾਨੀ ਨੂੰ ਗੁਰੂ-ਮਹਿਲ, ਗੁਰੂ-ਮਾਂ, ਗੁਰੂ-ਦਾਦੀ ਹੋਣ ਦਾ ਫ਼ਖ਼ਰ ਹਾਸਿਲ ਹੈ। ਦਰਅਸਲ, ਇਹ ਫਲ ਤਾਂ ਮਾਤਾ ਮਨਸਾ ਦੇਵੀ ਦੀ ਕੁੱਖ ਨੂੰ ਲੱਗਾ ਸੀ। ਮਾਤਾ ਜੀ ਸਿਆਣਪ ਤੇ ਸੂਝ ਦੇ ਪੁੰਜ, ਵੱਡੇ ਜਿਗਰੇ ਵਾਲੇ ਤੇ ਅਣਥੱਕ ਸੇਵਿਕਾ ਦੀ ਉੱਤਮ ਮਿਸਾਲ ਹਨ। ਉਨ੍ਹਾਂ ਦੇ ਪਤੀ ਪਹਿਲੋਂ ਪਹਿਲ ਹਰਿਦੁਆਰ ਇਕੱਲੇ ਹੀ ਜਾਂਦੇ ਰਹੇ। ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਮਾਤਾ ਜੀ ਦਿਲਗੀਰ ਨਹੀਂ ਹੋਏ ਤੇ ਨਾ ਹੀ ਕਿਸੇ ਰੈਜਿਸ਼ ਵਿਚ। ਇਕ ਵੇਲਾ ਉਹ ਵੀ ਆਇਆ ਕਿ ਇਨ੍ਹਾਂ ਦੇ ਪਤੀ ਗੁਰੂ ਅਮਰਦਾਸ ਜੀ ਬਾਸਰਕੇ ਨੂੰ ਛੱਡ ਕੇ ਖਡੂਰ ਵਿਚ ਗੁਰੂ ਅੰਗਦ ਦੇਵ ਦੀ ਸੇਵਾ ਵਿਚ ਮਗਨ ਹੋਏ ਰਹੇ। ਉਹ ਸਾਲ ਭਰ ਘਰ ਨਹੀਂ ਆਏ। ਮਾਤਾ ਮਨਸਾ ਦੇਵੀ ਨੇ ਤਾਂ ਇਹ ਉਲਾਂਭਾ ਵੀ ਨਹੀਂ ਦਿੱਤਾ ਕਿ ਉਹ ਘਰ-ਪਰਿਵਾਰ ਦੇ ਹੁੰਦਿਆਂ-ਸੁੰਦਿਆਂ ਕਿਉਂ ਕੁੜਮ ਗੁਰੂ ਅੰਗਦ ਦੇਵ ਜੀ ਦੇ ਡੇਰੇ 'ਤੇ ਰਹਿ ਰਹੇ ਹਨ ? ਸਬਰ-ਸ਼ੁਕਰ ਦੀ ਪੁੰਜ ਮਾਂ ਰੱਬ ਰੱਬ ਕਰਦੀ, ਘਰ ਦੀ ਜ਼ਿੰਮੇਵਾਰੀ ਨੂੰ ਤਨੋਂ-ਮਨੋਂ ਪੂਰੀ ਕਰਦੀ ਰਹੀ ਪਰ ਮੱਥੇ ਵੱਟ ਕਦੇ ਨਹੀਂ ਪਾਇਆ। ਸਗੋਂ ਪਤੀ ਦੀ ਸੇਵਾ ਕਰਨ ਦੀ ਮਨਸ਼ਾ ਅੱਗੇ ਸਿਰ ਝੁਕਾ ਦਿੱਤਾ। ਮਾਤਾ ਮਨਸਾ ਦੇਵੀ ਇਹ ਜਾਣਦੀ ਸੀ ਕਿ ਉਸ ਦੇ ਪਤੀ ਆਪਣੇ ਭਤੀਜੇ ਦੇ ਸਹੁਰੇ ਘਰ ਰਹਿ ਕੇ ਸੇਵਾ ਕਰ ਰਹੇ ਸਨ। ਉਹ ਇਹ ਵੀ ਜਾਣਦੇ ਸਨ ਕਿ ਗੁਰੂ ਅਮਰਦਾਸ ਜੀ ਰਿਸ਼ਤੇ

ਵਿਚ ਗੁਰੂ ਅੰਗਦ ਦੇਵ ਜੀ ਦੇ ਕੁੜਮ ਸਨ। ਉਸ ਨੇ ਨਾ ਸ਼ਰੀਕਾਂ ਦੇ ਮਿਹਣਿਆਂ ਦੀ ਪਰਵਾਹ ਕੀਤੀ ਤੇ ਨਾ ਹੀ ਸੰਤਾਨ-ਸੁਖ ਦੀ। ਉਹ ਤਾਂ ਕੇਵਲ ਪਤੀ ਦੀ ਖੁਸ਼ੀ ਲਈ ਸਭ ਕੁਝ ਜਰੀ ਜਾ ਰਹੇ ਸਨ। ਉਹ ਤਾਂ ਪਤੀ ਦੇ ਸੁਖ ਵਿਚ ਸੁਖ ਮਨਾ ਰਹੇ ਸਨ। ਆਗਿਆਕਾਰੀ ਪਤਨਿ ਮਾਂ ਮਨਸਾ ਦੇਵੀ ਸਭ ਕੁਝ ਏਨੇ ਸਹਿਜ ਨਾਲ ਕਰ ਰਹੇ ਸਨ ਕਿ ਸਭ ਕੁਝ ਠੀਕ-ਠਾਕ ਚਲ ਰਿਹਾ ਸੀ। ਇਕ ਪਾਸੇ, ਘਰੋਗੀ ਜ਼ਰੂਰਤਾਂ ਸਨ, ਦੂਜੇ ਪਾਸੇ, ਪਤੀ ਦੀ ਸੇਵਾ-ਲਗਨ ਤੇ ਉਸ ਤੋਂ ਪ੍ਰਾਪਤ ਹੋਣ ਵਾਲਾ ਅਨੰਦ। ਮਾਤਾ ਜੀ ਦੋਵਾਂ ਵਿਚ ਇਕਸੁਰਤਾ ਕਾਇਮ ਕੀ ਬੈਠੇ ਸਨ। ਏਥੋਂ ਹੀ ਟੁਹ ਪ੍ਰਾਪਤ ਹੁੰਦੀ ਹੈ ਕਿ ਮਾਤਾ ਜੀ ਆਪਣੇ ਸੁਭਾਅ ਵਿਚ ਸਹਿਜ, ਸ਼ੀਲ ਤੇ ਠਰ੍ਹੰਮੇ ਵਾਲੇ ਸਨ। ਉਹ ਇਕੋ ਸਮੇਂ ਇਕ ਤੋਂ ਵਧੀਕ ਜ਼ਿੰਮੇਵਾਰੀਆਂ ਨੂੰ ਨਿਰਬਾਹ ਵੀ ਸਕਦੇ ਸਨ ਤੇ ਉਨ੍ਹਾਂ ਵਿਚੋਂ ਖੁਸ਼ੀ ਵੀ ਹਾਸਿਲ ਕਰ ਸਕਦੇ ਸਨ। ਪ੍ਰਸੰਨਤਾ ਤੇ ਜ਼ਿੰਮੇਵਾਰੀਆਂ ਦਾ ਸੁਮੇਲ ਸਨ, ਮਾਤਾ ਜੀ!

ਗੁਰੂ ਅਮਰਦਾਸ ਜੀ 72 ਵਰ੍ਹੇ ਦੀ ਆਯੂ ਵਿਚ ਗੁਰੂ ਅੰਗਦ ਦੇਵ ਦੀ ਸੇਵਾ ਵਿਚ ਆਏ ਸਨ। ਬਾਰ੍ਹਾਂ ਵ੍ਹੇ ਉਹ ਬਿਆਸ ਦਰਿਆ ਤੋਂ ਗਾਗਰ ਭਰ ਕੇ ਲਿਆਉਂਦੇ ਰਹੇ ਤੇ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾਉਂਦੇ ਰਹੇ। ਉਹ 84 ਵਰ੍ਹਿਆਂ ਦੇ ਸਨ ਜਦੋਂ ਗੁਰਿਆਈ ਗੱਦੀ ਨੂੰ ਪ੍ਰਾਪਤ ਹੋਏ। ਬਿਰਧ ਮਾਂ ਮਨਸਾ ਦੇਵੀ ਆਪਣੇ ਪਤੀ ਨਾਲ ਹੀ ਗੁਰੂ-ਮਹਿਲ ਬਣੀ ਅਥਵਾ ਤੀਸਰੇ ਪਾਤਸ਼ਾਹ ਗੁਰੂ ਬਣੇ ਤਾਂ ਉਹ ਗੁਰੂ-ਮਹਿਲ ਅਖਵਾਈ। ਇਸ ਤੋਂ ਪਹਿਲਾਂ ਉਹ ਸਾਧ ਸੰਗਤ ਦਾ ਇਕ ਜੀਅ ਸੀ। ਜਦੋਂ ਪਤੀ ਜੀ ਦੂਸਰੇ ਪਾਤਸ਼ਾਹ ਦੀ ਆਗਿਆ ਮੰਨ ਕੇ ਖਿਆਸ ਦੇ ਕੰਢੇ ਗੋਇੰਦਵਾਲ ਨਗਰ ਵਸਾਉਣ ਲਈ ਆਏ ਤਾਂ ਬਾਸਰਕੇ ਤੋਂ ਆਪਣਾ ਪਰਿਵਾਰ ਵੀ ਸਦਾ ਲਿਆ। ਇਸ ਤਰ੍ਹਾਂ ਗੋਇੰਦਵਾਲ ਦੀ ਆਬਾਦੀ ਸਮੇਂ ਗੁਰੂ ਅਮਰਦਾਸ ਜੀ ਦੇ ਨਾਲ ਨਾਲ ਮਾਤਾ ਮਨਸਾ ਦੇਵੀ ਦਾ ਵੀ ਪੂਰਾ ਪੂਰਾ ਯੋਗਦਾਨ ਹੈ। ਸੇਵਾ-ਭਾਵ ਨਾ ਕੇਵਲ ਗੁਰੂ ਅਮਰਦਾਸ ਜੀ ਵਿਚ ਹੀ ਸੀ। ਸਗੋਂ ਮਾਤਾ ਮਨਸਾ ਦੇਵੀ ਜੀ ਵਿਚ ਵੀ ਸੇਵਾ ਲਈ ਉਤਸ਼ਾਹ ਠਾਠਾਂ ਮਾਰਦਾ ਸੀ।

ਮਾਤਾ ਮਨਸਾ ਦੇਵੀ ਜੀ ਉਦੋਂ ਗੋਇੰਦਵਾਲ ਵਿਚ ਮੌਜੂਦ ਸਨ ਜਦੋਂ ਤੀਸਰੇ ਪਾਤਸ਼ਾਹ ਨੇ ਬਾਉਲੀ ਦੀ ਸੇਵਾ ਆਰੰਭ ਕਰਵਾਈ ਤੇ ਇਸ ਨੂੰ ਪੂਰਾ ਕੀਤਾ। ਮਾਤਾ ਜੀ ਦੇ ਉਤਸ਼ਾਹ ਸਦਕਾ ਹੋਰ ਔਰਤਾਂ ਵੀ ਸੇਵਾ ਕਰਦੀਆਂ। ਮਾਤਾ ਮਨਸਾ ਦੇਵੀ ਜੀ ਇਕ ਪਾਸੇ, ਲੰਗਰ-ਪ੍ਰਬੰਧ ਨੂੰ ਚਲਾਉਂਦੇ, ਦੂਜੇ ਪਾਸੇ, ਹੱਥੀਂ ਸੇਵਾ ਕਰਦੇ ਨਾ ਥੱਕਦੇ। ਬਾਉਲੀ ਸਾਹਿਬ ਦੀ ਸੇਵਾ ਕਰਨ ਦੂਰੋਂ-ਦੂਰੋਂ ਸੰਗਤਾਂ ਆਉਂਦੀਆਂ। ਮਾਤਾ ਮਨਸਾ ਦੇਵੀ ਜੀ ਸਭਨਾਂ ਲਈ ਲੰਗਰ ਤਿਆਰ ਕਰਵਾਉਂਦੇ, ਵਰਤਾਉਂਦੇ, ਫਿਰ ਬਰਤਨ ਆਦਿ ਸਾਫ਼ ਕਰਵਾਉਂਦੇ। ਸੰਗਤਾਂ ਪੰਗਤਾਂ ਵਿਚ ਰਹਿਣ ਦੀ ਜਾਚ ਸਿੱਖ ਗਈਆਂ। ਸਾਮੂਹਿਕ ਖਾਣ ਦਾ ਢੰਗ ਆਮ ਭੋਜਨ ਨਾਲੋਂ ਰਤਾ ਕੁ ਵੱਖਰਾ ਹੈ। ਸਾਰੀ ਸੰਗਤ ਨੂੰ ਲੰਗਰ ਦੀ ਸਾਮੱਗਰੀ ਵਰਤਾਈ ਜਾਂਦੀ ਹੈ ਤੇ ਨਾਲੋ-ਨਾਲ ਸਾਰੇ ਬੋਲਦੇ ਹਨ—ਸਤਿਨਾਮ ਵਾਹਿਗੁਰੂ! ਇਹ ਸਤਿਨਾਮ ਵਾਹਿਗੁਰੂ ਦਾ ਜਾਪ ਉਤਨੀ ਦੇਰ ਤਕ ਜਾਰੀ ਰਹਿੰਦਾ ਹੈ ਜਿਤਨੀ ਦੇਰ ਤਕ ਪਰਸ਼ਾਦਾ ਸਾਰੀ ਸੰਗਤ ਵਿਚ ਨਹੀਂ ਵਰਤ ਜਾਂਦਾ। ਮਾਤਾ ਮਨਸਾ ਦੇਵੀ ਨੂੰ ਸਤਿਨਾਮ ਵਾਹਿਗੁਰੂ ਦੇ ਜਾਪ ਵਿਚ ਅਕਹਿ ਰਸ ਆਉਂਦਾ ਸੀ। ਉਹ ਸਿਦਕ ਨਾਲ ਸਭ ਨੂੰ ਨਾਲੇ ਨਾਮ ਜਪਾਉਂਦੇ, ਨਾਲੇ ਪਰਸ਼ਾਦਾ ਛਕਾਉਂਦੇ।

ਸੰਕੇਤ ਕੀਤਾ ਜਾ ਚੁੱਕਾ ਹੈ ਕਿ ਮਾਤਾ ਮਨਸਾ ਦੇਵੀ ਗੁਰੂ-ਮਹਿਲ ਬਣਨ ਤੋਂ ਪਹਿਲਾਂ

ਆਪਣੇ ਪਤੀ ਜੀ ਨਾਲ ਤੀਰਥ-ਯਾਤਰਾ ਤੇ ਅਕਸਰ ਜਾਂਦੇ ਸਨ। ਹਿੰਦੂ ਤੀਰਥ-ਸਥਾਨਾਂ ਉਤੇ ਵਿਧਵਾ ਔਰਤਾਂ ਆਮ ਦਿਖਾਈ ਦੇਂਦੀਆਂ ਹਨ। ਉਨ੍ਹੀਂ ਦਿਨੀਂ ਇਹ ਆਮ ਰਿਵਾਜ ਸੀ ਕਿ ਜਿਸ ਔਰਤ ਦਾ ਪਤੀ ਮਰ ਜਾਂਦਾ ਉਸ ਦਾ ਸਿਰ ਮੁੰਨ ਕੇ ਉਸ ਨੂੰ ਘਰੋਂ ਕੱਢ ਦਿੱਤਾ ਜਾਂਦਾ। ਇਹ ਔਰਤਾਂ ਬਹੁਤ ਕਸ਼ਟ ਸਹਾਰਦੀਆਂ। ਭਿਆਨਕ ਦੁਰਦਸ਼ਾ ਦਾ ਸ਼ਿਕਾਰ ਹੁੰਦੀਆਂ। ਲੋਕ ਮਨਹੂਸ ਜਾਣ ਕੇ ਇਨ੍ਹਾਂ ਨੂੰ ਦੁਰ-ਦੁਰ ਕਰਦੇ। ਇਨ੍ਹਾਂ ਦੁਖਿਆਰੀਆਂ ਨੂੰ ਪਨਾਹ ਕੇਵਲ ਤੀਰਥ-ਸਥਾਨ ਹੀ ਦੇਂਦੇ। ਉਥੇ ਇਹ ਯਾਤਰੂਆਂ ਦੇ ਦਾਨ-ਪੁੰਨ ਦੇ ਆਸਰੇ ਦਿਨ ਕੱਟਦੀਆਂ। ਕੋਈ ਕਪੜਾ ਦੇ ਜਾਂਦਾ, ਕੋਈ ਭੋਜਨ। ਚੰਗੇ ਘਰਾਂ ਦੀਆਂ ਧੀਆਂ ਫ਼ਕੀਰਾਂ ਦੀ ਹਾਲਤ ਵਿਚ ਪਹੁੰਚ ਜਾਂਦੀਆਂ। ਕਿਸੇ ਦੀ ਆਰਜਾ ਵੱਡੀ ਤੇ ਕਿਸੇ ਦੀ ਛੋਟੀ। ਕੋਈ ਬਾਲ-ਵਿਧਵਾ ਹੋ ਜਾਂਦੀ। ਕੋਈ ਜੁਆਨੀ ਵਿਚ ਵਿਧਵਾ ਹੋ ਜਾਂਦੀ। ਕੋਈ-ਕੋਈ ਛੋਟੀ ਉਮਰੇ ਵਿਧਵਾ ਹੋ ਜਾਂਦੀ। ਪਰ ਜਿਤਨੀ ਦੇਰ ਜਿਊਂਦੀ ਨਾ ਮਾਪੇ ਰਖਦੇ ਤੇ ਨਾ ਸਹੁਰੇ। ਅਜਿਹੀ ਹਾਲਤ ਵਿਚ ਜਦੋਂ ਉਹ ਠੋਕਰਾਂ ਖਾਂਦੀਆਂ ਧਰਮ-ਸਥਾਨਾਂ 'ਤੇ ਜਾਂਦੀਆਂ ਤਾਂ ਉਨ੍ਹਾਂ ਨੂੰ ਮਾੜੀ-ਚੰਗੀ ਨੀਅਤ ਦੇ ਬੰਦੇ ਵੀ ਮਿਲਦੇ। ਇਸ ਤਰ੍ਹਾਂ ਪੇਟ ਦੀ ਅੱਗ ਬੁਝਾਉਣ ਲਈ ਕੋਈ ਮਾੜੀ-ਚੰਗੀ ਮਜ਼ਦੂਰੀ ਕਰਨ ਲੱਗਦੀ, ਕੋਈ ਕਿਸੇ ਦੀ ਹਵਸ ਦਾ ਸ਼ਿਕਾਰ ਹੋ ਜਾਂਦੀ। ਵੇਖਣ ਨੂੰ ਉਤੋਂ ਉਤੋਂ ਸਭ ਠੀਕ ਲੱਗਦਾ ਪਰ ਅੰਦਰੋਂ-ਅੰਦਰੀਂ ਉਹ ਬੇਦੋਸ਼ੀਆਂ ਭ੍ਰਿਸ਼ਟਾਚਾਰ ਦੇ ਵਾਧੇ ਦਾ ਕਾਰਣ ਬਣ ਜਾਂਦੀਆਂ। ਮਾਂ ਮਨਸਾ ਦੇਵੀ ਤ੍ਰੀਮਤ ਹੋਣ ਕਰ ਕੇ ਤ੍ਰੀਮਤਾਂ ਦੇ ਦੁੱਖ ਨੂੰ ਪਛਾਣਦੇ ਸੀ। ਉਸ ਨੇ ਆਪਣੇ ਪਤੀ ਗੁਰੂ ਅਮਰਦਾਸ ਜੀ ਦਾ ਧਿਆਨ ਇਸ ਸਮਾਜਿਕ ਕੁਰੀਤੀ ਵੱਲ ਦਿਵਾਇਆ। ਗੁਰੂ ਜੀ ਦੀ ਦੀਰਘ-ਦ੍ਰਿਸ਼ਟੀ ਵੀ ਇਸ ਕੁਰੀਤੀ ਨੂੰ ਜੜ੍ਹ ਤੋਂ ਪਛਾਣਦੀ ਸੀ। ਗੁਰੂ ਅਮਰਦਾਸ ਜੀ ਉਸ ਸਮੇਂ ਦੇ ਸਮਾਜ ਵਿਚ ਬਹੁਤ ਉੱਚੀ ਹਸਤੀ ਦੇ ਮਾਲਕ ਸਨ। ਉਨ੍ਹਾਂ ਨੇ ਇਸ ਮੁੱਦੇ ਨੂੰ ਉਠਾਇਆ ਤੇ ਇਸਤਰੀਆਂ ਦੀ ਵਕਾਲਤ ਕੀਤੀ। ਜਦ ਜੀਣ-ਮਰਨ ਦਾ ਚੱਕਰ ਹੈ ਹੀ ਅਕਾਲ ਪੁਰਖ ਦੇ ਹੱਥ ਤਾਂ ਤ੍ਰਿਸਕਾਰ ਦੀ ਭਾਗੀ ਕੇਵਲ ਨਾਰੀ ਹੀ ਕਿਉਂ ? ਗੁਰੂ ਜੀ ਦੇ ਪ੍ਰਚਾਰ ਦਾ ਨਤੀਜਾ ਇਹ ਹੋਇਆ ਕਿ ਲੋਕ ਇਸ ਮੁੱਦੇ ਬਾਰੇ ਸੁਚੇਤ ਹੋ ਕੇ ਸੋਚਣ ਲੱਗੇ। ਇਸ ਦਾ ਪਹਿਲਾ ਫਲ ਤਾਂ ਇਹ ਹੋਇਆ ਕਿ ਵਿਧਵਾ ਔਰਤਾਂ ਨੂੰ ਘਰਾਂ ਵਿਚੋਂ ਕੱਢਣ ਦਾ ਰਿਵਾਜ ਹੌਲੀ-ਹੌਲੀ ਖ਼ਤਮ ਹੋ ਗਿਆ। ਇਸ ਗੱਲ ਦਾ ਪ੍ਰਮਾਣ ਪੰਜਾਬੀ ਸਭਿਆਚਾਰ ਨੂੰ ਮੰਨਿਆ ਜਾ ਸਕਦਾ ਹੈ। ਪੰਜਾਬ ਪ੍ਰਾਂਤ ਵਿਚ ਵਿਧਵਾ ਹੋ ਗਈ ਔਰਤ ਨੂੰ ਨਾਂ ਤਾਂ ਘਰੋਂ ਕੱਢਿਆ ਜਾਂਦਾ ਹੈ ਤੇ ਨਾ ਹੀ ਉਸ ਦਾ ਸਿਰ ਮੁੰਨਿਆ ਜਾਂਦਾ ਹੈ। ਦੂਜਾ, ਵਿਧਵਾ ਦਾ ਪੁਨਰ-ਵਿਆਹ ਆਮ ਤੌਰ 'ਤੇ ਕਰ ਦਿੱਤਾ ਜਾਂਦਾ ਹੈ ਤਾਂ ਜੁ ਉਹ ਸਮਾਜ ਵਿਚ ਇੱਜ਼ਤ ਦੀ ਜ਼ਿੰਦਗੀ ਜੀਅ ਸਕੇ। ਉਸ ਨੂੰ ਉਸ ਗੱਲ ਦੀ ਸਜ਼ਾ ਸਮਾਜ ਨਾ ਦੇਵੇ ਜਿਸ ਵਿਚ ਉਸ ਦਾ ਕੋਈ ਹੱਥ ਨਹੀਂ।

ਮਾਤਾ ਮਨਸਾ ਦੇਵੀ ਜੀ ਨੇ ਇਸ ਕੁਰੀਤੀ ਨਾਲ ਮਿਲਦੀ-ਜੁਲਦੀ ਇਕ ਹੋਰ ਕੁਰੀਤੀ ਬਾਰੇ ਵੀ ਪਤੀ ਨਾਲ ਵਿਚਾਰ-ਵਟਾਂਦਰਾ ਕੀਤਾ। ਰਾਜਸਥਾਨ ਵਿਚ ਸਤੀ ਦੀ ਰਸਮ ਬੜੇ ਜ਼ੋਰਾਂ 'ਤੇ ਸੀ। ਬਲਕਿ ਹੋਰ ਕਈ ਪ੍ਰਾਂਤਾਂ ਵੀ ਇਸ ਕੁਰੀਤੀ ਦਾ ਸ਼ਿਕਾਰ ਸਨ। ਪਤੀ ਤਾਂ ਮਰਦਾ ਸੀ ਆਪਣੀ ਮੌਤ 'ਤੇ, ਉਸ ਦੀ ਪਤਨੀ ਨੂੰ ਜ਼ਿੰਦਾ ਜਲਣ 'ਤੇ ਮਜਬੂਰ ਕੀਤਾ ਜਾਂਦਾ ਸੀ ਜਾਂ ਉਸ ਨੂੰ ਜ਼ਬਰਦਸਤੀ ਪਤੀ ਦੀ ਚਿਤਾ 'ਤੇ ਹੀ ਜਲਾ ਦਿੱਤਾ ਜਾਂਦਾ ਸੀ। ਇਸ ਦੇ ਦੋ ਕਾਰਣ ਹੀ ਹੋ ਸਕਦੇ ਸਨ। ਪਹਿਲਾ ਵਿਧਵਾ ਵਿਆਹੁਤਾ ਜਾਇਦਾਦ ਦੇ ਹਿੱਸੇ ਵਿਚ

ਘਾਟਾ ਨਾ ਪਾਵੇ । ਦੂਜਾ, ਉਸ ਉਤੇ ਕਬੀਲੇ ਜਾਂ ਪਰਿਵਾਰ ਦੇ ਹੋਰ ਮਰਦ ਦੀ ਮੈਲੀ ਅੱਖ ਨਾ ਪਵੇ । ਇਸ ਹਾਲਤ ਵਿਚ ਪਰਿਵਾਰ ਵਿਚ ਭ੍ਰਿਸ਼ਟਾਚਾਰ ਵਧੇਗਾ ਤੇ ਦੂਸਰੇ ਮਰਦਾਂ-ਔਰਤਾਂ ਉਤੇ ਇਸ ਦਾ ਬੁਰਾ ਅਸਰ ਪਵੇਗਾ । ਇਸ ਕੁਰੀਤੀ ਤੋਂ ਬਚਣ ਦਾ ਸੌਖਾ ਰਾਹ ਉਨ੍ਹਾਂ ਨੂੰ ਇਹੋ ਲੱਗਦਾ ਕਿ ਜਿਸ ਤਰ੍ਹਾਂ ਮਰਦ ਦੀ ਮੌਤ ਹੋਵੇ ਇਸਤਰੀ ਨੂੰ ਵੀ ਮਾਰ-ਮੁਕਾ ਦਿੱਤਾ ਜਾਵੇ । ਇਕ ਗੱਲ ਹੋਰ ਵੀ ਧਿਆਨਯੋਗ ਹੈ, ਇਕਨਾਂ ਜੋੜਿਆਂ ਦੀ ਆਪਸ ਵਿਚ ਸਹੀ ਢੰਗ ਨਾਲ ਨਿਭਦੀ ਵੀ ਨਹੀਂ ਸੀ । ਸਗੋਂ ਆਪਸੀ ਰਿਸ਼ਤਾ ਮਾਰ-ਕੁਟਾਈ ਵਾਲਾ ਸੀ । ਗਾਲ੍ਹੀ-ਗਲੋਚ ਵਾਲਾ ਸੀ । ਤਾਹਨੇ-ਮਿਹਣੇ ਵਾਲਾ ਸੀ । ਸਾੜੇ-ਕੀਨੇ ਵਾਲਾ ਸੀ । ਅਜਿਹੀ ਹਾਲਤ ਵਿਚ ਕਿਸੇ ਦੇ ਨਾਲ ਮਰਨਾ ਸੱਚਮੁੱਚ ਹੀ ਕਠਿਨ ਸੀ । ਸਤਿਗੁਰੂ ਨੇ ਅਜਿਹੀਆਂ ਵਿਪ੍ਰੀਤ ਹਾਲਤਾਂ ਬਾਰੇ ਖ਼ੁਦ ਬਾਣੀ ਵਿਚ ਉਚਾਰਿਆ :

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ॥
ਨਾਨਕ ਸਤੀਆ ਜਾਣੀਅਨਿ ਜੇ ਬਿਰਹੇ ਚੋਟ ਮਰੰਨਿ ॥

(ਗੁਰੂ ਗ੍ਰੰਥ ਸਾਹਿਬ, ਪੰਨਾ 787)

ਗੁਰੂ ਅਮਰਦਾਸ ਜੀ ਨੇ ਤਾਂ ਸਮਾਜਿਕ ਵਿਹਾਰ ਵਿਚ ਦੰਪਤੀ ਨੂੰ ਕੇਹੋ ਜੇਹਾ ਹੋਣਾ ਚਾਹੀਦਾ ਹੈ, ਉਸ ਬਾਰੇ ਵੀ ਬਾਣੀ ਵਿਚ ਸੰਕੇਤ ਕੀਤਾ ਹੈ :

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥

(ਗੁਰੂ ਗ੍ਰੰਥ ਸਾਹਿਬ, ਪੰਨਾ 788)

ਗੁਰੂ ਸਾਹਿਬਾਨ ਨੇ ਜੋ ਬਾਣੀ-ਰਚਨਾ ਵਿਚ ਉਚਾਰਿਆ, ਆਪਣਾ ਅਮਲੀ ਜੀਵਨ ਉਸ ਲਈ ਪ੍ਰਮਾਣ ਬਣਾ ਕੇ ਪੇਸ਼ ਕੀਤਾ । ਏਹੀ ਕਾਰਣ ਹੈ, ਗੁਰੂ ਅਮਰਦਾਸ ਜੀ ਨੂੰ ਜਦ ਕਦੀ ਵੀ ਮਾਤਾ ਮਨਸਾ ਦੇਵੀ ਨੇ ਕਿਸੇ ਕੁਰੀਤੀ ਜਾਂ ਚੰਗਿਆਈ ਦਾ ਸੁਝਾਅ ਦਿੱਤਾ ਤਾਂ ਤੀਸਰੇ ਪਾਤਸ਼ਾਹ ਨੇ ਉਸ ਨੂੰ ਗਹੁ ਨਾਲ ਵਾਚ ਕੇ ਜੀਵਨ-ਸ਼ੈਲੀ ਦਾ ਅੰਗ ਬਣਾ ਦਿੱਤਾ । ਸੰਖੇਪ ਵਿਚ, ਸਤੀ ਦੀ ਰਸਮ ਦਾ ਵਿਰੋਧ ਤੀਸਰੇ ਪਾਤਸ਼ਾਹ ਨੇ ਜ਼ੋਰਦਾਰ ਸ਼ਬਦਾਂ ਵਿਚ ਕੀਤਾ । ਸਤੀ ਦੀ ਰਸਮ ਸਿੱਖ ਸਮਾਜ ਦਾ ਕਦੀ ਵੀ ਅੰਗ ਨਹੀਂ ਬਣ ਸਕੀ ।

ਮਾਤਾ ਮਨਸਾ ਦੇਵੀ ਜੀ ਨੇ ਇਕ ਹੋਰ ਔਕੜ ਹੱਲ ਕਰਨ ਦਾ ਰਾਹ ਵੀ ਸਤਿਗੁਰਾਂ ਪਾਸੋਂ ਪੁੱਛਿਆ । ਉਦੋਂ ਆਮ ਇਸਤਰੀ ਪਰਦਾ ਕਰਦੀ ਸੀ । ਮਰਦ-ਸਮਾਜ ਵਿਚ ਵੱਡਿਆਂ ਦਾ ਸਤਿਕਾਰ ਜਾਂ ਸ਼ਰਮ-ਹਯਾ ਦਾ ਭਾਵ ਘੁੰਡ ਕੱਢ ਕੇ ਪ੍ਰਗਟ ਕੀਤਾ ਜਾਂਦਾ ਸੀ । ਇਸ ਤੌਰ-ਤਰੀਕੇ ਦਾ ਵੱਡਾ ਨੁਕਸਾਨ ਇਹ ਸੀ ਕਿ ਆਮ ਨਾਰੀ ਕਾਰ-ਸੇਵਾ ਕਰਨ ਲੱਗਿਆਂ ਔਖੀ ਹੁੰਦੀ ਸੀ । ਲੰਗਰ ਬਣਾਉਣਾ, ਰਸਦ ਤਿਆਰ ਕਰਨੀ, ਕਣਕ ਦਾ ਪੀਹਣ ਕਰਨਾ, ਦਾਲਾਂ ਸਾਫ਼ ਕਰਨੀਆਂ, ਸਬਜ਼ੀਆਂ ਕੱਟਣੀਆਂ, ਮਸਾਲੇ ਕੁੱਟਣੇ, ਰਸੋਈਘਰ ਦੀ ਸਫ਼ਾਈ ਆਦਿ ਕਰਨ ਵਿਚ ਇਸਤਰੀਆਂ ਨੂੰ ਬੜੀ ਔਖਿਆਈ ਹੁੰਦੀ ਸੀ । ਨਾਲੇ, ਪਰਦਾ ਕਰਨ ਦਾ ਅਰਥ ਸੀ, ਮਰਦ-ਸਮਾਜ ਉਸ ਤੋਂ ਦਰਜੇ ਵਿਚ ਵੱਡਾ ਜਾਂ ਚੰਗਾ ਹੈ । ਗੁਰੂ ਸਾਹਿਬਾਨ ਨੇ ਨਾਰੀ-ਉੱਥਾਨ ਦੀ ਸਦਾ ਹਾਮੀ ਭਰੀ ਹੈ । ਗੁਰੂ ਨਾਨਕ ਪਾਤਸ਼ਾਹ ਨੇ ਆਸਾ ਦੀ ਵਾਰ ਵਿਚ ਪਹਿਲੀ ਵੇਰਾਂ ਨਾਰੀ ਨੂੰ ਸਮਾਜ ਦੀ ਬੁਨਿਆਦੀ ਇਕਾਈ ਮੰਨ ਕੇ, ਉਸ ਦਾ ਪੱਖ ਤਰਕ ਦੀ ਪੱਧਰ 'ਤੇ ਪੂਰਿਆ, ਸੱਚ, ਸੂਤਕ, ਭੰਡਿ ਆਦਿ ਨਾਲ ਜੁੜੇ ਸਲੋਕ ਇਸ ਤੱਥ ਦੀ ਪੁਸ਼ਟੀ

ਵਜੋਂ ਵਰਤੇ ਜਾ ਸਕਦੇ ਹਨ। ਪਰੰਪਰਾ ਅਨੁਸਾਰ ਗੁਰੂ ਅਮਰਦਾਸ ਜੀ ਨੇ ਵੀ ਨਾਰੀ-ਉੱਥਾਨ ਨੂੰ ਸਮਾਜ ਦੀ ਤਰੱਕੀ ਲਈ ਲਾਜ਼ਮੀ ਕਰਾਰ ਦਿੱਤਾ ਤੇ ਇਹ ਮਾਣ ਕੇਵਲ ਗੁਰੂ ਅਮਰਦਾਸ ਜੀ ਨੂੰ ਹੀ ਪ੍ਰਾਪਤ ਹੈ ਕਿ ਉਨ੍ਹਾਂ ਨੇ ਨਾ ਕੇਵਲ ਵਿਧਵਾ ਦਾ ਪੁਨਰ-ਵਿਆਹ, ਸਤੀ ਦੀ ਰਸਮ ਦਾ ਖੰਡਨ, ਪਰਦੇ ਦੇ ਰਿਵਾਜ ਦਾ ਵਿਰੋਧ ਹੀ ਕੀਤਾ ਸਗੋਂ ਧਰਮ ਪ੍ਰਚਾਰ ਕਰਨ ਲਈ ਵੀ ਨਾਰੀ ਸਹਿਯੋਗ ਨੂੰ ਉਚਿਤ ਸਮਝਿਆ। ਮਾਲੂਮ ਹੁੰਦਾ ਹੈ, ਦੰਪਤੀ ਦਾ ਰਿਸ਼ਤਾ ਬਹੁਤ ਨਿੱਘਾ ਤੇ ਮਿੱਠਾ ਸੀ। ਦੋਵੇਂ ਨਾਰੀ ਸਮਾਜ ਨਾਲ ਜੁੜੀਆਂ ਸਮੱਸਿਆਵਾਂ ਉੱਪਰ ਨਿੱਠ ਕੇ ਵਿਚਾਰ ਕਰਦੇ ਸਨ। ਮਾਂ ਮਨਸਾ ਦੇਵੀ ਆਪਣੀ ਉਮਰ ਦੇ ਤਜਰਬੇ ਤੋਂ ਇਕ ਪਾਸੇ ਇਨ੍ਹਾਂ ਸਮੱਸਿਆਵਾਂ ਦੀ ਵਾਸਤਵਿਕਤਾ ਨੂੰ ਉਭਾਰਦੇ ਸਨ। ਦੂਜੇ ਪਾਸੇ, ਇਨ੍ਹਾਂ ਦੇ ਹੱਲ ਦੀ ਤਰਕੀਬ ਸੋਚਦੇ ਸਨ। ਸੰਦੇਹ ਨਹੀਂ, ਇਨ੍ਹਾਂ ਸਮੱਸਿਆਵਾਂ ਦੇ ਹੱਲ ਨੂੰ ਅੰਤਿਮ ਰੂਪ ਉਨ੍ਹਾਂ ਦੇ ਪਤੀ ਗੁਰੂ ਅਮਰਦਾਸ ਜੀ ਹੀ ਦੇਂਦੇ ਸਨ।

ਇਹ ਸੰਭਾਵਨਾ ਕਿ ਨਾਰੀ-ਸਮਾਜ ਵੀ ਧਰਮ-ਪ੍ਰਚਾਰ ਨਾਲ ਜੁੜ ਸਕਦਾ ਹੈ, ਲੱਗਦਾ ਹੈ, ਦੰਪਤੀ ਦੇ ਸਲਾਹ-ਮਸ਼ਵਰੇ ਦਾ ਹੀ ਸਿੱਟਾ ਹੈ। ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਦੀ ਸਥਾਪਨਾ ਕੀਤੀ। ਮੰਜੀਆਂ ਇਕ ਤਰ੍ਹਾਂ ਧਰਮ-ਪ੍ਰਚਾਰ ਦੇ ਸੈਂਟਰ ਹੁੰਦੇ ਸਨ। ਇਸੇ ਤਰ੍ਹਾਂ ਗੁਰੂ ਜੀ ਨੇ 72 ਪੰਘੂੜੇ ਸਥਾਪਿਤ ਕੀਤੇ। ਪੰਘੂੜੇ ਇਕ ਤਰ੍ਹਾਂ ਛੋਟੇ ਸੈਂਟਰ (Sub Centre) ਹੁੰਦੇ ਸਨ। ਮੰਜੀਆਂ ਦੀ ਸਥਾਪਨਾ ਵੇਲੇ ਗੁਰੂ ਜੀ ਨੇ ਦੋ ਮੰਜੀਆਂ ਦਾ ਮਾਣ ਦੋ ਬੀਬੀਆਂ : ਮਥੋ ਮੁਰਾਰੀ ਤੇ ਸਚਨ ਸੱਚ ਨੂੰ ਦਿੱਤਾ। ਇਸੇ ਤਰ੍ਹਾਂ 72 ਪੰਘੂੜੇ ਨਿਰੋਲ ਨਾਰੀ-ਸਮਾਜ ਨੂੰ ਸੌਂਪ ਦਿੱਤੇ।

ਪੰਘੂੜਿਆਂ ਦਾ ਅਰਥ ਸੀ ਆਪਣੇ ਬਾਲਾਂ ਦੇ ਪੰਘੂੜਿਆਂ ਨੂੰ ਹੂਟੇ ਦੇਂਦੀਆਂ-ਦੇਂਦੀਆਂ ਮਾਵਾਂ ਆਸ-ਪੜੋਸ, ਗਲੀ-ਗੁਆਂਢ ਦੀਆਂ ਇਸਤਰੀਆਂ ਨੂੰ ਗੁਰੂ ਸਾਹਿਬਾਨ ਦੇ ਮਿਸ਼ਨ ਬਾਰੇ ਦੱਸਦੀਆਂ ਰਹਿੰਦੀਆਂ ਸਨ। ਧਰਮ ਦੀਆਂ ਜੜ੍ਹਾਂ 'ਲੋਕ' ਵਿਚ ਹੁੰਦੀਆਂ ਹਨ ਤੇ ਇਸ ਨੂੰ ਪੀੜ੍ਹੀ-ਦਰ-ਪੀੜ੍ਹੀ ਅੱਗੇ ਤੋਰਨ ਵਿਚ ਇਸਤਰੀ ਜ਼ਾਤ ਦਾ ਵਿਸ਼ੇਸ਼ ਹੱਥ ਹੈ। ਹਰ ਮਜ਼ਹਬ ਸਭਿਆਚਾਰ ਦਾ ਵਿਸ਼ੇਸ਼ ਭਾਗ ਹੈ ਤੇ ਉਸ ਨੂੰ ਜਿਉਂਦਾ ਰੱਖਣ ਵਿਚ ਨਾਰੀ ਜਾਤ ਦਾ ਮਹੱਤਵਪੂਰਨ ਯੋਗਦਾਨ ਹੈ। ਗੁਰੂ-ਘਰ ਨੂੰ ਹਰ ਘਰ ਤਕ ਪਹੁੰਚਾਉਣ ਵਿਚ ਪੰਘੂੜਿਆਂ ਦਾ ਹੱਥ ਵਿਸ਼ੇਸ਼ ਕਰ ਕੇ ਹੈ। ਜ਼ਾਹਿਰ ਹੈ, ਜਦੋਂ ਤੀਸਰੇ ਪਾਤਸ਼ਾਹ ਗੁਰੂ-ਘਰ ਦੇ ਪ੍ਰਚਾਰ ਨੂੰ ਇਕ ਨਿਸ਼ਚਿਤ ਰੂਪ ਦੇ ਰਹੇ ਸਨ ਉਦੋਂ ਮਾਤਾ ਮਨਸਾ ਦੇਵੀ ਨੇ ਆਪਣਾ ਪੂਰਾ ਹੱਕ ਅਦਾ ਕੀਤਾ। ਇਹ ਮਾਤਾ ਮਨਸਾ ਦੇਵੀ ਜੀ ਹੀ ਸਨ, ਜਿਨ੍ਹਾਂ ਦੀ ਸਿਆਣੀ ਲਾਡਲੀ ਬੇਟੀ ਬੀਬੀ ਭਾਨੀ ਨੇ ਪਿਤਾ-ਗੁਰੂ ਦੀ ਅਣਥੱਕ ਸੇਵਾ ਕੀਤੀ। ਜਦੋਂ ਉਹ ਗੁਰੂ-ਮਹਿਲ ਬਣੀ ਤਾਂ ਪਤੀ ਗੁਰੂ ਰਾਮਦਾਸ ਜੀ ਦੀ ਵੱਡੀ ਸਹਿਯੋਗੀ ਬਣ ਕੇ ਰਹੀ। ਜਦੋਂ ਉਹ ਗੁਰੂ-ਮਾਤਾ ਬਣੀ ਤਾਂ ਗੁਰੂ ਅਰਜਨ ਦੇਵ ਸਪੁੱਤਰ ਦੇ ਹਰ ਨਿੱਕੇ-ਵੱਡੇ ਕਾਰਜ ਨੂੰ ਪੂਰਾ ਕਰਨ ਵਿਚ ਨਾ ਕੇਵਲ ਉੱਦਮਸ਼ੀਲ ਰਹੇ ਸਗੋਂ ਪੁੱਤਰ ਗੁਰੂ ਦੇ ਸੁਚੱਜੇ ਸਲਾਹਕਾਰ ਵੀ। ਮਾਤਾ ਮਨਸਾ ਦੇਵੀ ਦੇ ਵੇਲੇ ਉਨ੍ਹਾਂ ਦੇ ਪਤੀ ਗੁਰੂ ਅਮਰਦਾਸ ਜੀ ਨੇ ਗੁਰੂ ਸਾਹਿਬਾਨ—ਰਚਿਤ ਬਾਣੀ ਤੇ ਭਗਤ ਬਾਣੀ ਦੇ ਸੰਚੈ ਤਿਆਰ ਕਰਵਾਏ। ਇਨ੍ਹਾਂ ਦੇ ਪੋਤਰੇ ਬਾਬਾ ਮੋਹਨ ਨੇ ਇਹ ਬਾਣੀ ਦੇ ਸੰਚੈ ਆਪਣੇ ਕੋਲ ਸਾਂਭ ਕੇ ਰੱਖੇ। ਮਾਤਾ ਮਨਸਾ ਦੇਵੀ ਵੀ ਗੋਇੰਦਵਾਲ ਨਗਰੀ ਤੇ ਉਸ ਵਿਚ ਬਣਾਈ ਗਈ ਬਾਉਲੀ ਦੇ ਚਸ਼ਮਦੀਦ ਗਵਾਹ ਹਨ। ਉਹ ਤਾਂ ਗੁਰੂ-ਘਰ ਵਿਚ

ਹੋ ਰਹੀ ਇਮਾਰਤਸਾਜ਼ੀ ਵਿਚ ਹੱਥੀਂ ਕਾਰ-ਸੇਵਾ ਕਰ ਕੇ ਸੇਵਾ ਕਰਨ ਦੇ ਪੂਰਨੇ ਪਾਉਂਦੇ ਰਹੇ। ਇਹ ਮਾਤਾ ਮਨਸਾ ਦੇਵੀ ਦਾ ਹੀ ਜਿਗਰਾ ਸੀ ਕਿ ਜਦੋਂ ਪਤੀ-ਗੁਰੂ ਅਮਰਦਾਸ ਜੀ ਨੇ ਘੁੰਡਣੀਆਂ ਵੇਚਣ ਵਾਲੇ ਨੂੰ ਆਪਣਾ ਦਾਮਾਦ ਪਸੰਦ ਕਰ ਲਿਆ ਤਾਂ ਮਾਂ ਨੇ ਮੱਥੇ ਵੱਟ ਨਹੀਂ ਪਾਇਆ ਤੇ ਨਾ ਹੀ ਲੜਕੀ ਦੇ ਭਵਿੱਖ ਨੂੰ ਸੋਚ ਕੇ ਫ਼ਿਕਰਮੰਦ ਹੋਈ। ਚਾਹੁੰਦੇ ਤਾਂ ਪਤੀ ਨੂੰ ਸਵਾਲ ਕਰ ਸਕਦੇ ਸੀ। ਜਿਸ ਘਰ ਲੜਕੀ ਦੇਣੀ ਸੀ, ਉਸ ਦੀ ਗੁਰਬਤ ਬਾਰੇ ਸੋਚਣਾ ਚਾਹੀਦਾ ਹੈ। ਪਰ ਮਾਤਾ ਮਨਸਾ ਦੇਵੀ ਤਾਂ ਰਜ਼ਾ ਦੀ ਮੂਰਤ ਸੀ। ਪਤੀ ਦੀ ਰਜ਼ਾ ਅੱਗੇ ਸਿਰ ਨਿੰਵਾ ਦਿੱਤਾ। ਕੌਣ ਜਾਣਦਾ ਸੀ ਘੁੰਡਣੀਆਂ ਵੇਚਣ ਵਾਲਾ ਨੌਜਵਾਨ ਕੱਲ੍ਹ ਨੂੰ ਤ੍ਰਿਲੋਕੀ ਦਾ ਨਾਥ ਬਣੇਗਾ ਤੇ ਚੌਥਾ ਨਾਨਕ ਬਣ ਕੇ ਜਗਤ ਦਾ ਕਲਿਆਣ ਕਰੇਗਾ। ਗੁਰੂ ਅਮਰਦਾਸ ਜੀ ਦਾ ਗਰੀਬੜੇ ਸਿੱਖ ਨੂੰ ਚੁਣਨਾ ਤੇ ਮਾਤਾ ਮਨਸਾ ਦੇਵੀ ਦਾ ਪ੍ਰਵਾਨ ਕਰਨਾ ਇਕ ਹੋਰ ਤੱਥ ਨੂੰ ਵੀ ਨਿਖਾਰਦਾ ਹੈ। ਗੁਰੂ ਅਮਰਦਾਸ ਤੇ ਮਾਤਾ ਮਨਸਾ ਦੇਵੀ ਦੋਵੇਂ ਇਕੋ ਤਰ੍ਹਾਂ ਸੋਚਦੇ ਸਨ। ਦੋਵੇਂ ਆਪਣੀ ਡੋਰੀ ਰੱਬ 'ਤੇ ਸੁੱਟਦੇ ਸਨ। ਨਾ ਦੋਹਾਂ ਨੂੰ ਬੱਚੀ ਦੇ ਘਰ ਦੀ ਚਿੰਤਾ ਸੀ ਤੇ ਨਾ ਹੀ ਜਵਾਈ ਦੇ ਕਾਰੋਬਾਰ ਦੀ। ਦੋਵੇਂ ਸਹਿਜ-ਭਾਅ ਵੇਖ ਕੇ ਮਨ ਹੀ ਮਨ ਵਿਚ ਰਿਸ਼ਤਾ ਬਣਾ ਬੈਠੇ ਜੋ ਅਮਲੀ ਰੂਪ ਵਿਚ ਬਾਅਦ ਵਿਚ ਆਇਆ।

ਜਦੋਂ ਗੁਰੂ ਅੰਗਦ ਦੇਵ ਜੀ ਦੇ ਹੁਕਮ ਨਾਲ ਗੁਰੂ ਅਮਰਦਾਸ ਜੀ ਖਡੂਰ ਸਾਹਿਬ ਤੋਂ ਗੋਇੰਦਵਾਲ ਜਾ ਕੇ ਨਗਰ ਆਬਾਦ ਕਰਨ ਦਾ ਹੁਕਮ ਦਿੱਤਾ ਤਾਂ ਗੁਰੂ ਅਮਰਦਾਸ ਜੀ ਨੇ ਬਾਸਰਕੇ ਤੋਂ ਆਪਣਾ ਪਰਿਵਾਰ ਗੋਇੰਦਵਾਲ ਸਾਹਿਬ ਮੰਗਵਾ ਲਿਆ। ਉਸ ਵੇਲੇ ਬੀਬੀ ਭਾਨੀ ਤੇ ਜਵਾਈ ਰਾਮਦਾਸ ਜੋ ਜੇਠਾ ਜੀ ਕਰ ਕੇ ਜਾਣੇ ਜਾਂਦੇ ਸਨ, ਵੀ ਨਾਲ ਸਨ। ਮਾਤਾ ਮਨਸਾ ਦੇਵੀ ਜੀ ਨੇ ਜਿਥੇ ਲਾਡਲੀ ਬੇਟੀ ਨੂੰ ਗੁਰੂ-ਘਰ ਦੀ ਸੇਵਾ ਨਾਲ ਜੁੜਿਆ ਵੇਖਿਆ ਉਥੇ ਦਾਨਿਸ਼ਮੰਦ ਜਵਾਈ ਜੇਠਾ ਜੀ ਵੀ ਗੁਰੂ-ਘਰ ਦੀ ਸੇਵਾ ਵਿਚ ਲੀਨ ਰਹੇ। ਜੇਠਾ ਜੀ ਸਾਰੀ ਦਿਹੜੀ ਕਾਰ-ਸੇਵਾ ਕਰ ਕੇ ਤੇ ਦਿਨ ਢਲੇ ਛੋਲਿਆਂ ਦੀਆਂ ਘੁੰਡਣੀਆਂ ਵੇਚ ਕੇ ਆਪਣੇ ਰਾਸ਼ਨ-ਪਾਣੀ ਲਈ ਪੈਸੇ ਕਮਾ ਲੈਂਦੇ। ਇੱਧਰ ਮਾਤਾ ਮਨਸਾ ਦੇਵੀ ਜੀ ਤੇ ਬੀਬੀ ਭਾਨੀ ਜੀ ਤੇ ਹੋਰ ਗੁਰੂ-ਘਰ ਦੀਆਂ ਸ਼ਰਧਾਲੂ ਬੀਬੀਆਂ ਵੀ ਬਾਉਲੀ ਸਾਹਿਬ ਦੀ ਸੇਵਾ ਵਿਚ ਵਧ-ਚੜ੍ਹ ਕੇ ਹਿੱਸਾ ਪਾ ਰਹੀਆਂ ਸਨ। ਮਾਂ ਮਨਸਾ ਦੇਵੀ ਨੇ ਬੀਬੀ ਭਾਨੀ ਵਿਚ ਸੇਵਾ ਦਾ ਭਾਵ ਕੁੱਟ-ਕੁੱਟ ਕੇ ਭਰ ਦਿੱਤਾ, ਏਹੋ ਕਾਰਣ ਹੈ, ਬੀਬੀ ਭਾਨੀ ਸੇਵਾ ਕਰਦੀ ਕਦੀ ਨਾ ਥੱਕਦੀ।

ਸੰਖੇਪ ਵਿਚ, ਇਹ ਕਿਹਾ ਜਾ ਸਕਦਾ ਹੈ ਕਿ ਗੁਰੂ-ਮਹਿਲਾਂ ਵਿਚੋਂ ਮਾਤਾ ਮਨਸਾ ਦੇਵੀ ਜੀ ਅਜਿਹੇ ਗੁਰੂ-ਮਹਿਲ ਹਨ ਜਿਨ੍ਹਾਂ ਨੇ ਨਾ ਕੇਵਲ ਆਪ ਇਸਤਰੀ ਜਾਤ ਨਾਲ ਹੁੰਦੇ ਵਿਤਕਰੇ ਤੇ ਅਨਿਆਂ ਬਾਰੇ ਗੰਭੀਰਤਾ ਨਾਲ ਸੋਚਿਆ ਸਗੋਂ ਪਤੀ-ਗੁਰੂ ਪਾਸੋਂ ਇਸ ਦਾ ਜ਼ੋਰਦਾਰ ਖੰਡਨ ਵੀ ਕਰਵਾਇਆ। ਘੁੰਡ ਲਾਹ ਕੇ ਸਮਾਜ ਵਿਚ ਵਿਚਰਨਾ ਆਪਣੇ-ਆਪ ਵਿਚ ਇਕ ਇਨਕਲਾਬੀ ਕਦਮ ਸੀ ਤੇ ਖ਼ਾਸ ਕਰ ਕੇ ਮੱਧਕਾਲ ਵਿਚ ਜਦੋਂ ਨਾਰੀ ਕੇਵਲ ਚਾਰਦੀਵਾਰੀ ਤਕ ਸੀਮਿਤ ਸੀ। ਜਦੋਂ ਦੂਸਰੇ ਮਜ਼ਹਬਾਂ ਵਿਚ ਇਸਤਰੀ ਨੂੰ ਪਰਦਿਆਂ ਵਿਚ ਢੱਕ-ਢੱਕ ਰੱਖਿਆ ਜਾ ਰਿਹਾ ਸੀ। ਗੁਰੂ ਸਾਹਿਬ ਨੇ ਨਾ ਕੇਵਲ ਨਾਰੀ ਸਮਾਜ ਨੂੰ ਗੁਲਾਮੀ ਦੀ ਨਿਸ਼ਾਨੀ ਘੁੰਡ ਤੋਂ ਹੀ ਨਿਜਾਤ ਦਿਵਾਈ ਸਗੋਂ ਉਸ ਵਿਚ ਸਮਤਾ ਦੀ ਭਾਵਨਾ ਵੀ ਪੈਦਾ ਕੀਤੀ। ਹੋਰ ਤਾਂ ਹੋਰ ਉਸ ਦਾ ਰੁਤਬਾ ਏਨਾ ਉੱਚਾ ਵੀ ਹੋ ਸਕਦਾ ਹੈ ਕਿ ਉਸ ਨੂੰ ਪ੍ਰਚਾਰਕ

ਸ਼੍ਰੇਣੀ ਵਿਚ ਵੀ ਸ਼ਾਮਲ ਕੀਤਾ ਜਾ ਸਕਦਾ ਹੈ। ਉਹ ਸਮਾਜ ਦੇ ਹਰ ਪ੍ਰਾਣੀ ਨੂੰ ਅਗਵਾਈ ਦੇ ਸਕਦੀ ਹੈ। ਅਜਿਹਾ ਕ੍ਰਿਸ਼ਮਾ ਕਿਸੇ ਹੋਰ ਧਰਮ ਵਿਚ ਨਹੀਂ ਹੋਇਆ ਤੇ ਉਹ ਵੀ ਮੱਧਕਾਲ ਵਿਚ ਇਹ ਕੇਵਲ ਗੁਰੂ-ਘਰ ਹੀ ਹੈ ਜਿਸ ਵਿਚ ਇਸਤਰੀ-ਸਮਾਜ ਦੇ ਧੁਰ ਡੂੰਘ ਵਿਚ ਵਾਪਰਨ ਵਾਲੇ ਧਰਮਾਚਾਰਮ ਨੂੰ ਏਡੀ ਸੌਖ ਨਾਲ ਪ੍ਰਚਾਰ ਸਕਦੀ ਹੈ ਕਿ ਪੰਘੂੜੇ ਪਏ ਬਾਲ ਵੀ ਮਾਂ ਦੇ ਥਣਾਂ ਦਾ ਦੁੱਧ ਚੁੰਘਦੇ ਚੁੰਘਦੇ ਗੁਰੂ-ਉਪਦੇਸ਼ਾਂ ਦੀ ਗੁੜ੍ਹਤੀ ਲੈ ਲੈਣ। ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਨਾਰੀ ਸਮਾਜ ਦਾ ਬਹੁਪੱਖੀ ਉੱਥਾਨ ਦਾ ਸਿਹਰਾ ਮਾਤਾ ਮਨਸਾ ਦੇਵੀ ਨੂੰ ਪ੍ਰਾਪਤ ਹੈ। ਉਨ੍ਹਾਂ ਨੇ ਆਪ ਹੀ ਆਪਣੇ ਅਮਲ ਰਾਹੀਂ ਪੂਰਨੇ ਪਾਏ ਤੇ ਆਪਣੇ ਪਤੀ ਪਾਸੋਂ ਗੁਰੂ-ਘਰ ਵਿਚ ਅਜਿਹਾ ਪ੍ਰਚਾਰ ਕਰਵਾਇਆ ਕਿ ਨਵੀਂ ਚੇਤਨਾ ਸਿੱਖ ਸਮਾਜ ਦਾ ਅੰਗ ਬਣ ਗਈ। ਸਿੱਖ ਸਮਾਜ ਦੀ ਨਾਰੀ ਸੁਤੰਤਰ ਸੋਚ ਵਾਲੀ ਤੇ ਡੂੰਘੇ ਅਮਲ ਵਾਲੀ ਹੋ ਗਈ। ਮਨ ਬਚ ਕਰਮ ਦੀ ਇਕਸੁਰਤਾ ਕਰ ਕੇ ਹੀ ਸਿੰਘਣੀਆਂ ਸ਼ਹੀਦ ਹੋ ਸਕੀਆਂ, ਬੱਚੇ ਕੁਹਾ ਕੇ ਗਲ਼ਾਂ ਵਿਚ ਹਾਰ ਪੁਆ ਲ਼ਏ ਤੇ ਸਬਰ-ਸ਼ੁਕਰ ਨਾਲ ਵਾਹਿਗੁਰੂ ਵਾਹਿਗੁਰੂ ਕਰਦੀਆਂ ਰਹੀਆਂ। ਧੰਨ ਹੈ ! ਮਾਤਾ ਮਨਸਾ ਦੇਵੀ, ਜਿਨ੍ਹਾਂ ਨੇ ਏਡੀ ਗੌਰਵਸ਼ਾਲੀ ਪਰੰਪਰਾ ਦੀ ਸ਼ੁਰੂਆਤ ਕਰਵਾਈ ਤੇ ਆਉਣ ਵਾਲੀ ਉਮਤ ਨੂੰ ਇਸ ਦਾ ਭੋਗਣਹਾਰ ਵੀ ਬਣਾਇਆ ਤੇ ਭਾਗਸ਼ਾਲੀ ਵੀ।

ਬੀਬੀ ਭਾਨੀ ਜੀ

ਗੁਰੂ-ਮਹਿਲਾਂ ਵਿਚ ਬੀਬੀ ਭਾਨੀ ਦਾ ਨਾਂ ਸ੍ਰੇਸ਼ਟ ਪ੍ਰਤਿਸ਼ਠਾ ਨੂੰ ਪ੍ਰਾਪਤ ਹੈ। ਉਂਝ ਤਾਂ ਸਾਰੇ ਹੀ ਗੁਰੂ-ਮਹਿਲਾਂ ਨੇ ਆਪੋ ਆਪਣੀ ਸਮਰੱਥਾ ਅਨੁਸਾਰ ਗੁਰੂ-ਘਰ ਵਿਚ ਹਿੱਸਾ ਪਾਇਆ ਹੈ ਪਰ ਜੋ ਗੌਰਵ ਬੀਬੀ ਭਾਨੀ ਨੂੰ ਪ੍ਰਾਪਤ ਹੈ, ਕਿਸੇ ਹੋਰ ਨੂੰ ਨਹੀਂ। ਬੀਬੀ ਭਾਨੀ ਦੇ ਪਿਤਾ-ਗੁਰੂ (ਗੁਰੂ ਅਮਰਦਾਸ ਜੀ), ਪਤੀ-ਗੁਰੂ (ਗੁਰੂ ਰਾਮਦਾਸ ਜੀ), ਪੁੱਤਰ-ਗੁਰੂ (ਗੁਰੂ ਅਰਜਨ ਦੇਵ ਜੀ), ਪੋਤਰਾ-ਗੁਰੂ (ਗੁਰੂ ਹਰਿਗੋਬਿੰਦ ਜੀ), ਪੜਪੋਤਰਾ-ਗੁਰੂ (ਗੁਰੂ ਤੇਗ ਬਹਾਦਰ ਜੀ), ਨਾਤੀ-ਗੁਰੂ (ਗੋਬਿੰਦ ਸਿੰਘ ਜੀ) ਹਨ। ਗੁਰੂ ਰਾਮਦਾਸ ਤੋਂ ਬਾਅਦ ਗੁਰੂ-ਗੱਦੀ ਸੋਢੀ ਬੰਸ ਵਿਚ ਹੀ ਰਹੀ। ਸੰਖੇਪ ਵਿਚ, ਬੀਬੀ ਭਾਨੀ ਦੇ ਜੀਵਨ-ਕ੍ਰਮ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ : ਮੁਟਿਆਰ ਬੀਬੀ ਭਾਨੀ, ਪਤਨੀ ਬੀਬੀ ਭਾਨੀ ਤੇ ਮਾਂ ਬੀਬੀ ਭਾਨੀ। ਇਸੇ ਤਰ੍ਹਾਂ ਬਚਪਨ ਦਾ ਸੰਬੰਧ ਵਧੇਰੇ ਕਰ ਕੇ ਪਿਤਾ-ਗੁਰੂ ਅਮਰਦਾਸ ਨਾਲ, ਜਵਾਨੀ ਦਾ ਪਤੀ ਗੁਰੂ ਰਾਮਦਾਸ ਜੀ ਨਾਲ ਤੇ ਢਲਦੀ ਵਰੇਸ ਦਾ ਪੁੱਤਰ ਗੁਰੂ ਅਰਜਨ ਦੇਵ ਜੀ ਨਾਲ ਵਿਸ਼ੇਸ਼ ਨਜ਼ਰੀਂ ਆਉਂਦਾ ਹੈ। ਉਪਰੋਕਤ ਤਿੰਨਾਂ ਰੂਪਾਂ ਦੇ ਬਾਵਜੂਦ ਭਾਨੀ ਜੀ ਗੁਰੂ ਇਤਿਹਾਸ ਵਿਚ ਕੇਵਲ ਬੀਬੀ ਦੇ ਵਿਸ਼ੇਸ਼ਣ ਨਾਲ ਹੀ ਜਾਣੇ-ਪਛਾਣੇ ਜਾਂਦੇ। ਬੀਬੀ ਭਾਨੀ ਦੇ ਇਹ ਤਿੰਨੇ ਰੋਲ ਉਨ੍ਹਾਂ ਦੇ ਜੀਵਨ ਦੇ ਵੱਖੋ-ਵੱਖ ਪੱਖ ਪੇਸ਼ ਕਰਦੇ ਹਨ। ਇਥੇ ਉਨ੍ਹਾਂ ਨੂੰ ਵਾਰੀ-ਵਾਰੀ ਵਿਚਾਰਨਾ ਉਚਿਤ ਹੈ।

2

ਬੀਬੀ ਭਾਨੀ ਤੇ ਪਿਤਾ ਦਾ ਘਰ

ਗੁਰੂ-ਪਰਿਵਾਰ ਵਿਚੋਂ ਇਹ ਪਹਿਲੀ ਬੀਬੀ ਹੈ ਜਿਸ ਦੇ ਜਨਮ-ਸੰਮਤ ਵੱਲ ਇਕ-ਦੋ

ਇਤਿਹਾਸਕਾਰਾਂ ਦਾ ਧਿਆਨ ਗਿਆ ਹੈ। ਸੰਦੇਹ ਨਹੀਂ, ਇਹ ਦੋਵੇਂ ਜਨਮ-ਸਥਾਨ ਅਤੇ ਜਨਮ-ਸੰਮਤ ਬਾਰੇ ਇਕ ਮਤ ਨਹੀਂ, ਪਰ ਘੱਟੋ-ਘੱਟ ਇਤਨਾ ਤਾਂ ਸਪੱਸ਼ਟ ਹੀ ਹੈ ਕਿ ਇਨ੍ਹਾਂ ਨੇ ਬੀਬੀ ਭਾਨੀ ਦੀ ਜਨਮ-ਘਟਨਾ ਨੂੰ ਆਪਣੇ ਲੇਖਨ ਵਿਚ ਥਾਂ ਦਿੱਤੀ ਹੈ।

ਗੁਰੂ-ਘਰ ਦਾ ਸੁਪ੍ਰਸਿੱਧ ਇਤਿਹਾਸਕਾਰ ਭਾਈ ਸੰਤੋਖ ਸਿੰਘ ਬੀਬੀ ਭਾਨੀ ਦੇ ਜਨਮ ਬਾਰੇ ਖ਼ਾਮੋਸ਼ ਹੈ। ਸਰੂਪ ਦਾਸ ਭੱਲਾ 'ਮਹਿਮਾ ਪ੍ਰਕਾਸ਼' ਸਾਖੀ ਨੰਬਰ 122 ਵਿਚ ਬੀਬੀ ਭਾਨੀ ਦੇ ਜਨਮ ਬਾਰੇ ਲਿਖਦਾ ਹੈ ਕਿ ਬੀਬੀ ਭਾਨੀ ਪਿਤਾ-ਗੁਰੂ ਅਮਰਦਾਸ ਤੇ ਮਾਤਾ ਮਨਸਾ ਦੇਵੀ ਦੇ ਉਦਰ ਤੋਂ ਸੰਮਤ 1590 ਬਿਕ੍ਰਮੀ ਮਿਤੀ 4 ਜੇਠ ਦਿਨ ਐਤਵਾਰ ਗੋਇੰਦਵਾਲ ਵਿਚ ਪੈਦਾ ਹੋਈ।

ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਬੀਬੀ ਭਾਨੀ ਦਾ ਜਨਮ 21 ਮਾਘ ਸੰਮਤ 1591 ਬਿਕ੍ਰਮੀ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਲਿਖਿਆ ਹੈ।

'ਮਹਾਨ ਕੋਸ਼' ਨਾਲੋਂ 'ਮਹਿਮਾ ਪ੍ਰਕਾਸ਼' ਗ੍ਰੰਥ ਪੁਰਾਣਾ ਹੈ। ਕਾਨ੍ਹ ਸਿੰਘ ਦਾ ਆਧਾਰ-ਸ੍ਰੋਤ ਕੀ ਹੈ ? ਕੁਝ ਪਤਾ ਨਹੀਂ। ਉਹ ਸਰੂਪ ਦਾਸ ਭੱਲਾ ਦੀ ਦਿੱਤੀ ਤਾਰੀਖ਼ ਨੂੰ ਕਿਉਂ ਅਮੰਨ ਰਿਹਾ ਹੈ—ਇਹ ਵੀ ਪਤਾ ਨਹੀਂ। ਸਾਡੇ ਆਪਣੇ ਪਾਸ ਕੋਈ ਹੋਰ ਭਰੋਸੇਯੋਗ ਵਸੀਲਾ ਨਾ ਹੋਣ ਕਰ ਕੇ ਇਸ ਸੰਬੰਧ ਵਿਚ ਪ੍ਰਾਪਤ ਸਭ ਤੋਂ ਪੁਰਾਣੀ ਲਿਖਤ ਨੂੰ ਮੰਨਣਾ ਹੀ ਉਚਿਤ ਪ੍ਰਤੀਤ ਹੁੰਦਾ ਹੈ। ਇਹ ਤਾਂ ਹੋਈ ਜਨਮ-ਸੰਮਤ ਬਾਰੇ ਵਿਚਾਰ। ਅਜੇ ਜਨਮ-ਸਥਾਨ ਵਿਚਲੇ ਮਤਭੇਦ ਨੂੰ ਸੁਲਝਾਉਣਾ ਬਾਕੀ ਹੈ। ਸਰੂਪ ਦਾਸ ਭੱਲਾ ਬੀਬੀ ਭਾਨੀ ਦਾ ਜਨਮ ਗੋਇੰਦਵਾਲ ਵਿਚ ਹੋਇਆ ਲਿਖਦਾ ਹੈ। ਇਸ ਸ਼ੰਕਾ ਦਾ ਸਮਾਧਾਨ ਗੋਇੰਦਵਾਲ ਨਗਰ ਦੇ ਵਸਾਏ ਜਾਣ ਵਾਲੇ ਸੰਮਤ ਤੋਂ ਹੋ ਸਕਦਾ ਹੈ। ਗਿਆਨੀ ਗਿਆਨ ਸਿੰਘ ਦੇ ਅਨੁਸਾਰ ਸੰਮਤ 1603 ਬਿਕ੍ਰਮੀ ਵਿਚ ਗੋਂਦਾ ਮਰਵਾਹਾ ਦੀ ਬੇਨਤੀ ਸੁਣ ਕੇ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਇਥੇ ਨਗਰ ਵਸਾਉਣ ਦਾ ਆਦੇਸ਼ ਦਿੱਤਾ। ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਦੀ ਨੀਂਹ ਸੰਮਤ 1603 ਬਿਕ੍ਰਮੀ ਵਿਚ ਰੱਖੀ ਤੇ ਬੀਬੀ ਭਾਨੀ ਦਾ ਜਨਮ ਸੰਮਤ 1590 ਜਾਂ 1591 ਬਿਕ੍ਰਮੀ ਵਿਚ ਹੋਇਆ। ਸਪੱਸ਼ਟ ਹੈ, ਬੀਬੀ ਦੇ ਜਨਮ ਸਮੇਂ ਤਕ ਤਾਂ ਗੋਇੰਦਵਾਲ ਨਗਰ ਆਬਾਦ ਹੀ ਨਹੀਂ ਸੀ ਹੋਇਆ। ਇਸ ਲਈ ਬੀਬੀ ਭਾਨੀ ਦਾ ਜਨਮ ਸੰਮਤ 1590 ਬਿਕ੍ਰਮੀ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ ਹੀ ਠੀਕ ਲੱਗਦਾ ਹੈ। ਲੇਖਿਕਾ ਆਪ ਵੀ ਭਾਈ ਕਾਨ੍ਹ ਸਿੰਘ ਨਾਲ ਸਹਿਮਤ ਹੈ।

ਬੀਬੀ ਭਾਨੀ ਬਾਲੜੀ ਅਵਸਥਾ ਵਿਚ ਹੀ ਆਪਣੇ ਪਿਤਾ ਦੀ ਤਨੋਂ ਮਨੋਂ ਸੇਵਾ ਕਰਦੀ ਸੀ। ਗੁਰੂ-ਇਤਿਹਾਸ ਵਿਚ ਬੀਬੀ ਭਾਨੀ ਦੀ ਆਪਣੇ ਪਿਤਾ ਦੀ ਸੇਵਾ ਦੀ ਉਦਾਹਰਣ ਖ਼ਾਸੀ ਪ੍ਰਸਿੱਧਤਾ ਨੂੰ ਪ੍ਰਾਪਤ ਹੈ। ਬਚਪਨ ਵਿਚ ਬੀਬੀ ਭਾਨੀ ਬੜੀ ਹਸਮੁਖ, ਹਸੂੰ ਹਸੂੰ ਕਰਦਾ ਅਭੋਲ ਚਿਹਰਾ, ਅੰਤਾਂ ਦਾ ਠਰ੍ਹੰਮਾ ਵੇਖਣ ਵਾਲਿਆਂ ਨੂੰ ਸੋਚ ਵਿਚ ਪਾ ਦੇਂਦਾ ਸੀ। ਬੀਬੀ ਭਾਨੀ ਬਾਲ-ਵਰੇਸ ਵਿਚ ਹੀ ਪਿਤਾ ਦੀ ਹਰ ਛੋਟੀ-ਮੋਟੀ ਲੋੜ ਦਾ ਧਿਆਨ ਰੱਖਦੀ ਸੀ। ਪਿਤਾ ਦੇ ਨਾਲ ਹੀ ਅੰਮ੍ਰਿਤ ਵੇਲੇ ਉਠ ਕੇ ਪਿਤਾ ਨੂੰ ਇਸ਼ਨਾਨ ਕਰਵਾਉਂਦੀ। ਪਿਤਾ ਜਦੋਂ ਸਮਾਧੀ-ਲਿਵਲੀਨ ਹੁੰਦੇ ਤਾਂ ਇਸ ਗੱਲ ਦਾ ਪੂਰਾ-ਪੂਰਾ ਧਿਆਨ ਰੱਖਦੀ ਕਿ ਕੋਈ ਅਜਿਹੀ ਗੱਲ ਨਾ ਵਾਪਰੇ ਜਿਸ ਨਾਲ ਪਿਤਾ ਦੀ ਸਮਾਧੀ ਵਿਚ ਵਿਘਨ ਪਵੇ। ਪਿਤਾ-ਗੁਰੂ ਅਮਰਦਾਸ

ਬੱਚੀ ਦੀ ਇਸ ਨਿਸ਼ਕਾਮ ਸੇਵਾ ਉੱਪਰ ਬਹੁਤ ਹੀ ਪ੍ਰਸੰਨ ਸਨ। ਜਾਣੀਜਾਣ ਪਿਤਾ ਬੱਚੀ ਦੇ ਮੋਹ ਦੀ ਗਹਿਰਾਈ ਨੂੰ ਜਾਣਦੇ ਸਨ। ਸ਼ਾਇਦ ਇਸੇ ਕਰ ਕੇ ਹੀ ਬੱਚੀ ਦਾ ਵਰ ਵੀ ਅਜਿਹਾ ਹੀ ਲੱਭਿਆ ਜੋ ਗੁਰੂ-ਘਰ ਦਾ ਸ਼ਰਧਾਲੂ ਸੀ ਤੇ ਬੀਬੀ ਨੂੰ ਸ਼ਾਦੀ ਤੋਂ ਬਾਅਦ ਪਿਤਾ ਪਾਸੋਂ ਵਿੱਛੜਨਾ ਵੀ ਨਹੀਂ ਸੀ ਪੈਣਾ। ਗੁਰੂ-ਇਤਿਹਾਸ ਗਵਾਹ ਹੈ, ਸ਼ਾਦੀ ਤੋਂ ਬਾਅਦ ਵੀ ਬੀਬੀ ਭਾਨੀ ਪਿਤਾ ਜੀ ਦੀ ਸੇਵਾ ਪਹਿਲੇ ਵਾਂਗ ਹੀ ਕਰਦੀ ਰਹੀ। ਇਸ ਦਾ ਇਕ ਕਾਰਣ ਇਹ ਵੀ ਹੈ ਕਿ ਬੀਬੀ ਦਾ ਪੇਕਾ-ਸਹੁਰਾ ਨਗਰ ਇਕੋ ਹੀ ਸੀ।

3

ਬੀਬੀ ਭਾਨੀ ਤੇ ਗੁਰੂ ਰਾਮਦਾਸ

ਗਿਆਨੀ ਗਿਆਨ ਸਿੰਘ ਨੇ ਬੀਬੀ ਭਾਨੀ ਦੀ ਸ਼ਾਦੀ 13 ਵਿਸਾਖ 1612 ਬਿਕ੍ਰਮੀ ਵਿਚ ਲਿਖੀ ਹੋਈ ਹੈ। ਭਾਈ ਕਾਨ੍ਹ ਸਿੰਘ ਅਨੁਸਾਰ ਬੀਬੀ ਭਾਨੀ ਦੀ ਸ਼ਾਦੀ 22 ਫੱਗਣ ਸੰਮਤ 1610 ਬਿਕ੍ਰਮੀ ਵਿਚ ਹੋਈ। ਇਹ ਤਾਂ ਸਪੱਸ਼ਟ ਹੈ ਕਿ ਦੋਹਾਂ ਲਿਖਾਰੀਆਂ ਦੀ ਲਿਖਤ ਵਿਚ ਇਕ ਵੀ ਤੱਥ ਮੇਲ ਨਹੀਂ ਖਾਂਦਾ। ਤਾਰੀਖ਼, ਮਹੀਨਾ ਅਤੇ ਸੰਮਤ ਦੋਹਾਂ ਦੇ ਆਪੋ ਆਪਣੇ ਹਨ। ਉਪਰੋਕਤ ਤੱਥਾਂ ਤੋਂ ਇਕ ਹੀ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਸ਼ਾਦੀ ਦੇ ਸਮੇਂ ਬੀਬੀ ਭਾਨੀ ਦੀ ਉਮਰ ਵੀਹ-ਬਾਈ ਵਰ੍ਹਿਆਂ ਦੀ ਸੀ, ਉਦੋਂ ਆਮ ਤੌਰ ਤੇ ਛੋਟੀ ਉਮਰ ਵਿਚ ਹੀ ਸ਼ਾਦੀ ਕਰ ਦਿੱਤੀ ਜਾਂਦੀ ਸੀ। ਪਰ ਬੀਬੀ ਭਾਨੀ ਦੀ ਸ਼ਾਦੀ ਭਰ-ਜਵਾਨੀ ਵਿਚ ਹੋਈ ਸੀ। ਇਸ ਦਾ ਇਕੋ-ਇਕ ਕਾਰਣ ਬੀਬੀ ਦੇ ਸੁਭਾਅ ਵਿਚਲੀ ਸੁਸ਼ੀਲਤਾ, ਠਰ੍ਹੰਮਾ ਤੇ ਪਿਤਾ ਲਈ ਸੇਵਾ-ਭਾਵ ਹੀ ਹੋ ਸਕਦਾ ਹੈ।

ਬੀਬੀ ਭਾਨੀ ਦੇ ਜੀਵਨ ਇਤਿਹਾਸ ਨੂੰ ਵਾਚਦਿਆਂ ਇਹ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਬੀਬੀ ਭਾਨੀ ਦੀ ਸ਼ਾਦੀ ਨੇ ਪਿੱਤਰੀ-ਸਨੇਹ ਨੂੰ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੋਣ ਦਿੱਤਾ ਤੇ ਨਾ ਹੀ ਸੇਵਾ ਕਰਨ ਵਿਚ ਕਮੀ ਆਈ। ਇਸ ਦਾ ਇਕ ਕਾਰਣ ਇਹ ਵੀ ਹੈ ਕਿ ਬੀਬੀ ਭਾਨੀ ਦੇ ਪਤੀ ਰਾਮਦਾਸ ਜੀ ਵੀ ਗੁਰੂ-ਘਰ ਦੇ ਅਨਿੰਨ ਸ਼ਰਧਾਲੂ ਸਨ। ਸ਼ਾਦੀ ਤੋਂ ਬਾਅਦ ਦੰਪਤੀ ਮਿਲ ਕੇ ਸੇਵਾ ਕਰਦੇ ਸਨ। ਦੋਵੇਂ ਹੀ ਗੁਰੂ ਦੇ ਲੰਗਰ 'ਚ ਸੇਵਾ ਕਰਦੇ ਸਨ। ਗੁਰੂ ਰਾਮਦਾਸ ਜੀ ਗੁਰੂ-ਘਰ ਵਿਚ ਸੇਵਾ ਜ਼ਰੂਰ ਕਰਦੇ ਸਨ ਪਰ ਆਪਣੇ ਨਿਰਬਾਹ ਲਈ ਛੋਲੇ ਵੇਚਦੇ ਸਨ। ਇਸ ਮਤ ਨਾਲ ਲਗਭਗ ਸਾਰੇ ਗੁਰੂ-ਇਤਿਹਾਸਕਾਰ ਸਹਿਮਤ ਹਨ।

ਬੀਬੀ ਭਾਨੀ ਦੇ ਸਹੁਰੇ ਘਰ ਵਿਚ ਗ਼ਰੀਬੀ ਜ਼ਰੂਰ ਸੀ ਪਰ ਸਬਰ, ਸੰਤੋਖ ਤੇ ਸ਼ਾਂਤੀ ਦਾ ਰਾਜ ਸੀ। ਬੀਬੀ ਭਾਨੀ ਘਰ-ਬਾਰ ਵਾਲੀ ਬਣ ਗਈ ਸੀ ਪਰ ਉਹ ਅਜੇ ਵੀ ਅਕਸਰ ਆਪਣੇ ਪਿਤਾ ਨਾਲ ਦੁੱਖ-ਸੁਖ ਦੀ ਗੱਲ ਕਰਦੀ ਅਤੇ ਆਪਣੀਆਂ ਘਰੇਗੀ ਗੱਲਾਂ ਪਿਤਾ ਨਾਲ ਸਾਂਝੀਆਂ ਕਰਦੀ।

ਕਿਹਾ ਜਾਂਦਾ ਹੈ ਕਿ ਇਕ ਦਿਨ ਦੀ ਗੱਲ ਹੈ ਪਿਤਾ-ਪੁੱਤਰੀ ਬੈਠੇ ਗੱਲਾਂ ਕਰ ਰਹੇ ਸਨ। ਬੀਬੀ ਭਾਨੀ ਨੇ ਸੁਭਾਵਿਕ ਹੀ ਕਿਹਾ ਪਿਤਾ ਜੀ ਸ਼ਰੀਕ ਮਿਹਣੇ ਮਾਰਦੇ ਹਨ। ਗਰੀਬੀ ਦੇ ਤਾਅਨੇ ਦੇਂਦੇ ਹਨ। ਸਾਡੇ ਗ਼ਰੀਬੀ ਵਿਚ ਕੱਟ ਰਹੇ ਸ਼ਾਂਤੀਪੂਰਬਕ ਦਿਨ ਵੀ ਉਨ੍ਹਾਂ ਦੀ ਦ੍ਵੈਖ ਦੇ ਸ਼ਿਕਾਰ ਹਨ। ਗੱਲ ਸੁਣ ਕੇ ਗੁਰਦੇਵ ਪਿਤਾ ਮੁਸਕਰਾਏ ਤੇ ਸ਼ਾਂਤ ਭਾਵ ਨਾਲ ਨੇੜੇ

ਪਈ ਇੱਟ ਵੱਲ ਵੇਖ ਕੇ ਬੋਲੇ, "ਪੁੱਤਰੀ, ਔਹ ਸਾਹਮਣੇ ਕੀ ਪਿਆ ਹੈ ?" ਜਦੋਂ ਵੇਖਿਆ ਤਾਂ ਪਤਾ ਲੱਗਾ ਕਿ ਸੋਨੇ ਦੀ ਇੱਟ ਸੀ। "ਬੀਬੀ, ਇਹ ਇੱਟ ਚੁੱਕ ਲੈ, ਇਸ ਨਾਲ ਆਪਣੇ ਤੇ ਆਪਣੇ ਪੁੱਤਰਾਂ ਦੇ ਗਹਿਣੇ-ਕਪੜੇ ਬਣਵਾ ਕੇ ਪਾ ਦਿਓ।"

ਭਾਈ ਸੰਤੋਖ ਸਿੰਘ ਵੀ ਇਸ ਘਟਨਾ ਦੀ ਸਾਖ ਭਰਦਾ ਹੈ :

ਹੋਇ ਤੁਮ੍ਹਾਰੇ ਐਸੁਰ ਭਾਰੀ।
ਜਾਚਿਓ ਯਾਤੇ ਲੇਹੁ ਅਗਾਰੀ। (ਗੁਰੂ ਪ੍ਰਤਾਪ ਸੂਰਜ ਗ੍ਰੰਥ)

ਬੀਬੀ ਭਾਨੀ ਪਿਤਾ ਜੀ ਦੀਆਂ ਅਸੀਸਾਂ ਲੈ ਕੇ ਖੁਸ਼ੀ ਵਿਚ ਨਹੀਂ ਸਮਾਉਂਦੀ ਸੀ। ਇਸ ਤੋਂ ਇਕ ਸੰਕੇਤ ਇਹ ਵੀ ਮਿਲਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਗੁਰੂਗੱਦੀ ਸ੍ਰੀ (ਗੁਰੂ) ਰਾਮਦਾਸ ਜੀ ਨੂੰ ਦੇਣ ਦਾ ਫ਼ੈਸਲਾ ਕਰ ਲਿਆ ਹੋਇਆ ਸੀ ਤੇ ਉਹ ਕੇਵਲ ਸਮੇਂ ਦੀ ਉਡੀਕ ਕਰ ਰਹੇ ਸਨ।

ਮਾਲੂਮ ਹੁੰਦਾ ਹੈ, ਬੀਬੀ ਭਾਨੀ ਦਾ ਸਹੁਰਾ ਘਰ ਪੇਕੇ-ਘਰ ਤੋਂ ਬਹੁਤਾ ਦੂਰ ਨਹੀਂ ਸੀ। ਇਸੇ ਕਰ ਕੇ ਉਹ ਵੇਲੇ-ਕੁਵੇਲੇ ਪਿਤਾ ਦੀ ਸੇਵਾ ਕਰਨ ਜਾਂ ਮਿਲਣ-ਗਿਲਣ ਆ ਜਾਇਆ ਕਰਦੀ ਸੀ। ਗਿਆਨੀ ਗਿਆਨ ਸਿੰਘ ਤੇ ਭਾਈ ਸੰਤੋਖ ਸਿੰਘ ਅਨੁਸਾਰ ਇਕ ਦਿਨ ਬੀਬੀ ਭਾਨੀ ਅੰਮ੍ਰਿਤ ਵੇਲੇ ਪਿਤਾ ਜੀ ਦੇ ਦਰਸ਼ਨ ਕਰਨ ਆਈ ਤਾਂ ਕੀ ਵੇਖਦੀ ਹੈ ਜਿਸ ਚੌਕੀ ਉੱਪਰ ਸਤਿਗੁਰੂ ਸਮਾਧੀ ਲਾ ਕੇ ਬੈਠੇ ਹੋਏ ਸਨ, ਉਸ ਦਾ ਇਕ ਪਾਵਾ ਟੁੱਟਦਾ ਮਹਿਸੂਸ ਹੋਇਆ। ਬੀਬੀ ਜੀ ਨੇ ਇੱਧਰ-ਉੱਧਰ ਨਜ਼ਰ ਦੁੜਾ ਕੇ ਵੇਖਿਆ ਪਰ ਕੋਈ ਵੀ ਚੀਜ਼ ਪਾਵੇ ਹੇਠ ਰੱਖਣ ਵਾਸਤੇ ਨਾ ਮਿਲੀ। ਬੀਬੀ ਜੀ ਨੇ ਸੋਚਿਆ ਜੇ ਪਿਤਾ ਜੀ ਜ਼ਰਾ ਵੀ ਹਿੱਲ ਜਾਣ ਤਾਂ ਚੌਕੀ ਦਾ ਪਾਵਾ ਡਿੱਗ ਪਵੇਗਾ ਤੇ ਪਿਤਾ ਜੀ ਦੀ ਸਮਾਧੀ ਖੁੱਲ੍ਹ ਜਾਵੇਗੀ। ਬੀਬੀ ਨੇ ਝੱਟ ਹੀ ਆਪਣੀ ਹਥੇਲੀ ਨਾਲ ਪਾਵੇ ਨੂੰ ਆਸਰਾ ਦੇ ਦਿੱਤਾ। ਪਰ ਪਾਵਾ ਹਥੇਲੀ ਵਿਚ ਖੁਭ ਗਿਆ ਤੇ ਖ਼ੂਨ ਦਾ ਦਬਾਅ ਰੁਕ ਜਾਣ ਨਾਲ ਬਾਂਹ ਸੁੱਜ ਗਈ, ਹੱਥ ਦੀਆਂ ਨਾੜਾਂ ਫੁੱਲ ਗਈਆਂ। ਅਕਹਿ ਦਰਦ ਹੋਣ ਦੇ ਬਾਵਜੂਦ ਵੀ ਬੀਬੀ ਜੀ ਨੇ ਹੱਥ ਨਹੀਂ ਹਿਲਾਇਆ। ਜਦ ਗੁਰਦੇਵ ਪਿਤਾ ਦੀ ਸਮਾਧੀ ਖੁੱਲ੍ਹੀ ਤੇ ਸਾਰੀ ਗੱਲ ਜਾਣਨ ਉਪਰੰਤ ਪੁੱਤਰੀ ਦੀ ਸੇਵਾ-ਭਾਵਨਾ ਉੱਪਰ ਬਹੁਤ ਹੀ ਪ੍ਰਸੰਨ ਹੋਏ ਤੇ ਬਚਨ ਕੀਤਾ :

ਸਕਲ ਜਗਤ ਕੀ ਹੋਵਹਿ ਪੂਜ।
ਜੈਸੇ ਚਢਹਿ ਚੰਦ੍ਰਮਾ ਦੂਜ।
ਬਡ ਐਸ੍ਵਰਜ ਵਧਹਿ ਤਿਆਗੇ।
ਜੋ ਤਿਨ ਸੇਵਹਿ, ਸੋ ਵਡਭਾਗੇ।
ਤੀਨੋ ਕਾਲ ਵਿਖੇ ਤੁਝ ਜੈਸੀ।
ਹੂਈ ਨ ਹੈ ਹੋਵਹਿਗੀ ਐਸੀ।
ਪਿਤਾ ਗੁਰੂ ਜਗ ਗੁਰ ਹੋਇ ਕੰਤ।
ਪੁਤ੍ਰ ਗੁਰ ਪੋਤ੍ਰ ਮਹੰਤ। (ਗੁਰੂ ਪ੍ਰਤਾਪ ਸੂਰਜ ਗ੍ਰੰਥ)

ਅਜਿਹੇ ਸੁੰਦਰ ਬਚਨ ਸੁਣ ਕੇ ਬੀਬੀ ਭਾਨੀ ਬੜੀ ਪ੍ਰਸੰਨ ਹੋਈ ਤੇ ਗੁਰਦੇਵ ਪਿਤਾ ਨੂੰ ਨਮਸਕਾਰ ਕਰ ਕੇ ਘਰ ਚਲੀ ਗਈ। ਪਰ ਮਨ ਹੀ ਮਨ ਤੌਖਲਾ ਉਠਦਾ—ਕੀ ਮੈਂ ਸੱਚਮੁੱਚ ਹੀ ਏਡ੍ਹੇ ਭਾਗਾਂ ਵਾਲੀ ਹਾਂ।

ਇਸੇ ਘਟਨਾ ਨੂੰ ਕਈ ਲਿਖਾਰੀਆਂ ਨੇ ਨਹਾਉਣ ਵਾਲੀ ਚੌਕੀ ਦੇ ਨਾਲ ਵੀ ਜੋੜ ਕੇ ਬਿਆਨਿਆ ਹੈ ।

ਹੁਣ ਬੀਬੀ ਭਾਨੀ ਹੋਰ ਵੀ ਸੇਵਾ ਵਿਚ ਜੁਟ ਗਈ । ਬੀਬੀ ਦੀ ਗ੍ਰਿਹਸਤੀ ਵੀ ਜ਼ਰਾ ਵਧ ਗਈ ਸੀ । ਤੇ ਹੁਣ ਬੀਬੀ ਦੋ ਸਪੁੱਤਰਾਂ ਦੀ ਮਾਂ ਵੀ ਸੀ । ਬਾਬਾ ਪ੍ਰਿਥੀ ਚੰਦ ਤੇ ਮਹਾਂਦੇਵ ਜੀ । ਗੁਰੂ ਅਰਜਨ ਦੇਵ ਬਾਅਦ ਵਿਚ ਜਨਮੇ । ਇਕ ਦਿਨ ਦੀ ਗੱਲ ਹੈ, ਬੀਬੀ ਘਰ ਦੇ ਕਿਸੇ ਕੰਮ ਵਿਚ ਰੁੱਝੀ ਹੋਈ ਸੀ । ਗੁਰੂ ਅਮਰਦਾਸ ਜੀ ਸਮਾਧੀ ਵਿਚ ਲੀਨ ਸਨ । ਬਾਲ ਅਰਜਨ ਰਿੜ੍ਹਦੇ-ਰੜ੍ਹਦੇ ਗੁਰੂ ਅਮਰਦਾਸ ਜੀ ਦੇ ਪਲੰਘ ਪਾਸ ਆ ਗਏ ਤੇ ਜਦੋਂ ਮੰਜੀ ਨੂੰ ਪਕੜ ਕੇ ਖਲੋਤੇ ਤਾਂ ਪਲੰਘ ਦੇ ਪਾਵੇ ਦੇ ਹਿੱਲਣ ਨਾਲ ਸਤਿਗੁਰੂ ਦੀ ਸਮਾਧੀ ਖੁੱਲ੍ਹ ਗਈ । ਏਨੇ ਵਿਚ ਹੀ ਬੀਬੀ ਜੀ ਬੱਚੇ ਨੂੰ ਚੁੱਕਣ ਆ ਗਏ । ਸਤਿਗੁਰੂ ਬੀਬੀ ਨੂੰ ਕਹਿਣ ਲੱਗੇ, "ਪੁੱਤਰੀ ਤੇਰਾ ਪੁੱਤਰ ਬੜਾ ਭਾਰੀ ਹੈ ।" ਬੀਬੀ ਜੀ ਨੂੰ ਗੱਲ ਦੀ ਸਮਝ ਨਾ ਲੱਗੀ ਤਾਂ ਸਤਿਗੁਰੂ ਜੀ ਨੇ ਖੋਲ੍ਹ ਕੇ ਦੱਸਿਆ :

ਭਾਰੀ ਗੁਰ ਜਗ ਮਹਿ (ਬਿਦ ਤੈ) ਹੈ ।
ਬਾਣੀ ਕੋ ਬੋਹਿਥ ਬਡ ਹ੍ਵੈ ਹੈ ।

ਬੀਬੀ ਭਾਨੀ ਹੁਣ ਸੁਖ-ਸ਼ਾਂਤੀ ਨਾਲ ਗ੍ਰਿਹਸਤੀ ਵੀ ਚਲਾ ਰਹੀ ਸੀ ਪਿਤਾ ਦੀ ਸੇਵਾ ਵਿਚ ਵੀ ਕਿਸੇ ਤਰ੍ਹਾਂ ਦੀ ਕਮੀ ਨਹੀਂ ਆਉਣ ਦਿੱਤੀ ਸੀ । ਸਗੋਂ ਹੁਣ ਤਾਂ ਪਤੀ-ਪਤਨੀ ਦੋਵੇਂ ਸੇਵਾ ਦਾ ਸੁਖ ਪ੍ਰਾਪਤ ਕਰ ਰਹੇ ਸਨ ।

ਭਾਵੇਂ ਪਿਤਾ ਜੀ ਬੀਬੀ ਭਾਨੀ ਨੂੰ ਹਥੇਲੀ ਵਾਲੀ ਘਟਨਾ ਤੋਂ ਪ੍ਰਭਾਵਿਤ ਹੋ ਕੇ ਆਪ ਹੀ ਵਰ ਦੇ ਚੁੱਕੇ ਸਨ ਤਾਂ ਵੀ ਇਕ ਦਿਨ ਬੀਬੀ ਦਾ ਪਰਤਾਵਾ ਲੈਣ ਲਈ ਕਿਹਾ, "ਬੀਬੀ ਤੂੰ ਸਾਡੀ ਬਹੁਤ ਸੇਵਾ ਕੀਤੀ ਹੈ । ਦੱਸ ਇਸ ਦੇ ਬਦਲੇ ਤੈਨੂੰ ਕੀ ਦੇਈਏ ?" "ਜੇ ਤੁੱਠੇ ਹੋ ਤਾਂ ਗੁਰਿਆਈ ਗੱਦੀ ਮੇਰੇ ਹੀ ਖ਼ਾਨਦਾਨ ਵਿਚ ਰਹੇ" ਬੀਬੀ ਭਾਨੀ ਨੇ ਕਿਹਾ । ਸੁਣ ਕੇ ਗੁਰੂ ਜੀ ਥੋੜ੍ਹੀ ਦੇਰ ਚੁੱਪ ਰਹੇ । ਫਿਰ ਕਹਿਣ ਲੱਗੇ "ਬੀਬੀ ਇਹ ਗੱਦੀ ਤਾਂ ਸੇਵਾ ਕਰਨ ਵਾਲੇ ਦੀ ਹੈ । ਸੇਵਾ ਤੋਂ ਬਿਨਾਂ ਪ੍ਰਾਪਤ ਨਹੀਂ ਹੋ ਸਕਦੀ" ਕਹਿੰਦਿਆਂ ਸੋਚ ਮਗਨ ਥੋੜ੍ਹੀ ਦੇਰ ਚੁੱਪ ਰਹਿ ਕੇ ਕਹਿਣ ਲੱਗੇ, "ਆਉਣ ਵਾਲੇ ਸਮੇਂ ਗੁਰੂ-ਘਰ ਬਹੁਤ ਭਿਆਨਕ ਮੁਸੀਬਤਾਂ ਤੇ ਸੰਕਟਾਂ ਵਿਚੋਂ ਗੁਜ਼ਰੇਗਾ । ਉਦੋਂ ਤੈਨੂੰ ਬਹੁਤ ਕਸ਼ਟ ਹੋਵੇਗਾ—ਜੇ ਤੂੰ ਕਹੇਂ ਤਾਂ ਮੈਂ ਤੈਨੂੰ ਉਨ੍ਹਾਂ ਦੀ ਇਕ ਝਲਕੀ ਵਿਖਾ ਦੇਂਦਾ ਹਾਂ ।" ਕ੍ਰਿਸ਼ਨ ਜੀ ਨੇ ਮਾਤਾ ਯਸ਼ੋਧਾ ਨੂੰ ਭਗਵਾਨ ਦਾ ਵਿਰਾਟ ਰੂਪ ਆਪਣੇ ਮੁੱਖ ਵਿਚੋਂ ਹੀ ਵਿਖਾ ਦਿੱਤਾ ਸੀ । ਠੀਕ ਉਸੇ ਤਰ੍ਹਾਂ ਸਤਿਗੁਰੂ ਦੀ ਅੰਮ੍ਰਿਤ-ਦ੍ਰਿਸ਼ਟ ਨਾਲ ਬੀਬੀ ਭਾਨੀ ਨੇ ਪੰਚਮ ਗੁਰੂ ਨੂੰ ਤੱਤੀ ਲੋਹ ਉੱਪਰ ਬੈਠਿਆਂ ਵੇਖਿਆ । ਛੇਵੇਂ ਗੁਰੂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਬੰਦੀ ਬਣੇ ਵੇਖਿਆ । ਨੌਵੇਂ ਗੁਰੂ ਨੂੰ ਤਿੱਖੀਆਂ ਸੀਖਾਂ ਵਾਲੇ ਲੋਹੇ ਦੇ ਪਿੰਜਰੇ ਵਿਚ ਵੇਖਿਆ । ਦਸਵੇਂ ਗੁਰੂ ਨੂੰ ਸਰਬੰਸ ਲੁਟਾ ਕੇ ਪਾਟੇ ਜਾਮੇ, ਨੰਗੇ ਪੈਰ ਮਾਛੀਵਾੜੇ ਵਿਚ ਸੁੱਤਾ ਵੇਖਿਆ । ਮਾਸੂਮ ਬਾਲ ਨੀਂਹਾਂ ਵਿਚ ਚਿਣੀਂਦੇ ਵੇਖੇ, ਮਾਤਾ ਗੁਜਰੀ ਬੁਰਜ ਤੋਂ ਢਹਿੰਦੀ ਡਿੱਠੀ । ਜਦੋਂ ਇਹ ਸਾਰਾ ਕੁਝ ਬੀਬੀ ਦੀਆਂ ਅੱਖਾਂ ਅੱਗੋਂ ਰੀਲ ਵਾਂਗੂੰ ਲੰਘਿਆ ਤਾਂ ਬੀਬੀ ਭਾਨੀ ਡੋਲੀ ਜਾਂ ਘਬਰਾਈ ਨਹੀਂ, ਸਗੋਂ ਇਕ ਅਥਾਹ ਆਤਮ-ਵਿਸ਼ਵਾਸ ਵਿਚ ਭਰ ਕੇ ਬੋਲੀ, "ਅਜੇਹੇ ਕੰਬਾ ਦੇਣ ਵਾਲੇ ਜ਼ੁਲਮ ਮੇਰਾ ਖ਼ਾਨਦਾਨ ਹੀ ਜਰ ਸਕੇਗਾ ।" ਇਸ ਤੱਥ ਦੀ ਪੁਸ਼ਟੀ ਗਿਆਨੀ ਗਿਆਨ

ਸਿੰਘ, ਭਾਈ ਸੰਤੋਖ ਸਿੰਘ ਤੇ ਬੀਬੀ ਭਾਨੀ ਦੇ ਸਮਕਾਲੀ ਭਾਈ ਗੁਰਦਾਸ ਜੀ ਨੇ—"ਜਾਣ ਨ ਦੇਸਾਂ ਸੋਢੀਓ ਹੋਰਸ ਅਜਰ ਨ ਜਰਿਆ ਜਾਈ" ਕਹਿ ਕੇ ਕੀਤੀ ਹੈ।

ਪਿਤਾ-ਪੁੱਤਰੀ ਦੇ ਸੰਬਾਦ ਨੂੰ ਕੁਝ ਇਤਿਹਾਸਕਾਰਾਂ ਨੇ ਅਨੇਕ ਵਾਰ ਚਿੱਤਰਿਆ ਹੈ। ਅਜਿਹਾ ਹੋਰ ਉਦਾਹਰਣ ਗੁਰੂ-ਘਰ ਵਿਚ ਦੁਰਲੱਭ ਹੈ। ਇਕ ਵਾਰ ਪਿਤਾ-ਪੁੱਤਰੀ ਦੋਵੇਂ ਬੈਠੇ ਗੱਲਾਂ ਕਰ ਰਹੇ ਸਨ। ਸਨੇਹ-ਭਿੱਜੇ ਹੱਥ ਪਿੱਠ ਉਤੇ ਫੇਰ ਕੇ ਪੁੱਛਣ ਲੱਗੇ : "ਪੁੱਤਰੀ ਜੇ ਤੂੰ ਵਿਧਵਾ ਹੋ ਜਾਏਂ ਤਾਂ ਕੀ ਕਰੇਂ ?" ਬੀਬੀ ਭਾਨੀ ਬਿਨਾਂ ਕੁਝ ਕਹੇ ਉਠ ਕੇ ਅੰਦਰ ਚਲੀ ਗਈ ਤੇ ਦੋ ਮਿੰਟਾਂ ਵਿਚ ਹੀ ਮੈਲੇ ਕਪੜੇ ਪਹਿਨ ਤੇ ਸੁਹਾਗ ਦੀ ਨਿਸ਼ਾਨੀ ਨੱਥ ਉਤਾਰ ਕੇ ਬਾਹਰ ਆ ਕੇ ਗੁਰਦੇਵ ਪਿਤਾ ਦੇ ਚਰਨਾਂ ਉੱਪਰ ਰੱਖ ਦਿੱਤੀ। ਬੀਬੀ ਦੀ ਇਹ ਦਸ਼ਾ ਵੇਖ ਕੇ ਪਿੱਤਰੀ-ਸਨੇਹ ਦ੍ਰਵਿਤ ਹੋ ਉਠਿਆ ਤੇ ਪਿਤਾ ਬੋਲੇ, "ਬੇਟੀ ਤੇਰੇ ਪਤੀ ਦੀ ਆਰਜਾ ਅੱਜ ਪੂਰੀ ਹੋਣ ਵਾਲੀ ਹੈ—ਅਜਿਹਾ ਮਹਿਸੂਸ ਹੋਇਆ ਹੈ। ਮੇਰੇ ਕੋਲੋਂ ਤੇਰੀ ਇਹ ਦਸ਼ਾ ਵੇਖੀ ਨਹੀਂ ਗਈ, ਇਸ ਲਈ ਮੈਂ ਆਪਣੀ ਰਹਿੰਦੀ ਉਮਰਾ ਤੇਰੇ ਪਤੀ ਨੂੰ ਦਾਨ ਵਿਚ ਦੇਂਦਾ ਹਾਂ।" ਉਸੇ ਦਿਨ ਉਸੇ ਵੇਲੇ ਦੀਵਾਨ ਸਜਾਇਆ ਗਿਆ, ਸੰਗਤ ਦੇ ਰੂਬਰੂ ਗੁਰੂਦੇਵ ਨੇ ਫੁਰਮਾਇਆ, "ਸਾਡੇ ਪ੍ਰਲੋਕ ਗਮਨ ਦਾ ਸਮਾਂ ਆ ਗਿਆ ਹੈ। ਰਾਮਦਾਸ ਜੀ ਨੂੰ ਹਰ ਤਰ੍ਹਾਂ ਯੋਗ ਸਮਝ ਕੇ ਗੁਰਤਾ ਦਾ ਅਧਿਕਾਰ ਦੇਣਾ ਚਾਹੁੰਦੇ ਹਾਂ।" ਇਹ ਬਚਨ ਸੁਣਦਿਆਂ ਹੀ ਬਾਬਾ ਬੁੱਢਾ ਜੀ ਆਦਿ ਮੁਖੀ ਸਿੱਖਾਂ ਨੇ (ਗੁਰੂ) ਰਾਮਦਾਸ ਜੀ ਨੂੰ ਸਾਫ਼ ਸਵੱਛ ਕਪੜੇ ਪਹਿਨਾ ਕੇ ਸਤਿਗੁਰੂ ਜੀ ਦੇ ਸਨਮੁਖ ਲੈ ਆਂਦਾ। ਗੁਰੂ ਅਮਰਦਾਸ ਜੀ ਨੇ ਬਾਬਾ ਬੁੱਢਾ ਜੀ ਨੂੰ ਮਰਿਆਦਾ ਅਨੁਸਾਰ (ਗੁਰੂ) ਰਾਮਦਾਸ ਜੀ ਨੂੰ ਗੁਰਗੱਦੀ ਦਾ ਤਿਲਕ ਲਾਉਣ ਦਾ ਆਦੇਸ਼ ਦਿੱਤਾ ਤੇ ਬਾਬਾ ਬੁੱਢਾ ਜੀ ਨੇ ਸਤਿਬਚਨ ਕਹਿ ਕੇ ਪੂਰਾ ਕੀਤਾ। ਬਾਬਾ ਸੁੰਦਰ ਜੋ ਅਮਰਦਾਸ ਜੀ ਦੇ ਪੜਪੋਤਰੇ ਸਨ, ਨੇ ਇਸ ਸਮੇਂ ਦੀ ਵਿਆਖਿਆ ਰਾਮਕਲੀ ਦੀ ਸਦ ਵਿਚ ਕੀਤੀ ਹੈ :

ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ ॥
ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ ॥
ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ ॥
ਸਭ ਪਵੈ ਪੈਰੀ ਸਤਿਗੁਰੁ ਕੇਰੀ ਜਿਥੇ ਗੁਰੂ ਆਪੁ ਰਖਿਆ।
ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ ॥
(ਗੁਰੂ ਗ੍ਰੰਥ ਸਾਹਿਬ, ਪੰਨੇ 923-924)

ਇਨ੍ਹਾਂ ਪੰਕਤੀਆਂ ਤੋਂ ਇਕ ਤੱਥ ਹੋਰ ਵੀ ਪ੍ਰਗਟ ਹੁੰਦਾ ਹੈ। ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਨ ਜੀ ਨੇ ਗੁਰਤਾ ਦਾ ਵਿਰੋਧ ਕੀਤਾ। ਭਾਈ ਸੰਤੋਖ ਸਿੰਘ ਦੇ ਕਥਨ ਅਨੁਸਾਰ ਪਿਤਾ-ਗੁਰੂ ਅਮਰਦਾਸ ਜੀ ਨੇ ਆਪਣੇ ਪੁੱਤਰ ਨੂੰ ਗੁਰੂ ਰਾਮਦਾਸ ਜੀ ਅੱਗੇ ਭੇਟਾ ਰੱਖ ਕੇ ਮੱਥਾ ਟੇਕਣ ਲਈ ਕਿਹਾ ਪਰ ਉਨ੍ਹਾਂ ਨੇ ਮੱਥਾ ਟੇਕਣੋਂ ਇਨਕਾਰ ਕਰ ਦਿੱਤਾ ਤੇ ਨਾਲ ਹੀ ਕਿਹਾ, "ਸਾਰੇ ਪਰਿਵਾਰ ਵਿਚੋਂ ਮੈਂ ਵੱਡਾ ਹਾਂ, ਤੁਸਾਂ ਮੇਰਾ ਹੱਕ ਰਾਮਦਾਸ ਜੀ ਨੂੰ ਦਿੱਤਾ ਹੈ ਇਸ ਲਈ ਮੈਂ ਰਾਮਦਾਸ ਜੀ ਅੱਗੇ ਮੱਥਾ ਨਹੀਂ ਟੇਕਾਂਗਾ।" ਪਿਤਾ-ਗੁਰੂ ਅਮਰਦਾਸ ਜੀ ਨੂੰ ਬਾਬਾ ਮੋਹਨ ਦਾ ਇਹ ਵਤੀਰਾ ਚੰਗਾ ਨਾ ਲੱਗਾ ਤੇ ਸਹਿਜੇ ਹੀ ਕਿਹਾ, "ਤੂੰ ਈਰਖਾ ਵੱਸ ਮੱਥਾ ਨਹੀਂ ਟੇਕਿਆ, ਤੇਰੀ ਛਾਤੀ ਜਲਦੀ ਹੀ ਰਹੇਗੀ। ਸਮਾਂ ਆਏਗਾ,

ਤੂੰ ਮੱਥਾ ਟੇਕ ਕੇ ਹੀ ਆਪਣੇ ਮਨ ਨੂੰ ਠੰਡਾ ਕਰ ਸਕੇਂਗਾ।" ਗੁਰੂ-ਇਤਿਹਾਸ ਗਵਾਹ ਹੈ ਤੀਸਰੇ ਗੁਰੂ ਜੀ ਨੇ ਬਾਣੀ ਦਾ ਸੰਗ੍ਰਹਿ ਆਪਣੇ ਪੋਤਰੇ ਸੰਸਾਰਾਮ ਪਾਸੋਂ ਤਿਆਰ ਕਰਵਾਇਆ ਤੇ ਉਹ ਸੰਗ੍ਰਹਿ ਸੰਸਾਰਾਮ ਪਾਸ ਹੀ ਰਿਹਾ। ਜਦੋਂ ਪੰਚਮ ਪਾਤਸ਼ਾਹ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਲੱਗੇ ਤਾਂ ਉਹ ਪੋਥੀਆਂ ਬਾਬਾ ਮੋਹਨ ਜੀ ਨੇ ਆਪਣੇ ਭਤੀਜੇ ਸੰਗਰਾਮ ਪਾਸੋਂ ਲੈ ਕੇ ਪੰਚਮ ਪਾਤਸ਼ਾਹ ਅੱਗੇ ਮੱਥਾ ਟੇਕ ਕੇ ਭੇਟ ਕੀਤੀਆਂ ਤੇ ਇਸ ਤਰ੍ਹਾਂ ਮਨ ਦੀ ਜਲਨ ਬੁਝਾਈ। ਇਹ ਗੱਲ ਬਾਬਾ ਸੁੰਦਰ ਜੀ ਦੀ ਇਸ ਪੰਕਤੀ ਤੋਂ ਸਪੱਸ਼ਟ ਹੁੰਦੀ ਹੈ :

ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ ॥

ਸਦ ਦੀ ਰਚਨਾ ਬਾਬੇ ਸੁੰਦਰ ਨੇ ਕੀਤੀ। ਬਾਬਾ ਸੁੰਦਰ ਬਾਬਾ ਅਨੰਦ ਦੇ ਪੁੱਤਰ ਤੇ ਬਾਬਾ ਮੋਹਰੀ ਦੇ ਪੋਤਰੇ ਸਨ। ਬਾਬਾ ਮੋਹਰੀ ਗੁਰੂ ਅਮਰਦਾਸ ਦਾ ਸਪੁੱਤਰ ਹੈ। ਇਸ ਤਰ੍ਹਾਂ ਬਾਬਾ ਸੁੰਦਰ ਗੁਰੂ ਅਮਰਦਾਸ ਜੀ ਦੇ ਪੜਪੋਤਾ ਸਨ ਤੇ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਵੀ। ਪੰਚਮ ਗੁਰੂ ਦੇ ਕਹਿਣ ਉਪਰੰਤ ਹੀ ਬਾਬਾ ਸੁੰਦਰ ਨੇ 'ਸਦ' ਦੀ ਰਚਨਾ ਕੀਤੀ। 'ਸਦ' ਵਿਚ ਉਨ੍ਹਾਂ ਨੇ ਆਪਣੇ ਪੜਦਾਦਾ-ਗੁਰੂ ਅਮਰਦਾਸ ਜੀ ਦੇ ਅੰਤਿਮ ਉਪਦੇਸ਼ ਤੇ ਗੁਰੂ-ਗੱਦੀ ਦਾ ਸਪੱਸ਼ਟ ਸੰਕੇਤ ਦਿੱਤਾ। ਇਤਿਹਾਸ ਦੇ ਸੰਕੇਤ ਮੌਜੂਦ ਹਨ। ਗੁਰੂ ਅਮਰਦਾਸ ਜੀ ਦੀ ਗੁਰਤਾ ਦਾ ਇਤਿਹਾਸ ਹੀ ਕੇਵਲ ਗੁਰੂ ਗ੍ਰੰਥ ਸਾਹਿਬ ਵਿਚ ਮਿਲਦਾ ਹੈ। ਬਾਬਾ ਸੁੰਦਰ ਜੀ ਦੀ ਰਚਨਾ 'ਸਦ' ਵਿਚ ਪੇਸ਼ ਹੋਈ ਇਸ ਘਟਨਾ ਦਾ ਸ਼੍ਰੇਅ ਵੀ ਬੀਬੀ ਭਾਨੀ ਨੂੰ ਹੀ ਹੈ। ਬੀਬੀ ਭਾਨੀ ਜੀ ਪੇਕੇ ਤੇ ਸਹੁਰੇ ਘਰ ਵਿਚ ਬਹੁਤ ਮਾਨਤਾ ਪ੍ਰਾਪਤ ਕਰ ਚੁੱਕੇ ਸਨ।

ਨਾਲੇ, ਗੁਰੂ-ਇਤਿਹਾਸ ਵਿਚ ਗੁਰੂ-ਗੱਦੀ ਪ੍ਰਾਪਤ ਕਰਨ ਵਾਲਿਆਂ ਨੇ ਆਪ ਤਾਂ ਅਨਿੰਨ ਸੇਵਾ ਕਰ ਕੇ ਗੁਰੂ-ਗੱਦੀ ਪ੍ਰਾਪਤ ਕੀਤੀ ਹੈ ਪਰ ਕੋਈ ਮਿਸਾਲ ਜ਼ਾਹਿਰ ਨਹੀਂ ਕਿ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਪਤਨੀ ਨੇ ਵੀ ਗੁਰੂ-ਘਰ ਦੀ ਸੇਵਾ ਕਰ ਕੇ ਗੁਰੂ ਸਾਹਿਬ ਨੂੰ ਰਿਝਾ ਕੇ ਗੁਰਤਾ ਦਾ ਵਰ ਪ੍ਰਾਪਤ ਕੀਤਾ ਹੋਵੇ। ਇਹ ਮਾਣ ਕੇਵਲ ਬੀਬੀ ਭਾਨੀ ਨੂੰ ਹੀ ਪ੍ਰਾਪਤ ਹੈ। ਇਨ੍ਹਾਂ ਦੇ ਪਤੀ ਗੁਰੂ ਰਾਮਦਾਸ ਜੀ ਨੇ 6 ਵਰ੍ਹੇ 11 ਮਹੀਨੇ 13 ਦਿਨ ਗੁਰਤਾ ਕੀਤੀ।

ਗੁਰੂ ਰਾਮਦਾਸ ਜੀ ਨੇ ਗੁਰੂ-ਗੱਦੀ ਉੱਪਰ ਬਿਰਾਜਮਾਨ ਹੋ ਕੇ ਸਿੱਖ ਸੰਗਤ ਦੇ ਨਿਸਤਾਰੇ ਲਈ ਅਨੇਕਾਂ ਪਰਉਪਕਾਰ ਤਾਂ ਕੀਤੇ ਹੀ ਪਰ ਉਨ੍ਹਾਂ ਸਾਰਿਆਂ ਵਿਚੋਂ ਅੰਮ੍ਰਿਤਸਰ ਸਰੋਵਰ ਤੇ ਸ਼ਹਿਰ ਦੀ ਆਬਾਦੀ ਵਿਸ਼ੇਸ਼ ਹੈ। ਛੇਤੀ ਹੀ ਜੋਤੀ ਜੋਤਿ ਸਮਾ ਜਾਣ ਕਾਰਣ ਇਹ ਕਾਰਜ ਸਿਰੇ ਨਾ ਚੜ੍ਹ ਸਕੇ ਤੇ ਬਾਅਦ ਵਿਚ ਮਾਤਾ ਭਾਨੀ ਤੇ ਉਨ੍ਹਾਂ ਦੇ ਸਪੁੱਤਰ ਗੁਰੂ ਅਰਜਨ ਦੇਵ ਨੇ ਉਹ ਸਾਰੇ ਸੰਪੂਰਣ ਕੀਤੇ।

4

ਬੀਬੀ ਭਾਨੀ ਤੇ ਗੁਰੂ ਅਰਜਨ ਦੇਵ

ਗੁਰ-ਇਤਿਹਾਸ ਦੇ ਪੱਤਰੇ ਵਾਚਿਆਂ ਇਹ ਤੱਥ ਉੱਘੜ ਕੇ ਸਾਹਮਣੇ ਆਉਂਦਾ ਹੈ ਕਿ ਬੀਬੀ ਭਾਨੀ ਦੀ ਜ਼ਿੰਦਗੀ ਦਾ ਵਡੇਰਾ ਹਿੱਸਾ ਪਿਤਾ ਅਤੇ ਪੁੱਤਰ ਦੀ ਦੇਖਭਾਲ ਵਿਚ ਗੁਜ਼ਰਿਆ ਹੈ। ਸ਼ਾਦੀ ਹੋ ਜਾਣ ਤੋਂ ਬਾਅਦ ਵੀ ਉਹ ਪਿਤਾ ਦੀ ਸੇਵਾ ਬੜੀ ਲਗਨ ਸਹਿਤ ਕਰਦੇ ਰਹੇ। ਇਸ ਸੇਵਾ ਵਿਚ ਉਨ੍ਹਾਂ ਦੇ ਪਤੀ ਵੀ ਸ਼ਾਮਲ ਸਨ। ਪਤੀ ਵੀ ਆਪਣੇ ਸਹੁਰੇ ਦੇ

ਅਨਿੰਨ ਸ਼ਰਧਾਲੂ ਸਨ । ਜਿਸ ਦਾ ਨਤੀਜਾ ਇਹ ਨਿਕਲਿਆ ਕਿ ਬੀਬੀ ਭਾਨੀ ਦੇ ਘਰ ਦੀ ਦੇਖਭਾਲ ਵੀ ਇਕ ਤਰ੍ਹਾਂ ਪਿਤਾ ਦੇ ਹੁਕਮ ਵਿਚ ਹੀ ਹੁੰਦੀ ਰਹੀ । ਪਿਤਾ ਦੇ ਜੋਤੀ ਜੋਤਿ ਸਮਾਉਣ ਦੇ ਬਾਅਦ ਉਨ੍ਹਾਂ ਦੇ ਪਤੀ ਲਗਭਗ ਸੱਤ ਕੁ ਸਾਲ ਗੁਰਗੱਦੀ ਉੱਪਰ ਬਿਰਾਜਮਾਨ ਰਹੇ । ਇਸ ਸਮੇਂ ਉਨ੍ਹਾਂ ਨੇ ਅੰਮ੍ਰਿਤਸਰ ਵਿਚ ਸਰੋਵਰ ਤੇ ਸੰਤੋਖਸਰ ਦੀ ਖੁਦਾਈ ਕਰਵਾਈ ਤਾਂ ਬੀਬੀ ਭਾਨੀ ਨੇ ਪੂਰਾ ਪੂਰਾ ਸਹਿਯੋਗ ਦਿੱਤਾ । ਇਸੇ ਦੌਰਾਨ ਗੁਰੂ ਰਾਮਦਾਸ ਜੀ ਨੇ ਬਾਣੀ-ਰਚਨਾ ਕੀਤੀ । ਗੁਰੂ ਅਮਰਦਾਸ ਜੀ ਨੇ ਮੰਜੀਆਂ ਦੀ ਸਥਾਪਨਾ ਕੀਤੀ ਤਾਂ ਕਿ ਗੁਰੂ-ਘਰ ਦੇ ਪ੍ਰਚਾਰ ਵਿਚ ਵਾਧਾ ਵੀ ਹੋਵੇ ਤੇ ਲੋਕਾਂ ਦੀ ਸਹੀ ਅਗਵਾਈ ਵੀ ਕੀਤੀ ਜਾ ਸਕੇ । ਬੀਬੀ ਭਾਨੀ ਪਿਤਾ ਤੇ ਪਤੀ ਦੇ ਕਾਰਜ ਵੇਖ-ਵੇਖ ਸਦਾ ਕੁਰਬਾਨ ਜਾਂਦੀ ਰਹੀ ।

ਬੀਬੀ ਭਾਨੀ ਨੂੰ ਗੁਰੂ-ਘਰ ਦੇ ਸਾਰੇ ਕਾਰਜਾਂ ਦੀ ਟਰੇਨਿੰਗ ਪਿਤਾ ਅਤੇ ਪਤੀ ਪਾਸੋਂ ਮਿਲੀ ਹੋਈ ਸੀ । ਹੁਣ ਵਾਰੀ ਆਈ ਸੀ ਪੁੱਤਰ ਦੀ । ਬੀਬੀ ਭਾਨੀ ਨੇ ਆਪਣੇ ਹੋਣਹਾਰ ਪੁੱਤਰ ਨੂੰ ਗੁਰੂ-ਘਰ ਦੇ ਸਾਰੇ ਕਾਰਜਾਂ ਵਿਚ ਪੂਰੀ-ਪੂਰੀ ਸਲਾਹ ਦਿੱਤੀ । ਪਹਿਲਾ, ਮਹੱਤਵ-ਪੂਰਨ ਕਾਰਜ ਜੋ ਪੰਚਮ ਗੁਰੂ ਜੀ ਨੇ ਕੀਤਾ, ਉਹ ਸੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ । ਇਥੇ ਇਹ ਗੱਲ ਧਿਆਨ ਰਹੇ ਬਾਣੀ ਉਚਾਰਣ ਦਾ ਕਾਰਜ ਵੀ ਪੰਚਮ ਪਾਤਸ਼ਾਹ ਨੇ ਪਿੱਛੇ ਨਹੀਂ ਪਾਇਆ । ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਅਧਿਕ ਮਾਤਰਾ ਵਿਚ ਬਾਣੀ ਪੰਚਮ ਗੁਰੂ ਜੀ ਦੀ ਹੀ ਹੈ । ਗੁਰੂ ਰਾਮਦਾਸ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ 31 ਰਾਗਾਂ ਵਿਚੋਂ 30 ਰਾਗਾਂ ਵਿਚ ਬਾਣੀ ਸਿਰਜਣਾ ਕੀਤੀ ਹੈ । ਗੁਰੂ ਅਰਜਨ ਦੇਵ ਜੀ ਨੇ ਵੀ ਉਨ੍ਹਾਂ ਦੀ ਅਨੁਸਾਰਤਾ ਕਰਦੇ ਹੋਏ 30 ਰਾਗਾਂ ਵਿਚ ਬਾਣੀ-ਰਚਨਾ ਕੀਤੀ ਹੈ । ਸਨਾਤਨੀ ਸੰਗੀਤ ਦੀ ਸਹੀ ਟ੍ਰੇਨਿੰਗ ਗੁਰੂ ਅਰਜਨ ਦੇਵ ਜੀ ਨੂੰ ਆਪਣੀ ਮਾਤਾ ਭਾਨੀ ਜੀ ਦੀ ਮੌਜੂਦਗੀ ਵਿਚ ਹੀ ਪਿਤਾ-ਗੁਰੂ ਰਾਮਦਾਸ ਜੀ ਪਾਸੋਂ ਮਿਲੀ । ਗੁਰੂ ਅਰਜਨ ਦੇਵ ਜੀ ਦੇ ਸਮੇਂ ਗੁਰੂ ਸੰਸਥਾ ਆਪਣੀ ਚਰਮ ਸੀਮਾ ਨੂੰ ਪ੍ਰਾਪਤ ਹੋਈ । ਗੁਰੂ ਗ੍ਰੰਥ ਸਾਹਿਬ ਵਿਚ ਹੋਰ ਅਨੇਕਾਂ ਸੰਤਾਂ-ਭਗਤਾਂ ਦੀ ਬਾਣੀ ਅੰਕਿਤ ਕੀਤੀ ਗਈ ਸੀ । ਬਾਣੀ ਦਾ ਸੰਗ੍ਰਹਿ ਕਰਨਾ, ਬਾਣੀ ਦੇ ਉਤਾਰੇ ਕਰਵਾਉਣੇ, ਬਾਣੀ ਦੀ ਸੰਪਾਦਨਾ ਕਰਾਉਣੀ, ਇਨ੍ਹਾਂ ਸਾਰਿਆਂ ਕਾਰਜਾਂ ਵਿਚ ਮਾਤਾ ਭਾਨੀ ਜੀ ਨੇ ਵਿਸ਼ੇਸ਼ ਯੋਗਦਾਨ ਦਿੱਤਾ ।

ਪੰਚਮ ਗੁਰੂ ਨੇ ਅੰਮ੍ਰਿਤਸਰ ਸ਼ਹਿਰ ਨੂੰ ਬੜੀ ਸੋਹਣੀ ਤਰ੍ਹਾਂ ਆਬਾਦ ਕੀਤਾ । ਬਾਜ਼ਾਰ ਬਣਵਾਏ, ਵੱਖ-ਵੱਖ ਕਿੱਤਿਆਂ ਦੇ ਲੋਕਾਂ ਨੂੰ ਉਤਸ਼ਾਹ ਦਿੱਤਾ । ਘੋੜਿਆਂ ਦੀ ਤਜਾਰਤ ਲਈ ਸਿੱਖ ਕਾਬਲ ਭੇਜੇ । ਦਸਵੰਧ ਦੀ ਰਸਮ ਚਲਾ ਕੇ ਆਮਦਨ ਦਾ ਪੱਕਾ ਪ੍ਰਬੰਧ ਕੀਤਾ । ਸਰੋਵਰ ਬਣਾਏ, ਧਰਮ-ਸਥਾਨ ਬਣਾਏ, ਦੀਵਾਨਖਾਨੇ ਬਣਾਏ, ਸੈਂਹਸਰੇ ਪਿੰਡ ਵਿਚ ਬਾਗ਼ ਲਗਵਾਇਆ ਅਤੇ ਵਾਹੀ ਵੀ ਕਰਵਾਈ । ਵਡਾਲੀ ਪਿੰਡ ਵਿਚ ਛੇਹਰਟਾ ਖੂਹ ਇਸ ਦੀ ਸਾਖ ਭਰਦਾ ਹੈ । ਇਨ੍ਹਾਂ ਸਾਰਿਆਂ ਕਾਰਜਾਂ ਵਿਚ ਮਾਤਾ ਭਾਨੀ ਨੇ ਹਰ ਪੱਖੋਂ ਯੋਗ ਸਲਾਹ ਦਿੱਤੀ । ਗੁਰੂ ਅਰਜਨ ਦੇਵ ਜੀ ਨੂੰ ਪੂਰੀ ਪੂਰੀ ਕਾਮਯਾਬੀ ਹਾਸਲ ਹੋਈ । ਅਨੰਦ-ਤਰੰਗਿਤ ਗੁਰੂ ਜੀ ਨੇ ਆਪਣੀ ਬਾਣੀ-ਰਚਨਾ ਵਿਚ ਕਈ ਥਾਈਂ ਆਪਣੀ ਮਾਤਾ ਨੂੰ ਸੰਬੋਧਨ ਕਰ ਕੇ ਸ਼ਬਦ ਰਚੇ ਹਨ । ਇਹ ਸ਼ਬਦ ਪੰਚਮ ਗੁਰੂ ਦੀ ਪ੍ਰਸੰਨਤਾ ਦਾ ਵੀ ਇਜ਼ਹਾਰ ਕਰਦੇ ਹਨ ਤੇ ਮਾਤਾ ਪ੍ਰਤੀ ਕ੍ਰਿਤੱਗਤਾ ਦਾ ਵੀ । ਕਦੀ ਕਦੀ ਤਾਂ ਪੰਚਮ ਗੁਰੂ ਅਨੰਦ-ਮਗਨ ਹੋ ਕੇ ਉਚਾਰ ਉਠਦੇ ਹਨ :

— ਮਾਈ ਖਾਟਿ ਆਇਓ ਘਰਿ ਪੂਤਾ ॥
(ਗੂਜਰੀ ਮਹਲਾ 5, ਗੁਰੂ ਗ੍ਰੰਥ ਸਾਹਿਬ, ਪੰਨਾ 495)

— ਪੂਤਾ ਮਾਤਾ ਕੀ ਅਸੀਸ ॥
ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਉ ਜਗਦੀਸ ॥
(ਗੂਜਰੀ ਮਹਲਾ 5, ਗੁਰੂ ਗ੍ਰੰਥ ਸਾਹਿਬ, ਪੰਨਾ 496)

ਸਪੱਸ਼ਟ ਹੈ, ਪੰਚਮ ਗੁਰੂ ਦੀ ਬਾਣੀ ਆਪ ਸਾਖ ਭਰਦੀ ਹੈ ਕਿ ਉਨ੍ਹਾਂ ਨੇ ਜੋ ਵੀ ਪ੍ਰਾਪਤੀਆਂ ਕੀਤੀਆਂ ਹਨ, ਇਹ ਉਨ੍ਹਾਂ ਦੀ ਮਿਹਨਤ ਕਰ ਕੇ ਹੀ ਨਹੀਂ ਸਗੋਂ ਮਾਂ ਭਾਨੀ ਦੀਆਂ ਅਸੀਸਾਂ ਸਦਕਾ ਵੀ ਹੈ। ਉਹ ਆਪਣੀ ਕਾਮਯਾਬੀ ਦਾ ਰਾਜ਼ ਵੱਡੇ-ਵਡੇਰਿਆਂ ਦੀਆਂ ਅਸੀਸਾਂ ਵਿਚ ਹੀ ਮੰਨਦੇ ਹਨ।

ਬੀਬੀ ਭਾਨੀ ਨੇ ਜਿਥੇ ਆਪਣੇ ਸਪੁੱਤਰ ਗੁਰੂ ਅਰਜਨ ਦੇਵ ਜੀ ਨੂੰ ਆਪਣੇ ਬਜ਼ੁਰਗਾਂ ਦੁਆਰਾ ਆਰੰਭ ਕੀਤੇ ਗਏ ਸਾਰੇ ਕਾਰਜਾਂ ਨੂੰ ਸਫ਼ਲਤਾ ਪੂਰਬਕ ਨਿਭਾਉਣ ਵਿਚ ਸਲਾਹ ਦਿੱਤੀ ਉਥੇ ਘਰੇਗੀ ਜੀਵਨ ਨੂੰ ਸੁਖਾਵਾਂ ਬਣਾਉਣ ਲਈ ਵੀ ਵਿਸ਼ੇਸ਼ ਹਿੱਸਾ ਪਾਇਆ। ਗੁਰੂ-ਇਤਿਹਾਸ ਗਵਾਹ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਘਰ ਸੰਤਾਨ ਦੀ ਥੁੜ ਰਹੀ ਹੈ। ਆਪ ਦੀ ਪਹਿਲੀ ਸ਼ਾਦੀ ਬੀਬੀ ਰਾਮ ਦੇਈ ਨਾਲ ਹੋਈ। ਉਸ ਦੀ ਕੁੱਖੋਂ ਸੰਤਾਨ ਨਹੀਂ ਹੋਈ ਤੇ ਬੀਬੀ ਰਾਮ ਦੇਈ ਅਕਾਲ ਚਲਾਣਾ ਵੀ ਕਰ ਗਈ। ਮਾਤਾ ਭਾਨੀ ਗ੍ਰਿਹਸਤ ਦੇ ਸੁਖ ਤੋਂ ਜਾਣੂ ਸੀ। ਬੀਬੀ ਭਾਨੀ ਦੇ ਕਹਿਣ 'ਤੇ ਹੀ ਗੁਰੂ ਅਰਜਨ ਦੇਵ ਜੀ ਨੇ ਦੂਸਰੀ ਸ਼ਾਦੀ ਮਉ ਪਿੰਡ, ਜ਼ਿਲ੍ਹਾ ਜਲੰਧਰ ਦੇ ਖੱਤਰੀ ਕਿਸ਼ਨ ਚੰਦ ਦੀ ਬੇਟੀ ਗੰਗਾ ਨਾਲ ਕੀਤੀ। ਕੋਈ ਅਚਰਜ ਨਹੀਂ ਕਿ ਬੀਬੀ ਰਾਮ ਦੇਈ ਦੇ ਪਰਲੋਕ ਗਮਨ ਤੋਂ ਬਾਅਦ ਪੰਚਮ ਗੁਰੂ ਦੂਸਰਾ ਵਿਆਹ ਨਾ ਕਰਾਉਂਦੇ। ਸਾਰੇ ਗੁਰੂ ਸਾਹਿਬਾਨ ਵਿਚੋਂ ਪੰਚਮ ਗੁਰੂ ਨੇ ਸਭ ਤੋਂ ਵੱਧ ਇਮਾਰਤ-ਉਸਾਰੀ, ਸਰੋਵਰ ਆਦਿ ਤੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵਰਗਾ ਮਹਾਨ ਅਤੇ ਕਠਿਨ ਕਾਰਜ ਕੀਤਾ। ਗੁਰੂ ਅਰਜਨ ਦੇਵ ਜੀ ਬਚਪਨ ਤੋਂ ਹੀ ਕੰਮਾਂ ਦੀ ਕਾਰਜਸ਼ਾਲਾ ਵਿਚ ਘਿਰੇ ਰਹੇ। ਕਦੀ ਸਾਹਿਤਕ, ਕਦੀ ਉਸਾਰੂ, ਕਦੀ ਸਮਾਜਿਕ ਤੇ ਕਦੀ ਪ੍ਰਚਾਰ ਨਾਲ ਸੰਬੰਧਿਤ ਕੰਮਾਂ ਨੇ ਉਨ੍ਹਾਂ ਦਾ ਧਿਆਨ ਮੱਲੀ ਰੱਖਿਆ। ਇੰਨੇ ਕਰੜੇ ਰੁਝੇਵਿਆਂ ਵਿਚ ਵੀ ਮਾਤਾ ਭਾਨੀ ਨੇ ਉਨ੍ਹਾਂ ਦਾ ਧਿਆਨ ਗੁਰੂ ਨਾਨਕ ਦੇ ਦ੍ਰਿੜਾਏ ਗ੍ਰਿਹਸਤ ਮਾਰਗ ਵੱਲ ਦਿਵਾਇਆ। ਬੀਰ ਗੁਰੂ ਹਰਿਗੋਬਿੰਦ ਮਾਤਾ ਗੰਗਾ ਦੀ ਕੁੱਖੋਂ ਪੈਦਾ ਹੋਏ। ਮਾਤਾ ਭਾਨੀ ਸੋਹਣੇ-ਸੁਨੱਖੇ ਪੋਤਰੇ ਨੂੰ ਲੋਰੀਆਂ ਦੇਂਦੇ ਨਾ ਥੱਕਦੇ। ਗੁਰੂ ਹਰਿਗੋਬਿੰਦ ਦੇ ਪਾਲਣ-ਪੋਸਣ ਵਿਚ ਬੀਬੀ ਭਾਨੀ ਦਾ ਵਿਸ਼ੇਸ਼ ਹੱਥ ਹੈ। ਮਾਂ ਭਾਨੀ ਦੀਆਂ ਬਰਕਤ ਵਾਲੀਆਂ ਲੋਰੀਆਂ ਨੇ ਹੀ ਇਕ ਅਜਿਹੇ ਯੋਧੇ ਨੂੰ ਜਨਮ ਦਿੱਤਾ ਜਿਸ ਨੇ ਗੁਰੂ-ਘਰ ਵਿਚ ਚਲਦੀ ਆ ਰਹੀ ਸ਼ਾਂਤ ਲਹਿਰ ਨੂੰ ਝੰਜੋੜ ਕੇ ਪੀਰੀ ਦੇ ਨਾਲ ਮੀਰੀ ਵੀ ਜੋੜ ਦਿੱਤੀ। ਗੁਰੂ-ਸੰਸਥਾ ਧਾਰਮਿਕ ਜਥੇਬੰਦੀ ਦੇ ਨਾਲ ਨਾਲ ਰਾਜਨੀਤੀ ਵੱਲ ਵੀ ਮੁੜ ਪਈ।

ਬੀਬੀ ਭਾਨੀ ਗੁਰੂ ਅਰਜਨ ਦੇਵ ਜੀ ਦੇ ਲੰਗਰ ਦੇ ਮੁੱਖ ਪ੍ਰਬੰਧਕ ਵੀ ਸਨ। ਘਰੇਗੀ ਫੁੱਟ ਨੇ ਗੁਰੂ ਅਰਜਨ ਦੇਵ ਜੀ ਦਾ ਘਰੇਗੀ ਜੀਵਨ ਬਹੁਤ ਸੁਖਾਵਾਂ ਨਾ ਰਹਿਣ ਦਿੱਤਾ ਤੇ ਪ੍ਰਿਥੀ ਚੰਦ ਦੇ ਵਰ੍ਹਿਆਂ-ਬੱਧੀ ਵਿਰੋਧ ਤੇ ਈਰਖਾ ਨੇ ਅਖ਼ੀਰ ਗੁਰੂ ਅਰਜਨ ਦੇਵ ਜੀ ਨੂੰ ਉਸ ਥਾਂ ਪਹੁੰਚਾ ਦਿੱਤਾ ਜਿਸ ਨੂੰ ਸੁਣ ਕੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਗੁਰੂ ਜੀ ਦੀ ਸ਼ਹੀਦੀ

ਵਿਚ ਭਾਵੇਂ ਹੋਰ ਅਨੇਕਾਂ ਕਾਰਣ ਵੀ ਮੌਜੂਦ ਹਨ ਪਰ ਤਾਂ ਵੀ ਪ੍ਰਿਥੀ ਚੰਦ ਦੀ ਵਿਰੋਧਤਾ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ । ਪ੍ਰਿਥੀ ਚੰਦ ਨੇ ਪੰਚਮ ਗੁਰੂ ਦਾ ਵਿਰੋਧ ਕਈ ਤਰ੍ਹਾਂ ਨਾਲ ਕੀਤਾ । ਪ੍ਰਿਥੀ ਚੰਦ ਦੇ ਵਿਚਾਰ ਵਿਚ ਜੇ ਉਹ ਬਾਣੀ-ਰਚਨਾ ਕਰ ਲਵੇ ਤਾਂ ਗੁਰੂ ਦੀ ਤਰ੍ਹਾਂ ਪੂਜਿਆ ਜਾ ਸਕਦਾ ਹੈ । ਸੋ ਉਸ ਨੇ ਵੀ 'ਨਾਨਕ' ਪਦ ਪਾ ਕੇ ਬਾਣੀ-ਰਚਨਾ ਸ਼ੁਰੂ ਕਰ ਦਿੱਤੀ । ਆਪਣੇ ਸਹੁਰੇ ਪਿੰਡ ਹੇਹਰੀਂ ਜਾ ਕੇ ਉਸ ਨੇ ਇਕ ਤਾਲ ਬਣਵਾਇਆ । ਪ੍ਰਚਾਰ ਦੇ ਕੇਂਦਰ ਜੋ ਪੂਰਬਵਰਤੀ ਗੁਰੂਆਂ ਨੇ ਸਥਾਪਿਤ ਕੀਤੇ ਸਨ, ਉਥੇ ਆਪਣੇ ਬੰਦੇ ਭੇਜੇ । ਸਿੱਖ-ਸੰਗਤ ਜੋ ਮਾਇਆ ਅਰਦਾਸਾਂ ਕਰਵਾਉਂਦੀ ਜਾਂ ਕਾਰ ਭੇਟ ਗੁਰੂ-ਘਰ ਲਈ ਲਿਆਉਂਦੀ ਉਹ ਰਸਤੇ ਵਿਚ ਹੀ ਲੈ ਲੈਂਦੇ । ਇਸ ਤਰ੍ਹਾਂ ਗੁਰੂ ਜੀ ਦੇ ਲੰਗਰ ਨੂੰ ਨਾ ਤਾਂ ਕੱਚੀ ਰਸਦ ਹੀ ਪੁੱਜਦੀ ਤੇ ਨਾ ਹੀ ਮਾਇਆ । ਇਕ ਦਿਨ ਦੀ ਗੱਲ ਹੈ ਭਾਈ ਗੁਰਦਾਸ ਜੀ ਗੁਰੂ ਦੇ ਲੰਗਰ ਵਿਚ ਪ੍ਰਸ਼ਾਦ ਛਕਣ ਆਏ ਤਾਂ ਬੀਬੀ ਭਾਨੀ ਜੀ ਨੇ ਸੁੱਕਾ ਪ੍ਰਸ਼ਾਦਾ ਉਨ੍ਹਾਂ ਦੇ ਹੱਥਾਂ ਉੱਪਰ ਰੱਖਿਆ । ਉਹ ਵੇਖ ਕੇ ਹੈਰਾਨ ਹੋਏ ਤੇ ਪੁੱਛਣ ਲੱਗੇ— "ਲੰਗਰ ਦੀ ਇਹ ਹਾਲਤ ਕਿਉਂ ? ਮੈਂ ਤਾਂ ਪੰਜਾਬ ਤੇ ਬਨਾਰਸ ਆਦਿ ਵੱਲ ਪ੍ਰਚਾਰ ਕਰ ਕੇ ਸਿੱਖ-ਸੰਗਤ ਨੂੰ ਇੱਧਰ ਭੇਜਦਾ ਰਿਹਾ ਹਾਂ ।" ਤਫ਼ਤੀਸ਼ ਕਰਨ ਉਪਰੰਤ ਬੀਬੀ ਭਾਨੀ ਜੀ ਨੇ ਦੱਸਿਆ ਕਿ ਪ੍ਰਿਥੀ ਚੰਦ ਦੇ ਆਦਮੀ ਰਾਹ ਵਿਚ ਹੀ ਸ਼ਰਧਾਲੂ ਸਿੱਖ ਸੰਗਤ ਪਾਸੋਂ ਸਭ ਕੁਝ ਲੈ ਲੈਂਦੇ ਹਨ ਇਸੇ ਕਰ ਕੇ ਹੀ ਗੁਰੂ ਦਾ ਲੰਗਰ ਮਸਤਾਨਾ ਚਲ ਰਿਹਾ ਹੈ ।

ਗੁਰੂ-ਇਤਿਹਾਸ ਗਵਾਹ ਹੈ ਕਿ ਮਾਤਾ ਭਾਨੀ ਤੇ ਭਾਈ ਗੁਰਦਾਸ ਨੇ ਵਿਚਾਰ ਕਰਨ ਉਪਰੰਤ ਹੀ ਪ੍ਰਿਥੀ ਚੰਦ ਦੇ ਅਜਿਹੇ ਕਾਰਨਾਮਿਆਂ ਦੀ ਨਾਕਾਬੰਦੀ ਕੀਤੀ । ਇਸ ਘਟਨਾ ਤੋਂ ਦੋ ਤੱਥ ਉੱਭਰ ਕੇ ਸਾਹਮਣੇ ਆਉਂਦੇ ਹਨ । ਪਹਿਲਾ ਬੀਬੀ ਭਾਨੀ ਪੰਚਮ ਗੁਰੂ ਦੁਆਰਾ ਕੀਤੇ ਜਾ ਰਹੇ ਕਾਰਜਾਂ ਵਿਚ ਨਿਰੀ ਸਹਾਇਕ ਹੀ ਨਹੀਂ ਸਨ ਸਗੋਂ ਮੁਖੀ ਦੇ ਤੌਰ ਤੇ ਵੀ ਜ਼ਿੰਮੇਵਾਰੀ ਸੰਭਾਲ ਰਹੇ ਸਨ । ਬੀਬੀ ਭਾਨੀ ਲੰਗਰ ਦਾ ਪ੍ਰਬੰਧ ਵੀ ਕਰਦੇ ਸਨ ਤੇ ਲੰਗਰ ਵਿਚ ਸੇਵਾ ਵੀ । ਦੂਜਾ, ਬੀਬੀ ਭਾਨੀ ਮਾਂ ਹੋਣ ਦੇ ਨਾਤੇ ਮਮਤਾ ਵਿਚ ਨਹੀਂ ਫਸੇ ਤੇ ਸੱਚ ਦਾ ਸਾਥ ਦਿੱਤਾ । ਪ੍ਰਿਥੀ ਚੰਦ ਗੁਰੂ-ਘਰ ਦਾ ਵਿਰੋਧੀ ਹੋਣ ਕਰ ਕੇ ਆਪਣੇ ਸਮੇਂ ਵਿਚ ਹੀ ਨਿੰਦਾ ਦਾ ਕਾਰਣ ਬਣ ਗਿਆ । ਭਾਈ ਗੁਰਦਾਸ ਦਾ 'ਮੀਣਿਆਂ ਦੀ ਵਾਰ' ਲਿਖਣਾ ਇਸ ਤੱਥ ਦੀ ਪੁਸ਼ਟੀ ਕਰਦਾ ਹੈ । ਬੀਬੀ ਭਾਨੀ ਨੇ ਮਮਤਾ-ਮੋਹ ਵਿਚ ਫਸ ਕੇ ਕਦੀ ਵੀ ਪ੍ਰਿਥੀ ਚੰਦ ਨਾਲ ਰਿਆਇਤ ਨਹੀਂ ਕੀਤੀ ਸਗੋਂ ਆਪ ਲਈ ਤਾਂ ਗੁਰੂ-ਘਰ ਹੀ ਸਭ ਤੋਂ ਉੱਤਮ ਵਸਤੂ ਸੀ ਜੋ ਆਪ ਨੇ ਅਤਿਅੰਤ ਘਾਲਣਾ ਘਾਲ ਕੇ ਪ੍ਰਾਪਤ ਕੀਤਾ ਸੀ ।

ਕੁਲ ਮਿਲਾ ਕੇ, ਇਹ ਕਿਹਾ ਜਾ ਸਕਦਾ ਹੈ ਬੀਬੀ ਭਾਨੀ ਨੇ ਨਿਰਮਾਣ-ਸੇਵਾ ਦਾ ਸਬਕ ਦ੍ਰਿੜ੍ਹ ਕਰਾਉਣ ਦੇ ਨਾਲ ਨਾਲ ਨਿਸ਼ਕਾਮ ਭਗਤੀ ਦੇ ਉਦੇਸ਼ ਨੂੰ ਵੀ ਦ੍ਰਿੜ੍ਹ ਕਰਾਇਆ । ਬੀਬੀ ਭਾਨੀ ਸੁਘੜ, ਸਿਆਣੀ, ਸੁਸ਼ੀਲ, ਠਰ੍ਹੰਮੇ ਤੇ ਡੂੰਘੀ ਸੋਚ ਵਾਲੀ ਇਸਤਰੀ ਸੀ । ਨਿਰਪੱਖ ਏਡੀ ਜੇ ਇਹਦੇ ਲਈ ਪੁੱਤਰ ਦਾ ਮੋਹ ਵੀ ਛੱਡਣਾ ਪਵੇ ਤਾਂ ਕੋਈ ਹਰਜ ਨਹੀਂ । ਮਮਤਾ ਦੀ ਪੁਤਲੀ ਏਡੀ ਕਿ ਪੋਤਰੇ ਦਾ ਮੂੰਹ ਵੇਖਣ ਲਈ ਜਤੀ-ਸਤੀ ਪੁੱਤਰ ਨੂੰ ਦੂਸਰੀ ਸ਼ਾਦੀ ਲਈ ਮਨਾ ਲਵੇ । ਹਠੀ ਤੇ ਆਤਮ-ਵਿਸ਼ਵਾਸੀ ਏਡੀ ਕਿ ਆਉਣ ਵਾਲੀ ਪਨੀਰੀ ਨੂੰ ਭਿਆਨਕ, ਜ਼ਾਲਮ ਤੇ ਮਾਰੂ ਤਸੀਹੇ ਝੱਲਦਿਆਂ ਵੇਖ ਕੇ ਵੀ ਡੋਲੀ ਨਹੀਂ, ਸੇਵਾ ਦੀ ਪੁੰਜ ਏਨੀ ਕਿ ਹੱਥ ਲਹੂ-ਲੁਹਾਨ ਹੋ ਗਿਆ, ਬਾਂਹ ਸੁੱਜ ਗਈ ਪਰ ਮੂੰਹੋਂ ਸੀਅ

ਨਾ ਕੀਤੀ । ਪਿਤਾ-ਭਗਤੀ ਦੀ ਅਤੁੱਟ, ਅਡੋਲ, ਭਰੋਸਣ ਕਿ ਗੱਲ ਸੁਣਦਿਆਂ ਹੀ ਨੱਕੋਂ ਨੱਥ ਲਾਹ ਕੇ ਪਿਤਾ ਦੇ ਚਰਨਾਂ ਉੱਪਰ ਰੱਖ ਦਿੱਤੀ । ਪ੍ਰਬੰਧਕ ਅਜਿਹੀ ਕਿ ਪ੍ਰਿਥੀ ਚੰਦ ਦੀਆਂ ਸਾਰੀਆਂ ਸਾਜ਼ਿਸ਼ਾਂ ਫੇਲ੍ਹ ਕਰ ਦਿੱਤੀਆਂ ਤੇ ਲੰਗਰ ਪਹਿਲੀ ਰੌਂਅ ਵਿਚ ਚੱਲਣ ਲੱਗਾ । ਮਾਲੂਮ ਹੁੰਦਾ ਹੈ, ਬੀਬੀ ਭਾਨੀ ਆਰੰਭ ਤੋਂ ਹੀ ਲੰਗਰ ਵਿਚ ਨਿਸ਼ਕਾਮ ਸੇਵਾ ਕਰਦੇ ਸਨ ਤੇ ਸੁਯੋਗ ਪ੍ਰਬੰਧਕ ਵੀ ਸਨ । ਹੋ ਸਕਦਾ ਹੈ, ਲੰਗਰ ਦੇ ਸੁਯੋਗ ਪ੍ਰਬੰਧ ਨੂੰ ਵੇਖ ਕੇ ਹੀ ਗੁਰੂ ਅਮਰਦਾਸ ਜੀ ਦੇ ਸਮੇਂ 1622 ਬਿਕ੍ਰਮੀ ਵਿਚ ਅਕਬਰ ਬਾਦਸ਼ਾਹ ਚੁਭਾਲ ਇਲਾਕੇ ਦੇ 12 ਪਿੰਡਾਂ ਦਾ ਪਟਾ ਬੀਬੀ ਦੇ ਨਾਮ ਲਿਖ ਕੇ ਦੇਣ ਲਈ ਤਿਆਰ ਹੋ ਗਿਆ । ਸੰਖੇਪ ਵਿਚ, ਬੀਬੀ ਭਾਨੀ ਕਰਮਯੋਗ, ਹਠ-ਯੋਗ, ਰਾਜ-ਯੋਗ ਤੇ ਸਹਿਜ-ਯੋਗ ਦੀ ਚਰਮ ਸੀਮਾ ਨੂੰ ਪ੍ਰਾਪਤ ਹੋ ਚੁੱਕੀ ਸੀ । ਬੀਬੀ ਭਾਨੀ ਨੇ ਲਗਭਗ 65 ਵਰ੍ਹਿਆਂ ਦੀ ਆਰਜਾ ਭੋਗ ਕੇ ਸੰਮਤ 1655 ਬਿਕ੍ਰਮੀ ਨੂੰ ਗੋਇੰਦਵਾਲ ਵਿਖੇ ਪ੍ਰਲੋਕ ਗਮਨ ਕੀਤਾ । ਗੁਰੂ ਅਰਜਨ ਦੇਵ ਜੀ ਨੇ ਤਰਨਤਾਰਨ ਵਿਚ ਇਕ ਖੂਹ ਮਾਤਾ ਦੇ ਨਾਮ 'ਤੇ ਬਣਵਾ ਕੇ ਸਦਾ ਲਈ ਬੀਬੀ ਭਾਨੀ ਦੀ ਯਾਦਗਾਰ ਕਾਇਮ ਕਰ ਦਿੱਤੀ । ਇਸ ਖੂਹ ਦਾ ਨਾਮ 'ਬੀਬੀ ਭਾਨੀ ਵਾਲਾ ਖੂਹ' ਹੈ । ਗੁਰੂ ਅਰਜਨ ਦੇਵ ਜੀ ਨੇ 'ਮਾਤਾ ਭਾਨੀਂ' ਲਿਖਣ ਦੀ ਬਜਾਏ 'ਬੀਬੀ ਭਾਨੀ ਵਾਲਾ ਖੂਹ' ਹੀ ਲਿਖਿਆ । ਇੰਝ ਮਾਲੂਮ ਹੁੰਦਾ ਹੈ, ਗੁਰੂ-ਘਰ ਵਿਚ ਬੀਬੀ ਭਾਨੀ ਹੀ ਅਜਿਹੀ ਹੈ ਜੋ ਇਸ (ਬੀਬੀ) ਪਦਵੀ ਨੂੰ ਪ੍ਰਾਪਤ ਹੋਈ ਤੇ ਸ਼ਾਇਦ ਇਸੇ ਕਰ ਕੇ ਹੀ ਭਾਨੀ ਜੀ ਦੇ ਨਾਮ ਨਾਲੋਂ 'ਬੀਬੀ' ਵਿਸ਼ੇਸ਼ਣ ਕਿਸੇ ਨੇ ਵੀ ਲਾਹੁਣ ਦਾ ਯਤਨ ਨਹੀਂ ਕੀਤਾ ।

ਮਾਤਾ ਗੰਗਾ ਜੀ

ਗੁਰੂ-ਇਤਿਹਾਸ ਵਿਚ ਮਾਤਾ ਗੰਗਾ ਜੀ ਦੇ ਜਨਮ ਬਾਰੇ ਕੋਈ ਵੇਰਵਾ ਨਹੀਂ ਮਿਲਦਾ । ਇਨ੍ਹਾਂ ਦਾ ਨਾਮ ਗੁਰੂ-ਇਤਿਹਾਸ ਵਿਚ ਉਦੋਂ ਆਉਂਦਾ ਹੈ ਜਦੋਂ ਆਪ ਦੀ ਸ਼ਾਦੀ ਪੰਚਮ ਗੁਰੂ ਨਾਲ ਹੋਈ । ਆਪ ਗੁਰੂ ਅਰਜਨ ਦੇਵ ਜੀ ਦੇ ਦੂਸਰੇ ਮਹਿਲ ਹਨ । ਗੁਰੂ-ਇਤਿਹਾਸ ਵਿਚ ਗੁਰੂ-ਪਤਨੀਆਂ ਨੂੰ ਗੁਰੂ-ਮਹਿਲ ਅਦਬ ਨਾਲ ਕਿਹਾ ਜਾਂਦਾ ਹੈ । ਗੁਰੂ-ਇਤਿਹਾਸ ਅਨੁਸਾਰ ਪੰਚਮ ਗੁਰੂ ਦੀ ਪਹਿਲੀ ਸ਼ਾਦੀ ਰਾਮ ਦੇਈ ਨਾਲ ਹੋਈ । ਰਾਮ ਦੇਈ ਦੇ ਘਰ ਸੰਤਾਨ ਨਹੀਂ ਸੀ ਹੋਈ ਤੇ ਉਸ ਨੇ ਪੰਚਮ ਗੁਰੂ ਨੂੰ ਆਪ ਬੇਨਤੀ ਕੀਤੀ ਸੀ ਕਿ ਉਹ ਦੂਸਰਾ ਵਿਆਹ ਕਰ ਲੈਣ ਤਾਂ ਜੋ ਘਰ ਵਿਚ ਬੱਚੇ ਦਾ ਮੁਖ ਵੇਖਿਆ ਜਾ ਸਕੇ । ਪਰ ਪੰਚਮ ਗੁਰੂ ਨੇ ਇਸ ਬੇਨਤੀ ਨੂੰ ਸਵੀਕਾਰ ਨਾ ਕੀਤਾ । ਰਾਮ ਦੇਈ ਦਾ ਦੇਹਾਂਤ ਹੋ ਗਿਆ ਸੀ । ਹੁਣ ਮਾਤਾ ਭਾਨੀ ਜੀ ਨੇ ਪੰਚਮ ਗੁਰੂ ਨੂੰ ਦੂਸਰੀ ਸ਼ਾਦੀ ਕਰਨ ਲਈ ਪ੍ਰੇਰਨਾ ਦਿੱਤੀ ।

ਅਖ਼ੀਰ ਮਾਤਾ ਭਾਨੀ ਦਾ ਹੁਕਮ ਮੰਨ ਕੇ ਗੁਰੂ ਅਰਜਨ ਦੇਵ ਦਾ ਵਿਆਹ ਗੰਗਾ ਜੀ ਨਾਲ ਹੋਇਆ । ਗੰਗਾ ਜੀ ਦੇ ਨਾਲ ਗੁਰੂ ਅਰਜਨ ਦੇਵ ਜੀ ਦੀ ਸ਼ਾਦੀ 22 ਹਾੜ ਸੰਮਤ 1643 ਬਿਕ੍ਰਮੀ ਵਿਚ ਹੋਈ । ਗੰਗਾ ਜੀ ਦੇ ਪਿਤਾ ਦਾ ਨਾਮ ਰਿਖ ਰਾਉ ਹੈ ਜੋ ਜਲੰਧਰ ਜ਼ਿਲ੍ਹੇ ਦੀ ਤਹਿਸੀਲ, ਫਲੌਰ ਦੇ ਇਕ ਪਿੰਡ ਮਊ ਵਿਚ ਰਹਿੰਦਾ ਸੀ । ਮਾਤਾ ਗੰਗਾ ਜੀ ਦੀ ਸ਼ਾਦੀ ਬੜੀ ਧੂਮਧਾਮ ਨਾਲ ਹੋਈ ਸੀ । ਸਾਰੀ ਸੰਗਤ ਨੇ ਖੁਸ਼ੀਆਂ ਮਨਾਈਆਂ ਸਨ । ਗੁਰੂ ਰਾਮ ਦਾਸ ਜੀ ਨੇ ਜਦੋਂ ਗੁਰੂ ਦਾ ਚੱਕ ਅਥਵਾ ਅੰਮ੍ਰਿਤਸਰ ਸ਼ਹਿਰ ਵਸਾਇਆ ਸੀ, ਉਸ ਤੋਂ ਬਾਅਦ ਗੁਰੂ-ਪਰਿਵਾਰ ਅੰਮ੍ਰਿਤਸਰ ਹੀ ਰਿਹਾ । ਸੋ ਗੰਗਾ ਜੀ ਦੀ ਜੰਞ ਅੰਮ੍ਰਿਤਸਰ

ਤੋਂ ਮਊ ਪਿੰਡ ਜਲੰਧਰ ਜ਼ਿਲ੍ਹੇ ਵਿਚ ਗਈ। ਅੱਜ ਵੀ ਉਥੇ ਗੁਰੂ ਅਰਜਨ ਦੇਵ ਜੀ ਦੀ ਯਾਦ ਵਿਚ ਇਕ ਇਤਿਹਾਸਕ ਗੁਰਦੁਆਰਾ ਮੌਜੂਦ ਹੈ। ਇਹ ਉਹੀ ਸਥਾਨ ਹੈ ਜਿਥੇ ਪੰਚਮ ਗੁਰੂ ਦਾ ਅਨੰਦ ਕਾਰਜ ਹੋਇਆ ਸੀ।

ਮਾਤਾ ਗੰਗਾ ਜੀ ਦੁਲਹਨ ਦੇ ਰੂਪ ਵਿਚ ਗੁਰੂ-ਮਹਿਲਾਂ ਵਿਚ ਅੰਮ੍ਰਿਤਸਰ ਵਿਚ ਦਾਖ਼ਲ ਹੋਏ। ਮਾਤਾ ਭਾਨੀ ਨੇ ਸ਼ਗਨ ਮਨਾਏ। ਸਿੱਖ ਸੰਗਤਾਂ ਨੇ ਖੁਸ਼ੀ ਮਨਾਈ। ਸਭ ਲੋਕਾਂ ਵਿਚ ਮਿੱਠਾ (ਲੱਡੂ, ਸ਼ਕਰਪਾਰੇ ਆਦਿ) ਵੰਡਿਆ ਗਿਆ। ਗੁਰੂ-ਮਹਿਲਾਂ ਵਿਚ ਅਨੰਦ ਮੰਗਲਾਚਾਰ ਹੋਏ। ਹੌਲੀ-ਹੌਲੀ ਗੰਗਾ ਜੀ ਆਪਣੀ ਸੱਸ ਬੀਬੀ ਭਾਨੀ ਦੀ ਦੇਖਭਾਲ ਵਿਚ ਜੀਵਨ ਬਿਤਾਉਣ ਲੱਗੇ।

ਮਾਤਾ ਗੰਗਾ ਬੜੇ ਦਿਆਲੂ, ਆਗਿਆਕਾਰ ਤੇ ਭਜਨ-ਬੰਦਗੀ ਕਰਨ ਵਾਲੇ ਸੀ। ਗੁਰੂ ਅਰਜਨ ਦੇਵ ਜੀ ਨੇ ਆਪਣੀ ਜ਼ਿੰਦਗੀ ਵਿਚ ਬਹੁਤ ਸਾਰੇ ਕਾਰਜ ਅਜਿਹੇ ਕੀਤੇ ਜੋ ਆਕਾਰ ਪੱਖੋਂ ਵਡੇਰੇ ਵੀ ਸਨ ਤੇ ਕਿਸਮ ਵਿਚ ਅੱਡੋ-ਅੱਡਰੇ। ਉਦਾਹਰਣ ਵਜੋਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ, ਇਮਾਰਤ-ਉਸਾਰੀ, ਸਿੱਖ ਕੌਮ ਦਾ ਸੰਗਠਨ ਆਦਿ ਅਜਿਹੇ ਕਾਰਜ ਹਨ ਜੋ ਬਹੁਤ ਲੰਮੇ ਅਰਸੇ ਤਕ ਚਲਦੇ ਰਹੇ। ਏਨੇ ਮਹਾਨ ਕਾਰਜਾਂ ਨੂੰ ਇਕੋ ਸਮੇਂ ਨਾਲੋ-ਨਾਲ ਕਰਦੇ ਰਹਿਣਾ ਤੇ ਸਾਰਿਆਂ ਵਿਚ ਸਫ਼ਲਤਾ ਪ੍ਰਾਪਤ ਕਰਨੀ ਨਿਸ਼ਚੇ ਹੀ ਇਸ ਵਿਚ ਘਰੋਗੀ ਜ਼ਿੰਦਗੀ ਦਾ ਵਿਸ਼ੇਸ਼ ਹੱਥ ਹੈ। ਮਾਤਾ ਗੰਗਾ ਨੇ ਸਦਾ ਪਤੀ ਦੇ ਕਾਰਜਾਂ ਵਿਚ ਦਿਲਚਸਪੀ ਵਿਖਾਈ। ਆਉਂਦੇ ਪਤੀ ਦਾ ਖਿੜੇ ਮੱਥੇ ਸਵਾਗਤ ਕੀਤਾ। ਭਾਵੇਂ ਮਾਤਾ ਗੰਗਾ ਜੀ ਨੇ ਘਰੋਗੀ ਵਾਤਾਵਰਣ ਵਿਚ ਕਿਸੇ ਤਣਾਉ ਨੂੰ ਬੁਲਾਵਾ ਨਹੀਂ ਦਿੱਤਾ ਪਰ ਤਾਂ ਵੀ ਇਨ੍ਹਾਂ ਦੀ ਸ਼ਾਦੀ ਹੋਣ ਤੋਂ ਪਹਿਲਾਂ ਹੀ ਘਰ ਵਿਚ ਸਾੜੇ-ਕੀਨੇ ਦੇ ਹਾਲਾਤ ਬਣੇ ਹੋਏ ਸਨ। ਪ੍ਰਿਥੀ ਚੰਦ ਜੋ ਮਾਤਾ ਗੰਗਾ ਦਾ ਜੇਠ ਸੀ। ਵੱਡੇ ਹੋਣ ਕਾਰਣ ਗੁਰੂ-ਗੱਦੀ ਉਪਰ ਆਪਣਾ ਹੱਕ ਸਮਝਦਾ ਸੀ। ਪਰ ਮਾਤਾ ਗੰਗਾ ਦੇ ਸਹੁਰੇ ਗੁਰੂ ਰਾਮਦਾਸ ਨੇ ਗੁਰੂ-ਗੱਦੀ ਨੂੰ ਵਿਰਾਸਤ ਨਾਲ ਨਹੀਂ ਸੀ ਜੋੜਿਆ। ਸਗੋਂ ਗੁਰੂ-ਗੱਦੀ ਉਸ ਨੂੰ ਮਿਲਦੀ ਰਹੀ ਜੋ ਇਸ ਉੱਪਰ ਬੈਠਣ ਦਾ ਅਧਿਕਾਰੀ ਮੰਨਿਆ ਗਿਆ। ਗੁਰੂ ਰਾਮਦਾਸ ਦੀ ਨਜ਼ਰ ਵਿਚ ਪ੍ਰਿਥੀ ਚੰਦ ਗੁਰੂ-ਗੱਦੀ ਦਾ ਵਾਰਸ ਬਣਨ ਦੇ ਯੋਗ ਨਹੀਂ ਸੀ। ਸੋ ਉਨ੍ਹਾਂ ਨੇ ਮਾਤਾ ਗੰਗਾ ਦੇ ਪਤੀ ਨੂੰ ਸਰਬਗੁਣ ਸੰਪੰਨ ਸਮਝ ਕੇ ਗੁਰਿਆਈ ਦਾ ਤਿਲਕ ਲਗਾਇਆ ਸੀ। ਉਸ ਦਿਨ ਤੋਂ ਪ੍ਰਿਥੀ ਚੰਦ ਮਾਤਾ ਗੰਗਾ ਦੇ ਖਤੀ ਦਾ ਵਿਰੋਧ ਲਗਾਤਾਰ ਕਰਦਾ ਆ ਰਿਹਾ ਸੀ। ਜਦੋਂ ਰਾਮ ਦੇਈ (ਗੁਰੂ ਅਰਜਨ ਦੇਵੀ ਦੀ ਪਹਿਲੀ ਪਤਨੀ) ਦੇ ਘਰ ਸੰਤਾਨ ਨਾ ਹੋਈ ਤਾਂ ਪ੍ਰਿਥੀ ਚੰਦ ਹੋਰੀਂ ਬਹੁਤ ਖੁਸ਼ ਸਨ ਤੇ ਸੋਚਦੇ ਸਨ ਗੁਰੂ ਅਰਜਨ ਦੇਵ ਤੋਂ ਬਾਅਦ ਗੁਰਿਆਈ ਗੱਦੀ (ਪ੍ਰਿਥੀ ਚੰਦ) ਸਾਡੀ ਸੰਤਾਨ ਨੂੰ ਹੀ ਮਿਲੇਗੀ। ਪਰ ਜਦੋਂ ਬੀਬੀ ਭਾਨੀ ਨੇ ਪੰਚਮ ਗੁਰੂ ਦਾ ਦੂਸਰਾ ਵਿਆਹ ਕਰ ਦਿੱਤਾ ਤਾਂ ਉਨ੍ਹਾਂ ਦਾ ਸਾੜਾ-ਕੀਨਾ ਹੋਰ ਵਧ ਗਿਆ।

2

ਇਕ ਦਿਨ ਦੀ ਗੱਲ ਹੈ ਮਾਤਾ ਗੰਗਾ ਜੀ ਘਰ ਦਾ ਕੰਮ-ਕਾਜ ਕਰ ਰਹੇ ਸਨ ਤੇ ਕੁਝ ਕੀਮਤੀ ਬਸਤਰਾਂ ਨੂੰ ਧੂੰਪ ਆਦਿ ਲਗਵਾ ਰਹੇ ਸਨ ਤਾਂ ਉਨ੍ਹਾਂ ਦੇ ਕੰਨ ਵਿਚ ਕਰਮੇ ਜੋ ਪ੍ਰਿਥੀ ਚੰਦ ਦੀ ਵਹੁਟੀ ਤੇ ਗੰਗਾ ਜੀ ਦੀ ਜਿਠਾਣੀ ਸੀ, ਦੀ ਆਵਾਜ਼ ਕੰਨੀਂ ਪਈ। ਇਹ ਆਵਾਜ਼

ਈਰਖਾ ਦੀ ਜ਼ਹਿਰ ਨਾਲ ਭਰੀ ਹੋਈ ਸੀ, "ਨੀ ਸਾਂਭ ਸਾਂਭ ਰੱਖੋ ਇਨ੍ਹਾਂ ਕੱਪੜਿਆਂ ਨੂੰ। ਅਖੀਰ ਸਾਡੇ ਹੀ ਘਰ ਆਉਣੇ ਨੇ।" ਇਹ ਵਿਹੁਲੇ ਬੋਲ ਮਾਤਾ ਗੰਗਾ ਨੇ ਸੁਣੇ। ਇਸ ਤੋਂ ਪਹਿਲਾਂ ਉਨ੍ਹਾਂ ਨੇ ਸੰਤਾਨ ਦੀ ਘਾਟ ਕਦੀ ਮਹਿਸੂਸ ਨਹੀਂ ਸੀ ਕੀਤੀ। ਪਰ ਅੱਜ ਸ਼ਰੀਕਣੀ ਦੇ ਤਾਅਨੇ ਸੁਣ ਕੇ ਉਨ੍ਹਾਂ ਦਾ ਗੱਚ ਭਰ ਆਇਆ। ਉਦਾਸ ਹੋ ਗਏ। ਮਾਤਾ ਗੰਗਾ ਬਾਬ-ਬਾਰ ਸੋਚਦੀ ਅੱਜ ਗੋਦ ਸੁੰਞੀ ਨਾ ਹੁੰਦੀ ਤਾਂ ਇਹ ਜਿਠਾਣੀ ਕਿਵੇਂ ਮਿਹਣਾ ਮਾਰਦੀ ? ਮਾਤਾ ਗੰਗਾ ਨੂੰ ਸਭ ਤੋਂ ਵੱਧ ਖ਼ਿਆਲ ਪਤੀ ਦੇ ਸੰਤ-ਸੁਭਾਅ ਹੋਣ ਦਾ ਆ ਰਿਹਾ ਸੀ। ਉਹ ਸਾਰੀ ਦੁਨੀਆ ਦੀਆਂ ਮੁਰਾਦਾਂ ਪੂਰੀਆਂ ਕਰਦੇ ਹਨ ਪਰ ਆਪਣੇ ਘਰ ਦਾ ਚਿਰਾਗ ਕਿਥੇ ? ਅੱਜ ਸ਼ਾਮ ਨੂੰ ਜਦੋਂ ਸਤਿਗੁਰੂ ਜੀ ਮਹਿਲਾਂ ਵਿਚ ਆਏ ਤਾਂ ਪਤਨੀ ਨੂੰ ਬਹੁਤ ਦਿਲਗੀਰ ਵੇਖਿਆ। ਪੁੱਛਣ 'ਤੇ ਮਾਤਾ ਗੰਗਾ ਨੇ ਸਾਰੀ ਗੱਲ ਕਹਿ ਸੁਣਾਈ। ਸਤਿਗੁਰੂ ਨੇ ਪਤਨੀ ਵਲ ਮੁਸਕਰਾਉਂਦੇ ਹੋਏ ਵੇਖਿਆ ਤੇ ਬਚਨ ਕੀਤਾ, "ਬਾਬੇ ਨਾਨਕ ਦੇ ਘਰ ਸਭ ਕੁਝ ਹੈ। ਏਡੀ ਪਸ਼ੇਮਾਨ ਹੋਣ ਦੀ ਕੀ ਲੋੜ ਹੈ ?" ਅੱਜ ਮਾਤਾ ਗੰਗਾ ਕੁਝ ਵਧੇਰੇ ਹੀ ਪਸ਼ੇਮਾਨ ਸੀ। ਕਰੁਣਾਮਈ ਸੁਰ ਵਿਚ ਬੋਲੀ, "ਉਨ੍ਹੀਂ ਵਰ੍ਹੇ ਹੋ ਗਏ ਸਿੱਕਾਂ ਸਿੱਕਦੀ ਨੂੰ, ਪਰ ਅਜੇ ਤਕ ਲਾਲ ਗੋਦੀ ਵਿਚ ਖਿਡਾਉਣਾ ਨਸੀਬ ਨਹੀਂ ਹੋਇਆ" ਆਖਦਿਆਂ ਗੱਚ ਭਰ ਆਇਆ। ਹੰਝੂ ਧਾਰ ਬੰਨ੍ਹ ਕੇ ਵਹਿ ਤੁਰੇ, ਮਾਤਾ ਗੰਗਾ ਰੋਈ ਹੀ ਜਾ ਰਹੀ ਸੀ। ਫਿਰ ਰੁਕ-ਰੁਕ ਕੇ ਬੋਲੀ, "ਸ਼ਰੀਕ ਨਿੱਤ ਮਿਹਣੇ ਦੇਂਦੇ ਹਨ। ਦਿਲ-ਦੁਖਾਵੀਆਂ ਗੱਲਾਂ ਕਰਦੇ ਹਨ।" ਅੱਜ ਗੰਗਾ ਜੀ ਦੇ ਨੇਤਰਾਂ ਦਾ ਜਲ ਰੋਕਿਆਂ ਨਹੀਂ ਸੀ ਰੁਕਦਾ। ਮਾਤਾ ਗੰਗਾ ਦੇ ਹੰਝੂਆਂ ਨੂੰ ਵੇਖ ਕੇ ਸਤਿਗੁਰੂ ਦਾ ਮਨ ਪਸੀਜ ਗਿਆ ਤੇ ਧੀਰਜ ਨਾਲ ਬੋਲੇ, "ਬਾਬਾ ਬੁੱਢਾ ਜੀ ਗੁਰੂ ਨਾਨਕ ਦੇ ਪਿਆਰੇ ਸਿੱਖ ਹਨ। ਉਹ ਜਪੀ-ਤਪੀ ਵੀ ਹਨ। ਉਨ੍ਹਾਂ ਦੇ ਵਰ ਨਾਲ ਤੇਰੀ ਕੁੱਖ ਹਰੀ ਹੋ ਸਕਦੀ ਹੈ।" ਇਹ ਬਚਨ ਸੁਣਦਿਆਂ ਮਾਤਾ ਗੰਗਾ ਦੇ ਮਨ ਨੂੰ ਠੰਡ ਪੈ ਗਈ। ਉਹ ਰਾਤ ਸੁਖ ਦੀ ਨੀਂਦੇ ਸੁੱਤੇ। ਸਵੇਰੇ ਅੰਮ੍ਰਿਤ ਵੇਲੇ ਰੋਜ਼ ਦੀ ਤਰ੍ਹਾਂ ਪਤੀ ਨੂੰ ਇਸ਼ਨਾਨ ਕਰਾਇਆ। ਸਾਫ਼ ਬਸਤਰ ਪੁਆਏ। ਪਤੀਦੇਵ ਨਿੱਤ ਦੀ ਤਰ੍ਹਾਂ ਬੰਦਗੀ ਵਿਚ ਜੁੜ ਗਏ।

ਹੁਣ ਸੰਤੀ ਦਾਸੀ ਮਾਤਾ ਜੀ ਨੂੰ ਇਸ਼ਨਾਨ ਕਰਾਉਣ ਆ ਗਈ। ਮਾਤਾ ਜੀ ਨੇ ਖੁਸ਼ੀ ਖੁਸ਼ੀ ਰਾਤ ਵਾਲੀ ਗੱਲ ਦਾਸੀ ਨੂੰ ਦੱਸੀ ਤੇ ਨਾਲ ਹੀ ਹੁਕਮ ਕੀਤਾ, "ਅੱਜ ਚੰਗੇ ਖਾਣੇ ਬਣਵਾਏ ਜਾਣ। ਪੰਜ ਸਿੱਖ ਵੀ ਨਾਲ ਚੱਲਣ ਲਈ ਤਿਆਰ ਰਹਿਣ। ਰੱਥ ਵੀ ਤਿਆਰ ਕਰਵਾਉਣੀ ਹੈ। ਸਾਰੇ ਨਵੇਂ ਤੇ ਵਧੀਆ ਬਸਤਰ ਪਾ ਕੇ ਬਾਬੇ ਬੁੱਢੇ ਦੀ ਬੀੜ ਵਲ ਚੱਲਾਂਗੇ।" ਸੰਤੀ ਨੇ ਸਤਿਬਚਨ ਕੀਤਾ। ਹੁਣ ਸੰਤੀ ਨੇ ਹੁਕਮ ਅਨੁਸਾਰ ਸਾਰਾ ਪ੍ਰਬੰਧ ਕਰਾਉਣਾ ਸੀ ਤੇ ਮਾਤਾ ਜੀ ਆਪ ਨਿੱਤਨੇਮ ਵਿਚ ਜੁੜ ਗਏ। ਦਿਨ ਦੇ ਚੰਗੇ ਚੜ੍ਹਾਅ ਨਾਲ ਸੰਤੀ ਦਾਸੀ ਨੇ ਆ ਕੇ ਦੱਸਿਆ, "ਮਾਤਾ ਜੀ, ਸਾਰਾ ਪ੍ਰਬੰਧ ਹੋ ਗਿਆ ਹੈ। ਰੱਥ ਤਿਆਰ ਹੈ। ਆਪ ਚਲੋ।" ਮਾਤਾ ਜੀ ਰੱਥ ਵਿਚ ਸਵਾਰ ਹੋ ਗਏ। ਉਦੋਂ ਰੱਥ ਨੂੰ ਬਹਿਲੀਆਂ ਕਿਹਾ ਜਾਂਦਾ ਸੀ। ਮਾਤਾ ਜੀ ਦੇ ਨਾਲ ਸਿੱਖ ਸੇਵਕ ਤੇ ਦਾਸੀਆਂ ਵੀ ਸਨ। ਉਦੋਂ ਪੱਕੀਆਂ ਸੜਕਾਂ ਨਹੀਂ ਸੀ ਹੁੰਦੀਆਂ। ਕੱਚੇ ਰਾਹ ਹੁੰਦੇ ਸਨ। ਇਹ ਰਾਹ ਉੱਚੇ-ਨੀਵੇਂ ਵੀ ਹੁੰਦੇ ਸਨ ਤੇ ਜੇ ਮੀਂਹ ਆ ਜਾਏ ਤਾਂ ਸਾਰੇ ਰਾਹ ਚਿੱਕੜ ਦਾ ਰੂਪ ਧਾਰਨ ਕਰ ਲੈਂਦੇ ਸਨ। ਰੱਥ ਦੇ ਬੈਲ ਜਿਵੇਂ ਜਿਵੇਂ ਦੌੜਦੇ ਸਨ ਘੱਟਾ ਉੱਚੀ-ਉੱਚੀ ਉੱਡਦਾ ਸੀ ਤੇ ਇੰਜ ਜਿਵੇਂ ਘੱਟੇ ਦਾ

ਕੋਈ ਬੱਦਲ ਉਮੜ ਰਿਹਾ ਹੋਵੇ । ਬੈਲਾਂ ਦੇ ਗਲ਼ਾਂ ਦੀਆਂ ਟੱਲੀਆਂ ਵੱਜਦੀਆਂ ਹੋਈਆਂ ਸੰਗੀਤ ਦੀ ਅਨੋਖੀ ਸੁਰ ਪੈਦਾ ਕਰ ਰਹੀਆਂ ਸਨ । ਬੀੜ ਗੁਰੂ ਕੇ ਮਹਿਲ ਤੋਂ ਕੋਈ ਛੇ ਕੁ ਕੋਹ ਅਥਵਾ ਨੌਂ ਮੀਲ ਦੂਰ ਸੀ । ਕੋਈ ਅੱਧੇ-ਪੌਣੇ ਘੰਟੇ ਵਿਚ ਮਾਤਾ ਜੀ ਦਾ ਰੱਥ ਬੀੜ ਦੇ ਲਾਗੇ ਜਾ ਪਹੁੰਚਿਆ ।

3

ਇੱਧਰ ਬਾਬਾ ਬਾਬਾ ਬੁੱਢਾ ਜੀ ਬੀੜ ਦੇ ਕਿਨਾਰੇ ਅੰਮ੍ਰਿਤਸਰ ਵੱਲ ਮੂੰਹ ਕਰੀ ਭਜਨ ਕਰ ਰਹੇ ਸਨ । ਬਾਬਾ ਬੁੱਢਾ ਜੀ ਦਾ ਮੇਲ ਗੁਰੂ ਨਾਨਕ ਦੇਵ ਜੀ ਨਾਲ ਹੋਇਆ ਸੀ । ਉਦੋਂ ਤੋਂ ਹੀ ਉਹ ਗੁਰੂ ਘਰ ਦੀ ਸੇਵਾ ਕਰ ਰਹੇ ਸਨ । ਬਾਬਾ ਬੁੱਢਾ ਦਾ ਪਹਿਲਾ ਨਾਮ ਬੂੜਾ ਸੀ । ਆਪ ਦੇ ਪਿਤਾ ਦਾ ਨਾਮ ਭਾਈ ਸੁੱਘਾ ਤੇ ਮਾਤਾ ਦਾ ਨਾਮ ਗੌਰਾਂ ਸੀ ਜੋ ਨੰਗਲ ਪਿੰਡ, ਜ਼ਿਲ੍ਹਾ ਅੰਮ੍ਰਿਤਸਰ ਵਿਚ ਰਹਿੰਦੇ ਸਨ । ਬੂੜਾ ਕੋਈ ਛੇ ਕੁ ਵਰ੍ਹਿਆਂ ਦਾ ਹੀ ਸੀ ਜਦੋਂ ਮਾਪਿਆਂ ਨੇ ਉਹਨੂੰ ਵਾਗੀ ਬਣਾ ਕੇ ਡੰਗਰ ਚਰਾਉਣ ਲਾ ਦਿੱਤਾ । ਆਪ ਦੀ ਆਯੂ ਬਾਰ੍ਹਾਂ ਵਰ੍ਹਿਆਂ ਦੀ ਸੀ ਜਦੋਂ ਰਾਵੀ ਦੇ ਕਿਨਾਰੇ ਡੰਗਰ ਚਾਰਦੇ ਸਤਿਗੁਰੂ ਨਾਨਕ ਨਾਲ ਭੇਂਟ ਹੋਈ । ਬਾਲਕ ਬੂੜਾ ਬੜੀਆਂ ਵੱਡੀਆਂ ਵੱਡੀਆਂ ਗੱਲਾਂ ਕਰਦਾ । ਬਾਬੇ ਨਾਨਕ ਨੇ ਉਹਦੀਆਂ ਛੋਟੇ ਉਮਰੇ ਬਜ਼ੁਰਗਾਂ ਵਾਲੀਆਂ ਗੱਲਾਂ ਸੁਣੀਆਂ ਤਾਂ ਉਸ ਦਾ ਨਾਮ ਬੂੜਾ ਤੋਂ ਬੁੱਢਾ ਰੱਖ ਦਿੱਤਾ । ਉਦੋਂ ਤੋਂ ਬੁੱਢੇ ਨੂੰ ਐਸੀ ਚਾਟ ਲੱਗੀ ਕਿ ਗੁਰੂ ਨਾਨਕ ਦਾ ਹੀ ਹੋ ਗਿਆ । ਦੂਸਰੀ, ਤੀਸਰੀ ਤੇ ਚੌਥੀ ਪਾਤਸ਼ਾਹੀ ਦੇ ਵੇਲੇ ਬਾਬਾ ਬੁੱਢਾ ਖਡੂਰ ਸਾਹਿਬ ਤੇ ਗੋਇੰਦਵਾਲ ਰਹੇ । ਜਦੋਂ ਗੁਰੂ ਰਾਮਦਾਸ ਨੇ ਗੁਰੂ ਅਮਰਦਾਸ ਦੇ ਹੁਕਮ ਨਾਲ ਰਾਮਦਾਸਪੁਰ (ਅੰਮ੍ਰਿਤਸਰ) ਦੀ ਨੀਂਹ ਰੱਖੀ ਤਾਂ ਬਾਬਾ ਬੁੱਢਾ ਜੀ ਚੱਕ ਗੁਰੂ ਰਾਮਦਾਸਪੁਰ ਆ ਗਏ ।

ਗੁਰੂ ਅਰਜਨ ਦੇਵ ਦੇ ਵੇਲੇ ਬਾਬਾ ਬੁੱਢਾ ਦੀ ਆਯੂ ਪੱਚਾਸੀ ਕੁ ਸਾਲ ਦੀ ਸੀ ਪਰ ਤਾਂ ਵੀ ਆਪ ਸੇਵਾ ਵਿਚ ਮਸਤ ਰਹਿੰਦੇ । ਝਬਾਲ ਦੇ ਕੋਲ 'ਬੀੜ' (ਜਿਥੇ ਸੰਘਣੇ ਦਰਖਤਾਂ ਦਾ ਝੁੰਡ ਹੋਵੇ ਤੇ ਨਾਲ ਹੀ ਚੰਗੀ ਚਰਾਗਾਹ ਹੋਵੇ, ਉਸ ਨੂੰ ਬੀੜ ਕਹਿੰਦੇ ਹਨ), ਵਿਚ ਡੰਗਰ ਚਾਰਨ ਦੀ ਸੇਵਾ ਕਰਦੇ ਸਨ । ਉਦੋਂ ਗੁਰੂ-ਘਰ ਵਿਚ ਡੰਗਰਾਂ ਦਾ ਅੰਤ ਨਹੀਂ ਸੀ ਤੇ ਬਾਬਾ ਜੀ ਇਹ ਸੇਵਾ ਬੜੀ ਸ਼ਰਧਾ ਪੂਰਬਕ ਕਰ ਰਹੇ ਸਨ ।

ਅੱਜ ਪੰਚਮ ਗੁਰੂ ਦੇ ਮਹਿਲ ਆਪਣੀ ਭਾਵਨਾ ਲੈ ਕੇ ਗਏ ਸਨ । ਬਾਬਾ ਬੁੱਢਾ ਜੀ ਭਗਤੀ ਵਿਚ ਲੀਨ ਸਨ । ਬੈਲਾਂ ਦੇ ਗਲ਼ਾਂ ਦੀਆਂ ਟੱਲੀਆਂ ਦੀ ਉੱਚੀ-ਉੱਚੀ ਆਵਾਜ਼, ਬੈਲਾਂ ਦੇ ਦੌੜਨ ਦੀ ਆਵਾਜ਼ ਤੇ ਧੂੜ ਦੇ ਉੱਡਦੇ ਬੱਦਲ ਵੇਖ ਕੇ ਬਾਬਾ ਬੁੱਢਾ ਨੇ ਸਹਿਵਨ ਹੀ ਇਕ ਸਿੱਖ ਕੋਲੋਂ ਪੁੱਛਿਆ, "ਇਹ ਕੌਣ ਆ ਰਿਹਾ ਹੈ ?" "ਗੁਰੂ ਕੇ ਮਹਿਲ" ਸਿੱਖ ਦਾ ਉੱਤਰ ਸੀ । "ਗੁਰੂ ਕੇ ਮਹਿਲਾਂ ਨੂੰ ਕੀ ਭਾਜੜਾਂ ਪੈ ਗਈਆਂ", ਬਾਬੇ ਬੁੱਢੇ ਨੇ ਸਹਿਜ-ਸੁਭਾਅ ਉਚਾਰਿਆ । ਏਨੇ ਵਿਚ ਮਾਤਾ ਗੰਗਾ ਆਪਣੇ ਦਾਸਾਂ ਤੇ ਦਾਸੀਆਂ ਸਮੇਤ ਸਾਹਮਣੇ ਮੱਥਾ ਟੇਕ ਕੇ ਬੈਠ ਗਏ । ਸੰਤੀ ਦਾਸੀ ਨੇ ਬੇਨਤੀ ਕੀਤੀ, "ਬਾਬਾ ਜੀ, ਮਾਤਾ ਜੀ ਪੁੱਤਰ ਦੀ ਦਾਤ ਲਈ ਬੇਨਤੀ ਕਰਨ ਆਏ ਹਨ ।" ਬਾਬਾ ਜੀ ਨੇ ਰੁੱਖੇ ਸੁਰ ਵਿਚ ਕਿਹਾ, "ਦਾਤਾਂ ਦੇਣ ਵਾਲੇ ਚੱਕ (ਅੰਮ੍ਰਿਤਸਰ) ਵਿਚ ਬੈਠੇ ਹਨ । ਉਨ੍ਹਾਂ ਕੋਲੋਂ ਮੰਗੋ । ਇਥੇ ਕੀ ਲੈਣ ਆਏ ਹੋ ?" ਨਿਰਾਸ਼ ਮਾਤਾ ਗੰਗਾ ਸਿੱਖਾਂ ਤੇ ਦਾਸੀਆਂ ਸਮੇਤ ਵਾਪਸ ਮੁੜ ਆਈ ।

ਸ਼ਾਮ ਨੂੰ ਪਤੀਦੇਵ ਮਹਿਲਾਂ ਵਿਚ ਆਏ ਤਾਂ ਪਤਨੀ ਨੂੰ ਕੱਲ੍ਹ ਨਾਲੋਂ ਵੀ ਦੁਖੀ ਵੇਖਿਆ। ਪੁੱਛਣ 'ਤੇ ਪਤਨੀ ਨੇ ਸਾਰੀ ਗੱਲ ਕਹਿ ਸੁਣਾਈ। ਸਾਰੀ ਗੱਲ ਸੁਣਨ ਤੋਂ ਬਾਅਦ ਬੜੇ ਸਹਿਜ ਨਾਲ ਗੁਰੂ ਜੀ ਬੋਲੇ, "ਸੁਣ ਰੀਗਾ, ਬਾਬਾ ਬੁੱਢਾ ਜੀ ਪੂਰਨ ਮਹਾਪੁਰਖ ਹਨ। ਤੈਨੂੰ ਉਨ੍ਹਾਂ ਕੋਲ਼ ਮਹਿਲ ਬਣ ਕੇ ਨਹੀਂ, ਕੇਵਲ ਰੀਗਾ ਬਣ ਕੇ ਜਾਣਾ ਚਾਹੀਦਾ ਸੀ। ਸੰਤਾਂ ਕੋਲ ਜਦ ਵੀ ਜਾਈਦੈ, ਨਿੰਮਬਤਾ ਭਾਵ ਨਾਲ। ਤੁਸੀਂ ਰੱਥ ਲੈ ਕੇ ਗਏ ਪੂਰੇ ਠਾਠ-ਬਾਠ ਨਾਲ। ਸੰਤਾਂ ਨੂੰ ਕੀ ਲੱਗੇ ਇਨ੍ਹਾਂ ਸ਼ਾਨਾਂ-ਸ਼ੌਕਤਾਂ ਨਾਲ ? ਹੁਣ ਇਉਂ ਕਰ, ਸਵੇਰੇ ਆਪਣੇ ਹੱਥੀਂ ਮਿੱਸਾ ਆਟਾ ਪੀਹ, ਪ੍ਰਸ਼ਾਦਾ ਤਿਆਰ ਕਰ। ਨਾਲ ਮੱਖਣ ਤੇ ਲੱਸੀ ਲੈ ਨੰਗੇ ਪੈਰੀਂ ਜਾਹ। ਸਿਰ ਉਤੇ ਲੱਸੀ ਦਾ ਡੋਲਾ ਤੇ ਪ੍ਰਸ਼ਾਦੇ ਧਰ ਲਈਂ। ਨਾਲ ਕੁਝ ਰੀਢੇ ਵੀ ਲੈ ਜਾਈਂ। ਰਾਹ ਵਿਚ ਸਤਿ ਕਰਤਾਰ ਨਾਲ ਸੁਰਤ ਜੋੜ ਕੇ ਪਾਠ ਕਰਦੀ ਜਾਈਂ। ਬਾਬਾ ਬੁੱਢਾ ਤੇਰੀ ਮੁਰਾਦ ਜ਼ਰੂਰ ਪੂਰੀ ਕਰਨਗੇ।"

ਅਗਲੇ ਦਿਨ ਨਿੱਤਨੇਮ ਦੇ ਅਨੁਸਾਰ ਜਦੋਂ ਪਤੀਦੇਵ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਕਰਾਉਣ ਲਈ ਚਲੇ ਗਏ ਤਾਂ ਮਾਤਾ ਜੀ ਨੇ ਸੰਤੀ ਦਾਸੀ ਨੂੰ ਹੌਲੀ ਜੇਹੀ ਕੋਲ ਬੁਲਾਇਆ ਤੇ ਪਤੀਦੇਵ ਨਾਲ ਹੋਈ ਸਾਰੀ ਗੱਲਬਾਤ ਦੱਸੀ। ਸਿਆਣੀ ਦਾਸੀ ਨੇ ਆਪਣੀ ਮਾਲਕਣ ਦੀ ਹਰ ਗੱਲ ਨੂੰ ਗੌਹ ਨਾਲ ਸੁਣਿਆ। ਹੁਣ ਉਹ ਮੋਦੀਖਾਨੇ ਤੋਂ ਸੇਰ ਭਰ ਛੋਲੇ ਤੇ ਕਣਕ ਲੈ ਆਈ। ਮਾਤਾ ਰੀਗਾ ਨੇ ਸਮਝਾਇਆ ਕਿ ਮਹਿਲਾਂ ਦਾ ਬਾਹਰਲਾ ਬੂਹਾ ਬੰਦ ਕਰ ਦੇ ਤਾਂਕਿ ਕਿਸੇ ਹੋਰ ਦਾਸੀ ਨੂੰ ਇਹ ਸ਼ੱਕ ਨਾ ਪਵੇ ਕਿ ਮੈਂ ਅੱਜ ਆਪਣੇ ਹੱਥੀਂ ਦਾਣੇ ਕਿਉਂ ਪੀਸਣ ਲੱਗੀ ਹਾਂ। ਮਾਤਾ ਜੀ ਨੇ ਸੰਤੀ ਦਾਸੀ ਨੂੰ ਪੱਕਾ ਕੀਤਾ ਕਿ ਇਹ ਗੱਲ ਕਿਸੇ ਦੂਸਰੇ ਕੰਨ ਤੀਕ ਨਾ ਜਾਵੇ। ਹੁਕਮ ਅਨੁਸਾਰ ਸਿਆਣੀ ਦਾਸੀ ਬਾਹਰਲਾ ਵੱਡਾ ਦਰਵਾਜ਼ਾ ਬੰਦ ਕਰ ਆਈ। ਮਾਤਾ ਰੀਗਾ ਜੀ ਨੇ ਆਪ ਕਣਕ ਤੇ ਛੋਲੇ ਚੁਣੇ। ਚੰਗੀ ਤਰ੍ਹਾਂ ਦਾਣੇ ਸਾਫ਼ ਕਰ ਕੇ ਚੱਕੀ ਸਾਫ਼ ਕੀਤੀ। ਆਪ ਆਪਣੇ ਨਰਮ ਹੱਥਾਂ ਨਾਲ ਚੱਕੀ ਉਤੇ ਦਾਣੇ ਪੀਠੇ। ਚੰਗਾ ਮਹੀਨ ਆਟਾ ਬਣਾਇਆ। ਹੁਣ ਜਾਣ ਦੀ ਪੂਰੀ ਤਿਆਰੀ ਸੀ। ਸਵੇਰੇ ਮੂੰਹ-ਹਨੇਰੇ ਮਾਤਾ ਰੀਗਾ ਨੇ ਦਾਸੀ ਸੰਤੀ ਨਾਲ ਬਾਬੇ ਦੀ ਬੀੜ ਜਾਣਾ ਸੀ। ਸਵੇਰੇ ਅੰਮ੍ਰਿਤ ਵੇਲੇ ਦੇ ਨਿੱਤਨੇਮ ਤੋਂ ਬਾਅਦ ਮਾਤਾ ਰੀਗਾ ਨੇ ਚੁੱਲ੍ਹੇ ਨੂੰ ਆਪਣੇ ਹੱਥੀਂ ਮਿੱਟੀ ਦਾ ਪਰੋਲਾ (ਪੋਚਾ) ਮਾਰਿਆ। ਅੱਗ ਬਾਲੀ, ਸੋਹਣੇ ਮਿੱਸੇ ਪਰਾਉਂਠੇ ਤਿਆਰ ਕੀਤੇ। ਦੁੱਧ ਤਾਂ ਆਪਣੇ ਹੱਥੀਂ ਅੰਮ੍ਰਿਤ ਵੇਲੇ ਹੀ ਰਿੜਕ ਲਿਆ ਸੀ। ਆਪਣੇ ਹੱਥੀਂ ਚਾਟੀ ਧੋਤੀ। ਲੱਸੀ ਪਾਈ ਤੇ ਕਟੋਰਾ ਮੱਖਣ ਦਾ ਭਰ ਲਿਆ। ਹੁਣ ਤਿਆਰ ਕੀਤੇ ਮਿੱਸੇ ਪ੍ਰਸ਼ਾਦੇ ਪੋਣੇ (ਕਪੜੇ) ਵਿਚ ਬੰਨ੍ਹੇ, ਚਾਟੀ ਦੇ ਮੂੰਹ ਉਤੇ ਮੱਖਣ ਦਾ ਕਟੋਰਾ ਰੱਖਿਆ, ਉਤੇ ਢੱਕਣ ਦੇ ਕੇ ਪ੍ਰਸ਼ਾਦੇ ਰੱਖੇ ਤੇ ਨਾਲ ਪੰਜ-ਸੱਤ ਰੀਢੇ ਰੱਖ ਲਏ। ਅਜੇ ਸੂਰਜ ਨੇ ਕੰਨੀ ਹੀ ਕੱਢੀ ਹੀ ਸੀ ਜੋ ਸਿਰ ਉਤੇ ਚਾਟੀ ਚੁੱਕੀ, ਨੰਗੇ ਪੈਰੀਂ, ਮਾਤਾ ਰੀਗਾ ਦਾਸੀ ਸੰਤੀ ਨਾਲ ਸਤਿ ਕਰਤਾਰ ਦਾ ਸਿਮਰਨ ਕਰਦੀ ਤੁਰੀ ਜਾ ਰਹੀ ਸੀ। ਕੂਲੇ ਪੈਰਾਂ ਨੂੰ ਨਾ ਕੰਕਰ ਚੁਭ ਰਹੇ ਸਨ ਤੇ ਨਾ ਹੀ ਊਬੜ-ਖਾਬੜ ਰਸਤਾ ਤੰਗ ਕਰ ਰਿਹਾ ਸੀ। ਮਾਤਾ ਜੀ ਦੀ ਸੁਰਤ ਪਾਠ ਨਾਲ ਜੁੜੀ ਬੀੜ ਦੇ ਪੰਧ ਉੱਪਰ ਤੁਰੀ ਜਾ ਰਹੀ ਸੀ।

ਇਹ ਇਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਵਿਚ ਪਹਿਲਾ ਮੌਕਾ ਸੀ ਜੋ ਨੰਗੇ ਪੈਰੀਂ ਨੌਂ ਮੀਲ ਦਾ ਸਫ਼ਰ ਕੀਤਾ। ਵਿਆਹੇ ਆਏ ਤੇ ਗੁਰੂ ਮਹਿਲਾਂ ਵਿਚ। ਗੁਰੂ ਰਾਮਦਾਸ ਦੀ ਨੂੰਹ ਸੀ।

ਜਦ ਕਦੀ ਵੀ ਬਾਹਰ ਗਏ ਰੱਥ ਉੱਪਰ ਚੜ੍ਹ ਕੇ । ਪੰਜ-ਸੱਤ ਦਾਸੀਆਂ ਹਮੇਸ਼ਾ ਹੀ ਨਾਲ ਹੁੰਦੀਆਂ । ਅੱਜ ਨਿਰਾ ਤੁਰਨਾ ਹੀ ਨਹੀਂ ਸੀ ਸਗੋਂ ਨੰਗੇ ਪੈਰੀਂ ਤੁਰਨਾ ਸੀ । ਸਿਰ ਉਤੇ ਵੀ ਬੋਝ ਸੀ । ਖਰ ਮਾਤਾ ਰੀਗਾ ਸਿਦਕ ਨਾਲ ਤੁਰੀ ਜਾ ਰਹੀ ਸੀ, ਬਾਬੇ ਬੁੱਢੇ ਜੇਹੇ ਦਰਵੇਸ਼ ਵੱਲ ।

ਬਾਬਾ ਬੁੱਢਾ ਬੀੜ ਦੇ ਕਿਨਾਰੇ ਆ ਕੇ ਚੱਕ ਨੂੰ ਵੇਖ ਹੀ ਰਹੇ ਸਨ ਕਿ ਦੋ ਇਸਤਰੀਆਂ ਆਉਂਦੀਆਂ ਦਿੱਸੀਆਂ । ਇਕ ਦੇ ਸਿਰ ਉਤੇ ਚਾਟੀ ਸੀ । ਬਾਬਾ ਬੁੱਢਾ ਮੱਖਣ ਤੇ ਲੱਸੀ ਦੇ ਬੜੇ ਪ੍ਰਿਆਰੇ ਸਨ । ਪਲਾਂ ਵਿਚ ਹੀ ਇਸਤਰੀਆਂ ਨੇੜੇ ਆ ਗਈਆਂ । ਮਾਤਾ ਰੀਗਾ ਨੇ ਚਾਟੀ ਥੱਲੇ ਰੱਖ ਕੇ ਬਾਬਾ ਜੀ ਨੂੰ ਮੱਥਾ ਟੇਕਿਆ । ਬਾਬਾ ਜੀ ਪ੍ਰਸੰਨਤਾ ਪੂਰਬਕ ਦਰਖ਼ਤ ਦੀ ਛਾਵੇਂ ਬਹਿ ਗਏ । ਮਾਤਾ ਜੀ ਨੇ ਪਰਸ਼ਾਦਾ ਪਰੋਸਿਆ, ਉਤੇ ਮੱਖਣ ਧਰਿਆ ਤੇ ਥਾਲੀ ਬਾਬਾ ਜੀ ਅੱਗੇ ਰੱਖ ਦਿੱਤੀ । ਨਾਲ ਹੀ ਲੱਸੀ ਦਾ ਛੰਨਾ (ਕਟੋਰਾ) ਅੱਗੇ ਕੀਤਾ । ਪਰ ਬਾਬਾ ਜੀ ਦੀ ਨਜ਼ਰ ਰੀਢਿਆਂ ਉਤੇ ਸੀ । ਮਾਤਾ ਰੀਗਾ ਜੀ ਛਿੱਲਣ ਹੀ ਲੱਗੀ ਸੀ ਕਿ ਰੀਢੇ ਬਾਬਾ ਜੀ ਨੇ ਆਪ ਹੀ ਫੜ ਲਏ । ਰੀਢੇ ਨੂੰ ਛਿੱਲਣ ਉਪਰੰਤ ਰੀਢੇ ਨੂੰ ਮੁੱਕਾ ਮਾਰ ਕੇ ਫੇਂਹਦਿਆਂ ਕਿਹਾ : "ਮਾਤਾ ਜੀ, ਤੁਹਾਡੇ ਘਰ ਸੂਰਬੀਰ ਜੋਧਾ ਪੈਦਾ ਹੋਵੇਗਾ ਜੋ ਦੁਸ਼ਮਣਾਂ ਦੇ ਸਿਰ ਰੀਢਿਆਂ ਵਾਂਗ ਫੇਹੇਗਾ ।" ਬਾਬਾ ਬੁੱਢਾ ਜੀ ਨਾਲੇ ਪਰਸ਼ਾਦੇ ਛਕ ਰਹੇ ਸਨ ਨਾਲ ਹੀ ਨਾਲ ਪਰਸ਼ਾਦਿਆਂ ਦੀ ਸਿਫ਼ਤ ਵੀ ਕਰ ਰਹੇ ਸਨ । ਮਾਤਾ ਰੀਗਾ ਨੇ ਪਹਿਲਾਂ ਆਪਣੇ ਲਈ ਵਰਦਾਨ ਸੁਣਿਆ ਤੇ ਫਿਰ ਆਪਣੇ ਹੱਥੀਂ ਤਿਆਰ ਕੀਤੇ ਪਰਸ਼ਾਦੇ ਦੀ ਸਿਫ਼ਤ । ਬਾਬਾ ਬੁੱਢਾ ਪਰਸ਼ਾਦ ਛਕਣ ਤੋਂ ਬਾਅਦ ਮਾਤਾ ਰੀਗਾ ਵੱਲ ਵੇਖ ਕੇ ਕਹਿਣ ਲੱਗੇ, "ਮਾਤਾ ਜੀ, ਤੁੰਹਾਡੇ ਬੁੱਲ੍ਹ ਤਾਂ ਸੁੱਕੇ ਪਏ ਹਨ । ਲਿਆ ਬਈ ਸਿੱਖਾ ਲਾਖੀ ਗਾਂ 'ਚੋਂ ਮਾਤਾ ਜੀ ਨੂੰ ਦੁੱਧ ਪਿਲਾ ।" ਫਿਰ ਮਾਤਾ ਜੀ ਨੂੰ ਸੰਬੋਧਨ ਕਰਦੇ ਹੋਏ, "ਅੱਜ ਤਾਂ ਤੁਸਾਂ ਬਹੁਤ ਖੇਚਲ ਕੀਤੀ । ਸੱਚੀ-ਮੁੱਚੀਂ ਅੱਜ ਪਰਸ਼ਾਦ ਛਕ ਕੇ ਬਹੁਤ ਅਨੰਦ ਆਇਆ । ਮਾਤਾ ਜੀ, ਦੁੱਧ ਪੀਓ । ਏਥੇ ਬੀੜ ਵਿਚ ਦੁੱਧ ਹੀ ਹੈ । ਹੋਰ ਤੁਹਾਨੂੰ ਕੀ ਖੁਆਈਏ ?" ਬਾਬਾ ਬੁੱਢਾ ਜੀ ਪਿਆਰ ਨਾਲ ਪੁੱਛ ਰਹੇ ਸਨ । "ਦੁੱਧ ਹੀ ਅੰਮ੍ਰਿਤ ਹੈ ।" ਮਾਤਾ ਜੀ ਦਾ ਉੱਤਰ ਸੀ । ਹੁਣ ਇਕ ਕਟੋਰਾ ਦੁੱਧ ਦਾ ਮਾਤਾ ਰੀਗਾ ਨੇ ਪੀਤਾ ਤੇ ਫਿਰ ਸੰਤੀ ਦਾਸੀ ਨੂੰ ਪੀਣ ਲਈ ਕਿਹਾ । ਦੁੱਧ ਪ੍ਰੀਂਦਿਆਂ ਹੀ ਮਾਤਾ ਜੀ ਦਾ ਹਿਰਦਾ ਸ਼ਾਂਤ ਹੋ ਗਿਆ । ਮਾਤਾ ਰੀਗਾ ਨੂੰ ਸਹਿਵਨ ਹੀ ਇਹ ਵਿਸ਼ਵਾਸ ਹੋ ਗਿਆ ਕਿ ਮੇਰੀ ਕੁੱਖ ਜ਼ਰੂਰ ਹਰੀ ਹੋਵੇਗੀ । ਹੁਣ ਮਾਤਾ ਜੀ ਨੇ ਬਾਬਾ ਜੀ ਪਾਸੋਂ ਜਾਣ ਦੀ ਆਗਿਆ ਮੰਗੀ ਜੋ ਬਾਬਾ ਜੀ ਨੇ ਪ੍ਰਸੰਨਤਾ ਨਾਲ ਦਿੱਤੀ । ਕੋਲ ਖਾਲੀ ਪਏ ਬਰਤਨ ਦਾਸੀ ਨੇ ਚੁੱਕ ਲਏ । ਹੁਣ ਫਿਰ ਉਹੀ ਨੌਂ ਮੀਲ ਦਾ ਪੈਂਡਾ ਮਾਤਾ ਰੀਗਾ ਨੇ ਨੰਗੇ ਪੈਰੀਂ ਕਰਨਾ ਸੀ । ਪਰ ਉਨ੍ਹਾਂ ਦੇ ਮਨ ਵਿਚ ਅਥਾਹ ਵਿਸ਼ਵਾਸ ਸੀ । ਅੱਖਾਂ ਸ਼ੁਕਰਾਨੇ ਨਾਲ ਭਰਪੂਰ ਸਨ । ਉਹ ਫਿਰ ਪਾਠ-ਸਿਮਰਨ ਵਿਚ ਜੁੜ ਗਏ । ਰਸਤੇ ਵਿਚ ਚਾਰ-ਚੁਫੇਰੇ ਪੰਛੀ ਖੁਸ਼ੀ ਦੇ ਗੀਤ ਗਾਉਂਦੇ ਦਿੱਸੇ । ਹਰੇ-ਭਰੇ ਖੇਤ ਜਿਵੇਂ ਆਉਣ ਵਾਲੇ ਸਮੇਂ ਦੇ ਸ਼ੁਭ ਸੰਦੇਸ਼ੇ ਦੇ ਰਹੇ ਹੋਣ । ਖੁਸ਼ੀ ਨਾਲ ਮਾਤਾ ਜੀ ਦਾ ਪੈਰ ਧਰਤੀ ਉਤੇ ਨਹੀਂ ਸੀ ਪੈ ਰਿਹਾ । ਅੱਜ ਮਾਲਕਣ ਤੇ ਦਾਸੀ ਦੋਵੇਂ ਖੁਸ਼ ਸਨ । ਕੋਈ ਡੇਢ-ਦੋ ਘੰਟੇ ਵਿਚ ਉਹ ਬੀੜ ਤੋਂ ਘਰ ਪੁੱਜ ਗਈਆਂ । ਅੱਗੇ ਮਾਤਾ ਭਾਨੀ ਉਡੀਕ ਰਹੇ ਸੀ । ਆਪਣੀ ਨੂੰਹ ਦੇ ਚਿਹਰੇ ਦੇ ਤੇਜ ਤੋਂ ਹੀ ਅੰਦਾਜ਼ਾ ਲਾ ਲਿਆ । ਨੂੰਹ ਨੇ ਸੱਸ ਨੂੰ ਚਰਨ-ਬੰਦਨਾ

(ਮੱਥਾ ਟੇਕਿਆ) ਕੀਤਾ। ਬੀਬੀ ਭਾਨੀ ਨੇ ਦਿਲ ਖੋਲ੍ਹ ਕੇ ਅਸੀਸਾਂ ਦਿੱਤੀਆਂ। ਸ਼ਾਮ ਨੂੰ ਪਤੀ ਜੀ ਮਹਿਲ ਵਿਚ ਆਏ। ਪਤਨੀ ਦਾ ਟਹਿਕਿਆ ਚਿਹਰਾ ਵੇਖ ਕੇ ਹੀ ਬੁੱਝ ਗਏ। ਅੱਜ ਮਾਤਾ ਗੰਗਾ ਕਿਸੇ ਇਲਾਹੀ ਅਨੰਦ ਵਿਚ ਝੂਮ ਰਹੀ ਸੀ। ਉਹ ਵੀ ਮਾਂ ਬਣੇਗੀ। ਉਹਦੇ ਵਿਹੜੇ ਵਿਚ ਵੀ ਬਾਲ ਖੇਡੇਗਾ। ਉਹ ਵੀ ਲੋਰੀਆਂ ਗਾਏਗੀ। ਉਹ ਵੀ ਤੋਤਲੇ ਬੋਲ ਸੁਣੇਗੀ। ਉਹ ਵੀ ਠੁਮਕ-ਠੁਮਕ ਤੁਰਦੇ ਬਾਲ ਨੂੰ ਵੇਖੇਗੀ। ਬੁੜਾ ਸੋਹਣਾ ਬਾਲ ਉਨ੍ਹਾਂ ਦੀ ਕਲਪਨਾ ਵਿਚ ਅੱਖ-ਮਚੋਲੀ ਖੇਡ ਰਿਹਾ ਸੀ। "ਸੁਣਾ ਫਿਰ ਗੰਗਾ ! ਬਾਬਾ ਬੁੱਢਾ ਜੀ ਨੇ ਕੀ ਕਿਹਾ ਹੈ ?" ਪਤੀ ਦੀ ਆਵਾਜ਼ ਸੁਣ ਕੇ ਮਾਤਾ ਗੰਗਾ ਚੌਂਕੀ। ਫਿਰ ਸੰਭਲ ਕੇ ਸਾਰਾ ਹਾਲ ਖੁਸ਼ੀ-ਖੁਸ਼ੀ ਕਹਿ ਸੁਣਾਇਆ। ਅੱਜ ਪਤੀ-ਪਤਨੀ ਕਿਸੇ ਇਲਾਹੀ ਅਨੰਦ ਵਿਚ ਝੂਮ ਉੱਠੇ।

4

ਪ੍ਰਕਿਰਤੀ ਦਾ ਨਾਮ ਏ ਮੌਲਣਾ। ਮਾਤਾ ਗੰਗਾ ਨੂੰ ਗਰਭ ਠਹਿਰ ਗਿਆ। ਸ਼ਾਦੀ ਤੋਂ ਲਗਭਗ ਉੱਨੀ ਸਾਲ ਬਾਅਦ। ਇਸ ਗੱਲ ਦੀ ਜਿਸ ਨੂੰ ਖ਼ਬਰ ਮਿਲਦੀ, ਬੀਬੀ ਭਾਨੀ ਨੂੰ ਵਧਾਈ ਦੇਂਦਾ। ਬੀਬੀ ਭਾਨੀ ਵਧਾਈਆਂ ਲੈਂਦੀ ਨਾ ਥੱਕਦੀ। ਸਿਆਣੀ ਸੱਸ ਨੇ ਨੂੰਹ ਦੇ ਮਨ ਵਿਚ ਇਕ ਗੱਲ ਪਾ ਦਿੱਤੀ। ਬੰਦਗੀ ਕਰੋ, ਹੋ ਸਕੇ ਤਾਂ ਸੇਵਾ ਕਰੋ। ਇਸ ਵੇਲੇ ਪਾਠ-ਭੋਜਨ ਜਾਂ ਖ਼ੈਰ-ਖ਼ਰਾਇਤ ਵੰਡਣੀ ਚੰਗੀ ਹੁੰਦੀ ਏ। ਰੱਬ ਨੇ ਰਹਿਮ ਕੀਤਾ ਏ। ਉੱਚਾ ਨਹੀਂ ਬੋਲਣਾ। ਗਰੀਬੀ ਭਾਵ ਮਨ ਵਿਚ ਰੱਖਣਾ ਏ। ਇਹੀ ਤੇਰੇ ਹਿਤ ਵਿਚ ਹੈ। ਆਗਿਆਕਾਰ ਨੂੰਹ ਨੇ ਸੱਸ ਦੇ ਸ਼ਬਦਾਂ ਉੱਪਰ ਤਨੋਂ-ਮਨੋਂ ਅਮਲ ਕਰਨਾ ਸ਼ੁਰੂ ਕਰ ਦਿੱਤਾ। ਅੱਜਕਲ੍ਹ ਗੰਗਾ ਜੀ ਦੀ ਹਰ ਨਿੱਕੀ-ਮੋਟੀ ਗੱਲ ਦਾ ਧਿਆਨ ਰੱਖਿਆ ਜਾਂਦਾ। ਬੀਬੀ ਭਾਨੀ ਗੰਗਾ ਜੀ ਦੇ ਖਾਣ-ਪੀਣ ਵਲ ਉਚੇਚਾ ਧਿਆਨ ਦੇਂਦੇ। ਸੌਣ-ਬਹਿਣ ਦਾ ਖ਼ਿਆਲ ਰੱਖਦੇ। ਬੀਬੀ ਭਾਨੀ ਨੇ ਵੀ ਦਾਦੀ ਬਣਨਾ ਸੀ। ਉਹ ਵੀ ਆਪਣੇ ਆਉਣ ਵਾਲੇ ਪੋਤਰੇ ਦਾ ਕਦੀ-ਕਦੀ ਮੂੰਹ ਚਿਤਵ ਕੇ ਖੁਸ਼ੀ ਨਾਲ ਭਰ ਜਾਂਦੇ। ਗੰਗਾ ਉਨ੍ਹਾਂ ਨੂੰ ਹੋਰ ਵੀ ਚੰਗੀ ਲੱਗਦੀ। ਗੰਗਾ ਤੁਰਦੀ ਕਿਵੇਂ ਹੈ ? ਕਿਹੜਾ ਪੈਰ ਪਹਿਲੇ ਚੁੱਕਦੀ ਹੈ ? ਉਹਦੇ ਚਿਹਰੇ ਦੇ ਕੀ ਹਾਵ-ਭਾਵ ਹਨ ?—ਇਹ ਸਾਰੀਆਂ ਗੱਲਾਂ ਸਿਆਣੀ ਮਾਂ ਭਾਨੀ ਮਨ ਹੀ ਮਨ ਵੇਖਦੀ ਤੇ ਵਿਚਾਰਦੀ ਰਹਿੰਦੀ।

ਗੁਰੂ-ਮਹਿਲਾਂ ਵਿਚ ਅੱਜਕਲ੍ਹ ਬੜੀਆਂ ਰੌਣਕਾਂ ਸਨ। ਹੌਲੀ-ਹੌਲੀ ਇਹ ਗੱਲ ਮਹਿਲਾਂ ਤੋਂ ਬਾਹਰ ਨਿਕਲ ਕੇ ਕਰਮੋ ਜੋ ਪ੍ਰਿਥੀ ਚੰਦ ਦੀ ਵਹੁਟੀ ਸੀ, ਉਸ ਪਾਸ ਜਾ ਪੁੱਜੀ। ਕਰਮੋ ਸੁਣਦਿਆਂ ਹੀ ਜਲਣ ਲੱਗ ਪਈ। ਹੁਣ ਤਕ ਤਾਂ ਉਸ ਨੂੰ ਆਸ ਸੀ ਕਿ ਸਾਰੀ ਮਾਲ-ਜਾਇਦਾਦ ਦਾ ਵਾਰਸ ਉਸ ਦਾ ਪੁੱਤਰ ਮਿਹਰਵਾਨ ਹੀ ਬਣੇਗਾ। ਪਰ ਇਸ ਖ਼ਬਰ ਨੇ ਤਾਂ ਉਸ ਦੀਆਂ ਸਾਰੀਆਂ ਆਸਾਂ ਉਤੇ ਪਾਣੀ ਫੇਰ ਦਿੱਤਾ। ਈਰਖਾ ਦੇ ਨਾਲ ਉਹ ਖੌਲਣ ਲੱਗ ਪਈ। ਸਾੜੇ ਦੀ ਭਾਵਨਾ ਨਾਲ ਭਖਦੀ ਹੋਈ ਕਰਮੋ ਨੇ ਆਪਣੀਆਂ ਦਾਸੀਆਂ ਨੂੰ ਸੱਦਿਆ ਤਾਂਕਿ ਕੋਈ ਤਰੀਕਾ ਲੱਭਿਆ ਜਾਵੇ ਜਿਸ ਨਾਲ ਮਾਤਾ ਗੰਗਾ ਦੀਆਂ ਆਸਾਂ ਉਤੇ ਪਾਣੀ ਫਿਰ ਜਾਵੇ। ਉਸ ਜ਼ਮਾਨੇ ਵਿਚ ਲੋਕ ਕਾਲੇ ਇਲਮ ਵਿਚ ਬਹੁਤ ਵਿਸ਼ਵਾਸ ਰੱਖਦੇ ਸੀ। ਜਾਦੂ-ਟੂਣੇ ਆਮ ਸਨ। ਲੋਕਾਂ ਦਾ ਵਿਸ਼ਵਾਸ ਰੱਬ ਨਾਲੋਂ ਵੱਧ ਇਨ੍ਹਾਂ ਕੁਕਰਮਾਂ ਵਿਚ ਸੀ।

ਸੋ ਕਰਮੋ ਨੇ ਇਕ ਦਾਸੀ ਨੂੰ ਗਹਿਣੇ, ਕਪੜੇ ਤੇ ਰੁਪਏ ਦਾ ਲਾਲਚ ਦੇ ਕੇ ਆਪਣੇ ਨਾਲ ਮਿਲਾ ਲਿਆ। ਉਸੇ ਵੇਲੇ ਖੱਬੇ ਹੱਥੋਂ ਸੋਨੇ ਦਾ ਕੜਾ ਲਾਹ ਕੇ ਉਸ ਨੂੰ ਦੇ ਦਿੱਤਾ ਤਾਂ ਜੁ ਲਾਲਚ ਵਿਚ ਫਸ ਕੇ ਉਹ ਕੰਮ ਕਰਨ ਵਿਚ ਢਿੱਲ ਨਾ ਕਰੇ।

ਹੁਣ ਇਹ ਦਾਸੀ ਕਿਸੇ ਮੌਲਵੀ ਪਾਸ ਗਈ। ਉਸ ਤੋਂ ਕੋਈ ਨਕਸ਼ ਬਣਵਾ ਕੇ ਲੈ ਆਈ। ਕਰਮੋ ਬੜੀ ਪ੍ਰਸੰਨ ਹੋਈ ਪਰ ਉਹ ਤਾਂ ਮਾਤਾ ਗੰਗਾ ਦੀ ਛੱਤ ਉਤੇ ਦੱਬਣਾ ਸੀ। ਹੁਣ ਉਨ੍ਹਾਂ ਦੇ ਮਹਿਲਾਂ ਵਿਚ ਕੌਣ ਜਾਵੇ ? ਬੜੀ ਭਾਰੀ ਸਮੱਸਿਆ ਸੀ। ਨਾਲੇ ਉਨ੍ਹਾਂ ਦੇ ਮਹਿਲਾਂ ਵਿਚ ਹਰ ਵੇਲੇ ਬੱਤੀਆਂ ਜਗਦੀਆਂ ਰਹਿੰਦੀਆਂ ਸਨ। ਮਾਤਾ ਗੰਗਾ ਦੀਆਂ ਦਾਸੀਆਂ ਬੜੀ ਚੌਕਸੀ ਕਰਦੀਆਂ ਸਨ। ਉਹ ਸਾਰੀ-ਸਾਰੀ ਰਾਤ ਵਾਰੀ-ਵਾਰੀ ਸਿਰ ਪਹਿਰਾ ਦੇਂਦੀਆਂ ਸਨ। ਬੁਰੇ ਨੂੰ ਬੁਰਾ ਕਰਨ ਲਈ ਮੌਕਾ ਲੱਭ ਹੀ ਜਾਂਦਾ ਹੈ। ਅੱਧੀ ਰਾਤ ਵੇਲੇ ਕਰਮੋ ਦੀ ਦਾਸੀ ਕੰਧ ਟੱਪ ਕੇ ਮਾਤਾ ਗੰਗਾ ਦੇ ਕਮਰੇ ਦੀ ਛੱਤ ਉੱਪਰ ਪਹੁੰਚੀ। ਬਹੁਤ ਹੀ ਪੋਲੀ-ਪੋਲੀ ਉਹਨੇ ਥਾਂ ਪੁੱਟੀ ਤੇ ਫਿਰ ਉਹ ਨਕਸ਼ ਉਥੇ ਦੱਬ ਦਿੱਤਾ। ਦਰਮਿਆਨ ਦੀਆਂ ਕੰਧਾਂ ਵੀ ਬਹੁਤੀਆਂ ਉੱਚੀਆਂ ਨਹੀਂ ਸਨ। ਪਰ ਪਾਪੀ ਨੂੰ ਪਾਪ ਮਾਰਦੇ ਹਨ। ਘਬਰਾਈ ਹੋਈ ਦਾਸੀ ਨਕਸ਼ ਦੱਬ ਕੇ ਜਿਵੇਂ ਹੀ ਕੰਧ ਉਤੇ ਚੜ੍ਹਨ ਲੱਗੀ, ਹੱਥੋਂ ਕੰਧ ਛੁਟਕ ਗਈ ਤੇ ਪਟਾਕ ਕਰਦੀ ਮਾਤਾ ਗੰਗਾ ਦੇ ਵਿਹੜੇ ਵਿਚ ਆਣ ਡਿੱਗੀ। ਉਸ ਦੀ ਸੱਜੀ ਲੱਤ ਟੁੱਟ ਗਈ ਤੇ ਲੱਗੀ ਪੀੜ ਨਾਲ ਦੁਹਾਈਆਂ ਪਾਉਣ। ਉਹਦੇ ਡਿੱਗਣ ਤੇ ਚੀਕਣ ਨਾਲ ਸਾਰੇ ਘਰ ਦੇ ਜਾਗ ਪਏ। ਦਾਸੀ ਸੰਤੀ ਤਾਂ ਪਹਿਲੇ ਹੀ ਜਾਗ ਰਹੀ ਸੀ। ਜਦੋਂ ਉਸ ਤੋਂ ਪੁੱਛਿਆ ਕਿ ਉਹ ਕਿਵੇਂ ਡਿੱਗ ਪਈ ਤਾਂ ਉਸ ਨੇ ਕਰਮੋ ਦੀ ਗੱਲ ਕਹਿ ਸੁਣਾਈ।

ਬੀਬੀ ਭਾਨੀ ਜੀ ਨੂੰ ਇਹ ਸਾਰਾ ਕਾਰਾ ਸੁਣ ਕੇ ਬਹੁਤ ਅਫ਼ਸੋਸ ਹੋਇਆ ਪਰ ਉਨ੍ਹਾਂ ਨੇ ਮਾਤਾ ਗੰਗਾ ਨੂੰ ਬਾਹਰ ਨਾ ਆਉਣ ਦਿੱਤਾ। ਹੁਣ ਰੂੜੀ ਨਾਲ ਕਿਸੇ ਦੀ ਹਮਦਰਦੀ ਨਹੀਂ ਸੀ। ਦੁੱਖ ਦੀ ਮਾਰੀ ਆਪੇ ਹੀ ਟੁੱਟੀ ਲੱਤ ਘੜੀਸਦੀ ਮਾਤਾ ਗੰਗਾ ਦੇ ਮਹਿਲੋਂ ਬਾਹਰ ਚਲੀ ਗਈ। ਭਾਵੇਂ ਪਾਪੀ ਨੂੰ ਪਾਪ ਦਾ ਫਲ ਤਾਂ ਮਿਲ ਗਿਆ ਸੀ। ਪਰ ਮਾਤਾ ਭਾਨੀ ਤੇ ਮਾਤਾ ਗੰਗਾ ਬਹੁਤ ਹੀ ਉਦਾਸ ਹੋ ਗਈਆਂ। ਗੁਰੂ ਅਰਜਨ ਦੇਵ ਜੀ ਨੂੰ ਨਿੱਤਨੇਮ ਤੋਂ ਬਾਅਦ ਸਾਰੀ ਗੱਲ ਦੱਸੀ, ਉਹ ਸੁਣ ਕੇ ਚੁੱਪ ਕਰ ਗਏ। ਮਾਤਾ ਭਾਨੀ ਨੇ ਜ਼ੋਰ ਦਿੱਤਾ ਕਿ ਗੰਗਾ ਨੂੰ ਇਥੋਂ ਕੁਝ ਮਹੀਨੇ ਕਿਸੇ ਹੋਰ ਥਾਂ ਰੱਖਿਆ ਜਾਵੇ। ਅਜੇ ਇਹ ਗੱਲਾਂ ਹੋ ਹੀ ਰਹੀਆਂ ਸਨ ਕਿ ਪਹਿਰੇਦਾਰ ਨੇ ਆ ਕੇ ਖ਼ਬਰ ਦਿੱਤੀ ਕਿ ਵਡਾਲੀ ਦਾ ਚੌਧਰੀ ਭਾਗਾ ਆਪ ਦੇ ਦਰਸ਼ਨਾਂ ਨੂੰ ਆਇਆ ਹੈ।

ਭਾਗਾ ਚੌਧਰੀ ਗੁਰੂ-ਘਰ ਦਾ ਬੜਾ ਸ਼ਰਧਾਲੂ ਸੀ। ਹੱਥ ਜੋੜ ਕੇ ਅਦਬ ਨਾਲ ਕਹਿਣ ਲੱਗਾ, "ਨਗਰ ਵਾਸੀਆਂ ਦੀ ਇੱਛਾ ਹੈ ਕਿ ਆਪ ਵਡਾਲੀ ਚਰਨ ਪਾਓ। ਨਾਲੇ ਮਾਤਾ ਜੀ ਵੀ ਚੱਲਣ। ਕੁਝ ਚਿਰ ਉਥੇ ਰਹੋ।" ਸਤਿਗੁਰੂ ਭਾਗੇ ਚੌਧਰੀ ਦੀ ਬੇਨਤੀ ਸੁਣ ਕੇ ਮੁਸਕਰਾ ਪਏ। "ਅੱਛਾ ਭਾਈ ਭਾਗਾ ! ਜੇ ਤੁਹਾਡੀ ਇਹੋ ਹੀ ਮਰਜ਼ੀ ਹੈ ਤਾਂ ਅਸੀਂ ਪਰਿਵਾਰ ਸਮੇਤ ਕੁਝ ਦਿਨ ਵਡਾਲੀ ਆ ਰਹਿੰਦੇ ਹਾਂ।" ਭਾਈ ਭਾਗਾ ਖੁਸ਼ੀ-ਖੁਸ਼ੀ ਵਡਾਲੀ ਵੱਲ ਨੱਸ ਤੁਰਿਆ। ਸਾਰੇ ਪਿੰਡ ਨੂੰ ਖ਼ਬਰ ਹੋ ਗਈ। ਸਤਿਗੁਰੂ ਪਰਿਵਾਰ ਸਮੇਤ ਵਡਾਲੀ ਆ ਰਹੇ ਹਨ। ਭਾਗੇ ਚੌਧਰੀ ਨੇ ਆਪਣੀ ਹਵੇਲੀ ਖਾਲੀ ਕਰਵਾ ਦਿੱਤੀ। ਸਾਰਾ ਪਿੰਡ ਹਵੇਲੀ ਦੀ ਸਫ਼ਾਈ ਕਰਨ ਲਈ ਉਮੜ ਪਿਆ। ਕੋਈ ਝਾੜੂ ਮਾਰ ਰਿਹਾ ਸੀ, ਕੋਈ ਪੋਚਾ ਮਾਰ ਰਿਹਾ

ਸੀ, ਕੋਈ ਕੰਧਾਂ ਨੂੰ ਲਿੰਬ ਰਿਹਾ ਸੀ । ਲੋਕ ਚਾਉ-ਚਾਈਂ ਹਵੇਲੀ ਦੀ ਸਫ਼ਾਈ ਕਰ ਰਹੇ ਸਨ ਨਾਲੇ 'ਸਤਿ ਕਰਤਾਰ' ਦੀ ਧੁਨੀ ਉਚਾਰ ਰਹੇ ਸਨ । ਸ਼ਾਮ ਤਕ ਹਵੇਲੀ ਤਿਆਰ ਹੋ ਗਈ ।

ਦੂਜੇ ਪਾਸੇ, ਮਾਤਾ ਭਾਨੀ ਨੇ ਦਾਸੀਆਂ ਕੋਲੋਂ ਜ਼ਰੂਰਤ ਦਾ ਸਾਮਾਨ ਬੰਨ੍ਹਵਾ ਲਿਆ । ਗੱਡੇ ਆ ਗਏ । ਸਾਮਾਨ ਉਨ੍ਹਾਂ ਉੱਪਰ ਲੱਦਿਆ ਗਿਆ । ਮਾਤਾ ਗੰਗਾ ਵਾਸਤੇ ਪਾਲਕੀ ਆ ਗਈ । ਮਾਤਾ ਭਾਨੀ ਜੀ ਨੇ ਉਨ੍ਹਾਂ ਨੂੰ ਰੱਥ ਵਿਚ ਨਾ ਬਿਠਾਇਆ । ਵਡਾਲੀ ਜਾਣ ਵਾਲਾ ਰਾਹ ਉੱਚਾ-ਨੀਵਾਂ ਸੀ ਤੇ ਝਟਕੇ ਲੱਗਣ ਦਾ ਡਰ ਸੀ । ਰੱਥ ਵਿਚ ਮਾਤਾ ਭਾਨੀ ਜੀ ਤੇ ਦੋ ਦਾਸੀਆਂ ਬਿਠਾਈਆਂ ਗਈਆਂ । ਹਨੇਰੇ ਵਿਚ ਹੀ ਇਹ ਪਰਿਵਾਰ ਗੁਰੂ-ਮਹਿਲ ਤੋਂ ਵਡਾਲੀ ਵੱਲ ਤੁਰ ਪਿਆ ।

ਗੁਰੂ ਅਰਜਨ ਦੇਵ ਜੀ ਆਪ ਪਿੱਛੇ ਰਹੇ । ਇਕ ਤਾਂ ਗੁਰੂ ਦੇ ਚੱਕ ਉਸਾਰੀ ਹੋ ਰਹੀ ਸੀ ਦੂਜਾ, ਹਰਿਮੰਦਰ ਦਾ ਸਰੋਵਰ ਤਿਆਰ ਹੋ ਰਿਹਾ ਸੀ । ਨਗਰ ਦੇ ਲੋਕਾਂ ਨੇ ਮਾਤਾ ਭਾਨੀ ਤੇ ਮਾਤਾ ਗੰਗਾ ਦਾ ਬੜਾ ਨਿੱਘਾ ਸਵਾਗਤ ਕੀਤਾ । ਚੌਧਰੀ ਨੇ ਸਾਰੇ ਪ੍ਰਬੰਧ ਪੂਰੇ ਕਰਵਾ ਦਿੱਤੇ ਸਨ । ਮਾਤਾ ਭਾਨੀ ਤੇ ਮਾਤਾ ਗੰਗਾ ਇਸ ਹਰੇ-ਭਰੇ ਥਾਂ ਉੱਪਰ ਬਹੁਤ ਪ੍ਰਸੰਨ ਸਨ । ਮਾਤਾ ਭਾਨੀ ਜਾਂ ਤਾਂ ਮਾਤਾ ਦੀ ਦੇਖ-ਰੇਖ ਕਰਦੇ ਸਨ ਜਾਂ ਫਿਰ ਭਜਨ-ਬੰਦਗੀ । ਗੁਰੂ ਜੀ ਵੀ ਵਿਚ-ਵਿਚ ਆ ਜਾਂਦੇ ਸਨ । ਘਰ ਦੀ ਸੁਖ-ਸਾਂਦ ਲੈ ਜਾਂਦੇ ਸਨ । ਇਸੇ ਬਹਾਨੇ ਨਗਰ-ਵਾਸੀ ਵੀ ਹੁੰਮ-ਹੁਮਾ ਕੇ ਦਰਸ਼ਨ ਕਰ ਲੈਂਦੇ ਸਨ । ਵਡਾਲੀ ਅੰਮ੍ਰਿਤਸਰ ਤੋਂ ਕੋਈ ਤਿੰਨ ਕੁ ਕੋਹ ਅਥਵਾ ਸਾਢੇ ਚਾਰ ਮੀਲ ਦੀ ਦੂਰੀ ਉੱਪਰ ਹੈ । ਵਡਾਲੀ ਅੰਮ੍ਰਿਤਸਰ ਤੋਂ ਜਿਹੜੀ ਜਰਨੈਲੀ ਸੜਕ ਲਾਹੌਰ ਵੱਲ ਜਾਂਦੀ ਹੈ, ਜਿਸ ਉਤੇ ਪੁਤਲੀਘਰ ਤੇ ਖਾਲਸਾ ਕਾਲਜ ਹਨ, ਉਸੇ ਦੇ ਕਿਨਾਰੇ ਹੀ ਆਬਾਦ ਹੈ । ਇਸ ਨੂੰ ਅੱਜਕਲ੍ਹ ਛੇਹਰਟਾ ਆਖਦੇ ਹਨ । ਗੁਰੂ ਕੀ ਵਡਾਲੀ ਅਤੇ ਛੇਹਰਟਾ ਵਿਚ ਅੱਜਕਲ੍ਹ ਕੋਈ ਫ਼ਰਕ ਨਹੀਂ ਰਿਹਾ । ਅਖ਼ੀਰ ਉਹ ਭਾਗੀਂ ਭਰਿਆ ਦਿਨ ਵੀ ਆ ਗਿਆ ਜਦੋਂ ਮਾਤਾ ਗੰਗਾ ਸੋਹਣੇ-ਸੁਨੱਖੇ ਪੁੱਤਰ ਦੀ ਮਾਂ ਬਣੀ । ਅੱਜ ਬਾਬਾ ਬੁੱਢਾ ਜੀ ਦਾ ਵਰ ਪੂਰਾ ਹੋ ਗਿਆ । 14 ਜੂਨ ਸੰਨ 1595 ਈਸਵੀ ਨੂੰ ਮਾਤਾ ਭਾਨੀ ਦਾਦੀ ਅੰਮਾ ਬਣ ਗਏ । ਅੱਜ ਉਨ੍ਹਾਂ ਆਪਣੇ ਪਿਆਰੇ ਸਪੁੱਤਰ ਅਰਜਨ ਦੇਵ ਨੂੰ ਕੋਲ ਬੁਲਾ ਕੇ ਨਵਜਾਤ ਬਾਲਕ ਦੇ ਦੀਦਾਰ ਕਰਵਾਏ ਤਾਂ ਮਾਂ-ਪੁੱਤ ਕਿਸੇ ਇਲਾਹੀ ਰਸ ਵਿਚ ਝੂਮ ਗਏ । ਮਾਤਾ ਭਾਨੀ ਆਪਣੀ ਗੋਦ ਵਿਚ ਨਿੱਕੇ ਪੋਤੇ ਨੂੰ ਚੁੱਕ ਵਾਰੀ-ਬਲਿਹਾਰੀ ਜਾ ਰਹੇ ਸਨ । ਕਦੀ ਉਹਦੇ ਹੱਥ ਚੁੰਮਦੇ, ਕਦੀ ਉਹਦੇ ਪੈਰ ਟੋਂਹਦੇ ਤੇ ਕਦੀ ਉਹਦਾ ਮੱਥਾ ਚੁੰਮਦੇ ।

ਮਾਤਾ ਭਾਨੀ ਨੇ ਦਾਸੀਆਂ ਨੂੰ ਖੁੱਲ੍ਹਾ ਪ੍ਰਸ਼ਾਦ ਵੰਡਣ ਲਈ ਕਿਹਾ । ਸਾਰਾ ਨਗਰ ਵਧਾਈ ਦੇਣ ਆਇਆ । ਅੱਜ ਪੰਚਮ ਗੁਰੂ ਦੇ ਚਿਹਰੇ ਉਤੇ ਰੌਣਕ ਖੇਡ ਰਹੀ ਸੀ.। ਮਾਤਾ ਗੰਗਾ ਪ੍ਰਸੰਨ ਮੁਦਰਾ ਵਿਚ ਪਤੀ ਨੂੰ ਨਿਹਾਰ ਰਹੀ ਸੀ । ਅੱਖਾਂ ਸ਼ੁਕਰਾਨੇ ਨਾਲ ਭਰਪੂਰ । ਚਿਹਰੇ ਉਤੇ ਅੰਤਾਂ ਦੀ ਸ਼ਾਂਤੀ । ਕਿਸੇ ਦੈਵੀ ਮੰਡਲ ਦੀ ਵਸਤੂ ਜਾਪ ਰਹੇ ਸੀ, ਮਾਤਾ ਗੰਗਾ !

ਨਿਰੰਕਾਰ ਨੇ ਮਾਤਾ ਗੰਗਾ ਨੂੰ ਗੁਰੂ ਅਰਜਨ ਵਰਗਾ ਪਤੀ ਦਿੱਤਾ, ਗੁਰੂ ਹਰਿਗੋਬਿੰਦ ਵਰਗਾ ਪੁੱਤਰ ਤੇ ਮਾਤਾ ਭਾਨੀ ਵਰਗੀ ਸੱਸ । ਰਾਜ-ਭਾਗ, ਪ੍ਰੇਮਾ-ਭਗਤੀ ਹੋਰ ਕੀ ਚਾਹੀਦਾ ਸੀ ਉਨ੍ਹਾਂ ਨੂੰ ? ਉਹ ਬਹੁਤ ਵਾਰੀ ਸੋਚਦੇ । ਪਰ ਸਤਿਗੁਰੂ ਨੇ ਸਭ ਕੁਝ ਦੇ ਕੇ ਇਕ

ਪਾਸਿਉਂ ਰਤਾ ਕੁ ਕਾਣ ਰੱਖ ਹੱ ਲਈ । ਮਾਤਾ ਗੰਗਾ ਦੇ ਜੇਠ-ਜਿਠਾਣੀ ਨੇ ਜਿਉਂ-ਦੇ-ਜੀਅ ਇਨ੍ਹਾਂ ਨੂੰ ਕਿਸੇ ਨਾ ਕਿਸੇ ਗੱਲੋਂ ਤੰਗ ਕਰੀ ਹੀ ਰੱਖਿਆ । ਹੁਣ ਕਰਮੋ ਮਾਤਾ ਗੰਗਾ ਦੇ ਖਹਿੜੇ ਪੈ ਗਈ । ਉਹ ਚਾਹੁੰਦੀ ਸੀ ਕਿਸੇ ਨਾ ਕਿਸੇ ਤਰ੍ਹਾਂ ਆਪਣੀ ਈਰਖਾ ਦੀ ਅੱਗ ਮੱਠੀ ਕਰੇ । ਉਸ ਨੇ ਆਪਣੀਆਂ ਦਾਈਆਂ ਦੀ ਮਦਦ ਰਾਹੀਂ ਗੁਰੂ ਕੀ ਵਡਾਲੀ ਪਿੰਡ ਦੀ ਦਾਈ ਨੂੰ ਸੱਦਿਆ । ਉਸ ਨੂੰ ਬਹੁਤ ਸਾਰੀ ਮਾਇਆ ਦਾ ਲਾਲਚ ਦੇ ਕੇ ਇਸ ਗੱਲ ਲਈ ਰਾਜ਼ੀ ਕਰ ਲਿਆ ਕਿ ਉਹ ਆਪਣੀ ਛਾਤੀ ਉਤੇ ਜ਼ਹਿਰ ਲਾ ਕੇ ਚਲੀ ਜਾਏ ਤੇ ਕਿਸੇ ਤਰ੍ਹਾਂ ਇਕ ਵਾਰ ਬਾਲਕ ਹਰਿਗੋਬਿੰਦ ਨੂੰ ਆਪਣਾ ਦੁੱਧ ਚੁੰਘਾ ਦੇਵੇ । ਸੋਭੀ ਦਾਈ ਮੰਨ ਗਈ । ਤੇ ਵਡਾਲੀ ਪੁੱਜ ਕੇ ਕਰਮੋ ਦੇ ਕਹੇ ਅਨੁਸਾਰ ਜ਼ਹਿਰ ਥਣਾਂ ਨੂੰ ਲਾ ਲਈ । ਅੱਧੀ ਡਰੀ ਅੱਧੀ ਖੁਸ਼ ਉਹ ਹਵੇਲੀ ਵਿਚ ਜਾ ਵੜੀ । ਪਹਿਲਾਂ ਮਾਤਾ ਗੰਗਾ ਨੂੰ ਮਿਲੀ ਤੇ ਮਾਤਾ ਭਾਨੀ ਨੂੰ ਮਿਲੀ, ਫੇਰ ਬਹਾਨੇ ਨਾਲ ਬਾਲਕ ਹਰਿਗੋਬਿੰਦ ਨੂੰ ਚੁੱਕ ਕੇ ਦੂਸਰੇ ਕਮਰੇ ਵਿਚ ਲੈ ਆਈ ਤੇ ਆ ਕੇ ਉਨ੍ਹਾਂ ਦੇ ਮੂੰਹ ਵਿਚ ਆਪਣੇ ਥਣ ਪਾ ਦਿੱਤੇ । ਬਾਲ-ਗੁਰੂ ਨੇ ਐਸੀ ਦੰਦੀ ਵੱਢੀ ਕਿ ਉਸ ਦੀਆਂ ਚੀਕਾਂ ਨਿਕਲ ਗਈਆਂ । ਏਨੇ ਵਿਚ ਮਾਤਾ ਗੰਗਾ ਜੀ ਆ ਗਏ । ਉਨ੍ਹਾਂ ਨੇ ਬਾਲ-ਗੁਰੂ ਨੂੰ ਚੁੱਕ ਲਿਆ ਪਰ ਸੋਭੀ ਤਾਂ ਫਰਸ਼ ਉਤੇ ਪਈ ਤੜਫ ਰਹੀ ਸੀ । ਛਾਤੀ ਉਤੇ ਲੱਗੀ ਜ਼ਹਿਰ ਨੇ ਉਲਟਾ ਉਸ ਉੱਪਰ ਹੀ ਅਸਰ ਕਰ ਦਿੱਤਾ । ਉਹ ਲੇਟਣੀਆਂ ਲੈਣ ਲੱਗੀ । ਤੇ ਪੰਜਾਂ ਮਿੰਟਾਂ ਵਿਚ ਹੀ ਮੁੱਕ ਗਈ ।

ਹੁਣ ਮਾਤਾ ਗੰਗਾ ਜੀ ਡਰ ਗਏ ਸਨ । ਉਨ੍ਹਾਂ ਨੇ ਦਾਈਆਂ-ਮਾਈਆਂ ਦੀ ਜਗ੍ਹਾ ਬਾਲ-ਗੁਰੂ ਦਾ ਖਿਡਾਵਾ ਇਕ ਜਵਾਨ ਬ੍ਰਾਹਮਣ ਲਾ ਲਿਆ ਜਿਸ ਨਾਮ ਸੀ ਦੁਨੀ ਚੰਦ । ਦੁਨੀ ਚੰਦ ਬੜਾ ਵਫ਼ਾਦਾਰ ਬ੍ਰਾਹਮਣ ਸੀ । ਪ੍ਰਿਥੀ ਚੰਦ ਨੇ ਬੜੀ ਕੋਸ਼ਿਸ਼ ਨਾਲ ਇਸ ਨੂੰ ਮਾਇਆ ਦਾ ਲਾਲਚ ਆਦਿ ਦੇ ਕੇ ਆਪਣੇ ਹੱਥ ਵਿਚ ਕੀਤਾ ਤੇ ਕਿਹਾ ਕਿ ਦਹੀਂ ਵਿਚ ਬਾਲ ਨੂੰ ਜ਼ਹਿਰ ਖੁਆ ਦੇ । ਉਸ ਜ਼ਹਿਰ ਤਾਂ ਕੀ ਖੁਆਉਣੀ ਸੀ, ਉਲਟਾ ਇਕ ਤਾਂ ਉਸ ਦੀ ਚੋਰੀ ਪਕੜੀ ਗਈ । ਦੂਜਾ, ਉਹ ਉਸੇ ਵੇਲੇ ਸ਼ੂਲ ਨਾਲ ਮਰ ਗਿਆ । ਪੰਚਮ ਪਾਤਸ਼ਾਹ ਇਸ ਘਟਨਾ ਸਮੇਂ ਉਥੇ ਭੀ ਮੌਜੂਦ ਸਨ ।

ਦੁਸਟੁ ਬ੍ਰਾਹਮਣ ਮੂਆ ਹੋਇ ਕੈ ਸੂਲ ॥

(ਗੁਰੂ ਗ੍ਰੰਥ ਸਾਹਿਬ, ਪੰਨੇ 1137)

ਦੀ ਪੰਕਤੀ ਉਨ੍ਹਾਂ ਨੇ ਭੈਰਉ ਰਾਗ ਵਿਚ ਉਚਾਰਨ ਕੀਤੀ । ਗੱਲ ਕੀ ਪ੍ਰਿਥੀ ਚੰਦ ਤੇ ਕਰਮੋ ਆਪਣੀਆਂ ਸਾਜ਼ਿਸ਼ਾਂ ਵਿਚ ਕਾਮਯਾਬ ਨਾ ਹੋ ਸਕੇ ।

5

ਕੋਈ ਦੋ ਕੁ ਸਾਲ ਵਡਾਲੀ ਰਹਿਣ ਤੋਂ ਬਾਅਦ ਮਾਤਾ ਗੰਗਾ ਸਮੇਤ ਆਪਣੀ ਸੱਸ ਮਾਤਾ ਭਾਨੀ ਤੇ ਸਪੁੱਤਰ ਹਰਿਗੋਬਿੰਦ ਗੁਰੂ ਕੇ ਚੱਕ (ਅੰਮ੍ਰਿਤਸਰ) ਆ ਗਏ । ਕਰਮੋ ਤੇ ਪ੍ਰਿਥੀ ਚੰਦ ਆਪਣੀਆਂ ਕੋਝੀਆਂ ਹਰਕਤਾਂ ਕਰ ਕੇ ਇਤਨੇ ਬਦਨਾਮ ਹੋਏ ਕਿ ਗੁਰੂ ਦਾ ਚੱਕ ਛੱਡ ਕੇ ਹੇਹਰ ਪਿੰਡ ਚਲੇ ਗਏ । ਇਹ ਪ੍ਰਿਥੀ ਚੰਦ ਦਾ ਸਹੁਰਾ ਪਿੰਡ ਸੀ ।

ਇਨ੍ਹਾਂ ਦਿਨਾਂ ਵਿਚ ਮਾਤਾ ਗੰਗਾ ਦੇ ਪਤੀ ਇਮਾਰਤ-ਉਸਾਰੀ ਦਾ ਕੰਮ ਬਹੁਤ ਲਗਨ ਨਾਲ ਕਰਵਾ ਰਹੇ ਸਨ । ਹਰਿਮੰਦਰ ਸਾਹਿਬ ਤੇ ਸਰੋਵਰ ਬਣ ਕੇ ਤਿਆਰ ਹੋ ਗਏ ਸਨ ।

ਰਾਮਸਰ ਦੇ ਕਿਨਾਰੇ ਬੈਠ ਕੇ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਦੀ ਸੰਪਾਦਨਾ ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਕੀਤੀ ਜਾ ਚੁੱਕੀ ਸੀ। ਹੁਣ ਗੁਰੂ ਗ੍ਰੰਥ ਸਾਹਿਬ ਜੀ ਦਾ ਹਰਿਮੰਦਰ ਵਿਚ ਪ੍ਰਕਾਸ਼ ਕੀਤਾ ਗਿਆ। ਇਕ ਪਾਸੇ, ਗੁਰੂ-ਘਰ ਦੀ ਸੋਭਾ ਵਧ ਰਹੀ ਸੀ। ਦੂਜੇ ਪਾਸੇ, ਪ੍ਰਿਥੀ ਚੰਦ ਦੀ ਈਰਖਾ ਜ਼ੋਰ ਫੜ ਰਹੀ ਸੀ। ਉਹ ਕਈ ਪੁੱਠੀਆਂ-ਸਿੱਧੀਆਂ ਸ਼ਿਕਾਇਤਾਂ ਸਰਕਾਰੇ-ਦਰਬਾਰੇ ਕਰ ਚੁੱਕਾ ਸੀ। ਉਹ ਹਰ ਵੇਲੇ ਸਰਕਾਰੀ ਬੰਦਿਆਂ ਨਾਲ ਜੋੜ ਰੱਖਦਾ ਸੀ। ਅਖ਼ੀਰ ਉਹ ਵੇਲਾ ਵੀ ਆ ਗਿਆ ਜਦੋਂ ਸਰਕਾਰੀ ਬੰਦੇ ਪ੍ਰਿਥੀ ਚੰਦ ਦੇ ਬਾਰ-ਬਾਰ ਕਹਿਣ ਉਤੇ ਛਾਣ-ਬੀਣ ਕਰਨ ਆਏ। ਭਾਵੇਂ ਸਰਕਾਰੀ ਪੱਧਰ ਉਤੇ ਏਹੀ ਗੱਲ ਸੀ ਕਿ ਜਾ ਕੇ ਛਾਣ-ਬੀਣ ਕਰੋ ਪਰ ਉਨ੍ਹਾਂ ਦੀ ਨੀਅਤ ਮੰਦੀ ਸੀ। ਇਸੇ ਕਰ ਕੇ ਸੁਲਹੀ ਖਾਂ ਪਹਿਲਾਂ ਗੁਰੂ ਸਾਹਿਬ ਨੂੰ ਮਿਲਣ ਦੀ ਬਜਾਏ ਪ੍ਰਿਥੀ ਚੰਦ ਦੇ ਸਹੁਰੇ ਪਿੰਡ ਹੇਹਰੀਂ ਗਿਆ। ਉਥੇ ਪ੍ਰਿਥੀ ਚੰਦ ਸਮੇਤ ਸ਼ਿਕਾਰ ਖੇਡਣ ਗਿਆ। ਉਸ ਦਾ ਘੋੜਾ ਡਰ ਗਿਆ ਤੇ ਇੱਟਾਂ ਦੇ ਆਵੇ ਉਤੇ ਚੜ੍ਹ ਗਿਆ। ਜਿਸ ਨਾਲ ਸੁਲਹੀ ਖਾਂ ਤੇ ਘੋੜਾ ਦੋਵੇਂ ਹੀ ਸੜ ਕੇ ਮਰ ਗਏ। ਇਸ ਘਟਨਾ ਦਾ ਜ਼ਿਕਰ ਵੀ ਪੰਚਮ ਪਾਤਸ਼ਾਹ ਨੇ ਕੀਤਾ ਹੈ :

ਸੁਲਹੀ ਤੇ ਨਾਰਾਇਣ ਰਾਖੁ ॥
ਸੁਲਹੀ ਕਾ ਹਾਥੁ ਕਹੀ ਨ ਪਹੁੰਚੈ ਸੁਲਹੀ ਹੋਇ ਮੂਆ ਨਾਪਾਕੁ ॥
(ਗੁਰੂ ਗ੍ਰੰਥ ਸਾਹਿਬ, ਪੰਨੇ 825)

ਗੱਲ ਕੀ ਪ੍ਰਿਥੀ ਚੰਦ ਨੇ ਹਮੇਸ਼ਾ ਪੰਚਮ ਗੁਰੂ ਤੇ ਉਨ੍ਹਾਂ ਦੇ ਪਰਿਵਾਰ ਨਾਲ ਵੈਰ ਰੱਖਿਆ। ਉਨ੍ਹਾਂ ਦਾ ਨੁਕਸਾਨ ਕਰਨ ਦੀ ਹੀ ਕੋਸ਼ਿਸ਼ ਕੀਤੀ। ਕਦੀ ਬਾਲ-ਗੁਰੂ ਦੀ ਜਾਨ ਦਾ ਵੈਰੀ ਬਣ ਗਿਆ ਤੇ ਕਦੀ ਆਪਣੇ ਹੀ ਛੋਟੇ ਭਰਾ ਦਾ। ਮਾਤਾ ਗੰਗਾ ਦੀ ਜ਼ਿੰਦਗੀ ਵਿਚ ਜਿਥੇ ਹੋਰ ਸਾਰੇ ਸੁਖ ਮਿਲੇ ਉਥੇ ਉਨ੍ਹਾਂ ਦਾ ਇਹ ਪਾਸਾ ਪੀੜਤ ਹੀ ਰਿਹਾ।

6

ਹੁਣ ਬਾਲ-ਗੁਰੂ ਵੱਡੇ ਹੋ ਰਹੇ ਸਨ। ਮਾਤਾ ਗੰਗਾ ਨੇ ਇਕ ਦਿਨ ਬੜੀ ਸਿੱਕ ਨਾਲ ਮਾਤਾ ਭਾਨੀ ਜੀ ਨੂੰ ਕਿਹਾ, "ਮਾਤਾ ਜੀ, ਆਪਣੇ ਪੋਤਰੇ ਦੇ ਸਗਨ ਚਾਓ। ਕੋਈ ਖੁਸ਼ੀ ਵੇਖੀਏ।" ਨੂੰਹ ਦੀ ਗੱਲ ਸੁਣ ਕੇ ਮਾਤਾ ਭਾਨੀ ਜੀ ਵੀ ਖਿੜ ਗਏ। ਇਤਨੇ ਵਿਚ ਪੰਚਮ ਗੁਰੂ ਵੀ ਉਥੇ ਪਹੁੰਚ ਗਏ। ਉਨ੍ਹਾਂ ਵੀ ਗੱਲ ਸੁਣੀ ਤੇ ਨਾਲ ਹੀ ਬਾਬੇ ਬੁੱਢੇ ਹੱਥੀਂ ਡਲੇ ਪਿੰਡ ਦੇ ਇਕ ਸਿੱਖ ਨਰੈਣ ਦਾਸ ਜੋ ਗੁਰੂ-ਘਰ ਦਾ ਸ਼ਰਧਾਲੂ ਸੀ, ਨਾਲ ਹਰਿਗੋਬਿੰਦ ਜੀ ਦੇ ਰਿਸ਼ਤੇ ਦੀ ਗੱਲ ਪੱਕੀ ਕਰ ਦਿੱਤੀ। ਮਾਤਾ ਗੰਗਾ ਦੀ ਰੀਝ ਪੂਰੀ ਹੋ ਗਈ। 21 ਭਾਦਰੋਂ, ਸੰਮਤ 1661 ਬਿਕ੍ਰਮੀ ਨੂੰ ਮਾਤਾ ਗੰਗਾ ਦਾ ਲਾਲ ਬਾਬਾ ਬੁੱਢਾ ਜੀ ਪਾਸੋਂ ਦਸਤਾਰ ਬੰਨ੍ਹਵਾ ਕੇ ਲਾੜੇ ਦਾ ਪੁਸ਼ਾਕਾ ਪਹਿਨ ਕੇ ਘੋੜੀ ਚੜ੍ਹਿਆ ਤੇ ਡਲੇ ਪਿੰਡ ਜਾ ਢੁੱਕਾ। ਗੁਰੂ ਮਹਿਲਾਂ ਵਿਚ ਰੌਣਕ ਹੋ ਗਈ। ਮਾਤਾ ਗੰਗਾ ਜੀ ਦੀ ਨਿੱਕੀ ਜੇਹੀ ਨੂੰਹ ਆ ਗਈ। ਮਾਤਾ ਗੰਗਾ ਸ਼ਗੁਨ ਮਨਾਉਂਦਿਆਂ ਨਹੀਂ ਸੀ ਥੱਕਦੇ। ਦੂਜੇ ਪਾਸੇ, ਮਾਤਾ ਭਾਨੀ ਜੀ ਪ੍ਰਿਥੀ ਚੰਦ ਦੀਆਂ ਹਰਕਤਾਂ ਕਰ ਕੇ ਕੁਝ ਦਿਲਗੀਰ ਰਹਿੰਦੇ। ਇਕ ਵਾਰ ਅਕਬਰ ਗੁਰੂ ਸਾਹਿਬ ਦੇ ਦਰਸ਼ਨ ਕਰਨ ਆ ਗਿਆ ਤੇ ਬਹੁਤ ਹੀ ਖੁਸ਼ ਹੋਇਆ। ਉਸ ਦੇ ਜਾਣ ਤੋਂ ਬਾਅਦ ਪ੍ਰਿਥੀ ਚੰਦ ਮਾਂ ਭਾਨੀ ਨਾਲ ਬਹੁਤ ਬੁਰੀ ਤਰ੍ਹਾਂ ਲੜਿਆ। ਮਾਂ ਭਾਨੀ ਵੀ ਬਹੁਤ ਦੁਖੀ ਹੋਏ ਤੇ ਅਚਾਨਕ ਮੂੰਹੋਂ

ਨਿਕਲਿਆ, "ਕੀ ਪਤਾ ਤੂੰ ਵੀ ਤੰਗ ਹੋ ਕੇ ਮਰੇਂ ।" ਗੱਲ ਕੀ ਮਾਤਾ ਭਾਨੀ ਨੂੰ ਜਿਥੇ ਪਿਤਾ ਦੇ ਘਰ ਇਤਨਾ ਸਨੇਹ ਮਿਲਿਆ । ਪਤੀ ਦੇ ਵੇਲੇ ਆਦਰ-ਮਾਣ, ਹੁਣ ਪੁੱਤਰਾਂ ਦੇ ਪਹਿਰੇ ਵਿਚ ਪ੍ਰਿਥੀਚੰਦ ਵੱਲੋਂ ਕਲੇਸ਼ ਹੀ ਮਿਲਿਆ । ਭਾਵੇਂ ਗੁਰੂ ਅਰਜਨ ਦੇਵ ਆਗਿਆਕਾਰ ਪੁੱਤਰ ਸਨ, ਤੇ ਸਾਰੇ ਕਾਰਜ ਮਾਤਾ ਭਾਨੀ ਦੀ ਸਲਾਹ ਨਾਲ ਹੀ ਕਰ ਰਹੇ ਸਨ ਪਰ ਪ੍ਰਿਥੀਚੰਦ ਨਾ ਬਦਲ ਸਕਿਆ । ਮਾਤਾ ਭਾਨੀ ਨੂੰ ਯੇ ਕੋਈ ਦੁੱਖ ਸੀ ਤਾਂ ਇਹੀ ਕਿ ਉਨ੍ਹਾਂ ਦਾ ਆਪਣਾ ਹੀ ਜਾਇਆ ਆਪਣੇ ਬਜ਼ੁਰਗਾਂ ਦੇ ਖ਼ਿਲਾਫ਼ ਵਧ-ਘੱਟ ਗੱਲਾਂ ਕਰਦਾ ਰਹਿੰਦਾ ਸੀ । ਹੁਣ ਮਾਤਾ ਭਾਨੀ ਦਾ ਸਰੀਰ ਬਹੁਤ ਬਿਰਧ ਹੋ ਚੁੱਕਾ ਸੀ । ਘਰ ਵਿਚ ਪੋਤਰੇ-ਨੂੰਹ ਆ ਚੁੱਕੀ ਸੀ । ਸੰਮਤ 1662 ਅੱਸੂ ਦੇ ਮਹੀਨੇ ਵਿਚ ਮਾਤਾ ਭਾਨੀ ਜੀ ਚੋਲਾ ਛੱਡ ਗਏ ।

ਮਾਤਾ ਰੀਗਾ ਜੀ ਨੂੰ ਆਪਣੀ ਪੂਜਨੀਕ ਸੱਸ ਦੇ ਦੇਹਾਂਤ ਦਾ ਬਹੁਤ ਸਦਮਾ ਪੁੱਜਾ । ਮਾਤਾ ਭਾਨੀ ਮਾਤਾ ਰੀਗਾ ਦਾ ਬਹੁਤ ਵੱਡਾ ਓਹਲਾ ਸੀ । ਘਰੇਗੀ ਕਲੇਸ਼ ਵਿਚ ਉਹ ਸਦਾ ਰੀਗਾ ਦਾ ਸਹਾਰਾ ਰਹੇ ਸੀ । ਮਾਤਾ ਭਾਨੀ ਦੇ ਬੋਲ ਸੱਚੇ ਹੋਏ । ਮਾਤਾ ਭਾਨੀ ਦੇ ਦੇਹਾਂਤ ਤੋਂ ਥੋੜ੍ਹੀ ਦੇਰ ਬਾਅਦ ਪ੍ਰਿਥੀ ਚੰਦ ਵੀ ਸੂਲ ਨਾਲ ਤੜਪ ਕੇ ਮਰ ਗਿਆ ।

ਇਕ ਪਾਸੇ ਮਾਤਾ ਰੀਗਾ ਦੇ ਮਹਿਲਾਂ ਵਿਚ ਨਿੱਕੀ ਜੇਹੀ ਨੂੰਹ ਦੇ ਆਉਣ ਨਾਲ ਰੌਣਕਾਂ ਸਨ । ਦੂਜੇ ਪਾਸੇ, ਮਾਤਾ ਭਾਨੀ ਦੇ ਸ੍ਵਰਗਵਾਸ ਹੋਣ ਕਰ ਕੇ ਮਨ ਵਿਚ ਉਦਾਸੀ ਵੀ ਸੀ । ਇਕ ਏਹੋ ਜੇਹੇ ਦਿਨ ਦੀ ਗੱਲ ਹੈ, ਮਾਤਾ ਰੀਗਾ ਦਾ ਪੁੱਤਰ ਹਰਿਗੋਬਿੰਦ ਘੋੜਸਵਾਰੀ ਕਰ ਕੇ ਦੂਰੋਂ ਮਹਿਲਾਂ ਵੱਲ ਨੱਠੇ ਆ ਰਹੇ ਸਨ । ਮਾਤਾ ਰੀਗਾ ਮਹਿਲਾਂ ਦੇ ਬਨੇਰੇ ਦੇ ਕੋਲ ਖਲੋ ਕੇ ਵੇਖ ਰਹੀ ਸੀ । ਸਹਿਵਨ ਹੀ ਸੋਚਿਆ ਕਾਸ਼ ! ਅੱਜ ਦਾਦੀ ਅੰਮੀ ਹੁੰਦੀ ਤਾਂ ਆਪਣੇ ਪੋਤਰੇ ਦੇ ਚੋਜ ਵੇਖਦੀ ਤਾਂ ਕਿੰਨੀ ਖੁਸ਼ ਹੁੰਦੀ । ਮਾਤਾ ਰੀਗਾ ਦੀ ਸੁਰਤ ਮਾਤਾ ਭਾਨੀ ਨੂੰ ਚਿਤਵ ਰਹੀ ਸੀ । ਨਾਲ ਹੀ ਉਹ ਸਮਾਂ ਯਾਦ ਆਇਆ ਜਦੋਂ ਉਹ ਦਾਸੀ ਨਾਲ ਬਾਬਾ ਬੁੱਢਾ ਜੀ ਪਾਸੋਂ ਵਰ ਲੈ ਕੇ ਵਾਪਸ ਆਏ ਸੀ । ਸੱਸ-ਰਾਣੀ ਕਿਸ ਬੇਤਾਬੀ ਨਾਲ ਉਡੀਕ ਰਹੀ ਸੀ । ਜਦੋਂ ਉਹਨੇ ਰੀਗਾ ਦੇ ਮੂੰਹੋਂ ਸਾਰੀ ਗੱਲ ਸੁਣੀ ਤਾਂ ਕਿੰਨੀ ਦੇਰ ਅੱਖਾਂ ਬੰਦ ਕਰ ਕੇ ਪ੍ਰਭੂ ਦੇ ਸ਼ੁਕਰ ਵਿਚ ਜੁੜ ਗਈ ਸੀ । ਅੱਜਕਲ੍ਹ ਬਾਬਾ ਬੁੱਢਾ ਜੀ ਮਾਤਾ ਰੀਗਾ ਦੇ ਲਾਲ ਨੂੰ ਪੜ੍ਹਾਉਂਦੇ ਸਨ ਤੇ ਭਾਈ ਗੁਰਦਾਸ ਜੀ ਗੁਰੂ ਗ੍ਰੰਥ ਸਾਹਿਬ ਦਾ ਪਾਠ । ਗਿਆਰ੍ਹਾਂ ਕੁ ਸਾਲ ਦੀ ਉਮਰ ਵਿਚ ਹਰਿਗੋਬਿੰਦ ਜੀ ਤੀਰ-ਕਮਾਨ ਚਲਾਉਣ ਤੇ ਘੋੜਸਵਾਰੀ ਦੇ ਮਾਹਿਰ ਹੋ ਗਏ ਸਨ । ਮਾਤਾ ਰੀਗਾ ਪ੍ਰਭੂ ਰੰਗ ਵਿਚ ਰੰਗੀ ਹੋਈ ਖੁਸ਼ੀ ਨਾਲ ਦਿਨ ਬਿਤਾ ਰਹੀ ਸੀ ।

7

ਕੁਦਰਤ ਦਾ ਨੇਮ ਹੈ, ਤਬਦੀਲੀ ! ਨਾ ਸਦਾ ਸੁਖ ਹੀ ਮਿਲਦਾ ਹੈ ਅਤੇ ਨਾ ਹਮੇਸ਼ਾ ਦੁੱਖ ਹੀ । ਦੁੱਖ-ਸੁਖ ਦਾ ਰਲਵਾਂ ਜੇਹਾ ਪ੍ਰਭਾਵ ਹੀ ਜ਼ਿੰਦਗੀ ਦੀ ਪ੍ਰਾਪਤੀ ਹੈ । ਮਾਤਾ ਰੀਗਾ ਜੀ ਸਹਿਜ-ਸੁਖ ਵਿਚ ਬੈਠੇ ਸਨ ਕਿ ਇਕ ਦਾਸੀ ਦੌੜੀ ਆਈ "ਮਾਤਾ ਜੀ, ਗੁਰੂ ਜੀ ਨੂੰ ਸਰਕਾਰੀ ਬੰਦੇ ਲੈਣ ਆਏ ਹਨ" । ਮਾਤਾ ਨੇ ਘਬਰਾਹਟ ਵਿਚ ਪੁੱਛਿਆ, "ਹੁਣ ਗੁਰੂ ਜੀ ਕਿਥੇ ਹਨ ?" "ਉਨ੍ਹਾਂ ਨੇ (ਗੁਰੂ) ਹਰਿਗੋਬਿੰਦ ਜੀ ਨੂੰ ਨਵੇਂ ਸਾਫ਼ ਬਸਤਰ ਪਹਿਨ ਕੇ ਆਉਣ ਲਈ ਹੁਕਮ ਦਿੱਤਾ ਹੈ ।" ਕੋਲ ਖਲੋਤੇ ਇਕ ਸਿੱਖ ਨੇ ਕਿਹਾ । "ਬਾਬਾ ਬੁੱਢਾ ਜੀ

ਨੂੰ ਵੀ ਬੀੜ ਤੋਂ ਮੰਗਵਾਇਆ ਗਿਆ ਹੈ। ਉਸੇ ਸਿੱਖ ਨੇ ਦੱਸਿਆ। ਮਾਤਾ ਗੰਗਾ ਗੱਲਾਂ ਸੁਣ ਕੇ ਚੁੱਪ ਹੋ ਗਏ। ਆਉਣ ਵਾਲੇ ਕਿਸੇ ਬੁਰੇ ਸਮੇਂ ਦਾ ਉਨ੍ਹਾਂ ਨੂੰ ਮਹਿਸੂਸ ਹੋਇਆ ਪਰ ਗੁਰੂ ਜੀ ਦੇ ਹੁਕਮ ਅਨੁਸਾਰ ਮਾਤਾ ਗੰਗਾ ਨੇ ਆਪਣੇ ਲਾਡਲੇ ਨੂੰ ਸੋਹਣੇ ਸੁੰਦਰ ਪੁਸ਼ਾਕੇ ਵਿਚ ਸਜਾ ਕੇ ਸਿੱਖ ਨਾਲ ਤੋਰ ਦਿੱਤਾ।

ਛੇਤੀ ਹੀ ਦੀਵਾਨ ਸਜਾਇਆ ਗਿਆ। ਬਾਬਾ ਬੁੱਢਾ ਜੀ ਵੀ ਆ ਗਏ। ਬਾਲਕ ਹਰਿਗੋਬਿੰਦ ਨੂੰ ਬਾਬਾ ਬੁੱਢਾ ਜੀ ਨੇ ਗੁਰਿਆਈ ਦਾ ਤਿਲਕ ਲਗਾਇਆ। ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਅਸੀਂ ਧਰਮ ਦੀ ਰੱਖਿਆ ਵਾਸਤੇ ਆਏ ਹਾਂ, ਸਾਨੂੰ ਸ਼ਸਤ੍ਰ ਪਹਿਨਾਏ ਜਾਣ ਕਿਉਂਕਿ ਸ਼ਸਤ੍ਰਾਂ ਬਿਨਾਂ ਸ਼ੱਤਰੂ ਸਿੱਧੇ ਨਹੀਂ ਹੁੰਦੇ।" ਦੋ ਤਲਵਾਰਾਂ ਪਾਈਆਂ ਗਈਆਂ ਇਕ ਮੀਰੀ (ਬਾਦਸ਼ਾਹੀ) ਤੇ ਦੂਸਰੀ ਪੀਰੀ (ਫ਼ਕੀਰੀ) ਦੀ। ਕਿਧਰੇ ਇਹ ਦਿਨ ਮਾਤਾ ਗੰਗਾ ਦੀ ਜ਼ਿੰਦਗੀ ਵਿਚ ਖੁਸ਼ੀ ਭਰਿਆ ਹੁੰਦਾ ਪਰ ਅੱਜ ਉਹ ਧੁਰ ਅੰਦਰੋਂ ਉਦਾਸ ਸੀ। ਮਾਤਾ ਗੰਗਾ ਦੇ ਪਤੀ ਪੰਜ ਸਿੱਖਾਂ ਸਮੇਤ ਲਾਹੌਰ ਨੂੰ ਰਵਾਨਾ ਹੋ ਗਏ। ਉਹ ਸਰਕਾਰੀ ਬੰਦੇ ਜੋ ਉਨ੍ਹਾਂ ਨੂੰ ਲੈਣ ਆਏ ਸਨ, ਬਹੁਤ ਖੁਸ਼ ਸਨ। ਮਾਤਾ ਗੰਗਾ ਬਹੁਤ ਹੀ ਦਿਲਗੀਰ ਕਦੀ ਅੱਖਾਂ ਭਰ ਲੈਂਦੇ ਤੇ ਕਦੀ ਸਿਮਰਨ ਵਿਚ ਜੁੜ ਜਾਂਦੇ। ਹਰ ਵੇਲੇ ਪਤੀ ਦੀ ਸੋਅ ਲਈ ਉਤਾਵਲੇ ਰਹਿੰਦੇ। ਅਖ਼ੀਰ ਉਹ ਵੇਲਾ ਵੀ ਆ ਗਿਆ ਜਦੋਂ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਪੰਚਮ ਗੁਰੂ ਦੀ ਸ਼ਹੀਦੀ ਦਾ ਸਾਕਾ ਮਾਤਾ ਗੰਗਾ ਨੂੰ ਆਣ ਸੁਣਾਇਆ। ਕਿਵੇਂ ਉਨ੍ਹਾਂ ਨੂੰ ਤਸੀਹੇ ਦਿੱਤੇ ਗਏ। ਤੱਤੀ ਤਵੀ ਉਤੇ ਬਿਠਾਇਆ ਗਿਆ। ਸਿਰ ਵਿਚ ਤੱਤੀ ਰੇਤਾ ਪਾਈ ਗਈ। ਕਿਵੇਂ ਗੁਰੂ ਜੀ 'ਤੇਰਾ ਭਾਣਾ ਮੀਠਾ ਲਾਗੈ' ਦੀ ਪੰਕਤੀ ਉਚਾਰਦੇ ਰਹੇ। ਇਹ ਸਾਰਾ ਸਾਕਾ ਇਤਨਾ ਦਿਲ-ਕੰਬਾਊ ਸੀ ਜੋ ਸੁਣਨ ਵਾਲਿਆਂ ਦੇ ਲੂੰ-ਕੰਡੇ ਖੜ੍ਹੇ ਹੋ ਜਾਂਦੇ। ਮਾਤਾ ਗੰਗਾ ਮਨ ਹੀ ਮਨ ਵਿਚ ਸੋਚਦੀ—ਮੈਂ ਵਿਧਵਾ ਹੋ ਗਈ। ਪਤੀ ਦੇ ਆਖ਼ਰੀ ਦਰਸ਼ਨ ਵੀ ਨਾ ਕਰ ਸਕੀ। ਏਡਾ ਜ਼ੁਲਮ, ਉਹ ਸੋਚਦੀ। ਦੂਜੇ ਪਾਸੇ, ਗੁਰੂ ਹਰਿਗੋਬਿੰਦ ਚੜ੍ਹਦੀ ਕਲਾ ਵਿਚ ਸਨ ਤੇ ਪਿਤਾ ਦੇ ਅਧੂਰੇ ਕਾਰਜਾਂ ਵੱਲ ਧਿਆਨ ਦੇਣ ਦੇ ਨਾਲ ਉਨ੍ਹਾਂ ਨੇ ਫ਼ੌਜੀ ਸਿਖਲਾਈ ਵੱਲ ਉਚੇਚਾ ਧਿਆਨ ਦਿੱਤਾ ਜਾਣ ਲੱਗਾ। ਪਿਤਾ ਦੀ ਸ਼ਹੀਦੀ ਨੇ ਗੁਰੂ ਹਰਿਗੋਬਿੰਦ ਦੇ ਮਨ ਵਿਚ ਰੋਹ ਜਗਾ ਦਿੱਤਾ। ਇਕ ਐਸੇ ਰੋਹ ਨੇ ਗੁਰੂ-ਘਰ ਵਿਚ ਅੰਗੜਾਈ ਲਈ ਕਿ ਉਹ ਦਸਮ ਗੁਰੂ ਤਕ ਵੀ ਸ਼ਾਂਤ ਨਾ ਹੋ ਸਕਿਆ। ਹੁਣ ਗੁਰੂ-ਘਰ ਜੋ ਨਿਰੋਲ ਸ਼ਾਂਤੀ ਦੀ ਲਹਿਰ ਸੀ, ਗੁਰੂ ਹਰਿਗੋਬਿੰਦ ਦੇ ਸਮੇਂ ਤੋਂ ਕ੍ਰਾਂਤੀ ਦੀ ਲਹਿਰ ਬਣ ਗਈ।

ਗੁਰੂ ਹਰਿਗੋਬਿੰਦ ਜੀ ਨਿੱਤਨੇਮ ਤੋਂ ਬਾਅਦ ਦਿਨ ਭਰ ਸੈਨਿਕ ਸਿਖਲਾਈ ਵਿਚ ਗੁਜ਼ਾਰ ਦੇਂਦੇ। ਉਨ੍ਹਾਂ ਦੇ ਘਰ ਇਕ ਬੱਚੀ ਨੇ ਜਨਮ ਲਿਆ। ਉਹਦਾ ਨਾਮ ਸੀ ਵੀਰੋ। ਕੋਈ ਦੋ ਕੁ ਸਾਲਾਂ ਬਾਅਦ ਉਨ੍ਹਾਂ ਦੇ ਘਰ ਇਕ ਲੜਕਾ ਜਨਮਿਆ ਜੋ ਬਾਬਾ ਗੁਰਦਿੱਤਾ ਦੇ ਨਾਮ ਨਾਲ ਇਤਿਹਾਸ ਵਿਚ ਜਾਣੇ ਜਾਂਦੇ ਹਨ। ਉਦੋਂ ਲੋਕ ਗੁਰੂ-ਘਰ ਨਾਲ ਆਪਣੇ ਉਚੇਚੇ ਸੰਬੰਧ ਧੀ-ਭੈਣ ਦਾ ਰਿਸ਼ਤਾ ਦੇ ਕੇ ਜੋੜ ਲੈਂਦੇ ਸਨ। ਮਾਤਾ ਗੰਗਾ ਨੂੰ ਆਪਣੇ ਲਾਡਲੇ ਦਾ ਦੂਸਰਾ ਰਿਸ਼ਤਾ ਬਕਾਲੇ ਪਿੰਡ ਦੇ ਹਰੀ ਚੰਦ ਨੇ ਦਿੱਤਾ। ਉਨ੍ਹਾਂ ਦੀ ਬੀਬੀ ਦਾ ਨਾਮ ਨਾਨਕੀ ਸੀ। ਮਾਤਾ ਗੰਗਾ ਨੇ ਆਪਣਾ ਦੂਸਰਾ ਵਿਆਹ 8 ਵਿਸਾਖ 1670 ਬਿਕ੍ਰਮੀ ਵਿਚ ਬਾਬਾ ਬਕਾਲੇ ਦੀ ਨਾਨਕੀ ਨਾਲ ਕੀਤਾ। ਹੁਣ ਗੁਰੂ-ਮਹਿਲਾਂ ਵਿਚ ਮਾਤਾ ਗੰਗਾ ਦੀਆਂ ਦੋ ਨੂੰਹਾਂ ਤੇ ਇਕ ਪੋਤਰਾ-ਪੋਤਰੀ ਖੇਡਦੇ ਸਨ।

ਮਾਤਾ ਗੰਗਾ ਦੇ ਲਾਲ ਦੇ ਅੰਦਰ ਜਾਗਿਆ ਵਿਦਰੋਹ ਸੁੱਤਾ ਨਹੀਂ । ਉਨ੍ਹਾਂ ਨੇ ਹੁਣ ਅਕਾਲ ਤਖ਼ਤ ਬਣਵਾਇਆ । ਦੁਪਹਿਰਾਂ ਦੇ ਦੀਵਾਨ ਸਜਣ ਲੱਗੇ । ਭੱਟ ਲੋਕ ਬੀਰਤਾ ਦੀਆਂ ਵਾਰਾਂ ਆ ਕੇ ਗਾਉਣ ਲੱਗੇ । ਹੁਣ ਗੁਰੂ-ਘਰ ਵਿਚ ਨਾਮ-ਬਾਣੀ ਤੋਂ ਇਲਾਵਾ ਸੂਰਬੀਰਤਾ ਵਾਲੀਆਂ ਵਾਰਾਂ ਵੀ ਗਾਈਆਂ ਜਾਣ ਲੱਗੀਆਂ । ਗੁਰੂ-ਘਰ ਦਾ ਪ੍ਰਤਾਪ ਵਧਣ ਲੱਗਾ । ਨਿੰਦਕ ਦੱਬ ਗਏ । ਪ੍ਰਿਥੀ ਚੰਦ ਦੀ ਔਲਾਦ ਨੇ ਵਿਰੋਧ ਨਾ ਛੱਡਿਆ ਪਰ ਉਨ੍ਹਾਂ ਦੀ ਗੱਲ ਵਿਚ ਕੋਈ ਦਮ ਨਾ ਰਿਹਾ । ਹੁਣ ਮਾਤਾ ਗੰਗਾ ਨੇ ਆਪਣੇ ਸਪੁੱਤਰ ਦੀ ਤੀਸਰੀ ਸ਼ਾਦੀ ਮੰਡਿਆਲੀ ਨਿਵਾਸੀ ਦਯਾ ਰਾਮ ਸਪੁੱਤਰੀ ਮਹਾਂਦੇਵੀ ਜੀ ਨਾਲ 11 ਸਾਉਣ, ਸੰਮਤ 1672 ਬਿਕ੍ਰਮੀ ਵਿਚ ਕੀਤੀ । ਹੁਣ ਮਹਾਂਦੇਵੀ ਜੀ ਤੀਸਰੀ ਨੂੰਹ ਦੇ ਰੂਪ ਵਿਚ ਗੁਰੂ-ਮਹਿਲਾਂ ਦੀ ਰੌਣਕ ਬਣ ਗਏ । ਮਾਤਾ ਦੇ ਮਹਿਲਾਂ ਵਿਚ ਤਿੰਨ ਨੂੰਹਾਂ ਸਨ ਤੇ ਪੋਤਰੇ-ਪੋਤਰੀਆਂ ਸਨ । ਸਿੱਖ ਸੰਗਤ ਖੁਸ਼ ਸੀ । ਮਾਤਾ ਜੀ ਖੁਸ਼ ਸਨ ।

ਇਨ੍ਹਾਂ ਹੀ ਦਿਨਾਂ ਵਿਚ ਇਕ ਭੈੜੀ ਖ਼ਬਰ ਮਾਤਾ ਗੰਗਾ ਨੇ ਸੁਣੀ । ਇਹ ਸੰਮਤ 1673 ਬਿਕ੍ਰਮੀ ਦਾ ਸਾਲ ਸੀ । ਜਹਾਂਗੀਰ ਬਾਦਸ਼ਾਹ ਨੇ ਸਰਦਾਰ ਗੁੰਚਾ ਬੇਗ ਅੰਮ੍ਰਿਤਸਰ ਗੁਰੂ ਹਰਿਗੋਬਿੰਦ ਜੀ ਨੂੰ ਲੈਣ ਲਈ ਭੇਜਿਆ । ਮਾਤਾ ਗੰਗਾ ਦਾ ਮਨ ਭੈਭੀਤ ਹੋ ਗਿਆ । ਉਨ੍ਹਾਂ ਨੂੰ ਪਤੀ ਦਾ ਸਮਾਂ ਯਾਦ ਆਇਆ । ਉਦੋਂ ਵੀ ਸਰਕਾਰੀ ਬੰਦੇ ਲੈਣ ਆਏ ਸਨ । ਮਾਤਾ ਗੰਗਾ ਸੋਚ ਰਹੇ ਸੀ । ਉਹ ਆਪਣੇ ਪੁੱਤਰ ਨੂੰ ਨਾ ਜਾਣ ਲਈ ਮਨਾ ਲਵੇਗੀ । ਇਤਨੀ ਦੇਰ ਵਿਚ ਗੁਰੂ ਜੀ ਆਪ ਹੀ ਮਹਿਲਾਂ ਵਿਚ ਆ ਗਏ ।

"ਪੁੱਤਰ ! ਮੈਂ ਸੁਣਿਆ ਹੈ, ਬਾਦਸ਼ਾਹ ਦੇ ਬੰਦੇ ਤੁਹਾਨੂੰ ਲੈਣ ਆਏ ਹਨ ।" ਮਾਤਾ ਗੰਗਾ ਨੇ ਕਿਹਾ ।

"ਹਾਂ, ਮਾਤਾ ਜੀ ।" ਗੁਰੂ ਹਰਿਗੋਬਿੰਦ ਜੀ ਦਾ ਉੱਤਰ ਸੀ ।

"ਤੁਸੀਂ ਜਾਓਗੇ ?" ਮਾਤਾ ਨੇ ਕਲਵਲ ਹੁੰਦਿਆਂ ਪੁੱਛਿਆ ।

"ਜ਼ਰੂਰ ।" ਪੁੱਤਰ ਦਾ ਉਮਾਹ ਭਰਪੂਰ ਉੱਤਰ ਸੀ ।

"ਪਰ ਤੁਹਾਨੂੰ ਪਤਾ ਏ ਅੱਗੇ ਉਨ੍ਹਾਂ ਨੇ ਤੁਹਾਡੇ ਪਿਤਾ ਨੂੰ ਸ਼ਹੀਦ ਕਰ ਦਿੱਤਾ ਸੀ ?" ਮਾਂ ਨੇ ਕਰੁਣਾਮਈ ਸੁਰ ਵਿਚ ਪੁੱਛਿਆ ।

"ਹਾਂ, ਪਤਾ ਹੈ, ਪਰ ਹੁਣ ਏਹੋ ਜੇਹੀ ਕੋਈ ਗੱਲ ਨਹੀਂ । ਬਾਦਸ਼ਾਹ ਨੇ ਆਦਰ-ਮਾਣ ਨਾਲ ਬੁਲਾਇਆ ਹੈ ।" ਪੁੱਤਰ ਨੇ ਪਹਿਲਾਂ ਵਾਂਗ ਉਤਸ਼ਾਹ ਭਰਪੂਰ ਜਵਾਬ ਦਿੱਤਾ ।

"ਇਥੋਂ ਦਾ ਕੀ ਬਣੇਗਾ ?" ਮਾਂ ਨੇ ਕਾਹਲੀ ਨਾਲ ਪੁੱਛਿਆ ।

"ਦਰਬਾਰ ਦੀ ਸੇਵਾ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਕਲਿਆਣ ਜੀ, ਭਾਈ ਬਹਿਲੋ ਜੀ ਤੇ ਭਾਈ ਭਗਤੂ ਜੀ ਕਰਨਗੇ ।" ਗੁਰੂ ਜੀ ਨੇ ਦੱਸਿਆ ।

"ਪੁੱਤਰ, ਮੇਰਾ ਮਨ ਬੜਾ ਡਰਦਾ ਏ, ਤੂੰ ਨਾ ਜਾਹ ।" ਮਾਂ ਨੇ ਤਰਲੇ ਨਾਲ ਕਿਹਾ ।

"ਮਾਤਾ ਜੀ, ਹੁਣ ਡਰਨ ਨਾਲ ਗੱਲ ਨਹੀਂ ਬਣਦੀ । ਤੁਸੀਂ ਫ਼ਿਕਰ ਨਾ ਕਰੋ । ਮਹਾਰਾਜ ਭਲੀ ਕਰਨਗੇ ।" ਪੁੱਤਰ ਨੇ ਲਾਡ ਨਾਲ ਮਾਂ ਦਾ ਮੋਢਾ ਥਪਥਪਾਇਆ । ਮਾਂ ਨੇ ਦ੍ਰਵਿਤ ਹੋ ਕੇ ਆਪਣੇ ਲਾਡਲੇ ਦਾ ਮੱਥਾ ਚੁੰਮ ਲਿਆ ।

ਅਗਲੇ ਦਿਨ ਸੌ ਘੋੜਸਵਾਰ ਜੁਆਨ ਲੈ ਕੇ ਗੁਰੂ ਜੀ ਦਿੱਲੀ ਵੱਲ ਰਵਾਨਾ ਹੋ ਗਏ । ਮਾਤਾ ਗੰਗਾ ਕਦੀ ਘਬਰਾ ਜਾਂਦੀ ਤੇ ਕਦੀ ਸਿਮਰਨ ਵਿਚ ਜੁੜ ਜਾਂਦੀ । ਪਰ ਸੁਰਤ ਹਰ

ਵੇਲੇ ਆਪਣੇ ਪਿਆਰੇ ਸਪੁੱਤਰ ਨਾਲ ਜੋੜੀ ਰੱਖਦੇ । ਅੱਜਕਲ੍ਹ ਉਨ੍ਹਾਂ ਨੂੰ ਮਹਿਲ, ਨੂੰਹਾਂ, ਪੋਤਰੇ, ਪੋਤਰੀਆਂ ਚੰਗੇ ਨਾ ਲੱਗਦੇ । ਸਿੱਖ-ਸੰਗਤ ਵੀ ਆਉਂਦੀ ਪਰ ਮਾਂ ਦੇ ਚਿਹਰੇ ਉਤੇ ਪਹਿਲੇ ਵਾਲਾ ਜਲਾਲ ਨਹੀਂ ਸੀ । ਅਖ਼ੀਰ ਉਹੀ ਗੱਲ ਹੋਈ । ਉਨ੍ਹਾਂ ਦੇ ਲਾਡਲੇ ਨੂੰ ਜਹਾਂਗੀਰ ਬਾਦਸ਼ਾਹ ਨੇ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ । ਖ਼ਬਰ ਸੁਣਦਿਆਂ ਮਾਂ ਗੰਗਾ ਅਤੀ ਵਿਆਕੁਲ ਹੋਈ । ਚਾਲ੍ਹੀ ਦਿਨ ਬੀਤ ਗਏ, ਕੋਈ ਖੁਸ਼ੀ ਦੀ ਖ਼ਬਰ ਨਹੀਂ । ਮਾਤਾ ਗੰਗਾ ਦੋ ਵੇਲੇ ਦਰਬਾਰ ਸਾਹਿਬ ਜਾਂਦੇ, ਅਰਦਾਸਾਂ ਕਰਦੇ, ਜੋਦੜੀਆਂ ਕਰਦੇ । "ਮਹਾਰਾਜ, ਮੇਹਰ ਕਰੋ । ਸੰਕਟ ਨਵਿਰਤ ਕਰੋ ।" ਇਹ ਦਿਨ ਸੱਚਮੁੱਚ ਹੀ ਬਹੁਤ ਭਿਆਨਕ ਸਨ—ਮਾਂ-ਮਮਤਾ ਨੂੰ ਚੈਨ ਨਹੀਂ ਸੀ ਆਉਂਦਾ ।

ਅਖ਼ੀਰ ਮਾਂ ਦੀਆਂ ਜੋਦੜੀਆਂ ਰੱਬ ਦੇ ਦਰ ਪ੍ਰਵਾਨ ਹੋ ਗਈਆਂ । ਮਾਂ ਨੂੰ ਖ਼ਬਰ ਮਿਲੀ ਮਾਤਾ ਗੰਗਾ ਦੇ ਲਾਲ ਅੰਮ੍ਰਿਤਸਰ ਵੱਲ ਰਵਾਨਾ ਹੋ ਪਏ ਹਨ । ਮਾਂ ਨੇ ਖੁਸ਼ੀਆਂ ਮਨਾਈਆਂ, ਦਾਨ-ਪੁੰਨ ਕੀਤੇ । ਉਸ ਸ਼ਾਮ ਦਰਬਾਰ ਸਾਹਿਬ ਤੇ ਸਾਰੇ ਸ਼ਹਿਰ ਵਿਚ ਦੀਪਮਾਲਾ ਕੀਤੀ ਗਈ । ਸਬੱਬੀਂ ਇਹ ਦਿਨ ਦੀਵਾਨੀ ਵਾਲਾ ਸੀ । ਮਾਤਾ ਗੰਗਾ ਪ੍ਰਭੂ ਦੇ ਸ਼ੁਕਰਾਨੇ ਵਿਚ ਬਾਰ ਬਾਰ ਜੁੜ ਜਾਂਦੇ । ਪਰ ਕਦੀ-ਕਦੀ ਉਹ ਬਾਬਾ ਬੁੱਢਾ ਜੀ ਦੇ ਬਚਨਾਂ ਨੂੰ ਯਾਦ ਕਰਦਿਆਂ, 'ਗੁਰੂ-ਕਿਆਂ ਮਹਿਲਾਂ ਨੂੰ ਕੀ ਭਾਜੜ ਪੈ ਗਈ ।' ਮਾਤਾ ਗੰਗਾ ਸੋਚਦੀ ਪਤਾ ਨਹੀਂ ਇਹ ਸ਼ਬਦ ਕੀ ਰੰਗ ਵਿਖਾਉਣਗੇ ? ਅਥਾਹ ਖੁਸ਼ੀ ਦੇ ਸਮੇਂ ਵੀ ਮਾਤਾ ਗੰਗਾ ਦੇ ਅੰਦਰ ਇਹ ਚੋਭ ਪੈਂਦੀ ਰਹਿੰਦੀ ।

ਮਾਤਾ ਗੰਗਾ ਦੀ ਦੀਰਘ-ਦ੍ਰਿਸ਼ਟੀ ਇਸ ਨਤੀਜੇ ਉੱਪਰ ਪੁੱਜ ਚੁੱਕੀ ਸੀ ਕਿ ਉਨ੍ਹਾਂ ਦਾ ਲਾਡਲਾ ਕਿਸੇ ਨਾ ਕਿਸੇ ਵੇਲੇ ਹਕੂਮਤ ਨਾਲ ਉਲਝੇਗਾ । ਸੋ ਸਿਆਣੀ ਮਾਂ ਨੇ ਸੋਚਿਆ, ਪੋਤਰੀ ਦੀ ਸ਼ਾਦੀ ਕਰ ਕੇ ਇਹ ਚਿੰਤਾ ਮੁਕਾ ਲੈਣੀ ਚਾਹੀਦੀ ਹੈ । ਸਿਆਣੀ ਮਾਂ ਨੇ ਗੁਰੂ ਜੀ ਦਾ ਧਿਆਨ ਗ੍ਰਹਿਸਤੀ ਵੱਲ ਦੁਆਇਆ । ਬੀਬੀ ਵੀਰੋ ਹੁਣ ਵੱਡੀ ਹੋ ਗਈ ਹੈ । ਉਸ ਦਾ ਵਰ ਲੱਭਣਾ ਚਾਹੀਦਾ ਹੈ । "ਸਤਿਬਚਨ, ਮਾਤਾ ਜੀ" ਕਹਿ ਕੇ ਗੁਰੂ ਜੀ ਨੇ ਸ਼ਾਦੀ ਦੀ ਤਿਆਰੀ ਕਰ ਲਈ ਸੀ । ਬੀਬੀ ਵੀਰੋ ਦੀ ਸ਼ਾਦੀ ਦਾ ਦਿਨ ਸੀ ਪਰ ਪਤਾ ਨਹੀਂ ਮਾਤਾ ਗੰਗਾ ਦੇ ਅੰਦਰੋਂ ਇਕ ਤੌਖ਼ਲਾ ਉਠਦਾ ਸੀ । ਸਾਰਾ ਕੁਝ ਠੀਕ ਠੀਕ ਹੋ ਜਾਏ । ਉਹੀ ਗੱਲ ਹੋਈ ! ਮਾਤਾ ਗੰਗਾ ਦਾ ਤੌਖ਼ਲਾ ਸੱਚ ਨਿਕਲਿਆ । ਇਕ ਉਡਦਾ ਹੋਇਆ ਬਾਜ਼ ਉਸ ਦੇ ਪੁੱਤਰ ਨੇ ਫੜ ਲਿਆ । ਮੁਗ਼ਲ ਬਾਜ਼ ਵਾਪਸ ਮੰਗਦੇ ਸਨ ਤੇ ਉਨ੍ਹਾਂ ਦੇ ਪੁੱਤਰ ਨੇ ਛੱਡਿਆ ਨਹੀਂ ਸੀ । ਅਖ਼ੀਰ ਬਾਬਾ ਬੁੱਢਾ ਦੇ ਬੋਲ ਸੱਚੇ ਹੋ ਗਏ । 'ਗੁਰੂ-ਘਰ ਨੂੰ ਭਾਜੜ ਪੈ ਗਈ !' ਲਾਹੌਰੋਂ ਖ਼ਬਰ ਆ ਗਈ—ਬਾਜ਼ ਨੂੰ ਪ੍ਰਾਪਤ ਕਰਨ ਲਈ ਰਸੂਲ ਖਾਂ ਸੱਤ ਹਜ਼ਾਰ ਪਿਆਦਾ ਫ਼ੌਜ ਲੈ ਕੇ ਆ ਰਿਹਾ ਹੈ । ਇਹ ਗੱਲ 13 ਜੂਨ ਸੰਮਤ 1695 ਬਿਕ੍ਰਮੀ ਦੀ ਹੈ । ਉੱਧਰ ਮਾਤਾ ਗੰਗਾ ਨੇ ਆਪਣੀ ਪੋਤਰੀ ਦਾ ਵਿਆਹ 26 ਜੇਠ ਨੂੰ ਕਰਨ ਦਾ ਮਿਥਿਆ ਸੀ । ਮਾਤਾ ਜੀ ਨੂੰ ਗੁਰੂ ਜੀ ਦਾ ਸੁਨੇਹਾ ਮਿਲਿਆ । ਆਪ ਸੇਵਕਾਂ ਨੂੰ ਨਾਲ ਲੈ ਕੇ ਝਬਾਲ ਪਹੁੰਚ ਜਾਓ । ਉਥੇ ਹੀ ਬੀਬੀ ਵੀਰੋ ਦਾ ਵਿਆਹ ਕਰ ਲਵਾਂਗੇ ।

ਮਾਤਾ ਗੰਗਾ ਨੇ ਨੂੰਹਾਂ ਨੂੰ ਡੋਲੀਆਂ ਵਿਚ ਬਿਠਾਇਆ । ਪੋਤਰੇ-ਪੋਤਰੀਆਂ ਨੂੰ ਰੱਥਾਂ ਵਿਚ ਤੇ ਜ਼ਰੂਰਤ ਦਾ ਸਾਮਾਨ ਗੱਡਿਆਂ ਉਤੇ ਲੱਦਿਆ ਤੇ ਝਬਾਲ ਜਾ ਪੁੱਜੇ । ਇੱਧਰ ਗੁਰੂ ਜੀ ਨੇ ਆਪਣੇ ਬਹਾਦਰ ਸਿੱਖ ਇਕੱਠੇ ਕਰ ਕੇ ਸ਼ਹਿਰ ਤੋਂ ਢਾਈ ਮੀਲ ਦੂਰ ਪਿਪਲੀ ਸਾਹਿਬ,

ਜਿਸ ਨੂੰ ਅੱਜਕਲ੍ਹ ਅੰਮ੍ਰਿਤਸਰ ਵਿਚ 'ਪਿਪਲੀ ਸਾਹਿਬ' ਕਿਹਾ ਜਾਂਦਾ ਹੈ, ਜਾ ਪੁੱਜੇ। ਮੁਗਲਾਂ ਤੇ ਗੁਰੂ ਸਾਹਿਬ ਦੇ ਦਰਮਿਆਨ ਦੋ ਭਰਵੀਆਂ ਲੜਾਈਆਂ ਹੋਈਆਂ। ਮੁਗਲ ਹਾਰ ਗਏ ਤੇ ਗੁਰੂ ਜੀ ਜਿੱਤ ਗਏ। ਗੁਰੂ ਜੀ ਦਾ ਤੇਜ-ਪ੍ਰਤਾਪ ਹੋਰ ਵੀ ਵਧਿਆ। ਪਰ ਇਸ ਦੇ ਨਾਲ ਹੀ ਹਕੂਮਤ ਨਾਲ ਵੈਰ-ਵਿਰੋਧ ਹੋਰ ਵਧ ਗਿਆ। ਜੰਗ ਜਿੱਤਣ ਤੋਂ ਬਾਅਦ ਗੁਰੂ ਜੀ ਝਬਾਲ ਪੁੱਜੇ। ਬੀਬੀ ਦੀ ਸ਼ਾਦੀ ਵਿਚ ਇਕ ਦਿਨ ਬਾਕੀ ਸੀ। ਪਹਿਲਾਂ ਮਾਤਾ ਨੂੰ ਨਮਸਕਾਰ ਕੀਤੀ। ਮਾਂ ਨੇ ਪੁੱਤ ਨੂੰ ਕਲੇਜੇ ਨਾਲ ਲਾ ਲਿਆ। ਮਾਤਾ ਗੰਗਾ ਪੁੱਤਰ ਦੀ ਜਿੱਤ ਉੱਪਰ ਖੁਸ਼ ਹੋਏ, ਬਲਿਹਾਰੇ ਗਏ ਤੇ ਨਾਲ ਹੀ ਜ਼ਿੰਮੇਵਾਰੀ ਦਾ ਅਹਿਸਾਸ ਕਰਾਇਆ। ਗੁਰੂ ਜੀ ਨੇ ਝਬਾਲ ਦੇ ਸੌਦਾਗਰਾਂ ਪਾਸੋਂ ਸਾਮਾਨ ਖ਼ਰੀਦਣ ਦਾ ਆਦੇਸ਼ ਸਿੱਖਾਂ ਨੂੰ ਦਿੱਤਾ। ਮਿਥੇ ਦਿਨ ਜੰਞ ਆ ਗਈ ਤੇ ਮਾਤਾ ਗੰਗਾ ਜੀ ਨੇ ਪੋਤਰੀ ਦੀ ਡੋਲੀ ਚਾਈਂ-ਚਾਈਂ ਤੋਰੀ।

ਹੁਣ ਗੁਰੂ-ਪਰਿਵਾਰ ਅੰਮ੍ਰਿਤਸਰ, ਗੋਇੰਦਵਾਲ ਸਾਹਿਬ ਦੇ ਦਰਸ਼ਨ-ਮੇਲੇ ਕਰ ਕੇ ਵਾਪਸ ਕਰਤਾਰ ਪੁਰ ਜਾ ਪੁੱਜਾ।

8

ਪਿੰਡ ਬਾਬਾ ਬਕਾਲਾ ਗੁਰੂ ਹਰਿਗੋਬਿੰਦ ਜੀ ਦੇ ਸਹੁਰੇ ਵੀ ਸਨ। ਮਾਤਾ ਨਾਨਕੀ ਦੇ ਘਰ ਤੇਗ ਬਹਾਦਰ ਜੀ ਜਨਮੇ ਸਨ। ਮਾਤਾ ਗੰਗਾ ਪ੍ਰਸੰਨ ਸਨ, 'ਵਧੀ ਵੇਲ ਬਹੁ ਪੀੜੀ ਚਾਲੀਂ' ਦਾ ਵਾਕ ਪੂਰਾ ਹੋ ਰਿਹਾ ਸੀ। ਬਕਾਲੇ ਦੇ ਸਿੱਖ ਗੁਰੂ-ਘਰ ਦੇ ਬੜੇ ਸ਼ਰਧਾਲੂ ਸਨ। ਬਕਾਲੇ ਦਾ ਚੌਧਰੀ ਮੇਹਰਾ ਗੁਰੂ ਜੀ ਤੇ ਮਾਤਾ ਗੰਗਾ ਜੀ ਦਾ ਅਨਿੰਨ ਸ਼ਰਧਾਲੂ ਸੀ। ਉਸ ਨੇ ਇਕ ਨਵੀਂ ਹਵੇਲੀ ਬਣਾਈ। ਉਸ ਦਾ ਮਹੂਰਤ ਕਰਨ ਲਈ, ਉਸ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਮਾਤਾ ਗੰਗਾ ਜੀ ਸਮੇਤ ਹਵੇਲੀ ਵਿਚ ਚਰਨ ਪਾਉਣ। ਸਿੱਖ ਦੀ ਬੇਨਤੀ ਪ੍ਰਵਾਨ ਕਰ ਕੇ ਗੁਰੂ ਜੀ ਮਾਤਾ ਗੰਗਾ ਸਮੇਤ ਕਰਤਾਰਪੁਰ ਤੋਂ ਬਕਾਲੇ ਪਿੰਡ ਜਾ ਪੁੱਜੇ। ਪਰਿਵਾਰ ਨਾਲ ਗੁਰੂ ਜੀ ਦਾ ਆਉਣਾ ਸੁਣ ਕੇ ਸਾਰਾ ਪਿੰਡ ਦਰਸ਼ਨਾਂ ਨੂੰ ਆ ਗਿਆ। ਚੌਧਰੀ ਮੇਹਰਾ ਦੀ ਹਵੇਲੀ ਵਿਚ ਬੜੀ ਰੌਣਕ ਸੀ। ਗੁਰੂ ਜੀ ਉਪਦੇਸ਼ ਤੇ ਬਚਨ-ਬਿਲਾਸ ਕਰਦੇ ਰਹੇ। ਕੁਝ ਦਿਨ ਇਸ ਤਰ੍ਹਾਂ ਬੀਤ ਗਏ। ਮਾਤਾ ਜੀ ਦਾ ਸਰੀਰ ਵੀ ਢਿੱਲਾ ਹੋ ਗਿਆ। ਦੂਰ-ਅੰਦੇਸ਼ ਮਾਂ ਸਮੇਂ ਨੂੰ ਪਛਾਣ ਗਈ। ਪੁੱਤਰ ਨੂੰ ਬੁਲਾਇਆ, "ਪੁੱਤਰ, ਮੇਹਰੇ ਚੌਧਰੀ ਨੇ ਸਾਨੂੰ ਕਿਸੇ ਹੋਰ ਗੱਲ ਕਰ ਕੇ ਬੁਲਾਇਆ ਸੀ ਪਰ ਭਾਣਾ ਕੁਝ ਹੋਰ ਹੀ ਵਰਤਣ ਲੱਗਾ ਹੈ। ਮੇਰਾ ਮਨ ਗੁਰੂ ਚਰਨਾਂ ਵਿਚ ਟਿਕਿਆ ਹੋਇਆ ਹੈ। ਮੈਂ ਦੁਨਿਆਵੀ ਸਾਰੇ ਸੁਖ ਭੋਗੇ ਹਨ। ਪੋਤਰੇ-ਪੋਤਰੀਆਂ ਤਕ ਹੱਥੀਂ ਵਿਆਹੇ ਹਨ। ਤੇਰੀ ਬਹਾਦਰੀ ਵੇਖੀ, ਗ੍ਰਿਹਸਤੀ ਵੀ ਤੇ ਗੁਰੂ-ਘਰ ਦੀ ਚੜ੍ਹਦੀ ਕਲਾ ਵੀ। ਹੁਣ ਅੰਤ ਸਮੇਂ ਕੁਝ ਇੱਛਾ ਨਹੀਂ ਹੈ। ਤੂੰ ਗੁਰੂ-ਘਰ ਦੀ ਮਾਣ-ਮਰਿਆਦਾ ਨੂੰ ਹੋਰ ਚਾਰ ਚੰਨ ਲਾਵੀਂ।" ਕਹਿੰਦਿਆਂ ਜਲਾਲਵੰਤ ਚਿਹਰਾ ਸ਼ਾਂਤ ਹੋ ਗਿਆ।

ਚੌਧਰੀ ਮੇਹਰਾ ਬਹੁਤ ਪਸ਼ੇਮਾਨੀ ਵਿਚ ਗੁਰੂ ਜੀ ਦੇ ਸਾਹਮਣੇ ਆਇਆ। ਸਤਿਗੁਰੂ ਨੇ ਉਸ ਨੂੰ ਧੀਰਜ ਬੰਨ੍ਹਾਈ, "ਚੌਧਰੀ ਜੀ, ਅੰਤ ਸਮਾਂ ਤੇ ਸਥਾਨ ਸਭ ਦਾ ਨਿਸ਼ਚਿਤ ਹੈ। ਜੇ ਮਾਤਾ ਜੀ ਨੇ ਚੋਲਾ ਏਥੇ ਤੁਹਾਡੀ ਹਵੇਲੀ ਵਿਚ ਹੀ ਛੱਡਣਾ ਸੀ ਤਾਂ ਇਸ ਵਿਚ ਤੁਹਾਡਾ ਕੀ ਦੋਸ਼ ? ਭਾਣਾ ਮੰਨੋ, ਸਤਿ ਕਰਤਾਰ ਜਪੋ। ਮਾਤਾ ਜੀ ਦੀ ਅੰਤਮ ਕਿਰਿਆ ਦੀ ਤਿਆਰੀ ਕਰੋ।"

ਸੋਹਣਾ-ਸੁੰਦਰ ਬਿਬਾਣ ਸਜਾਇਆ ਗਿਆ । ਗੁਰੂ-ਪਰਿਵਾਰ ਕਰਤਾਰਪੁਰ ਤੋਂ ਬਕਾਲੇ ਪਿੰਡ ਪੁੱਜ ਗਿਆ । ਰਾਗੀਆਂ ਨੇ ਮਾਤਾ ਜੀ ਦੇ ਮ੍ਰਿਤਕ ਸਰੀਰ ਕੋਲ ਕੀਰਤਨ ਕੀਤਾ । ਬਿਬਾਣ ਹੁਣ ਜਲੂਸ ਦੀ ਸ਼ਕਲ ਵਿਚ ਤੁਰਿਆ । ਮਾਤਾ ਜੀ ਦੀਆਂ ਤਿੰਨੇ ਨੂੰਹਾਂ : ਮਾਤਾ ਨਾਨਕੀ ਜੀ, ਮਾਤਾ ਦਮੋਦਰੀ ਜੀ, ਮਾਤਾ ਮਹਾਂਦੇਵੀ ਜੀ ਨਾਲ ਸਨ । ਪੋਤਰੇ-ਪੋਤਰੀਆਂ, ਹੋਰ ਅੰਗ-ਸਾਕ, ਕੁੜਮਾਚਾਰੀ, ਸਿੱਖ-ਸੰਗਤ ਬਿਬਾਣ ਵਿਚ ਸ਼ਾਮਲ ਸਨ । ਅੰਤਿਮ ਸੰਸਕਾਰ ਬੜੇ ਅਦਬ ਨਾਲ ਕੀਤਾ ਗਿਆ । ਸ਼ਾਮ ਨੂੰ ਫਿਰ ਭਾਈ ਮੇਹਰੇ ਦੀ ਹਵੇਲੀ ਦੀਵਾਨ ਸਜਿਆ । ਭਾਈ ਮੇਹਰੇ ਨੇ ਮਾਤਾ ਦੀ ਸਤਾਰ੍ਹਵੀਂ ਬਕਾਲੇ ਵਿਚ ਕਰਨ ਲਈ ਹੀ ਬੇਨਤੀ ਕੀਤੀ ਪਰ ਗੁਰੂ ਜੀ ਚੌਥੇ ਦੀ ਰਸਮ ਪਿੱਛੋਂ ਸਾਰੇ ਪਰਿਵਾਰ ਸਮੇਤ ਅੰਮ੍ਰਿਤਸਰ ਆ ਗਏ ਤੇ ਇਥੇ ਆ ਕੇ ਮਾਤਾ ਜੀ ਦੀ ਅੰਤਿਮ ਰਸਮ ਅਦਾ ਕੀਤੀ । ਮਾਤਾ ਜੀ ਨੇ ਚੇਤ ਸੁਦੀ 14 ਸੰਮਤ 1658 ਬਿਕ੍ਰਮੀ ਨੂੰ ਚੋਲਾ ਛੱਡਿਆ । ਉਨ੍ਹਾਂ ਦੀ ਯਾਦ ਵਿਚ ਅੱਜ ਵੀ ਬਾਬਾ ਬਕਾਲੇ ਤੋਂ ਕੋਈ ਇਕ ਮੀਲ ਦੂਰ ਇਕ ਗੁਰਦੁਆਰਾ ਹੈ । ਇਸ ਦੀ ਇਮਾਰਤ ਪੱਕੀ ਹੈ ਤੇ ਉੱਪਰ ਸੋਨੇ ਦਾ ਕਲਸ ਲੱਗਾ ਹੈ ।

ਮਾਤਾ ਗੰਗਾ ਗੁਰੂ-ਪਤਨੀ, ਗੁਰੂ-ਮਾਂ, ਸਿੱਖ-ਸੰਗਤ ਦੀ ਪੂਜਨੀਕ ਹਸਤੀ ਸੀ । ਆਪਣੇ ਪਤੀ ਤੋਂ ਬਾਅਦ 22 ਸਾਲ ਜੀਵਿਤ ਰਹੀ । ਆਪਣੇ ਨਿੱਕੇ ਲਾਲ ਨੂੰ ਪ੍ਰਵਾਨ ਚੜ੍ਹਦੇ ਵੀ ਤੱਕਿਆ । ਸੂਰਬੀਰ ਬਣਦੇ ਵੀ ਤੇ ਪੀਰੀ ਦੇ ਮਾਲਕ ਵੀ । ਮਾਤਾ ਗੰਗਾ ਹੀ ਗੁਰੂ-ਮਹਿਲਾਂ ਵਿਚ ਅਜਿਹੀ ਹਸਤੀ ਹੈ ਜਿਸ ਦੇ ਸਾਹਮਣੇ ਸਿੱਖ ਧਰਮ ਦੇ ਮਹਾਨ ਗ੍ਰੰਥ ਦੀ ਸੰਪਾਦਨਾ ਹੋਈ ਤੇ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦਾ ਇਸ਼ਟ ਬਣਿਆ । ਤਾਲ ਸਰੋਵਰ ਬਣੇ ਤੇ ਸਿੱਖ ਧਰਮ ਦੀ ਵਿਸ਼ੇ ਮਰਿਆਦਾ ਹੋਂਦ ਵਿਚ ਆਈ । ਨਗਰ ਤਜ਼ਾਰਤੀ ਕੇਂਦਰ ਬਣੇ । ਸਿੱਖ ਚੰਗੇ ਸ਼ਹਿਰੀ ਤੇ ਵਪਾਰੀ ਬਣੇ । ਸਿੱਖ ਸੈਨਾ ਤਿਆਰ ਹੋਈ ਤੇ ਸਿੱਖ ਬੀਰ-ਸੈਨਿਕ ਬਣੇ । ਸਿੱਖ ਧਰਮ ਦੇ ਆਂਤ੍ਰਿਕ ਤੇ ਬਹਿਰੰਗ ਰੂਪ ਦੀ ਨਿਸ਼ਚਿਤ ਰੂਪ-ਰੇਖਾ ਮਾਤਾ ਗੰਗਾ ਜੀ ਦੇ ਸਾਹਮਣੇ ਹੀ ਤਿਆਰ ਹੋਈ । ਮਾਤਾ ਗੰਗਾ ਜੀ ਨੂੰ ਸਿੱਖ ਸੰਸਥਾ ਨੂੰ ਸਿੱਖ ਧਰਮ ਦੇ ਰੂਪ ਵਿਚ ਪ੍ਰਵਾਨ ਚੜ੍ਹਦੇ ਵੇਖਣ ਦਾ ਮਾਣ ਪ੍ਰਾਪਤ ਹੈ ।

ਮਾਤਾ ਦਮੋਦਰੀ ਜੀ

ਇਹ ਸੱਚ ਹੈ ਕਿ ਅਸੀਂ ਅਜੇ ਤਕ ਆਪਣੇ ਗੌਰਵਮਈ ਇਤਿਹਾਸ ਦੀ ਸੰਭਾਲ ਤੇ ਵਿਸ਼ੇਸ਼ਤਾ ਬਾਰੇ ਸੁਚੇਤ ਨਹੀਂ ਹੋਏ । ਇਸ ਦੇ ਕਈ ਕਾਰਨ ਹੋ ਸਕਦੇ ਹਨ । ਮੇਰੀ ਦ੍ਰਿਸ਼ਟੀ ਵਿਚ ਸਭ ਤੋਂ ਵੱਡਾ ਕਾਰਨ ਤਾਂ ਇਹ ਹੈ ਕਿ ਅਸੀਂ ਦਿਲ ਦੀਆਂ ਡੂੰਘਾਣਾਂ ਤੋਂ ਅਜੇ ਇਹ ਮਹਿਸੂਸ ਨਹੀਂ ਕੀਤਾ ਕਿ ਇਤਿਹਾਸ ਕੌਮਾਂ ਦੀ ਜਿੰਦਜਾਨ ਹੁੰਦਾ ਹੈ । ਕੁਰਬਾਨੀ, ਸਿਦਕ ਤੇ ਸੇਵਾ ਦੀਆਂ ਸਿਖਰਾਂ ਛੋਹਣ ਦਾ ਜਿਸ ਕੌਮ ਪਾਸ ਆਪਣੇ ਪਿਉ-ਦਾਦੇ ਦਾ ਇਤਿਹਾਸ ਹੈ, ਉਹ ਕਦੇ ਮਰ ਨਹੀਂ ਸਕਦੀ । ਉਸ ਨੂੰ ਕਿਸੇ ਸਮੇਂ ਦੇ ਜ਼ਾਲਮ ਜਾਂ ਵਿਰੋਧੀ ਹੁਕਮਰਾਨ ਆਪਣੀ ਤਾਕਤ ਨਾਲ ਖ਼ਤਮ ਨਹੀਂ ਕਰ ਸਕਦੇ । ਜਿਨ੍ਹਾਂ ਕੌਮਾਂ ਨੇ ਇਸ ਸੱਚ ਨੂੰ ਸਮਝ ਲਿਆ ਹੈ, ਉਹ ਆਪ ਵੀ ਆਪਣੇ ਪਿਉ-ਦਾਦੇ ਦੇ ਖ਼ਜ਼ਾਨੇ ਨੂੰ ਜਾਣਦੇ ਤੇ ਸਮਝਦੇ ਹਨ ਤੇ ਨਾਲ ਹੀ ਉਨ੍ਹਾਂ ਦਾ ਯਤਨ ਹੁੰਦਾ ਹੈ ਕਿ ਅਗਲੀ ਬਾਲ-ਪਨੀਰੀ ਵੀ ਉਸ ਤੋਂ ਜਾਣੂ ਹੋਵੇ । ਇਸ ਖੇਤਰ ਵਿਚ ਸਾਡੀ ਅਣਗਹਿਲੀ ਦਾ ਦੂਜਾ ਵੱਡਾ ਕਾਰਨ ਸਾਡੇ ਜੀਵਨ ਦੇ ਹਰ

ਖੇਤਰ ਵਿਚ ਸਿਆਸਤ ਤੇ ਸਿਆਸੀ ਮਾਹੌਲ ਤੋਂ ਪ੍ਰਭਾਵਿਤ ਸੋਚ ਦਾ ਭਾਰੂ ਹੋ ਜਾਣਾ ਹੈ। ਕੋਈ ਵਿਅਕਤੀ ਜੋ ਸਾਡੇ ਵਿਰੋਧੀ ਗੁੱਟ ਵਿਚ ਜਿਹਾ ਹੈ, ਜਾਂ ਅੱਜ ਵੀ ਹੈ, ਉਹ ਕਿਤਨਾ ਹੀ ਚੰਗਾ ਵਿਦਵਾਨ ਤੇ ਉਸਾਰੂ ਕਾਰਜ ਕਰਨ ਵਾਲਾ ਕਿਉਂ ਨਾ ਹੋਵੇ, ਅਸੀਂ ਉਸ ਦਾ ਵਿਰੋਧ ਕਰਾਂਗੇ। ਉਸ ਦੀ ਇਤਿਹਾਸਕ ਪ੍ਰਾਪਤੀ ਦਾ ਮੁੱਲ ਨਹੀਂ ਪਾਵਾਂਗੇ। ਇਸ ਦੇ ਉਲਟ ਜੋ ਸਾਡੇ ਗੁੱਟ ਵਿਚ ਸ਼ਾਮਲ ਹੈ, ਅਸੀਂ ਉਸ ਨੂੰ ਕੁਝ ਨਾ ਹੁੰਦਿਆਂ ਵੀ ਸਨਮਾਨਿਤ ਕਰਾਂਗੇ ਤੇ ਉਹਦੇ ਔਗੁਣਾਂ 'ਤੇ ਪਰਦਾ ਪਾਉਂਦੇ ਰਹਾਂਗੇ। ਸਾਡੀ ਇਸ ਮੰਦ-ਰੁਚੀ ਨੇ ਇਤਿਹਾਸ ਦੀ ਖੋਜ ਦਾ ਰਾਹ ਖੋਲ੍ਹਣ ਹੀ ਨਹੀਂ ਦਿੱਤਾ।

ਅਸੀਂ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਸਾਲਾ ਪ੍ਰਕਾਸ਼ ਦਿਵਸ ਆਪਣੇ ਜੀਵਨ-ਕਾਲ 1969 ਵਿਚ ਮਨਾ ਚੁੱਕੇ ਹਾਂ। ਉਸ ਸਮੇਂ ਸਾਰੇ ਸਿੱਖ ਜਗਤ ਨੇ ਤੇ ਕਈ ਯੂਨੀਵਰਸਿਟੀਆਂ ਨੇ ਗੁਰੂ ਨਾਨਕ ਦੇਵ ਜੀ 'ਤੇ ਸੈਂਕੜੇ ਪੁਸਤਕਾਂ ਲਿਖਵਾਈਆਂ ਤੇ ਪ੍ਰਕਾਸ਼ਿਤ ਕੀਤੀਆਂ ਹਨ ਪਰ ਅਜੇ ਤੀਕ ਗੁਰੂ ਨਾਨਕ ਦੇਵ ਜੀ ਦੇ ਜਗਤ-ਫੇਰੀ ਨਾਲ ਸੰਬੰਧਿਤ ਅਨੇਕ ਗੱਲਾਂ ਤੇ ਪ੍ਰਸ਼ਨ-ਚਿੰਨ੍ਹ ਲੱਗੇ ਹੋਏ ਹਨ। ਜਨਮ ਕੱਤਕ ਦਾ ਕਿ ਵਿਸਾਖ ਦਾ ? ਜੇ ਬਹੁਤਿਆਂ ਦੀ ਰਾਇ ਹੈ ਕਿ ਵਿਸਾਖ ਦਾ ਹੈ ਤਾਂ ਅਸੀਂ ਉਦੋਂ ਕਿਉਂ ਨਹੀਂ ਜਨਮ ਦਿਨ ਮਨਾਂਦੇ ? ਇਕ ਪਾਸੇ ਭੈਣ ਨਾਨਕੀ ਦਾ ਤਵੇ ਉਤੇ ਫੁਲਕਾ ਪੱਕਣ ਜਿਤਨੀ ਦੇਰ ਵਿਚ ਭੈਣ ਨਾਨਕੀ ਦੇ ਘਰ ਪਹੁੰਚ ਜਾਣ ਦੀ ਸਾਖੀ ਸਟੇਜ ਤੋਂ ਸੁਣਦੇ ਤੇ ਸੁਣਾਂਦੇ ਆ ਰਹੇ ਤੇ ਦੂਜੇ ਪਾਸੇ ਗੁਰੂ ਨਾਨਕ ਦੇਵ ਜੀ ਦੇ ਇਸ ਵਿਚਾਰ ਨੂੰ ਪ੍ਰਚਾਰ ਰਹੇ ਹਾਂ ਕਿ ਕਰਾਮਾਤ ਨਾਮ ਕਹਿਰ ਦਾ ਹੈ ਤੇ ਕਿਸੇ ਨੂੰ ਕਾਨੂੰਨ-ਏ-ਕੁਦਰਤ ਵਿਚ ਦਖ਼ਲ ਦੇਣ ਦਾ ਅਧਿਕਾਰ ਨਹੀਂ।

ਸਾਡੀ ਅਣਗਹਿਲੀ ਤੇ ਅਗਿਆਨਤਾ ਦੀਆਂ ਮਿਸਾਲਾਂ ਹੋਰ ਵੀ ਵਧੇਰੇ ਦਿੱਤੀਆਂ ਜਾ ਸਕਦੀਆਂ ਹਨ। ਜੇਕਰ ਥੋੜ੍ਹਾ-ਬਹੁਤਾ ਇਤਿਹਾਸ ਸੰਭਾਲਣ ਦਾ ਕੰਮ ਹੋਇਆ ਹੈ ਤਾਂ ਉਹ ਵੀ ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਹੀ ਹੋਇਆ ਹੈ। ਗੁਰੂ-ਮਹਿਲਾਂ ਵੱਲ ਤਾਂ ਬਹੁਤੇ ਇਤਿਹਾਸਕਾਰਾਂ ਦਾ ਧਿਆਨ ਗਿਆ ਹੀ ਨਹੀਂ। ਕਈ ਇਲਜ਼ਾਮ ਲਾਉਂਦੇ ਹਨ ਕਿ ਸਾਡਾ ਮਰਦ-ਪ੍ਰਧਾਨ ਸਮਾਜ ਹੈ ਤੇ ਇਸ ਵਿਚ ਬਹੁਤਾ ਧਿਆਨ ਮਰਦ ਜ਼ਾਤ ਦੀਆਂ ਪ੍ਰਾਪਤੀਆਂ ਵੱਲ ਹੀ ਹੈ, ਇਸਤਰੀ ਜਾਤੀ ਦੇ ਯੋਗਦਾਨ ਦਾ ਕਿਸੇ ਟਾਵੇਂ-ਟਾਵੇਂ ਨੇ ਹੀ ਵਰਣਨ ਕੀਤਾ ਹੈ। ਹਾਲਾਂਕਿ ਕਿਸੇ ਕੌਮ, ਬਰਾਦਰੀ, ਫ਼ਿਰਕੇ ਜਾਂ ਪਰਿਵਾਰ ਦਾ ਭਵਿੱਖ ਬਣਾਉਣ ਵਿਚ ਔਰਤਾਂ ਦੀ ਭੂਮਿਕਾ ਵਿਸ਼ੇਸ਼ ਰਹੀ ਹੈ।

ਹੁਣ ਥੋੜ੍ਹੇ ਜਿਹੇ ਸਾਲਾਂ ਤੋਂ ਇਸ ਅਣਗੌਲੇ ਕੰਮ ਵੱਲ ਧਿਆਨ ਦਿੱਤਾ ਜਾਣ ਲੱਗਾ ਹੈ। ਸੰਸਾਰ ਵਿਚ ਵੀ ਵਿਸ਼ੇਸ਼ ਤੌਰ ਤੇ ਕੌਮਾਂਤਰੀ ਨਾਰੀ ਦਿਵਸ ਮਨਾਏ ਜਾਣ ਲੱਗੇ ਹਨ ਤਾਂਕਿ ਸਮਾਜ ਵਿਚ ਨਾਰੀ ਜਾਤੀ ਦੇ ਯੋਗਦਾਨ ਦਾ ਕੁਝ ਚਰਚਾ ਹੋਵੇ ਤੇ ਕੁਝ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਜਾਣਿਆ ਤੇ ਸਮਝਿਆ ਜਾਵੇ। ਇਸੇ ਤਰ੍ਹਾਂ ਗੁਰੂ-ਮਹਿਲਾਂ ਬਾਰੇ ਵੀ ਕੁਝ ਸਾਲਾਂ ਤੋਂ ਲਿਖਿਆ-ਲਿਖਾਇਆ ਜਾਣ ਲੱਗਾ ਹੈ। ਇਸ ਖੇਤਰ ਵਿਚ ਮਾਤਾ ਸੁੰਦਰੀ ਕਾਲਜ ਨਵੀਂ ਦਿੱਲੀ ਦਾ ਉਪਰਾਲਾ ਵਿਸ਼ੇਸ਼ ਇਤਿਹਾਸਕ ਮਹੱਤਤਾ ਦਾ ਹੈ, ਜਿਸ ਨੇ ਆਪਣੀ ਸੁਘੜ ਪ੍ਰਿਸੀਪਲ ਡਾ. ਮਹਿੰਦਰ ਕੌਰ ਗਿੱਲ ਦੀ ਅਗਵਾਈ ਹੇਠ ਹਰ ਸਾਲ 'ਮਾਤਾ ਸੁੰਦਰੀ ਸਿਮਰਤੀ ਦਿਵਸ' ਮਨਾਉਣਾ ਸ਼ੁਰੂ ਕਰ ਕੇ ਗੁਰੂ-ਮਹਿਲਾਂ ਬਾਰੇ ਖੋਜ-ਪੱਤਰ ਲਿਖਵਾਉਣੇ ਤੇ ਛਪਵਾਉਣੇ ਸ਼ੁਰੂ ਕੀਤੇ ਹਨ। ਕੰਮ ਬਹੁਤ ਵੱਡਾ ਕਰਨ ਵਾਲਾ ਪਿਆ ਹੈ। ਇਸ ਨੂੰ ਵੱਡੀਆਂ

ਧਾਰਮਿਕ ਜਥੇਬੰਦੀਆਂ ਤੇ ਕਮੇਟੀਆਂ ਨੂੰ ਆਪਣੇ ਹੱਥ ਵਿਚ ਲੈਣਾ ਪਵੇਗਾ। ਅਜੇ ਤਕ ਸਾਰਾ ਸਿੱਖ ਜਗਤ ਇਕ ਵੀ ਇਤਿਹਾਸ ਦਾ ਖੋਜ ਕੇਂਦਰ ਸਥਾਪਿਤ ਨਹੀਂ ਕਰ ਸਕਿਆ।

ਸਹਾਇਕ ਪੁਸਤਕਾਂ ਦੀ ਸੂਚੀ

1. ਸੂਰਜ ਪ੍ਰਕਾਸ਼ ਗ੍ਰੰਥ (ਭਾਈ ਸੰਤੋਖ ਸਿੰਘ)
2. ਮਹਾਨ ਕੋਸ਼ (ਭਾਈ ਕਾਹਨ ਸਿੰਘ ਨਾਭਾ)
3. ਗੁਰਬਿਲਾਸ ਪਾਤਸ਼ਾਹੀ ਛੇਵੀਂ (ਭਗਤ ਸਿੰਘ)
4. ਗੁਰ ਇਤਿਹਾਸ (ਪ੍ਰੋ. ਸਾਹਿਬ ਸਿੰਘ)
5. ਸਿੱਖ ਇਤਿਹਾਸ ਭਾਗ ਪਹਿਲਾ (ਪ੍ਰੋ. ਕਰਤਾਰ ਸਿੰਘ)
6. ਅਸ਼ਟ ਗੁਰ ਚਮਤਕਾਰ (ਭਾਈ ਵੀਰ ਸਿੰਘ)
7. ਜੀਵਨ ਪ੍ਰਸੰਗ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ (ਭਾਈ ਵੀਰ ਸਿੰਘ)
8. ਸਾਡਾ ਇਤਿਹਾਸ ਭਾਗ ਪਹਿਲਾ (ਪ੍ਰੋ. ਸਤਿਬੀਰ ਸਿੰਘ)

ਦਮੋਦਰੀ ਜੀ

ਇਥੇ ਮੇਰਾ ਉਦੇਸ਼ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਮਹਿਲ ਮਾਤਾ ਦਮੋਦਰੀ ਜੀ ਦੀ ਜੀਵਨ-ਯਾਤਰਾ ਦੇ ਸਮਾਚਾਰ ਇਕੱਤਰ ਕਰ ਕੇ ਉਨ੍ਹਾਂ ਦੀ ਮਹਾਨ ਦੇਣ ਬਾਰੇ ਚਾਨਣਾ ਪਾਉਣਾ ਹੈ। ਗੁਰੂ-ਮਹਿਲਾਂ ਵਿਚੋਂ ਸਭ ਤੋਂ ਵਿਸ਼ੇਸ਼ ਸਥਾਨ ਮਾਤਾ ਭਾਨੀ ਜੀ ਦਾ ਹੈ ਜੋ ਗੁਰੂ ਅਮਰਦਾਸ ਦੀ ਪੁੱਤਰੀ ਤੇ ਗੁਰੂ ਰਾਮਦਾਸ ਦੀ ਧਰਮ-ਸੁਪਤਨੀ, ਗੁਰੂ ਅਰਜਨ ਦੇਵ ਜੀ ਦੀ ਮਾਤਾ ਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਦਾਦੀ ਸੀ। ਇਸੇ ਤਰ੍ਹਾਂ ਮਾਤਾ ਦਮੋਦਰੀ ਜੀ ਜਿਥੇ ਗੁਰੂ ਹਰਿਗੋਬਿੰਦ ਸਾਹਿਬ ਦੀ ਸੁਪਤਨੀ ਸੀ, ਉਥੇ ਗੁਰੂ ਹਰਿ ਰਾਇ ਸਾਹਿਬ ਦੀ ਦਾਦੀ, ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਪੜਦਾਦੀ, ਤੇ ਗੁਰੂ ਤੇਗ ਬਹਾਦਰ ਜੀ ਦੀ ਮਾਂ ਸਮਾਨ ਸੀ। ਗੁਰੂ ਅਰਜਨ ਦੇਵ ਜੀ ਦੀ ਇਹ ਪਹਿਲੀ ਨੂੰਹ ਸੀ।

ਪਰਿਵਾਰਕ ਪਿਛੋਕੜ

ਦਮੋਦਰੀ ਜੀ ਦੇ ਪੜਦਾਦਾ ਭਾਈ ਪਾਰੋ ਜੀ ਸਿੱਖ ਇਤਿਹਾਸ ਦੇ ਉਹ ਚਮਕਦੇ ਸਿਤਾਰੇ ਹਨ, ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਦੱਸੇ ਜੀਵਨ-ਮਾਰਗ 'ਤੇ ਚਲਦਿਆਂ ਆਪਣੀ ਸ਼ਰਧਾ, ਸੇਵਾ ਤੇ ਲਗਨ ਨਾਲ ਉਹ ਸਥਾਨ ਪ੍ਰਾਪਤ ਕਰ ਲਿਆ ਸੀ ਕਿ ਇਕ ਵੇਰ ਗੁਰੂ ਅਮਰਦਾਸ ਜੀ ਨੇ ਫੁਰਮਾਇਆ ਸੀ ਕਿ ਭਾਈ ਪਾਰੋ! ਤੁਹਾਡੇ ਵਿਚ ਨਾਨਕ ਜੋਤ ਦੇ ਪ੍ਰਕਾਸ਼ ਦੀ ਸੰਭਾਵਨਾ ਦਿਸਦੀ ਹੈ। ਪਰ ਭਾਈ ਪਾਰੋ ਨੇ ਅੱਗੋਂ ਹੱਥ ਜੋੜ ਕੇ ਨਿੰਮਰਤਾ ਨਾਲ ਆਖਿਆ ਕਿ ਪਾਤਸ਼ਾਹ, ਮੈਨੂੰ ਸਿੱਖ ਹੀ ਬਣੇ ਰਹਿਣ ਦਿਓ, ਮੈਨੂੰ ਇਸੇ ਵਿਚ ਹੀ ਅਨੰਦ ਹੈ। ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਨੇ ਇਸ ਘਟਨਾ ਦਾ ਜ਼ਿਕਰ ਆਪਣੀ ਇਕ ਰਚਨਾ ਵਿਚ ਇਉਂ ਕੀਤਾ ਹੈ :

> "ਸੁਲਤਾਨਪੁਰ ਨੇੜੇ ਪਿੰਡ ਡੱਲਾ ਨੇ ਉਸ ਮਹਾਂਪੁਰਖ ਭਾਈ ਪਾਰੋ ਨੂੰ
> ਜਨਮ ਦਿਤਾ, ਜਿਸ ਵਿਚ ਗੁਰੂ ਅਮਰਦਾਸ ਜੀ ਗੁਰਿਆਈ ਦਾ ਚਿੰਨ
> ਦੇਖਦੇ ਸੀ ਪਰ ਉਸ ਪੂਰਨ ਸਿਖ ਨੇ ਆਪਣੇ ਆਪ ਨੂੰ ਕੇਵਲ ਸਿਖੀ

ਜੋਗ ਹੀ ਸਮਝ ਕੇ ਪੂਰਨ ਨਿਮਰਤਾ ਨਾਲ ਸਿਖੀ ਦਾਨ ਹੀ ਮੰਗਿਆ
ਅਰੁ ਸਿਖੀ ਦਾਨ ਹੀ ਪ੍ਰਾਪਤ ਕੀਤਾ ।"

ਭਾਈ ਸੰਤੋਖ ਸਿੰਘ ਨੇ 'ਸੂਰਜ ਪ੍ਰਕਾਸ਼ ਗ੍ਰੰਥ' ਵਿਚ ਵੀ ਉੱਪਰ ਦੱਸੀ ਘਟਨਾ ਦਾ ਵਰਣਨ ਕੀਤਾ ਹੈ । ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਅਮਰਦਾਸ ਜੀ ਨੇ ਵਰ ਦਿੱਤਾ ਸੀ ਕਿ ਭਾਈ ਪਾਰੋ ! ਗੁਰੂ-ਘਰ ਵਿਚ ਤੁਹਾਡੀ ਕੁਲ (ਖਾਨਦਾਨ) ਦਾ ਇਕ ਦਿਨ ਨਾਤਾ (ਰਿਸ਼ਤਾ) ਵੀ ਹੋਵੇਗਾ । ਇਹ ਵਰ ਉਦੋਂ ਪੂਰਾ ਹੋਇਆ ਜਦੋਂ ਇਸੇ ਖਾਨਦਾਨ ਦੀ ਸਪੁੱਤਰੀ ਬੀਬੀ ਦਮੋਦਰੀ ਜੀ ਦਾ ਰਿਸ਼ਤਾ ਗੁਰੂ ਅਰਜਨ ਦੇਵ ਜੀ ਆਪਣੇ ਸਹਿਬਜ਼ਾਦੇ ਲਈ ਸਵੀਕਾਰ ਕਰ ਕੇ 1605 ਵਿਚ ਜੰਞ ਲੈ ਕੇ ਡੱਲੇ ਪਿੰਡ ਗਏ । ਸਿੱਖ ਇਤਿਹਾਸ ਦੇ ਹੋਰ ਕਈ ਲਿਖਾਰੀਆਂ ਨੇ ਵੀ ਇਸ ਘਟਨਾ ਦਾ ਆਪਣੀਆਂ ਲਿਖਤਾਂ ਵਿਚ ਵਰਣਨ ਕੀਤਾ ਹੈ ।

ਸੁਲਤਾਨਪੁਰ ਲੋਧੀ ਤੋਂ ਚਾਰ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਡੱਲਾ ਹੈ । ਇਸ ਪਿੰਡ ਦੇ ਬਹੁਤ ਸਾਰੇ ਵਸਨੀਕਾਂ ਨੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਉਸ ਸਮੇਂ ਕੀਤੇ ਸਨ ਜਦੋਂ ਗੁਰੂਦੇਵ, ਭੈਣ ਨਾਨਕੀ ਦੇ ਸੱਦੇ ਤੇ ਰਾਏ ਭੋਇੰ ਦੀ ਤਲਵੰਡੀ ਤੋਂ ਸੁਲਤਾਨਪੁਰ ਆ ਗਏ ਸਨ ਤੇ ਇਥੇ ਮੋਦੀਖਾਨੇ ਵਿਚ ਕੰਮ ਕਰਦਿਆਂ ਨਾਲ ਹੀ ਗੁਰਬਾਣੀ ਦਾ ਪ੍ਰਵਾਹ ਚਲਾ ਦਿੱਤਾ ਸੀ । ਅਨੇਕਾਂ ਡੱਲਾ ਨਿਵਾਸੀ ਉਸ ਸਮੇਂ ਸਿੱਖੀ ਧਾਰਨ ਕਰ ਗਏ ਸਨ । ਇਨ੍ਹਾਂ ਸਿੱਖ ਬਣਨ ਵਾਲਿਆਂ ਵਿਚ ਭਾਈ ਪਾਰੋ ਦਾ ਪਿਤਾ ਵੀ ਸੀ । ਭਾਈ ਪਾਰੋ ਪਹਿਲੀ ਵਾਰ ਦੂਜੀ ਨਾਨਕ ਜੋਤ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਲਈ ਜਦੋਂ ਖਡੂਰ ਸਾਹਿਬ ਆਇਆ ਤਾਂ ਮੁੜ ਕੇ ਇਥੋਂ ਜੋਗਾ ਹੀ ਹੋ ਗਿਆ । ਹਰ ਮਹੀਨੇ ਭਾਈ ਪਾਰੋ ਦਰਿਆ ਬਿਆਸ ਪਾਰ ਕਰ ਕੇ ਖਡੂਰ ਸਾਹਿਬ ਆਉਣ ਲੱਗ ਪਿਆ । ਜਦੋਂ ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਦਾ ਸਮਾਂ ਨੇੜੇ ਆਇਆ ਤਾਂ ਭਾਈ ਪਾਰੋ ਖਡੂਰ ਸਾਹਿਬ ਵਿਚ ਹੀ ਸੀ ਤੇ ਗੁਰੂ ਅੰਗਦ ਦੇਵ ਜੀ ਨੇ ਭਾਈ ਪਾਰੋ ਦੇ ਇਕ ਪ੍ਰਸ਼ਨ ਦੇ ਉੱਤਰ ਵਿਚ ਇਹ ਬਿਆਨ ਕੀਤਾ ਸੀ ਕਿ ਤੀਜੀ ਨਾਨਕ ਜੋਤ ਸ੍ਰੀ ਅਮਰਦਾਸ ਜੀ ਹੋਣਗੇ । ਭਾਈ ਵੀਰ ਸਿੰਘ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਜੀਵਨ-ਕਹਾਣੀ ਬਿਆਨ ਕਰਦਿਆਂ ਲਿਖਿਆ ਹੈ :

"ਬਚਨ ਸੁਣ ਕੇ ਗੁਰਦੇਵ ਬੋਲੇ, ਭਾਈ ਪਾਰੋ ! ਸਾਡੇ ਅੰਤਰ ਧਿਆਨ
ਹੋ ਜਾਣ ਪਰ ਸ੍ਰੀ ਅਮਰਦਾਸ ਜੀ ਗੁਰੂਗੱਦੀ ਤੇ ਬਿਰਜਾਣਗੇ । ਉਹ
ਸਾਡਾ ਰੂਪ ਹੋਣਗੇ । ਤੁਸਾਂ ਨੂੰ ਉਨ੍ਹਾਂ ਵਿਚ ਅਸੀਂ ਦ੍ਰਿਸ਼ਟੀ ਪਾਵਾਂਗੇ
ਆਪਣੀ ਪ੍ਰੇਮ ਭਾਵਨਾ ਦਾ ਦਿਸਦਾ ਆਸਰਾ ਪਾਉਗੇ ।"

ਇਸ ਪਿੱਛੋਂ ਭਾਈ ਪਾਰੋ ਜੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਨੂੰ ਗੋਇੰਦਵਾਲ ਆਉਣ ਲੱਗ ਪਏ । ਹਫ਼ਤੇ ਵਿਚ ਘੱਟੋ-ਘੱਟ ਦੋ ਵਾਰ ਜ਼ਰੂਰ ਆਪਣੇ ਪਿੰਡ ਤੋਂ ਘੋੜੇ 'ਤੇ ਸਵਾਰ ਹੋ ਕੇ ਭਾਈ ਪਾਰੋ ਦਰਿਆ ਪਾਰ ਕਰ ਕੇ ਗੋਇੰਦਵਾਲ ਆਉਂਦੇ । ਕਦੇ ਉਨ੍ਹਾਂ ਦਰਿਆ ਦੇ ਡੂੰਘੇ ਪਾਣੀ ਦੇ ਤੇਜ਼ ਵਹਾਅ ਦੀ ਪਰਵਾਹ ਨਹੀਂ ਕੀਤੀ ।

ਪਿੰਡ ਵਿਚ ਕਿਧਰੇ ਵੀ ਕੀਰਤਨ ਹੁੰਦਾ, ਧਾਰਮਿਕ ਸਤਿਸੰਗ ਲੱਗਦਾ, ਭਾਈ ਪਾਰੋ ਦਾ ਸਾਰਾ ਪਰਿਵਾਰ ਉਸ ਵਿਚ ਜ਼ਰੂਰ ਸ਼ਾਮਲ ਹੁੰਦਾ । ਪੁੱਤਰ, ਪੋਤਰੇ, ਪਰਿਵਾਰ ਦੀਆਂ ਸਾਰੀਆਂ ਔਰਤਾਂ ਗੋਇੰਦਵਾਲ ਜਾਂਦੀਆਂ । ਫਿਰ ਗੁਰੂ ਰਾਮਦਾਸ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਆਉਣ ਲੱਗ ਪਈਆਂ । ਅੰਮ੍ਰਿਤ ਸਰੋਵਰ ਦੀ ਕਾਰ-ਸੇਵਾ ਸ਼ੁਰੂ ਹੋਈ ਤਾਂ ਇਸ ਪਿੰਡ ਦੀ

ਹੋਰ ਸੰਗਤ ਨਾਲ ਇਹ ਖ਼ਾਨਦਾਨ ਵੀ ਕਾਰ ਸੇਵਾ ਵਿਚ ਸ਼ਾਮਲ ਹੋਣ ਲਈ ਆਇਆ। ਜਦੋਂ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਅੰਮ੍ਰਿਤਸਰ ਦੇ ਵਿਚਕਾਰ ਉਸਾਰੀ ਕਰਵਾਈ ਤਾਂ ਇਸ ਪਰਿਵਾਰ ਦੇ ਮੁਖੀਏ ਦੇ ਰੂਪ ਵਿਚ ਪਿੰਡ ਡੱਲਾ ਤੋਂ ਸੰਗਤ ਲੈ ਕੇ ਭਾਈ ਨਾਰਾਇਣ ਦਾਸ ਜੀ ਆਏ।

ਜਨਮ ਅਤੇ ਬਾਲਪਨ

ਪਿੰਡ ਡੱਲਾ ਨਿਵਾਸੀ ਭਾਈ ਨਰਾਇਣ ਦੇ ਘਰ 1596 ਈਸਵੀ ਦੇ ਲਗਭਗ ਇਕ ਸਪੁੱਤਰੀ ਦਾ ਜਨਮ ਹੋਇਆ ਜਿਸ ਦਾ ਨਾਮ ਦਮੋਦਰੀ ਰੱਖਿਆ ਗਿਆ। ਬਹੁਤ ਸਾਰਿਆਂ ਇਤਿਹਾਸਕਾਰਾਂ ਨੇ ਦਮੋਦਰੀ ਜੀ ਦੀ ਮਾਤਾ ਨਾ ਨਾਮ ਹੀ ਨਹੀਂ ਦੱਸਿਆ। ਭਾਈ ਵੀਰ ਜੀ ਨੇ 'ਜੀਵਨ ਪ੍ਰਸੰਗ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ' ਵਿਚ ਦਮੋਦਰੀ ਜੀ ਦੀ ਮਾਤਾ ਦਾ ਨਾਮ ਪ੍ਰੇਮ ਦਈ ਦੱਸਿਆ ਹੈ। ਜਦੋਂ ਦਮੋਦਰੀ ਜੀ ਦੇ ਵਿਆਹ ਦਾ ਜ਼ਿਕਰ ਕਰ ਰਹੇ ਸਨ ਤਾਂ ਪਿੰਡ ਦੀਆਂ ਜ਼ਨਾਨੀਆਂ ਦਮੋਦਰੀ ਦੇ ਵਿਆਹ ਸਮੇਂ ਲਈ ਬਾਗ ਤੇ ਫੁਲਕਾਰੀਆਂ ਕੱਢ ਕੇ ਲਿਆਂਦੀਆਂ ਤੇ ਕਹਿੰਦੀਆਂ :

"ਪ੍ਰੇਮ ਦਈਏ ! ਜੇ ਇਹ ਲੀਰ ਆਪਣੀ ਸਪੁੱਤਰੀ ਦੇ ਦਾਜ ਲਈ
ਕਬੂਲ ਲਵੇਂ ਤਾਂ ਸਾਡੇ ਵੀ ਧੰਨ ਭਾਗ ਹੋ ਜਾਣਗੇ।"

ਇਸ ਤਰ੍ਹਾਂ ਕਈ ਵਾਰ ਭਾਈ ਸਾਹਿਬ ਨੇ ਪ੍ਰੇਮ ਦਈ ਦਾ ਜ਼ਿਕਰ ਕੀਤਾ ਹੈ।

ਨਰਾਇਣ ਦਾਸ ਤੇ ਪ੍ਰੇਮ ਦਈ ਦੀ ਸੰਤਾਨ ਕੇਵਲ ਦੋ ਲੜਕੀਆਂ ਹੀ ਸਨ। ਵੱਡੀ ਰਾਮੋ ਤੇ ਛੋਟੀ ਦਮਦੋਰੀ। ਰਾਮੋ ਦਾ ਵਿਆਹ ਪਿੰਡ ਡਰੋਲੀ ਦੇ ਸੰਤ ਸੁੰਭਾਅ ਸਾਈਂ ਦਾਸ ਨਾਲ ਹੋ ਗਿਆ। ਘਰ ਵਿਚ ਹੋਰ ਮਰਦ ਨਾ ਹੋਣ ਕਾਰਨ ਨਰਾਇਣ ਦਾਸ ਜੀ ਨੇ ਸਾਈਂ ਦਾਸ ਨੂੰ ਆਪਣੇ ਪਿੰਡ ਡੱਲੇ ਹੀ ਰੱਖ ਲਿਆ। ਸਾਈਂ ਦਾਸ ਵੀ ਗੁਰੂਸਿੱਖ ਪਰਿਵਾਰ ਦਾ ਨੌਜਵਾਨ ਸੀ ਤੇ ਡੱਲਾ ਪਿੰਡ ਵਿਚ ਵੀ ਉਹਨੂੰ ਗੁਰਸਿੱਖ ਪਰਿਵਾਰ ਹੀ ਮਿਲ ਗਿਆ। ਹਰ ਸਾਲ ਇਹ ਪਰਿਵਾਰ ਰਲ ਕੇ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਜਾਂਦਾ। ਨਰਾਇਣ ਦਾਸ ਜੀ ਨੇ ਆਪਣੀਆਂ ਦੋਹਾਂ ਬੱਚੀਆਂ ਨੂੰ ਚੰਗਾ ਪੜ੍ਹਾਇਆ। ਧਾਰਮਿਕ ਵਿਦਿਆ ਦਿਵਾਈ। ਜੀਵਨੀਕਾਰਾਂ ਨੇ ਲਿਖਿਆ ਹੈ ਕਿ ਇਹ ਦੋਵੇਂ ਭੈਣਾਂ ਰਾਮੋ ਤੇ ਦਮੋਦਰੀ ਆਪਣੀ ਅਕਲ ਤੇ ਸੁਭਾਅ ਅਨੁਸਾਰ ਸੀਲਵੰਤੀਆਂ ਤੇ ਭਗਤੀ ਭਾਵ ਨਾਲ ਭਰੇ ਹਿਰਦੇ ਵਾਲੀਆਂ ਸਨ। ਨਾਮ-ਸਿਮਰਨ ਭਗਤੀ ਭਾਵ ਤੇ ਕੁਦਰਤੀ ਰੰਗ-ਰੂਪ ਨਾਲ ਦੋਹਾਂ ਭੈਣਾਂ ਦੇ ਚਿਹਰੇ 'ਤੇ ਅਨੋਖੀ ਲਾਲੀ ਭਾਅ ਮਾਰਦੀ ਸੀ।

ਮੰਗਣੀ ਤੇ ਵਿਆਹ

1605 ਈਸਵੀ ਨੂੰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਚ ਆਦਿ ਬੀੜ (ਗੁਰੂ ਗ੍ਰੰਥ ਸਾਹਿਬ) ਦੇ ਪ੍ਰਕਾਸ਼ ਤੋਂ ਅਗਲੇ ਸਾਲ, ਭਾਈ ਨਰਾਇਣ ਦਾਸ ਜੀ ਆਪਣੇ ਸਾਰੇ ਪਰਿਵਾਰ ਨਾਲ ਗੁਰੂ-ਦਰਬਾਰ ਦੇ ਦਰਸ਼ਨਾਂ ਲਈ ਆਏ ਹੋਏ ਸਨ ਜਦੋਂ ਸੂਬਾ ਲਾਹੌਰ ਦੇ ਇਕ ਅਹਿਲਕਾਰ, ਚੰਦੂ ਲਾਲ ਦੇ ਪੁਰੋਹਿਤ ਉਹਦੀ ਪੁੱਤਰੀ ਦਾ ਰਿਸ਼ਤਾ ਲੈ ਕੇ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਆਏ ਤੇ ਸ੍ਰੀ ਹਰਿਗੋਬਿੰਦ ਜੀ ਨਾਲ ਰਿਸ਼ਤਾ ਕਰਨ ਦੀ

ਪੇਸ਼ਕਸ਼ ਕੀਤੀ । ਇਸ ਸਮੇਂ ਹੀ ਗੁਰੂ-ਦਰਬਾਰ ਵਿਚ ਇਹ ਸੂਚਨਾ ਵੀ ਪਹੁੰਚ ਗਈ ਕਿ ਰਿਸ਼ਤੇ ਦੀ ਪਹਿਲ ਗੱਲ ਕਰਦੇ ਜਦ ਪੰਡਤਾਂ ਨੇ ਚੰਦੂ ਨੂੰ ਦੱਸਿਆ ਕਿ ਉਹਦੀ ਪੁੱਤਰੀ ਦੇ ਰਿਸ਼ਤੇ ਦੀ ਗੱਲ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਸ੍ਰੀ ਹਰਿਗੋਬਿੰਦ ਨਾਲ ਕਰ ਆਏ ਹਾਂ ਤਾਂ ਚੰਦੂ ਨੂੰ ਰੁੱਸਾ ਚੜ੍ਹ ਗਿਆ ਤੇ ਉਹਨੇ ਆਖਿਆ ਕਿ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਹੋ । ਪਰ ਪਿੱਛੋਂ ਉਹ ਆਪ ਹੀ ਮੰਨ ਗਿਆ ਤੇ ਰਿਸ਼ਤੇ ਦੀ ਗੱਲ ਪੱਕੀ ਕਰਨ ਲਈ ਪੁਰੋਹਿਤ ਭੇਜ ਦਿੱਤਾ । ਸਿੱਖ-ਸੰਗਤ ਨੇ ਬੇਨਤੀ ਕੀਤੀ ਕਿ ਹੰਕਾਰੀ ਚੰਦੂ ਲਾਲ ਦਾ ਰਿਸ਼ਤਾ ਸਵੀਕਾਰ ਨਾ ਕੀਤਾ ਜਾਏ । ਗੁਰੂ ਅਰਜਨ ਦੇਵ ਜੀ ਨੇ ਚੰਦੂ ਦੀ ਲੜਕੀ ਦਾ ਰਿਸ਼ਤਾ ਸਵੀਕਾਰ ਕਰਨ ਤੋਂ ਨਾਂਹ ਕਰ ਦਿੱਤੀ । ਇਸ ਘਟਨਾ ਦਾ ਸਾਰੇ ਅੰਮ੍ਰਿਤਸਰ ਵਿਚ, ਖ਼ਾਸ ਕਰ ਕੇ ਦੂਰੋਂ-ਦੂਰੋਂ ਆਈਆਂ ਸੰਗਤਾਂ ਵਿਚ ਬਹੁਤ ਚਰਚਾ ਹੋਇਆ । ਖ਼ਾਸ ਕਰ ਕੇ ਗੁਰੂ ਅਰਜਨ ਦੇਵ ਜੀ ਦੇ ਇਸ ਐਲਾਨ ਦਾ ਕਿ ਅਸੀਂ ਹੁਣ ਆਪਣੇ ਕਿਸੇ ਸਿੱਖ ਦੇ ਘਰ ਹੀ ਸਾਕ ਕਰਾਂਗੇ । ਸੰਗਤ ਵਿਚ ਬੈਠੇ ਭਾਈ ਨਰਾਇਣ ਦਾਸ ਨੇ ਆਪਣੇ ਜਵਾਈ ਸਾਈਂ ਦਾਸ ਨਾਲ ਸਲਾਹ ਕਰ ਕੇ ਹੱਥ ਜੋੜ ਕੇ ਖੜ੍ਹਾ ਹੋ ਕੇ ਬੇਨਤੀ ਕੀਤੀ ਕਿ ਸਾਹਿਬਜ਼ਾਦਾ ਸ੍ਰੀ ਹਰਿਗੋਬਿੰਦ ਜੀ ਲਈ ਮੇਰੀ ਸਪੁੱਤਰੀ ਦਮੋਦਰੀ ਦਾ ਜੇਕਰ ਰਿਸ਼ਤਾ ਸਵੀਕਾਰ ਕਰ ਲਿਆ ਜਾਏ ਤਾਂ ਮੈਂ ਆਪਣੇ ਧੰਨਭਾਗ ਸਮਝਾਂਗਾ । ਗੁਰੂ ਅਰਜਨ ਦੇਵ ਜੀ ਨੇ ਇਹ ਰਿਸ਼ਤਾ ਪ੍ਰਵਾਨ ਕਰ ਲਿਆ ਤੇ ਉਸੇ ਵੇਲੇ ਕੁੜਮਾਈ ਦੀ ਮਰਿਆਦਾ ਹੋ ਗਈ । ਭਾਈ ਨਰਾਇਣ ਦਾਸ ਨੇ ਵੀ (ਗੁਰੂ) ਹਰਿਗੋਬਿੰਦ ਜੀ ਨੂੰ ਸਗਾਈ ਦਾ ਤਿਲਕ ਦੇ ਦਿੱਤਾ । ਸਭ ਸੰਗਤਾਂ ਨੇ ਇਸ ਪਵਿੱਤਰ ਸੰਜੋਗ ਤੇ ਬੇਹੱਦ ਖੁਸ਼ੀ ਦਾ ਪ੍ਰਗਟਾਵਾ ਕੀਤਾ ।

ਕੁੜਮਾਈ ਹੋਣ ਸਮੇਂ (ਗੁਰੂ) ਹਰਿਗੋਬਿੰਦ ਜੀ ਦੀ ਉਮਰ ਦਸ ਸਾਲ ਤੇ ਦਮੋਦਰੀ ਜੀ ਦੀ ਉਮਰ 9 ਸਾਲ ਸੀ । ਭਾਈ ਸੰਤੋਖ ਸਿੰਘ ਜੀ ਦੇ ਹਵਾਲੇ ਨਾਲ ਭਾਈ ਵੀਰ ਸਿੰਘ ਜੀ ਲਿਖਦੇ ਹਨ :

> "ਸ਼ਗਨ ਤੋਂ ਅਗਲੇ ਦਿਨ ਹੀ ਭਾਈ ਨਰਾਇਣ ਦਾਸ ਜੀ ਨੇ ਬੇਨਤੀ ਕੀਤੀ ਕਿ ਵਿਆਹ ਦਾ ਕਾਰਜ ਝਬਦੇ ਹੋ ਜਾਏ ਤਦ ਬਹੁਤ ਹੀ ਅਨੰਦ ਹੋਵੇ । ਸ੍ਰੀ ਗੁਰੂ ਜੀ ਨੇ ਹੱਸ ਕੇ ਕਿਹਾ ਨਰਾਇਣ ਦਾਸ ਦੋ ਮਹੀਨੇ ਬੀਤ ਲੈਣ ਦਿਉ ਮਾਘ ਮਹੀਨੇ ਅਸੀਂ ਡੱਲੇ ਆਵਾਂਗੇ ਅਰ ਵਿਆਹ ਦੀ ਰੀਤੀ ਕਰਾਂਗੇ । ਤੁਸੀਂ ਹੁਣ ਆਪਣੇ ਘਰ ਜਾਵੋ ਅਰ ਜਾ ਕੇ ਤਿਆਰੀ ਕਰੋ ।"

ਸ. ਰਣਧੀਰ ਸਿੰਘ ਨੇ 'ਪੰਜਾਬੀ ਦੁਨੀਆ' ਦੇ ਜੂਨ-ਜੁਲਾਈ 1953 ਦੇ ਅੰਕ ਵਿਚ ਲਿਖਦੇ ਹਨ ਕਿ ਦਮੋਦਰੀ ਜੀ ਦਾ ਸ੍ਰੀ ਹਰਿਗੋਬਿੰਦ ਜੀ ਨਾਲ ਰਿਸ਼ਤਾ 19 ਮੱਘਰ ਸੰਮਤ 1662 ਨੂੰ ਹੋਇਆ ਤੇ ਮਾਘ ਮਹੀਨੇ ਦੀ 9 ਤਾਰੀਖ ਨੂੰ ਇਨ੍ਹਾਂ ਦਾ ਵਿਆਹ ਡੱਲੇ ਪਿੰਡ ਵਿਚ ਹੋ ਗਿਆ । ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਸਾਹਿਬਜ਼ਾਦੇ ਦੀ ਜੰਞ ਲੈ ਕੇ ਅੰਮ੍ਰਿਤਸਰ ਤੋਂ ਡੱਲੇ ਪਿੰਡ ਗਏ । ਭਾਈ ਸੰਤੋਖ ਸਿੰਘ ਨੇ 'ਸੂਰਜ ਪ੍ਰਕਾਸ਼ ਗ੍ਰੰਥ' ਵਿਚ ਬੜੇ ਵੇਰਵੇ ਨਾਲ ਇਸ ਵਿਆਹ ਦੀ ਗੱਲ ਵਰਣਨ ਕੀਤੀ ਹੈ ।

ਇਸ ਇਤਿਹਾਸ ਵਿਚ ਕਈ ਨਵੀਆਂ ਗੱਲਾਂ ਪਹਿਲੀ ਵਾਰ ਵੇਖਣ ਵਿਚ ਆਈਆਂ ।

ਸ੍ਰੀ ਹਰਿਗੋਬਿੰਦ ਜੀ ਦੀ ਬਰਾਤ ਲੈ ਕੇ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਤੋਂ ਚੱਲੇ ਤੇ ਪਹਿਲਾ ਪੜਾਅ ਤਰਨਤਾਰਨ ਵਿਚ ਕੀਤਾ। ਉਥੋਂ ਸਾਰੀ ਬਰਾਤ ਖਡੂਰ ਸਾਹਿਬ ਗਈ ਤੇ ਗੁਰੂ ਅੰਗਦ ਦੇਵ ਜੀ ਦੇ ਪਰਿਵਾਰ ਨੂੰ ਨਾਲ ਲਿਆ। ਫਿਰ ਗੋਇੰਦਵਾਲ ਆਏ ਤੇ ਬਾਬਾ ਮੋਹਨ ਜੀ ਤੋਂ ਆਸ਼ੀਰਵਾਦ ਲਈ। ਇਤਿਹਾਸਕ ਅਸਥਾਨਾਂ ਦੇ ਦਰਸ਼ਨ ਕਰ ਕੇ ਸੁਲਤਾਨਪੁਰ ਲੋਧੀ ਆਏ। ਇਉਂ ਦੋ ਰਾਤਾਂ ਰਾਹ ਵਿਚ ਗੁਜ਼ਾਰ ਕੇ, ਸ਼ਬਦ-ਕੀਤਰਨ ਕਰਦੇ, ਗੁਰੂ-ਪਰਿਵਾਰ ਨਾਲ ਡੱਲੇ ਪਹੁੰਚੇ। ਅੱਗੇ ਡੱਲੇ ਵਿਚ ਸਵਾਗਤ ਦੀਆਂ ਤਿਆਰੀਆਂ ਸਨ। ਨਗਰ ਦੀ ਸਾਰੀ ਸਿੱਖ-ਸੰਗਤ ਜੋਟੀਆਂ ਨਾਲ ਸ਼ਬਦ ਪੜ੍ਹਦੀ ਡੱਲੇ ਤੇ ਸੁਲਤਾਨਪੁਰ ਲੋਧੀ ਦੇ ਰਾਹ ਵਿਚ ਅੱਧ ਤਕ ਆਈ ਤੇ ਸਵਾਗਤ ਕੀਤਾ। ਇਧਰੋਂ ਜੰਞ ਸ਼ਬਦ-ਕੀਰਤਨ ਕਰਦੀ ਆ ਰਹੀ ਸੀ ਤੇ ਉਧਰੋਂ ਨਗਰ-ਨਿਵਾਸੀ ਸੰਗਤਾਂ ਢੋਲਕੀ-ਛੈਣੇ ਲੈ ਕੇ ਸ਼ਬਦ ਪੜ੍ਹਦੀਆਂ ਆਈਆਂ। ਸਾਰੇ ਪਿੰਡ ਨੇ ਬਹੁਤ ਹੀ ਸਤਿਕਾਰ ਨਾਲ ਜੰਞ ਨੂੰ ਠਹਿਰਾਇਆ।

"ਵਿਆਹ ਲਈ ਮੰਡਪ ਕਿਸ ਤਰ੍ਹਾਂ ਦਾ ਬਣਾਈਏ ?" ਭਾਈ ਨਰਾਇਣ ਦਾਸ ਨੇ ਹੱਥ ਜੋੜ ਕੇ ਬੜੇ ਸਤਿਕਾਰ ਨਾਲ ਪੁੱਛਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੁਰੰਤ ਉੱਤਰ ਦਿੱਤਾ ਕਿ ਇਹ ਅਨੰਦ ਕਾਰਜ ਹੈ ਤੇ ਇਸ ਲਈ ਸਾਨੂੰ ਆਪਣੀ ਮਰਿਆਦਾ ਸ਼ੁਰੂ ਕਰਨੀ ਚਾਹੀਦੀ ਏ। ਧੁਰ ਕੀ ਬਾਣੀ ਦਾ ਗ੍ਰੰਥ ਤਿਆਰ ਹੋ ਚੁੱਕਾ ਹੈ ਤੇ ਉਸ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਚ ਹੁੰਦਾ ਹੈ। ਉਸ ਦੇ ਇਕ ਉਤਾਰੇ ਦਾ ਪ੍ਰਕਾਸ਼ ਇਥੇ ਹੀ ਕਰ ਦਿਉ ਤੇ ਇਸ ਦੀ ਹਾਜ਼ਰੀ ਵਿਚ ਰਾਮਦਾਸ ਜੀ ਦੀ ਬਾਣੀ ਵਿਚ ਚਾਰ ਲਾਵਾਂ ਦੇ ਪਾਠ ਤੇ ਕੀਰਤਨ ਨਾਲ ਅਨੰਦ ਕਾਰਜ ਕੀਤਾ ਜਾਵੇ। ਇਸੇ ਤਰ੍ਹਾਂ ਹੀ ਕੀਤਾ ਗਿਆ। ਇਉਂ ਦਮੋਦਰੀ ਜੀ ਦੇ ਸ੍ਰੀ ਹਰਿਗੋਬਿੰਦ ਜੀ ਨਾਲ ਵਿਆਹ ਦੇ ਸਮੇਂ ਤੋਂ ਅਨੰਦ ਕਾਰਜ ਦੀ ਵਰਤਮਾਨ ਪ੍ਰਥਾ ਸ਼ੁਰੂ ਹੋ ਗਈ।

ਇਸ ਵਿਆਹ ਤੇ ਇਕੱਠ ਸਮੇਂ ਹੀ ਡੱਲਾ ਪਿੰਡ ਦੇ ਨਿਵਾਸੀਆਂ ਨੇ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕੀਤੀ ਕਿ ਤੁਸੀਂ ਸਾਡੇ ਨਗਰ 'ਤੇ ਬੜੀ ਕਿਰਪਾ ਕੀਤੀ ਹੈ। ਇਥੇ ਦੀ ਇਕ ਬੱਚੀ ਨੂੰ ਗੁਰੂ-ਪਰਿਵਾਰ ਵਿਚ ਸ਼ਾਮਲ ਕਰ ਲਿਆ ਏ। ਤੁਸੀਂ ਆਪ ਚਲ ਕੇ ਸਾਨੂੰ ਦਰਸ਼ਨ ਦਿੱਤੇ ਹਨ। ਸਾਡੇ 'ਤੇ ਕਿਰਪਾ ਕਰੋ, ਕੋਈ ਯਾਦ ਨਿਸ਼ਾਨੀ ਹੋਰ ਦੇ ਜਾਉ। ਡੱਲੇ ਵਿਚ ਪਾਣੀ ਦਾ ਸੰਕਟ ਰਹਿੰਦਾ ਹੈ, ਇਸ ਦਾ ਕੋਈ ਉਪਾਅ ਕਰ ਜਾਉ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸੇ ਸਮੇਂ ਡੱਲੇ ਵਿਚ ਇਕ ਬਾਉਲੀ ਦੀ ਉਸਾਰੀ ਦਾ ਅਰੰਭ ਆਪਣੇ ਪਵਿੱਤਰ ਕਰਕਮਲਾਂ ਨਾਲ ਟੱਕ ਲਾ ਕੇ ਕਰ ਦਿੱਤਾ। ਕੁਝ ਹੀ ਸਮੇਂ ਵਿਚ ਇਹ ਬਾਉਲੀ ਤੇ ਬਹੁਤ ਵੱਡਾ ਇਤਿਹਾਸਕ ਗੁਰਦੁਆਰਾ ਦਮੋਦਰੀ ਜੀ ਦੇ ਵਿਆਹ ਦੀ ਸਦੀਵੀ ਯਾਦਗਾਰ ਬਣਿਆ ਹੋਇਆ ਹੈ। ਇਹ ਗੁਰਦੁਆਰਾ ਉਸੇ ਥਾਂ 'ਤੇ ਹੈ ਜਿਥੇ (ਗੁਰੂ) ਹਰਿਗੋਬਿੰਦ ਜੀ ਦਾ ਦਮੋਦਰੀ ਜੀ ਨਾਲ ਅਨੰਦ ਕਾਰਜ ਹੋਇਆ ਸੀ।

ਗੰਭੀਰ ਚੁਣੌਤੀਆਂ ਦੇ ਸਮੇਂ

ਗੰਭੀਰ ਚੁਣੌਤੀਆਂ ਦਾ ਸਾਹਮਣਾ ਵਿਆਹ ਤੋਂ ਤੁਰੰਤ ਪਿੱਛੋਂ ਬਾਲੜੀ ਦਮੋਦਰੀ ਜੀ ਨੂੰ ਕਰਨਾ ਪੈ ਗਿਆ। ਮਸੀਂ ਇਕ ਸਾਲ ਵਿਆਹ ਹੋਏ ਨੂੰ ਬੀਤਿਆ ਸੀ ਕਿ ਮੁਗਲ ਬਾਦਸ਼ਾਹ

ਜਹਾਂਗੀਰ ਨੇ ਦਮੋਦਰੀ ਜੀ ਦੇ ਸਹੁਰਾ ਸਾਹਿਬ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਬੁਲਾ ਲਿਆ ਤੇ ਗੁਰੂ ਅਰਜਨ ਦੇਵ ਜੀ ਨੇ ਐਲਾਨ ਕਰ ਦਿੱਤਾ ਕਿ ਉਹ ਸ਼ਾਇਦ ਲਾਹੌਰ ਤੋਂ ਮੁੜ ਕੇ ਨਾ ਆ ਸਕਣ । ਇਸ ਲਈ ਗੁਰਗੱਦੀ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਸੌਂਪੀ ਜਾਂਦੀ ਹੈ । ਨਾਰੀਅਲ ਤੇ ਪੰਜ ਪੈਸੇ ਭੇਟ ਕਰ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਛੇਵੀਂ ਨਾਨਕ ਜੋਤ ਬਣਾ ਦਿੱਤਾ। ਇਉਂ ਦਮੋਦਰੀ ਜੀ ਦੇ ਸਿਰ ਦਾ ਸਾਈਂ ਹੁਣ ਪਤੀ ਦੇ ਨਾਲ ਗੁਰਦੇਵ ਵੀ ਬਣ ਗਿਆ। ਦਸ ਸਾਲਾਂ ਦੀ ਦਮੋਦਰੀ ਇਉਂ ਸਿੱਖ ਸੰਗਤ ਲਈ ਮਾਤਾ ਦਮੋਦਰੀ ਜੀ ਬਣ ਗਈ । ਇਸ ਜ਼ਿੰਮੇਵਾਰੀ ਨੂੰ ਦਮੋਦਰੀ ਜੀ ਨੇ ਜਿਸ ਸ਼ਰਧਾ, ਪਿਆਰ, ਲਗਨ ਤੇ ਹੁਸ਼ਿਆਰੀ ਨਾਲ ਨਿਭਾਇਆ, ਉਸ ਦੀ ਪ੍ਰਸੰਸਾ ਉਸ ਸਮੇਂ ਹੀ ਹਰ ਪਾਸੇ ਹੋ ਗਈ ।

ਜਦੋਂ ਗੁਰੂ ਹਰਿਗੋਬਿੰਦ ਸਹਿਬ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖਤ ਸਾਹਿਬ ਦੇ ਵਰਤਮਾਨ ਅਸਥਾਨ 'ਤੇ ਗੁਰਗੱਦੀ 'ਤੇ ਬਿਠਾਉਣ ਦਾ ਸਮਾਂ ਆਇਆ ਤਾਂ ਮੀਰੀ-ਪੀਰੀ ਦੇ ਮਾਲਕ ਨੇ ਨਿਵਾਸ ਅਸਥਾਨ ਤੋਂ ਚੱਲਣ ਤੋਂ ਪਹਿਲਾਂ ਦਮੋਦਰੀ ਜੀ ਨੂੰ ਆਦੇਸ਼ ਦਿੱਤਾ ਕਿ ਉਹ ਦੋ ਗਾਤਰੇ ਤਿਆਰ ਕਰਨ ਤਾਂਕਿ ਕਿਰਪਾਨਾਂ ਸਰੀਰ 'ਤੇ ਸਜਾਈਆਂ ਜਾ ਸਕਣ । ਜਿਹੜੀਆਂ ਦੋ ਕਿਰਪਾਨਾਂ ਗੁਰੂਦੇਵ ਨੇ ਉਸ ਦਿਨ ਪਹਿਨੀਆਂ ਉਨ੍ਹਾਂ ਦੇ ਗਾਤਰੇ ਮਾਤਾ ਦਮੋਦਰੀ ਜੀ ਨੇ ਹੀ ਤਿਆਰ ਕੀਤੇ । ਗਾਤਰੇ ਦੀ ਇਸ ਕਾਢ ਵਿਚ ਵੀ ਦਮੋਦਰੀ ਜੀ ਦੀ ਸੂਝ-ਬੂਝ ਦਾ ਵਿਸ਼ੇਸ਼ ਯੋਗਦਾਨ ਹੈ ।

ਜਦੋਂ ਲਾਹੌਰ ਲਿਜਾ ਕੇ ਗੁਰੂ ਅਰਜਨ ਦੇਵ ਜੀ ਨੂੰ ਉਬਲਦੇ ਪਾਣੀ ਦੀ ਦੇਗ ਵਿਚ ਬਿਠਾ ਕੇ, ਤੱਤੀ ਤਵੀ 'ਤੇ ਆਸਣ ਲਗਵਾ ਕੇ ਤੇ ਫਿਰ ਰਾਵੀ ਦਰਿਆ ਦੇ ਠੰਡੇ ਜਲ ਵਿਚ ਰੱਖ ਕੇ ਸ਼ਹੀਦ ਕਰ ਦਿੱਤਾ ਗਿਆ ਤਾਂ ਜਿਥੇ ਸਾਰੀ ਸਿੱਖ ਲੋਕ-ਲਹਿਰ ਲਈ ਇਕ ਅਤਿ ਸੰਕਟ ਦੀ ਘੜੀ ਆ ਗਈ ਉਥੇ ਦਮੋਦਰੀ ਜੀ ਦੇ ਸਾਹਮਣੇ ਵੀ ਕਈ ਨਵੀਆਂ ਚੁਣੌਤੀਆਂ ਆ ਗਈਆਂ ਜਿਨ੍ਹਾਂ ਨੂੰ ਉਨ੍ਹਾਂ ਨੇ ਬੜੇ ਸਬਰ, ਜਿਗਰੇ ਤੇ ਸਾਹਸ ਨਾਲ ਸੰਭਾਲਿਆ । ਆਪਣੇ ਗੁਰੂਦੇਵ ਪਤੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਹਰ ਆਗਿਆ ਦਾ ਪਾਲਨ ਕੀਤਾ । ਹਰ ਯੋਜਨਾ ਵਿਚ ਆਪਣਾ ਯੋਗਦਾਨ ਪਾਇਆ ।

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖਾਂ ਦੇ ਫ਼ੌਜੀ ਸੰਗਠਨ ਦੀ ਯੋਜਨਾ ਬਣਾ ਕੇ ਐਲਾਨ ਕੀਤਾ ਕਿ ਅੱਗੋਂ ਲਈ ਗੁਰੂ-ਘਰ ਵਿਚ ਵਧੀਆ ਸ਼ਸਤਰਾਂ ਤੇ ਉੱਤਮ ਘੋੜਿਆਂ ਦੀ ਭੇਟਾ ਪ੍ਰਵਾਨ ਕਰ ਕੇ ਵਧੇਰੇ ਖੁਸ਼ੀ ਹੋਵੇਗੀ ਤਾਂ ਉਸ ਸਮੇਂ ਕਈ ਕਮਜ਼ੋਰ ਦਿਲ ਘਬਰਾ ਗਏ । ਇਹ ਹਕੂਮਤ ਨਾਲ ਟੱਕਰ ਲੈਣ ਵਾਲੀ ਗੱਲ ਹੈ । ਮੁਗ਼ਲ ਸਰਕਾਰ ਕਿਸ ਤਰ੍ਹਾਂ ਬਰਦਾਸ਼ਤ ਕਰੇਗੀ ? ਕਈ ਸਿੱਖ ਗੁਰੂ ਕੇ ਮਹਿਲਾਂ (ਘਰ) ਵਿਚ ਆਏ ਤੇ ਮਾਤਾ ਦਮੋਦਰੀ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਮਹਾਰਾਜ ਨੂੰ ਟੱਕਰ ਦੇ ਰਾਹ 'ਤੇ ਤੁਰਨ ਤੋਂ ਰੋਕਣ ਦਾ ਯਤਨ ਕੀਤਾ ਜਾਏ । ਤਾਂ ਮਾਤਾ ਦਮੋਦਰੀ ਜੀ ਨੇ ਕਿਹਾ ਕਿ ਉਹ ਠੀਕ ਕਰ ਰਹੇ ਹਨ । ਜੋ ਕਰਤਾਰ ਨੂੰ ਮਨਜ਼ੂਰ ਹੈ, ਉਹੀ ਹੋਵੇਗਾ । ਇਸ ਸਮੇਂ ਸਿੱਖ ਜਗਤ ਵਿਚ ਚੜ੍ਹਦੀ ਕਲਾ ਪੈਦਾ ਕਰਨ ਦੀ ਵਧੇਰੇ ਲੋੜ ਹੈ ਤੇ ਇਹੀ ਕਾਰਜ ਮੇਰੇ ਗੁਰਦੇਵ-ਪਤੀ ਕਰ ਰਹੇ ਹਨ ।

ਇਕ ਹੋਰ ਚੁਣੌਤੀ ਵਿਆਹ ਤੋਂ ਪੰਜ ਸਾਲ ਪਿੱਛੋਂ ਆ ਗਈ ਜਦੋਂ ਜਹਾਂਗੀਰ ਬਾਦਸ਼ਾਹ ਨੇ ਗੱਲਬਾਤ ਕਰਨ ਲਈ ਗੁਰੂ ਹਰਿਗੋਬਿੰਦ ਜੀ ਨੂੰ ਦਿੱਲੀ ਬੁਲਾਇਆ ਤੇ ਫਿਰ ਆਗਰੇ

ਸੱਦ ਕੇ ਗ੍ਰਿਫ਼ਤਾਰ ਕਰ ਲਿਆ ਤੇ ਲੰਮੀ ਕੈਦ ਸੁਣਾ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ। ਮਾਤਾ ਗੰਗਾ ਜੀ ਦੇ ਕੋਲ ਦਮੋਦਰੀ ਜੀ ਹੀ ਸਨ, ਜਿਨ੍ਹਾਂ ਨੇ ਸਬਰ-ਸੰਤੋਖ ਨਾਲ ਸਥਿਤੀ ਦਾ ਟਾਕਰਾ ਕੀਤਾ। ਆਪ ਨਿਗਰਾਨੀ ਕਰ ਕੇ ਅੰਮ੍ਰਿਤਸਰ ਵਿਚ ਗੁਰਮਰਿਆਦਾ ਨੂੰ ਜਾਰੀ ਰੱਖਿਆ। ਸ਼ਬਦ-ਕੀਰਤਨ ਦਾ ਪ੍ਰਵਾਹ ਚਲਾਈ ਰਖਿਆ। ਇਸ ਸਮੇਂ ਵੀ ਦਮੋਦਰੀ ਜੀ ਦੀ ਸੇਵਾ ਤੇ ਯੋਗਦਾਨ ਵਰਨਣਯੋਗ ਹੈ।

ਸੰਤਾਨ

ਮਾਤਾ ਦਮੋਦਰੀ ਜੀ ਦੇ ਵਿਆਹ ਤੋਂ 8 ਸਾਲ ਪਿੱਛੋਂ ਜਾ ਕੇ ਸੰਤਾਨ ਹੋਣੀ ਸ਼ੁਰੂ ਹੋਈ। ਆਪ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ ਤੇ ਸ੍ਰੀ ਅਣੀ ਰਾਏ ਜੀ ਸਨ। ਆਪ ਦੀ ਇਕ ਸਪੁੱਤਰੀ ਬੀਬੀ ਵੀਰੋ ਸੀ। ਬਾਬਾ ਗੁਰਦਿੱਤਾ ਜੀ ਦਾ ਜਨਮ 1613 ਈਸਵੀ ਨੂੰ, ਬੀਬੀ ਵੀਰੋ ਜੀ ਦਾ ਜਨਮ 1615 ਤੇ ਤੇ ਬਾਬਾ ਅਣੀ ਰਾਏ ਜੀ ਦਾ ਜਨਮ 1618 ਈਸਵੀ ਨੂੰ ਹੋਇਆ। ਇਹ ਜਨਮ-ਤਾਰੀਖਾਂ ਪ੍ਰੋ. ਸਾਹਿਬ ਸਿੰਘ ਜੀ ਨੇ 'ਗੁਰਇਤਿਹਾਸ' ਵਿਚ ਵਰਣਨ ਕੀਤੀਆਂ ਹਨ। ਗੁਰੂ ਹਰਿਗੋਬਿੰਦ ਜੀ ਦੇ ਘਰ ਮਾਤਾ ਦਮੋਦਰੀ ਦੀ ਕੁੱਖ ਤੋਂ ਜਨਮ ਲੈਣ ਵਾਲੀ ਸੰਤਾਨ ਬਾਰੇ ਪ੍ਰੋ. ਕਰਤਾਰ ਸਿੰਘ ਨੇ 'ਸਿੱਖ ਇਤਿਹਾਸ ਭਾਗ ਪਹਿਲਾ' ਵਿਚ ਦੱਸਿਆ ਹੈ—ਬਾਬਾ ਗੁਰਦਿੱਤਾ ਜੀ ਦਾ ਜਨਮ 1613 ਈਸਵੀ ਨੂੰ ਆਪਣੀ ਮਾਸੀ ਦੇ ਪਿੰਡ ਡਰੋਲੀ ਵਿਚ ਹੋਇਆ। ਇਹ ਪਿੰਡ ਜ਼ਿਲ੍ਹਾ ਫਿਰੋਜ਼ਪੁਰ ਵਿਚ ਹੈ। ਇਕ ਪਾਸੇ ਆਪ ਨਾਮਬਾਣੀ ਦੇ ਰਸੀਏ ਤੇ ਚੋਟੀ ਦੇ ਵਿਦਵਾਨ ਸਨ ਤੇ ਦੂਜੇ ਪਾਸੇ ਨਿਰਭੈ ਤੇ ਦਲੇਰ ਯੋਧੇ। ਆਪ ਗੁਰਦੇਵ ਪਿਤਾ ਦੀ ਆਗਿਆ ਅਨੁਸਾਰ ਬਾਬਾ ਸ੍ਰੀ ਚੰਦ ਦੀ ਉਦਾਸੀ ਸੰਪ੍ਰਦਾਇ ਵਿਚ ਸ਼ਾਮਲ ਹੋਏ। ਇਨ੍ਹਾਂ ਦੇ ਸਪੁੱਤਰ ਸ੍ਰੀ ਹਰਿ ਰਾਏ ਸਾਹਿਬ ਸੱਤਵੀਂ ਨਾਨਕ ਜੋਤ ਬਣੇ।

"ਬਾਬਾ ਗੁਰਦਿੱਤਾ ਜੀ ਤੋਂ ਸਾਲ ਛੋਟੀ ਭੈਣ ਵੀਰੋ ਸੀ। ਜਦ ਜਵਾਨ ਹੋਈ ਤਾਂ ਝਬਾਲ ਦੇ ਯੁਵਕ ਸਾਧੂ ਜੀ ਨਾਲ ਇਨ੍ਹਾਂ ਦਾ ਵਿਆਹ ਹੋ ਗਿਆ। ਬੀਬੀ ਵੀਰੋ ਦੀ ਕੁੱਖ ਤੋਂ ਪੰਜ ਧਰਮਵੀਰ ਸਪੁੱਤਰਾਂ ਨੇ ਜਨਮ ਲਿਆ। ਇਨ੍ਹਾਂ ਪੰਜਾਂ ਨੇ ਹੀ ਗੁਰੂ ਕਲਗੀਧਰ ਦੇ ਯੁੱਧ ਭੰਗਾਣੀ ਵਿਚ ਹਿੱਸਾ ਲਿਆ ਤੇ ਬੜੀ ਬੀਰਤਾ ਦਿਖਾਈ।

"ਸ੍ਰੀ ਅਣੀ ਰਾਏ ਜੀ ਦਾ ਜਨਮ 1618 ਈਸਵੀ ਨੂੰ ਅੰਮ੍ਰਿਤਸਰ ਵਿਚ ਹੋਇਆ। ਇਹ ਤਿਆਗੀ ਸਨ ਅਤੇ ਨਾਮਬਾਣੀ ਦੇ ਅਭਿਆਸ ਵਿਚ ਲੱਗੇ ਰਹਿੰਦੇ ਸਨ। ਇਨ੍ਹਾਂ ਨੇ ਵਿਆਹ ਨਹੀਂ ਸੀ ਕਰਾਇਆ। ਇਨ੍ਹਾਂ ਦਾ ਦੇਹਾਂਤ ਕੀਰਤਪੁਰ ਵਿਚ ਹੋਇਆ।"

ਦਮੋਦਰੀ ਜੀ ਦਾ ਆਪਣੀ ਸੰਤਾਨ 'ਤੇ ਬਹੁਤ ਪ੍ਰਭਾਵ ਸੀ। ਜਿਸ ਤਰ੍ਹਾਂ ਆਪ ਨਾਮ-ਬਾਣੀ ਦੇ ਰਸੀਏ ਅਤੇ ਗੁਰਮਤਿ ਵਿਚ ਅਤੁੱਟ ਵਿਸ਼ਵਾਸ ਰੱਖਣ ਵਾਲੇ ਸਨ, ਉਸੇ ਤਰ੍ਹਾਂ ਇਨ੍ਹਾਂ ਦੀ ਸੰਤਾਨ ਵੀ। ਜਿਸ ਤਰ੍ਹਾਂ ਆਪ ਨਰ੍ਹੰਮੇ ਵਾਲੇ ਸਨ ਉਸੇ ਤਰ੍ਹਾਂ ਇਨ੍ਹਾਂ ਦੀ ਸੰਤਾਨ ਸੀ। ਮਾਤਾ ਦਮੋਦਰੀ ਆਪਣੀ ਸੰਤਾਨ ਦੀ ਪਹਿਲੀ ਸੁਘੜ ਸਿਆਣੀ ਅਧਿਆਪਕਾ ਸਾਬਿਤ ਹੋਈ।

ਮਾਤਾ ਦਮੋਦਰੀ ਜੀ ਨੇ 26 ਸਾਲ ਵਿਆਹੁਤਾ ਜੀਵਨ ਗੁਰੂ-ਘਰ ਵਿਚ ਰਹਿ ਕੇ ਸਿੱਖੀ ਦੀ ਲੋਕ-ਲਹਿਰ ਵਿਚ ਆਪਣਾ ਭਰਪੂਰ ਯੋਗਦਾਨ ਪਾਉਂਦਿਆਂ ਬਿਤਾਇਆ। ਅਖ਼ੀਰ 1631 ਈਸਵੀ ਨੂੰ ਆਪ ਆਪਣੀ ਵੱਡੀ ਭੈਣ ਰਾਮੇ ਜੀ ਦੇ ਸਹੁਰਾ ਪਿੰਡ ਡਰੋਲੀ

ਜ਼ਿਲ੍ਹਾ ਫਿਰੋਜ਼ਪੁਰ ਵਿਚ ਸਨ ਜਦੋਂ ਧੁਰ ਦਰਗਾਹ ਤੋਂ ਸੱਦਾ ਆ ਗਿਆ ਤੇ ਆਪ ਅਕਾਲ ਚਲਾਣਾ ਕਰ ਗਏ ।

ਮਾਤਾ ਨਾਨਕੀ ਜੀ

ਸਿੱਖ ਧਰਮ ਵਿਚ ਇਤਿਹਾਸ ਦੀ ਉਸਾਰੀ ਵਿਚ ਗੁਰੂ-ਮਾਤਾਵਾਂ, ਗੁਰੂ-ਮਹਿਲਾਂ, ਗੁਰੂ-ਸਪੁੱਤਰੀਆਂ, ਗੁਰੂ-ਭੈਣਾਂ ਤੇ ਗੁਰੂ-ਵਰੋਸਾਈਆਂ ਸਿੰਘਣੀਆਂ ਦਾ ਬੜਾ ਮਹੱਤਵਪੂਰਣ ਤੇ ਅਦੁੱਤੀ ਯੋਗਦਾਨ ਹੈ । ਗੁਰੂ-ਮਹਿਲਾਂ ਵਿਚ ਮਾਤਾ ਸੁਲੱਖਣੀ ਜੀ, ਮਾਤਾ ਖੀਵੀ ਜੀ, ਮਾਤਾ ਰਾਮੋ ਜੀ, ਤੇ ਮਾਤਾ ਦਮੋਦਰੀ ਜੀ, ਅਜਿਹੇ ਗੁਰੂ-ਮਹਿਲ ਹਨ ਜਿਨ੍ਹਾਂ ਨੇ ਸਿੱਖ-ਇਤਿਹਾਸ ਦੀ ਉਸਾਰੀ ਵਿਚ ਇਕ ਮਹਿਲ (ਸੁਪਤਨੀ) ਦੇ ਰੂਪ ਵਿਚ, ਆਤਮਿਕ ਤੇ ਮਾਨਸਿਕ, ਘਰੇਗੀ ਤੇ ਸੰਗਤੀ, ਸਹਿਜ ਤੇ ਸੁਹਜ, ਸੰਸਥਾ ਤੇ ਸਥਾਪਤੀ ਦੀਆਂ ਜ਼ਿੰਮੇਵਾਰੀਆਂ ਨੂੰ ਵੀ ਨਿਭਾਇਆ ਹੈ ਅਤੇ ਪਤੀ-ਮੋਹ ਦੀ ਪਕੜ ਨੂੰ ਤਿਆਗ ਕੇ ਗੁਰੂ-ਪਤੀਆਂ ਨੂੰ ਨਵਾਂ ਧਰਮ, ਨਵਾਂ ਸਮਾਜ, ਨਵਾਂ ਸਭਿਆਚਾਰ, ਨਵਾਂ ਦਰਸ਼ਨ, ਨਵਾਂ ਰਾਜ ਸੰਕਲਪ ਤੇ ਨਿਰੋਇਆ ਬਾਣੀ-ਸਾਹਿਤ ਸਿਰਜਣ ਵਿਚ ਸਹਾਇਕ ਵੀ ਹੋਈਆਂ ਹਨ ਅਤੇ ਕੌਮੀ-ਇਤਿਹਾਸ ਨੂੰ ਬਣਾਉਣ ਵਿਚ ਪ੍ਰਸੰਸਾ ਯੋਗ ਹਿੱਸਾ ਵੀ ਪਾਇਆ ਹੈ, ਪਰ ਇਨ੍ਹਾਂ ਚਾਰਾਂ ਗੁਰੂ-ਮਹਿਲਾਂ ਨੂੰ ਇਹ ਮਾਣ ਅਤੇ ਗੌਰਵ ਪ੍ਰਾਪਤ ਨਹੀਂ ਹੋਇਆ ਕਿ ਉਹ ਗੁਰੂ-ਮਾਤਾਵਾਂ ਵੀ ਅਖਵਾ ਸਕਣ ਜਾਂ ਆਪਣੇ ਸਪੁੱਤਰਾਂ ਦੀ ਸੁਰਤਿ, ਮਤਿ, ਮਨਿ, ਬੁਧਿ ਤੇ ਸੁਧਿ ਨੂੰ, ਸ਼ਬਦ-ਸੱਚੀ ਟਕਸਾਲ ਵਿਚੋਂ ਘੜ ਕੇ, ਗੁਰੂ-ਹੁਕਮ ਨੂੰ ਪਾਲਣ ਵਾਲੇ ਤੇ 'ਨਾਨਕ ਨਦਰੀ ਨਦਰਿ ਨਿਹਾਲ' ਦੇ ਅਧਿਕਾਰੀ ਵੀ ਬਣਾ ਸਕਣ । ਗੁਰੂ-ਪਦ-ਪਦਵੀ ਦੀ ਪ੍ਰਾਪਤੀ ਲਈ ਇਹੀ ਘਾਲਿ ਕਮਾਈ ਸੀ । ਇਹੀ ਦਾਤਿ-ਇਲਾਹੀ ਸੀ, ਇਹੀ ਜੁਗਤਿ ਤੇ ਸਮਰੱਥਾ ਵੀ, ਇਹੀ ਗਿਆਨ-ਪ੍ਰਕਾਸ਼ ਨਾਲ ਸ਼ਿੰਗਾਰੀ ਹਰਿ-ਜੋਤਿ, ਗੁਰੂ-ਜੋਤਿ, ਜਾਗਤਿ-ਜੋਤਿ, ਸੰਪੂਰਨ-ਜੋਤਿ ਨਾਲ ਇਕਸੁਰ ਤੇ ਇਕ ਰੂਪ ਹੋਣ ਦੀ ਵਿਧੀ ਸੀ । ਗੁਰੂ ਨਾਨਕ ਦੇਵ ਜੀ ਨੂੰ ਇਹ ਜੋਤਿ-ਰੂਪ ਦੀ ਦਾਤਿ ਜਾਂ ਘਾਲਿ-ਕਮਾਈ ਅਕਾਲ ਪੁਰਖ ਜਾਂ ਹਰਿ ਨੇ ਅਰਪ ਦਿੱਤੀ ਸੀ, ਪਰ ਭਾਈ ਲਹਿਣਾ ਜੀ, ਅਮਰਦਾਸ ਜੀ, ਭਾਈ ਜੇਠਾ ਜੀ ਨੇ ਸ਼ਬਦ-ਸੱਚੀ ਟਕਸਾਲ ਵਿਚੋਂ ਆਪਣੇ 'ਆਪੇ' ਘੜ ਕੇ, ਗੁਰੂ-ਹੁਕਮਾਂ ਨੂੰ ਪਾਲ ਕੇ, ਨਾਨਕ ਨਦਰੀ ਨਦਰਿ-ਨਿਹਾਲ ਦਾ ਪਾਤਰ ਬਣ ਕੇ ਹੀ 'ਜੋਤਿ-ਰੂਪ' ਹੋਣ ਦਾ ਹਰਿ-ਵਰ ਜਾਂ ਨਾਨਕ-ਦਰ-ਘਰ ਦੀ ਪਰੰਪਰਾ ਦਾ ਅਧਿਕਾਰ ਪ੍ਰਾਪਤ ਕੀਤਾ ਸੀ । ਰਾਮਕਲੀ ਰਾਗ ਵਿਚ ਰਚਿਤ ਬਲਵੰਡ ਸੱਤਾ ਦੀ ਵਾਰ ਤੇ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿਚ ਗੁਰੂ-ਮਹਿਲਾਂ ਦੇ ਸਪੁੱਤਰਾਂ ਬਾਰੇ ਸਪੱਸ਼ਟ ਸੰਕੇਤ ਮਿਲਦੇ ਹਨ, ਕਿ ਨਾ ਸ੍ਰੀ ਚੰਦ ਤੇ ਲਖਮੀ ਦਾਸ ਨੇ, ਨਾ ਦਾਸੂ ਤੇ ਦਾਤੂ ਨੇ, ਨਾ ਮੋਹਨ ਅਤੇ ਮੋਹਰੀ ਨੇ ਅਤੇ ਨਾ ਹੀ ਪ੍ਰਿਥੀ ਚੰਦ ਤੇ ਮਹਾਂਦੇਵ ਨੇ ਆਪਣੇ ਆਪ ਨੂੰ ਸ਼ਬਦ-ਸੱਚੀ ਟਕਸਾਲ ਵਿਚੋਂ ਘੜਿਆ ਅਤੇ ਨਾ ਹੀ ਗੁਰੂ-ਪਿਤਾ ਦਾ ਹੁਕਮ ਪਾਲਿਆ । ਗੁਰੂ-ਗੱਦੀ ਜਾਂ ਗੁਰੂ-ਪੱਦ-ਪਦਵੀ ਨਾ ਮਿਲ਼ਣ ਕਰ ਕੇ ਗੁਰੂ-ਮਹਿਲਾਂ ਦੇ ਸਪੁੱਤਰ ਆਕੀ ਅਤੇ ਬਾਗੀ ਵੀ ਹੋ ਗਏ :

— ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ ਮੁਰਟੀਐ ॥
ਦਿਲਿ ਖੋਟੈ ਆਕੀ ਫਿਰਨਿ ਬੰਨਿ ਭਾਰੁ ਉਚਾਇਨਿ ਛਟੀਐ ॥3॥
(ਬਲਵੰਡ ਸੱਤਾ, ਗੁਰੂ ਗ੍ਰੰਥ ਸਾਹਿਬ, ਪੰਨਾ 967)

— ਪੁਤ੍ਰੀ ਕੌਲ ਨ ਪਾਲਿਓ ਮਨ ਖੋਟੈ ਆਕੀ ਨਸਿਆਰਾ ॥

(ਭਾਈ ਗੁਰਦਾਸ ਜੀ)

ਗੁਰੂ-ਸਰੀਰ ਨੂੰ ਲੱਤ ਮਾਰਨੀ ਤਾਂ ਇਕ ਪਾਸੇ ਰਹੀ, ਗੱਦੀ ਦੇ ਲੋਭ-ਲਾਲਚ ਵਿਚ ਗੁਰੂ-ਪੱਗ ਨੂੰ ਵੀ ਹੱਥ ਪਾਉਣ ਤਕ ਚਲੇ ਗਏ। ਸਿੱਖ ਧਰਮ ਤੇ ਸਿੱਖ ਇਤਿਹਾਸ ਦੀ ਆਦਰਸ਼ਕ ਉਸਾਰੀ ਪ੍ਰਤੀ ਗੁਰੂ-ਮਹਿਲਾਂ ਦੇ ਸੁਹਿਰਦ, ਸਿਰਜਣਾਤਮਿਕ ਤੇ ਨਿਸ਼ਕਾਮ ਹੋਣ ਦੇ ਬਾਵਜੂਦ ਵੀ, ਸਪੁੱਤਰਾਂ ਨੂੰ ਗੁਰੂ-ਉਪਦੇਸ਼ਾਂ ਤੇ ਗੁਰੂ-ਹੁਕਮਾਂ ਅਨੁਸਾਰ ਸਿਰਜ-ਢਾਲ ਨਾ ਸਕੇ।

2

ਗੁਰੂ-ਮਹਿਲਾਂ ਵਿਚੋਂ ਚਾਰ ਮਹਿਲ ਮਾਤਾ ਭਾਨੀ ਜੀ, ਮਾਤਾ ਗੰਗਾ ਜੀ, ਮਾਤਾ ਕ੍ਰਿਸ਼ਨ ਕੌਰ ਜੀ ਤੇ ਮਾਤਾ ਗੁਜਰੀ ਜੀ ਅਜਿਹੇ ਹਨ, ਜਿਨ੍ਹਾਂ ਨੂੰ 'ਗੁਰੂ-ਮਹਿਲ' ਹੋਣ ਦਾ ਵਰ ਅਤੇ ਮਾਣ ਵੀ ਪ੍ਰਾਪਤ ਹੋਇਆ ਹੈ। ਪਰ ਆਪਣੀ ਆਤਮਕ ਘਾਲਿ ਕਮਾਈ, ਸੰਗਤੀ ਤੇ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣ ਦੇ ਨਾਲ ਨਾਲ ਆਪਣੇ ਸਪੁੱਤਰਾਂ ਨੂੰ ਵੀ ਗੁਰੂ-ਪਦਵੀ ਯੋਗ ਸਿਰਜਣ ਤੇ ਸਥਾਪਿਤ ਕਰਨ ਵਿਚ ਵੀ ਸਫ਼ਲ ਹੋਈਆਂ ਹਨ। ਮਾਤਾ ਭਾਨੀ ਜੀ ਗੁਰੂ ਰਾਮਦਾਸ ਜੀ ਦੇ ਮਹਿਲ ਹਨ, ਪਰ ਆਪਣੇ ਛੋਟੇ ਸਪੁੱਤਰ 'ਅਰਜਨ ਦੇਵ ਜੀ' ਨੂੰ ਜਨਮ ਤੋਂ ਹੀ ਗੁਰੂ-ਗਿਆਨ ਪ੍ਰਕਾਸ਼ ਤੇ ਸ਼ਬਦ-ਸੱਚੀ ਟਕਸਾਲ ਦੀ ਵਿਦਿਆ ਤੇ ਸਿੱਖਿਆ ਪ੍ਰਦਾਨ ਕਰਨ ਵਿਚ ਸਮਰੱਥ ਸਾਬਤ ਹੋਏ ਹਨ। ਗੁਰੂ ਅਰਜਨ ਦੇਵ ਜੀ ਪ੍ਰਤੀ ਗੁਰੂ-ਬਾਣੀ ਦਾ ਇਹ ਸੰਕੇਤ 'ਤੈ ਜਨਮਤ ਗੁਰਮਤਿ ਬ੍ਰਹਮੁ ਪਛਾਨਿਉ' ਸਾਖੀ ਭਰਦਾ ਹੈ ਕਿ ਗੁਰੂ ਅਰਜਨ ਦੇਵ ਜੀ ਆਪਣੇ ਜਨਮ ਤੋਂ ਹੀ ਉਸ ਘਾਲਿ ਕਮਾਈ ਵੱਲ ਰੁਚਿਤ ਹਨ, ਜਿਸ ਸਦਕਾ ਨਾਨਕ ਮੁੱਦਰਾ ਤੇ ਨਦਰਿ-ਨਿਹਾਲ ਵਿਚ ਪ੍ਰਵਾਨ ਹੋਣ ਦਾ ਅਧਿਕਾਰ ਤੇ ਮਾਣ ਮਿਲਦਾ ਸੀ। ਮਾਤਾ ਭਾਨੀ ਜੀ ਦੇ ਤਿੰਨ ਸਪੁੱਤਰਾਂ ਵਿਚੋਂ ਪ੍ਰਿਥੀ ਚੰਦ ਤਾਂ ਗੁਰੂ-ਜੋਤਿ ਵਿਰੁੱਧ ਆਕੀ ਤੇ ਬਾਗ਼ੀ ਵੀ ਸਾਬਤ ਹੋਇਆ, ਪਰ ਅਰਜਨ ਦੇਵ ਗੁਰੂ-ਉਪਦੇਸ਼ਾਂ ਤੇ ਗੁਰੂ-ਹੁਕਮਾਂ ਅਨੁਸਾਰ ਢਲ ਕੇ ਗੁਰੂ ਅਰਜਨ ਦੇਵ ਜੀ ਦੇ ਰੂਪ ਵਿਚ ਪ੍ਰਵਾਨ ਚੜ੍ਹ ਕੇ, ਪੂਰਬਲੇ ਗੁਰੂ ਪਾਤਿਸ਼ਾਹਾਂ ਵਾਂਗ, ਗੁਰੂ-ਪੱਦ-ਪਦਵੀ ਦੇ ਯੋਗ ਉਜਾਗਰ ਵੀ ਹੋਏ ਅਤੇ ਸਮਰੱਥ ਵੀ ਸਾਬਤ ਹੋਏ। ਮਾਤਾ ਗੰਗਾ ਜੀ ਵੀ ਗੁਰੂ ਅਰਜਨ ਦੇਵ ਜੀ ਦੇ ਮਹਿਲ ਹਨ, ਪਰ ਲਗਾਤਾਰ 20 ਸਾਲ ਗੁਰੂ-ਮਹਿਲ ਰਹਿਣ ਦੇ ਬਾਵਜੂਦ ਸਪੁੱਤਰ ਦੀ ਅਣਹੋਂਦ ਕਾਰਨ ਮਾਤਾ ਗੰਗਾ ਜੀ ਆਤਮਕ ਫ਼ਰਜ਼ਾਂ, ਸਮਾਜਿਕ ਜ਼ਿੰਮੇਵਾਰੀਆਂ, ਅੰਮ੍ਰਿਤਸਰ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਤੇ ਪਤੀ-ਗੁਰੂ ਦੇ ਸਿਰਜਣਾਤਮਿਕ ਤੇ ਸਾਹਿਤਕ ਕਾਰਜਾਂ ਵਿਚ ਸਹਿਯੋਗੀ ਬਣੇ ਰਹੇ, ਪਰ ਪਰਿਵਾਰ ਦਾ ਪਾਸਾਰ ਨਾ ਹੋਣ ਕਾਰਨ, ਉਹ ਅੰਤਰ-ਆਤਮੇ ਉਦਾਸ ਵੀ ਰਹੇ। ਜਦੋਂ ਗੁਰੂ ਪਾਤਸ਼ਾਹਾਂ ਦੀ ਵਰੋਸਾਈ ਹੋਈ ਬਜ਼ੁਰਗ ਸ਼ਖ਼ਸੀਅਤ ਬਾਬਾ ਬੁੱਢਾ ਜੀ ਦੇ ਵਰ-ਵਰਦਾਨ ਨਾਲ 'ਹਰਿਗੋਬਿੰਦ' ਸਪੁੱਤਰ ਦਾ ਪ੍ਰਕਾਸ਼ ਹੋਇਆ, ਤਾਂ ਸਹਿਜੇ ਹੀ ਮਾਤਾ ਗੰਗਾ ਜੀ ਦੀਆਂ ਖ਼ੁਸ਼ੀਆਂ ਦਾ ਪਾਰਾਵਾਰ ਪਾਇਆ ਨਾ ਗਿਆ। ਮਾਤਾ ਗੰਗਾ ਜੀ ਨੇ ਪਰਿਵਾਰ ਦੀ ਸੰਸਾਰਕ ਰੀਝ ਪੈਣ ਨਾਲ ਜਿਥੇ ਅਥਾਹ ਖ਼ੁਸ਼ੀਆਂ ਦਾ ਪ੍ਰਗਟਾਵਾ ਕੀਤਾ, ਉਥੇ ਹਰਿਗੋਬਿੰਦ ਜੀ ਦੀ ਮੂਰਤਿ ਨੂੰ ਸਮੇਂ ਦੀਆਂ ਵੰਗਾਰਾਂ ਦੇ ਟਕਰਾਅ ਲਈ ਗੁਰੂ-ਸੂਰਮਾ, ਵੱਡਾ-ਯੋਧਾ, ਪਰ-ਉਪਕਾਰੀ ਤੇ ਦਲ-ਭੰਜਨ ਸਿਰਜਨ ਲਈ ਸ਼ਾਸਤਰ-ਵਿਦਿਆ ਤੇ ਸ਼ਸਤਰ-ਵਿਦਿਆ ਦਾ ਪੂਰਾ ਪ੍ਰਬੰਧ

ਕੀਤਾ । ਹਰਿਗੋਬਿੰਦ ਜੀ ਦੀ ਸ਼ਖ਼ਸੀਅਤ ਨੂੰ ਸਮਰੱਥ-ਸਿੱਖਿਆ ਦਾ ਪੂਰਾ ਪ੍ਰਬੰਧ ਕੀਤਾ । ਹਰਿਗੋਬਿੰਦ ਜੀ ਦੀ ਸ਼ਖ਼ਸੀਅਤ ਨੂੰ ਸਮਰੱਥ ਗੁਰੂ ਦੇ ਰੂਪ ਵਿਚ ਸਿਰਜਣ ਤੇ ਦੁਸ਼ਟ-ਦੋਖੀਆਂ ਤੇ ਵਿਰੋਧੀਆਂ ਤੋਂ ਸੁਰੱਖਿਅਤ ਰੱਖਣ ਲਈ ਗੁਰੂ-ਮਹਿਲ ਮਾਤਾ ਗੰਗਾ ਜੀ ਨੂੰ ਭਾਵੇਂ ਅਨੇਕਾਂ ਹਮਲਿਆਂ ਦਾ ਟਾਕਰਾ ਕਰਨਾ ਪਿਆ, ਪਰ ਇਕ ਗੱਲ ਸਪੱਸ਼ਟ ਹੈ ਕਿ ਉਹ 'ਗੁਰੂ ਮਾਤਾ' ਹੋਣ ਦਾ ਮਾਣ ਪ੍ਰਾਪਤ ਕਰ ਗਏ । ਮਾਤਾ ਕ੍ਰਿਸ਼ਨ ਕੌਰ ਜੀ ਵੀ ਗੁਰੂ ਹਰਿ ਰਾਇ ਸਾਹਿਬ ਦੇ ਮਹਿਲ ਹਨ, ਉਮਰ ਛੋਟੀ ਹੈ । ਵੱਡਾ ਸਪੁੱਤਰ ਰਾਮਰਾਇ ਹੈ ਤੇ ਛੋਟਾ ਸਪੁੱਤਰ 'ਹਰਿਕ੍ਰਿਸ਼ਨ' ਹੈ । ਦੋਹਾਂ ਸਪੁੱਤਰਾਂ ਦੀ ਦੀਖਿਆ-ਸਿੱਖਿਆ ਤੇ ਸੰਗਤੀ-ਮੰਡਲ ਇਕੋ ਜਿਹਾ ਹੈ, ਪਰ ਰਾਮਰਾਇ ਦੀਆਂ ਪਸ਼ੂ ਤੇ ਕਰਾਮਾਤੀ ਬਿਰਤੀਆਂ ਪ੍ਰਚੰਡ ਹੋ ਰਹੀਆਂ ਸਨ ਤੇ 'ਹਰਿਕ੍ਰਿਸ਼ਨ' ਪੰਜ ਸਾਲ ਦੀ ਉਮਰ ਵਿਚ ਵੀ ਇੰਨੀ ਗੁਰੂ-ਨੇੜਤਾ, ਬਾਣੀ-ਅਭਿਆਸ, ਸੰਗਤੀ-ਸਤਿਕਾਰ, ਅਧਿਆਤਮਿਕ-ਵਿਦਿਆ ਦਾ ਅਧਿਕਾਰ ਪ੍ਰਾਪਤ ਕਰ ਜਾਂਦੇ ਹਨ, ਕਿ ਜਦੋਂ ਰਾਮਰਾਇ ਦਿੱਲੀ ਦਰਬਾਰ ਦੇ ਬਾਦਸ਼ਾਹ ਔਰੰਗਜ਼ੇਬ ਦੀ ਖੁਸ਼ੀ ਤੇ ਖੁਸ਼ਾਮਦ ਲਈ ਪਹਿਲਾਂ ਕਰਾਮਾਤਾਂ ਦਾ ਪ੍ਰਗਟਾਵਾ ਕਰਦਾ ਹੈ ਤੇ ਪਿੱਛੋਂ ਗੁਰੂ-ਉਪਦੇਸ਼ਾਂ ਤੇ ਗੁਰੂ-ਹੁਕਮਾਂ ਦਾ ਉਲੰਘਣ ਤੇ ਨਿਰਾਦਰ ਕਰਦਾ ਹੈ, ਤਾਂ ਗੁਰੂ ਹਰਿ ਰਾਇ ਜੀ ਨੇ ਮਾਤਾ ਕ੍ਰਿਸ਼ਨ ਕੌਰ ਜੀ ਦੀ ਸਿਰਜੀ ਤੇ ਸ਼ਬਦ-ਸੱਚੀ ਟਕਸਾਲ ਵਿਚ ਘੜੀ ਪੰਜ ਸਾਲ ਦੀ ਸ਼ਖ਼ਸੀਅਤ ਹਰਿਕ੍ਰਿਸ਼ਨ ਨੂੰ ਗੁਰੂ-ਪਰੰਪਰਾ ਤੇ ਸਿੱਖ ਧਰਮ ਦੀ ਅਗਵਾਈ ਲਈ ਗੁਰੂ-ਸਮਰੱਥ ਪ੍ਰਵਾਨ ਕਰ ਕੇ, ਸਥਾਪਿਤ ਕਰ ਦਿੱਤਾ । ਗੁਰੂ ਹਰਿਰਾਇ ਸਾਹਿਬ ਦੇ ਮਹਿਲ ਵੀ ਗੁਰੂ-ਮਹਿਲ ਹੋਣ ਦਾ ਗੌਰਵ ਪ੍ਰਾਪਤ ਕਰ ਗਏ । ਮਾਤਾ ਗੁਜਰੀ ਜੀ ਵੀ ਮਾਤਾ ਭਾਨੀ ਜੀ, ਮਾਤਾ ਗੰਗਾ ਜੀ ਤੇ ਮਾਤਾ ਕ੍ਰਿਸ਼ਨ ਕੌਰ ਜੀ ਵਾਂਗ ਗੁਰੂ ਤੇਗ ਬਹਾਦਰ ਜੀ ਦੇ ਮਹਿਲ ਵੀ ਹਨ ਅਤੇ ਆਪਣੇ ਸਪੁੱਤਰ ਗੋਬਿੰਦ ਸਿੰਘ ਜੀ ਨੂੰ ਜਗਤ ਵਿਚ ਆਉਣ ਦਾ ਪ੍ਰਯੋਜਨ ਸਮਝਾ-ਬੁਝਾ ਕੇ, ਦੁਸ਼ਟ-ਦੋਖੀਆਂ ਨਾਲ ਧਰਮ-ਯੁੱਧ ਰਚਾਉਣ ਲਈ, ਜਿਥੇ ਭਾਂਤ ਭਾਂਤ ਦੀ ਵਿਦਿਆ ਤੇ ਸ਼ਸਤਰ-ਸਿੱਖਿਆ ਦੇਣ ਵਿਚ ਸਫ਼ਲ ਹੁੰਦੇ ਹਨ, ਉਥੇ ਰਾਜ-ਸਾਜ ਮੋਹ, ਪਰਿਵਾਰ-ਮੋਹ, ਪਿਤਾ-ਮੋਹ ਦੇ ਸਾਰੇ ਬੰਧਨਾਂ ਤੋਂ ਮੁਕਤ ਕਰਾ ਕੇ ਸਪੁੱਤਰ ਗੋਬਿੰਦ ਸਿੰਘ ਨੂੰ ਅਜਿਹੀ ਜਾਗ੍ਰਤੀ ਤੇ ਆਤਮਕ ਬਲ ਪ੍ਰਦਾਨ ਕਰਦੇ ਹਨ, ਕਿ 'ਗੋਬਿੰਦ ਸਿੰਘ', 'ਗੁਰੂ' ਰੂਪ ਵਿਚ ਉਜਾਗਰ ਹੁੰਦਿਆਂ ਹੀ ਤਿਆਗ, ਗਿਆਨ, ਬਰਾਬਰਤਾ, ਨਿਡਰਤਾ ਤੇ ਕੁਰਬਾਨੀ ਦੇ ਕਰਤੱਵਾਂ ਵਿਚ ਅਜਿਹਾ ਮੌਲਿਕ ਤੇ ਵਿਲੱਖਣ ਸਿਖਰ ਛੋਹ ਲੈਂਦੇ ਹਨ, ਕਿ ਸਿੱਖ 'ਸਿੰਘ' ਬਣ ਜਾਂਦਾ ਹੈ, ਧਰਮ 'ਪੰਥ' ਹੋ ਜਾਂਦਾ ਹੈ, ਗ੍ਰੰਥ 'ਗੁਰੂ' ਅਖਵਾਉਣ ਲੱਗ ਪੈਂਦਾ ਹੈ, ਸੰਗਤ 'ਖਾਲਸਾ' ਹੋ ਜਾਂਦੀ ਹੈ ਤੇ ਖਾਲਸਾ 'ਵਾਹਿਗੁਰੂ' ਦਾ ਹੋ ਜਾਂਦਾ ਹੈ ਤੇ 'ਵਾਹਿਗੁਰੂ ਕੀ ਫਤਹਿ' ਗੁਰੂ-ਪਰੰਪਰਾ, ਗੁਰੂ-ਮਹਿਲ, ਗੁਰੂ-ਧਰਮ ਤੇ ਗੁਰੂ-ਇਤਿਹਾਸ ਦਾ ਉਜਾਗਰ ਮੁੱਖ ਗੁਣ ਬਣ ਜਾਂਦਾ ਹੈ । ਗੁਰੂ ਨਾਨਕ ਦੇਵ ਤਾਂ ਆਪਣੇ ਜਨਮ ਤੋਂ ਹੀ ਅਕਾਲ ਪੁਰਖ ਸਨ, ਪਰ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਇਹ ਨੌਂ ਗੁਰੂ-ਸਿੱਖ ਸ਼ਖ਼ਸੀਅਤਾਂ ਨੂੰ ਗੁਰੂ-ਜੋਤਿ ਰੂਪ ਵਿਚ ਸਿਰਜਣ, ਸਥਾਪਿਤ ਕਰਨ ਤੇ ਮਾਨਵ-ਕਿਆਣ ਲਈ ਸਾਰਥਿਕ, ਸਥਾਪਿਤ ਕਰਨ ਤੇ ਮਾਨਵ-ਕਲਿਆਣ ਲਈ ਸਾਰਥਕ ਸਿੱਧ ਕਰਨ ਵਿਚ, 'ਗੁਰੂ-ਮਹਿਲਾਂ' ਦਾ ਜੋ ਯੋਗਦਾਨ ਹੈ, ਉਸ ਦਾ ਆਪਣਾ ਮਹੱਤਵ ਵੀ ਹੈ, ਇਸਤਰੀ-ਪਰੰਪਰਾ ਵਿਚ, ਵਿਲੱਖਣ ਤੇ ਗੌਰਵਸ਼ਾਲੀ ਵੀ ਹੈ ।

3

ਗੁਰੂ-ਮਹਿਲਾਂ ਦੇ ਇਤਿਹਾਸ ਵਿਚ 'ਮਾਤਾ ਨਾਨਕੀ ਜੀ' ਦੀ ਇਕੋ-ਇਕ ਐਸੀ ਸ਼ਖ਼ਸੀਅਤ ਹੈ, ਜਿਨ੍ਹਾਂ ਨੂੰ ਸਿੱਖ ਧਰਮ ਦੇ ਛਟਮ ਪੀਰ ਗੁਰੂ ਹਰਿਗੋਬਿੰਦ ਸਾਹਿਬ ਦੇ 'ਮਹਿਲ' ਬਣਨ ਦਾ ਮੌਕਾ ਵੀ ਪ੍ਰਾਪਤ ਹੋਇਆ ਹੈ, ਗੁਰੂ ਤੇਗ ਬਹਾਦਰ ਜੀ ਦੀ 'ਮਾਤਾ' ਤੇ ਗੁਰੂ ਗੋਬਿੰਦ ਸਿੰਘ ਜੀ ਦੀ 'ਦਾਦੀ' ਹੋਣ ਦਾ ਮਾਣ ਵੀ ਪ੍ਰਾਪਤ ਹੈ। ਮਾਤਾ ਨਾਨਕੀ ਜੀ ਹੀ ਪ੍ਰਥਮ ਰੂਪ ਵਿਚ ਇਕ 'ਮਹਿਲ' ਹਨ, ਜਿਨ੍ਹਾਂ ਨੇ ਪਹਿਲਾਂ ਗੁਰੂ-ਮਹਿਲ ਦੇ ਰੂਪ ਵਿਚ ਜੀਵਨ ਜੀਵਿਆ ਹੈ ! ਫਿਰ ਆਪਣੇ ਸਪੁੱਤਰ ਤਿਆਗ ਮਲ ਨੂੰ 'ਤੇਗ ਬਹਾਦਰ' ਦੇ ਰੂਪ ਵਿਚ ਸਿਰਜਿਆ ਤੇ ਸੰਵਾਰਿਆ ਹੈ ਤੇ ਅਖ਼ੀਰ ਆਪਣੇ ਪੋਤਰੇ ਗੁਰੂ ਗੋਬਿੰਦ ਸਿੰਘ ਦੇ ਅੰਗ-ਸੰਗ ਰਹਿ ਕੇ ਉਨ੍ਹਾਂ ਦੇ ਮਰਦ-ਅਗੰਮੜਾ ਦੇ ਰੂਪ-ਸਰੂਪ ਵਿਚ ਢਾਲਣ ਤੇ ਉਜਾਗਰ ਕਰਨ ਵਿਚ ਵੀ ਆਪਣਾ ਅਦੁੱਤੀ ਯੋਗਦਾਨ ਪਾਇਆ ਹੈ। ਇੰਝ ਲੱਗਦਾ ਹੈ ਕਿ ਮਾਤਾ ਨਾਨਕੀ ਜੀ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਗੁਰੂ ਹਰਿਗੋਬਿੰਦ ਸਾਹਿਬ ਤੋਂ ਲੈ ਕੇ, ਗੁਰੂ ਗੋਬਿੰਦ ਸਿੰਘ ਜੀ ਤਕ, ਖ਼ਾਸ ਕਰ ਕੇ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸਾਕੇ ਤਕ, ਸਿੱਖ ਧਰਮ ਤੇ ਸਿੱਖ ਇਤਿਹਾਸ ਦੀ ਸਿਰਜਣਾ ਲਈ, ਇਕ ਪ੍ਰੇਰਨਾ-ਸ੍ਰੋਤ ਬਣੀ ਰਹੀ। ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ-ਜੋਤਿ ਸਮਾਉਣ ਪਿੱਛੋਂ ਗੁਰੂ ਸਿੰਘਾਸਣ ਉਤੇ ਭਾਵੇਂ ਵਾਰੋ-ਵਾਰੀ ਗੁਰੂ ਹਰਿਰਾਇ ਸਾਹਿਬ ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਬੈਠੇ, ਦੋਵੇਂ ਗੁਰੂ-ਪਾਤਸ਼ਾਹਾਂ ਦੀਆਂ ਉਮਰਾਂ ਤੇ 'ਗੁਰੂ-ਕਾਲ' ਇੰਨਾ ਘੱਟ ਸੀ ਕਿ ਦੋਵੇਂ ਗੁਰੂ-ਪਾਤਸ਼ਾਹ ਸਮਕਾਲੀ ਤੇ ਰਾਜਸੀ ਸੰਕਟ ਤੋਂ ਗੁਰੂ-ਪਰੰਪਰਾ ਨੂੰ ਸੁਰੱਖਿਅਤ ਰੱਖਣ ਲਈ ਤੇ ਸਿੱਖ ਧਰਮ ਦੇ ਪ੍ਰਚਾਰ ਤੇ ਪਾਸਾਰ ਨੂੰ ਵਧਾਉਣ ਲਈ ਮਾਤਾ ਨਾਨਕੀ ਜੀ ਤੋਂ ਅਗਵਾਈ ਲੈਂਦੇ ਰਹੇ। ਗੁਰੂ ਹਰਿ ਰਾਇ ਸਾਹਿਬ ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਤੋਂ ਪਿੱਛੋਂ ਗੁਰੂ ਤੇਗ ਬਹਾਦਰ ਜੀ ਦਾ ਗੁਰਗੱਦੀ ਉਤੇ ਬਿਰਾਜਮਾਨ ਹੋਣਾ, ਇਸ ਵਿਚ ਮਾਤਾ ਨਾਨਕੀ ਜੀ ਦੇ ਯੋਗਦਾਨ ਤੇ ਪ੍ਰਭਾਵ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਜਿਥੇ ਕਿਤੇ ਵੀ ਸਪੁੱਤਰ ਤੇਗ ਬਹਾਦਰ ਜੀ ਰਹੇ ਜਾਂ ਗੁਰੂ-ਰੂਪ ਵਿਚ ਉਜਾਗਰ ਹੋਣ ਪਿੱਛੋਂ ਗੁਰੂ ਤੇਗ ਬਹਾਦਰ ਗਏ, ਇਤਿਹਾਸ ਸਾਖੀ ਹੈ ਕਿ ਮਾਤਾ ਨਾਨਕੀ ਜੀ ਨਾਲ ਹੀ ਗਏ। ਇਹ ਕਹਿਣਾ ਠੀਕ ਲੱਗਦਾ ਹੈ ਕਿ ਮਾਤਾ ਨਾਨਕੀ ਜੀ ਦੀ ਯੋਗ, ਸਮਰੱਥ ਤੇ ਸਾਰਥਕ ਅਗਵਾਈ ਸਦਕਾ ਹੀ ਗੁਰੂ-ਪਰੰਪਰਾ ਤੇ ਸਿੱਖ ਧਰਮ ਸਮਕਾਲੀ ਸ਼ਾਹੀ ਟੱਕਰ ਜਾਂ ਸੰਕਟ ਵਿਚ ਹਿੱਸੇਦਾਰ ਨਹੀਂ ਬਣਿਆ, ਸਗੋਂ ਨਿਰਪੱਖ ਰਹਿ ਕੇ ਗੁਰੂ-ਧਰਮ ਦੇ ਪ੍ਰਭਾਵ ਨੂੰ ਵਿਕਸਿਤ ਤੇ ਸਥਾਪਿਤ ਹੀ ਕਰਦਾ ਰਿਹਾ ਹੈ। ਗੁਰੂ-ਮਹਿਲਾਂ ਵਿਚੋਂ ਮਾਤਾ ਨਾਨਕੀ ਜੀ ਵਰਗਾ ਯੋਗਦਾਨ ਹੋਰ ਕਿਸੇ ਗੁਰੂ-ਮਹਿਲ ਦਾ ਨਹੀਂ।

4

ਮਾਤਾ ਨਾਨਕੀ ਜ਼ੀ ਦੀ ਜਨਮ-ਤਿਥੀ ਬਾਰੇ ਸਪੱਸ਼ਟ ਰੂਪ ਵਿਚ ਸੰਨ-ਸੰਮਤ ਤੇ ਦਿਨ-ਦਿਹਾੜੇ ਦਾ ਕਿਸੇ ਇਤਿਹਾਸਕ ਗ੍ਰੰਥ ਵਿਚ ਸੰਕੇਤ ਨਹੀਂ ਪਰ ਕਿਉਂਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ-ਪ੍ਰਕਾਸ਼ ਤੇ ਵਿਆਹ-ਸ਼ਾਦੀ ਦੀਆਂ ਸਾਰੀਆਂ ਇਤਿਹਾਸਕ ਤਾਰੀਖ਼ਾਂ ਪ੍ਰਾਪਤ ਹਨ, ਇਸ ਕਰ ਕੇ ਮਾਤਾ ਨਾਨਕੀ ਜੀ ਦੀ ਜਨਮ-ਤਿਥੀ ਬਾਰੇ ਅੰਦਾਜ਼ਨ ਸਥਾਪਨਾ ਕੀਤੀ ਜਾ ਸਕਦੀ ਹੈ। ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ-ਪ੍ਰਕਾਸ਼ 14 ਜੂਨ 1595 ਈਸਵੀ ਗੁਰੂ

ਕੀ ਵਡਾਲੀ, ਸ੍ਰੀ ਅੰਮ੍ਰਿਤਸਰ ਵਿਖੇ, ਗੁਰੂ ਅਰਜਨ ਦੇਵ ਜੀ ਦੇ ਗ੍ਰਹਿ ਤੇ ਮਾਤਾ ਗੰਗਾ ਜੀ ਦੀ ਕੁੱਖੋਂ ਹੋਇਆ । ਗੁਰੂ ਹਰਿਗੋਬਿੰਦ ਸਾਹਿਬ ਦੀਆਂ ਤਿੰਨ ਸ਼ਾਦੀਆਂ ਹਰ ਸਿੱਖ ਇਤਿਹਾਸਕਾਰ ਨੇ ਸਵੀਕ੍ਰਿਤ ਕੀਤੀਆਂ ਹਨ । ਭਾਈ ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਦੇ ਪੰਨਾ 265 ਉਤੇ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਤਿੰਨ ਸ਼ਾਦੀਆਂ ਦਾ ਵਿਸਥਾਰ ਦੇਂਦਿਆਂ ਲਿਖਿਆ ਹੈ, "ਗੁਰੂ ਹਰਿਗੋਬਿੰਦ ਸਾਹਿਬ ਦੇ ਤਿੰਨ ਵਿਆਹ ਹੋਏ :

1. ਡੱਲਾ ਨਿਵਾਸੀ ਨਰਾਇਣ ਦਾਸ ਦੀ ਸਪੁੱਤਰੀ ਦਮੋਦਰੀ ਜੀ ਨਾਲ, 12 ਭਾਦੋਂ ਸੰਮਤ 1661 ਨੂੰ (1604 ਈਸਵੀ)
2. ਬਕਾਲਾ ਨਿਵਾਸੀ ਹਰੀ ਚੰਦ ਦੀ ਸਪੁੱਤਰੀ ਨਾਨਕੀ ਜੀ ਨਾਲ, 8 ਵੈਸਾਖ, 1670 ਨੂੰ (1613 ਈਸਵੀ)
3. ਮੰਡਿਆਲੀ ਨਿਵਾਸੀ ਦਯਾ ਰਾਮ ਦੀ ਸਪੁੱਤਰੀ ਮਹਾਂਦੇਵੀ ਜੀ ਨਾਲ, 11 ਸਉਣ, 1672 ਨੂੰ (1615 ਈਸਵੀ) ।

ਮਾਤਾ ਨਾਨਕੀ ਜੀ ਬਾਰੇ ਸਪੱਸ਼ਟ ਹੈ ਕਿ ਉਹ ਬਕਾਲੇ ਦੇ ਨਾਮੀ-ਗ੍ਰਾਮੀ ਖੱਤਰੀ ਹਰੀ ਚੰਦ ਦੀ ਸਪੁੱਤਰੀ ਸੀ । ਸੁੰਦਰ, ਸੁਹਲ ਤੇ ਸੁਭਾਅ ਦੀ ਬੜੀ ਗੰਭੀਰ ਤੇ ਦੂਰ-ਅੰਦੇਸ਼ ਸੀ । ਭਗਤੀ-ਭਾਵ ਤੇ ਆਤਮ-ਸਾਧਨਾ ਵਿਚ ਸ੍ਰੇਸ਼ਟ ਸੀ, ਇਨ੍ਹਾਂ ਦੀ ਕੁੱਖ ਤੋਂ ਹੀ ਕੱਤਕ ਪੂਰਨਮਾਸ਼ੀ ਵਾਲੇ ਦਿਨ 1676 ਵਿਚ ਬਾਬਾ ਅੱਟਲ ਰਾਇ ਜੀ ਜਨਮੇ ਸਨ, ਜਿਨ੍ਹਾਂ ਨੇ ਬਾਲ-ਉਮਰ ਵਿਚ ਹੀ ਬ੍ਰਹਮ-ਗਿਆਨ ਵਿਚ ਨਿਪੁੰਨਤਾ ਪ੍ਰਾਪਤ ਕਰ ਲਈ । ਮਾਤਾ ਨਾਨਕੀ ਜੀ ਦੀ ਸੁਭਾਗ ਕੁੱਖ ਤੋਂ ਹੀ ਵੈਸਾਖ ਸੁਦੀ 5, ਸੰਮਤ 1678, ਅਰਥਾਤ 1 ਅਪ੍ਰੈਲ, 1621 ਈਸਵੀ ਨੂੰ ਤੇਗ ਬਹਾਦਰ ਜੀ ਨੇ ਜਨਮ ਲਿਆ ਸੀ । ਜੇ 1613 ਈਸਵੀ ਦੀ ਮਾਤਾ ਨਾਨਕੀ ਜੀ ਦੀ ਸ਼ਾਦੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਮੰਨ ਲਈ ਜਾਵੇ, ਤਾਂ ਇਹ ਵੀ ਸਹਿਜੇ ਹੀ ਸਥਾਪਿਤ ਕੀਤਾ ਜਾ ਸਕਦਾ ਹੈ ਕਿ ਮਾਤਾ ਨਾਨਕੀ ਜੀ ਦੀ ਜਨਮ-ਤਿਥੀ 1596-97 ਦੀ ਹੀ ਹੋਵੇਗੀ । 16-17 ਸਾਲ ਦੀ ਉਮਰ ਵਿਚ ਹੀ ਉਨ੍ਹਾਂ ਦੀ ਸ਼ਾਦੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਹੋਈ ਸੀ । ਸਾਰੇ ਬਕਾਲੇ ਵਿਚ ਭਾਵੇਂ ਮਾਤਾ ਨਾਨਕੀ ਜੀ ਦੀ ਪਰਿਵਾਰਕ ਸੋਭਾ, ਸ਼ਾਨ ਤੇ ਪ੍ਰਸਿੱਧੀ ਸੀ, ਪਰ ਵਿਅਕਤੀਗਤ ਰੂਪ ਵਿਚ ਵੀ ਮਾਤਾ ਨਾਨਕੀ ਜੀ ਦੀ ਖ਼ੂਬਸੂਰਤੀ, ਭਗਤੀ-ਭਾਵਨਾ ਤੇ ਸੂਝ-ਸਿਆਣਪ ਦੀਆਂ ਸਾਰੇ ਪਾਸੇ ਧੂੰਮਾਂ ਸਨ । ਪਰਿਵਾਰ ਦੀ ਪ੍ਰਸਿੱਧੀ ਤੇ ਖ਼ਾਸ ਤੌਰ ਤੇ ਮਾਤਾ ਨਾਨਕੀ ਜੀ ਦੀ ਆਤਮਕ ਘਾਲਿ ਕਮਾਈ ਕਾਰਨ ਹੀ ਪਿਤਾ ਹਰੀ ਚੰਦ ਨੇ ਆਪਣੀ ਸਪੁੱਤਰੀ ਲਈ ਗੁਰੂ ਹਰਿਗੋਬਿੰਦ ਸਾਹਿਬ ਵਰਗਾ ਪਰਉਪਕਾਰੀ, ਸੂਰਬੀਰ ਤੇ ਆਤਮਕ ਤੌਰ ਤੇ ਵੱਡ ਯੋਧਾ 'ਵਰ' ਢੂੰਡਿਆ ਹੋਵੇਗਾ । ਗੁਰੂ ਹਰਿਗੋਬਿੰਦ ਸਾਹਿਬ ਦੀ ਸਰੀਰਕ ਸੁੰਦਰਤਾ ਬਾਰੇ ਵੀ ਪ੍ਰਸਿੱਧ ਸੀ ਕਿ ਉਨ੍ਹਾਂ ਦਾ ਬੁਲੰਦ ਕੱਦ, ਅਤਿ ਸੁੰਦਰ ਚੌੜੀ ਛਾਤੀ, ਹਾਥੀ ਦੀ ਸੁੰਡ ਵਾਂਗ ਲੰਮੀਆਂ ਬਾਹਵਾਂ, ਮੱਥਾ, ਕੰਧੇ, ਪੱਬ ਉੱਚੇ, ਕਣਕ-ਭਿੰਨਾ ਰੰਗ, ਤਿੱਖੇ ਨੇਤਰ, ਆਤਮਕ, ਮਾਨਸਿਕ ਤੇ ਸਰੀਰਕ—ਤਿੰਨਾਂ ਪੱਖਾਂ ਵਿਚ ਬੜੇ ਸੂਰਬੀਰ, ਉਦਾਰ-ਚਿੱਤ, ਮਿੱਠ-ਬੋਲੇ, ਹੱਸਮੁਖ, ਸਚਿਆਰ ਗੁਣਾਂ ਦੇ ਮਾਲਕ, ਧਰਮ ਤੇ ਰਾਜਸੀ ਗਤੀ ਦੇ ਉੱਘੇ ਗਿਆਤਾ ਸਨ । ਸੰਜੋਗ ਦੀ ਗੱਲ ਹੈ ਕਿ ਮਾਤਾ ਨਾਨਕੀ ਜੀ ਦੀ ਸੰਵਾਰੀ ਸ਼ਖ਼ਸੀਅਤ ਗੁਰੂ ਹਰਿਗੋਬਿੰਦ ਸਾਹਿਬ ਦੇ ਮਹਿਲ ਬਣਨ ਵਾਸਤੇ ਹੀ ਸਿਰਜੀ ਗਈ ਸੀ ਤੇ ਗੁਰੂ ਸਾਹਿਬ ਦੀ ਸੰਵਾਰੀ ਮੂਰਤਿ ਵੀ ਮਾਤਾ ਨਾਨਕੀ ਜੀ ਵਾਸਤੇ ਹੀ ਰਾਖਵੀਂ

ਸੀ । ਇਹੀ ਕਾਰਨ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਮਹਿਲ ਬਣ ਕੇ ਮਾਤਾ ਨਾਨਕੀ ਜੀ ਨੇ ਸਿੱਖ ਧਰਮ ਤੇ ਸਿੱਖ ਇਤਿਹਾਸ ਦੀ ਉਸਾਰੀ ਵਿਚ ਜੋ ਅਦੁੱਤੀ ਯੋਗਦਾਨ ਪਾਇਆ, ਮਾਤਾ ਦਮੋਦਰੀ ਜੀ ਅਤੇ ਮਾਤਾ ਮਹਾਂਦੇਵੀ ਜੀ ਗੁਰੂ-ਮਹਿਲ ਹੋਣ ਦੇ ਬਾਵਜੂਦ ਵੀ, ਮਾਤਾ ਨਾਨਕੀ ਜੀ ਵਰਗਾ ਯੋਗਦਾਨ ਨਹੀਂ ਪਾ ਸਕੇ ।

5

ਗੁਰੂ ਹਰਿਗੋਬਿੰਦ ਸਾਹਿਬ ਦੇ ਮਹਿਲ ਬਣਨ ਪਿੱਛੋਂ ਮਾਤਾ ਨਾਨਕੀ ਜੀ ਦਾ ਆਤਮਕ-ਅਨੁਭਵ, ਭਗਤੀ-ਸਾਧਨਾ, ਸੰਗਤੀ-ਮੇਲ, ਸ਼ਖ਼ਸੀਅਤ-ਪ੍ਰਭਾਵ ਤੇ ਸਮਾਜਿਕ ਜ਼ਿੰਮੇਵਾਰੀਆਂ ਹੋਰ ਵਧ ਗਈਆਂ । ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਪ੍ਰਤੀਕਰਮ ਵਜੋਂ ਰੋਸ-ਭਾਵਨਾ ਸਾਰੇ ਘਰ-ਪਰਿਵਾਰ ਵਿਚ ਧੁਖ ਰਹੀ ਸੀ । ਸਿੱਖ ਧਰਮ ਤੇ ਸਿੱਖ ਲਹਿਰ ਨੂੰ ਸ਼ਕਤੀਸ਼ਾਲੀ ਸਿਰਜਣ ਲਈ ਸਾਰੀ ਕੌਮ ਨੂੰ ਹਕਿਆਰਬੰਦ ਕੀਤਾ ਜਾ ਰਿਹਾ । ਜਹਾਂਗੀਰ ਦੀਆਂ ਸ਼ਾਹੀ ਜ਼ਿਆਦਤੀਆਂ ਤੇ ਵੰਗਾਰਾਂ ਨੂੰ ਦ੍ਰਿਸ਼ਟੀਗੋਚਰ ਰਖਦਿਆਂ, ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਸਜਾ ਲਈਆਂ ਸਨ, ਕੌਮੀ-ਸ਼ਕਤੀ ਨੂੰ ਕੇਂਦ੍ਰਿਤ ਕਰਨ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਦੇ ਸਨਮੁਖ ਸ਼ਾਹੀ ਤਖਤ ਦੇ ਮੁਕਾਬਲੇ ਆਪਣਾ ਤਖਤ 'ਅਕਾਲ ਤਖਤ' ਵੀ ਸਥਾਪਿਤ ਕਰ ਲਿਆ ਸੀ । ਸ੍ਰੀ ਹਰਿਮੰਦਰ ਸਾਹਿਬ ਨੂੰ 'ਸੱਚਾ ਦਰਬਾਰ' ਕਹਿਣਾ ਆਰੰਭ ਕਰ ਦਿੱਤਾ ਗਿਆ ਸੀ । ਗੁਰੂ ਹਰਿਗੋਬਿੰਦ ਸਾਹਿਬ ਨੂੰ ਦੁਨਿਆਵੀ ਤੇ ਕੂੜਿਆਰੇ ਬਾਦਸ਼ਾਹ ਦੇ ਮੁਕਾਬਲੇ ਸਿੱਖਾਂ 'ਸੱਚਾ ਪਾਤਿਸ਼ਾਹ' ਸਵੀਕਾਰ ਕਰ ਲਿਆ ਸੀ । ਜਿਵੇਂ ਸ਼ਾਹੀ ਦਰਬਾਰ ਵਿਚ ਲੋਕਾਂ ਨੂੰ ਇਨਸਾਫ਼ ਦੇਣ ਵਾਸਤੇ ਕਚਹਿਰੀਆਂ ਲੱਗਦੀਆਂ ਸਨ । ਗੁਰੂ ਹਰਿਗੋਬਿੰਦ ਸਾਹਿਬ ਨੇ ਵੀ ਸ੍ਰੀ ਅਕਾਲ ਤਖਤ ਸਾਹਿਬ ਉਤੇ ਸਿੱਖਾਂ ਦੇ ਆਪਸੀ ਝਗੜਿਆਂ ਨੂੰ ਨਿਬੇੜਨ ਤੇ ਨਿਆਂਸ਼ੀਲ ਫ਼ੈਸਲੇ ਦੇਣੇ ਸ਼ੁਰੂ ਕਰ ਦਿੱਤੇ ਸਨ । ਜਹਾਂਗੀਰ ਤੇ ਕੱਟੜ ਪੰਥੀਆਂ ਵਲੋਂ ਆਈਆਂ ਵੰਗਾਰਾਂ ਕਾਰਨ ਹੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੀ ਪਿਆਰੀ ਭੇਟਾ 'ਸ਼ਸਤਰ' ਨਿਰਧਾਰਿਤ ਕਰ ਦਿੱਤੇ ਸਨ । ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਾਹੀ ਦਲਭੰਜਨ ਲਈ ਫ਼ੌਜੀ ਭਰਤੀ ਵੀ ਕਰਨੀ ਸ਼ੁਰੂ ਕਰ ਦਿੱਤੀ । ਅੰਮ੍ਰਿਤਸਰ ਵਿਚ ਕਿਲ੍ਹਾਬੰਦੀ ਵੀ ਕਰ ਲਈ । ਇਨ੍ਹਾਂ ਜੰਗੀ-ਤਿਆਰੀਆਂ ਕਾਰਨ ਹੀ ਗੁਰੂ ਸਾਹਿਬ ਨੂੰ ਬੰਦੀ ਬਣਾ ਕੇ ਪੰਜਾਬ ਤੋਂ ਬਾਹਰ 'ਗਵਾਲੀਅਰ' ਦੀ ਜੇਲ੍ਹ ਵਿਚ ਡੱਕਿਆ ਗਿਆ ਸੀ । ਇਹ ਇਤਿਹਾਸਕ ਸੱਚ ਹੈ ਕਿ ਮੀਆਂ ਮੀਰ ਤੇ ਨੂਰਜਹਾਂ ਦੇ ਪਵਿੱਤਰ ਤੇ ਚੰਗੇ ਸੰਬੰਧਾਂ ਕਾਰਨ ਹੀ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਪਾਤਿਸ਼ਾਹ ਨੂੰ ਜੇਲ੍ਹ-ਸੀਖਾਂ ਤੋਂ ਮੁਕਤ ਕਰ ਕੇ, ਗੁਰੂ-ਦਰਬਾਰ ਦੇ ਨੇੜੇ ਹੋਣ ਦਾ ਮੌਕਾ ਬਣਾ ਲਿਆ ਸੀ । ਮੁਹਸਿਨ ਫਾਨੀ ਨੇ ਆਪਣੀ ਪੁਸਤਕ 'ਦਬਿਸਤਾਨੇ ਮਜ਼ਾਹਬ' ਵਿਚ ਠੀਕ ਸੰਕੇਤ ਕੀਤਾ ਹੈ ਕਿ ਜਹਾਂਗੀਰ ਬਾਦਸ਼ਾਹ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤੇ ਜਾਣ ਦਾ ਪਛਤਾਵਾ ਕਰਨ ਲਈ, ਗੁਰੂ ਹਰਿਗੋਬਿੰਦ ਸਾਹਿਬ ਕੋਲ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਗਿਆ । ਨਾਲ ਨੂਰਜਹਾਂ ਵੀ ਸੀ । ਮਾਤਾ ਗੰਗਾ ਜੀ ਪਾਸੋਂ ਮਾਫ਼ ਕੀਤੇ ਜਾਣ ਪਿੱਛੋਂ ਲਗਾਤਾਰ 12-15 ਸਾਲ ਗੁਰੂ ਹਰਿਗੋਬਿੰਦ ਸਾਹਿਬ ਤੇ ਜਹਾਂਗੀਰ ਦੇ ਸੰਬੰਧ ਬੜੇ ਸੁਹਿਰਦ, ਸ਼ਾਂਤ ਤੇ ਸਿਰਜਣਾਤਮਿਕ ਬਣੇ ਰਹੇ । ਅਜਿਹੇ ਸੰਕਟ ਤੇ ਸ਼ਾਂਤ-ਹਾਲਾਤ ਵਿਚ ਮਾਤਾ ਨਾਨਕੀ ਜੀ ਦਾ ਯੋਗਦਾਨ ਬੜਾ ਸਹਿਜਾਤਮਕ ਜਾਪਦਾ ਹੈ । ਸ਼ਾਹੀ ਸੰਕਟ ਨਾਲ

ਜੂਝਣ ਵਾਸਤੇ ਜੇ ਗੁਰੂ ਹਰਿਗੋਬਿੰਦ ਸਾਹਿਬ ਸੈਨਿਕ-ਸ਼ਕਤੀ ਤੇ ਹਥਿਆਰਬੰਦ ਫ਼ੌਜਾਂ ਨੂੰ ਕੇਂਦ੍ਰਿਤ ਕਰ ਰਹੇ ਸਨ, ਤਾਂ ਮਾਤਾ ਨਾਨਕੀ ਜੀ ਵੀ ਆਪਣੇ ਪਤੀ-ਗੁਰੂ ਦੇ ਸਹਿਯੋਗੀ ਤੇ ਸਹਾਇਕ ਬਣ ਕੇ, ਉਸ ਵਿਚ ਆਪਣਾ ਪੂਰਾ ਪ੍ਰਭਾਵ ਤੇ ਸਾਧਨਾ ਵਰਤ ਰਹੇ ਹੋਣਗੇ। ਜੇ ਵਾਯੂਮੰਡਲ ਯੁੱਧਾਤਮਿਕ ਦੀ ਥਾਂ, ਸ਼ਾਂਤੀ ਤੇ ਮੇਲ-ਮਿਲਾਪ ਵਾਲਾ ਸੀ, ਤਾਂ ਮਾਤਾ ਨਾਨਕੀ ਜੀ ਘਰ-ਪਰਿਵਾਰ ਦੀ ਸੰਭਾਲ ਤੇ ਸਿਰਜਣਾ ਵੱਲ ਰੁਚਿਤ ਸਨ। ਗੁਰੂ ਹਰਿਗੋਬਿੰਦ ਸਾਹਿਬ ਦੇ ਮਹਿਲ ਬਣ ਕੇ ਮਾਤਾ ਨਾਨਕੀ ਜੀ ਨੇ ਜਿਥੇ ਆਪਣੇ ਸੁਹਲ ਤੇ ਗੰਭੀਰ ਸੁਭਾਅ ਨੂੰ ਸਹਿਜ ਤੇ ਸੂਰਮਗਤੀ ਵਾਲਾ ਵੀ ਬਣਾ ਲਿਆ, ਉਥੇ ਮਾਤਾ ਗੰਗਾ ਜੀ ਮਾਤਾ ਦਮੋਦਰੀ ਜੀ ਤੇ ਮਾਤਾ ਮਹਾਂਦੇਵੀ ਜੀ ਨਾਲ ਵੀ ਚੰਗੇ ਤੇ ਪਵਿੱਤਰ ਸੰਬੰਧ ਰੱਖ ਕੇ, ਸਾਰੇ ਘਰ-ਪਰਿਵਾਰ ਤੇ ਸਿੱਖੀ-ਮੰਡਲ ਵਿਚ ਵੀ ਆਪਣਾ ਮਾਣਯੋਗ ਸਥਾਨ ਸਥਾਪਿਤ ਕਰ ਲਿਆ।

6

ਇਕ ਪਾਸੇ, ਘਰ-ਪਰਿਵਾਰ ਦੀ ਸਿਰਜਣਾ ਤੇ ਜ਼ਿੰਮੇਵਾਰੀਆਂ ਹਨ, ਦੂਜੇ ਪਾਸੇ, ਅੰਦਰੋਂ-ਅੰਦਰੀਂ ਉਭਰ ਰਹੀਆਂ ਨਿਰੰਤਰ ਯੁੱਧਾਤਮਿਕ ਵੈਗਾਰਾਂ ਤੇ ਸ਼ਾਹੀ ਸੰਕਟ ਸੀ। ਗੁਰੂ ਹਰਿਗੋਬਿੰਦ ਸਾਹਿਬ ਦੇ ਪੰਜ ਸਪੁੱਤਰ ਹਨ : ਗੁਰਦਿੱਤਾ ਜੀ, ਅਣੀ ਰਾਇ ਜੀ, ਅਟੱਲ ਰਾਇ ਜੀ, ਤੇਗ ਬਹਾਦਰ ਜੀ, ਸੂਰਜ ਮਲ ਜੀ ਤੇ ਇਕ ਸਪੁੱਤਰੀ ਹੈ—ਬੀਬੀ ਵੀਰੋ ਜੀ। ਬੀਬੀ ਵੀਰੋ ਜੀ ਗੁਰੂ ਹਰਿਗੋਬਿੰਦ ਸਾਹਿਬ ਦੀ ਇਕੋ-ਇਕ ਸਪੁੱਤਰੀ ਸੀ ਤੇ ਮਾਤਾ ਦਮੋਦਰੀ ਜੀ ਦੀ ਕੁੱਖੋਂ 1615 ਈਸਵੀ ਵਿਚ ਜਨਮੀ ਸੀ। ਬੀਬੀ ਵੀਰੋ ਜੀ ਤੇ ਮਾਤਾ ਨਾਨਕੀ ਜੀ ਦਾ ਇੰਨਾ ਡੂੰਘਾ ਪਿਆਰ ਸੀ ਕਿ 1626 ਈਸਵੀ ਨੂੰ ਜਦੋਂ ਬੀਬੀ ਵੀਰੋ ਦੀ ਸ਼ਾਦੀ ਹੋਣ ਲੱਗੀ ਤਾਂ ਸ਼ਾਦੀ ਦੇ ਸਾਰੇ ਪ੍ਰਬੰਧਾਂ ਦੀ ਸੰਭਾਲ ਮਾਤਾ ਨਾਨਕੀ ਜੀ ਨੇ ਆਪ ਕੀਤੀ। ਬਾਬਾ ਗੁਰਦਿੱਤਾ ਜੀ, ਗੁਰੂ ਹਰਿਗੋਬਿੰਦ ਸਾਹਿਬ ਦੇ ਸਭ ਤੋਂ ਵੱਡੇ ਸਪੁੱਤਰ ਸਨ, ਤੇ ਉਨ੍ਹਾਂ ਦਾ ਜਨਮ 1613 ਈਸਵੀ ਨੂੰ ਮਾਤਾ ਦਮੋਦਰੀ ਜੀ ਦੀ ਕੁੱਖੋਂ, ਡਰੋਲੀ ਵਿਖੇ ਹੋਇਆ ਸੀ। ਗੁਰਦਿੱਤਾ ਜੀ ਦਾ ਰੂਪ ਬਿਲਕੁਲ ਨਾਨਕ ਦੇਵ ਜੀ ਵਰਗਾ ਹੀ ਸੀ। ਉਨ੍ਹਾਂ ਦੀਆਂ ਰੁਚੀਆਂ ਗੰਭੀਰ ਤੇ ਤਪੱਸਵੀ ਭਾਵਨਾਂ ਵਾਲੀਆਂ ਹੀ ਸਨ। ਗੁਰੂ ਹਰਿਗੋਬਿੰਦ ਸਾਹਿਬ ਨੇ ਬਚਪਨ ਤੋਂ ਹੀ ਉਨ੍ਹਾਂ ਨੂੰ 'ਬਾਬਾ' ਪੱਦ ਨਾਲ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ ਸੀ। 'ਹਰਿ ਰਾਇ ਜੀਂ' ਬਾਬਾ ਗੁਰਦਿੱਤਾ ਜੀ ਦੇ ਹੀ ਛੋਟੇ ਸਪੁੱਤਰ ਸਨ, ਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਬਾ ਗੁਰਦਿੱਤਾ ਜੀ ਦੇ ਵੱਡੇ ਸਪੁੱਤਰ ਧੀਰਮਲ ਨੂੰ ਛੱਡ ਕੇ ਆਪਣੇ ਪੋਤਰੇ ਹਰਿ ਰਾਇ ਜੀ ਨੂੰ ਹੀ ਗੁਰੂ-ਗੱਦੀ ਯੋਗ ਮੰਨ ਕੇ ਗੁਰੂ ਹਰਿ ਰਾਇ ਸਾਹਿਬ ਦੇ ਰੂਪ ਨੂੰ ਉਜਾਗਰ ਕੀਤਾ ਸੀ। ਗੁਰੂ-ਗੱਦੀ ਸਿੰਘਾਸਣ ਉਤੇ ਬੈਠਣ ਵੇਲੇ ਗੁਰੂ ਹਰਿ ਰਾਇ ਸਾਹਿਬ (ਜਨਮ : ਜਨਵਰੀ 1630 ਈਸਵੀ) ਦੀ ਉਮਰ 14 ਸਾਲ ਸੀ। 30 ਮਾਰਚ, 1644 ਨੂੰ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਸਾਹਿਬ ਵਿਖੇ ਜੋਤੀ-ਜੋਤਿ ਸਮਾਏ ਸਨ। ਇਸ ਵੇਲੇ ਤੇਗ ਬਹਾਦਰ ਜੀ ਦੀ ਉਮਰ 23 ਸਾਲ ਦੀ ਸੀ। ਇਕ ਪਾਸੇ, ਤੇਜੱਸਵੀ ਤੇ ਤਪੱਸਵੀ ਸਪੁੱਤਰ ਤੇਗ ਬਹਾਦਰ ਜੀ ਸਨ ਤੇ ਦੂਸਰੇ ਪਾਸੇ ਪੋਤਰਾ ਹਰਿ ਰਾਇ, ਉਹ ਵੀ ਉਮਰ ਵਿਚ 10 ਸਾਲ ਛੋਟਾ ਸੀ। ਮਾਤਾ ਨਾਨਕੀ ਜੀ ਦੀ ਸੁਹਿਰਦ ਦੇ ਵਿਸ਼ਾਲ-ਦ੍ਰਿਸ਼ਟੀ, ਗੁਰੂ-ਹੁਕਮਾਂ ਤੇ ਗੁਰੂ-ਆਗਿਆ ਨੂੰ ਪਾਲਣ ਵਾਲੀ ਬਿਰਤੀ, ਸਦਾ ਸਹਿਜ ਤੇ ਵਿਗਾਸ ਵਿਚ ਜੀਉਣ ਵਾਲੀ ਪਰਵਿਰਤੀ ਤੇ ਖ਼ਾਸ

ਕਰ ਕੇ ਸਿੱਖ ਧਰਮ ਤੇ ਸਿੱਖ ਲਹਿਰ ਦੀ ਉਸਾਰੀ ਲਈ ਨਿਸ਼ਕਾਮ ਵਫ਼ਾਦਾਰੀ ਦਾ ਇਥੋਂ ਸਪੱਸ਼ਟ ਪਤਾ ਲੱਗਦਾ ਹੈ, ਜੇ ਮਾਤਾ ਨਾਨਕੀ ਜੀ ਅੰਦਰ ਰਤਾ-ਮਾਸਾ ਵੀ ਪੁੱਤਰ-ਪਕੜ ਜਾਂ ਗੁਰੂ-ਗੱਦੀ ਦਾ ਲੋਭ-ਲਾਲਚ ਹੁੰਦਾ ਤਾਂ ਉਹ ਸਪੁੱਤਰ ਨੂੰ ਛੱਡ, ਮਾਤਾ ਦਮੋਦਰੀ ਦੇ ਪੋਤਰੇ ਨੂੰ ਕਦੀ ਵੀ ਸਹਿਣ ਨਾ ਕਰਦੀ। ਇਤਿਹਾਸ ਸਾਖੀ ਹੈ ਕਿ ਮਾਤਾ ਨਾਨਕੀ ਜੀ ਨੇ ਪੋਤਰੇ 'ਹਰਿ ਰਾਇ' ਨੂੰ ਗੁਰੂ ਹਰਿ ਰਾਇ ਸਾਹਿਬ' ਬਣਨ ਪਿੱਛੋਂ ਉਹੀ ਪਿਆਰ, ਉਹੀ ਸਤਿਕਾਰ, ਤੇ ਉਹੀ ਸਲਾਹ ਦਿੱਤੀ, ਜਿਸ ਨਾਲ ਗੁਰੂ-ਪਰੰਪਰਾ ਦਾ ਸਵੈਮਾਣ ਸੁਰੱਖਿਅਤ ਰਹਿ ਸਕੇ ਅਤੇ ਸਿੱਖ ਧਰਮ ਦਾ ਪ੍ਰਚਾਰ ਤੇ ਪਾਸਾਰ ਹੋ ਸਕੇ। ਗੁਰੂ-ਗੱਦੀ ਉਤੇ ਗੁਰੂ ਹਰਿ ਰਾਇ ਸਾਹਿਬ ਬੈਠੇ ਜਾਂ ਉਨ੍ਹਾਂ ਦੇ ਸਪੁੱਤਰ ਗੁਰੂ ਹਰਿਕ੍ਰਿਸ਼ਨ ਸਾਹਿਬ (ਪੰਜ ਸਾਲ ਦੀ ਉਮਰ ਵਿਚ 1661 ਈ.) ਬੈਠੇ, ਮਾਤਾ ਨਾਨਕੀ ਜੀ ਦਾ ਸੁਭਾਅ, ਵਿਹਾਰ, ਚਿੰਤਨ ਤੇ ਕਰਤੱਵ ਸਦਾ ਗੁਰੂ-ਹੁਕਮਾਂ ਪ੍ਰਤੀ ਹਾਂ-ਪੱਖੀ ਤੇ ਸਿਰਣਾਨਤਮਿਕ ਹੀ ਰਿਹਾ। ਨਿਰਾਸ਼ਾ, ਤੇ ਨਿੰਦਾ, ਕ੍ਰੋਧ ਤੇ ਗੁੱਸਾ, ਭਰਮ ਤੇ ਪਾਪ ਵਰਗੀਆਂ ਬੁਰਾਈਆਂ ਨੂੰ ਮਾਤਾ ਨਾਨਕੀ ਜੀ ਨੇ ਕਦੇ ਨੇੜੇ ਨਾ ਫਟਕਣ ਦਿੱਤਾ।

7

ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ-ਜੋਤਿ ਸਮਾਉਣ ਪਿੱਛੋਂ ਮਾਤਾ ਨਾਨਕੀ ਜੀ ਆਪਣੇ ਸਪੁੱਤਰ 'ਤੇਗ ਬਹਾਦਰ' ਜੀ ਨੂੰ ਲੈ ਕੇ, ਆਪਣੇ ਪੇਕੇ ਗਰਾਂ ਬਕਾਲਾ ਆ ਗਏ। ਤੇਗ ਬਹਾਦਰ ਜੀ ਦੇ ਪ੍ਰਕਾਸ਼ ਵੇਲੇ ਪਿਤਾ-ਗੁਰੂ ਹਰਿਗੋਬਿੰਦ ਸਾਹਿਬ ਨੇ ਨਮਸਕਾਰ ਕਰ ਕੇ ਤੇਗ ਬਹਾਦਰ ਜੀ ਪ੍ਰਤੀ ਜੋ ਸ਼ਬਦ ਆਖੇ ਸਨ, "ਦੀਨ ਰਛ ਸੰਕਟ ਹਰੈ, ਸਦਾ ਯਹੀ ਪਹਿਚਾਨ।" ਅਰਥਾਤ, ਇਹ ਤੇਜੱਸਵੀ ਆਤਮਾ ਹੈ, ਇਹ ਦੀਨ ਰੱਖਿਅਕ ਹੋਵੇਗਾ, ਸੰਕਟ ਹਰਨ ਹੋਵੇਗਾ। ਮਾਤਾ ਨਾਨਕੀ ਜੀ ਦੀ ਦਿਲੀ ਇੱਛਾ ਸੀ ਕਿ ਮੇਰਾ ਸਪੁੱਤਰ ਤੇਗ ਬਹਾਦਰ ਜੀਵਨ ਵਿਚ ਪਿਤਾ-ਗੁਰੂ ਹਰਿਗੋਬਿੰਦ ਸਾਹਿਬ ਦੀ ਸੰਕਲਪੀ ਪਹਿਚਾਣ ਵਾਲਾ ਹੀ ਬਣੇ। ਮਾਤਾ ਨਾਨਕੀ ਜੀ ਨੇ ਜਿਥੇ ਬਾਲ ਉਮਰ ਵਲ ਉਚੇਚਾ ਧਿਆਨ ਰੱਖਿਆ, ਉਥੇ ਉਨ੍ਹਾਂ ਨੇ ਸਪੁੱਤਰ ਦੀ ਸ਼ਾਦੀ ਵੀ (15 ਅੱਸੂ ਸੰਮਤ 1686 ਅਰਥਾਤ 1629 ਈਸਵੀ ਨੂੰ) ਕਰਤਾਰਪੁਰ ਨਿਵਾਸੀ ਲਾਲ ਚੰਦ ਦੀ ਸਪੁੱਤਰੀ ਬੀਬੀ ਗੁਜਰੀ ਨਾਲ ਕੀਤੀ, ਜਿਹੜੀ ਬਚਪਨ ਤੋਂ ਹੀ ਗਹਿਰ-ਗੰਭੀਰ, ਸਬਰ-ਸੰਤੋਖ, ਦਇਆ ਤੇ ਸਾਹਸ ਦੀ ਮੂਰਤਿ ਸੀ। ਤੇਗ ਬਹਾਦਰ ਜੀ ਦੀ ਸੰਕਟ-ਹਰਨ ਸ਼ਖ਼ਸੀਅਤ ਸਿਰਜਣ ਲਈ, ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ, ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਅਧਿਆਤਮਿਕ ਤੇ ਸ਼ਸਤਰ-ਦ੍ਰਿਸ਼ਟੀ ਤੋਂ ਪੂਰਾ ਪ੍ਰਬੰਧ ਕੀਤਾ ਸੀ। ਮਾਤਾ ਨਾਨਕੀ ਜੀ ਦਾ ਅਧਿਆਤਮਕ ਤੇ ਆਰਦਸ਼ਕ ਗੁਣਾਂ ਨਾਲ ਸ਼ਿੰਗਾਰਿਆ ਜੀਵਨ ਤਾਂ ਤੇਗ ਬਹਾਦਰ ਜੀ ਲਈ ਇਕ ਸੱਚੀ ਟਕਸਾਲ ਸਾਬਤ ਹੋਇਆ। ਤੇਗ ਬਹਾਦਰ ਜੀ ਨੇ ਅੰਮ੍ਰਿਤ ਵੇਲੇ ਤੋਂ ਬਕਾਲਾ ਵਿਚ ਸਥਿਤ ਆਪਣੇ ਭੋਰੇ ਜਿਥੇ 'ਤਪ ਅਸਥਾਨ' ਤੇ 'ਦਰਬਾਰ ਸਾਹਿਬ' ਬਣਿਆ ਹੋਇਆ ਹੈ, ਵਿਚ ਸਮਾਧੀ-ਸਥਿਤ ਹੋ ਜਾਂਦੇ ਤੇ ਨਿਰੰਤਰ ਸਾਲਾਂ-ਬੱਧੀ ਨਾਮ-ਸਿਮਰਨ ਦੀ ਘਾਲ-ਕਮਾਈ ਕਰਨ ਵਿਚ ਲੀਨ ਰਹੇ। ਮਾਤਾ ਨਾਨਕੀ ਜੀ ਸਪੁੱਤਰ ਤੇਗ ਬਹਾਦਰ ਜੀ ਦੀ ਇਸ ਭਗਤੀ-ਸਾਧਨਾ ਉਤੇ ਪ੍ਰਸੰਨ ਸਨ। ਮਾਤਾ ਜੀ ਦੀਆਂ ਅਸੀਸਾਂ, ਸਪੁੱਤਰ ਦੀ ਭਗਤੀ-ਸਾਧਨਾ ਤੇ ਮਹਿਲ ਗੁਜਰੀ ਜੀ ਦੀ ਸੇਵਾ ਨੇ ਤੇਗ ਬਹਾਦਰ ਜੀ ਦੀ ਸ਼ਖ਼ਸੀਅਤ ਨੂੰ ਐਸਾ ਸਿਰਜ ਦਿੱਤਾ ਕਿ ਤਿਆਗ, ਗਿਆਨ, ਨਿਡਰਤਾ, ਸਹਿਜ ਤੇ

ਮਰਦਾਨਗੀ ਉਨ੍ਹਾਂ ਦੇ ਜੀਵਨ ਦੇ ਪਛਣ-ਗੁਣ ਬਣ ਗਏ । ਇਹੀ ਪਛਾਣ-ਗੁਣ ਸਾਰੀ ਗੁਰੂ-ਪਰੰਪਰਾ ਦੇ ਸਨ । ਮਾਤਾ ਨਾਨਕੀ ਜੀ ਦੇ ਬਿਰਧ ਹੋਣ ਕਾਰਨ, ਭਾਵੇਂ ਉਹ ਗੁਰੂ ਹਰਿ ਰਾਏ ਸਾਹਿਬ ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਸਰੀਰਕ ਤੌਰ ਤੇ ਘੱਟ ਹੀ ਮਿਲੇ ਸਨ, ਪਰ ਮਾਤਾ ਜੀ ਦੇ ਸਤਿਕਾਰ, 'ਬਾਬਾ' ਤੇਗ ਬਹਾਦਰ ਜੀ ਦੀ ਭਗਤੀ-ਸਾਧਨਾ ਤੇ ਆਤਮਕ-ਜਾਗ੍ਰਿਤੀ ਦੀ ਜੈਕਾਰ ਪਹਿਲਾਂ ਪੰਜਾਬ ਵਿਚ ਤੇ ਫਿਰ ਸਾਰੇ ਜਗਤ ਵਿਚ, ਹੋਣ ਲੱਗ ਪਈ ਸੀ । ਇਹੀ ਕਾਰਨ ਸੀ ਕਿ 1664 ਈਸਵੀ ਵਿਚ, ਦਿੱਲੀ ਵਿਚ ਸਥਿਤ 'ਗੁਰਦੁਆਰਾ ਬਾਲਾ ਸਾਹਿਬ' ਦੇ ਅਸਥਾਨ ਉਤੇ ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੋਤੀ-ਜੋਤਿ ਸਮਾਉਣ ਲੱਗੇ, ਤਾਂ ਸੰਗਤਾਂ ਨੇ ਸਹਿਜ-ਸੁਭਾਅ ਗੁਰੂ-ਪਾਤਸ਼ਾਹ ਨੂੰ ਪੁੱਛਿਆ, ਕਿ ਅੱਗੋਂ ਸਾਡਾ 'ਗੁਰੂ' ਕੌਣ ਹੋਵੇਗਾ ? ਤਾਂ ਅਸ਼ਟਮ ਬਲਬੀਰ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਹੁਕਮ ਸੀ : "ਬਾਬਾ ਬਕਾਲੇ ।" 'ਬਾਬਾ' ਪ੍ਰਤੀਕ ਸੀ—ਤੇਗ ਬਹਾਦਰ ਜੀ ਦਾ । ਗੁਰੂ ਤੇਗ ਬਹਾਦਰ ਜੀ ਰਿਸ਼ਤੇ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ 'ਬਾਬਾ' ਹੀ ਲੱਗਦੇ ਸਨ । ਬਕਾਲਾ ਸੰਕੇਤ ਸੀ—ਉਸ ਪਿੰਡ ਸਥਾਨ ਦਾ, ਜਿਥੇ ਗੁਰੂ ਤੇਗ ਬਹਾਦਰ ਜੀ ਮਾਤਾ ਨਾਨਕੀ ਜੀ ਨਾਲ ਨਿਵਾਸ ਵੀ ਕਰ ਰਹੇ ਸਨ, ਤੇ ਭਗਤੀ-ਸਾਧਨਾ ਵਿਚ ਨਿਰੰਤਰ ਲੀਨ ਵੀ ਸਨ । 'ਬਾਬਾ ਬਕਾਲੇ' ਦੇ ਬੋਲ ਤੋਂ ਸਪੱਸ਼ਟ ਸੀ, ਕਿ ਗੁਰੂ-ਗੱਦੀ ਦੇ ਯੋਗ, ਸਮਰੱਥ ਤੇ ਨੌਵੇਂ ਵਾਰਿਸ ਗੁਰੂ ਤੇਗ ਬਹਾਦਰ ਜੀ ਹੀ ਹਨ । ਬਾਬਾ ਬਕਾਲੇ ਦੇ ਹੁਕਮ-ਆਦੇਸ਼ਾਂ ਦਾ ਸੰਦੇਸ਼ ਮਾਤਾ ਨਾਨਕੀ ਜੀ ਨੂੰ ਮਿਲ ਗਿਆ ਸੀ, ਪਰ ਗੁਰੂ ਤੇਗ ਬਹਾਦਰ ਜੀ ਨੂੰ ਸਮਾਧੀ-ਸਥਿਰਤਾ ਦਾ ਜੋ ਅਨੰਦ ਆ ਰਿਹਾ ਸੀ, ਉਸ ਨੂੰ ਤਿਆਗਣ ਵਾਸਤੇ ਤਿਆਰ ਨਹੀਂ ਸਨ । ਧੀਰ ਮਲ ਤਾਂ ਆਪਣੇ ਗੁਰੂ-ਅਡੰਬਰ ਦੀ ਸਥਾਪਨਾ ਲਈ 22 ਪਾਖੰਡੀ ਗੁਰੂ-ਮੰਜੀਆਂ ਵੀ ਲਗਾ ਚੁੱਕਾ ਸੀ । ਜਦੋਂ ਗੁਰੂ-ਪੰਰਪਰਾ ਦਾ ਸ਼ਰਧਾਵਾਨ ਸਿੱਖ ਭਾਈ ਮੱਖਣ ਸ਼ਾਹ ਲੁਬਾਣਾ ਆਪਣੀ ਇੱਛਾ-ਪੂਰਤੀ ਲਈ ਬਾਬਾ ਬਕਾਲੇ ਆਇਆ ਤਾਂ ਉਸ ਨੇ ਪਾਖੰਡੀ ਗੁਰੂ-ਮੰਜੀਆਂ ਨੂੰ ਵੀ ਵੇਖਿਆ ਅਤੇ (ਗੁਰੂ) ਤੇਗ ਬਹਾਦਰ ਜੀ ਦੇ ਦਰਸ਼ਨ-ਦੀਦਾਰੇ ਵੀ ਕੀਤੇ । ਉਸ ਨੂੰ ਸਹਿਜੇ ਹੀ ਸਪੱਸ਼ਟ ਹੋ ਗਿਆ ਕਿ ਗੁਰੂ ਨਾਨਕ ਗੁਰੂ-ਪਰੰਪਰਾ ਦੇ ਅਸਲ ਵਾਰਿਸ ਤਾਂ (ਗੁਰੂ) ਤੇਗ ਬਹਾਦਰ ਜੀ ਹੀ ਹਨ । ਕੋਠੇ ਉਤੇ ਚੜ੍ਹ ਕੇ ਉਸ ਨੇ ਉੱਚੀ-ਉੱਚੀ ਆਵਾਜ਼ ਵੀ ਦਿੱਤੀ : ਗੁਰੂ ਲਾਧੋ ਰੇ, ਗੁਰੂ ਲਾਧੋ ਰੇ । ਦਿਨਾਂ ਵਿਚ ਹੀ ਸਿੱਖ ਜਗਤ ਵਿਚ ਉਜਾਗਰ ਹੋ ਗਿਆ ਗੁਰੂ-ਗੱਦੀ ਦੇ ਨੌਵੇਂ ਨਾਨਕ, ਗੁਰੂ ਤੇਗ ਬਹਾਦਰ ਜੀ ਹੀ ਹਨ । ਗੁਰੂ ਤੇਗ ਬਹਾਦਰ ਜੀ ਦੇ 'ਗੁਰੂ' ਪ੍ਰਗਟ ਹੋਣ ਨਾਲ ਨਿਸ਼ਚੇ ਹੀ ਮਾਤਾ ਨਾਨਕੀ ਜੀ ਦੀ ਘਾਲਿ-ਕਮਾਈ ਸਫ਼ਲ ਵੀ ਹੋਈ ਅਤੇ ਗੁਰੂ-ਲਹਿਰ ਅਤੇ ਸਿੱਖ ਧਰਮ ਨੂੰ ਸਮੇਂ ਦੀਆਂ ਵੰਗਾਰਾਂ ਦਾ ਮੁਕਾਬਲਾ ਕਰਨ ਤੇ ਧਰਮ-ਹਿੱਤ 'ਮਹਾਨ ਸਾਕਾ' ਵਰਤਾਉਣ ਵਾਲੀ ਇਕ ਅਦੁੱਤੀ ਤੇ ਆਤਮ-ਗੌਰਵ ਨਾਲ ਸ਼ਿੰਗਾਰੀ ਸ਼ਖ਼ਸੀਅਤ ਵੀ ਪ੍ਰਾਪਤ ਹੋਈ । ਗੁਰੂ ਤੇਗ ਬਹਾਦਰ ਜੀ ਦੀ ਸ਼ਖ਼ਸੀਅਤ ਨਿਸ਼ਚੇ ਹੀ ਮਾਤਾ ਨਾਨਕੀ ਜੀ ਦੀ ਗੁਰੂ-ਪਰੰਪਰਾ ਤੇ ਸਿੱਖ ਧਰਮ ਨੂੰ ਅਦੁੱਤੀ ਮਹੱਤਵਪੂਰਣ ਦੇਣ ਹੈ ।

8

ਗੁਰੂ ਤੇਗ ਬਹਾਦਰ ਜੀ ਨੇ ਗੁਰੂ-ਜੋਤਿ ਦਾ ਵਾਰਿਸ ਬਣਦਿਆਂ ਹੀ ਗੁਰੂ-ਗੱਦੀ ਦਾ ਕੇਂਦਰ ਬਾਬਾ ਬਕਾਲੇ ਦੀ ਥਾਂ 'ਮਾਖੋਵਾਲ' ਸਥਾਪਿਤ ਕਰ ਲਿਆ । ਮਾਖੋਵਾਲ ਦੀ ਧਰਤੀ ਗੁਰੂ ਤੇਗ

ਬਹਾਦਰ ਜੀ ਨੇ ਆਪ ਖ਼ਰੀਦੀ ਸੀ ਅਤੇ ਆਪ ਹੀ ਉਸਾਰੀ ਸੀ। ਜਦੋਂ ਇਸ ਧਰਤੀ ਦਾ ਨਾਮ ਰੱਖਣ ਦਾ ਫ਼ੈਸਲਾ ਹੋਣ ਲੱਗਾ ਤਾਂ ਉਨ੍ਹਾਂ ਨੇ ਆਪਣੀ ਪਾਵਨ ਤੇ ਦੈਵੀ ਮਾਤਾ ਦੇ ਨਾਮ ਉਤੇ ਹੀ ਮਾਖੋਵਾਲ ਦਾ ਨਾਮ 'ਨਾਨਕੀ ਚੱਕ' ਰੱਖਿਆ। ਪਿੱਛੋਂ ਇਸ 'ਨਾਨਕੀ ਚੱਕ' ਦਾ ਨਾਮ 'ਅਨੰਦਪੁਰ ਸਾਹਿਬ' ਪ੍ਰਸਿੱਧ ਹੋ ਗਿਆ। 'ਨਾਨਕੀ ਚੱਕ' ਗੁਰੂ-ਗੱਦੀ ਦਾ ਨਵਾਂ ਕੇਂਦਰ ਸਥਾਪਿਤ ਹੋਣ ਨਾਲ ਮਾਤਾ ਨਾਨਕੀ ਜੀ, ਗੁਰੂ ਤੇਗ ਬਹਾਦਰ ਸਾਹਿਬ ਤੇ ਮਹਿਲ ਗੁਜਰੀ ਜੀ ਬਾਬਾ ਬਕਾਲਾ ਛੱਡ ਕੇ ਇਥੇ ਹੀ ਆ ਵੱਸੇ। ਨਾਨਕੀ ਚੱਕ ਤੋਂ ਹੀ ਗੁਰੂ ਤੇਗ ਬਹਾਦਰ ਜੀ ਨੇ ਪਹਿਲਾਂ ਪੰਜਾਬ ਦੇ ਪਾਵਨ ਸਥਾਨਾਂ—ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ, ਗੋਇੰਦਵਾਲ ਸਾਹਿਬ, ਕਰਤਾਰਪੁਰ ਤੇ ਕੀਰਤਪੁਰ ਸਾਹਿਬ ਦੀ ਯਾਤਰਾ ਕੀਤੀ ਤੇ ਪਿੱਛੋਂ ਮਾਤਾ ਨਾਨਕੀ ਜੀ ਤੇ ਮਹਿਲ ਗੁਜਰੀ ਜੀ ਨੂੰ ਨਾਲ ਲੈ ਕੇ, ਉੱਤਰੀ ਭਾਰਤ ਦੀ ਆਤਮਿਕ, ਸਮਾਜਿਕ ਤੇ ਰਾਜਨੀਤਕ ਜਾਗ੍ਰਿਤੀ ਲਈ ਤੀਰਥ-ਯਾਤਰਾ ਆਰੰਭੀ। ਇਤਿਹਾਸ ਸਾਖੀ ਹੈ ਕਿ ਗੁਰੂ ਤੇਗ ਬਹਾਦਰ ਜੀ ਤੀਰਥ-ਯਾਤਰਾ ਦੇ ਦੌਰਾਨ ਪਹਿਲਾਂ ਉੱਤਰੀ ਭਾਰਤ ਵਿਚ, ਫਿਰ ਬਿਹਾਰ, ਫਿਰ ਬੰਗਾਲ ਤੇ ਅਖ਼ੀਰ ਵਿਚ ਆਸਾਮ ਤੇ ਢਾਕਾ ਵੀ ਗਏ। ਮਹਿਲ ਗੁਜਰੀ ਕਿਉਂਕਿ ਗਰਭਵਤੀ ਸਨ, ਇਸ ਕਰ ਕੇ ਮਾਤਾ ਨਾਨਕੀ ਜੀ ਤੇ ਮਹਿਲ ਗੁਜਰੀ ਜੀ ਨੂੰ ਪਟਨਾ ਸਾਹਿਬ ਛੱਡ ਕੇ, ਆਪ ਆਪਣੇ ਸਿੱਖਾਂ ਸਮੇਤ ਥਾਂ-ਥਾਂ ਕਿਧਰੇ ਵੱਡੀ ਸੰਗਤ, ਕਿਧਰੇ ਛੋਟੀ ਸੰਗਤ ਸਥਾਪਿਤ ਕਰ ਕੇ ਧਰਮ-ਪ੍ਰਚਾਰ ਦੀ ਲਹਿਰ ਨੂੰ ਉਤੇਜਿਤ ਕਰਦੇ ਗਏ। 22 ਦਸੰਬਰ, 1666 ਈਸਵੀ ਨੂੰ ਪਟਨਾ ਸ਼ਹਿਰ ਵਿਖੇ ਹੀ, ਮਹਿਲ ਗੁਜਰੀ ਜੀ ਦੀ ਕੁੱਖੋਂ ਗੋਬਿੰਦ ਰਾਏ ਜੀ ਦਾ ਪ੍ਰਕਾਸ਼ ਹੋਇਆ। ਉਸ ਵੇਲੇ ਪਿਤਾ-ਗੁਰੂ ਤੇਗ ਬਹਾਦਰ ਜੀ ਆਸਾਮ ਵਿਚ ਸਨ। ਗੋਬਿੰਦ ਰਾਏ ਦੇ ਪ੍ਰਕਾਸ਼ ਦੀ ਖ਼ਬਰ ਪਿਤਾ-ਗੁਰੂ ਤੇਗ ਬਹਾਦਰ ਜੀ ਨੂੰ ਦਿੱਤੀ ਗਈ। ਦਾਦੀ ਮਾਤਾ ਨਾਨਕੀ ਜੀ ਦੀ ਖ਼ੁਸ਼ੀ ਦਾ ਪਾਰਾਵਾਰ ਨਹੀਂ ਸੀ ਪਾਇਆ ਜਾ ਰਿਹਾ। ਪਿਤਾ ਗੁਰੂ ਤੇਗ ਬਹਾਦਰ ਜੀ ਗੋਬਿੰਦ ਰਾਏ ਨੂੰ ਪਿਆਰ ਤੇ ਅਸੀਸਾਂ ਪ੍ਰਦਾਨ ਕਰ ਕੇ ਪੰਜਾਬ ਮੁੜਨ ਲਈ ਕਾਹਲੇ ਸਨ। ਕਿਉਂਕਿ ਹਰ ਪਾਸਿਉਂ ਔਰੰਗਜ਼ੇਬ ਦੀ ਨਵੀ ਤੇ ਸੰਪਰਦਾਇਕ ਨੀਤੀ ਦੀਆਂ ਖ਼ਬਰਾਂ ਪ੍ਰਚੰਡ ਹੋਣ ਲੱਗ ਪਈਆਂ ਸਨ। ਹਿੰਦੂਆਂ ਦੇ ਮੰਦਰਾਂ ਨੂੰ ਢਾਹ ਕੇ ਮਸੀਤਾਂ ਸਿਰਜਣੀਆਂ ਤੇ ਹਿੰਦੂਆਂ ਨੂੰ ਇਸਲਾਮ ਵਿਚ ਲਿਆਉਣ ਲਈ ਜ਼ੁਲਮ-ਤਸ਼ੱਦਦ ਦੀ ਵਰਤੋਂ ਹੋਣ ਲੱਗ ਪਈ ਸੀ। ਦਾਦੀ ਮਾਤਾ ਨਾਨਕੀ ਜੀ ਤੇ ਮਹਿਲ ਗੁਜਰੀ ਜੀ ਲਗਾਤਾਰ ਛੇ ਸਾਲ ਪਟਨਾ ਸਾਹਿਬ ਵਿਖੇ ਹੀ ਰਹੇ। 1972-73 ਈਸਵੀ ਵਿਚ ਜਦੋਂ ਗੁਰੂ ਤੇਗ ਬਹਾਦਰ ਜੀ ਨੇ ਪਰਿਵਾਰ ਨੂੰ ਅਨੰਦਪੁਰ ਸਾਹਿਬ ਆਉਣ ਲਈ ਸੱਦਾ ਭੇਜਿਆ ਤਾਂ ਸਾਰਾ ਪਰਿਵਾਰ ਗੋਬਿੰਦ ਰਾਏ ਸਮੇਤ ਸ੍ਰੀ ਅਨੰਦਪੁਰ ਸਾਹਿਬ ਜਦੋਂ ਪੁੱਜਾ ਤਾਂ ਹਰ ਪਾਸੇ ਖ਼ੁਸ਼ੀ, ਖੇੜੇ ਤੇ ਅਨੰਦ ਦਾ ਵਾਤਾਵਰਣ ਸਿਰਜਿਆ-ਸੰਵਾਰਿਆ ਗਿਆ। ਇਕ ਸਰੋਤ ਅਨੁਸਾਰ ਇਸ ਅਨੰਦਾਤਮਿਕ ਮੰਡਲ ਕਰ ਕੇ ਹੀ ਗੋਬਿੰਦ ਰਾਏ ਦੀ ਸਿਮਰਤੀ ਵਿਚ 'ਨਾਨਕੀ ਚੱਕ' ਦਾ ਨਾਮ ਸ੍ਰੀ ਅਨੰਦਪੁਰ ਸਾਹਿਬ ਰੱਖਿਆ ਗਿਆ।

9

ਗੁਰੂ ਤੇਗ ਬਹਾਦਰ ਜੀ ਦੇ ਧਿਆਨ ਦਾ ਇਕ ਕੇਂਦਰ-ਬਿੰਦੂ 'ਗੋਬਿੰਦ ਰਾਏ' ਨੂੰ ਭਾਂਤ-ਭਾਂਤ ਦੀ ਵਿੱਦਿਆ ਜਾਣ ਵਾਲੀ ਸ਼ਸਤਰ ਤੇ ਸ਼ਾਸਤਰ ਦੀ ਵਿਦਿਆ ਤੇ ਸਿੱਖਿਆ ਸੀ। ਧਿਆਨ

ਦਾ ਦੂਜਾ ਬਿੰਦੂ ਜ਼ਮੀਰ ਤੇ ਧਰਮ ਦੀ ਆਜ਼ਾਦੀ ਨੂੰ ਸੁਰੱਖਿਅਤ ਰੱਖਣਾ ਸੀ। ਨਾ ਡਰੋ ਤੇ ਨਾ ਡਰਾਓ ਦਾ ਸਿਧਾਂਤ ਉਜਾਗਰ ਕਰਨਾ ਸੀ। ਔਰੰਗਜ਼ੇਬ ਬਾਦਸ਼ਾਹ ਇਸਲਾਮੀ ਪਾਸਾਰ ਲਈ ਜ਼ੁਲਮ ਦੀਆਂ ਹੱਦਾਂ ਛੋਹ ਰਿਹਾ ਸੀ। ਪਰ ਗੁਰੂ ਤੇਗ ਬਹਾਦਰ ਜੀ ਬਿਲਕੁਲ ਭੈ-ਮੁਕਤ ਤੇ ਅਡੋਲ ਹੋ ਕੇ ਵਿਚਰ ਰਹੇ ਸਨ। ਮਾਤਾ ਨਾਨਕੀ ਜੀ ਨੇ ਪਰਉਪਕਾਰੀ, ਨਿਰਭੈ, ਅਡੋਲ ਤੇ ਸੰਕਟ-ਹਰਨ ਦੀ ਜਿਹੜੀ ਜੀਵਨ-ਜਾਚ ਆਪਣੇ ਸਪੁੱਤਰ ਤੇਗ ਬਹਾਦਰ ਜੀ ਨੂੰ ਵੀ ਸਿਖਾਈ ਸੀ, ਗੁਰੂ ਤੇਗ ਬਹਾਦਰ ਜੀ ਦੀ ਬੋਲ-ਬਾਣੀ ਵਿਚੋਂ ਉਸੇ ਜੀਵਨ-ਜਾਚ ਦੀ ਸੁਰ ਨੂੰ ਮੁੜ ਮੁੜ ਉੱਚਾ ਕੀਤਾ ਜਾ ਰਿਹਾ ਸੀ। ਜਦੋਂ ਕਸ਼ਮੀਰ ਦੇ ਬ੍ਰਾਹਮਣ-ਹਿੰਦੂਆਂ ਨੇ 'ਕਿਰਪਾ ਰਾਮ' ਦੀ ਅਗਵਾਈ ਵਿਚ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ ਗੁਰੂ ਤੇਗ ਬਹਾਦਰ ਜੀ ਨੂੰ ਇਕ ਸਵਾਲ ਪਾਇਆ ਕਿ ਸਾਡਾ ਧਰਮ, ਸਾਡਾ ਮੰਦਰ, ਸਾਡਾ ਤਿਲਕ ਜੰਞੂ ਤੇ ਸਾਡੀ ਪੂਜਾ-ਪੁਸ਼ਾਕ ਖ਼ਤਰੇ ਵਿਚ ਹੈ, ਬਚਣ ਦਾ ਇਕੋ ਰਸਤਾ ਹੈ ਕਿ ਕੋਈ ਮਹਾਪੁਰਸ਼, ਕੋਈ ਧਰਮ-ਮੂਰਤਿ, ਕੋਈ ਪਰਉਪਕਾਰੀ-ਯੋਧਾ 'ਧਰਮ ਹੇਤ' ਸਾਕਾ ਵਰਤਾਏ ਜਾਂ ਸ਼ਹਾਦਤ ਦੇਵੇ, ਤਾਂ ਸਾਡਾ ਆਤਮ-ਗੌਰਵ ਬਚ ਸਕਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਸਾਰੇ ਭਾਰਤ ਵਿਚ ਮਹਾਪੁਰਸ਼ ਦੇ ਰੂਪ ਵਿਚ ਵੀ ਪ੍ਰਸਿੱਧ ਸਨ, ਜਨਮ ਤੋਂ ਧਰਮ-ਮੂਰਤਿ ਵੀ ਸਨ, ਆਪਣੀ ਸੋਚ ਤੇ ਵਿਹਾਰ ਵਿਚ ਪਰਉਪਕਾਰੀ ਯੋਧੇ ਵੀ ਸਨ। ਜ਼ਮੀਰ ਤੇ ਧਰਮ ਦੀ ਆਜ਼ਾਦੀ ਦਾ ਸੰਕਟ ਇੰਨਾ ਗੰਭੀਰ ਤੇ ਵੰਗਾਰਾਂ ਵਾਲਾ ਸੀ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ ਸੀ। ਦਾਦਾ ਮਾਤਾ ਨਾਨਕੀ ਜੀ ਦੇ ਬੈਠਿਆਂ ਪੋਤਰੇ ਗੋਬਿੰਦ ਰਾਏ ਨੇ (ਭਾਵੇਂ ਉਹ ਹਾਲੇ ਨੌਂ ਸਾਲਾਂ ਦੇ ਹੀ ਸਨ) ਜੋ ਜਵਾਬ ਦਿੱਤਾ, ਉਹ ਇੰਨੀ ਜੁਰੱਅਤ ਤੇ ਜਮਾਲ ਭਰਿਆ ਸੀ ਕਿ ਜੇ ਸ਼ਹਾਦਤ ਦਿੱਤਿਆਂ 'ਧਰਮ ਦੀ ਆਜ਼ਾਦੀ' ਸੁਰੱਖਿਅਤ ਰਹਿ ਸਕਦੀ ਹੈ, ਤਾਂ ਸ਼ਹਾਦਤ ਹੋਣੀ ਚਾਹੀਦੀ ਹੈ। ਇਹੀ ਪ੍ਰਭੂ ਦਾ ਸਾਡੇ ਪ੍ਰਤੀ ਹੁਕਮ ਹੈ। ਸ਼ਹਾਦਤ ਨਾਲ ਹਿੰਦੂਆਂ ਦਾ ਕੀ, ਸਾਰੇ ਭਾਰਤ ਦਾ ਆਤਮ-ਗੌਰਵ ਬਚ ਸਕੇਗਾ। ਨਿਸ਼ਚੇ ਹੀ ਗੁਰੂ ਤੇਗ ਬਹਾਦਰ ਜੀ ਨੇ 'ਸੀਸ' ਦੇ ਕੇ 'ਸਿਰਰੁ' ਨੂੰ ਪੂਰੀ ਤਰ੍ਹਾਂ ਬਚਾ ਲਿਆ। ਇਤਿਹਾਸ ਸਾਖੀ ਹੈ ਕਿ ਦਿੱਲੀ ਦੇ ਚਾਂਦਨੀ ਚੌਕ ਵਿਚ 11 ਨਵੰਬਰ 1675 ਈਸਵੀ ਨੂੰ ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ, ਤਾਂ 'ਸੀਸ' ਇਕ ਪਾਸੇ ਪਿਆ ਸੀ ਤੇ 'ਧੜ' ਵੱਖਰਾ ਪਿਆ ਸੀ। 'ਧੜ' ਲਖੀ ਸ਼ਾਹ ਬਣਜਾਰਾ ਆਪਣੇ ਗੱਡਿਆਂ ਵਿਚ ਲੁਕਾ ਕੇ, ਆਪਣੇ ਗ੍ਰਹਿ ਰਕਾਬ ਗੰਜ ਲੈ ਗਿਆ ਤੇ ਭਾਈ ਜੈਤਾ 'ਸੀਸ' ਲੈ ਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਗਿਆ। ਸਿੱਖ ਗ੍ਰੰਥਾਂ ਵਿਚ ਸੰਕੇਤ ਹਨ ਕਿ ਜਦੋਂ ਸ਼ਹੀਦ ਗੁਰੂ ਤੇਗ ਬਹਾਦਰ ਜੀ ਦੇ 'ਸੀਸ' ਦੀ ਕੀਰਤਪੁਰ ਸਾਹਿਬ ਪੁੱਜਣ ਦੀ ਖ਼ਬਰ ਆਈ, ਤਾਂ ਮਾਤਾ ਨਾਨਕੀ ਜੀ, ਮਹਿਲ ਗੁਜਰੀ ਮਰਦ ਅਰੀਮੜਾ ਗੁਰੂ ਗੋਬਿੰਦ ਸਿੰਘ ਜੀ ਤੇ ਅਨੇਕਾਂ ਪਿਆਰ ਵਾਲੇ ਸਿੱਖ 'ਸੀਸ' ਦੇ ਸਤਿਕਾਰ ਭਰੇ ਜਲੂਸ ਦੀ ਅਗਵਾਈ ਕਰ ਰਹੇ ਸਨ। ਬਿਰਧ ਅਵਸਥਾ ਵਿਚ ਵੀ ਮਾਤਾ ਨਾਨਕੀ ਜੀ ਦਾ, ਜਲੂਸ ਦੀ ਅਗਵਾਈ ਕਰਨਾ, ਇਹ ਸਪੱਸ਼ਟ ਕਰਦਾ ਹੈ ਕਿ ਮਾਤਾ ਨਾਨਕੀ ਜੀ ਸਦਾ ਸਿਰਜਣਾਤਮਿਕ ਤੇ ਸ਼ਾਂਤ-ਚਿੱਤ ਰਹੇ, ਪਰ ਸੰਘਰਸ਼ ਤੇ ਸੰਕਟ ਵਿਚ ਉਹ ਸਬਰ ਤੇ ਸਿਦਕ ਨਾਲ ਜੀਵੇ, ਸਹਿਜ ਤੇ ਸੂਰਮਗਤੀ ਅਖ਼ੀਰਲੇ ਸਵਾਸਾਂ ਤਕ ਉਨ੍ਹਾਂ ਦੇ ਅੰਗ-ਸੰਗ ਰਹੇ, ਭਗਤੀ, ਕੁਰਬਾਨੀ ਤੇ ਆਤਮ-ਗੌਰਵ ਉਨ੍ਹਾਂ ਦੀ ਸੱਚੀ ਰਾਸਿ ਰਹੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਪਿੱਛੋਂ ਵੀ ਮਾਤਾ ਨਾਨਕੀ ਜੀ ਤਿੰਨ ਸਾਲ ਜੀਵਿਤ

ਰਹੇ। 1678 ਈਸਵੀ ਵਿਚ ਉਨ੍ਹਾਂ ਦਾ ਦੇਹਾਂਤ ਕੀਰਤਪੁਰ ਸਾਹਿਬ ਵਿਖੇ ਹੋਇਆ ਸਵੀਕਾਰ ਕੀਤਾ ਜਾਂਦਾ ਹੈ।

10

ਸਮੁੱਚੇ ਤੌਰ ਤੇ ਇਹ ਕਹਿਣਾ ਯੋਗ ਲੱਗਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ 'ਮਹਿਲ' ਗੁਰੂ ਤੇਗ ਬਹਾਦਰ ਸਾਹਿਬ ਦੇ 'ਮਾਤਾ' ਤੇ ਗੁਰੂ ਗੋਬਿੰਦ ਸਿੰਘ ਜੀ ਦੇ 'ਦਾਦੀਂ' ਮਾਤਾ ਨਾਨਕੀ ਜੀ ਭਾਵੇਂ ਘਰ-ਪਰਿਵਾਰ ਵਿਚ ਰਹੇ, ਸੰਘਰਸ਼ ਤੇ ਸੰਕਟ ਵਿਚ ਰਹੇ, ਭਗਤੀ-ਸਾਧਨਾ ਤੇ ਸਿੱਖ ਲਹਿਰ ਨੂੰ ਪ੍ਰਚੰਡ ਕਰਨ ਵਿਚ ਰਹੇ, ਸਪੁੱਤਰ ਗੁਰੂ ਤੇਗ ਬਹਾਦਰ ਜੀ ਤੇ ਪੋਤਰਾ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿਭਾ ਨੂੰ ਘੜਨ ਵੱਲ ਰਹੇ। ਸਿੱਖ ਧਰਮ ਦੀ ਸੰਭਾਲ ਤੇ ਭਾਰਤੀ ਧਰਮ ਦੀ ਆਜ਼ਾਦੀ ਦੀ ਸੁਰੱਖਿਆ ਵੱਲ ਰਹੇ, ਪਰ ਉਨ੍ਹਾਂ ਦਾ 'ਯੋਗਦਾਨ' ਸਿਰਜਣਾਤਮਿਕ, ਸਲਾਹਕਾਰ ਤੇ ਸੈਨਾਪਤੀ ਵਾਲਾ ਹੀ ਰਿਹਾ। ਮਾਤਾ ਨਾਨਕੀ ਜੀ ਦੀ ਪ੍ਰਤਿਭਾ ਬੜੀ ਨਿਰਮਲ, ਸ਼ਾਂਤ-ਚਿੱਤ, ਗੰਭੀਰ, ਆਤਮਕ-ਰੰਗ ਤੇ ਆਤਮ-ਗੌਰਵ ਨਾਲ ਸ਼ਿੰਗਾਰੀ, ਸੁਧਾਤਮਿਕ ਤੇ ਸਹਿਜਾਤਮਿਕ ਪ੍ਰਤਿਭਾ ਹੀ ਸੀ। ਗੁਰੂ-ਮਹਿਲਾਂ ਤੇ ਗੁਰੂ-ਮਾਤਾਵਾਂ ਦੇ ਇਤਿਹਾਸ ਵਿਚ ਉਨ੍ਹਾਂ ਦਾ ਅਤਿ ਮਹੱਤਵਪੂਰਣ ਤੇ ਪ੍ਰਭਾਵਸ਼ਾਲੀ ਸਥਾਨ ਹੈ। 17ਵੀਂ ਸਦੀ ਦੇ ਗੁਰੂ-ਇਤਿਹਾਸ ਨੂੰ ਬਣਾਉਣ ਵਿਚ ਮਾਤਾ ਨਾਨਕੀ ਜੀ ਇਕ ਪ੍ਰੇਰਨਾ-ਸ੍ਰੋਤ ਦੇ ਰੂਪ ਵਿਚ ਹੀ ਨਹੀਂ, ਸਗੋਂ ਕੇਂਦਰੀ ਸ਼ਖ਼ਸੀਅਤ ਵੀ ਬਣੀ ਰਹੀ। ਮਾਤਾ ਨਾਨਕੀ ਜੀ ਦਾ ਸਮੁੱਚਾ ਜੀਵਨ (1597 ਤੋਂ 1678 ਈਸਵੀ ਤਕ) ਸਮਰਪਿਤ-ਬਿਰਤੀ, ਸੇਵਾ-ਭਾਵਨਾ, ਭਗਤੀ-ਸਾਧਨਾ ਤੇ ਸ਼ਹੀਦ-ਕ੍ਰਿਆ ਨਾਲ ਸ਼ਿੰਗਾਰਿਆ ਤੇ ਆਦਰਸ਼ਕ ਜੀਵਨ ਹੀ ਹੈ ਅਤੇ ਅਜੋਕੀ ਪੀੜ੍ਹੀ, ਖ਼ਾਸ ਕਰ ਕੇ ਇਸਤਰੀ-ਜਗਤ ਲਈ ਪ੍ਰਭਾਵਸ਼ਾਲੀ ਸਤੰਭ ਵੀ ਹੈ।

ਮਾਤਾ ਮਹਾਂਦੇਵੀ ਜੀ

ਸਿੱਖ ਧਰਮ ਵਿਚ ਗੁਰੂ-ਪਤਨੀ ਨੂੰ ਜਦੋਂ ਵੀ ਯਾਦ ਕੀਤਾ ਜਾਂਦਾ ਹੈ ਤਾਂ ਗੁਰੂ-ਪਤਨੀ ਨਾ ਕਹਿ ਕੇ ਗੁਰੂ-ਮਹਿਲ ਜਾਂ ਮਾਤਾ ਜੀ ਕਰ ਕੇ ਹੀ ਯਾਦ ਕੀਤਾ ਜਾਂਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਮਹਿਲ ਮਾਤਾ ਮਹਾਂਦੇਵੀ ਜੀ ਹਨ। ਮਾਤਾ ਮਹਾਂਦੇਵੀ ਜੀ ਤੋਂ ਪਹਿਲਾਂ ਗੁਰੂ-ਮਹਿਲਾਂ ਦੀ ਇਕ ਦ੍ਰਿੜ੍ਹ ਪਰੰਪਰਾ ਸਾਡੀ ਵਿਰਾਸਤ ਹੈ, ਸਾਡਾ ਗੌਰਵ ਅਤੇ ਸਾਡੀ ਸ਼ਾਨ ਹੈ। ਪਰ ਸਿੱਖ-ਇਤਿਹਾਸ ਨੂੰ ਜਦੋਂ ਅਸੀਂ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਤਿਹਾਸਕਾਰਾਂ ਨੇ ਗੁਰੂ ਸਾਹਿਬਾਨ ਦਾ ਜੀਵਨ-ਬਿਰਤਾਂਤ ਬਹੁਤ ਵਿਸਥਾਰ ਨਾਲ ਲਿਖਿਆ ਹੈ। ਪਰ ਗੁਰੂਆਂ ਦੀ ਘਰੋਗੀ ਜ਼ਿੰਦਗੀ ਬਿਆਨਦੇ ਹੋਏ ਉਨ੍ਹਾਂ ਦੀਆਂ ਪਤਨੀਆਂ (ਗੁਰੂ-ਮਹਿਲਾਂ) ਦਾ ਕੀ ਯੋਗਦਾਨ ਹੈ, ਇਸ ਬਾਰੇ ਚੁੱਪ ਹੀ ਵਰਤੀ ਹੈ। ਮਾਤਾ ਮਹਾਂਦੇਵੀ ਜੀ ਦਾ ਵਰਣਨ ਸਿੱਖ-ਇਤਿਹਾਸ ਵਿਚ ਬਹੁਤ ਹੀ ਵਿਰਲਾ ਮਿਲਦਾ ਹੈ। ਉਹ ਵਰਣਨ ਸਿੱਧੇ ਰੂਪ ਵਿਚ ਨਹੀਂ ਸਗੋਂ ਘਟਨਾ-ਵਿਸ਼ੇਸ਼ ਦੇ ਪ੍ਰਸੰਗ ਵਿਚ ਹੀ ਮਿਲਦਾ ਹੈ।

ਪੁਰਾਣੇ ਸਾਖੀਕਾਰਾਂ ਤੇ ਇਤਿਹਾਸਕਾਰਾਂ ਨੇ ਮਾਤਾ ਮਹਾਂਦੇਵੀ ਜੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ 'ਛੋਟੇ ਮਹਿਲ' ਮੰਨਿਆ ਹੈ। ਅਸੀਂ ਵੀ ਇਸ ਮਤ ਨਾਲ ਸਹਿਮਤ ਹਾਂ। ਜਿਵੇਂ ਪਹਿਲਾਂ ਵੀ ਕਿਹਾ ਹੈ ਕਿ ਮਾਤਾ ਮਹਾਂਦੇਵੀ ਜੀ ਦੇ ਜੀਵਨ ਬਾਰੇ ਬਹੁਤ ਘੱਟ

ਜਾਣਕਾਰੀ ਮਿਲਦੀ ਹੈ। ਅਸੀਂ ਮਾਤਾ ਮਹਾਂਦੇਵੀ ਜੀ ਨੂੰ ਛੇਵੇਂ ਪਾਤਸ਼ਾਹ ਦੇ ਪਰਿਵਾਰ ਦੇ ਮੈਂਬਰ ਹੋਣ ਕਰ ਕੇ ਉਸ ਪਰਿਵਾਰ ਨਾਲ ਸੰਬੰਧਿਤ ਸਥਾਨਾਂ ਤੇ ਘਟਨਾਵਾਂ ਦੇ ਆਧਾਰ 'ਤੇ ਹੀ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਚਾਨਣਾ ਪਾਉਣ ਦਾ ਯਤਨ ਕਰ ਰਹੇ ਹਾਂ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੀ ਕੁੱਖ ਤੋਂ ਬਾਬਾ ਬੁੱਢਾ ਜੀ ਦੇ ਵਰ ਨਾਲ ਅੰਮ੍ਰਿਤਸਰ ਵਿਚ ਹੋਇਆ।

ਸਿੱਖ ਪੰਥ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਤੇ ਉਨ੍ਹਾਂ ਤੋਂ ਪਿੱਛੋਂ ਦੇ ਗੁਰੂਆਂ ਨੇ ਗ੍ਰਿਹਸਥ ਆਸ਼ਰਮ ਨੂੰ ਸਭ ਤੋਂ ਉੱਚਾ ਦੱਸਿਆ ਤੇ ਗ੍ਰਿਹਸਥੀ ਦਾ ਜੀਵਨ ਬਤੀਤ ਕੀਤਾ। ਕੇਵਲ 'ਏਕਾ ਨਾਰੀ ਜਤੀ ਹੋਏ' ਦੇ ਅਸੂਲ ਨੂੰ ਮੁੱਖ ਰਖਿਆ। ਉਸ ਵੇਲੇ ਦੀ ਹਕੂਮਤ ਨਾਲ ਟੱਕਰ ਨਹੀਂ ਲਈ। ਸਗੋਂ ਉਸ ਵੇਲੇ ਦੀ ਸਮਾਜਿਕ ਤੇ ਰਾਜਨੀਤਕ ਹਾਲਤ ਨੂੰ ਸੁਧਾਰਨ ਲਈ ਬਾਣੀ ਰਚੀ। ਏਥੋਂ ਤਕ ਕਿ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪਹਿਲਾਂ ਹੋਏ ਗੁਰੂਆਂ ਤੇ ਭਗਤਾਂ ਦੀ ਬਾਣੀ ਨੂੰ ਇਕ ਥਾਂ ਇਕੱਠਾ ਕਰ ਕੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਉਸ ਵੇਲੇ ਦੀ ਮੁਗ਼ਲ ਹਕੂਮਤ ਨੇ ਇਸ ਨੂੰ ਚੰਗਾ ਨਹੀਂ ਸਮਝਿਆ। ਉਨ੍ਹਾਂ ਨੂੰ ਇਕ ਕਿਸਮ ਦੀ ਇਹ ਚਿੰਤਾ ਜੇਹੀ ਲੱਗ ਗਈ ਕਿ ਗੁਰੂ ਜੀ ਦਾ ਰੁਤਬਾ ਹਰ ਪਾਸੇ ਉੱਚਾ ਹੋ ਰਿਹਾ ਹੈ। ਉਹ ਗੁਰੂ ਜੀ ਨਾਲ ਸਾਂਝ ਪਾਉਣ ਦੇ ਚਾਹਵਾਨ ਹੋਣ ਲੱਗੇ।

ਉਸ ਵੇਲੇ ਭਾਰਤ ਵਿਚ ਮੁਗ਼ਲ ਬਾਦਸ਼ਾਹ ਜਹਾਂਗੀਰ ਦਾ ਰਾਜ ਸੀ। ਉਸ ਦਾ ਵਜ਼ੀਰ ਚੰਦੂ ਸੀ। ਉਸ ਦੀ ਲੜਕੀ ਦਾ ਰਿਸ਼ਤਾ ਕਰਨ ਲਈ ਦਿੱਲੀ ਤੋਂ ਪੰਡਤ ਆਏ। ਗੁਰੂ ਅਰਜਨ ਦੇਵ ਜੀ ਨੇ ਇਹ ਰਿਸ਼ਤਾ ਸਵੀਕਾਰ ਕਰ ਲਿਆ। ਪਰ ਦਿੱਲੀ ਦੀ ਸੰਗਤ ਨੇ ਬੇਨਤੀ ਕਰ ਕੇ ਇਸ ਰਿਸ਼ਤੇ ਪ੍ਰਤੀ ਨਾਮਨਜ਼ੂਰੀ ਪ੍ਰਗਟ ਕੀਤੀ। ਉਸੇ ਵੇਲੇ ਗੁਰੂ ਅਰਜਨ ਦੇਵ ਜੀ ਨੇ ਇਹ ਰਿਸ਼ਤਾ ਮੋੜ ਦਿੱਤਾ। ਇਸ ਗੱਲ ਵਿਚ ਚੰਦੂ ਨੇ ਆਪਣੀ ਹੇਠੀ ਸਮਝੀ। ਉਸ ਨੇ ਮੁਗ਼ਲ ਬਾਦਸ਼ਾਹ ਨੂੰ ਭੜਕਾ ਕੇ ਗੁਰੂ ਜੀ ਨੂੰ ਲਾਹੌਰ ਬੁਲਾ ਕੇ ਸ਼ਹੀਦ ਕਰ ਦਿੱਤਾ। ਹਾਲਾਂਕਿ ਗੁਰੂ ਜੀ ਦੀ ਸ਼ਹੀਦੀ ਦਾ ਇਕੋ-ਇਕ ਕਾਰਣ ਇਹ ਨਹੀਂ ਸਗੋਂ ਹੋਰ ਵੀ ਕਈ ਕਾਰਣ ਸਨ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਪ੍ਰਤੀਕਰਮ ਵਜੋਂ ਰੋਸ ਭਾਵਨਾ ਸਾਰੇ ਸਿੱਖ ਜਗਤ ਵਿਚ ਧੁਖ ਰਹੀ ਸੀ। ਖ਼ਾਸ ਕਰ ਕੇ ਗੁਰੂ-ਘਰ ਵਿਚ। ਗੁਰੂ ਹਰਿਗੋਬਿੰਦ ਸਾਹਿਬ ਨੇ ਇਹ ਦ੍ਰਿੜ੍ਹ ਨਿਸ਼ਚਾ ਕਰ ਲਿਆ ਸੀ ਕਿ ਸਿੱਖ ਧਰਮ ਤੇ ਸਿੱਖ ਲਹਿਰ ਨੂੰ ਸ਼ਕਤੀਸ਼ਾਲੀ ਬਣਾਉਣਾ ਹੈ। ਇਸ ਲਈ ਜਿਥੇ ਗੁਰੂ ਹਰਿਗੋਬਿੰਦ ਜੀ ਅਧਿਆਤਮਿਕ ਘੇਰੇ ਵਿਚ ਬੱਝੇ ਹੋਏ ਸਨ, ਹੁਣ ਦੂਜੇ ਪਾਸੇ ਦੁਨਿਆਵੀ ਹਕੂਮਤ ਦੇ ਮੁਕਾਬਲੇ ਤੇ ਖੜ੍ਹੇ ਹੋਣ ਲਈ ਸਭ ਨੂੰ ਹਥਿਆਰਬੰਦ ਕਰਨਾ ਸ਼ੁਰੂ ਕਰ ਦਿੱਤਾ। ਜਹਾਂਗੀਰ ਦੀਆਂ ਸ਼ਾਹੀ ਜ਼ਿਆਦਤੀਆਂ ਤੇ ਵੰਗਾਰਾਂ ਨੂੰ ਦ੍ਰਿਸ਼ਟੀਗੋਚਰ ਰਖਦਿਆਂ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਸਜਾ ਲਈਆਂ। ਕੌਮੀ ਸ਼ਕਤੀ ਨੂੰ ਕੇਂਦ੍ਰਿਤ ਕਰਨ ਲਈ ਸ੍ਰੀ ਹਰਿਮੰਦਰ ਸਾਹਿਬ ਦੇ ਸਨਮੁਖ ਤਖ਼ਤ ਸਾਹਿਬ ਸਥਾਪਿਤ ਕਰ ਲਿਆ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪਹਿਲੀ ਵਾਰੀ ਆਪਣੀ ਹਕੂਮਤ ਮੁਗ਼ਲਾਂ ਨੂੰ ਦੱਸਣ ਲਈ ਨਿਸ਼ਾਨ ਸਾਹਿਬ ਝੁਲਾ ਦਿੱਤਾ। ਗੁਰੂ ਹਰਿਗੋਬਿੰਦ ਜੀ ਨੂੰ 'ਸੱਚੇ ਪਾਤਸ਼ਾਹ' ਕਹਿਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਨੇ ਆਪਣੇ ਤੋਂ ਪਹਿਲਾਂ ਹੋਏ ਪੰਜ ਸਿੱਖ ਗੁਰੂਆਂ ਵਾਗ ਬਾਣੀ ਨਹੀਂ ਰਚੀ। ਸਗੋਂ ਉਸ ਦੇ ਮੁਕਾਬਲੇ ਤੇ

ਫ਼ੌਜਾਂ ਤਿਆਰ ਕੀਤੀਆਂ, ਕਿਲ੍ਹੇ ਬਣਵਾਏ । ਸਾਧਾਰਣ ਜ਼ਿੰਦਗੀ ਵਿਚ ਬਾਦਸ਼ਾਹ ਦੁਨਿਆਵੀ ਸ਼ਕਤੀ ਦਾ ਪ੍ਰਤੀਕ ਹੈ । ਪਰ ਸੱਚੇ ਪਾਤਸ਼ਾਹ ਦੁਨੀਆਵੀ ਤੋਂ ਵਧੀਕ ਰੂਹਾਨੀਅਤ ਦਾ ਪ੍ਰਤੀਕ ਹੈ । ਜਿਸ ਦਾ ਭਾਵ ਇਹ ਹੈ ਕਿ ਗੁਰੂ ਮਹਾਰਾਜ ਨਾ ਤਾਂ ਦੁਨੀਆਵੀ ਹਕੂਮਤੀ ਰਾਜਿਆਂ ਤੋਂ ਘੱਟ ਸਨ ਤੇ ਨਾ ਹੀ ਪਾਰਬ੍ਰਹਮ ਤੋਂ ਵੱਖ ਸਨ । ਇਸੇ ਕਰ ਕੇ ਗੁਰੂ ਜੀ ਨੇ ਲੌਕਿਕ ਵਿਹਾਰ ਵਿਚ ਬਾਦਸ਼ਾਹ ਤੋਂ ਵੱਖਰੀ ਜੀਵਨ-ਵਿਧੀ ਨੂੰ ਰੂਪਮਾਨ ਕੀਤਾ । ਜਿਵੇਂ ਸੀਸ 'ਤੇ ਕਲਗੀ ਸਜਾਉਣੀ, ਹੱਥ ਵਿਚ ਬਾਜ ਫੜਨਾ, ਘੋੜੇ ਦੀ ਸਵਾਰੀ ਕਰਨੀ, ਹੀਰਿਆਂ ਜੜੀਆਂ ਦੋ ਤਲਵਾਰਾਂ ਸਜਾਉਣੀਆਂ ਤੇ ਮੀਰੀ-ਪੀਰੀ ਦੇ ਮਾਲਕ ਕਹਿਲਾਉਣਾ ਆਦਿ । ਇਸ ਤੋਂ ਇਲਾਵਾ ਸ਼ਾਹੀ ਦਰਬਾਰ ਵਿਚ ਲੋਕਾਂ ਨੂੰ ਇਨਸਾਫ਼ ਦੇਣ ਵਾਸਤੇ ਕਚਹਿਰੀਆਂ ਲੱਗਦੀਆਂ ਸਨ ਉਸੇ ਤਰ੍ਹਾਂ ਗੁਰੂ ਸਾਹਿਬਾਨ ਨੇ ਅਕਾਲ ਤਖਤ 'ਤੇ ਬੈਠ ਕੇ ਸਿੱਖਾਂ ਦੇ ਆਪਸੀ ਝਗੜਿਆਂ ਦੇ ਨਿਆਂਸ਼ੀਲ ਫ਼ੈਸਲੇ ਦੇਣੇ ਸ਼ੁਰੂ ਕਰ ਦਿੱਤੇ । ਇਸ ਤਰ੍ਹਾਂ ਮੁਗਲ ਬਾਦਸ਼ਾਹ ਦੇ ਮੁਕਾਬਲੇ ਆਪਣੀ ਵੱਖਰੀ ਹਕੂਮਤ ਕਾਇਮ ਕਰ ਲਈ ।

ਸਿੱਖ ਇਤਿਹਾਸ ਦਾ ਅਧਿਐਨ ਕਰਨ ਤੋਂ ਜਾਣਕਾਰੀ ਮਿਲਦੀ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜਿਨ੍ਹਾਂ ਨੂੰ ਮੀਰੀ-ਪੀਰੀ ਦੇ ਮਾਲਕ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ, ਦੇ ਮਹਲਾਂ ਵਿਚ ਇਕ ਤੋਂ ਵਧੀਕ ਗੁਰੂ-ਮਹਿਲਾ (ਪਤਨੀਆਂ) ਦਾ ਹੋਣਾ ਵੀ ਇਸੇ ਹਕੂਮਤੀ ਤਾਕਤ ਦਾ ਪ੍ਰਤੀਕ ਹੈ । ਜਦੋਂ ਅਸੀਂ ਇਤਿਹਾਸਕ ਤੌਰ ਤੇ ਮੀਰੀ-ਪੀਰੀ ਦੇ ਮਾਲਕ ਦੇ ਗ੍ਰਹਿਸਥ ਜੀਵਨ ਦੀ ਰੂਪ-ਰੇਖਾ ਵੇਖਦੇ ਹਾਂ ਤਾਂ ਉਨ੍ਹਾਂ ਦੇ ਵਿਚ ਤਿੰਨ ਮਹਿਲਾਂ ਦਾ ਜ਼ਿਕਰ ਆਉਂਦਾ ਹੈ । ਤਿੰਨਾਂ ਮਹਿਲਾਂ ਦੀ ਕੁੱਖ ਤੋਂ ਔਲਾਦ ਵੀ ਉਤਪੰਨ ਹੋਈ । ਗੁਰੂ ਹਰਿਗੋਬਿੰਦ ਸਾਹਿਬ ਦੀਆਂ ਤਿੰਨ ਸ਼ਾਦੀਆਂ ਨੂੰ ਹਰ ਸਿੱਖ ਇਤਿਹਾਸਕਾਰ ਨੇ ਸਵੀਕਾਰ ਕੀਤਾ ਹੈ ।

ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਮਹਾਨ ਕੋਸ਼ ਦੇ ਪੰਨਾ 265 ਉਤੇ ਗੁਰੂ ਸਾਹਿਬ ਦੀਆਂ ਤਿੰਨ ਸ਼ਾਦੀਆਂ ਦਾ ਵਿਸਥਾਰ ਦੇਂਦਿਆਂ ਲਿਖਿਆ ਹੈ, "ਗੁਰੂ ਹਰਿਗੋਬਿੰਦ ਸਾਹਿਬ ਦੇ ਤਿੰਨ ਵਿਆਹ ਹੋਏ ਸਨ :

ਪਹਿਲੀ ਸ਼ਾਦੀ : ਡੱਲਾ ਨਿਵਾਸੀ ਨਰਾਇਨ ਦਾਸ ਦੀ ਸਪੁੱਤਰੀ ਦਮੋਦਰੀ ਜੀ ਨਾਲ, ਸੰਮਤ 1661 ਨੂੰ ਹੋਈ ।

ਦੂਜੀ ਸ਼ਾਦੀ : ਬਕਾਲਾ ਨਿਵਾਸੀ ਹਰੀ ਚੰਦ ਦੀ ਸਪੁੱਤਰੀ ਨਾਨਕੀ ਜੀ ਨਾਲ, 1670 ਨੂੰ ਹੋਈ ।

ਤੀਜੀ ਸ਼ਾਦੀ : ਮੰਡਿਆਲੀ ਨਿਵਾਸੀ ਦਯਾ ਰਾਮ ਦੀ ਸਪੁੱਤਰੀ ਮਹਾਂਦੇਵੀ ਜੀ ਨਾਲ, 1672 ਨੂੰ ਹੋਈ ।

ਕਿਸੇ ਵੀ ਗੁਰੂ-ਮਹਿਲ ਬਾਰੇ ਜਾਣਕਾਰੀ ਲਈ ਗੁਰੂ ਸਾਹਿਬਾਨ ਦੀਆਂ ਰਚਨਾਵਾਂ ਜਾਂ ਉਨ੍ਹਾਂ ਦੇ ਸਮਕਾਲੀ ਕਵੀਆਂ ਦੀਆਂ ਰਚਨਾਵਾਂ ਜਾਂ ਸੌ-ਸਾਖੀ ਪੋਥੀ ਵਿਚੋਂ ਹਵਾਲੇ ਲੱਭੇ ਜਾ ਸਕਦੇ ਹਨ ।

ਪਰ ਸਾਡੇ ਜਿਨ੍ਹਾਂ ਗੁਰੂਆਂ ਨੇ ਬਾਣੀ ਰਚੀ ਉਨ੍ਹਾਂ ਨੇ ਕਿਤੇ ਵੀ ਆਪਣੇ ਮਹਿਲਾਂ ਬਾਰੇ ਜਾਂ ਘਰੋਗੀ ਜ਼ਿੰਦਗੀ ਦਾ ਜ਼ਿਕਰ ਨਹੀਂ ਕੀਤਾ । ਗੁਰੂ ਹਰਿਗੋਬਿੰਦ ਸਾਹਿਬ ਨੇ ਤਾਂ ਬਾਣੀ ਰਚੀ ਹੀ ਨਹੀਂ । ਪਰ ਫੇਰ ਵੀ ਜਿਥੇ ਇਤਿਹਾਸਕਾਰਾਂ ਤੇ ਸਾਖੀਕਾਰਾਂ ਨੇ ਗੁਰੂ-ਮਹਿਲਾਂ ਦਾ

ਜ਼ਿਕਰ ਕੀਤਾ ਹੈ, ਉਹ ਵੀ ਘਟਨਾ-ਵਿਸ਼ੇਸ਼ ਦੇ ਪ੍ਰਸੰਗ ਵਿਚ ਹੀ ਕੀਤਾ ਹੈ । ਇਹ ਜ਼ਿਕਰ ਵਿਅਕਤੀ-ਵਿਸ਼ੇਸ਼ ਦੇ ਪ੍ਰਸੰਗ ਵਿਚ ਨਹੀਂ ਕੀਤਾ ਮਿਲਦਾ ।

ਸਿੱਖ ਧਰਮ ਵਿਚ ਸਾਧਨਾ ਦੇ ਨਿਰਗੁਣਵਾਦੀ ਸਰੂਪ ਦੇ ਕਾਰਣ ਯੁਗਲ ਭਗਤੀ ਦੀ ਪ੍ਰਵਿਰਤੀ ਦਾ ਵਿਕਾਸ ਹੋਣਾ ਮੁਸ਼ਕਲ ਸੀ । ਇਸੇ ਕਰ ਕੇ ਭਾਰਤੀ ਦੇਵ ਪਦ ਦੀ ਪਰੰਪਰਾ ਜਿਵੇਂ ਗੌਰੀ ਸ਼ੰਕਰ, ਸੀਤਾ ਰਾਮ, ਰਾਧੇ ਸ਼ਿਆਮ ਆਦਿ ਵਾਂਗ ਗੁਰੂ-ਮਹਿਲਾਂ ਨੂੰ ਗੁਰੂਆਂ ਦੀ ਬਰਾਬਰੀ ਦਾ ਸਥਾਨ ਨਹੀਂ ਮਿਲਿਆ । ਇਸੇ ਕਰ ਕੇ ਇਤਿਹਾਸਕਾਰਾਂ ਨੇ ਗੁਰੂ-ਮਹਿਲਾਂ ਦੇ ਬਾਰੇ ਲਿਖਣ ਲਈ ਖ਼ਾਸ ਧਿਆਨ ਨਹੀਂ ਦਿੱਤਾ । ਸਿੱਟਾ ਇਹ ਨਿਕਲਿਆ ਕਿ ਗੁਰੂ-ਮਹਿਲਾਂ ਦੇ ਚਰਿੱਤਰ ਉੱਘੜ ਕੇ ਸਾਹਮਣੇ ਨਹੀਂ ਆਏ । ਅਸੀਂ ਮਾਤਾ ਮਹਾਂਦੇਵੀ ਜੀ ਦੇ ਜੀਵਨ ਬਾਰੇ ਚਾਨਣਾ ਪਾਉਣ ਦਾ ਯਤਨ ਹੀ ਕਰ ਰਹੇ ਹਾਂ ।

ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਤੀਜਾ ਵਿਆਹ ਮੰਡਿਆਲੀ ਨਿਵਾਸੀ ਦਯਾ ਰਾਮ ਮਰਵਾਹ ਦੀ ਸਪੁੱਤਰੀ ਮਹਾਂਦੇਵੀ ਨਾਲ 1672 ਨੂੰ ਹੋਇਆ । ਦਯਾ ਰਾਮ ਜੀ ਜਾਤ ਦੇ ਖੱਤਰੀ ਸਨ ਪਰ ਉਨ੍ਹਾਂ ਦੀ ਗੋਤ ਮਰਵਾਹ ਸੀ । ਇਸ ਲਈ ਬਹੁਤ ਸਾਰੇ ਸਿੱਖ ਲੇਖਕਾਂ ਨੇ ਇਨ੍ਹਾਂ ਨੂੰ ਮਾਤਾ ਮਰਵਾਹੀ ਕਰ ਕੇ ਹੀ ਯਾਦ ਕੀਤਾ ਹੈ । "ਕਵੀ ਸੋਹਨ ਜੀ ਕ੍ਰਿਤ ਸ੍ਰੀ ਗੁਰ ਬਿਲਾਸ ਪਾਤਸ਼ਾਹੀ 6 ਟਿੱਪਣੀ ਸਮੇਤ" ਵਿਚ ਮਾਤਾ ਮਹਾਂਦੇਵੀ ਜੀ ਦੇ ਜਨਮ ਬਾਰੇ ਜ਼ਿਕਰ ਕੀਤਾ ਮਿਲਦਾ ਹੈ ਕਿ ਦਯਾ ਰਾਮ ਜੀ ਦੀ ਪਤਨੀ ਦਾ ਨਾਮ ਭਾਗ ਸੀ, ਇਨ੍ਹਾਂ ਦੇ ਘਰ ਸ਼ਾਦੀ ਤੋਂ ਬਾਅਦ ਕਾਫੀ ਸਾਲ ਤਕ ਔਲਾਦ ਉਤਪੰਨ ਨਹੀਂ ਹੋਈ । ਇਨ੍ਹਾਂ ਦੇ ਪਰਿਵਾਰ ਵਾਲੇ ਗੁਰੂ ਅਰਜਨ ਦੇਵ ਜੀ ਦੀ ਮਹਿਮਾ ਕਾਫ਼ੀ ਚਿਰ ਤੋਂ ਸੁਣਦੇ ਆ ਰਹੇ ਸਨ ਕਿ ਗੁਰੂ ਅਰਜਨ ਦੇਵ ਜੀ ਨੇ ਲੱਖਾਂ ਮਨੁੱਖਾਂ ਦੇ ਕਸ਼ਟ ਕੱਟੇ । ਉਸ ਵੇਲੇ ਭਾਈ ਕਿਦਾਰਾ ਮੰਦ੍ਰਾ ਨਗਰ ਦਾ ਇਕ ਗੁਰੂਸਿਖ ਸੀ, ਜਿਸ ਦੇ ਹੰਜੀਰਾਂ ਸਨ । ਉਸ ਨੂੰ ਜਦੋਂ ਗੁਰੂ ਅਰਜਨ ਦੇਵ ਜੀ ਦੇ ਜੋੜੇ ਦੀ ਛੁਹ ਪ੍ਰਾਪਤ ਹੋਈ ਤਾਂ ਉਸ ਦਾ ਦੁੱਖ ਦੂਰ ਹੋ ਗਿਆ । ਇਹ ਕਥਾ ਮੰਡਿਆਲੀ ਨਗਰ ਦੇ ਦਯਾ ਰਾਮ ਨੂੰ ਕਿਸੇ ਨੇ ਸੁਣਾਈ ਸੀ ਕਿਉਂਕਿ ਮਰਵਾਹ ਦੇ ਘਰ ਔਲਾਦ ਨਹੀਂ ਸੀ ਹੋ ਰਹੀ । ਜਦੋਂ ਦਯਾ ਰਾਮ ਨੇ ਇਹ ਕਥਾ ਸੁਣੀ ਤਾਂ ਉਸੀ ਸਮੇਂ ਉਸ ਦੇ ਮਨ ਵਿਚ ਗੁਰੂ ਘਰ ਲਈ ਸ਼ਰਧਾ ਤੇ ਵਿਸ਼ਵਾਸ ਵਧ ਗਿਆ । ਦਯਾ ਰਾਮ ਦੀ ਪਤਨੀ ਭਾਗਨਿ ਪਤੀਬ੍ਰਤਾ ਇਸਤਰੀ ਸੀ । ਘਰ ਵਿਚ ਧਨ-ਦੌਲਤ ਬਹੁਤ ਸੀ । ਪਰ ਘਰ ਵਿਚ ਔਲਾਦ ਰੂਪੀ ਧਨ ਦੀ ਘਾਟ ਸੀ । ਹਰ ਸਮੇਂ ਚਿੰਤਾ ਲੱਗੀ ਰਹਿੰਦੀ ਸੀ, ਔਲਾਦ ਦੀ ਪ੍ਰਾਪਤੀ ਕਰਨ ਵਾਸਤੇ । ਪਤੀ-ਪਤਨੀ ਦੀ ਇਸ ਅਵਸਥਾ ਨੂੰ ਕਵੀ ਸੋਹਨ ਜੀ ਨੇ ਇਸ ਤਰ੍ਹਾਂ ਬਿਆਨਿਆ ਹੈ :

ਏਕ ਮੰਡਿਆਲੀ ਨਗਰ ਉਦਾਰਾ ।
ਸੁਨਾ ਸੀਰ ਤਿਹ ਛਬ ਲੱਖ ਹਾਰਾ ।
ਕਛਕ ਦੂਰ ਰਾਵੀ ਵਗੇ ਤੀਨ ਕੋਸ ਦੂਰ ।
ਦੁਆਰਾ ਖੜੀ ਤਹਿ ਰਹੈ ਮਰਵਾਹਾ ਪਹਿਚਾਨ ।

ਚੌਪਈ

ਭਾਗਨਿ ਨਾਮ ਨਾਰ ਤਿਹ ਪਿਆਰੀ । ਪਤਿ ਬ੍ਰਤਾ ਸੇਵਾ ਕਰ ਭਾਰੀ ।
ਸੰਤਾਨ ਨਾਹਿ ਧਨ ਅਧਿਕ ਦਿਖਾਇ । ਨਿਸ ਦਿਨ ਚਿੰਤਾ ਕਹੈ ਸਹਾਇ ।

ਫੇਰ ਕੀ ਸੀ ! ਮਾਤਾ ਭਾਗਨਿ ਨੇ ਗੁਰੂ-ਘਰ ਨਾਲ ਪ੍ਰੀਤ ਜੋੜ ਲਈ—ਦਯਾ ਰਾਮ ਤੇ ਮਾਤਾ ਭਾਗਨਿ ਗੁਰੂ-ਘਰ ਦੇ ਸੇਵਕ ਬਣ ਗਏ । ਉਨ੍ਹਾਂ ਨੇ ਮਨ ਵਿਚ ਧਾਰ ਲਿਆ ਕਿ ਗੁਰੂ-ਘਰ ਤੋਂ ਸੰਤਾਨ ਰੂਪੀ ਧਨ ਦੀ ਪ੍ਰਾਪਤੀ ਜ਼ਰੂਰ ਕਰਨੀ ਹੈ । ਜਿਸ ਨੇ ਗੁਰੂ ਅਰਜਨ ਦੇਵ ਜੀ ਦੀ ਮਹਿਮਾ ਦੀ ਸਾਖੀ ਦਯਾ ਰਾਮ ਨੂੰ ਸੁਣਾਈ ਸੀ, ਉਸ ਨੇ ਵੀ ਕਿਹਾ ਸੀ ਕਿ ਜੇ ਗੁਰੂ ਜੀ ਦੀ ਕ੍ਰਿਪਾ ਨਾਲ ਭਾਗਨਿ ਦੀ ਕੁੱਖ ਤੋਂ ਸੰਤਾਨ ਕੁੜੀ ਪੈਦਾ ਹੋਈ ਤਾਂ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ (ਗੁਰੂ) ਹਰਿਗੋਬਿੰਦ ਨੂੰ ਵਿਆਹ ਦੇਣਾ :

ਸ੍ਰੀ ਜਨਮ ਤੁਮਰੇ ਗ੍ਰਹ ਲੇਵੇ । ਆਦਿ ਸਕਤ ਪ੍ਰਭ ਜਾਨ ਅਭੇਵੇ ।
ਹਰਿਗੋਬਿੰਦ ਕੋ ਦੀਜੈ ਸੋਈ । ਆਦਿ ਦੁਖ ਸਭ ਖੋਈ ।
ਨਾਰਦ ਐਸੇ ਕਹਤ ਸਿਧਾਯੋ । ਪਤ ਨਾਰੀ ਮਨ ਮੈ ਸੁਖ ਪਾਯੋ ।
ਤਾ ਦਿਨ ਤੇ ਗੁਰੂ ਕੇ ਸਿਖ ਹੋਈ । ਕੰਨਜਾ ਭਈ ਸਭੇ ਦੁਖ ਖੋਈ ।
ਲਛਮੀ ਕੀ ਮਾਯਾ ਭਰਮਾਏ । ਨਾਰਦ ਬਚ ਵਹੁ ਦੀਨ ਭਲਾਏ ।
ਪੁਤ੍ਰੀ ਕਰ ਜਾਨੇ ਮਨ ਮਾਹੀ । ਦੇਖ ਰੂਪ ਅਤ ਬਲ ਬਲ ਜਾਹੀ ।
ਰਸ ਇਕਾਦਸ ਕੀ ਭਈ ਪੁਤ੍ਰੀ ਰੂਪ ਅਪਾਰ ।
ਭਗਤ ਸਿੰਘ ਚਿੰਤਾ ਕਰੈ ਦੁਆਰੇ ਭਾਗਨਿ ਨਾਰਿ ।

ਇਨ੍ਹਾਂ ਦਿਨਾਂ ਵਿਚ ਹੀ ਮੀਰੀ-ਪੀਰੀ ਦੇ ਮਾਲਕ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਕਸ਼ਮੀਰ ਤੋਂ ਵਾਪਸ ਅੰਮ੍ਰਿਤਸਰ ਆ ਰਹੇ ਸਨ । ਰਸਤੇ ਵਿਚ ਬਿਸਰਾਮ ਕਰਨ ਲਈ ਮੰਡਿਆਲੀ ਪਿੰਡ ਵਿਚ ਰੁਕੇ । ਉਥੇ ਦਯਾ ਰਾਮ ਮਰਵਾਹ ਨੇ ਜਦੋਂ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਉਹ ਗੁਰੂ ਜੀ ਤੋਂ ਬਲਿਹਾਰੇ ਜਾਣ ਲੱਗ ਪਿਆ । ਉਨ੍ਹਾਂ ਦੇ ਦਰਸ਼ਨ ਕਰ ਕੇ ਉਸ ਦੇ ਮਨ ਨੂੰ ਠੰਡ ਜਿਹੀ ਮਿਲੀ ਕਿਉਂਕਿ ਉਸ ਦੇ ਘਰ ਬੇਟੀ ਪੈਦਾ ਹੋਈ ਸੀ ਗੁਰੂ ਅਰਜਨ ਦੇਵ ਜੀ ਦੀ ਮਿਹਰ ਨਾਲ । ਸਭ ਤੋਂ ਵੱਡੀ ਗੱਲ ਕਿ ਉਸ ਬੇਟੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਨਾਲ ਵਿਆਹੁਣ ਦਾ ਫ਼ੈਸਲਾ ਵੀ ਪਹਿਲਾਂ ਹੀ ਕੀਤਾ ਜਾ ਚੁੱਕਾ ਸੀ । ਇਸ ਲਈ ਇਸ ਸਮੇਂ ਦਯਾ ਰਾਮ ਜੀ ਨੇ ਸੰਗਤਾਂ ਨੂੰ ਨਾਲ ਲੈ ਕੇ ਹੱਥ ਜੋੜ ਕੇ ਬੇਨਤੀ ਕੀਤੀ "ਬੀਬੀ ਮਹਾਂਦੇਵੀ ਜੀ ਜੋ ਸੁੰਦਰ ਨੇਕ ਤੇ ਬਹੁਤ ਹੀ ਸੁਸ਼ੀਲ ਹੈ । ਉਸ ਨੂੰ ਆਪਣੇ ਚਰਨਾਂ ਦੀ ਦਾਸੀ ਬਣਾ ਲਉ ।" ਉਸ ਸਮੇਂ ਬਾਲ-ਵਿਆਹ ਦਾ ਰਿਵਾਜ ਪ੍ਰਚੱਲਿਤ ਸੀ । ਸਿੱਖ ਸੰਗਤਾਂ ਗੁਰੂ-ਘਰ ਨਾਲ ਆਪਣਾ ਨਾਤਾ ਜੋੜਨ ਵਿਚ ਮਾਣ ਸਮਝਦੀਆਂ ਸੀ । ਰੁਤਬਾ ਸਮਾਜਿਕ ਆਰਥਿਕ ਤੌਰ ਤੇ ਉੱਚਾ ਹੁੰਦਾ ਸੀ । ਦਯਾ ਰਾਮ ਚੰਗੇ ਸਰਦੇ-ਪੁਜਦੇ ਘਰ ਦੇ ਸਨ । ਇਸੇ ਲਈ ਉਨ੍ਹਾਂ ਨੇ ਰਿਸ਼ਤੇ ਦੀ ਗੱਲ ਕਰਨ ਲਈ ਬੇਨਤੀ ਕੀਤੀ । ਉਸ ਸਮੇਂ ਮਹਾਂਦੇਵੀ ਜੀ ਦੀ ਉਮਰ 11 ਸਾਲ ਦੀ ਸੀ । ਮੀਰੀ-ਪੀਰੀ ਦੇ ਮਾਲਕ ਦੀ ਉਮਰ 19 ਕੁ ਸਾਲ ਦੀ ਸੀ । ਗੁਰੂ ਜੀ ਦੀ ਖ਼ੂਬਸੂਰਤੀ ਠਾਠਾਂ ਮਾਰਦੀ ਸੀ । ਗੁਰੂ ਜੀ ਬਾਦਸ਼ਾਹਾਂ ਵਾਂਗ ਬਸਤਰ ਪਹਿਨਦੇ ਸੀ । ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਸਜਾਂਦੇ ਸਨ । ਬੀਬੀ ਮਹਾਂਦੇਵੀ ਜੀ ਸੁੰਦਰ ਤਿੱਖੇ ਨੈਣ-ਨਕਸ਼ਾਂ ਵਾਲੀ ਕੁੜੀ ਸੀ । ਚਾਰੇ ਪਾਸੇ ਉਨ੍ਹਾਂ ਦੀ ਸੁੰਦਰਤਾ ਨੂੰ ਸਲਾਹਿਆ ਜਾਂਦਾ ਸੀ । ਦਯਾ ਰਾਮ ਮਰਵਾਹ ਜੀ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਣ ਲੱਗ ਪਏ । ਜਦੋਂ ਗੁਰੂ ਜੀ ਨੇ ਦਯਾ ਰਾਮ ਦੀ ਬੇਨਤੀ ਪ੍ਰਵਾਨ ਕਰ ਲਈ ਤਾਂ ਚਾਰੇ ਪਾਸੇ ਖੁਸ਼ੀ ਦਾ ਵਾਤਾਵਰਨ

ਛਾ ਗਿਆ । ਪਿਤਾ ਦਯਾ ਰਾਮ ਜੀ ਤੇ ਮਾਤਾ ਭਾਗਨਿ ਨੇ ਉਸੇ ਸਮੇਂ ਸ਼ਗਨ ਦੀ ਤਿਆਰੀ ਸ਼ੁਰੂ ਕਰ ਦਿੱਤੀ ।

ਦਵਾਰੇ ਪੁਤ੍ਰੀ ਪਠੀ ਸਗਾਈ

ਇਸ ਵੇਲੇ ਮੰਡਿਆਲੀ ਦੀ ਸੰਗਤ ਖੁਸ਼ੀ ਨਾਲ ਝੂਮ ਉੱਠੀ । ਸਭ ਦਯਾ ਰਾਮ ਜੀ ਤੇ ਮਾਤਾ ਭਾਗਨਿ ਨੂੰ ਵਧਾਈਆਂ ਦੇਣ ਲੱਗ ਪਏ । ਸ਼ਗਨ ਦੀ ਖੁਸ਼ੀ ਵਿਚ ਗੀਤ ਗਾਏ ਗਏ । ਵਿਆਹ ਦੀਆਂ ਤਿਆਰੀਆਂ ਆਰੰਭ ਕੀਤੀਆਂ ਗਈਆਂ । ਅਗਲੇ ਹੀ ਭਲਕ ਚਾਰ ਸਾਵਣ ਐਤਵਾਰ ਨੂੰ ਵਿਆਹ ਦਾ ਸ਼ੁਭ ਦਿਨ ਆ ਗਿਆ । ਅੱਜ ਬੀਬੀ ਮਹਾਂਦੇਵੀ ਜੀ ਦੇ ਅਨੰਦ ਕਾਰਜ ਗੁਰੂ ਹਰਿਗੋਬਿੰਦ ਜੀ ਦੇ ਨਾਲ ਹੋਣੇ ਸਨ । ਜਿਸ ਥਾਂ ਅਨੰਦ ਕਾਰਜ ਹੋਣੇ ਸਨ ਉਸ ਥਾਂ ਨੂੰ ਹੀਰਿਆਂ-ਮੋਤੀਆਂ ਨਾਲ ਸਜਾਇਆ ਗਿਆ । ਅਨੰਦ ਕਾਰਜ ਦੀ ਰਸਮ ਤੋਂ ਪਹਿਲਾਂ ਹੀ ਬੀਬੀ ਮਹਾਂਦੇਵੀ ਜੀ ਨੂੰ ਦੁਲਹਨ ਦੇ ਰੂਪ ਵਿਚ ਸ਼ਿੰਗਾਰਿਆ ਗਿਆ ਤੇ ਲਾੜੇ ਦੇ ਰੂਪ ਵਿਚ ਗੁਰੂ ਜੀ ਨੂੰ ਖ਼ਾਸ ਕਿਸਮ ਦੀ ਪੁਸ਼ਾਕ ਪਾਈ ਗਈ । ਬਾਜੇ ਵਜਾਏ ਗਏ । ਆਤਿਸ਼ਬਾਜ਼ੀਆਂ ਚਲਾਈਆਂ ਗਈਆਂ । 11 ਸਾਉਣ 1672 ਦੇ ਸ਼ੁਭ ਦਿਨ ਅਨੰਦ ਕਾਰਜ ਦੀ ਸ਼ੁਭ ਰਸਮ ਸੰਪੂਰਨ ਹੋਈ । ਫੇਰ ਦਯਾ ਰਾਮ ਜੀ ਨੇ ਭਾਂਤ-ਭਾਂਤ ਦੇ ਭੋਜਨ ਤਿਆਰ ਕਰਵਾਏ । ਬੜੀ ਸ਼ਾਨ-ਸ਼ੌਕਤ ਨਾਲ ਰਾਜਿਆਂ-ਮਹਾਰਾਜਿਆਂ ਦੀਆਂ ਸ਼ਾਦੀਆਂ ਦੀ ਤਰ੍ਹਾਂ ਸਾਰਾ ਕਾਰਜ ਰਸਮਾਂ-ਰਿਵਾਜਾਂ ਸਹਿਤ ਸੰਪੂਰਨ ਹੋਇਆ । ਜਿਥੇ ਗੁਰੂ ਸਾਹਿਬ ਦਾ ਤੀਸਰਾ ਵਿਆਹ ਮੰਡਿਆਲੀ ਪਿੰਡ ਵਿਚ ਹੋਇਆ ਸੀ, ਉਥੇ ਹੁਣ 'ਚੁਟਾਲਾ ਸਾਹਿਬ' ਗੁਰਦੁਆਰਾ ਹੈ । ਜਿਥੇ ਸਿੱਖ ਪ੍ਰੇਮ ਨਾਲ ਭਗਤੀ ਕਰਦੇ ਹਨ । ਜਦੋਂ ਉਸ ਸਥਾਨ ਤੋਂ ਬੀਬੀ ਮਹਾਂਦੇਵੀ ਜੀ ਗੁਰੂ-ਮਹਿਲ ਬਣ ਗਏ ਤਾਂ ਵਿਦਾਈ ਦਾ ਸਮਾਂ ਆਇਆ । ਉਸ ਵੇਲੇ ਦਯਾ ਰਾਮ ਜੀ ਨੇ ਹੱਥ ਜੋੜ ਕੇ ਗੁਰੂ ਜੀ ਅੱਗੇ ਬੇਨਤੀ ਕੀਤੀ । ਤੁਹਾਡੀ ਸ਼ਾਨ ਦੇ ਮੁਤਾਬਿਕ ਦਾਜ-ਦਹੇਜ ਨਹੀਂ ਦੇ ਸਕਿਆ । ਸੱਸ ਮਾਤਾ ਭਾਗਨਿ ਨੇ ਵੀ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਕਦੀ-ਕਦੀ ਬੀਬੀ ਮਹਾਂਦੇਵੀ ਨੂੰ ਮੰਡਿਆਲੀ ਲੈ ਕੇ ਆਉਂਦੇ ਰਹਿਣਾ ਤੇ ਸਾਨੂੰ ਦਰਸ਼ਨ ਦੇਂਦੇ ਰਹਿਣਾ । ਇਸ ਦਾ ਬਿਆਨ 'ਸ੍ਰੀ ਖੜਗਧਾਰੀ ਹੁਲਾਸ' ਵਿਚ ਭਾਈ ਜੋਧ ਸਿੰਘ ਜੀ ਨੇ ਇੰਝ ਕੀਤਾ ਹੈ :

"ਫੇਰ ਘਟਵੀ ਆਇ ਬਿਸਰਾਮ ਕੀਤਾ
ਦਇਯਾ/ਰਾਮ ਮਰਵਾਹੇ ਨਿਹਾਰ ਕੀਤੇ ।
ਏਹ ਮੰਡਯਾਲੀ ਦਾ ਖਤ੍ਰੀ ਆਹਾ
ਚੰਗਾ ਡੋ ਲਧੀਆ ਦਾਦੇ ਨੇ ਇਕਰਾਰ ਕੀਤੇ ।
ਸ਼ਾਦੀ ਤੀਸਰੀ ਏਸ ਥਾਂ ਹੋਈ
ਉਦੋਂ ਸਿਖਾਂ ਸੰਦੜੇ ਕੰਮ ਸਵਾਰ ਕੀਤੇ ।
ਤੁਰਨ ਲਗਿਆਂ ਆਂਵਦੇ ਸਸ ਭਾਗਣ
ਬੜੀ ਬੇਨਤੀ ਕਰ ਨਮਸਕਾਰ
ਬੜੇ ਪ੍ਰੇਮ ਨਾਲ ਬਹਾਇਆ ਸੂ
ਹਥ ਜੋੜਿ ਕੇ ਅਰਜ਼ ਗੁਜਾਰਦੀ ਏ

ਸੱਚੇ ਪਾਤਸ਼ਾਹ ਫੇਰ ਭੀ ਕਦੇ ਮਿਲਨਾ
ਸਾਨੂੰ ਭੁਖ, ਅਤਿ ਤੁਸਾਂ ਦੀਦਾਰ ਦੀ ਏ
ਦੀਨ ਜਾਣ ਕੇ ਸਦਾ ਦਯਾਲ ਰਹਿਣਾ
ਬੇਟਾ ਭਾਵਨਾ ਮਨੋ ਵਿਸਾਰਦੀ ਏ।"

ਇਸ ਤੋਂ ਬਾਅਦ ਆਪਣੀ ਪੁੱਤਰੀ ਬੀਬੀ ਮਹਾਂਦੇਵੀ ਨੂੰ ਵੀ ਸਿੱਖਿਆ ਦੇਂਦੀ ਹੈ। ਇਸ ਦਾ ਬਿਆਨ ਵੀ ਇੰਝ ਮਿਲਦਾ ਹੈ :

"ਪੁਤ੍ਰੀ ਸੁ ਅੰਕਿ ਭਾਗਣਿ ਮਿਲਾਇ
ਦੀਨੀ ਸੁ ਸਿਖ ਭਾਰੀ ਤਦਾਇ।"

ਇਸ ਤਰ੍ਹਾਂ ਗੁਰੂ ਜੀ ਮਾਤਾ ਮਹਾਂਦੇਵੀ ਜੀ ਦੀ ਡੋਲੀ ਲੈ ਕੇ ਮੰਡਿਆਲੀ ਤੋਂ ਤੁਰ ਪਏ। ਗੁਰੂ ਜੀ ਰਸਤੇ ਵਿਚ ਬੇਰੀ ਹੇਠਾਂ ਬੈਠ ਕੇ ਬਿਸ੍ਰਾਮ ਕੀਤਾ। ਉਸ ਵੇਲੇ ਆਪ ਬਹੁਤ ਹੀ ਪ੍ਰਸੰਨ ਸਨ। ਉਸ ਸਮੇਂ ਦਾ ਬਿਆਨ ਭਾਈ ਜੋਧ ਸਿੰਘ ਨੇ 'ਸ੍ਰੀ ਖੜਗਧਾਰੀ ਹੁਲਾਸ' ਵਿਚ ਇੰਝ ਕੀਤਾ ਹੈ :

"ਰਾਵੀ ਨਦੀ ਨੂੰ ਲੰਘ ਕੇ ਗੁਰੂ ਸਾਹਿਬ
ਬਾਬੇ ਬੇਰ ਜੀ ਦੇ ਦਰਸ਼ਨ ਪਾਂਵਦੇ ਨੀ।
ਭੇਟਾ ਰਖ ਕੇ ਆਨ ਦੀਦਾਰ ਪਾਵਨ
ਅਦਬ ਨਾਲ ਸੀਸ ਨਿਵਾਂਵਦੇ ਨੀ।
ਹੌਲੀ ਹੌਲੀ ਗੁਰ ਚਲ ਕੇ ਸ਼ਾਹ ਛੇਵੇਂ
ਅੰਮ੍ਰਿਤਸਰ ਮੈਹਲੀਂ ਗੁਰ ਆਂਵਦੇ ਨੀ।
ਮਾਤਾ ਰੀਗਾ ਅਗੇ ਲੈਣ ਵਾਰਨੇ ਤਾਂ
ਨੂੰਹ ਨਾਲ ਲੈ ਪਾਸ ਬੈਠਾਂਵਦੇ ਨੀ।"

ਜਦੋਂ ਮੀਰੀ-ਪੀਰੀ ਦੇ ਮਾਲਕ ਅੰਮ੍ਰਿਤਸਰ ਪੁੱਜੇ ਤਾਂ ਮਾਤਾ ਰੀਗਾ ਜੀ ਆਪਣੇ ਲਾਡਲੇ ਸਪੁੱਤਰ ਤੇ ਸਭ ਤੋਂ ਛੋਟੀ ਨੂੰਹ ਦਾ ਸਵਾਗਤ ਸ਼ਗਨਾਂ ਨਾਲ ਕਰਦੇ ਹਨ। ਗੁਰੂ ਕੇ ਮਹਲ ਵਿਚ ਭਾਵੇਂ ਮਾਤਾ ਮਹਾਂਦੇਵੀ ਜੀ ਸਭ ਤੋਂ ਛੋਟੇ ਸਨ ਪਰ ਉਨ੍ਹਾਂ ਨੂੰ ਮਾਤਾ ਰੀਗਾ ਜੀ ਨੇ ਸਤਿਕਾਰਯੋਗ ਥਾਂ ਦਿੱਤਾ। ਬਹੁਤ ਲਾਡ-ਪਿਆਰ ਕਰਨ ਲੱਗੇ ਕਿਉਂਕਿ ਮੰਡਿਆਲੀ ਪਿੰਡ ਦੀ ਇਹ ਮਿਲਾਪੜੀ ਮੁਟਿਆਰ ਹੋਣ ਕਰ ਕੇ ਜਿਥੇ ਸੱਸ ਦੇ ਦਿਲ ਵਿਚ ਬਹੁਤ ਹੀ ਜਲਦੀ ਵੱਸ ਗਏ ਸੀ, ਉਥੇ ਆਪਣੀਆਂ ਵੱਡੀਆਂ ਭੈਣਾਂ (ਸੌਂਕਣਾਂ) ਮਾਤਾ ਦਮੋਦਰੀ ਜੀ ਤੇ ਮਾਤਾ ਨਾਨਕੀ ਜੀ ਨਾਲ ਬੜਾ ਨਿੱਘ ਵਾਲਾ ਰਿਸ਼ਤਾ ਕਾਇਮ ਕਰ ਲਿਆ। ਉਹ ਦੋਨੋਂ ਵੀ ਇਨ੍ਹਾਂ ਨਾਲ ਡੂੰਘਾ ਪਿਆਰ ਕਰਨ ਲੱਗੇ। ਕਿਉਂਕਿ ਉਹ ਹੁਣ ਆਮ ਇਸਤਰੀ ਜਾਂ ਪਤਨੀ ਨਹੀਂ ਸਨ ਸਗੋਂ ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰੂ-ਮਹਿਲ ਸਨ। ਉਹ ਜੋ ਆਤਮਕ, ਮਾਨਸਿਕ ਤੇ ਸਰੀਰਕ ਤਿੰਨਾਂ ਪੱਖਾਂ ਸਭ ਤੋਂ ਨਿਰਾਲੇ ਸਨ। ਗੁਰੂ ਹਰਿਗੋਬਿੰਦ ਜੀ ਦੇ ਮਹਿਲ ਬਣ ਕੇ ਮਾਤਾ ਮਰਵਾਹੀ ਜੀ ਦੀ ਆਤਮਕ ਸਾਧਨਾ, ਸੰਗਤੀ ਮੇਲ ਸ਼ਖ਼ਸੀਅਤ ਪ੍ਰਭਾਵ ਤੇ ਸਮਾਜਿਕ ਜ਼ਿੰਮੇਵਾਰੀਆਂ ਹੋਰ ਵੱਧ ਗਈਆਂ।

ਮਾਤਾ ਮਹਾਂਦੇਵੀ ਜੀ ਦੀ ਪ੍ਰੇਮ ਭਾਵਨਾ ਵਿਚ ਅੰਤਾਂ ਦੀ ਤੀਬਰਤਾ ਸੀ। ਉਹ ਉਸ ਨਵੇਂ ਮਾਹੌਲ ਵਿਚ ਆਏ ਸਨ ਜਿਥੋਂ ਦਾ ਵਾਤਾਵਰਨ ਇਕ ਵੱਖਰੇ ਅਨੁਸ਼ਾਸਨ ਵਿਚ ਬੰਨ੍ਹਿਆ

ਹੋਇਆ ਸੀ। ਏਥੇ ਹਰ ਕੋਈ ਨਾਮ-ਸਿਮਰਨ ਵਿਚ ਲੀਨ ਸੀ। ਇਸੇ ਲਈ ਮਾਤਾ ਮਹਾਂਦੇਵੀ ਜੀ ਵੀ ਸਿਮਰਨ ਨਾਲ ਜੁੜ ਗਏ। ਮਿੱਠੇ ਤੇ ਠੰਡੇ ਸੁਭਾਅ ਕਰ ਕੇ ਗੁਰੂ-ਪਰਿਵਾਰ ਵਿਚ ਬਹੁਤ ਹੀ ਜਲਦੀ ਰਚ-ਮਿਚ ਗਏ। ਮਾਤਾ ਗੰਗਾ ਜੀ ਇਕ ਸੁਘੜ ਸਿਆਣੀ ਸੱਸ ਸਨ। ਉਨ੍ਹਾਂ ਨੇ ਆਪਣੇ ਲਾਡਲੇ ਸਪੁੱਤਰ ਦੇ ਤਿੰਨਾਂ ਮਹਿਲਾਂ ਨੂੰ ਇਕ ਨਜ਼ਰ ਨਾਲ ਵੇਖਿਆ। ਜਿਸ ਕਰ ਕੇ ਘਰ ਦਾ ਵਾਤਾਵਰਣ ਬੜਾ ਖ਼ੁਸ਼ਹਾਲ ਤੇ ਸ਼ਾਂਤਮਈ ਸੀ। ਮੀਰੀ-ਪੀਰੀ ਦੇ ਮਾਲਕ ਗੁਰਬਾਣੀ ਪੜ੍ਹਨ ਵਾਲਿਆਂ ਦਾ ਬਹੁਤ ਆਦਰ ਕਰਦੇ ਸਨ। ਇਹ ਗੱਲ ਮਾਤਾ ਮਹਾਂਦੇਵੀ ਜੀ ਨੂੰ ਭਲੀਭਾਂਤ ਪਤਾ ਸੀ—ਇਸ ਲਈ ਉਹ ਜਪੁਜੀ ਸਾਹਿਬ ਦਾ ਪਾਠ ਹਰ ਵੇਲੇ ਕਰਦੇ ਰਹਿੰਦੇ। ਜਦੋਂ ਗੁਰੂ ਸਾਹਿਬ ਉਨ੍ਹਾਂ ਦੇ ਮਹਲਾਂ ਵਿਚ ਆਉਂਦੇ ਤਾਂ ਗੁਰੂ ਸਾਹਿਬ ਬਹੁਤ ਪ੍ਰਸੰਨ ਹੁੰਦੇ।

ਮਾਤਾ ਮਹਾਂਦੇਵੀ ਜੀ ਨੇ ਗੁਰੂ ਕੇ ਮਹਿਲਾਂ ਵਿਚ ਲੰਗਰ ਦੀ ਪ੍ਰਥਾ ਨੂੰ ਵੇਖਿਆ ਜਿਸ ਨੂੰ ਗੁਰੂ-ਘਰ ਵਿਚ ਮਾਤਾ ਨੇ ਸ਼ੁਰੂ ਕੀਤਾ ਤੇ ਸੰਸਥਾ ਦਾ ਰੂਪ ਪ੍ਰਦਾਨ ਕੀਤਾ। ਇਨ੍ਹਾਂ ਤੋਂ ਬਾਅਦ ਆਉਣ ਵਾਲੇ ਸਾਰੇ ਗੁਰੂ-ਮਹਿਲਾਂ ਨੇ ਜਿਵੇਂ ਲੰਗਰ ਦੀ ਸੇਵਾ ਕਰਨ ਦੀ ਜ਼ਿੰਮੇਵਾਰੀ ਨਿਭਾਈ, ਇਸੇ ਤਰ੍ਹਾਂ ਮਾਤਾ ਮਹਾਂਦੇਵੀ ਜੀ ਨੇ ਵੀ ਮਾਤਾ ਗੰਗਾ ਜੀ ਦੀ ਸਰਪ੍ਰਸਤੀ ਹੇਠ ਲੰਗਰ ਦੀ ਸੇਵਾ ਵਿਚ ਆਪਣੇ-ਆਪ ਨੂੰ ਇਕ ਹਿੱਸਾ ਬਣਾ ਲਿਆ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਜਿਥੇ ਮਸੰਦਾਂ ਦੀ ਡਿਊਟੀ ਦਸਵੰਧ ਇਕੱਠੇ ਕਰਨ ਦੀ ਲਗਾਈ ਸੀ, ਇਸੇ ਤਰ੍ਹਾਂ ਲੰਗਰ ਦਾ ਸਾਰਾ ਪ੍ਰਬੰਧ ਮਾਤਾ ਮਹਾਂਦੇਵੀ ਜੀ ਦੀ ਹੀ ਜ਼ਿੰਮੇਵਾਰੀ ਸੀ।

ਮਾਤਾ ਮਹਾਂਦੇਵੀ ਜੀ ਦੀ ਕੁੱਖ ਤੋਂ 1674 ਨੂੰ ਸਪੁੱਤਰ ਦਾ ਜਨਮ ਅੰਮ੍ਰਿਤਸਰ ਵਿਚ ਹੋਇਆ। ਜਿਸ ਦਾ ਨਾਮ ਸੂਰਜ ਮਲ ਰੱਖਿਆ ਗਿਆ। ਸੂਰਜ ਮਲ ਤੋਂ ਵੱਡੇ ਵੀਰ ਬਾਬਾ ਗੁਰਦਿੱਤਾ ਜੀ ਮਾਤਾ ਦਮੋਦਰੀ ਦੀ ਕੁੱਖੋਂ ਪੈਦਾ ਹੋਏ ਸਨ। ਸੂਰਜ ਮਲ ਦੇ ਜਨਮ ਨਾਲ ਮਾਤਾ ਮਹਾਂਦੇਵੀ ਜੀ ਨੂੰ ਹਰ ਪਾਸੇ ਸਤਿਕਾਰਿਆ ਜਾਣ ਲੱਗ ਪਿਆ। ਉਨ੍ਹਾਂ ਦੇ ਮਨ ਵਿਚ ਮੀਰੀ-ਪੀਰੀ ਦੇ ਮਾਲਕ ਪਤੀ-ਪ੍ਰਮੇਸ਼ਵਰ ਲਈ ਹੋਰ ਪਿਆਰ ਉਮੜ ਉਮੜ ਪੈਂਦਾ। ਉਹ ਬੜੇ ਲਾਡ-ਪਿਆਰ ਨਾਲ ਸੂਰਜ ਮਲ ਦੀ ਪਾਲਨਾ ਕਰਨ ਲੱਗੇ। ਪਰ ਇਸ ਦੇ ਨਾਲ ਗੁਰੂ ਕੇ ਮਹਲ ਵਿਚ ਹੋਰ ਬੱਚਿਆਂ ਨਾਲ ਵੀ ਬਹੁਤ ਲਾਡ-ਪਿਆਰ ਕਰਦੇ। ਗੁਰੂ ਹਰਿਗੋਬਿੰਦ ਜੀ ਨੇ ਆਪਣੇ ਬੱਚਿਆਂ ਨੂੰ ਗੁਰਬਾਣੀ ਤੇ ਧਰਮ ਗ੍ਰੰਥਾਂ ਦੀ ਪੜ੍ਹਾਈ ਦੇ ਨਾਲ ਨਾਲ ਸ਼ਸਤਰਾਂ ਦੀ ਵਰਤੋਂ ਅਤੇ ਘੋੜਸਵਾਰੀ ਆਦਿ ਦੀ ਸਿਖਲਾਈ ਵੀ ਕਰਵਾਈ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਪੁੱਤਰ ਸਨ :

1. ਬਾਬਾ ਗੁਰਦਿੱਤਾ ਜੀ
2. ਬਾਬਾ ਸੂਰਜ ਮੱਲ ਜੀ
3. ਬਾਬਾ ਅਣੀ ਰਾਇ ਜੀ
4. ਬਾਬਾ ਅਟੱਲ ਰਾਇ ਜੀ
5. ਬਾਬਾ ਗੁਰੂ ਤੇਗ ਬਹਾਦਰ ਜੀ।

ਅਤੇ ਇਕ ਸਪੁੱਤਰੀ ਬੀਬੀ ਵੀਰੋ। ਜਿਸ ਦੇ ਨਾਲ ਮਾਤਾ ਮਹਾਂਦੇਵੀ ਜੀ ਦਾ ਖ਼ਾਸ ਕਿਸਮ ਦਾ ਪਿਆਰ ਸੀ। ਬੀਬੀ ਵੀਰੋ ਦੀ ਸ਼ਾਦੀ ਦੀ ਤਿਆਰੀ ਵਿਚ ਸਭ ਤੋਂ ਵੱਧ ਕੰਮ ਮਾਤਾ ਮਹਾਂਦੇਵੀ ਜੀ ਨੇ ਹੀ ਸੰਭਾਲਿਆ ਸੀ। ਗੁਰੂ ਜੀ ਨੇ ਚਾਰ ਯੁੱਧ ਲੜੇ। ਉਸ ਸਮੇਂ ਮਾਤਾ

ਮਹਾਂਦੇਵੀ ਮਾਤਾ ਗੰਗਾ ਜੀ ਤੇ ਮਾਤਾ ਦਮੋਦਰੀ ਤੇ ਮਾਤਾ ਨਾਨਕੀ ਜੀ ਨਾਲ ਅੰਮ੍ਰਿਤਸਰ ਗੁਰੂ ਕੇ ਮਹਲਾਂ ਵਿਚ ਰਹਿ ਕੇ ਭਜਨ-ਬੰਦਗੀ ਕਰਕੇ ਜੀਵਨ ਬਤੀਤ ਕਰਦੇ ।

ਤੀਸਰੀ ਲੜਾਈ ਉਸ ਵੇਲੇ ਆਰੰਭ ਹੋਈ ਜਦੋਂ ਬੀਬੀ ਵੀਰੋ ਦੇ ਵਿਆਹ ਦੀਆਂ ਤਿਆਰੀਆਂ ਬੜੀਆਂ ਧੂਮਧਾਮ ਨਾਲ ਕੀਤੀਆਂ ਜਾ ਰਹੀਆਂ ਸਨ । ਦੂਜੇ ਪਾਸੇ, ਮੁਗਲਾ ਤੇ ਸਿੱਖ ਗੁਰੂਆਂ ਵਿਚ ਤਣਾਉ ਦਾ ਜਨਮ ਹੋ ਚੁੱਕਿਆ ਸੀ । ਕਿਉਂਕਿ ਅਕਾਲ ਤਖ਼ਤ 'ਤੇ ਗੁਰੂ ਜੀ ਨੇ ਆਜ਼ਾਦੀ ਦਾ ਝੰਡਾ ਲਹਿਰਾਇਆ । ਇਸੇ ਲਈ ਦੂਜੇ ਪਾਸੇ ਦੋਨੋਂ ਧਿਰਾਂ ਵਿਚ ਜ਼ਬਰਦਸਤ ਝੜਪ ਹੋਈ । ਫੇਰ ਗੁਰੂ ਜੀ ਨੂੰ ਦਿੱਲੀ ਸੱਦਾ ਦੇ ਕੇ ਬੁਲਾ ਲਿਆ ਗਿਆ । ਫੇਰ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ । ਪਿੱਛੇ ਮਾਤਾ ਮਹਾਂਦੇਵੀ ਜੀ, ਮਾਤਾ ਗੰਗਾ ਜੀ ਨਾਲ ਮਾਤਾ ਦਮੋਦਰੀ ਜੀ ਤੇ ਮਾਤਾ ਨਾਨਕੀ ਜੀ ਨਾਲ ਉਸ ਅਕਾਲ ਪੁਰਖ ਦੀ ਰਜ਼ਾ ਨੂੰ ਸ਼ੁਕਰ ਕਰਕੇ ਮੰਨਦੇ ਤੇ ਹਰ ਘੜੀ ਪਤੀ ਦਾ ਸੁਖ ਉਸ ਅਕਾਲ ਕੋਲੋਂ ਮੰਗਦੇ ।

ਜਦੋਂ 1676 ਨੂੰ ਗੁਰੂ ਜੀ ਗਵਾਲੀਅਰ ਦੀ ਕੈਦ ਤੋਂ 52 ਰਾਜਿਆਂ ਨੂੰ ਮੁਕਤੀ ਦਿਵਾ ਕੇ ਅੰਮ੍ਰਿਤਸਰ ਪੁੱਜੇ । ਉਸ ਦਿਨ ਦੀਵਾਲੀ ਦਾ ਦਿਨ ਸੀ । ਉਨ੍ਹਾਂ ਦੇ ਵਾਪਸ ਪਰਤਣ ਦੀ ਖੁਸ਼ੀ ਵਿਚ ਸਾਰੇ ਸ਼ਹਿਰ ਨੂੰ ਦੀਪਮਾਲਾ ਨਾਲ ਸਜਾਇਆ ਗਿਆ । ਗੁਰੂ ਮਹਲਾਂ ਵਿਚ ਖ਼ਾਸ ਕਿਸਮ ਦੀ ਚਹਿਲ-ਪਹਿਲ ਹੋ ਗਈ । ਹੋਰ ਦੂਜੇ ਗੁਰੂ-ਮਹਿਲਾਂ ਨਾਲ ਅੱਜ ਮਾਤਾ ਮਹਾਂਦੇਵੀ ਜੀ ਵੀ ਚਾਈਂ-ਚਾਈਂ ਪਤੀ ਦੇ ਦਰਸ਼ਨਾਂ ਲਈ ਉਤਾਵਲੇ ਸਨ । ਗੁਰੂ ਸਾਹਿਬ ਪਹਿਲਾਂ ਹਰਿਮੰਦਰ ਸਾਹਿਬ ਤੇ ਫੇਰ ਅਕਾਲ ਬੁੰਗੇ ਪੁੱਜੇ । ਸਿੱਖ ਸੰਗਤਾਂ ਨੇ ਖੁੱਲ੍ਹੇ ਦਰਸ਼ਨ ਕੀਤੇ । ਫੇਰ ਗੁਰੂ ਮਹਲਾਂ ਵਿਚ ਚਰਨ ਪਾਏ । ਮਾਤਾ ਮਹਾਂਦੇਵੀ ਜੀ ਦੀ ਦਰਸ਼ਨ ਕਰਨ ਦੀ ਵਾਰੀ ਸਭ ਤੋਂ ਪਿੱਛੋਂ ਆਈ । ਪਰ ਉਨ੍ਹਾਂ ਤੋਂ ਤਾਂ ਗੁਰੂ ਜੀ ਦੇ ਅੰਮ੍ਰਿਤਸਰ ਪਰਤਣ ਦੀ ਖੁਸ਼ੀ ਸਮਾਈ ਨਹੀਂ ਜਾਂਦੀ ਸੀ । ਉਨ੍ਹਾਂ ਦੇ ਵਿਚ ਧੀਰਜ ਬਹੁਤ ਜ਼ੋਰਾਂ 'ਤੇ ਸੀ । ਸਵੇਰ ਤੋਂ ਲੈ ਕੇ ਸੰਧਿਆ ਵੇਲੇ ਉਨ੍ਹਾਂ ਦੀ ਉਡੀਕ ਦੀ ਘੜੀ ਟੁੱਟੀ । ਉਹ ਗੁਰੂ ਸਾਹਿਬ ਨੂੰ ਪਤੀ-ਪਰਮੇਸ਼ਵਰ ਹੀ ਨਹੀਂ ਸਮਝਦੇ ਸਨ ਸਗੋਂ ਗੁਰੂ ਰੂਪ ਸੱਚੇ ਪਾਤਸ਼ਾਹ ਵੀ ਮੰਨਦੇ ਸਨ । ਜਦੋਂ ਰਾਤ ਨੂੰ ਹਰਿਮੰਦਰ ਸਾਹਿਬ ਵਿਚ ਦੀਪਮਾਲਾ ਕੀਤੀ ਗਈ ਤੇ ਆਤਿਸ਼ਬਾਜ਼ੀ ਚਲਾਈ ਗਈ, ਉਸ ਵੇਲੇ ਮਾਤਾ ਮਹਾਂਦੇਵੀ ਜੀ ਦੀ ਪ੍ਰਸੰਨਤਾ ਦਾ ਕੋਈ ਅੰਤ ਨਹੀਂ ਸੀ ।

ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਅੰਮ੍ਰਿਤਸਰ ਰਹਿ ਕੇ ਅੰਮ੍ਰਿਤਸਰ ਦੀ ਸ਼ੋਭਾ ਵਧਾਉਣੀ ਸ਼ੁਰੂ ਕੀਤੀ । ਸਰੋਵਰ ਪਰਿਕਰਮਾ, ਬਾਗ, ਗੁਰੂ ਕੇ ਲੰਗਰ, ਅਕਾਲ ਬੁੰਗੇ ਵਿਚ ਖੂਹ ਲਗਵਾਏ । ਉਸ ਵੇਲੇ ਮਹਾਂਦੇਵੀ ਜੀ ਮਾਤਾ ਦਮੋਦਰੀ ਜੀ ਤੇ ਮਾਤਾ ਨਾਨਕੀ ਦੇ ਸਾਥ ਨਾਲ ਅੰਮ੍ਰਿਤਸਰ ਰਹਿ ਕੇ ਗੁਰੂ ਜੀ ਦੇ ਕਾਰਜਾਂ ਨੂੰ ਸਫਲ ਬਣਾਉਣ ਲਈ ਹੱਥੀਂ ਸੇਵਾ ਕੀਤੀ । ਗੁਰੂ ਤਾਂ ਸਿੱਖੀ ਦੇ ਪ੍ਰਚਾਰ ਕਰਨ ਲਈ ਸਾਰੇ ਪੰਜਾਬ ਦਾ ਦੌਰਾ ਕਰਿਆ ਕਰਦੇ ਸਨ, ਮਾਇਆ, ਅੰਨ, ਸੋਨਾ ਤੇ ਕਪੜੇ ਦੀ ਕੋਈ ਘਾਟ ਨਾ ਰਹੀ । ਉਹ ਸਾਰੀ ਭੇਟਾ ਸਤਿਗੁਰੂ ਜੀ ਅੰਮ੍ਰਿਤਸਰ ਭੇਜੀ ਗਏ । ਇਨ੍ਹਾਂ ਨੂੰ ਸਾਂਭਣ ਦਾ ਕੰਮ ਮਾਤਾ ਮਹਾਂਦੇਵੀ ਜੀ ਨੇ ਮਾਤਾ ਨਾਨਕੀ ਜੀ ਨਾਲ ਮਿਲ ਕੇ ਕੀਤਾ ।

ਇਸ ਤੋਂ ਇਲਾਵਾ ਗੁਰੂ ਕੇ ਮਹਲ ਦੀ ਹਰ ਖੁਸ਼ੀ ਵਿਚ ਮਾਤਾ ਮਹਾਂਦੇਵੀ ਜੀ ਸ਼ਾਮਲ ਹੁੰਦੇ । ਜਦੋਂ ਬਾਬਾ ਗੁਰਦਿੱਤਾ ਜੀ ਦੀ ਸ਼ਾਦੀ ਹੋਈ ਉਸ ਵੇਲੇ ਮਾਤਾ ਮਹਾਂਦੇਵੀ ਵੀ ਉਸ

ਖੁਸ਼ੀ ਦੇ ਮੌਕੇ ਵੇਲੇ ਗੁਰੂ-ਘਰ ਦੇ ਇਕ ਮੁਖੀ ਮੈਂਬਰ ਸਨ। ਉਨ੍ਹਾਂ ਨੇ ਵੀ ਪੁੱਤਰ ਦੇ ਵਿਆਹ ਦੇ ਸ਼ਗਨ ਮਨਾਏ। ਆਏ ਸਾਕ-ਸੰਬੰਧੀਆਂ ਦੇ ਖਾਣ-ਪੀਣ ਦਾ ਪ੍ਰਬੰਧ ਮਾਤਾ ਗੰਗਾ ਜੀ ਦੀ ਨਿਗਰਾਨੀ ਹੇਠ ਭਲੀਭਾਂਤ ਕੀਤਾ।

ਦੂਜੇ ਪਾਸੇ, ਗੁਰੂ ਜੀ ਦਾ ਹਕੂਮਤ ਨਾਲ ਤਣਾਅ ਵਧਦਾ ਜਾ ਰਿਹਾ ਸੀ। ਅੰਮ੍ਰਿਤਸਰ ਵਿਚ ਦੋਨੋਂ ਧਿਰਾਂ ਦੀ ਜ਼ਬਰਦਸਤ ਝੜਪ ਹੋਈ। ਤੀਸਰੀ ਲੜਾਈ ਉਸ ਵੇਲੇ ਆਰੰਭ ਹੋਈ ਜਦੋਂ ਬੀਬੀ ਵੀਰੋ ਦੇ ਵਿਆਹ ਦੀਆਂ ਤਿਆਰੀਆਂ ਬੜੀ ਧੂਮਧਾਮ ਨਾਲ ਕੀਤੀਆਂ ਜਾ ਰਹੀਆਂ ਸਨ। ਮੁਗਲ ਫ਼ੌਜਾਂ ਨੇ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ। ਗੁਰੂ ਜੀ ਨੀਤੀ ਨਿਪੁੰਨ ਸਨ। ਲੜਾਈ ਦਾ ਵੱਡਾ ਭਾਰਾ ਸਮਾਂ ਜਾਣ ਕੇ ਭਾਈ ਭਾਗ ਨੂੰ ਹੁਕਮ ਦਿੱਤਾ ਕਿ ਸਾਰੇ ਮਹਿਲ ਰਾਮਸਰ ਲੈ ਜਾਉ। ਹੋਰ ਕੁਝ ਨਹੀਂ ਚੁੱਕਣਾ। ਭਰਿਆ-ਭਕੁੰਨਾ ਘਰ ਛੱਡ ਕੇ ਚਲੇ ਗਏ। ਮਾਤਾ ਦਮੋਦਰੀ ਜੀ, ਬੀਬੀ ਵੀਰੋ ਦੇ ਵਿਆਹ ਵਿਚ ਵਿਘਨ ਪੈਂਦਾ ਵੇਖ ਕੇ ਬੜੀ ਘਬਰਾਈ। ਪਰ ਮਾਤਾ ਨਾਨਕੀ ਜੀ ਅਤੇ ਮਾਤਾ ਮਹਾਂਦੇਵੀ ਜੀ ਨੇ ਬੜਾ ਹੌਸਲਾ ਦਿੱਤਾ ਤੇ ਸਮਝਾਇਆ ਅਤੇ ਕਿਹਾ ਕਿ ਸਤਿਗੁਰੂ ਦਾ ਹੁਕਮ ਹੈ ਕਿ ਮਠਿਆਈ ਤੁਰਕ ਖਾਣਗੇ। ਸੋ ਉਨ੍ਹਾਂ ਦੇ ਵਾਕ ਬਿਰਥੇ ਨਹੀਂ ਹੋ ਸਕਦੇ। ਇਸ ਲਈ ਸ਼ਾਂਤੀ ਕਰ ਕੇ ਇਥੋਂ ਤੁਰੋ। ਜਦੋਂ ਗੁਰੂ ਜੀ ਦੇ ਹੁਕਮ ਅਨੁਸਾਰ ਮਾਤਾ ਮਰਵਾਹੀ ਜੀ ਤੇ ਨਾਲ ਮਾਤਾ ਦਮੋਦਰੀ ਅਤੇ ਮਾਤਾ ਨਾਨਕੀ ਜੀ ਰੱਥਾਂ ਡੋਲਿਆਂ ਵਿਚ ਅਮਨ-ਅਮਾਨ ਨਾਲ ਰਾਮਸਰ ਪੁੱਜੇ ਤਾਂ ਵੇਖਿਆ ਕਿ ਬੀਬੀ ਵੀਰੋ ਤਾਂ ਘਰੇ ਹੀ ਰਹਿ ਗਈ ਹੈ। ਉਸ ਨੂੰ ਸਿੱਖ ਮੁੜ ਕੇ ਲੈ ਕੇ ਆਏ। ਬੀਬੀ ਵੀਰੋ ਦੇ ਵਿਆਹ ਦੇ ਦੋ ਦਿਨ ਰਹਿ ਗਏ ਸਨ। ਫੇਰ ਗੁਰੂ ਜੀ ਨੇ ਹੁਕਮ ਦਿੱਤਾ ਕਿ ਜੰਞ ਝਬਾਲ ਪੁੱਜ ਜਾਵੇ। ਫੇਰ ਗੁਰੂ ਜੀ ਨੇ ਆਪਣੇ ਤਿੰਨੋਂ ਮਹਿਲ ਰਾਮਸਰ ਤੋਂ ਝਬਾਲ ਭੇਜ ਦਿੱਤੇ। ਕਿਤੇ ਤਾਂ ਬਚਨ ਕੀਤਾ ਸੀ ਕਿ ਵਿਆਹ ਦਾ ਕਾਰਜ ਕਰਨ ਲਈ ਉਥੇ ਪੁਜਦੇ ਹਾਂ।

ਪਰ ਇਨ੍ਹਾਂ ਦੋ ਦਿਨਾਂ ਵਿਚ ਹੀ ਗੁਰੂ ਸਾਹਿਬ ਨੇ ਚੌਥੀ ਲੜਾਈ ਲੜੀ। ਫੇਰ ਝਬਾਲ ਵਲ ਪਰਤੇ। ਉਥੇ ਜਾ ਕੇ ਵਿਆਹ ਦੀ ਤਿਆਰੀ ਲਈ ਹਲਵਾਈ ਬਿਠਾਏ ਤੇ ਰਾਤ ਨੂੰ ਬਰਾਤ ਆਈ। ਸਵੇਰੇ ਲਾਵਾਂ ਦਾ ਇੰਤਜ਼ਾਮ ਕੀਤਾ ਗਿਆ। ਬੀਬੀ ਵੀਰੋ ਦੇ ਵਿਆਹ ਵਾਸਤੇ ਜੋ ਜਗ੍ਹਾ ਸਜਾਈ ਸੀ ਉਥੇ ਮਾਣਕ ਹੀਰੇ ਮੋਤੀ ਜਵਾਹਰਾਤਾਂ ਨਾਲ ਸਜਾਵਟ ਕੀਤੀ ਸੀ। ਉਸ ਵੇਲੇ ਤੋਂ ਹੀ ਇਸ ਸਥਾਨ ਦਾ ਨਾਮ 'ਮਾਣਕ ਚੌਂਕ' ਝਬਾਲ ਪੈ ਗਿਆ ਹੈ।

ਗੁਰੂ ਜੀ ਦਾ ਡਰੋਲੀ ਜਾਣਾ ਤੇ ਉਥੇ ਮਾਤਾ ਦਮੋਦਰੀ ਦਾ ਸਰੀਰ ਤਿਆਗਣਾ। ਗੁਰੂ ਜੀ ਨੇ ਬਾਬਾ ਗੁਰਦਿੱਤਾ, ਮਾਤਾ ਨਾਨਕੀ ਜੀ ਤੇ ਤੇਗ ਬਹਾਦਰ ਜੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਸਮੇਤ ਕਰਤਾਰਪੁਰ ਤੋਰਿਆ। ਅਰ ਬਚਨ ਕੀਤਾ ਕਰਮੀ ਭਾਵ ਰੱਖਣਾ। ਸੂਰਜ ਮਲ ਤੇ ਉਨ੍ਹਾਂ ਦੀ ਮਾਤਾ ਮਰਵਾਹੀ ਜੀ ਨੂੰ ਕੀਰਤਪੁਰ ਤੋਰਿਆ। ਹੋਰ ਸਭ ਪਰਿਵਾਰ ਨੂੰ ਕੀਰਤਪੁਰ ਤੋਰ ਦਿੱਤਾ। ਇਸ ਤੋਂ ਪਹਿਲਾਂ ਮਾਤਾ ਗੰਗਾ ਜੀ ਪ੍ਰਲੋਕ ਸਿਧਾਰ ਗਏ ਸਨ। ਉਨ੍ਹਾਂ ਤੋਂ ਪਿੱਛੋਂ ਮਾਤਾ ਮਹਾਂਦੇਵੀ ਨੂੰ ਲਾਡ-ਪਿਆਰ ਕਰਨ ਵਾਲਾ ਨਹੀਂ ਰਿਹਾ ਸੀ। ਗੁਰੂ ਸਾਹਿਬ ਧਰਮ-ਪ੍ਰਚਾਰ ਲਈ ਬਾਹਰ ਜਾਂਦੇ, ਅੰਮ੍ਰਿਤਸਰ ਤੇ ਕੀਤਰਪੁਰ ਘਟ ਹੀ ਟਿਕਦੇ ਸਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਿਲੋਂ ਚਾਹੁੰਦੇ ਸਨ ਕਿ ਅਮਨ ਸਹਿਤ ਗੁਰਸਿੱਖੀ ਦਾ

ਪ੍ਰਚਾਰ ਕੀਤਾ ਜਾਵੇ । ਸਿੱਖ ਸੰਗਤ ਦੇ ਮਨਾਂ ਨੂੰ ਉੱਚਾ ਤੇ ਆਜ਼ਾਦ, ਦਿਲਾਂ ਨੂੰ ਸੁੱਚਾ; ਤੇ ਤਕੜਾ, ਤਨਾਂ ਨੂੰ ਨਰੋਇਆ ਤੇ ਬਲਵਾਨ ਬਣਾਇਆ ਜਾਵੇ । ਜੰਗਾਂ ਨੇ ਆਪ ਦੇ ਇਸ ਪ੍ਰੋਗਰਾਮ ਵਿਚ ਸਮੇਂ-ਸਮੇਂ ਰੁਕਾਵਟ ਪਾਈ । ਜਿਸ ਕਰ ਕੇ ਹਰੇਕ ਜੰਗ ਦੇ ਮੁੱਕਦਿਆਂ ਹੀ ਆਪ ਫਿਰ ਝਟਪਟ ਸਿੱਖੀ ਪ੍ਰਚਾਰ ਤੇ ਜਗਤ ਉੱਧਾਰ ਦੇ ਕੰਮ ਵਿਚ ਜੁਟ ਪੈਂਦੇ ਸਨ । ਕੀਰਤਪੁਰ ਵਿਚ ਹੀ ਛੇਵੇਂ ਪਾਤਸ਼ਾਹ ਵਿਸਾਖੀ ਦਾ ਦਿਨ ਮਨਾਉਂਦੇ । ਕੀਰਤਪੁਰ ਵਿਚ ਦੀਵਾਨ ਲੱਗਣੇ ਸ਼ੁਰੂ ਹੋਏ ਤੇ ਗੁਰੂ ਕਾ ਲੰਗਰ ਚਲਾਇਆ ਗਿਆ । ਮਾਤਾ ਮਹਾਂਦੇਵੀ ਜੀ ਹੀ ਇਸ ਸਾਰੇ ਲੰਗਰ ਦਾ ਪ੍ਰਬੰਧ ਕਰਦੇ । ਏਥੇ ਹੀ ਗੁਰੂ ਜੀ ਨੇ ਰਹਿ ਕੇ ਚਾਰ ਖੂਹ ਲਗਵਾਏ । ਧਰਮਸਾਲਾ ਤੇ ਕਈ ਹੋਰ ਇਮਾਰਤਾਂ ਤਿਆਰ ਕਰਵਾਈਆਂ । ਵਿਸਾਖੀ ਦਾ ਦੀਵਾਨ ਲੱਗਿਆ ਹੋਇਆ ਸੀ, ਦੂਰੋਂ-ਦੂਰੋਂ ਸੰਗਤਾਂ ਆਈਆਂ ਹੋਈਆਂ ਸਨ, ਖ਼ੁਸ਼ੀ ਦਾ ਵਾਤਾਵਰਣ ਸੀ । ਉਸ ਵੇਲੇ ਮਾਤਾ ਮਰਵਾਹੀ ਜੀ ਤੇ ਮਾਤਾ ਨਾਨਕੀ ਜੀ ਵੀ ਉਥੇ ਸਨ । ਉਸ ਦੀਵਾਨ ਵਿਚ ਸੂਰਜ ਮਲ ਆਏ ਜੋ ਇਸ ਵੇਲੇ ਜੁਆਨ ਤੇ ਸੁੰਦਰ ਸਨ । ਗੁਰੂ ਜੀ ਨੇ ਸੂਰਜ ਮਲ ਨੂੰ ਕੋਲ ਬਿਠਾਇਆ । ਉਥੇ ਸੰਗਤ ਵਿਚ ਹੀ ਪ੍ਰੇਮ ਚੰਦ ਨੇ ਸੂਰਜ ਮਲ ਨਾਲ ਆਪਣੀ ਬੇਟੀ ਦੀ ਸ਼ਾਦੀ ਲਈ ਖੜ੍ਹੇ ਹੋ ਕੇ ਬੇਨਤੀ ਕੀਤੀ :

"ਪ੍ਰੇਮ ਚੰਦ ਖਤ੍ਰੀ ਤਬੈ ਉਠਿਓ ਹਰ ਮਨ ਪਾਇ
ਕਰਤਾਰਪੁਰ ਬਸ ਹੋ ਪ੍ਰਭ ਸੁਆਮੀ
ਸੂਰਜਮਲ ਕੀ ਦਾਸੀ ਕੀਜੈ ।"

ਫੇਰ ਗੁਰੂ ਜੀ ਜੀ ਮਨਜ਼ੂਰੀ ਦੇ ਅਨੁਕੂਲ ਪ੍ਰੇਮ ਚੰਦ ਨੇ ਸੂਰਜ ਮਲ ਨੂੰ ਛੁਹਾਰਾ ਮੂੰਹ ਲਗਾਇਆ ।

"ਸੂਰਜ ਮਲ ਮਹਲੀ ਅਯੋ ਦੇਖ ਮਾਤ ਹਰਖਾਇ ।
ਮਾਤ ਮਰਵਾਹੀ ਆਨੰਦ ਸੋ ਦੇਵਤ ਦਾਨ ਮਹਾਇ ।"

ਇਸ ਸਮੇਂ ਮਾਤਾ ਮਰਵਾਹੀ ਨੂੰ ਅੰਤਾਂ ਦੀ ਖੁਸ਼ੀ ਸੀ । ਉਨ੍ਹਾਂ ਨੇ ਇਸ ਖੁਸ਼ੀ ਦੇ ਮੌਕੇ 'ਤੇ ਬਹੁਤ ਹੀ ਦਾਨ-ਪੁੰਨ ਕੀਤਾ । ਘਰ ਵਿਚ ਖੁਸ਼ੀ ਦਾ ਵਾਤਾਵਰਨ ਛਾ ਗਿਆ । ਗੁਰੂ-ਮਹਿਲਾਂ ਵਿਚ ਆ ਕੇ ਸੂਰਜ ਮਲ ਨੇ ਸਭ ਦੇ ਚਰਨ ਪਕੜੇ । ਬਾਬਾ ਗੁਰਦਿੱਤਾ ਜੀ ਨੇ, ਜੋ ਵੱਡੇ ਭਾਈ ਸਨ, ਸੂਰਜ ਮਲ ਨੂੰ ਇੰਝ ਸਿੱਖਿਆ ਦਿੱਤੀ :

"ਸੁਤ ਨਾਰੀ ਕੇ ਸੰਗ ਧਰ ਧਿਆਨ ਕਬ ਹੀ ਕੀਨ ।"

ਫੇਰ ਪ੍ਰੇਮ ਚੰਦ ਨਾਲ ਗੱਲ ਪੱਕੀ ਹੋਣ ਤੇ ਵਿਆਹ ਦੀ ਚਿੱਠੀ ਭੇਜਣ ਦੀ ਸਲਾਹ ਕੀਤੀ । ਫੇਰ ਵਿਆਹ ਦੀ ਤਿਆਰੀ ਸ਼ੁਰੂ ਹੋ ਗਈ । ਹਲਵਾਈ ਬਿਠਾਏ ਗਏ । ਭਾਈ ਬਿਧੀਏ ਨੂੰ ਸਾਰੀ ਡਿਊਟੀ ਦਿੱਤੀ ਗਈ । ਸੂਰਜ ਮਲ ਦੀ ਸ਼ਾਦੀ ਦੀ ਖ਼ਬਰ ਸਭ ਤੋਂ ਪਹਿਲਾਂ ਮਾਤਾ ਮਰਵਾਹੀ ਦੇ ਪੇਕੇ ਮੰਡਿਆਲੀ ਘੱਲੀ ਗਈ :

"ਮਾਤ ਮਰਵਾਹੀ ਮਾਤ ਪਿਲਾਇ
ਦਈ ਬਧਾਈ ਅਰਕ ਸਿਧਾਇ
ਬਧਾਈ ਸੁਨ ਭਾਗਣ ਸੁਖ ਪਾਯੋ ।"

ਫੇਰ ਜੰਞ ਦੀ ਤਿਆਰੀ ਕੀਤੀ । ਸੂਰਜ ਮਲ ਨੂੰ ਮਾਤਾ ਮਰਵਾਹੀ ਨੇ ਲਾੜਾ ਸਜਾਇਆ । ਪੈਸੇ ਸੁੱਟਦਿਆਂ ਖ਼ੁਸ਼ੀ ਮਨਾਉਂਦਿਆਂ, ਆਤਿਸ਼ਬਾਜ਼ੀ ਚਲਾਉਂਦਿਆਂ, ਬਰਾਤ ਪ੍ਰੇਮ ਚੰਦ ਦੇ

ਦਰਵਾਜ਼ੇ 'ਤੇ ਪੁੱਜੀ। ਉਸ ਨੇ ਅੱਗੇ ਵਧ ਕੇ ਬਰਾਤ ਦਾ ਸਵਾਗਤ ਕੀਤਾ। ਇਸ ਤਰ੍ਹਾਂ ਕਵੀ ਨੇ ਬਿਆਨ ਕੀਤਾ ਹੈ :

"ਸੰਮਤ ਸੋਰਹ ਸੈ ਸੁਖਦ ਛਿਆਸੀ ਮਾਸ ਵਿਸਾਖ
ਵਾਲੇ ਦਿਨ ਸੂਰਜ ਮਲ ਦੇ ਅਨੰਦ ਕਾਰਜ ਹੋਏ।"

ਉਸ ਵੇਲੇ ਮਾਤਾ ਮਰਵਾਹੀ ਤੇ ਨਾਨੀ ਭਾਗਨਿ ਬਹੁਤ ਹੀ ਪ੍ਰੰਸਨ ਸਨ। ਗੁਰੂ ਜੀ ਨੇ ਆਪਣੇ ਸੱਸ ਸਹੁਰੇ ਨੂੰ ਸ਼ਾਦੀ ਵਿਚ ਪੂਰਾ ਮਾਣ ਦਿੱਤਾ :

ਸ੍ਰੀ ਗੁਰਮਾਨ ਧਰਾਇ ਜਾਨ
ਸਸੁਰ ਆਦਰ ਕੀਉ
ਭਾਗਨਿ ਮਨ ਮੋਂ ਅਨੰਦ ਭਈ
ਸਭੀ ਮਾਤ ਕੋ ਦਈ ਬਧਾਈ
ਮਿਲ ਮਰਵਾਹੀ ਆਨੰਦ ਧਾਰੁ।

ਇਸ ਤਰ੍ਹਾਂ ਮਾਤਾ ਮਰਵਾਹੀ ਜੀ ਨੇ ਆਪਣੇ ਸਪੁੱਤਰ ਦੀ ਸ਼ਾਦੀ ਦੀ ਖੁਸ਼ੀ ਮਨਾਈ। ਸੂਰਜ ਮਲ ਦੇ ਨਾਲ ਮਾਤਾ ਜੀ ਦਾ ਖ਼ਾਸ ਕਿਸਮ ਦਾ ਪਿਆਰ ਸੀ। ਜਦੋਂ ਗੁਰੂ ਹਰਿਗੋਬਿੰਦ ਜੀ ਨੇ 1698 ਨੂੰ ਗੁਰਗੱਦੀ ਗੁਰੂ ਹਰਿ ਰਾਇ ਜੀ ਨੂੰ ਦੇਣ ਦੀ ਸੋਚੀ, ਉਸ ਵੇਲੇ ਮਸੰਦਾਂ ਦੇ ਕਹਿਣ 'ਤੇ ਮਾਂ ਹੋਣ ਕਰ ਕੇ ਗੁਰੂ ਜੀ ਨੂੰ ਸੂਰਜ ਮਲ ਨੂੰ ਗੁਰਗੱਦੀ ਦੇਣ ਲਈ ਬੇਨਤੀ ਕੀਤੀ ਤਾਂ ਗੁਰੂ ਹਰਿਗੋਬਿੰਦ ਜੀ ਨੇ ਕਿਹਾ ਕਿ ਸੂਰਜ ਮਲ ਦੀ ਝੁਕਾਅ ਦੁਨੀਆਦਾਰੀ ਵਲ ਵਧੇਰੇ ਹੈ। ਗੁਰੂ ਸਾਹਿਬ ਨੇ ਬੇਨਤੀ ਸੁਣ ਕੇ ਫਰਮਾਇਆ ਕਿ ਇਸ ਦੀ ਔਲਾਦ ਸਰਕਾਰ ਅਖਵਾਏਗੀ। ਉਨ੍ਹਾਂ ਨੂੰ ਦੁਨੀਆ ਵਿਚ ਕਿਸੇ ਚੀਜ਼ ਦੀ ਥੁੜ੍ਹ ਨਹੀਂ ਹੋਵੇਗੀ। ਇਸ ਦੀ ਔਲਾਦ ਨੂੰ ਸਰਕਾਰੇ-ਦਰਬਾਰੇ ਹਰ ਥਾਂ ਮਾਣ ਪ੍ਰਾਪਤ ਹੋਵੇਗਾ। ਇਸ ਗੱਦੀ ਵਾਸਤੇ ਤਪੱਸਿਆ ਦੀ ਲੋੜ ਹੈ। ਜਦੋਂ ਮਾਤਾ ਮਰਵਾਹੀ ਜੀ ਨੇ ਗੁਰੂ ਜੀ ਦਾ ਉੱਤਰ ਸੁਣਿਆ ਤਾਂ ਉਨ੍ਹਾਂ ਦੇ ਹੁਕਮ ਅੱਗੇ ਖੁਸ਼ੀ ਨਾਲ ਸਿਰ ਝੁਕਾ ਦਿੱਤਾ। ਉਨ੍ਹਾਂ ਤਾਂ ਮਸੰਦਾਂ ਦੀ ਸਿਖਾਵਟ ਨਾਲ ਲਾਲਸਾ ਪ੍ਰਗਟ ਕੀਤੀ ਸੀ।

ਮਾਤਾ ਮਰਵਾਹੀ ਜੀ ਗੁਰੂ ਮਹਿਲ ਦੇ ਪਰਿਵਾਰ ਦੇ ਇਕ ਮੈਂਬਰ ਸਨ। ਉਨ੍ਹਾਂ ਨੇ ਗੁਰ-ਮਹਲਾਂ ਵਿਚ ਰਹਿ ਕੇ ਤੇ ਉਸ ਵਾਤਾਵਰਨ ਦੇ ਅਨੁਸਾਰ ਬੰਦਗੀ ਵਾਲਾ ਜੀਵਨ ਬਤੀਤ ਕੀਤਾ। ਇਨ੍ਹਾਂ ਨੂੰ ਜਿਥੇ ਗੁਰੂ ਹਰਿਗੋਬਿੰਦ ਜੀ ਦੇ ਨਾਲ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ, ਉਥੇ ਗੁਰੂ ਤੇਗ ਬਹਾਦਰ ਤੇ ਗੁਰੂ ਹਰਿ ਰਾਇ ਜੀ ਦੀ ਪਾਲਣਾ ਕਰਨ ਦਾ ਵੀ ਸੁਨਹਿਰੀ ਮੌਕਾ ਮਿਲਿਆ। ਇਨ੍ਹਾਂ ਨੇ ਮਾਤਾ ਨਾਨਕੀ ਜੀ ਨਾਲ ਗੁਰੂ ਤੇਗ ਬਹਾਦਰ ਦੀ ਪਾਲਣਾ-ਪੋਸਣਾ ਵਿਚ ਵੀ ਹਿੱਸਾ ਪਾਇਆ। ਸੂਰਜ ਮਲ ਦੀ ਸ਼ਾਦੀ ਵੇਲੇ ਹੀ ਗੁਰੂ ਤੇਗ ਬਹਾਦਰ ਲਈ ਵੀ ਬੀਬੀ ਗੁਜਰੀ ਨਾਲ ਰਿਸ਼ਤੇ ਦੀ ਗੱਲ ਪੱਕੀ ਹੋ ਗਈ ਸੀ। ਮਾਤਾ ਮਰਵਾਹੀ ਜੀ ਨੂੰ ਇਸ ਸ਼ੁਭ ਘੜੀ ਵਿਚ ਸ਼ਾਮਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ।

ਗੁਰੂ ਹਰਿਗੋਬਿੰਦ ਜੀ ਨੇ ਮਾਤਾ ਮਰਵਾਹੀ ਜੀ ਨੂੰ ਸੂਰਜ ਮਲ ਨਾਲ ਕੀਰਤਪੁਰ ਰਹਿਣ ਦਾ ਪ੍ਰਬੰਧ ਕਰ ਦਿੱਤਾ। ਕਾਫ਼ੀ ਚਿਰ ਬਾਅਦ ਗੁਰੂ ਜੀ ਜਦੋਂ ਕੀਰਤਪੁਰ ਪੁੱਜੇ ਤਾਂ ਉਸ ਵੇਲੇ ਸੂਰਜ ਮਲ ਨੇ ਤੇ ਮਾਤਾ ਮਰਵਾਹੀ ਜੀ ਨੇ ਗੁਰੂ ਜੀ ਦਾ ਸਵਾਗਤ ਇੰਝ ਕੀਤਾ :

"ਸੂਰਜ ਮਲ ਜੀ ਨੇ ਬੜਾ ਅਦਬ ਕੀਤਾ

ਪੰਜ ਕੋਹਾਂ ਪਰ ਲੈਣ ਨੂੰ ਧਾਇ ਗਏ ।
ਮੈਹਲ ਮਾਤਾ ਮਰਵਾਹੀ ਨੇ ਆਰਤੀ ਕਰ
ਰੋਸ਼ਨੀ ਵੜੈ ਖੂਬ ਜਗਾਇ ਗਏ । ਦੀਪ-
ਮਾਲਾ ਹੋਈ ਸਾਰੇ ਘਰੀ ਸਾਰੇ ਖਾਤਰ
ਦਰਸ਼ਨਾਂ ਦੇ ਲੋਕੀਂ ਆਇ ਗਏ ।"

ਗੁਰੂ ਜੀ ਕੀਰਤਪੁਰ ਹੀ 6 ਚੇਤਰ 1701 ਨੂੰ ਜੋਤੀ-ਜੋਤਿ ਸਮਾ ਗਏ । ਇਨ੍ਹਾਂ ਤੋਂ ਬਾਅਦ ਮਾਤਾ ਮਰਵਾਹੀ ਨੇ ਬਾਕੀ ਦੀ ਜ਼ਿੰਦਗੀ ਭਗਤੀ ਤੇ ਬੰਦਗੀ ਵਿਚ ਬਤੀਤ ਕੀਤੀ । 1702 ਨੂੰ ਮਾਤਾ ਮਰਵਾਹੀ ਜੀ ਪ੍ਰਲੋਕ ਸਿਧਾਰ ਗਏ । ਕੀਰਤਪੁਰ ਵਿਚ ਇਨ੍ਹਾਂ ਦਾ ਅੰਗੀਠਾ ਮੌਜੂਦ ਹੈ । ਇਨ੍ਹਾਂ ਦੇ ਸਪੁੱਤਰ ਸੂਰਜ ਮਲ ਦੀ ਸੰਤਾਨ 'ਅਨੰਦਪੁਰੀਏ ਸੋਢੀਂ' ਦੇ ਨਾਂ ਨਾਲ ਮਸ਼ਹੂਰ ਹਨ । ਜਿਥੇ ਮਾਤਾ ਮਹਾਂਦੇਵੀ ਜੀ ਗੁਰੂ-ਮਹਿਲ ਸਨ, ਉਥੇ ਰਿਸ਼ਤੇ ਵਿਚ ਉਨ੍ਹਾਂ ਨੂੰ ਗੁਰੂ ਤੇਗ ਬਹਾਦਰ ਜੀ ਦੀ ਮਾਤਾ ਜੀ ਤੇ ਗੁਰੂ ਹਰਿ ਰਾਇ ਜੀ ਦੀ ਦਾਦੀ ਤੇ ਗੁਰੂ ਹਰਿਕ੍ਰਿਸ਼ਨ ਜੀ ਦੀ ਪੜਦਾਦੀ ਹੋਣ ਦਾ ਮਾਣ ਪ੍ਰਾਪਤ ਹੋਇਆ ।

ਸਹਾਇਕ ਪੁਸਤਕਾਂ ਦੀ ਸੂਚੀ

1. 'ਸੋਢੀ ਚਮਤਕਾਰ' (ਕਵਿ ਚੂੜਾਮਣਿ ਭਾਈ ਸੰਤੋਖ ਸਿੰਘ) ਸੂਰਜ ਪ੍ਰਕਾਸ਼ ਦਾ ਵਾਰਤਕ ਟੀਕਾ ।
2. 'ਸੂਰਜ ਪ੍ਰਕਾਸ਼' ਦਾ ਵਾਰਤਕ ਟੀਕਾ ਕਵਿ ਭਾਈ ਸੰਤੋਖ ਸਿੰਘ) ਇਤਿਹਾਸਕਾਰ ਗਿਆਨੀ ਗਿਆਨ ਸਿੰਘ ।
3. 'ਗੁਰੂ ਇਤਿਹਾਸ ਪਾਤਸ਼ਾਹੀ 2 ਤੋਂ 9 ਤਕ', ਲੇਖਕ : ਪ੍ਰੋ. ਸਾਹਿਬ ਸਿੰਘ ।
4. 'ਸ੍ਰੀ ਖੜਗਧਾਰੀ ਹੁਲਾਸ', ਲੇਖਕ ਭਾਈ ਜੋਧ ਸਿੰਘ ।
5. ਕਵਿ ਸੋਹਨ ਜੀ ਕ੍ਰਿਤ ਗੁਰਬਿਲਾਸ ਪਾਤਸ਼ਾਹੀ 6, ਟਿੱਪਣੀ ਸਮੇਤ ਸੰਪਾਦਕ : ਗਿਆਨੀ ਮਹਿੰਦਰ ਸਿੰਘ ਗਿੱਲ ।
6. ਮਹਾਨ ਕੋਸ਼, ਲੇਖਕ : ਭਾਈ ਕਾਨ੍ਹ ਸਿੰਘ ਨਾਭਾ ।
7. ਸਿੱਖ ਇਤਿਹਾਸ ਭਾਗ ਪਹਿਲਾ, ਲੇਖਕ : ਪ੍ਰੋ. ਕਰਤਾਰ ਸਿੰਘ ।

ਮਾਤਾ ਕਿਸ਼ਨ ਕੌਰ ਜੀ

ਮਾਤਾ ਕਿਸ਼ਨ ਕੌਰ ਜੀ ਸਿੱਖ ਧਰਮ ਦੇ ਇਸਤਰੀ-ਪ੍ਰਚਾਰਕਾਂ ਵਿਚੋਂ ਇਕ ਆਦਰਸ਼ਕ, ਪ੍ਰਮਾਣਿਕ ਤੇ ਪ੍ਰਸਿੱਧ ਪ੍ਰਚਾਰਕ ਹੋਏ ਹਨ ਜਿਨ੍ਹਾਂ ਨੇ ਗੁਰੂ-ਮਹਿਲ ਹੁੰਦਿਆਂ ਵੀ ਘਰ ਦੀ ਚਾਰਦੀਵਾਰੀ ਵਿਚ ਵੀ ਤੇ ਦੂਰ-ਨੇੜੇ ਬਾਹਰ ਨਿਕਲ ਕੇ ਜਗਤ ਜਲੰਦੇ ਦੀ ਨਿਸ਼ਕਾਮ ਸੇਵਾ ਕਰ ਕੇ ਪ੍ਰਭੂ ਨੂੰ ਰਿਝਾਇਆ ਤੇ ਤਪਤ ਹਿਰਦਿਆਂ ਨੂੰ ਸੀਤਲਾਇਆ ।

ਇਸ ਕੰਮ ਨੂੰ ਨੇਪਰੇ ਚੜ੍ਹਾਉਣ ਲਈ ਉਨ੍ਹਾਂ ਦੋ ਤਰ੍ਹਾਂ ਦੇ ਲੰਗਰ ਚਲਾਏ ਤੇ ਮਾਤਾ ਖੀਵੀ ਜੀ ਦੀ ਪ੍ਰਥਾ ਨੂੰ ਤਨੋਂ-ਮਨੋਂ ਜੀਅ ਹੂਲ ਕੇ ਅਗਾਂਹ ਤੋਰਿਆ । ਉਹ ਲੰਗਰ ਸਨ :

1. ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥...॥2॥
2. ਲੰਗਰ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥...॥3॥

(ਰਾਮਕਲੀ ਕੀ ਵਾਰ, ਰਾਇ ਬਲਵੰਡ ਤਥਾ ਸਤੇ ਡੂਮ ਆਖੀ, ਪੰਨਾ 966-67)

ਜਿਥੇ ਆਪ ਜੀ ਨੂੰ ਸਪਤਮ ਪਾਤਸ਼ਾਹ, ਸ੍ਰੀ ਗੁਰੂ ਹਰਿ ਰਾਇ ਜੀ ਦੀ ਸੁਪਤਨੀ ਹੋਣ ਦਾ ਮਾਣ ਪ੍ਰਾਪਤ ਹੈ, ਉਥੇ ਅਸ਼ਟਮ ਗੁਰੂ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਮਾਤਾ ਹੋਣ ਦਾ ਵੀ ਸੁਭਾਗ ਪ੍ਰਾਪਤ ਹੈ। ਆਪ ਜੀ ਪ੍ਰਭੂ ਕਿਰਪਾ ਨਾਲ ਗੁਰੂ-ਮਹਿਲ ਵੀ ਹਨ ਤੇ ਗੁਰੂ-ਮਾਤਾ ਵੀ ਹਨ।

ਪੇਸ਼ਤਰ ਇਸ ਦੇ ਕਿ ਆਪ ਜੀ ਦੀ ਜੀਵਨੀ 'ਤੇ ਕੋਈ ਵਿਸ਼ੇਸ਼ ਚਾਨਣਾ ਪਾਇਆ ਜਾਏ, ਉਚਿਤ ਹੋਵੇਗਾ ਕਿ ਸਿੱਖ ਧਰਮ ਦੇ ਆਰੰਭ ਹੋਣ ਤੋਂ ਪਹਿਲਾਂ, ਪ੍ਰਚੱਲਿਤ ਧਰਮਾਂ ਦੇ ਇਸਤਰੀ ਜ਼ਾਤੀ ਸੰਬੰਧੀ ਕੀ ਵਿਚਾਰ ਸਨ, ਨੂੰ ਵੀ ਘੋਖਿਆ ਜਾਏ ਤਾਂ ਜੋ ਪਤਾ ਲੱਗ ਸਕੇ ਕਿ ਸਿੱਖ ਧਰਮ ਨੇ ਇਸਤਰੀ ਜਾਤੀ ਨੂੰ ਕਿਸ ਪੱਧਰ ਤੋਂ ਚੁੱਕਿਆ ਤੇ ਕਿਸ ਉੱਚਤਾ ਤੇ ਉਸ ਨੂੰ ਆ ਖੜ੍ਹਾ ਕੀਤਾ ਹੈ। ਇਹ ਇਸ ਲਈ ਤਾਂ ਜੋ ਅਸੀਂ ਮਾਤਾ ਜੀ ਦੀਆਂ ਕਰਨੀਆਂ ਨੂੰ ਭਲੀ ਪ੍ਰਕਾਰ ਸਮਝ ਸਕੀਏ।

2

ਗੁਰੂ ਨਾਨਕ ਜੀ ਦੇ ਪ੍ਰਕਾਸ਼ਮਾਨ ਹੋਣ ਤੋਂ ਪਹਿਲਾਂ ਹਿੰਦੂ ਸੱਭਿਅਤਾ ਵਿਚ ਇਸਤਰੀਆਂ ਨੂੰ 'ਸ਼ੂਦਰ' ਤਸੱਵਰ ਕੀਤਾ ਜਾਂਦਾ ਸੀ। ਸਰਦਾਰ ਕਪੂਰ ਸਿੰਘ ਜੀ ਆਪਣੀ ਰਚਿਤ ਪੁਸਤਕ 'ਗੁਰੂ ਗੋਬਿੰਦ ਸਿੰਘ ਜੀ ਦੀ ਵਿਸਾਖੀ' ਵਿਚ ਲਿਖਦੇ ਹਨ :

> "ਭਾਵੇਂ ਹਰ ਯੁਗ ਦੀਆਂ ਹਿੰਦੂ ਧਰਮ ਪੁਸਤਕਾਂ ਵਿਚ ਇਸਤਰੀ ਦਾ ਜ਼ਿਕਰ ਬੜੇ ਆਦਰ ਤੇ ਪਿਆਰ ਨਾਲ ਕੀਤਾ ਗਿਆ ਹੈ, ਹਿੰਦੂ ਸਮਾਜ ਵਿਚ ਉਸ ਦਾ ਸਥਾਨ ਪੁਰਸ਼ਾਂ ਕੋਲੋਂ ਸਦਾ ਹੀ ਨੀਵਾਂ ਅਤੇ ਪੁਰਸ਼ ਦੇ ਮੁਤਹਿਤ ਰਿਹਾ ਹੈ।"

ਉਪਰੋਕਤ ਵਿਚਾਰ ਦੇ ਸਬੂਤ ਵਿਚ ਉਹ ਮਿਸਟਰ ਐਲ. ਬ੍ਰਾਸਮ ਦੀ ਲਿਖੀ ਪੁਸਤਕ 'ਇੰਡੀਆ' ਵਿਚੋਂ ਇਕ ਹਵਾਲਾ ਦੇਂਦੇ ਹਨ, ਜਿਸ ਦਾ ਅਨੁਵਾਦ ਹੈ :

> "ਕੁੰਵਾਰੀ ਨੂੰ ਆਪਣੇ ਮਾਪਿਆਂ ਦੀ ਆਗਿਆ ਵਿਚ ਰਹਿਣਾ ਪੈਂਦਾ ਸੀ। ਜਵਾਨ ਹੋ ਕੇ ਪਤੀ ਦੇ ਹੁਕਮ ਵਿਚ ਅਤੇ ਵਿਧਵਾ ਹੋਣ ਤੇ ਆਪਣੇ ਪੁੱਤਰਾਂ ਦੀ ਆਗਿਆ ਵਿਚ। ਬੁੱਧ ਧਰਮ ਦੇ ਖੁੱਲ੍ਹ-ਪ੍ਰਦਾਤਾਂ ਨਿਯਮਾਂ ਅਨੁਸਾਰ ਵੀ ਇਕ ਭਿਕਸ਼ਣੀ ਨੂੰ, ਭਾਵੇਂ ਉਹ ਧਰਮ-ਪਾਲਣ ਵਿਚ ਕਿਤਨੀ ਵੀ ਅਗੇਰੇ ਕਿਉਂ ਨਾ ਵਧ ਗਈ ਹੋਵੇ, ਭਿਕਸ਼ੂਆਂ ਵਿਚ ਨਵੇਂ ਆਏ ਤੇ ਆਯੂ ਵਿਚ ਛੋਟੇ ਤੋਂ ਛੋਟੇ ਭਿਕਸ਼ੂ ਦੇ ਅਧੀਨ ਰਹਿਣਾ ਪੈਂਦਾ ਸੀ। ਪਹਿਲੀਆਂ ਸਿਮਰਤੀਆਂ ਵਿਚ ਭਾਵੇਂ ਉਹ ਕਿਸੇ ਵਰਣ ਦੀ ਹੋਵੇ, ਉਸ ਦਾ (ਇਸਤਰੀ ਦਾ) ਸਮਾਜਿਕ ਸਥਾਨ 'ਸ਼ੂਦਰ' ਵਰਗਾ ਹੀ ਸੀ।"

ਮਹਾਭਾਰਤ ਕਿਸੇ ਤੋਂ ਭੁੱਲਾ ਹੋਇਆ ਨਹੀਂ। ਉਸ ਵਿਚ ਅਸੀਂ ਪ੍ਰਤੱਖ ਵੇਖਦੇ ਹਾਂ ਕਿ ਧਰਮ-ਪੁੱਤਰ ਯੁਧਿਸ਼ਟਰ ਆਪਣੀ ਧਰਮ ਪਤਨੀ ਨੂੰ ਜੂਏ ਵਿਚ ਹਾਰ ਦੇਂਦਾ ਹੈ।

ਇਤਿਹਾਸ ਇਸ ਗੱਲ ਦਾ ਵੀ ਗਵਾਹ ਹੈ ਕਿ ਸਤਿਵਾਦੀ ਰਾਜਾ ਹਰੀਸ਼ਚੰਦਰ ਇਕ ਬ੍ਰਾਹਮਣ ਨੂੰ ਦਾਨ ਦੇਣ ਲਈ ਮਜਬੂਰਨ ਆਪਣੀ ਸੁਪਤਨੀ ਤਾਰਾ ਰਾਣੀ ਨੂੰ ਨਿਖਾਸ ਵਿਚ ਵੇਚ ਦੇਂਦਾ ਹੈ। ਇਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਇਸਤਰੀ ਵੀ ਪੁਰਸ਼ ਦਾ ਧਨ,

ਜ਼ਮੀਨ, ਮਕਾਨ ਆਦਿ ਵਾਂਗ ਜਾਇਦਾਦ ਹੀ ਹੈ, ਜਿਸ ਨੂੰ ਉਹ ਚਾਹੇ ਤਾਂ ਜੂਏ ਵਿਚ ਹਾਰ ਦੇਵੇ ਜਾਂ ਆਪਣੀ ਕਿਸੇ ਲੋੜ ਨੂੰ ਪੂਰਾ ਕਰਨ ਲਈ ਵੇਚ ਦੇਵੇ ।

ਕੀ ਦੁਸ਼ਾਸਨ ਦਾ ਦਰੋਪਦੀ ਨੂੰ ਭਰੀ ਸਭਾ ਵਿਚ ਨਗਨ ਕਰਨ ਦਾ ਯਤਨ ਕਰਨਾ ਇਸਤਰੀ ਨੂੰ ਸਮਾਜਿਕ ਪੱਧਰ 'ਤੇ ਅਤਿ ਦਾ ਨੀਵਾਂ ਸਮਝਣ ਦਾ ਇਕ ਪ੍ਰਤੱਖ ਸਬੂਤ ਨਹੀਂ ?

ਕਿਹਾ ਜਾਂਦਾ ਹੈ ਕਿ ਜਨੇਊ ਪਾਉਣ ਦੀ ਰਸਮ ਕਿਸੇ ਬ੍ਰਹਮਚਾਰੀ ਦੇ ਵਿਦਿਆ ਦੇ ਆਰੰਭ ਕਰਨ ਵੇਲੇ ਅਦਾ ਕਰਨੀ ਲਾਜ਼ਮੀ ਹੁੰਦੀ ਸੀ ਪਰ ਇਸਤਰੀ ਨਾ ਤੇ ਵੇਦ-ਵਿਦਿਆ ਪ੍ਰਾਪਤ ਕਰ ਸਕਦੀ ਸੀ ਤੇ ਨਾ ਹੀ ਜਨੇਊ ਪਾਉਣ ਦੀ ਅਧਿਕਾਰੀ ਸੀ ।

ਜੈਨ ਧਰਮ ਪ੍ਰਚਾਰਕਾਂ ਦਾ ਖ਼ਿਆਲ ਹੈ ਇਸਤਰੀ ਦੀ ਮੁਕਤੀ ਹੋ ਹੀ ਨਹੀਂ ਸਕਦੀ । ਜੈਨ ਮਤਿ ਅਨੁਸਾਰ ਮੁਕਤੀ ਹੇਠ ਲਿਖੀਆਂ ਤਿੰਨ ਚੀਜ਼ਾਂ 'ਤੇ ਨਿਰਭਰ ਕਰਦੀ ਹੈ :

1. ਚਰਿਤਰ 2. ਗਿਆਨ 3. ਦਰਸ਼ਨ

ਚਰਿੱਤਰ ਤੋਂ ਭਾਵ ਹੈ ਆਚਰਣ । ਗਿਆਨ 'ਵਿਸ਼ੇਸ਼ ਗਿਆਨ' ਦੇ ਅਰਥਾਂ ਵਿਚ ਲਿਆ ਜਾਂਦਾ ਹੈ ਅਤੇ ਦਰਸ਼ਨ ਦਾ ਮਤਲਬ ਹੈ ਸਮਾਨ ਗਿਆਨ ।

ਜੈਨੀਆਂ ਦਾ ਖ਼ਿਆਲ ਹੈ ਕਿ ਉਪਰੋਕਤ ਤਿੰਨੇ ਚੀਜ਼ਾਂ ਜਦ ਤਕ ਪੂਰਨਤਾ ਤਕ ਨਾ ਪੁੱਜ ਜਾਣ ਉਦੋਂ ਤਕ ਮੋਕਸ਼ ਪ੍ਰਾਪਤ ਨਹੀਂ ਹੁੰਦਾ । ਕਿਉਂਕਿ ਇਸਤਰੀ ਵਿਚ ਉੱਪਰ ਦੱਸੀਆਂ ਤਿੰਨੇ ਚੀਜ਼ਾਂ ਵਿਚੋਂ ਜਿਸ ਦਾ ਨਾਮ 'ਚਰਿੱਤਰ' ਹੈ, ਉਸ ਦੀ ਮੁਤਲਿਕ ਨਾ ਹੋਂਦ ਹੈ ਅਤੇ ਇਸਤਰੀ ਤੇ ਮਰਦ ਵਿਚ ਰੂਹਾਨੀ ਨੁਕਤੇ ਤੋਂ 'ਚਰਿੱਤਰ' ਦੇ ਵਾਧੇ-ਘਾਟੇ ਦਾ ਹੀ ਵੱਡਾ ਅੰਤਰ ਹੈ । ਹਾਂ, ਜੇਕਰ ਇਸਤਰੀ 'ਗਿਆਨ' ਤੇ 'ਦਰਸ਼ਨ' ਦੋਹਾਂ ਵਿਚ ਪ੍ਰਪੱਕਤਾ ਹਾਸਲ ਕਰ ਲਵੇ ਤਾਂ ਇਸ ਨੂੰ ਅਗਲਾ ਜਨਮ ਪੁਰਸ਼ ਦਾ ਮਿਲੇਗਾ ਤੇ ਜੇਕਰ ਏਸ ਜਨਮ ਵਿਚ ਉਹ ਤੀਜੀ ਵਸਤੂ 'ਚਰਿੱਤਰ' ਵਿਚ ਪ੍ਰਪੱਕਤਾ ਪ੍ਰਾਪਤ ਕਰ ਲਵੇ ਤਾਂ ਇਸ ਨੂੰ ਮੁਕਤੀ ਦਾ ਅਧਿਕਾਰ ਪ੍ਰਾਪਤ ਹੋ ਸਕਦਾ ਹੈ ।

ਗੁਰੂ ਨਾਨਕ ਸਾਹਿਬ ਦੇ ਸਮੇਂ ਵਿਚ ਨਾਥ-ਜੋਗੀਆਂ ਦਾ ਜ਼ੋਰ ਸੀ । ਇਹ ਕੰਨ-ਪਾਟੇ ਇਸਤਰੀ ਨੂੰ ਨਿਰੋਲ ਇਕ ਛਲਾਵਾ ਅਰਥਾਤ ਚਲ ਮਾਇਆ ਦਾ ਹੀ ਰੂਪ ਹੀ ਦੱਸਦੇ ਸਨ । ਹੇਠ ਲਿਖਿਆ ਪਦਾ ਜੋ ਗੋਰਖਨਾਥ ਦੇ ਨਾਂ ਨਾਲ ਜੋੜਿਆ ਜਾਂਦਾ ਹੈ, ਸਿੱਧਾਂ ਦੇ ਇਸਤਰੀ ਸੰਬੰਧੀ ਬਣੇ ਵਿਚਾਰਾਂ ਨੂੰ ਭਲੀ-ਭਾਂਤ ਸਪੱਸ਼ਟ ਕਰ ਦੇਂਦਾ ਹੈ :

"ਦਾਮਿ ਕਾਢਿ ਬਾਘਨਿ ਲੈ ਆਇਆ ॥
ਮਾਉਂ ਕਹੇ ਮੇਰਾ ਪੂਤ ਬਿਹਾਇਆ ॥
ਗੀਲੀ ਲਕੜੀ ਕੋ ਘੁਣ ਲਾਇਆ ॥
ਤਿਨ ਇਹ ਡਾਲ ਮੂੰਡ ਸਿਰ ਖਾਇਆ ॥
ਬਾਘਨਿ ਹਮਰੀ ਜਿੰਦ ਲੈ, ਬਾਘਨਿ ਹਮਰੀ ਬਿੰਦ ਲੈ
ਬਾਘਨਿ ਹਮਰੀ ਕਾਇਆ ॥
ਇਹ ਬਾਘਨਿ ਤ੍ਰੈਲੋਕੀ ਖਾਈ, ਬਦਿਤਿ ਗੋਰਖ ਰਾਇਆ ॥

ਯੂਰਪ ਦੇ ਚਿੰਤਕ ਵੀ ਬਹੁਤ ਦੇਰ ਤਕ ਇਸਤਰੀਆਂ ਦੇ ਪ੍ਰਤੀਕੂਲ ਹੀ ਰਹੇ ਹਨ । ਪ੍ਰਸਿੱਧ ਯੂਨਾਨੀ ਫ਼ਿਲਾਸਫਰ ਅਰਸਤੂ (Aristotle) ਦਾ ਖ਼ਿਆਲ ਵੀ ਬਹੁਤ ਹੱਦ ਤਕ

ਜੈਨੀਆਂ ਨਾਲ ਮਿਲ-ਜੁਲਦਾ ਹੈ। ਉਹ ਕਹਿੰਦਾ ਹੈ ਕਿ ਇਸਤਰੀ ਇਕ ਨਾ-ਮੁਕੰਮਲ ਚੀਜ਼ ਹੈ (erroneous development) ਹੈ। ਕੁਦਰਤ ਜਿਥੇ ਪੁਰਸ਼ ਨੂੰ ਮੁਕੰਮਲ ਕਰਨ ਵਿਚ ਨਾਕਾਮਯਾਬ ਰਹੀ ਹੈ ਉਥੇ ਹੀ ਉਹ ਇਸਤਰੀ ਬਣ ਗਈ ਹੈ।

ਅਰਸਤੂ ਨੇ ਤ ਕੇਵਲ ਇਸਤਰੀ ਦੇ ਅਧੂਰੇਪਨ ਵੱਲ ਹੀ ਇਸ਼ਾਰਾ ਕੀਤਾ ਹੈ ਪਰ ਜਰਮਨ ਦਾ ਵਾਇਨ੍ਹੋ ਨਾਂ ਦਾ ਇਕ ਚਿੰਤਕ ਇਸ ਤੋਂ ਵੀ ਅੱਗੇ ਲੰਘ ਗਿਆ ਹੈ। ਉਹ ਆਪਣਾ ਪੂਰਾ ਤ੍ਰਾਣ ਇਸਤਰੀ ਨੂੰ ਨਿਰਾਤਮਕ (soulless) ਸਾਬਤ ਕਰਨ ਵਿਚ ਲਗਾ ਦੇਂਦਾ ਹੈ। ਉਹ ਕਹਿੰਦਾ ਹੈ ਕਿ ਇਸਤਰੀ ਵਿਚ ਰੂਹ ਹੁੰਦੀ ਹੀ ਨਹੀਂ ਹੈ। ਜੈਨੀ ਤੇ ਬੋਧੀ ਵੀ ਇਸ ਹੱਦ ਤਕ ਨਹੀਂ ਜਾ ਸਕੇ।

ਇੰਗਲਿਸਤਾਨ ਦੇ ਚਿੰਤਕ ਵੀ ਜੋ ਕਹਿਣ ਨੂੰ ਇਸਤਰੀ ਨੂੰ ਚੰਗੇਰਾ ਅਰਧ-ਅੰਗ (better-half) ਕਹਿੰਦੇ ਹਨ ਪਰ ਵਾਸਤਵ ਵਿਚ ਉਹ ਵੀ ਉੱਪਰ ਲਿਖੇ ਚਿੰਤਕਾਂ ਤੋਂ ਕੋਈ ਘੱਟ ਨਹੀਂ ਹਨ। ਚੈਸਟਰਫੀਲਡ (Chesterfield) ਦੇ ਖ਼ਿਆਲ ਵਿਚ ਇਸਤਰੀ ਦਾ ਬਣਨਾ ਕੁਦਰਤ ਦੀ ਇਕ ਮਜ਼ੇਦਾਰ ਗ਼ਲਤੀ (Agreeable blunduer) ਦਾ ਸਿੱਟਾ ਹੈ।

ਈਸਾਈ ਧਰਮ ਨੇ ਤਾਂ 'ਪ੍ਰੇਮ' ਨੂੰ ਗੁਨਾਹ ਹੀ ਬਣਾ ਦਿੱਤਾ ਹੈ ਅਤੇ ਇਸਤਰੀ ਨੂੰ ਪਾਦਰੀਪੁਣੇ (Priest-hood) ਤੋਂ ਵਾਂਝਾ ਕਰ ਦਿੱਤਾ ਹੈ।

ਮੁਸਲਮਾਨਾਂ ਵਿਚ ਵੀ ਇਸਤਰੀ ਨਾਲ ਵਿਰੋਧਤਾ ਆਦਮ ਤੇ ਹਵਾ (Eve) ਮੁੱਢਲੇ ਕਿੱਸੇ ਤੋਂ ਹੀ ਆਰੰਭ ਹੋ ਜਾਂਦੀ ਹੈ। ਹਵਾ ਪਹਿਲੀ ਇਸਤਰੀ ਹੈ ਜਿਸ ਨੂੰ ਬਾਬਾ ਆਦਮ ਦੀ ਵਹੁਟੀ ਕਿਹਾ ਜਾਂਦਾ ਹੈ। ਇਸ ਨੇ ਹੀ ਪ੍ਰੇਰ ਕੇ ਬਾਬਾ ਆਦਮ ਤੋਂ ਪਹਿਲਾ ਗੁਨਾਹ ਕਰਵਾਇਆ ਸੀ, ਜਿਸ ਦੇ ਕਾਰਨ ਉਸ ਨੂੰ ਬਹਿਸ਼ਤ ਵਿਚੋਂ ਨਿਕਲ ਕੇ ਇਸ ਗੁਨਾਹਾਂ ਭਰੇ ਫ਼ਾਨੀ ਸੰਸਾਰ ਵਿਚ ਆਉਣਾ ਪਿਆ। ਬਸ ਇਹ ਇਬਰਾਨੀ ਇਸਤਰੀ-ਘਿਰਣਾ ਹੀ ਇਸਾਈਆਂ ਤੇ ਮੁਸਲਮਾਨਾਂ ਦੀ, ਇਤਿਹਾਸਕ ਨੁਕਤਾ-ਨਿਗਾਹ ਤੋਂ, ਇਸਤਰੀ ਨੂੰ ਨਿਚਿਆਉਣ ਦਾ ਮੂਲ ਕਾਰਣ ਹੈ।

ਕੁਰਾਨ ਅਨੁਸਾਰ ਇਕੱਲੀ ਇਸਤਰੀ ਦੀ ਗਵਾਹੀ ਕਾਜ਼ੀ ਦੀ ਅਦਾਲਤ ਵਿਚ ਨਹੀਂ ਮੰਨੀ ਜਾਂਦੀ ਸਗੋਂ ਦੋ ਇਸਤਰੀਆਂ ਦੀ ਗਵਾਹੀ ਇਕ ਆਦਮੀ ਦੇ ਤੁੱਲ ਮੰਨੀ ਜਾਂਦੀ ਹੈ। (ਵੇਖੋ ਸੂਰਤ ਬਕਰ, ਰਕੂਅ 39, ਆਇਤ 2821)

ਇਸਤਰੀ ਮਰਦ ਦੇ ਬਰਾਬਰ ਇਕ ਪੰਗਤ ਵਿਚ ਨਮਾਜ਼ ਅਦਾ ਨਹੀਂ ਕਰ ਸਕਦੀ। ਉਸ ਲਈ ਹੁਕਮ ਇਹ ਹੈ ਕਿ ਉਹ ਆਪਣੇ ਆਪ ਨੂੰ ਸਿਰ ਤੋਂ ਪੈਰਾਂ ਤਕ ਪੂਰੇ ਤੌਰ ਤੇ ਢੱਕ ਕੇ ਆਏ ਤੇ ਨਮਾਜ਼ ਸ਼ੁਰੂ ਹੋਣ 'ਤੇ ਅਛੋਪਲੇ ਜਿਹੇ ਆਏ ਤੇ ਪਿੱਛੇ ਖਲੋ ਕੇ ਨਮਾਜ਼ ਪੜ੍ਹੇ ਤੇ ਨਮਾਜ਼ ਖ਼ਤਮ ਹੋਣ 'ਤੇ ਮਲਕੜੇ ਜਿਹੇ ਮਸੀਤੋਂ ਬਾਹਰ ਹੋ ਜਾਏ ਤਾਂ ਜੋ ਉਸ ਨੂੰ ਕੋਈ ਵੇਖ ਨਾ ਸਕੇ।

ਕਿਸੇ ਸ਼ਾਇਰ ਨੇ ਤਾਂ ਇਥੋਂ ਤਕ ਕਹਿ ਦਿੱਤਾ ਹੈ :

"ਅਗਰ ਨੇਕ ਜ਼ਰੋ ਸਰੰਜਾਮੇ ਜ਼ਨ।
ਜ਼ਨਾ ਰਾ ਮਜ਼ਨ ਨਾਮ ਬੂਦੇ ਨਾ ਜ਼ਨ।"

(ਜੇਕਰ ਕੋਈ ਇਸਤਰੀ ਨੇਕ ਕੰਮ ਕਰ ਵੀ ਦੇਵੇ ਤਦ ਵੀ ਉਸ ਕੰਮ ਨੂੰ ਔਰਤ ਦੇ

ਨਾਮ ਨਾਲ ਜੋੜਨਾ ਉਚਿਤ ਨਹੀਂ ਕਿਉਂਕਿ ਨੇਕੀ ਤੇ ਔਰਤ ਦੋ ਵਿਰੋਧੀ ਗੱਲਾਂ ਹਨ।)

ਯਹੂਦੀ ਘਰਾਂ ਵਿਚ ਛੋਟੇ ਲੜਕੇ ਅੱਜ ਵੀ ਇਹ ਅਰਦਾਸ ਕਰਦੇ ਹਨ :

"ਹੇ ਰੱਬ ਜੀ ! ਮੈਂ ਤੇਰਾ ਧੰਨਵਾਦੀ ਹਾਂ, ਤੂੰ ਮੈਨੂੰ ਨਾ ਤਾਂ ਕਾਫ਼ਰ ਦੇ ਘਰ ਜਨਮ ਦਿੱਤਾ ਹੈ ਤੇ ਨਾ ਹੀ ਇਸਤਰੀ ਪੈਦਾ ਕੀਤਾ ਹੈ।"

ਮੁੱਕਦੀ ਗੱਲ ਇਹ ਹੈ ਕਿ ਇਸਤਰੀ ਨੂੰ ਸਮਾਨਤਾ ਦੇਣੀ ਤਾਂ ਕਿਤੇ ਰਹੀ, ਹਰ ਕਿਸੇ ਨੇ ਇਸ ਨੂੰ ਨਿਚਿਅਉਣਾ ਹੀ ਆਪਣਾ ਧਰਮ ਸਮਝਿਆ ਹੈ। ਕਿਸੇ ਧਰਮ ਨੇ ਵੀ ਇਸ ਨੂੰ ਮਰਦ ਦੀ ਬਰਾਬਰੀ ਨਹੀਂ ਦਿੱਤੀ।

3

ਗੁਰੂ ਨਾਨਕ ਦੇਵ ਜੀ ਇਸਤਰੀ ਜ਼ਾਤ ਦੀ ਹੁੰਦੀ ਇਹ ਨਿਰਾਦਰੀ ਬਰਦਾਸ਼ਤ ਨਾ ਕਰ ਸਕੇ। ਉਨ੍ਹਾਂ ਇਸ ਸਮਾਜਿਕ ਅਸਮਾਨਤਾ ਤੇ ਅਨਿਆਂ ਦੇ ਵਿਰੁੱਧ ਭਰਵੀਂ ਆਵਾਜ਼ ਉਠਾਈ ਤੇ ਵੰਗਾਰ ਕੇ ਆਖਿਆ, "ਇਸਤਰੀ ਦੀ ਕੁੱਖ ਵਿਚ ਹੀ ਪੁਰਸ਼ ਦਾ ਟਿਕਾਓ ਹੁੰਦਾ ਹੈ। ਇਸਤਰੀ ਹੀ ਸਭਸ ਨੂੰ ਜਨਮ ਦੇਂਦੀ ਹੈ। ਇਸਤਰੀ ਨਾਲ ਹੀ ਪੁਰਸ਼ ਦੀ ਮੰਗਣੀ ਅਥਵਾ ਵਿਆਹ ਹੁੰਦਾ ਹੈ। ਇਸਤਰੀ ਰਾਹੀਂ ਹੀ ਕਈ ਤਰ੍ਹਾਂ ਦੀਆਂ ਰਿਸ਼ਤੇਦਾਰੀਆਂ ਤੇ ਸੰਬੰਧ ਕਾਇਮ ਹੁੰਦੇ ਹਨ। ਇਸ ਦੇ ਰਾਹੀਂ ਹੀ ਮਨੁੱਖੀ ਨਸਲ ਅੱਗੇ ਤੁਰਦੀ ਹੈ। ਆਦਮੀ ਦੀ ਇਕ ਇਸਤਰੀ ਮਰ ਜਾਏ ਤਾਂ ਦੂਜੀ ਦੀ ਭਾਲ ਕਰਨ ਲੱਗ ਪੈਂਦਾ ਹੈ। ਇਸਤਰੀ ਰਾਹੀਂ ਹੀ ਸੰਸਾਰ ਦਾ ਪ੍ਰਬੰਧ ਚਲਦਾ ਹੈ। ਜਿਸ ਇਸਤਰੀ ਨੇ ਵੱਡੇ-ਵੱਡੇ ਪ੍ਰਤਾਪਵਾਨ ਰਾਜਿਆਂ ਨੂੰ ਜਨਮ ਦਿੱਤਾ ਹੈ ਉਸ ਨੂੰ ਨੀਵਾਂ ਕਹਿਣਾ ਕਿਥੋਂ ਤਕ ਠੀਕ ਕਿਹਾ ਜਾ ਸਕਦਾ ਹੈ ?"

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ ॥

(ਗੁਰੂ ਗ੍ਰੰਥ ਸਾਹਿਬ, ਪੰਨਾ 473)

ਕੀ ਇਹ ਉੱਕਾ ਅਨਿਆਂ ਨਹੀਂ ?

ਜੋ ਲੋਕ ਇਸਤਰੀ ਨੂੰ ਚਰਿੱਤਰਹੀਣ ਜਾਂ ਨਿਰਾਤਮਾ ਸਮਝਦੇ ਹਨ ਤੇ ਕਹਿੰਦੇ ਹਨ ਕਿ ਉਹ ਮੁਕਤੀ ਦੀ ਅਧਿਕਾਰੀ ਨਹੀਂ। ਗੁਰੂ ਨਾਨਕ ਉਨ੍ਹਾਂ ਨੂੰ ਸਮਝਾਉਂਦੇ ਹਨ : ਜੇਕਰ ਮਰਦ ਦਾ ਤਨ ਜਾਂ ਇਸਤਰੀ ਦੀ ਦੇਹ, ਮਿੱਟੀ ਜਾਂ ਚਿੱਕੜ ਨਾਲ ਭਰ ਜਾਏ ਤਾਂ ਕੀ ਕਦੇ ਪਾਣੀ ਨੇ ਉਜ਼ਰ ਕੀਤਾ ਹੈ ਕਿ ਮੈਂ ਮਰਦ ਦਾ ਤਨ ਤਾਂ ਧੋਵਾਂਗਾ ਪਰ ਇਸਤਰੀ ਦੀ ਦੇਹ ਨੂੰ ਨਹੀਂ ਧੋਂਦਾ। ਕਿਉਂਕਿ ਉਹ ਇਸਤਰੀ ਹੈ। ਉਸ ਦਾ ਕੰਮ ਚਿੱਕੜ ਨੂੰ ਧੋਣਾ ਹੈ, ਉਹ ਬਿਨਾਂ ਪੱਖਪਾਤ ਦੇ ਚਿੱਕੜ ਨੂੰ ਧੋ ਦੇਵੇਗਾ। ਇਸੇ ਤਰ੍ਹਾਂ ਕੱਪੜਾ ਜੇਕਰ ਗੰਦਗੀ ਨਾਲ ਪਲੀਤ ਹੋ ਜਾਵੇ ਤਾਂ ਸਾਬਣ ਨੇ ਆਪਣਾ ਫ਼ਰਜ਼ ਪੂਰਾ ਕਰਨਾ ਹੈ, ਕਿਸੇ ਵਖੇਵੇਂ ਵਿਚ ਨਹੀਂ ਪੈਣਾ। ਬਸ ਇਸੇ ਤਰ੍ਹਾਂ ਦਾ ਕੰਮ ਮਤਿ ਨੂੰ ਧੋ ਕੇ ਪਵਿੱਤਰ ਕਰਨ ਦਾ ਹੈ, ਉਸ ਨੇ ਵੀ ਇਸਤਰੀ-ਮਰਦ ਦੇ ਵਖੇਵੇਂ ਵਿਚ ਨਹੀਂ ਪੈਣਾ, ਆਪਣਾ ਕਰਤੱਵ ਜ਼ਰੂਰ ਪੂਰਾ ਕਰਨਾ ਹੈ। ਫੇਰ ਇਹ ਕਿਉਂ ਸੋਚਿਆ ਜਾਏ ਕਿ ਇਸਤਰੀ ਮੋਕਸ਼ ਪ੍ਰਾਪਤ ਨਹੀਂ ਕਰ ਸਕਦੀ :

ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥
ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹ ਧੋਇ ॥
ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥

(ਗੁਰੂ ਗ੍ਰੰਥ ਸਾਹਿਬ, ਪੰਨਾ 4)

ਸੋ ਗੁਰਮਤਿ ਵਿਚ ਇਸਤਰੀ ਤੇ ਪੁਰਸ਼ ਵਿਚ ਪੂਰਨ ਸਮਾਨਤਾ ਹੈ । ਗੁਰਮਤਿ ਦੀ ਸਿੱਖਿਆ ਇਸਤਰੀਆਂ ਨੂੰ ਵੀ ਉਸੇ ਤਰ੍ਹਾਂ ਹੀ ਦਿੱਤੀ ਜਾਂਦੀ ਹੈ, ਜਿਸ ਤਰ੍ਹਾਂ ਪੁਰਸ਼ਾਂ ਨੂੰ । ਇਤਿਹਾਸ ਗਵਾਹ ਹੈ ਕਿ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਦੇ ਮੂੰਹੋਂ ਗੁਰੂ ਕੀ ਬਾਣੀ ਸੁਣ ਕੇ ਹੀ ਗੁਰੂ ਦੀ ਸ਼ਰਨ ਲਈ ਸੀ । ਅੱਗੋਂ ਤੀਜੀ ਪਾਤਸ਼ਾਹੀ ਨੇ ਵੀ ਜਦੋਂ ਧਰਮ-ਪ੍ਰਚਾਰ ਲਈ ਉਪਦੇਸ਼ਕ ਚੁਣੇ ਤਾਂ ਮਾਈ ਭਾਗੋ, ਮਾਈ ਸੇਵਾਂ ਆਦਿ ਬੀਬੀਆਂ ਨੂੰ ਵੀ ਇਹ ਪ੍ਰਚਾਰਕ ਮੰਜੀਆਂ ਸੌਂਪੀਆਂ ਗਈਆਂ ।

ਜਿਥੇ ਵਿਆਹ ਦੀ ਰਸਮ ਦਾ ਲਕਸ਼ ਹਰ ਧਰਮ ਨੇ ਅਲੱਗ-ਅਲੱਗ ਰੱਖਿਆ ਹੈ । ਗੁਰਮਤਿ ਨੇ ਇਹ ਸੰਬੰਧ ਕੇਵਲ ਸਮਾਜਿਕ ਹੀ ਨਹੀਂ ਰਹਿਣ ਦਿੱਤਾ, ਨਾ ਹੀ ਇਸ ਨੂੰ ਨਿਰੇ ਸਰੀਰਕ ਸੰਬੰਧ ਤਕ ਹੀ ਮਹਿਦੂਦ ਰੱਖਿਆ ਹੈ, ਸਗੋਂ ਇਹ ਆਖ ਕੇ :

ਧਨ ਪਿਰੁ ਏਹਿ ਨ ਆਖੀਅਨਿ ਬਹਿਨ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥2॥

(ਸੂਹੀ ਕੀ ਵਾਰ, ਮਹਲਾ 3, ਪੰਨਾ 788)

ਜਾਂ ਫਿਰ :

ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥1॥1॥19॥

(ਬਸੰਤ ਮਹਲਾ 5, ਘਰ 2 ਹਿੰਡੋਲ, ਪੰਨਾ 1185)

ਇਸ ਮੇਲ ਨੂੰ ਆਤਮਕ ਮੇਲ ਬਣਾ ਦਿੱਤਾ ਹੈ । ਜਿਥੇ ਵਿਆਹੁਤਾ ਜੋੜੀ ਨੇ ਗ੍ਰਹਿਸਤੀ ਜੀਵਨ ਅਥਵਾ ਸੰਸਾਰਿਕ ਕਾਰ-ਵਿਹਾਰ ਨੂੰ ਨਿਭਾਉਣਾ ਹੈ ਉਥੇ ਦੋਹਾਂ ਨੇ ਆਤਮਕ ਮੇਲ ਰਾਹੀਂ ਇਕ-ਮਿਕ ਹੋ ਕੇ ਪ੍ਰਭੂ-ਪ੍ਰਮਾਤਮਾ ਨਾਲ ਵੀ ਇਕ-ਮਿਕ ਹੋਣਾ ਹੈ । ਸਤਿਸੰਗਤ ਮਾਣਨੀ ਹੈ, ਨਾਮ ਆਪ ਜਪਣਾ ਹੈ ਤੇ ਹੋਰਨਾਂ ਨੂੰ ਵੀ ਜਪਾਉਣਾ ਹੈ । ਜਿਥੇ ਆਪਸ ਵਿਚ ਪਿਆਰ ਤੇ ਇਕ-ਦੂਜੇ ਲਈ ਕੁਰਬਾਨੀ ਕਰਨ ਦਾ ਮਾਦਾ ਪੈਦਾ ਕਰਨਾ ਹੈ, ਉਥੇ ਦੂਜਿਆਂ ਨੂੰ ਵੀ ਏਸੇ ਰਸਤੇ ਪਾਉਣਾ ਹੈ ਤੇ ਪ੍ਰਭੂ-ਮੇਲ ਦੇ ਵੱਲ ਨੂੰ ਸਿਖਾਉਣਾ ਹੈ । ਬਸ ਇਸੇ ਤਰ੍ਹਾਂ ਦਾ ਮੇਲ ਕਰਵਾਇਆ ਸੀ ਅਕਾਲ ਪੁਰਖ ਜੀ ਨੇ ਗੁਰੂ ਹਰਿ ਰਾਇ ਜੀ ਤੇ ਮਾਤਾ ਕ੍ਰਿਸ਼ਨ ਕੌਰ ਜੀ ਦਾ ।

4

ਸ੍ਰੀ ਗੁਰੂ ਹਰਿ ਰਾਇ ਜੀ ਦਾ ਵਿਆਹ ਮਿਤੀ 17 ਹਾੜ ਸੰਮਤ 1697 (1640 ਈਸਵੀ) ਨੂੰ ਅਰੂਪ ਨਗਰੀ ਦੇ ਨਿਵਾਸੀ ਭਾਈ ਦਇਆ ਰਾਮ ਜੀ ਦੀ ਸਪੁੱਤਰੀ ਸੁਲੱਖਣੀ ਨਾਲ ਹੋਇਆ । ਉਸ ਵੇਲੇ (ਬਾਬਾ) ਹਰਿ ਰਾਇ ਜੀ ਦੀ ਉਮਰ 10 ਵਰ੍ਹਿਆਂ ਦੀ ਸੀ । ਕਈ ਇਤਿਹਾਸਕਾਰਾਂ ਨੇ ਮਾਤਾ ਸੁਲੱਖਣੀ ਜੀ ਦਾ ਨਾਮ ਕੌਟ ਕਲਿਆਣੀ ਲਿਖਿਆ ਹੈ । ਸਰੂਪ ਸਿੰਘ 'ਕੋਸ਼ਿਸ਼' ਰਚਿਤ ਪੁਸਤਕ 'ਗੁਰੂ ਕੀਆਂ ਸਾਖੀਆਂ' ਵਿਚ ਲਿਖਿਆ ਹੈ :

"ਮਾਤਾ ਬੱਸੀ ਕਿਸੇ ਸਮੇਂ ਸੁਲੱਖਣੀ ਕੋ ਤਿਰਬੈਨੀ, ਕਭੀ ਕੋਟ ਕਲਿਆਨੀ ਕਹਿ ਬੁਲਾਤੀ ਥੀ।" (ਸਾਖੀ ਪੰਜਵੀਂ)। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਲਿਖਦੇ ਹਨ ਕਿ ਆਪ ਜੀ ਦਾ "ਸਹੁਰੇ ਘਰ ਦਾ ਨਾਮ ਕਿਸ਼ਨ ਕੌਰ ਰਖਿਆ ਗਿਆ।" ਗਿਆਨੀ ਗਿਆਨ ਸਿੰਘ (ਵੇਖੋ ਤਵਾਰੀਖ ਖਾਲਸਾ, ਹਿੱਸਾ ਪਹਿਲਾ, ਪੰਨਾ 593, ਭਾਸ਼ਾ ਵਿਭਾਗ ਪੰਜਾਬ) ਤੇ ਭਾਈ ਕਾਨ੍ਹ ਸਿੰਘ ਜੀ ਵੀ (ਮਹਾਨ ਕੋਸ਼ ਵਿਚ) ਕਿਸ਼ਨ ਕੌਰ ਨਾਂ ਦੀ ਪੁਸ਼ਟੀ ਕਰਦੇ ਹਨ।

ਸ੍ਰੀ ਗੁਰੂ ਹਰਿ ਰਾਇ ਜੀ ਦੇ ਵਿਆਹ ਬਾਰੇ ਵੀ ਲੇਖਕਾਂ ਨੇ ਕਈ ਕਿਸਮ ਦੇ ਭੁਲੇਖੇ ਪਾਏ ਹਨ। ਕਿਸੇ ਨੇ ਤਾਂ ਇਸ ਵਿਆਹ ਨੂੰ ਉੱਕਾ ਇਕ ਖੇਡ ਹੀ ਬਣਾ ਦਿੱਤਾ ਹੈ। ਕੋਈ ਕਹਿੰਦਾ ਹੈ ਭਾਈ ਦਇਆ ਰਾਮ ਜੀ ਨੇ ਇਕੋ ਦਿਨ ਤੇ ਇਕੋ ਸਮੇਂ ਆਪਣੀਆਂ ਚੌਹਾਂ ਲੜਕੀਆਂ ਨੂੰ ਗੁਰੂ ਜੀ ਨਾਲ ਵਿਆਹ ਦਿੱਤਾ। ਕੋਈ ਦੋਹਾਂ-ਚੌਹਾਂ 'ਤੇ ਹੀ ਸਬਰ ਨਹੀਂ ਕਰਦਾ, ਅੱਠਾਂ ਵਿਆਹਵਾਂ ਤਕ ਚਲਾ ਜਾਂਦਾ ਹੈ। ਗੁਰੂ ਜੀ ਦੀ ਉਮਰ ਲਗਭਗ 31 ਵਰ੍ਹਿਆਂ ਦੀ ਸੀ। ਪਹਿਲੀ ਸ਼ਾਦੀ 10 ਵਰ੍ਹੇ ਦੇ ਸਨ, ਤਦ ਹੋਈ। 14 ਸਾਲ ਦੀ ਉਮਰ ਵਿਚ ਗੁਰਿਆਈ ਦੀ ਜ਼ਿੰਮੇਵਾਰੀ ਸਿਰ 'ਤੇ ਆ ਪਈ। ਇੰਨੇ ਛੋਟੇ ਜਿਹੇ ਅਰਸੇ ਵਿਚ ਅੱਠਾਂ ਸ਼ਾਦੀਆਂ ਦੀ ਗੱਲ ਸੋਚੀ ਵੀ ਨਹੀਂ ਜਾ ਸਕਦੀ।

ਕੇਸਰ ਸਿੰਘ ਛਿੱਬਰ 'ਬੰਸਾਵਲੀਨਾਮਾ', ਪਿਠਕੰਤ ਪੰਨਾ 53 'ਤੇ ਲਿਖਦਾ ਹੈ :

ਸੰਮਤ ਸੋਲਾਂ ਸੈ ਸਤਾਨਬੇ ਜਬ ਗਏ।
ਤਬ ਗੁਰੂ ਹਰਿ ਰਾਇ ਜੀ ਅਰੂਪ ਗਾਉਂ ਮੇਂ ਬਿਆਹੁ ਕਰਤੇ ਭਏ॥
ਮਾਤਾ ਕੋਟ ਕਲਿਆਨੀ ਤਾ ਕੇ ਧਾਮ ਆਈ।
ਤਾ ਕੇ ਟਹਿਲਣ ਮਾਤਾ ਪੰਜਾਬੋ ਨਾਮ ਕਹਾਈ॥
ਸੋ ਮਾਤਾ ਨਾਲੋਂ ਚਤੁਰ ਬੁਧੀਮਾਨ ਸਿਆਣੀ।
ਸੋਈ ਬਿਆਹੀ ਆਹੀ ਕੁਆਰੀ ਖਤ੍ਰਾਣੀ॥

ਭਾਵ ਇਹ ਨਿਕਲਿਆ ਕਿ ਵਿਆਹ ਤਾਂ ਅਸਲ ਵਿਚ ਮਾਤਾ ਕੋਟ ਕਲਿਆਣੀ ਨਾਲ ਹੀ ਹੋਇਆ ਸੀ ਪਰ ਉਸ ਨਾਲ ਆਈ ਪੰਜਾਬੋ ਨਾਂ ਦੀ ਇਕ ਨੌਕਰਾਣੀ ਇੰਨੀ ਚਤੁਰ ਨਿਕਲੀ ਕਿ ਉਸ ਨੇ ਚਲਾਕੀ ਨਾਲ ਅਸਲ ਪਤਨੀ ਦਾ ਰੂਪ ਧਾਰ ਕੇ (ਗੁਰੂ) ਹਰਿ ਰਾਇ ਜੀ ਨੂੰ ਭਰਮਾ ਲਿਆ। ਹੁਣ ਸੋਚਣ ਦੀ ਗੱਲ ਇਹ ਹੈ ਕਿ ਗੁਰੂ ਜੀ ਦੇ ਪਰਿਵਾਰ ਵਿਚੋਂ ਕੋਈ ਵੀ ਸਿਆਣਾ ਨਹੀਂ ਸੀ ਕਿ ਉਹ ਨੌਕਰਾਣੀ ਦੀ ਚਤੁਰਾਈ ਨੂੰ ਭਾਂਪ ਸਕਦਾ ? ਉਸ ਸਮੇਂ ਤਾਂ ਅਜੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਆਪ ਵੀ ਮੌਜੂਦ ਸਨ। ਕੀ ਇਹ ਸੋਚਿਆ ਜਾ ਸਕਦਾ ਹੈ ਕਿ ਛੇਵੇਂ ਪਾਤਸ਼ਾਹ ਆਪ ਵੀ ਨੌਕਰਾਣੀ ਦੀ ਇਸ ਚਲਾਕੀ ਨੂੰ ਜਾਣਨ ਤੋਂ ਅਸਮਰਥ ਰਹੇ ਤੇ ਨੌਕਰਾਣੀ ਇੰਨੀ ਚਤੁਰ ਨਿਕਲੀ ਕਿ ਜਾਣੀਜਾਣ ਸਤਿਗੁਰੂ ਜੀ ਦੀਆਂ ਅੱਖਾਂ ਵਿਚ ਘੱਟਾ ਪਾਉਣ ਵਿਚ ਕਾਮਯਾਬ ਹੋ ਗਈ।

ਗਿਆਨੀ ਗਿਆਨ ਸਿੰਘ ਵੀ ਗੁਰੂ ਜੀ ਦੇ ਚਾਰ ਵਿਆਹਾਂ ਦਾ ਜ਼ਿਕਰ ਕਰਦੇ ਹਨ। ਉਹ ਲਿਖਦੇ ਹਨ :

"ਇਨ੍ਹਾਂ ਦੀ ਸ਼ਾਦੀ ਦਯਾ ਰਾਮ ਸਿੱਲੀ ਖੱਤਰੀ ਅਨੂਪ ਸ਼ਹਿਰ ਦੇ ਰਹਿਣ ਵਾਲੇ ਦੀ ਬੇਟੀ ਕਿਸ਼ਨ ਕੌਰ ਆਦਿਕ ਚੌਹਾਂ ਭੈਣਾਂ ਨਾਲ ਇਕੋ ਦਿਨ ਹੋਈ। ਏਸ ਦਾ ਸਬੱਬ ਏਹ ਹੋਇਆ ਕਿ ਜਦ ਗੁਰੂ ਹਰਿਗੋਬਿੰਦ ਸਾਹਿਬ ਨਾਨਕ

ਮਤੇ ਦੀ ਫਤੇਹ ਪਾ ਕੇ ਮੁੜਦੇ ਹੋਏ ਅਨੂਪ ਸ਼ਹਿਰ ਆ ਕੇ ਉਤਰੇ ਤਦ ਹਰਿ ਰਾਇ ਜੀ ਭੀ ਇਨ੍ਹਾਂ ਦੇ ਨਾਲ ਸਨ। ਏਥੇ ਪਸਰੂਰ ਦਾ ਰਹਿਣ ਵਾਲਾ, ਇਕ ਪੰਜਾਬੀ ਸਿੱਲੀ ਖੱਤਰੀ ਦਯਾ ਰਾਮ ਨਾਮੀ ਜੋ ਮਸ਼ਹੂਰ ਆਦਮੀ ਸੀ, ਰਿਹਾਇਸ਼ ਕਰ ਰਿਹਾ ਸੀ। ਕੁਟੰਬ ਸਮੇਤ ਗੁਰੂ ਜੀ ਦੇ ਦਰਸ਼ਨ ਕਰਨ ਆਇਆ ਤਾਂ ਗੁਰੂ ਜੀ ਦਾ ਅਧਿਕ ਪ੍ਰਤਾਪ ਤੇ ਮਰਤਬਾ ਵੇਖ ਕੇ ਦਯਾ ਰਾਮ ਨੇ ਆਪਣੀ ਬੇਟੀ ਕਿਸ਼ਨ ਕੌਰ ਦੀ ਸ਼ਾਦੀ ਹਰਿ ਰਾਇ ਜੀ ਦੇ ਨਾਲ ਕਰਨੀ ਮਨ ਵਿਚ ਧਾਰ ਲਈ। ਦਯਾ ਰਾਮ ਦੀ ਔਰਤ ਨੇ ਦੂਸਰੀ ਬੇਟੀ ਚੰਦ ਕੌਰ ਦੀ ਸ਼ਾਦੀ ਕਰਨੀ ਥਾਪ ਲਈ ਅਤੇ ਉਸ ਦੇ ਬੇਟੇ ਨੇ ਤੀਸਰੀ ਦਾ ਸਾਕ ਕਰਨਾ ਠਾਨ ਲੀਤਾ, ਦਯਾ ਰਾਮ ਦੀ ਭੈਣ ਨੇ ਓਦੂੰ ਛੋਟੀ ਦਾ ਨਾਮ ਧਰ ਦਿੱਤਾ। ਪਿਛਲੇ ਸਮੇਂ ਬਹੁਤ ਲੋਗਾਂ ਦਾ ਇਹੋ ਧਰਮ ਸੀ ਕਿ ਜਿਸ ਕੁੜੀ ਦੀ ਸ਼ਾਦੀ ਦਾ ਨਾਮ ਜਿਸ ਲੜਕੇ ਨਾਲ ਰਖਿਆ ਜਾਵੇ ਉਸੇ ਨਾਲ ਬਯਾਹੁੰਦੇ ਸੇ। ਏਸ ਕਰ ਕੇ ਦਯਾ ਰਾਮ ਨੇ ਆਪਣੀਆਂ ਚੌਹਾਂ ਬੇਟੀਆਂ ਦੀ ਸ਼ਾਦੀ 11 ਹਾੜ੍ਹ ਸੁਦੀ 3, ਸੰਮਤ 1697 ਬਿਕ੍ਰਮੀ ਨੂੰ ਇਕੋ ਦਿਨ ਕਰ ਦਿੱਤੀ।"

(ਤਵਾਰੀਖ਼ ਗੁਰੂ ਖਾਲਸਾ, ਸੰਮਤ ਬਿਕ੍ਰਮੀ ਪਥਰ ਛਾਪ, ਪੰਨੇ 250-51)

ਭਾਈ ਕਾਨ੍ਹ ਜੀ ਨਾਭਾ ਵੀ 'ਮਹਾਨ ਕੋਸ਼' ਵਿਚ 'ਹਰਿ ਰਾਇ ਸਤਿਗੁਰੂ' ਦੇ ਸਿਰਲੇਖ ਹੇਠਾਂ ਚੌਹਾਂ ਸ਼ਾਦੀਆਂ ਦਾ ਹੀ ਜ਼ਿਕਰ ਕਰਦੇ ਹਨ। ਆਪ ਲਿਖਦੇ ਹਨ :

"ਸਿੱਖ ਕੌਮ ਦੇ ਸੱਤਵੇਂ ਪਾਤਸ਼ਾਹ, ਇਨ੍ਹਾਂ ਦਾ ਜਨਮ 20 ਮਾਘ, ਸੰਮਤ 1686 (26 ਫਰਵਰੀ, ਸੰਨ 1630) ਨੂੰ ਬਾਬਾ ਗੁਰਦਿੱਤਾ ਜੀ ਦੇ ਘਰ ਮਾਤਾ ਨਿਹਾਲ ਕੌਰ ਦੇ ਉਦਰ ਤੋਂ ਕੀਰਤਪੁਰ ਹੋਇਆ। ਹਾੜ ਸੁਦੀ 3, ਸੰਮਤ 1697 ਨੂੰ ਅਨੂਪ ਸ਼ਹਿਰ (ਜ਼ਿਲ੍ਹਾ ਬੁਲੰਦਸ਼ਹਿਰ (ਯੂ. ਪੀ.) ਨਿਵਾਸੀ ਦਇਆ ਰਾਮ ਦੀਆਂ ਸਪੁੱਤਰੀਆਂ ਨਾਲ ਹੋਇਆ।"

(ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 199)

ਭਾਵੇਂ ਭਾਈ ਸਾਹਿਬ ਨੇ ਚਾਰ ਪੁੱਤਰੀਆਂ ਨਹੀਂ ਲਿਖਿਆ ਪਰ 'ਦੀਆਂ ਪੁੱਤਰੀਆਂ' ਤੋਂ ਭਾਵ 'ਸਾਰੀਆਂ ਪੁੱਤਰੀਆਂ' ਦਾ ਹੀ ਲਿਆ ਜਾ ਸਕਦਾ ਹੈ ਤੇ ਉਹ ਚਾਰ ਹੀ ਕਹੀਆਂ ਜਾ ਸਕਦੀਆਂ ਹਨ।

ਹੁਣ ਸੋਚਣ ਦੀ ਗੱਲ ਇਹ ਹੈ ਕਿ ਸ਼ਾਦੀ ਦਾ ਸੰਕਲਪ ਧਾਰਨ ਦਾ ਅਧਿਕਾਰ ਮਾਂ-ਬਾਪ ਤੋਂ ਛੁੱਟ ਕਿਸੇ ਹੋਰ ਨੂੰ ਵੀ ਹੈ ? ਕੀ ਭੈਣ-ਭਰਾ ਜਾਂ ਪੁੱਤਰ ਵੀ ਏਸ ਅਧਿਕਾਰ ਨੂੰ ਵਰਤ ਸਕਦੇ ਹਨ ? ਕੀ ਸ਼ਾਦੀ ਪਹਿਲਾਂ ਵੱਡੀ ਲੜਕੀ ਦੀ ਹੋਣੀ ਜਾਇਜ਼ ਹੈ ਜਾਂ ਕੋਈ ਵੱਡੀ ਲੜਕੀ ਨੂੰ ਛੱਡ ਕੇ ਨਿੱਕੀਆਂ ਲੜਕੀਆਂ ਲਈ ਅਜਿਹੀ ਧਾਰਨਾ ਧਾਰ ਸਕਦਾ ਹੈ ? ਉੱਤਰ ਇਹੋ ਮਿਲੇਗਾ ਕਿ ਮਾਂ-ਬਾਪ ਤੋਂ ਛੁੱਟ ਅਜਿਹਾ ਸੰਕਲਪ ਧਾਰਨ ਦਾ ਹੱਕ ਹੋਰ ਕਿਸੇ ਨੂੰ ਵੀ ਨਹੀਂ ਤੇ ਨਾ ਹੀ ਕੋਈ ਵੱਡੀ ਲੜਕੀ ਦੀ ਸ਼ਾਦੀ ਹੋਣ ਤੋਂ ਪਹਿਲਾਂ ਛੋਟੀਆਂ ਲਈ ਸੋਚਿਆ ਹੀ ਜਾ ਸਕਦਾ ਹੈ। ਇਸ ਲਈ ਇਹ ਗੱਲ ਜ਼ੋਰ ਨਾਲ ਕਹੀ ਜਾ ਸਕਦੀ ਹੈ ਕਿ ਇਹ ਤਰਕਹੀਣ ਗੱਲਾਂ ਅਸਲੋਂ ਬੁੱਧੀ ਦੀ ਸਮਝ ਤੋਂ ਪਰ੍ਹੇ ਹਨ, ਬੇਥਵ੍ਹੀਆਂ ਤੇ ਨਿਰਮੂਲ ਹਨ। ਜਾਪਦਾ ਹੈ ਗਿਆਨੀ ਗਿਆਨ ਸਿੰਘ ਜੀ ਨੂੰ ਆਪਣੀ ਏਸ ਭੁੱਲ ਦਾ ਅਹਿਸਾਸ ਹੋ

ਗਿਆ ਸੀ, ਇਸ ਲਈ ਉਨ੍ਹਾਂ ਨੇ ਇਸ ਦੀ ਸੋਧ ਕਰ ਲਈ ਸੀ। ਇਸੇ ਕਰ ਕੇ ਹੀ ਉਨ੍ਹਾਂ ਭਾਸ਼ਾ ਵਿਭਾਗ ਪੰਜਾਬ ਵਲੋਂ ਛਾਪੀ ਗਈ 'ਤਵਾਰੀਖ਼ ਗੁਰੂ ਖਾਲਸਾ' ਵਿਚ ਆਪਣੀ ਉਪਰੋਕਤ ਲਿਖੀ ਗਈ ਵਾਰਤਾ ਨੂੰ ਹੇਠ ਲਿਖੇ ਸ਼ਬਦਾਂ ਵਿਚ ਬਦਲ ਦਿੱਤਾ :

"ਏਨ੍ਹਾਂ ਦੀ ਸ਼ਾਦੀ ਦਯਾ ਰਾਮ ਸਿੱਲ ਖੱਤਰੀ ਅਨੂਪ ਸ਼ੈਹਰ ਦੇ ਰੈਹਣ ਵਾਲੇ ਦੀ ਬੇਟੀ ਕਿਸ਼ਨ ਕੌਰ ਨਾਲ ਹੋਈ। ਜਦੋਂ ਗੁਰੂ ਕੇ ਦਰਸ਼ਨ ਕਰਨ ਕੀਰਤਪੁਰ ਆਏ ਤਦੋਂ ਹਰਿ ਰਾਇ ਜੀ ਗੁਰੂ ਜੀ ਪਾਸ ਬੈਠੇ ਸੇ, ਦਯਾ ਰਾਮ ਭੀ ਆਪਣੇ ਸਾਰੇ ਕੁਟੁੰਬ ਸਮੇਤ ਸਾਥ ਸੀ, ਇਨ੍ਹਾਂ ਪਸਰੂਰ ਤੋਂ ਅਨੂਪ ਸ਼ੈਹਰ ਦੁਕਾਨ ਕੀਤੀ ਹੋਈ ਸੀ। ਗੁਰੂ ਹਰਿ ਰਾਇ ਜੀ ਦੇ ਦੀਦਾਰੇ ਕਰ ਕੇ ਆਪਣੀ ਲੜਕੀ ਕਿਸ਼ਨ ਕੌਰ ਦੀ ਸ਼ਾਦੀ ਹਰਿ ਰਾਇ ਜੀ ਨਾਲ ਕਰਨੀ ਦਿਲ ਵਿਚ ਧਾਰ ਲਈ।" (ਹਿੱਸਾ ਪਹਿਲਾ, ਪੰਨਾ 593)

ਵੀਰ ਸਿੰਘ 'ਬਲ' ਨੇ ਤਾਂ ਹੋਰ ਵੀ ਕੁਫ਼ਰ ਤੋਲਿਆ ਹੈ ਤੇ ਗੁਰੂ ਜੀ ਦੀਆਂ ਅੱਠ ਸ਼ਾਦੀਆਂ ਦੱਸ ਕੇ ਕਈ ਸ਼ੰਕੇ ਖੜ੍ਹੇ ਕਰ ਦਿੱਤੇ ਹਨ। 'ਬਲ' ਜੀ ਲਿਖਦੇ ਹਨ :

ਕੋਟ ਕਲਿਆਣੀ ਕਿਸ਼ਨ ਕਵਰ ਵਾਸੀ ਪੁਰੇ ਕਰਤਾਰ।
ਲਏ ਸਿਰੀ ਗੁਰ ਤਾ ਸਮੇਂ ਸਾਥ ਮਹਿਲ ਦੋ ਚਾਰ॥
ਤੇਖੀ ਮੇਖੀ ਸੋਮ ਕੌਰ ਪ੍ਰੇਮ ਕੌਰ ਜਗ ਮਾਇ।
ਸ੍ਰੀ ਲਡਿਕੀ ਰਾਮ ਕੌਰ ਸ੍ਰੀ ਗੁਰ ਸੰਗ ਸਹਾਇ॥
ਅਸਟ ਮਹਿਲ ਸ੍ਰੀ ਗੁਰੂ ਕੇ ਕਹੇ ਸੁ ਨਾਮ ਉਚਾਰ।
ਤਾਸ ਚਰਨ ਅਰਬਿੰਦ ਕਵਿ ਬੰਦਤ ਬਾਰੰਬਾਰ॥

(ਗੁਰ ਕੀਰਤ ਪ੍ਰਕਾਸ਼ਠ ਪੰਨਾ 223)

ਜਿਸ ਤਰ੍ਹਾਂ ਪਹਿਲੇ ਲੇਖਕਾਂ ਨੇ ਗੁਰੂ ਜੀ ਦੇ ਵਿਆਹਵਾਂ ਬਾਰੇ ਊਟ-ਪਟਾਂਗ ਗੱਲਾਂ ਲਿਖੀਆਂ ਹਨ ਇਸੇ ਤਰ੍ਹਾਂ ਗੁਰੂ ਜੀ ਦੀ ਸੰਤਾਨ ਬਾਰੇ ਵੀ ਅੱਲ-ਪਲੱਲ ਮਾਰੇ ਹਨ। ਕੁਝ ਲੇਖਕ ਤਾਂ ਇਹ ਕਹਿੰਦੇ ਹਨ ਬਾਬਾ ਰਾਮ ਰਾਇ ਨੂੰ ਗੁਰਗੱਦੀ ਇਸ ਲਈ ਨਹੀਂ ਦਿੱਤੀ ਗਈ ਕਿਉਂਕਿ ਉਸ ਦਾ ਜਨਮ ਨੌਕਰਾਣੀ ਦੇ ਪੇਟੋਂ ਹੋਇਆ ਸੀ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ ਕਿਉਂਕਿ ਮਾਤਾ ਕੋਟ ਕਲਿਆਣੀ ਦੀ ਕੁੱਖੋਂ, ਜੋ ਕਿ ਅਸਲੀ ਗੁਰੂ-ਮਾਤਾ ਸੀ, ਹੋਇਆ ਸੀ, ਇਸ ਲਈ ਉਨ੍ਹਾਂ ਨੂੰ ਗੁਰਗੱਦੀ ਬਖ਼ਸ਼ੀ ਗਈ। ਆਪਣੇ ਵੱਲੋਂ ਤਾਂ ਭਾਵੇਂ ਉਨ੍ਹਾਂ ਨੇ ਸਿਆਣਪ ਕੀਤੀ ਹੋਵੇਗੀ ਪਰ ਉਨ੍ਹਾਂ ਦੀਆਂ ਇਹ ਲਿਖਤਾਂ ਕਈ ਸ਼ੰਕਿਆਂ ਦਾ ਕਾਰਣ ਬਣੀਆਂ।

ਸਾਨੂੰ ਗੁਰਮੁਖੀ ਲਿਖਤਾਂ ਵਿਚੋਂ ਜੇਕਰ ਸਭ ਤੋਂ ਵੱਧ ਭਰੋਸੇਯੋਗ ਕੋਈ ਲਿਖਤ ਮਿਲੀ ਹੈ ਤਾਂ ਉਹ ਸਰੂਪ ਸਿੰਘ ਦੀਆਂ 'ਗੁਰੂ ਕੀਆਂ ਸਾਖੀਆਂ' ਹੈ। ਇਸ ਦੇ ਰਚਨਾ-ਕਾਲ ਬਾਰੇ ਭਾਵੇਂ ਸਾਨੂੰ ਕੋਈ ਜਾਣਕਾਰੀ ਨਹੀਂ ਮਿਲਦੀ ਪਰ ਇਸ ਦੇ ਅੰਤ ਵਿਚ ਹੇਠ ਲਿਖੀ ਟੂਕ ਹੈ :

"ਗੁਰੂ ਕੀਆਂ ਸਾਖੀਆਂ ਦੀ ਪੋਥੀ ਸੰਪੂਰਨ ਹੋਈ। ਸ੍ਰੀ ਸਤਿਗੁਰ ਕੇ ਪ੍ਰਸਾਦਿ।
ਅੱਖਰ ਵਾਧਾ ਘਾਟਾ, ਭੁੱਲਾਂ ਚੁੱਕਾਂ ਬਖਸ਼ਨਾ, ਸੰਮਤ 1847 ਜੇਠ ਮਾਸ ਦੀ
ਪੰਦਰਸ ਕੇ ਦਿਵਸ ਭਾਦਸੋਂ ਨਗਰੀ ਪਰਗਣਾ ਥਾਨੇਸਰ।
ਸੰਪੂਰਨ ਮਸਤ ਸੁਭ ਮਸਤ

ਭੱਟ ਅੱਖਰੀ ਸੇ ਗੁਰਮੁਖੀ ਅੱਖਰਾਂ ਮੇਂ ਉਤਾਰਾ ਕੀਆ ਫਲਗੁਨ ਸੁਦੀ ਦਸਮੀਂ ਸਾਲ 1925, ਨਕਲ ਕਰਨੇ ਵਾਲਾ—ਭੱਟ ਛੱਜੂ ਸਿੰਘ ਕੌਸ਼ਿਕ, ਭਾਦਸੋਂ ਵਾਸੀ ਪਰਗਣਾ ਥਾਨੇਸਰ।"

ਉਪਰੋਕਤ ਟੂਕ ਜ਼ਾਹਿਰ ਕਰਦੀ ਹੈ ਕਿ ਲਿਖਤ 'ਸੂਰਜ ਪ੍ਰਕਾਸ਼' ਤਥਾ 'ਤਵਾਰੀਖ਼ ਗੁਰੂ ਖਾਲਸਾ' ਕ੍ਰਿਤ ਗਿਆਨੀ ਗਿਆਨ ਸਿੰਘ ਤੋਂ ਚੋਖੀ ਪੁਰਾਣੀ ਹੈ। ਪਤਾ ਨਹੀਂ ਸਾਡੇ ਲਕੀਰ ਦੇ ਫਕੀਰ ਲੇਖਕਾਂ ਨੇ ਇਸ ਨੂੰ ਕਿਉਂ ਨਜ਼ਰ-ਅੰਦਾਜ਼ ਤੇ ਅਣਗੌਲਿਆਂ ਹੀ ਕੀਤੀ ਰਖਿਆ ਹੈ ? ਗੁਰੂ ਹਰਿ ਰਾਇ ਜੀ ਦੇ ਵਿਆਹ ਸੰਬੰਧੀ ਇਸ ਵਿਚ ਦਿੱਤੀ ਵਾਕਫੀਅਤ ਕਾਫ਼ੀ ਵਿਚਾਰਮਈ, ਯੁਕਤੀ ਯੁਕਤ, ਸੰਤੁਲਨ ਵਾਲੀ ਤੇ ਸੰਕੋਚਵੀਂ ਹੈ ਤੇ ਪਾਠਕਾਂ ਦੇ ਮਨਾਂ 'ਤੇ ਲੋੜੀਂਦਾ ਪ੍ਰਭਾਵ ਪਾਉਂਦੀ ਹੈ। ਅਸੀਂ ਉਸ ਦਾ ਸਹੀ ਉਤਾਰਾ ਹੇਠਾਂ ਦੇ ਰਹੇ ਹਾਂ :

"ਏਕ ਦਿਹੁੰ ਦੈਆ ਰਾਮ ਸਿੱਲੀ ਖੱਤਰੀ ਅਰੂਪ ਨਗਰੀ ਸੇ ਕੀਰਤਪੁਰ ਆਇਆ। ਇਸੇ ਅਪਨੀ ਬੇਟੀ ਸੁਲੱਖਨੀ ਕੀ ਮੰਗਨੀ (ਗੁਰੂ) ਹਰਿ ਰਾਇ ਜੀ ਕੇ ਸਾਥ ਕੀ। ਤੀਜੇ ਬਰਖ ਇਸ ਸਾਹੇ ਕੀ ਚਿੱਠੀ ਲਿਖਾਇ ਕੀਰਤਪੁਰ ਭੇਜੀ। ਪਰੋਹਤ ਸਿਲੀਆਂ ਕਾ ਅਰੂਪ ਨਗਰੀ ਸੇ ਚਲ ਕੇ ਕੀਰਤਪੁਰ ਆਇ ਗਿਆ। ਮਾਤਾ ਬੱਸੀ ਜਹਾਂ ਦੁਹਾਂ ਸਾਹਿਬਜ਼ਾਦਿਆਂ (ਸ੍ਰੀ ਧੀਰ ਮਲ ਤੇ ਹਰਿ ਰਾਇ ਜੀ) ਕੋ ਬਿਠਾਇ ਸ੍ਰੀ ਗ੍ਰੰਥ ਸਾਹਿਬ ਕੀ ਬੀਚਾਰ ਕਰਾਇ ਰਹੀ ਥੀ। ਦੀਵਾਨ ਦਰਘਾ ਮਲ ਪਰੋਹਤ ਲੈ ਕੇ ਵਹਾਂ ਆ ਗਿਆ। ਆਗੇ ਸੇ ਮਾਤਾ ਜੀ ਨੇ ਪਰੋਹਿਤ ਕੋ ਬੈਠਨੇ ਕੇ ਲੀਏ ਮੂੜ੍ਹਾ ਦੀਆ। ਦੀਵਾਨ ਜੀ ਨੇ ਸਾਹੇ ਕੀ ਚਿਠੀ ਬਾਚ ਕੇ ਸੁਨਾਈ। ਕਹਾ ਮਾਤਾ ਜੀ—ਸ੍ਰੀ ਹਰਿ ਰਾਇ ਜੀ ਸ਼ੁਭ-ਬਿਵਾਹ ਕਾ ਦਿਵਸ ਸੰਮਤ ਸੋਲ੍ਹਾਂ ਸੈ ਸਤਾਨਮੇ ਸਤਰਾਂ ਹਾੜ ਕਾ ਹੈ, ਤਿਆਰੀ ਕਰਨੀ ਚਾਹੀਏ। ਕੀਰਤਪੁਰ ਨਗਰੀ ਸੇ ਅਰੂਪ ਗਾਉਂ ਕੋ ਜਾਨੇ ਕੇ ਲੀਏ ਜਨੇਤ ਤਿਆਰ ਹੋਨੇ ਲਗੀ। ਗੁਰੂ ਹਰਿਗੋਬਿੰਦ ਜੀ ਨੇ ਬੇਟੇ ਅਣੀ ਰਾਇ ਕੋ ਸਾਰੀ ਬਾਰਤਾ ਸਮਝਾਇ ਕੇ ਤਿਆਰ ਕੀਆ। ਜਨੇਤ ਕੇ ਸਾਥ ਸ੍ਰੀ ਸੂਰਜ ਮੱਲ, ਸ੍ਰੀ ਤੇਗ ਬਹਾਦਰ ਤੇ ਸ੍ਰੀ ਧੀਰ ਮੱਲ ਜੀ ਆਦਿ ਸਾਰੇ ਆਏ।

ਜਨੇਤ ਕੀਰਤਪੁਰ ਸੇ ਚਲ ਦਰਿਆਇ ਸਤਲੁਦਰ, ਬਿਆਸ, ਰਾਵੀ ਪਾਰ ਹੋਇ ਕੇ ਅਰੂਪ ਨਗਰੀ ਮੇਂ ਜਾਇ ਪਹੁੰਚੀ। ਦੈਆ ਰਾਮ ਸਿੱਲੀ ਨੇ ਇਨਕੇ ਆਨੇ ਬੜਾ ਆਉ ਭਗਤ ਕੀਆ। ਅਗਲੇ ਦਿਹੁੰ ਇਸ ਕੀ ਬੇਟੀ ਸੁਲੱਖਨੀ ਕਾ ਬਿਵਾਹ ਹਰਿ ਰਾਇ ਜੀ ਸੇ ਹੁਆ, ਤੀਜੇ ਦਿਹੁੰ ਡੋਲੀ ਅਰੂਪ ਗਾਉਂ ਸੇ ਵਿਦਿਆ ਹੋਈ। ਜਨੇਤ ਵਾਪਸੀ ਸਨੇਂ ਸਨੇਂ ਕੀਰਤਪੁਰ ਨਗਰੀ ਮੇਂ ਆਇ ਗਈ। ਮਾਤਾ ਬੱਸੀ ਨੇ ਬੇਟੇ ਕੇ ਵਿਆਹ ਕੀ ਖੁਸ਼ੀ ਮੇਂ ਸਾਰੇ ਸਗਨ ਮਨਾਏ, ਅਭਿਥਾਰਥੀ ਕੋ ਮਨ ਬਾਂਛਤ ਦਾਨ ਦੀਆ। ਪਾਂਚ ਦਿਹੁੰ ਡੋਲੀ ਕੀਰਤਪੁਰ ਮੇਂ ਰਹਿ ਕੇ ਵਾਪਸ ਅਰੂਪ ਨਗਰੀ ਕੋ ਆਈ। ਦੈਯਾ ਰਾਮ ਕੁਝ ਕਾਲ ਅਰੂਪ ਗਾਉਂ ਮੇਂ ਰਹਿ ਕੇ ਕੋਟ ਕਲਿਆਨਪੁਰ ਮੇਂ ਚਲਾ ਆਇਆ। ਦੂਜੇ ਬਰਖ ਸਾਲ ਸਤਰਾ ਸੈ ਨੜਿਨਮੇਂ ਅਸਾਢ ਸੁਦੀ ਤੀਜ ਕੇ ਦਿਹੁੰ ਬੇਟੀ ਸੁਲੱਖਣੀ ਦਾ ਮੁਕਲਾਵਾ ਤੋਰਾ। ਕੀਰਤਪੁਰ ਮੇਂ ਮਾਤਾ ਬੱਸੀ

ਨੇ ਸਿਰ ਵਾਰਨਾ ਕੀਆ ਅਤੇ ਖੁਸ਼ੀਆਂ ਮਨਾਈਆਂ । ਅਭਿਥਾਅਰਥੀ ਸਭਨਾਂ ਨੇ ਮਨ ਬਾਂਛਤ ਦਾਨ ਪਾਇਆ ॥4॥"

ਇਥੇ ਇਹ ਗੱਲ ਦੱਸਣੀ ਕੁਥਾਂ ਨਹੀਂ ਹੋਵੇਗੀ । ਭਾਵੇਂ ਸਿਵਾਏ ਛਪੇ 'ਸੂਰਜ ਪ੍ਰਕਾਸ਼' ਦੇ ਪੁਰਾਤਨ ਨੁਸਖ਼ਿਆਂ ਵਿਚ ਸੱਤ ਸਾਲੀਆਂ ਤੇ ਨੌਕਰਾਣੀਆਂ ਦੇ ਵਿਆਹ ਵਾਲੀ ਸਾਖੀ ਨਹੀਂ ਲਿਖੀ ਹੋਈ ਪਰ ਫਿਰ ਵੀ ਪਤਾ ਨਹੀਂ ਕਿਸ ਨੇ ਇਹ ਸਾਖੀ ਅਪ੍ਰਸੰਗਿਕ ਹੋਣ ਤੇ ਵੀ ਰਾਸ 8 ਅੰਸੂ 43 ਜਿਸ ਦੇ ਅੰਤ ਵਿਚ ਲਿਖਿਆ ਹੈ "ਇਤਿ ਸ੍ਰੀ ਗੁਰੂ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ ਅਸਟਮ ਰਾਸ" ਸ੍ਰੀ ਗੁਰੂ ਤੇਗ ਬਹਾਦਰ ਪ੍ਰਸੰਗ ਵਰਨੰਨ । ਮਤੀ ਨਚਤ੍ । ਰਿਸੰਤੀ ਅੰਸੂ ॥ 43 ਤੋਂ ਬਾਅਦ ਇਹ ਅਪ੍ਰਸੰਗਕ ਪ੍ਰਸੰਗ ਪਾ ਦਿੱਤਾ ਹੈ । ਭਾਈ ਵੀਰ ਸਿੰਘ ਜੀ ਦੇ ਇਸ ਫੁਟਨੋਟ ਵਿਚ ਹੇਠ ਲਿਖੀ ਟੂਕ ਦੇਂਦੇ ਹਨ :

"ਇਥੇ ਆ ਕੇ ਬਿਨਾਂ ਪ੍ਰਸੰਗ ਆਦਿ-ਅੰਤ ਮਿਲਾਏ ਦੇ ਗੁਰੂ ਹਰਿ ਰਾਇ ਜੀ ਦੇ ਸੱਤਾਂ ਵਿਆਹਵਾਂ ਦਾ ਅਮੋਲਵਾਂ ਅੰਸੂ ਇਕ ਨੁਸਖੇ ਵਿਚ ਦੇਖਣ ਵਿਚ ਆਇਆ ਹੈ । ਪੁਰਾਤਨ ਲਿਖਤੀ ਤੇ ਛਾਪੇ ਦੇ ਅਤੇ ਸਾਨੂੰ ਮਿਲੇ ਸਭ ਤੋਂ ਪੁਰਾਣੇ 1919 ਦੇ ਨੁਸਖੇ ਵਿਚ ਇਹ ਪ੍ਰਸੰਗ ਨਹੀਂ ਆਇਆ । ਉਪਰ ਦੱਸੇ ਲਿਖਤੀ ਨੁਸਖੇ ਵਿਚ ਜੋ ਬਹੁਤ ਮਗਰੋਂ ਦਾ ਹੈ, ਚਲ ਰਹੇ ਸਫ਼ਿਆਂ ਦੇ ਅੰਗਾਂ ਤੋਂ ਵਿਲੱਖਣ ਮਗਰੋਂ ਡਾਢੀ ਸਿੱਥਲ ਕਵਿਤਾ ਵਿਚ ਦੋ ਪੱਤਰੇ ਮਗਰੋਂ ਲਿਖ ਕੇ ਪਾਏ ਹੋਏ ਹਨ, ਜੋ ਸਪੱਸ਼ਟ ਆਪੇਖਕ ਹਨ । ਇਨ੍ਹਾਂ ਸਫ਼ਿਆਂ ਤੇ ਅੰਗ ਭੀ ਨਹੀਂ ਦਿੱਤੇ । ਪੁਸਤਕ ਦੇ ਆਪਣੇ ਅੰਗ 557 ਤੋਂ ਬਾਅਦ ਦੋ ਪੱਤਰੇ ਆਪੇਖਕ ਬਿਨ ਅੰਗੇ ਆ ਕੇ ਫਿਰ ਅਸਲੀ ਲਿਖਤ ਵਿਚ 558 ਪ੍ਰਤਾਂਗ ਸ਼ੁਰੂ ਹੋ ਜਾਂਦਾ ਹੈ । ਫਿਰ ਇਕ ਪੱਤਰਾ ਕੱਟ ਕੇ ਵਿਚ ਜੋੜਿਆ ਗਿਆ ਹੈ । ਰੱਤੀ ਭਰ ਸੰਸਾ ਉਸ ਦੇ ਆਪੇਖਕ ਹੋਣ ਦਾ ਨਹੀਂ ਰਹਿੰਦਾ, ਕਿਸੇ ਐਸੇ ਨੁਸਖ਼ੇ ਵਿਚ ਕੋਈ ਪਾਠਕ ਦੇਖ ਕੇ ਧੋਖਾ ਨਾ ਖਾਵੇ ।

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ, ਸੰਪਾਦਿਤ—ਭਾਈ ਵੀਰ ਸਿੰਘ, ਨਵੰਬਰ 1930, ਪਹਿਲੀ ਛਾਪ, ਜਿਲਦ 9ਵੀਂ, ਪੰਨੇ 3475-76)

ਉਪਰੋਕਤ ਵਿਚਾਰ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਵਿਆਹ ਕੇਵਲ (ਮਾਤਾ) ਕਿਸ਼ਨ ਕੌਰ ਜੀ ਦੇ ਨਾਲ ਹੀ ਹੋਇਆ । ਐਵੇਂ ਦੋਖੀਆਂ ਨੇ ਸੱਤ ਜਾਂ ਅੱਠ ਲਿਖ ਕੇ ਗੁਰਸਿੱਖਾਂ ਨੂੰ ਟਪਲੇ ਵਿਚ ਪਾਉਣ ਦਾ ਕੋਝਾ ਯਤਨ ਕੀਤਾ ਹੈ । ਇਹ ਗੱਲ ਵੀ ਧਿਆਨਯੋਗ ਹੈ ਕਿ 'ਮਹਿਮਾ ਪ੍ਰਕਾਸ਼' ਵਾਰਤਕ ਤੇ ਕਵਿਤਾ ਨੇ ਵੀ ਇਕ ਵਿਆਹ ਤੋਂ ਛੁੱਟ ਕਿਸੀ ਦੂਸਰੀ ਸ਼ਾਦੀ ਦਾ ਜ਼ਿਕਰ ਨਹੀਂ ਕੀਤਾ । ਉਸ ਵਿਚ ਕੇਵਲ ਇਤਨਾ ਹੀ ਲਿਖਿਆ ਹੈ :

"ਬਾਬਾ ਗੁਰਦਿਤਾ ਪਿਤਾ, ਰਾਜ ਕੌਰ ਜੀ ਮਾਤਾ, ਸੁਲੱਖਣੀ ਪਤਿ ਹਰਿ ਰਾਇ, ਗੁਰੂ ਹਰਿ ਕਿਸ਼ਨ ਰਾਮ, ਰਾਇਤਾਤ ।"

(ਸਾਖੀ 21ਵੀਂ, ਪਾਤਸ਼ਾਹੀ ਸੱਤਵੀਂ)

ਸੋ ਹੁਣ ਤਕ ਕੀਤੀ ਵਿਚਾਰ ਤੋਂ ਅਸੀਂ ਇਸ ਸਿੱਟੇ 'ਤੇ ਪੁੱਜੇ ਹਾਂ ਕਿ ਆਪ ਜੀ ਦਾ ਵਿਆਹ ਅਰੂਪ ਨਗਰੀ ਦੇ ਵਾਸੀ ਭਾਈ ਦਇਆ ਰਾਮ ਦੀ ਸਪੁੱਤਰੀ (ਮਾਤਾ) ਸੁਲੱਖਣੀ ਜੀ ਨਾਲ ਹੋਇਆ । ਮਾਤਾ ਬੱਸੀ (ਅਨੰਤੀ ਜਾਂ ਨਿਹਾਲ ਕੌਰ) ਇਨ੍ਹਾਂ ਨੂੰ ਕਦੇ-ਕਦੇ ਕੋਟ ਕਲਿਆਣੀ ਤੇ ਕਦੇ ਤ੍ਰਿਬੈਨੀ ਕਹਿ ਕੇ ਵੀ ਬੁਲਾਂਦੇ ਸਨ । ਪਰ ਵੈਸੇ ਆਪ ਜੀ ਦਾ ਸਹੁਰੇ ਘਰ ਦਾ ਨਾਮ ਕਿਸ਼ਨ ਕੌਰ ਸੀ ।

ਅਰੂਪ ਨਗਰੀ ਕਿੱਥੇ ਹੈ ? ਇਸ ਬਾਰੇ ਵੀ ਇਕ ਰਾਏ ਨਹੀਂ । ਭਾਈ ਕਾਨ੍ਹ ਸਿੰਘ ਜੀ ਤਾਂ ਲਿਖਦੇ ਹਨ, ਹਾੜ ਸੁਦੀ 3, ਸੰਮਤ 1697 ਨੂੰ ਅਨੂਪ ਸ਼ਹਿਰ (ਜ਼ਿਲ੍ਹਾ ਬੁਲੰਦਸ਼ਹਿਰ (ਯੂ. ਪੀ.) ਨਿਵਾਸੀ ਦਇਆ ਰਾਮ ਦੀਆਂ ਸਪੁੱਤਰੀਆਂ ਨਾਲ ਹੋਇਆ ।"

(ਮਹਾਨ ਕੋਸ਼, ਪੰਨੇ 199)

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਵੀ ਅਨੂਪ ਸ਼ਹਿਰ (ਯੂ. ਪੀ.) ਬੁਲੰਦ ਸ਼ਹਿਰ ਤੋਂ 15 ਮੀਲ ਪੂਰਬ ਤੇ ਉਥੋਂ ਰਤਾ ਕੁ ਦੱਖਣ ਵੱਲ ਦੱਸਦੇ ਹਨ ।

(ਦੇਖੋ ਉਨ੍ਹਾਂ ਦੀ ਰਚਿਤ ਪੁਸਤਕ 'ਨਿਰਭਉ ਨਿਰਵੈਰੁ' ਪੰਨਾ 51-52)

ਪ੍ਰੋ. ਪਿਆਰਾ ਸਿੰਘ 'ਪਦਮ' ਸੰਪਾਦਿਤ 'ਗੁਰੂ ਕੀਆਂ ਸਾਖੀਆਂ' ਚੌਥੀ ਸਾਖੀ ਦੇ ਫੁਟਨੋਟ ਵਿਚ ਪੰਨਾ 42 'ਤੇ ਇਹ ਪਿੰਡ ਜ਼ਿਲ੍ਹਾ ਗੁਜਰਾਂਵਾਲੇ ਵਿਚ ਲਿਖਦੇ ਹਨ ।

ਗਿਆਨੀ ਗਿਆਨ ਸਿੰਘ ਜੀ ਦੀਆਂ ਪੁਰਾਣੀਆਂ ਤੇ ਨਵੀਆਂ ਲਿਖਤਾਂ ਤੋਂ ਵੀ ਅੰਦਾਜ਼ਾ 'ਅਨੂਪ ਸ਼ਹਿਰ' ਦੇ ਯੂ. ਪੀ. ਵਿਚ ਹੋਣ ਦਾ ਹੀ ਲੱਗਦਾ ਹੈ ਪਰ 'ਗੁਰੂ ਕੀਆਂ ਸਾਖੀਆਂ' ਵਿਚ ਆਏ ਹੇਠ ਲਿਖੇ ਸ਼ਬਦ :

ਜਨੇਤ ਕੀਰਤਪੁਰ ਸੇ ਚਲ ਦਰਿਆਇ ਸਤਲੁਦਰ, ਬਿਆਸ, ਰਾਵੀ ਪਾਰ
ਹੋਇ ਕੇ ਅਰੂਪ ਨਗਰੀ ਮੇਂ ਜਾਇ ਪਹੁੰਚੀ ।

ਅਰੂਪ ਨਗਰੀ ਨੂੰ ਯੂ. ਪੀ. ਦਾ ਨਹੀਂ ਰਹਿਣ ਦੇਂਦੀ । ਇਸ ਤੋਂ ਤਾਂ ਇਸ ਦਾ ਜ਼ਿਲ੍ਹਾ ਗੁਜਰਾਂਵਾਲਾ (ਪੰਜਾਬ ਹਾਲ ਪਾਕਿਸਤਾਨ) ਹੀ ਸਹੀ ਜਾਪਦਾ ਹੈ । ਸਾਡਾ ਖ਼ਿਆਲ ਹੈ ਕਿ ਟਪਲਾ ਅਨੂਪ ਤੇ ਅਰੂਪ ਦਾ ਲੱਗਾ ਹੈ । ਗਿਆਨੀ ਗਿਆਨ ਸਿੰਘ ਇਸ ਨੂੰ ਅਨੂਪ ਸ਼ਹਿਰ ਲਿਖਦੇ ਹਨ ਜੋ ਠੀਕ ਯੂ. ਪੀ. ਦੇ ਬੁਲੰਦਸ਼ਹਿਰ ਵਿਚ ਹੈ ਤੇ ਬੁਲੰਦਸ਼ਹਿਰ ਦੇ ਲਾਗੇ-ਚਾਗੇ ਹੀ ਹੈ । ਪਰ ਕੇਸਰ ਸਿੰਘ ਛਿੱਬਰ ਤੇ ਸਰੂਪ ਸਿੰਘ 'ਕੋਸ਼ਿਸ਼' ਅਰੂਪ ਗਾਉਂ ਅਥਵਾ ਅਰੂਪ ਨਗਰੀ ਦਾ ਜ਼ਿਕਰ ਕਰਦੇ ਹਨ । ਕਿਉਂਕਿ 'ਕੋਸ਼ਿਸ਼' ਜੀ ਨੇ ਅਰੂਪ ਨਗਰੀ ਦਾ ਪੂਰਾ-ਪੂਰਾ ਵੇਰਵਾ ਦਿੱਤਾ ਹੈ, ਇਸ ਲਈ ਅਰੂਪ ਨਗਰੀ ਦਾ ਜ਼ਿਲ੍ਹਾਂ ਗੁਜਰਾਂਵਾਲੇ ਵਿਚ ਹੋਣਾ ਹੀ ਸਹੀ ਜਾਪਦਾ ਹੈ ।

ਸ੍ਰੀ ਗੁਰੂ ਹਰਿ ਰਾਇ ਜੀ ਦੀ ਸੰਤਾਨ ਬਾਰੇ ਵੀ ਕਈ ਭੁਲੇਖੇ ਹਨ । ਜੋ ਇਤਿਹਾਸਕਾਰ ਚੌਹਾਂ ਜਾਂ ਅੱਠਾਂ ਵਿਆਹਵਾਂ ਦਾ ਜ਼ਿਕਰ ਕਰਦੇ ਹਨ ਉਹ (ਬਾਬਾ) ਰਾਮ ਰਾਇ ਨੂੰ (ਮਾਤਾ) ਕਿਸ਼ਨ ਕੌਰ ਦੀ ਕੁੱਖੋਂ ਜਨਮਿਆ ਨਹੀਂ ਦੱਸਦੇ । ਕੇਸਰ ਸਿੰਘ ਛਿੱਬਰ ਕਹਿੰਦਾ ਹੈ ਕਿ ਸ੍ਰੀ (ਗੁਰੂ) ਹਰਿ ਰਾਇ ਜੀ ਦਾ ਵਿਆਹ ਤਾਂ ਭਾਵੇਂ (ਮਾਤਾ) ਕੋਟ ਕਲਿਆਣੀ ਨਾਲ ਹੋਇਆ ਸੀ ਪਰ ਉਸ ਨਾਲ ਜੋ ਪੰਜਾਬੋ ਨਾਂ ਦੀ ਨੌਕਰਾਣੀ ਆਈ ਸੀ, ਬਹੁਤ ਚਲਾਕ ਤੇ ਬੁੱਧੀਮਾਨ ਸੀ, ਉਸ ਨੇ (ਗੁਰੂ) ਹਰਿ ਰਾਇ ਜੀ ਨੂੰ ਅਸਲ ਪਤਨੀ ਦਾ ਰੂਪ ਧਾਰ ਕੇ ਭਰਮਾ ਲਿਆ । ਇਸ ਦੇ ਪੇਟੋਂ ਰਾਮ ਰਾਇ ਜੀ ਤੇ ਇਕ ਬੇਟੀ ਨੇ ਜਨਮ ਲਿਆ ਅਤੇ ਮਾਤਾ ਕੋਟ ਕਲਿਆਣੀ ਦੀ ਕੁੱਖੋਂ (ਗੁਰੂ) ਹਰਿ ਕ੍ਰਿਸ਼ਨ ਜੀ ਪੈਦਾ ਹੋਏ । ਭਾਈ ਕਾਨ੍ਹ ਸਿੰਘ ਜੀ ਵੀ ਕਿਉਂਕਿ ਭਾਈ ਦਯਾ ਰਾਮ ਦੀਆਂ ਚੌਹਾਂ ਪੁੱਤਰੀਆਂ ਨਾਲ ਵਿਆਹ ਹੋਇਆ ਮੰਨਦੇ ਹਨ, ਇਸ ਲਈ ਉਹ ਵੀ ਕਹਿੰਦੇ ਹਨ : "ਮਹਲਾ ਕੋਟ ਕਲਿਆਣੀ ਜੀ ਦੇ ਉਦਰ ਤੋਂ ਰਾਮ ਰਾਇ ਅਤੇ ਕਿਸ਼ਨ ਕੌਰ ਤੋਂ ਗੁਰੂ ਹਰਿਕ੍ਰਿਸ਼ਨ ਜੀ ਜਨਮੇ" (ਗੁ: ਸ਼: ਰ: ਮਹਾਨ ਕੋਸ਼, ਪੰਨਾ 199) ਪਰ ਇਸ ਝਮੇਲੇ ਨੂੰ ਵੀ 'ਕੋਸ਼ਿਸ਼' ਜੀ ਨੇ 'ਗੁਰੂ ਕੀਆਂ ਸਾਖੀਆਂ' ਵਿਚ ਪੂਰੀ ਤਰ੍ਹਾਂ

ਸੁਲਝਾ ਦਿੱਤਾ ਹੈ। ਆਪ ਲਿਖਦੇ ਹਨ :

"ਸੰਮਤ ਸਤਰਾਂ ਸੈ ਤੀਨ ਚੇਤ ਬਦੀ ਪੰਚਮੀ ਸੋਮਵਾਰ ਕੇ ਦਿਹੁੰ ਮਾਤਾ ਸੁਲੱਖਣੀ ਜੀ ਕੀ ਕੁੱਖ ਕੋ ਭਾਗ ਲਾਗਾ। ਪਹਿਰ ਰਾਤ ਰਹੀ ਏਕ ਚਮਤਕਾਰੀ ਬਾਲਕ ਪੈਦਾ ਹੂਆ। ਦਾਦੀ ਬੱਸੀ ਨੇ ਪੰਡਿਤ ਕੋ ਬੁਲਾਇ ਭੇਜਾ। ਇਥੇ ਆਇ ਸ਼ੁਭ ਘਰੀ ਸ਼ੁਭ ਨਛੱਤਰ ਗ੍ਰਹਿ ਸੋਧ ਕੇ ਬਾਲਕ ਕਾ ਨਾਮ ਰਾਮ ਰਾਇ ਰਾਖਾ...

ਸ੍ਰੀ ਰਾਮ ਰਾਇ ਜੀ ਕੇ ਬਾਅਦ ਸੰਮਤ ਸਤਰਾਂ ਸੈ ਛਠ ਵੈਸਾਖ ਸੁਦੀ ਸਾਤ ਦਿਹੁੰ ਮਾਤਾ ਸੁਲੱਖਣੀ ਕੇ ਉਦਰ ਸੇ ਥੀਂ ਏਕ ਬਾਲਕੀ ਪੈਦਾ ਹੂਈ। ਇਹ ਰਾਮ ਰਾਇ ਕੀ ਤਰ੍ਹਾਂ ਬੜੀ ਸੁੰਦਰ ਥੀ। ਇਸ ਕਾ ਨਾਉਂ ਦਾਦੀ ਬੱਸੀ ਨੇ ਰੂਪ ਕੁਇਰ ਰਾਖਾ।...

ਜਬ ਸ੍ਰੀ ਰਾਮ ਰਾਇ ਜੀ ਛੇ ਬਰਖਾਂ ਕੇ ਹੂਏ ਮਾਤਾ ਸੁਲੱਖਣੀ ਕੀ ਕੁਖ ਕੋ ਫੇਰ ਭਾਗ ਲਾਗਾ। ਸੰਮਤ ਸਤਰਾਂ ਸੈ ਨਾਵਾਂ ਸਾਵਨ ਵਦੀ ਦਸਮੀ ਕੋ ਦਿਹੁੰ ਸਵਾ ਪਹਿਰ ਰੈਨ ਰਹੀ ਏਕ ਚਮਤਕਾਰੀ ਬਾਲ ਪੈਦਾ ਹੂਆ। ਮਾਤਾ ਬੱਸੀ ਨੇ ਕੁਲ ਪਰੋਹਤ ਕੋ ਬੁਲਾਇ ਭੇਜਾ। ਪੰਡਿਤ ਸ਼ੁਭ ਘਰੀ ਸ਼ੁਭ ਨਛੱਤਰ ਸੋਧ ਕੇ ਬਾਲਕ ਕਾ ਨਾਉਂ ਹਰਿ ਕ੍ਰਿਸ਼ਨ ਰਾਖਾ...।"

(ਗੁਰੂ ਕੀਆਂ ਸਾਖੀਆਂ, ਸੰਪਾਦਿਤ ਪਿਆਰਾ ਸਿੰਘ ਪਦਮ, ਪੰਨੇ 43-44)

ਜਿਥੇ ਤਕ ਬੀਬੀ ਰੂਪ ਕੌਰ ਦਾ ਸਵਾਲ ਹੈ। ਭਾਈ ਕੇਸਰ ਸਿੰਘ ਇਸ ਨੂੰ ਤੇ ਬਾਬਾ ਰਾਮ ਰਾਇ ਜੀ ਨੂੰ ਜੇਹਾ ਕਿ ਅਸੀਂ ਉਪਰ ਦੱਸ ਚੁੱਕੇ ਹਾਂ ਪੰਜਾਬੋ ਨੌਕਰਾਣੀ ਦੀ ਕੁੱਖੋਂ ਜਨਮਿਆ ਦੱਸਦਾ ਹੈ। ਭਾਵੇਂ ਉਸ ਨੇ ਕੇਵਲ ਇਕ ਬੇਟੀ ਦਾ ਹੀ ਸੰਕੇਤ ਦਿੱਤਾ ਹੈ ਪਰ ਗੁਰੂ ਜੀ ਦੀ ਪਾਲਿਤ ਬੇਟੀ ਕਹਿ ਲਵੋ ਜਾਂ ਘਰ ਜਾਈ ਪੁੱਤ੍ਰੀ ਆਖ ਲਵੋ, ਹੈ ਤਾਂ ਇਕੋ-ਇਕ ਰੂਪ ਕੋਇਰ ਹੀ ਸੀ। ਭਾਈ ਕਾਨ੍ਹ ਸਿੰਘ ਜੀ ਇਸ ਬੇਟੀ ਨੂੰ ਪਾਲਿਤ ਪੁੱਤਰੀ ਕਹਿੰਦੇ ਹਨ। ਆਪ ਲਿਖਦੇ ਹਨ :

> "ਰੂਪ ਕੌਰ—ਇਹ ਸ੍ਰੀ ਗੁਰੂ ਹਰਿ ਰਾਇ ਜੀ ਦੀ ਪਾਲਿਤ ਪੁੱਤਰੀ ਸੀ। ਇਸ ਦਾ ਵਿਆਹ ਪਸਰੂਰ ਨਿਵਾਸੀ ਖੇਮਕਰਨ ਨਾਲ ਹੋਇਆ, ਜਿਸ ਤੋਂ ਅਮਰ ਸਿੰਘ ਜਨਮਿਆ, ਅਮਰ ਸਿੰਘ ਦੀ ਔਲਾਦ ਹੁਣ ਪਸਰੂਰ ਵਿਚ ਹੈ, ਔਰ ਬਨੂੜ ਪਾਸ ਦਯਾਲ ਪੁਰਾ ਪਿੰਡ ਰਿਆਸਤ ਪਟਿਆਲੇ ਵਲੋਂ ਜਾਗੀਰ ਹੈ।"
>
> (ਮਹਾਨ ਕੋਸ਼, ਵੇਖੋ : ਰੂਪ ਕੌਰ)

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਲਿਖਦੇ ਹਨ :

"ਸਿੱਖ ਜੀਵਨ ਦਾਨ ਦੇ ਕੇ ਜਵਾਨੀਆਂ ਭੇਟ ਕਰਦੇ ਤੇ ਆਪਣੇ ਬੱਚਿਆਂ ਨੂੰ ਗੁਰੂ ਦਰ 'ਤੇ ਚੜ੍ਹਾ ਜਾਂਦੇ ਸਨ। ਇਨ੍ਹਾਂ ਵਿਚੋਂ ਹੀ ਇਕ ਬੱਚੀ ਰੂਪ ਕੌਰ ਸੀ, ਜਿਸ ਨੂੰ ਗੁਰੂ ਹਰਿ ਰਾਇ ਜੀ ਨੇ ਆਪਣੇ ਹੱਥੀਂ ਪਾਲਿਆ। ਉਸ ਨੇ 'ਸਤਿਗੁਰੂ ਜੀ ਦੇ ਮੁਹੇ ਦੀਆਂ ਸਾਖੀਆਂ' ਲਿਖੀਆਂ ਜਿਸ ਵਿਚ ਗੁਰੂ ਸਾਹਿਬ ਦੇ ਬਚਨ ਸੰਭਾਲੇ ਹੋਏ ਹਨ। ਜਿਹੜੇ ਬਚਨ ਪਹਿਲੇ ਗੁਰੂ ਸਾਹਿਬ ਦੇ ਸਨ, ਉਥੇ ਮਹਲ ਦਾ ਜਾਂ ਨਾਮ ਸਾਖੀ ਮਹਲਾ ਪਾ ਦਿੱਤਾ ਅਤੇ ਜੋ ਗੁਰੂ ਹਰਿ ਰਾਇ ਸਾਹਿਬ ਦੇ ਬਚਨ ਸਨ, ਉਨ੍ਹਾਂ 'ਤੇ ਮਹਲਾ ਜਾਂ ਸੰਕੇਤ ਨਹੀਂ ਦਿੱਤਾ। ਕੇਵਲ 'ਗੁਰੂ ਆਖਿਆ' ਜਾਂ 'ਸਤਿਗੁਰੂ ਬੋਲਿਆ'। ਉਹ ਬਚਨ ਇਤਨੇ ਕੀਮਤੀ ਹਨ ਕਿ ਉਨ੍ਹਾਂ 'ਤੇ ਟੂਰ ਕੇ ਹੀ ਸਿੱਖਾਂ ਕਮਾਲ ਦੇ ਸਿਖਰਾਂ ਨੂੰ ਛੋਹਿਆ।"

ਨੋਟ : ਕੀਰਤਪੁਰ ਗੁਰੂ ਹਰਿ ਰਾਇ ਜੀ ਦਾ ਬੀਬੀ ਰੂਪ ਕੌਰ ਨੂੰ ਦਿੱਤਾ ਹੱਥ ਦਾ ਰੁਮਾਲ ਵੀ

ਹੈ ਜੋ 12 ਗਿਰਾਂ ਮੁਰੱਬਾ ਹੈ। ਪੋਥੀ ਜਪੁਜੀ ਤੇ ਸਾਖੀਆਂ ਹਨ। ਪੋਥੀ ਦੇ ਪੱਤਰੇ 559 ਹਨ ਤੇ ਸਾਖੀਆਂ 492 ਤੋਂ ਆਰੰਭ ਹੋ ਕੇ 559 ਤਕ ਜਾਂਦੀਆਂ ਹਨ।

(ਵੇਖੋ 'ਨਿਰਭਉ ਨਿਰਵੈਰ', ਪੰਨੇ 65-66)

'ਗੁਰੂ ਕੀਆਂ ਸਾਖੀਆਂ' ਵਿਚ ਬੀਬੀ ਰੂਪ ਕੌਰ ਦੇ ਵਿਆਹ ਦਾ ਜ਼ਿਕਰ ਇਸ ਪ੍ਰਕਾਰ ਆਇਆ ਹੈ :

"ਇਸੀ ਸਾਲ ਸੰਮਤ ਸਤਰਾਂ ਸੈ ਉਨੀਸ ਕੀ ਬੈਸਾਖੀ ਕਾ ਤਿਉਹਾਰ ਆਇਆ। ਸੰਗਤਾਂ ਬਾਲਾ ਗੁਰੂ ਜੀ ਕਾ ਦਰਸ਼ਨ ਪਾਨੇ ਦੂਰ-ਨੇੜੇ ਸੇ ਹੁਮ ਹੁਮਾਇ ਕੇ ਆਈਆਂ। ਤੀਨ ਦਿਵਸ ਚਾਰੋਂ ਦਿਸ਼ਾ ਸੇ ਕਾਈ ਆਇ ਰਹਾ ਤੇ ਕਾਇ ਜਾ ਰਹਾ ਸੀ। ਬਾਲਾ ਗੁਰੂ ਜੀ ਜੈਸੀ ਜੈਸੀ ਕਿਸੇ ਵੀ ਭਾਵਨਾ ਸੀ, ਵੈਸੀ ਪੂਰਨ ਕੀ। ਬਾਬਾ ਸੂਰਜ ਮਲ ਜੀ, ਸ੍ਰੀ ਰਾਮ ਰਾਇ, ਮਾਤਾ ਬੱਸੀ ਅਤੇ ਮਾਤਾ ਸੁਲੱਖਣੀ ਜੀ ਬਾਹਰੋਂ ਆਈਆਂ ਸੰਗਤਾਂ ਕੀ ਹਰ ਤਰ੍ਹਾਂ ਦੇਖ ਭਾਲ ਕਰ ਰਹੇ ਸੀ। ਦੀਵਾਨ ਦਰਘਾ ਮੱਲ, ਭਾਈ ਮਨੀ ਰਾਮ ਆਦਿ ਮੁਖੀਏ ਸਿੱਖ ਤੀਨ ਦਿਵਸ ਸਤਿਗੁਰਾਂ ਕੀ ਹਜ਼ੂਰੀ ਮੇਂ ਸਾਰੇ ਕਾਰੋਬਾਰ ਕੋ ਚਲਾ ਰਹੇ ਸਨ। ਸ਼ੱਲਕੋਟ ਦੇਸ ਕੀ ਸੰਗਤ ਕੀਤਪੁਰ ਮੇਂ ਨਏ ਗੁਰੂ ਜੀ ਕਾ ਦਰਸ਼ਨ ਪਾਨੇ ਆਈ। ਇਸ ਸੰਗਤ ਮੇਂ ਪਸਰੂਰ ਨਿਵਾਸੀ ਭਾਈ ਪੈੜਾ ਮੱਲ ਖੱਤਰੀ ਸਮੇਤ ਪਰਿਵਾਰ ਸਤਿਗੁਰਾਂ ਕਾ ਦਰਸ਼ਨ ਪਾਨੇ ਆਇਆ। ਇਸ ਕਾ ਬੇਟਾ ਖੇਮਕਰਨ ਇਕ ਹੋਨਹਾਰ ਲੜਕਾ ਸੀ, ਇਸੇ ਦੇਖ ਮਾਤਾ ਬੱਸੀ ਨੇ ਬੀਬੀ ਰੂਪ ਕੁਇਰ ਕੀ ਸਗਾਈ ਏਸ ਕੇ ਗੈਲ ਕਰ ਦਈ। ਬੀਬੀ ਰੂਪ ਕੁਇਰ ਕੀ ਆਯੂ ਤੇਰਾਂ ਬਰਖਾਂ ਕੀ ਹੋਇ ਗਈ ਸੀ। ਇਸ ਕੇ ਵਿਵਾਹ ਕੀ ਤਿਆਰੀ ਹੋਨੇ ਲਾਗੀ। ਸੰਮਤ ਸਤਰਾਂ ਸੈ ਉਨੀਸ ਮਗਹਰ ਸੁਦੀ ਤੀਜ ਕੇ ਦਿਹੁੰ ਬੀਬੀ ਰੂਪ ਕੁਇਰ ਕਾ ਵਿਵਾਹ ਸ੍ਰੀ ਖੇਮਕਰਨ ਗੈਲ ਹੋਇ ਗਿਆ।

ਡੋਲੀ ਵਿਦਿਆ ਕਰਨ ਸਮੇਂ ਦਾਦੀ ਬੱਸੀ ਨੇ ਜਿਥੇ ਹੋਰ ਦਾਜ-ਦਾਵਨ ਦੀਆ, ਉਥੇ ਪਾਂਚ ਪੂਜਨੀਕ ਵਸਤੂ ਦੇ ਕੇ ਕਹਾ, ਇਨ੍ਹੇਂ ਸਹਿਤ ਅਦਬ ਤੇ ਸਤਿਕਾਰ ਗੈਲ ਰਖਨਾ। ਇਨ ਪਾਂਚ ਵਸਤੂਆਂ ਕੇ ਨਾਮ ਇਹ ਸਨ—ਪ੍ਰਿਥਮੇ ਸੇਲੀ ਤੇ ਟੋਪੀ ਗੁਰੂ ਨਾਨਕ ਜੀ ਕੀ, ਏਕ ਕਟਾਰ ਗੁਰੂ ਹਰਿਗੋਬਿੰਦ ਜੀ ਕੇ ਗਾਤਰੇ ਕੀ, ਏਕ ਪੋਥੀ ਗੁਰੂ ਜੀ ਕੇ ਮੁਹੇ ਕੀਆਂ ਸਾਖੀਆਂ, ਪਾਂਚਮੀ ਰੇਹਲ ਜਿਸ ਤੇ ਪੋਥੀ ਜੀ ਕਾ ਪ੍ਰਕਾਸ਼ ਹੋਤਾ ਹੈਸੀ। ਸੇਲੀ ਤੇ ਟੋਪੀ—ਦੋਮੇਂ ਗੁਰੂ ਨਾਨਕ ਜੀ ਨੇ ਸ੍ਰੀ ਚੰਦ ਜੀ ਕੋ ਦਈ ਸੀ—ਆਗੇ ਇਨ੍ਹੇਂ ਬਾਬਾ ਗੁਰਦਿੱਤਾ ਜੀ ਕੋ ਦੇ ਕੇ ਨਿਵਾਜਿਆ। ਸਵਾ ਪਹਿਰ ਦਿਹੁੰ ਚਢੇ ਮਾਤਾ ਬੱਸੀ ਨੇ ਬੀਬੀ ਰੂਪ ਕੁਇਰ ਕੀ ਡੋਲੀ ਕੀਰਤਪੁਰ ਸੇ ਵਿਦਾ ਕੀ।...ਬੀਬੀ ਰੂਪ ਕੁਇਰ ਤੀਨ ਦਿਵਸ ਸਹੁਰੇ ਘਰ ਰਹਿ ਕੇ ਚੌਥੇ ਦਿਹੁੰ ਪਸਰੂਰ ਸੇ ਵਿਦਿਆ ਹੋਈ। ਰਸਤੇ ਕਾ ਪੰਧ ਮੁਕਾਇ ਕੀਰਤਪੁਰ ਮੇਂ ਆਇ ਗਈ। ਇਸ ਕੇ ਬਾਦ ਬੀਬੀ ਸਹੁਰਾ ਘਰ ਨਹੀਂ ਗਈ। ਇਸ ਨੇ ਕੀਰਤਪੁਰ ਲਵੇ—ਕੋਟ ਕਲਿਆਨ ਨਗਰੀ ਮੇਂ ਨਿਵਾਸ ਕਰ ਲੀਆ ॥5॥

(ਗੁਰੂ ਕੀਆਂ ਸਾਖੀਆਂ, ਸੰਪਾਦਿਤ ਪਿਆਰਾ ਸਿੰਘ ਪਦਮ, ਪੰਨਾ 43-44)

ਇਸ ਲੰਮੀ-ਚੌੜੀ ਸਾਖੀ ਦੇ ਇਥੇ ਦੇਣ ਤੋਂ ਮੇਰਾ ਭਾਵ ਕੇਵਲ ਇਤਨਾ ਹੀ ਹੈ ਕਿ ਇਸ ਵਿਚਲੀ ਵਸਤੂ ਤੋਂ ਅਸੀਂ ਸਮਝ ਲਈਏ ਕਿ ਇਹ ਬੀਬੀ ਨਾ ਤੇ ਕਿਸੇ ਨੌਕਰਾਣੀ ਪੰਜਾਬੋ ਨੇ ਜਣੀ ਸੀ ਤੇ ਨਾ ਹੀ ਇਹ ਕਿਸੇ ਸਿੱਖ ਦੀ ਭੇਟਾ ਕੀਤੀ ਹੋਈ ਪਾਲਿਤ ਬੇਟੀ ਸੀ ਸਗੋਂ

'ਕੋਸ਼ਿਸ਼' ਜੀ ਨੇ ਤਾਂ ਇਥੋਂ ਤਕ ਲਿਖ ਦਿੱਤਾ ਹੈ ਕਿ ਇਹ ਬੱਚੀ ਮਾਤਾ ਸੁਲੱਖਣੀ ਜੀ ਦੇ ਉਦਰ ਤੋਂ ਵੈਸਾਖ ਸੁਦੀ ਸੱਤਵੀਂ ਸੰਮਤ 1706 ਬਿਕ੍ਰਮੀ ਨੂੰ ਜਨਮੀ ਸੀ।

ਮਾਤਾ ਬੱਸੀ ਜੀ ਦਾ ਲੜਕੇ ਦੀ ਚੋਣ ਕਰਨਾ, ਵਿਆਹ ਸੁਧਾਣਾ ਤੇ ਸੇਲੀ ਤੇ ਟੋਪੀ ਆਦਿ ਸੁਗਾਤਾਂ ਦੇਣੀਆਂ ਇਹ ਗੱਲ ਸਾਬਤ ਕਰਦੀਆਂ ਹਨ ਕਿ ਬੀਬੀ ਜੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਬਿੰਦੀ ਸੰਤਾਨ ਸਨ, ਨਾਦੀ ਨਹੀਂ।

5

ਉੱਪਰ ਲਿਖੀ ਸਾਰੀ ਵਿਚਾਰ ਤੋਂ ਅਸੀਂ ਹੇਠ ਲਿਖੇ ਸਿੱਟੇ ਕੱਢੇ ਹਨ :

1. ਸਾਹਿਬ ਸ੍ਰੀ ਗੁਰੂ ਹਰਿ ਰਾਇ ਜੀ ਦੀ ਕੇਵਲ ਇਕੋ ਇਕ ਸੁਪਤਨੀ (ਮਾਤਾ) ਸੁਲੱਖਣੀ ਜੀ ਸਨ, ਜਿਸ ਨੂੰ ਮਾਤਾ ਬੱਸੀ ਜੀ ਕਦੇ ਕਦੇ ਕੋਟ ਕਲਿਆਨੀ ਜਾਂ ਤਿਰਬੈਨੀ ਕਹਿ ਕੇ ਵੀ ਬੁਲਾਂਦੇ ਸਨ। ਵੈਸੇ ਆਪ ਜੀ ਦਾ ਸਹੁਰਾ ਨਾਮ ਕਿਸ਼ਨ ਕੌਰ ਸੀ।
2. ਆਪ ਜੀ ਦਾ ਪੇਕਾ-ਘਰ ਅਰੂਪ ਨਗਰ ਸੀ ਜੋ ਜ਼ਿਲ੍ਹਾ ਗੁਜਰਾਂਵਾਲਾ (ਪੰਜਾਬ ਹਾਲ ਪਾਕਿਸਤਾਨ) ਦਾ ਇਕ ਪ੍ਰਸਿੱਧ ਪਿੰਡ ਸੀ। ਆਪ ਜੀ ਦੇ ਪਿਤਾ ਭਾਈ ਦਇਆ ਰਾਮ ਜੀ ਇਕ ਸਿਦਕੀ ਤੇ ਦ੍ਰਿੜ੍ਹ ਵਿਸ਼ਵਾਸੀ ਸਿੱਖ ਸਨ।
3. ਮਾਤਾ ਕਿਸ਼ਨ ਕੌਰ ਜੀ ਨੇ ਦੋ ਸਪੁੱਤਰਾਂ ਤੇ ਇਕ ਸਪੁੱਤਰੀ ਨੂੰ ਜਨਮ ਦਿੱਤਾ, ਤੇ ਉਹ ਸਨ :
   (ੳ) ਬਾਬਾ ਰਾਮ ਰਾਇ ਜੀ
   (ਅ) ਬੀਬੀ ਰੂਪ ਕੌਰ ਜੀ
   (ੲ) (ਗੁਰੂ) ਹਰਿ ਕ੍ਰਿਸ਼ਨ ਜੀ।
4. ਬੀਬੀ ਰੂਪ ਕੌਰ ਦਾ ਵਿਆਹ ਪਸਰੂਰ ਨਿਵਾਸੀ ਭਾਈ ਪੈੜਾ ਮੱਲ ਦੇ ਸਪੁੱਤਰ ਖੇਮਕਰਨ ਨਾਲ ਹੋਇਆ। ਇਨ੍ਹਾਂ ਦੇ ਘਰ ਇਕ ਪੁੱਤਰ ਦੀ ਦਾਤ ਅਕਾਲ ਪੁਰਖ ਦੀ ਕ੍ਰਿਪਾ ਨਾਲ ਬਖ਼ਸ਼ੀ ਗਈ, ਜਿਸ ਦਾ ਨਾਮ ਅਮਰ ਸਿੰਘ ਰਖਿਆ ਗਿਆ। ਅਮਰ ਸਿੰਘ ਦੀ ਔਲਾਦ ਪਾਕਿਸਤਾਨ ਬਣਨ ਤਕ ਪਸਰੂਰ ਵਿਚ ਰਹਿੰਦੀ ਸੀ, ਜਿਸ ਨੂੰ ਦਯਾਲ ਪੁਰਾ ਸੋਢੀਆਂ ਨਾਂ ਦਾ ਪਿੰਡ ਜਗੀਰ ਵਜੋਂ ਰਿਆਸਤ ਪਟਿਆਲਾ ਵਲੋਂ ਮਿਲਿਆ ਹੋਇਆ। ਦਯਾਲ ਪੁਰਾ ਸੋਢੀਆਂ ਤਹਿਸੀਲ ਰਾਜਪੁਰਾ (ਪਟਿਆਲਾ) ਥਾਣਾ ਲਾਡੂ ਵਿਚ ਛੱਤ ਬਨੂੜ ਦੇ ਨੇੜੇ ਹੈ।

6

ਮਾਤਾ ਕਿਸ਼ਨ ਕੌਰ ਜੀ ਦੀ ਸਮੁੱਚੀ ਜ਼ਿੰਦਗੀ 'ਤੇ ਜੇਕਰ ਇਕ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਉਹ ਇਕ ਆਦਰਸ਼ਕ ਸੁਪਤਨੀ, ਸੁਚੱਜੀ ਗੁਰੂ-ਮਾਤਾ, ਸੰਤੋਖੀ ਤੇ ਸਿਦਕਵਾਨ ਗੁਰਬਾਣੀ ਦੀ ਪ੍ਰੇਮਿਕਾ, ਸੁਘੜ ਇਸਤਰੀ ਤੇ ਨਿਸ਼ਕਾਮ ਜਨ-ਸੇਵਕ ਸਨ। ਸਮਦਰਸ਼ੀ ਵੀ ਸਨ ਤੇ ਬ੍ਰਹਮ-ਦਰਸ਼ੀ ਵੀ।

ਸ੍ਰੀ ਗੁਰੂ ਹਰਿ ਰਾਇ ਜਿਸ ਕਿਸੇ 'ਤੇ ਵੀ ਪ੍ਰਸੰਨ ਹੋਏ ਉਸ ਨੂੰ ਇਹੋ ਅਸੀਸ ਦਿੱਤੀ ਤੇ ਹੁਕਮ ਦਿੱਤਾ, ਬਾਣੀ ਦਾ ਵਿਚਾਰ ਤੇ ਸਤਿਕਾਰ ਕਰੋ, ਨਾਮ ਆਪ ਜਪੋ ਤੇ ਹੋਰਨਾਂ ਨੂੰ

ਜਪਾਓ । ਕਦੇ ਆਪਣੇ ਆਪ ਨੂੰ ਨਾ ਜਣਾਓ ਜਾਂ ਜਤਾਓ, ਲੰਗਰ ਚਲਾਓ, ਲੰਗਰ ਛਕਾਣ ਲਈ ਨਗਾਰਾ ਵਜਾਓ, ਹਰ ਕੋਈ ਰੱਜ ਕੇ ਖਾਵੇ ਤੇ ਰਾਜ਼ੀ ਜਾਵੇ । ਵੇਖਣਾ ਕੋਈ ਭੁੱਖਾ ਨਾ ਰਹੇ । ਮੇਰਾ ਰੂਪ ਜਾਣ ਕੇ ਹਰ ਇਕ ਦੀ ਸੇਵਾ ਕਰਨੀ । ਭਾਈ ਭਗਤੂ, ਭਾਈ ਫੇਰੂ (ਅਸਲ ਨਾਂ ਭਾਈ ਸੰਗਤੀਆ), ਭਾਈ ਮੀਹਾਂ (ਅਸਲ ਨਾਂ ਭਾਈ ਰਾਮ ਦੇਵਾ) ਆਦਿ ਗੁਰਸਿੱਖਾਂ ਨੂੰ ਵੀ ਆਪ ਜੀ ਉਪਰੋਕਤ ਉਪਦੇਸ਼ ਹੀ ਦਿੱਤਾ ਤੇ ਇਤਿਹਾਸ ਦੱਸਦਾ ਹੈ ਕਿ ਇਹ ਗੁਰ-ਉਪਦੇਸ਼ ਇਨ੍ਹਾਂ ਸਾਰਿਆਂ ਨੇ ਪੂਰਨ ਸਿਦਕਦਿਲੀ ਨਾਲ ਨਿਭਾਇਆ ।

ਮਾਤਾ ਕਿਸ਼ਨ ਕੌਰ ਜੀ ਨੇ ਇਸ ਉਪਦੇਸ਼ ਨੂੰ ਸੁਣਿਆ ਤੇ ਇਸ ਨੂੰ ਅੰਤ-ਪ੍ਰਯੰਤ ਇਕ ਗੁਰ-ਸਾਧਕ ਬਣ ਕੇ ਨਿਭਾਇਆ । ਗੁਰੂ ਕੇ ਲੰਗਰ ਦੀ ਕਾਰ ਉਨ੍ਹਾਂ ਆਪ ਸੰਭਾਲੀ ਤੇ ਆਈਆਂ ਸੰਗਤਾਂ ਨੂੰ ਇਵੇਂ ਤ੍ਰਿਪਤਾਂਦੇ ਤੇ ਖੁਆਂਦੇ ਰਹੇ ਜਿਵੇਂ ਇਕ ਜਨਣੀ ਆਪਣੀ ਸੰਤਾਨ ਨੂੰ ਖੁਆ ਕੇ ਰਾਜ਼ੀ ਹੁੰਦੀ ਹੈ ।

ਸੱਤਵੇਂ ਪਾਤਸ਼ਾਹ ਜੀ ਦੀ ਬਹੁਤੀ ਜ਼ਿੰਦਗੀ ਪ੍ਰਚਾਰ-ਦੌਰਿਆਂ ਵਿਚ ਹੀ ਲੰਘੀ ਸੀ ਤੇ ਅਕਸਰ ਇਨ੍ਹਾਂ ਦੌਰਿਆਂ ਵਿਚ ਆਪ ਜੀ ਨੇ ਮਾਤਾ ਕਿਸ਼ਨ ਕੌਰ ਜੀ ਨੂੰ ਆਪਣੇ ਨਾਲ ਹੀ ਰੱਖਿਆ ਸੀ ਤੇ ਸਾਰੇ ਆਏ ਦਰਸ਼ਕਾਂ ਅਥਵਾ ਗੁਰੂ-ਪਿਅਰਿਆਂ ਦੀ ਸੰਭਾਲ ਮਾਤਾ ਜੀ ਦੇ ਜ਼ਿੰਮੇ ਹੀ ਕੀਤੀ ਹੋਈ ਸੀ । ਹਰ ਕੋਈ ਆਪ ਜੀ ਦੇ ਸਮਾਨ ਵਰਤਾਰੇ, ਮਿੱਠ ਬੋਲੇ ਨਿੰਮਰ ਸੁਭਾਅ ਅਤੇ ਗੁਰੁਮਖੀ ਪਿਆਰ ਨੂੰ ਸਲਾਹੇ ਬਿਨਾਂ ਨਹੀਂ ਸੀ ਰਹਿ ਸਕਦਾ । ਸਤਿਗੁਰੂ ਆਪ ਵੀ ਉਨ੍ਹਾਂ ਦੇ ਸਮਦਰਸ਼ੀ ਤੇ ਪ੍ਰੇਮ ਪੂਰਤ ਵਰਤਾਓ 'ਤੇ ਅਤਿ ਪ੍ਰਸੰਨ ਸਨ ।

ਗੁਰੂ ਹਰਿ ਰਾਇ ਜੀ 6 ਅਕਤੂਬਰ 1662 (ਕਾਰਤਿਕ ਬਦੀ ਨੌਂ) ਦਿਨ ਰਵੀਵਾਰ (ਐਤਵਾਰ) ਨੂੰ ਜੋਤੀ-ਜੋਤਿ ਸਮਾ ਗਏ ਸਨ । ਇਸ ਤੋਂ ਇਕ ਦਿਨ ਪਹਿਲਾਂ ਆਪ ਜੀ ਨੇ ਗੁਰਿਆਈ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਸੌਂਪ ਦਿੱਤੀ ਸੀ । ਉਸ ਵੇਲੇ ਬਾਲਾ ਗੁਰੂ ਜੀ ਦੀ ਉਮਰ ਕੇਵਲ ਸਵਾ ਪੰਜ ਕੁ ਵਰ੍ਹਿਆਂ ਦੀ ਸੀ । ਸੋ ਕੁਦਰਤੀ ਤੌਰ 'ਤੇ ਆਏ-ਗਏ ਸੰਬੰਧੀਆਂ, ਗੁਰਸਿੱਖਾਂ ਅਤੇ ਪਰਚਾਉਣੀ ਕਰਨ ਆਏ ਮੇਲੀਆਂ-ਗੇਲੀਆਂ ਦੀ ਦੇਖਭਾਲ ਦਾ ਭਾਰ ਵੀ ਤਾਂ ਮਾਤਾ ਨਿਹਾਲ ਕੌਰ ਜੀ 'ਤੇ ਹੀ ਪੈਣਾ ਸੀ । ਇਸ ਵਿਚ ਕੋਈ ਸ਼ੱਕ ਨਹੀਂ ਕਿ ਮਾਤਾ ਬੱਸੀ (ਨਿਹਾਲ ਕੌਰ) ਜੀ ਦੀ ਕਾਫੀ ਮਦਦ ਸੀ ਤੇ ਹੋਰ ਮੁਖੀਏ ਸਿੱਖ ਵੀ ਹੱਥ ਵਟਾ ਰਹੇ ਸਨ । ਪਰ ਘਰ ਦੀ ਮਾਲਕਣ ਹੋਣ ਦੇ ਨਾਤੇ ਸਾਰੀ ਜ਼ਿੰਮੇਵਾਰੀ ਤਾਂ ਮਾਤਾ ਕਿਸ਼ਨ ਕੌਰ ਜੀ ਦੀ ਹੀ ਸੀ । 'ਕੋਸ਼ਿਸ਼' ਜੀ 'ਗੁਰੂ ਕੀਆਂ ਸਾਖੀਆਂ' ਵਿਚ ਲਿਖਦੇ ਹਨ :

"ਬਾਬਾ ਸੂਰਜ ਮੱਲ ਜੀ, ਸ੍ਰੀ ਰਾਮ ਰਾਇ, ਮਾਤਾ ਬੱਸੀ ਅਤੇ ਮਾਤਾ ਸੁਲੱਖਣੀ ਜੀ ਬਾਹਰੋਂ ਆਈਆਂ ਸੰਗਤਾਂ ਦੀ ਹਰ ਤਰ੍ਹਾਂ ਦੇਖ ਭਾਲ ਕਰ ਰਹੇ ਸੀ । ਦੀਵਾਨ ਦਰਘਾ ਮੱਲ, ਭਾਈ ਮਨੀ ਰਾਮ ਆਦਿ ਮੁਖੀਏ ਸਿੱਖ ਤੀਨ ਦਿਵਸ ਸਤਿਗੁਰੂ ਕੀ ਹਜ਼ੂਰੀ ਮੇਂ ਸਾਰੇ ਕਾਰੋਬਾਰ ਕੋ ਚਲਾ ਰਹੇ ਸਨ ।"

(ਗੁਰੂ ਕੀਆਂ ਸਾਖੀਆਂ, ਸੰਪਾਦਿਤ ਪਿਆਰਾ ਸਿੰਘ ਪਦਮ, ਪੰਨਾ 59, ਸਾਖੀ 15ਵੀਂ)

ਇਸ ਤੋਂ ਮਗਰੋਂ ਜਦੋਂ ਚੇਤਰ ਪੰਚਮੀ ਸੰਮਤ 1720 ਨੂੰ ਆਪ ਜੀ ਨੂੰ ਰਾਜਾ ਜੈ ਸਿੰਘ ਜੀ ਦੇ ਬੇਨਤੀ ਕਰਨ ਤੇ ਦਿੱਲੀ ਜਾਣਾ ਪਿਆ ਤਦ ਵੀ ਮਾਤਾ ਬੱਸੀ ਤੇ ਮਾਤਾ ਕਿਸ਼ਨ ਕੌਰ ਜੀ ਨੂੰ ਨਾਲ ਹੀ ਜਾਣਾ ਪਿਆ । ਦੀਵਾਨ ਦਰਘਾ ਮੱਲ ਵੀ ਨਾਲ ਹੀ ਸੀ । ਰੋਪੜ, ਬਨੂੜ,

ਰਾਜਪੁਰਾ, ਅੰਬਾਲਾ, ਪੰਜੋਖਰਾ ਆਦਿ ਪਿੰਡ ਰਸਤੇ ਵਿਚ ਆਏ । ਨਾਮ-ਬਾਣੀ ਦਾ ਲੰਗਰ ਵੀ ਚਲਦਾ ਰਿਹਾ ਤੇ "ਲੰਗਰਿ ਦਉਲਤਿ ਵੰਡੀਐ ਰਸਿ ਅੰਮ੍ਰਿਤ ਖੀਰਿ ਘਿਆਲੀ" ਵੀ ਨਾਲ ਵਰਤੀਂਦਾ ਰਿਹਾ । ਇਹ ਜ਼ਿੰਮੇਵਾਰੀ ਵੀ ਮਾਤਾ ਕਿਸ਼ਨ ਕੌਰ ਜੀ ਬਾਖ਼ੂਬੀ ਨਿਭਾਉਂਦੇ ਰਹੇ । ਦਿੱਲੀ ਪਹੁੰਚ ਕੇ ਰਾਜਾ ਜੈ ਸਿੰਘ ਦੇ ਬੰਗਲੇ 'ਤੇ ਟਿਕਾਣਾ ਕੀਤਾ । ਅੱਜ ਇਸ ਅਸਥਾਨ ਤੇ ਗੁਰਦੁਆਰਾ ਬੰਗਲਾ ਸਾਹਿਬ ਸੁਭਾਇਮਾਨ ਹੈ । ਇਥੇ (ਗੁਰੂ) ਤੇਗ ਬਹਾਦਰ ਜੀ, ਜਿਨ੍ਹਾਂ ਨੂੰ ਸ੍ਰੀ ਗੁਰੂ ਹਰਿ ਰਾਇ ਜੀ ਦੇ ਜੋਤੀ-ਜੋਤਿ ਸਮਾਉਣ ਦੀ ਖ਼ਬਰ ਪਟਨੇ ਸ਼ਹਿਰ ਵਿਚ ਮਿਲੀ ਸੀ, ਤੇ ਆਪ ਉਥੋਂ ਹੀ ਪੰਜਾਬ ਲਈ ਪਰਤ ਪਏ ਸਨ, ਕਈ ਪੜਾਵਾਂ ਤੇ ਠਹਿਰਦੇ-ਠਹਿਰਾਂਦੇ ਦਿੱਲੀ ਪੁੱਜ ਚੁੱਕੇ ਸਨ ਤੇ ਭਾਈ ਕਲਿਆਣੇ ਦੀ ਧਰਮਸ਼ਾਲਾ ਵਿਚ ਆ ਕੇ ਠਹਿਰੇ ਸਨ । ਇਥੇ ਹੀ ਆਪ ਜੀ ਨੂੰ ਬਾਬਾ ਰਾਮ ਰਾਇ ਜੀ ਦੀ ਜ਼ੁਬਾਨੀ ਗੁਰੂ ਹਰਿ ਕ੍ਰਿਸ਼ਨ ਜੀ, ਮਾਤਾ ਬੱਸੀ ਤੇ ਮਾਤਾ ਕਿਸ਼ਨ ਕੌਰ ਜੀ ਦਾ ਰਾਏਸੀਨਾ ਵਿਚ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਠਹਿਰਨ ਦਾ ਪਤਾ ਲੱਗਾ ਤੇ ਆਪ ਜੀ ਨੇ ਉਥੇ ਜਾ ਕੇ ਸਾਰੇ ਪਰਿਵਾਰ ਨੂੰ ਪਰਚਾਵਣੀ ਕੀਤੀ ।

ਇਥੇ ਦਿੱਲੀ ਵਿਚ ਵੀ ਜਨ-ਸੇਵਾ ਤੇ ਨਾਮ ਸਿਮਰਨ ਦਾ ਪ੍ਰੋਗਰਾਮ ਬਦਸਤੂਰ ਜਾਰੀ ਰਿਹਾ ਤੇ ਇਹ ਸਾਰਾ ਕੰਮ ਮਾਤਾ ਕਿਸ਼ਨ ਕੌਰ ਜੀ ਦੀ ਨਿਗਰਾਨੀ ਵਿਚ ਹੁੰਦਾ ਰਿਹਾ ।

'ਕੋਸ਼ਿਸ਼' ਜੀ ਲਿਖਦੇ ਹਨ :

"ਭਾਵੀ ਬੱਸ ਸਤਿਗੁਰਾਂ ਕੋ ਰਾਤ ਕੇ ਸਮੇਂ ਤਾਪ ਕੀ ਸ਼ਕਾਇਤ ਹੋਇ ਗਈ । ਅਗਲੇ ਦਿਵਸ ਸੰਮਤ 1721 ਚੇਤਰ ਮਾਸੇ ਸੁਦੀ ਦਸਮੀਂ ਸ਼ਨੀਵਾਰ ਕੇ ਦਿਹੁੰ ਬੜੀ ਚੇਚਕ ਨੇ ਆਇ ਦਿਖਾਏ ਦੀ । ਇਸੇ ਦੇਖ ਸੰਗਤਾਂ ਡੋਲ ਗਈਆਂ । ਕਹਿਨੇ ਲਗੀਆਂ ਅਬ ਕਿਆ ਹੋਵੇਗਾ ? ਚੀਚਕ ਦਾ ਜ਼ੋਰ ਦਿਨ-ਬਦਿਨ ਵਧਦਾ ਗਿਆ । ਸਤਿਗੁਰਾਂ ਕੇ ਪਾਸ ਮਾਤਾ ਬੱਸੀ, ਮਾਤਾ ਸੁਲੱਖਣੀ ਜੀ ਤੇ ਸ੍ਰੀ ਰਾਮ ਰਾਇ ਜੀ ਸਨ ਯਾ ਦੀਵਾਨ ਦਰਘਾ ਮੱਲ ਜੀ ਆਤੇ ਜਾਤੇ ਸੀ । ਪਾਂਚਵੇਂ ਦਿਸਵ ਸ੍ਰੀ ਰਾਮ ਰਾਇ ਜੀ ਨੇ ਮਾਤਾ ਬੱਸੀ ਜੀ ਕੀ ਆਗਿਆ ਪਾਇ ਸਤਿਗੁਰਾਂ ਸੇ ਬਚਨ ਕੀਆ, ਮਹਾਰਾਜ ! ਆਪ ਕਹਿਤੇ ਹੈਂ, ਸਾਡਾ ਅੰਤਮ ਸਮਾਂ ਆਇ ਪਹੁੰਚਾ ਹੈ, ਸੰਗਤ ਕੋ ਕਿਸ ਕੇ ਲੜ ਲਾਇ ਚਾਲੈ ਹੈਂ ? ਸਤਿਗੁਰੂ ਆਂਖ ਉਘੇੜ ਇਨ ਕੀ ਤਰਫ ਦੇਖਾ, ਧੀਮੀ ਆਵਾਜ਼ ਸੇ ਬਚਨ ਹੋਆ—ਪਾਂਚ ਪੈਸੇ, ਨਲੀਏਰ ਲੈ ਆਉ । ਬਚਨ ਪਾਇ ਨਿਕਟ ਬੈਠੇ ਦੀਵਾਨ ਦਰਘਾ ਮੱਲ ਜੀ ਗੁਰਿਆਈ ਕੀ ਸਾਮੱਗ੍ਰੀ ਲੈ ਆਏ । ਗੁਰੂ ਜੀ ਨੇ ਇਸੇ ਹਾਥ ਸੇ ਛੁਹਾਏ ਤੀਨ ਦਫਾ ਦਾਈਂ ਭੁਜਾ ਹਿਲਾਇ ਕੇ ਕਹਾ—"ਹਮਾਰੇ ਪੀਛੇ ਸਿੱਖ ਸੰਗਤਾਂ ਕਾ ਗੁਰੂ ਮੇਰਾ ਬਾਬਾ, ਬਕਾਲਾ ਨਗਰੀ ਮੇਂ ਹੈ, ਉਨ ਕਾ ਦਰਸ਼ਨ ਪਾਈਏ । ਦੀਵਾਨ ਜੀ ! ਇਹ ਗੁਰਿਆਈ ਕੀ ਸਾਮੱਗ੍ਰੀ ਬਕਾਲਾ ਗਾਉਂ ਮੇਂ ਲੈ ਜਾਇ ਕੇ ਬਾਬਾ ਸ੍ਰੀ ਤੇਗ ਬਹਾਦਰ ਜੀ ਆਗੇ ਭੇਟਾ ਕਰ ਦੇਨੀ । ਅਸਾਂ ਕੇ ਬਾਦ ਆਜ ਸੇ ਸਿੱਖ ਸੰਗਤਾਂ ਕਾ ਸਤਿਗੁਰੂ ਬਕਾਲਾ ਨਗਰੀ ਵਾਲੇ ਬਾਬਾ ਜੀ ਹਨ । ਸੰਗਤਾਂ ਜਾਇ ਕੇ ਉਨ੍ਹਾਂ ਦੇ ਦਰਸ਼ਨ ਪਾਵਨ ।"

(ਗੁਰੂ ਕੀਆਂ ਸਾਖੀਆਂ, ਸੰਪਾਦਿਤ ਪ੍ਰਿਆਰਾ ਸਿੰਘ ਪਦਮ, ਪੰਨੇ 64-65)

ਹੁਣ ਵੇਖਣਾ ਇਹ ਹੈ ਕਿ ਮਾਤਾ ਕਿਸ਼ਨ ਕੌਰ ਦੋਹਾਂ ਦੀ ਮਾਤਾ ਹੈ, ਬਾਬਾ ਰਾਮ ਰਾਇ ਤੇ ਗੁਰੂ ਹਰਿ ਕ੍ਰਿਸ਼ਨ ਜੀ ਦੀ । ਬਾਬਾ ਰਾਮ ਰਾਇ ਜੀ ਦੀ ਮਾਂ ਹੋਣ ਦੇ ਨਾਤੇ ਇਹ ਆਖ

ਸਕਦੀ ਸੀ ਕਿ ਗੁਰਿਆਈ ਪਿਛਾਂਹ ਵੱਲ ਕਿਉਂ ਧੱਕਦੇ ਹੋ ? ਤੁਹਾਡਾ ਵੱਡਾ ਭਰਾ ਇਥੇ ਤੁਹਾਡੀ ਸੇਵਾ ਵਿਚ ਪ੍ਰਤੱਖ ਬੈਠਾ ਹੈ, ਉਸ ਨੂੰ ਕਿਉਂ ਨਹੀਂ ਦੇਂਦੇ ? ਪਰ ਉਨ੍ਹਾਂ ਅਜਿਹਾ ਨਹੀਂ ਕੀਤਾ ਸਗੋਂ ਮਾਂ ਦੇ ਨਾਤੇ ਕੋਲੋਂ ਸਿੱਖੀ ਦੇ ਨਾਤੇ ਨੂੰ ਵਧੇਰੇ ਤਰਜੀਹ ਦਿੱਤੀ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਪੁੱਤਰ ਨਹੀਂ ਸਮਝਿਆ ਸਗੋਂ ਗੁਰੂ ਸਮਝਿਆ ਹੈ। ਇਸ ਲਈ ਹੁਕਮ ਮੰਨਣਾ ਵਧੇਰੇ ਉਚਿਤ ਸਮਝ ਕੇ ਗੁਰੂ ਜੀ ਦੀ ਹਾਂ ਵਿਚ ਹਾਂ ਮਿਲਾਈ ਹੈ। ਉਜ਼ਰ ਕਰਨਾ ਤਾਂ ਕਿਤੇ ਰਿਹਾ। ਦਿੱਲੀ ਦੀ ਸੰਗਤ ਨੂੰ ਵੀ ਨਾਲ ਲੈ ਕੇ ਬਕਾਲੇ ਪਹੁੰਚੇ। 'ਕੋਸ਼ਿਸ਼' ਜੀ ਲਿਖਦੇ ਹਨ :

"(ਗੁਰੂ) ਤੇਗ ਬਹਾਦਰ ਜੀ ਕੋ ਬਕਾਲੇ ਗਾਮ ਮੇਂ ਆਇਆਂ ਪਾਂਚ ਮਾਸ ਕੇ ਕਰੀਬ ਹੋਇ ਗਿਆ ਸੀ। ਅਰਦਾਸੀਏ ਸਿੱਖ ਨੇ ਹਾਥ ਬਾਂਧ ਬਚਨ ਕੀਆ, ਮਹਾਰਾਜਾ ! ਦਿਹਲੀ ਸੇ ਮਾਤਾ ਬੱਸੀ ਜੀ ਦਿਲਵਾਲੀ ਸੰਗਤ ਕੋ ਗੈਲ ਲੈ ਕੇ ਆਈ ਹੈ। ਗੁਰੂ ਜੀ ਨੇ ਆਗੇ ਸੇ ਭਾਈ ਦਿਆਲ ਦਾਸ ਕੋ ਬਚਨ ਕੀਆ ਕਿ ਸੰਗਤ ਕੋ ਆਗੇ ਦਰਬਾਰ ਮੇਂ ਲਾਈਏ। ਭਾਈ ਦਿਆਲ ਦਾਸ ਬਚਨ ਪਾਇ ਦਿਲ ਵਾਲੀ ਸੰਗਤ ਕੋ ਗੈਲ ਲੈ ਗੁਰੂ ਜੀ ਕੇ ਲਾਗੇ ਦਰਬਾਰ ਮੇਂ ਆਇ ਗਿਆ। ਮਾਤਾ ਬੱਸੀ ਜੀ ਤੇ ਮਾਤਾ ਸੁਲੱਖਣੀ ਜੀ ਨੇ ਆਗੇ ਆਇ ਸਤਿਗੁਰਾਂ ਕੋ ਚਰਨ ਪਿ ਬੰਦਨਾ ਕੀ।" (ਉਹੀ, ਪੰਨਾ 66)

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਭਾਣਾ ਵਰਤਾਣ ਮਗਰੋਂ ਜਦੋਂ ਸਾਹਿਬ (ਸ੍ਰੀ ਗੁਰੂ) ਗ੍ਰੰਥ ਸਾਹਿਬ ਕਾ ਭੋਗ ਪਿਆ ਅਤੇ ਦਸਤਾਰਬੰਦੀ ਦੀ ਰਸਮ ਅਦਾ ਹੋਣ ਲੱਗੀ। "ਬਚਨ ਪਾਇ ਦੀਵਾਨ ਦਰਘਾ ਮੱਲ ਆਰੀ ਆਇ ਬੈਠੇ । ਪ੍ਰਿਥਮੇ ਮਾਤਾ ਸੁਲੱਖਣੀ ਜੀ ਨੇ ਪਗੜੀ ਭੇਟ ਕੀ।" (ਉਹੀ, ਪੰਨਾ 86)

ਮਾਤਾ ਜੀ ਦੇ ਮਾਤਲੋਕ ਵਿਚ ਆਗਮਨ ਤੇ ਪਰਲੋਕ ਗਮਨ ਕਰ ਜਾਣ ਦੀ ਤਿਥੀ ਬਾਰੇ ਇਤਿਹਾਸ ਚੁੱਪ ਹੈ। ਪਰ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਆਪ ਜੀ ਨੇ ਲਗਭਗ 72 ਸਾਲ ਦੀ ਉਮਰ ਭੋਗ ਕੇ ਹੀ ਇਸ ਸੰਸਾਰ ਤੋਂ ਚਲਾਣੇ ਕੀਤੇ। ਵੇਰਵਾ ਕੁਝ ਇਸ ਪ੍ਰਕਾਰ ਹੈ। ਸ੍ਰੀ ਗੁਰੂ ਹਰਿ ਰਾਇ ਜੀ ਦਾ ਜਨਮ 20 ਮਾਘ ਸੰਮਤ 1686 ਵਿਚ ਹੋਇਆ। ਮਾਤਾ ਕਿਸ਼ਨ ਕੌਰ ਜੀ ਨੂੰ ਇਤਿਹਾਸ ਵਿਚ ਅਸੀਂ ਅਖੀਰਲੀ ਵਾਰ ਮਾਤਾ ਹਰੀ (ਸੁਪਤਨੀ ਬਾਬਾ ਸੂਰਜ ਮੱਲ) ਦੇ ਦੇਹਾਂਤ ਸਮੇਂ ਪੋਹ ਸੁਦੀ ਦੂਜ ਸੰਮਤ 1758 ਤੇ ਮੁਕਾਣੇ ਆਇਆ ਵੇਖਦੇ ਹਾਂ। ਇਹ ਸਮਾਂ ਖਾਲਸਾ ਸਾਜਣ ਤੋਂ ਲਗਭਗ ਢਾਈ ਵਰ੍ਹੇ ਬਾਅਦ ਦਾ ਕਿਹਾ ਜਾ ਸਕਦਾ ਹੈ ਅਤੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਦੇ ਜਨਮ ਤੋਂ 72 ਵਰ੍ਹੇ ਮਗਰੋਂ ਦਾ ਬਣਦਾ ਹੈ। ਸ੍ਰੀ ਗੁਰੂ ਹਰਿ ਰਾਇ ਦੇ ਵਿਆਹ ਸਮੇਂ ਜੇ ਮਾਤਾ ਜੀ ਦੀ ਉਮਰ 9 ਵਰ੍ਹਿਆਂ ਦੀ ਗਿਣੀਏ ਤਾਂ ਸੰਮਤ 1758 ਨੂੰ 70 ਸਾਲ ਬਣਦੇ ਹਨ। ਪਰ ਸੰਮਤ 1758 ਤੋਂ ਮਗਰੋਂ ਵੀ ਤਾਂ ਉਹ ਕੁਝ ਚਿਰ ਜੀਂਦੇ ਰਹੇ ਹੋਣਗੇ। ਇਸ ਲਈ ਸਾਡਾ ਅੰਦਾਜ਼ਾ ਇਹੋ ਹੈ ਕਿ ਉਨ੍ਹਾਂ ਸੱਤਰ ਬਹੱਤਰ ਵਰ੍ਹੇ ਇਸ ਦੁਨੀਆ ਦੇ ਰੰਗ ਪਾਏ ਹੋਣਗੇ।

ਆਖ਼ਰ ਵਿਚ ਅਸੀਂ ਇਹੋ ਆਖ ਸਕਦੇ ਹਾਂ ਕਿ ਆਪ ਜੀ ਦੇ ਜੀਵਨ 'ਤੇ ਸਿੱਖੀ ਦਾ ਗੂੜ੍ਹਾ ਰੰਗ ਚੜ੍ਹਿਆ ਹੋਇਆ ਸੀ। ਆਪ ਗੁਰ-ਪਤਨੀ ਅਥਵਾ ਗੁਰ-ਮਾਤਾ ਹੋਣ ਤੋਂ ਵਧੇਰੇ ਗੁਰਸਿੱਖ ਸਨ। ਨਾਮ ਰਸੀਏ ਸਨ, ਬ੍ਰਹਮ-ਵੇਤਾ ਸਨ ਅਤੇ ਅਕਾਲਦਰਸ਼ੀ ਸਨ। ਇਸਤਰੀ ਜ਼ਾਤੀ ਲਈ ਇਕ ਚਾਨਣ-ਮੁਨਾਰਾ ਸਨ ਅਤੇ ਪੂਰਨ ਸਤਿਵਾਦੀ ਸਨ।

ਮਾਤਾ ਗੁਜਰੀ ਜੀ

ਮਾਤਾ ਗੁਜਰੀ ਜੀ ਦਾ ਜਨਮ ਕਰਤਾਰਪੁਰ ਵਿਚ ਹੋਇਆ ਜੋ ਅੱਜਕਲ੍ਹ ਜਲੰਧਰ ਜ਼ਿਲ੍ਹੇ ਵਿਚ ਹੈ। ਮਾਤਾ ਗੁਜਰੀ ਦੇ ਪਿਤਾ ਦਾ ਨਾਮ ਲਾਲ ਚੰਦ ਸੀ ਤੇ ਉਹ ਸੁਭਿਖੀਆ ਖੱਤਰੀ ਜ਼ਾਤ ਦੇ ਸਨ। ਇਨ੍ਹਾਂ ਦੀ ਮਾਤਾ ਦਾ ਨਾਮ ਬਿਸ਼ਨ ਕੌਰ ਸੀ। ਉਹ ਬੜੇ ਨੇਕ ਸੁਭਾਅ ਦੀ ਇਸਤਰੀ ਸੀ। ਇਹ ਸਾਰਾ ਪਰਿਵਾਰ ਗੁਰੂ-ਘਰ ਦਾ ਬੜਾ ਸ਼ਰਧਾਲੂ ਸੀ। ਸਾਰਾ ਟੱਬਰ ਗੁਰੂ-ਘਰ ਦੀ ਸੇਵਾ ਕਰ ਕੇ ਸੁਖ ਦਾ ਅਨੁਭਵ ਕਰਦਾ ਸੀ। ਇਆਣੀ (ਮਾਤਾ) ਗੁਜਰੀ ਆਪਣੇ ਮਾਤਾ-ਪਿਤਾ ਪਾਸੋਂ ਗੁਰਬਾਣੀ ਦਾ ਪਾਠ ਸੁਣਦੀ। ਮਾਤਾ-ਪਿਤਾ ਨੂੰ ਸੇਵਾ ਕਰਦਿਆਂ ਵੇਖਦੀ। ਆਪਣੀਆਂ ਸਹੇਲੀਆਂ ਨਾਲ ਗੁੱਡੀਆਂ-ਪਟੋਲੇ ਖੇਡਦੀ। ਆਪਣੀ ਮਾਂ ਨਾਲ ਘਰ ਦਾ ਨਿੱਕਾ-ਮੋਟਾ ਕੰਮ ਕਰਾਉਂਦੀ ਤੇ ਉਸ ਦੇ ਚਿਹਰੇ ਉੱਤੇ ਹਰ ਵੇਲੇ ਮੁਸਕਰਾਹਟ ਖੇਡਦੀ ਰਹਿੰਦੀ। ਜੋ ਕੋਈ ਉਸ ਨੂੰ ਵੇਖਦਾ ਖੁਸ਼ ਹੁੰਦਾ। ਬਹੁਤ ਹੀ ਮਨਮੋਹਕ ਕੰਨਿਆ ਸੀ ਬਾਲੜੀ (ਮਾਤਾ) ਗੁਜਰੀ ਆਪਣੇ ਬਚਪਨ ਵਿਚ।

ਉਨ੍ਹਾਂ ਵਕਤਾਂ ਵਿਚ ਮਾਪੇ ਨਿੱਕੇ-ਨਿੱਕੇ ਬੱਚਿਆਂ ਦਾ ਵਿਆਹ ਕਰ ਦੇਂਦੇ ਸਨ। ਸਿੱਖ-ਸੰਗਤ ਆਪਣੇ ਬੱਚਿਆਂ ਦੇ ਰਿਸ਼ਤੇ-ਨਾਤੇ ਗੁਰੂ-ਘਰ ਨਾਲ ਕਰ ਕੇ ਖੁਸ਼ੀ ਮਹਿਸੂਸ ਕਰਦੀ ਸੀ। ਅਜੇ ਬੀਬੀ ਗੁਜਰੀ ਮਸਾਂ ਸੱਤ-ਅੱਠ ਸਾਲ ਦੇ ਹੀ ਹੋਏ ਸਨ ਕਿ ਮਾਤਾ-ਪਿਤਾ ਇਨ੍ਹਾਂ ਦੀ ਸ਼ਾਦੀ ਕਰਨ ਦੀ ਸੋਚਣ ਲੱਗ ਪਏ। ਇਕ ਦਿਨ ਲਾਲ ਚੰਦ ਨੇ ਗੁਰੂ ਹਰਿਗੋਬਿੰਦ ਜੀ ਪਾਸ ਹੱਥ ਜੋੜ ਕੇ ਆਪਣੀ ਲਾਡਲੀ ਬੇਟੀ ਗੁਜਰੀ ਦੇ ਰਿਸ਼ਤੇ ਦੀ ਗੱਲ ਕੀਤੀ। ਗੁਰੂ ਹਰਿਗੋਬਿੰਦ ਜੀ ਨੇ ਇਸ ਰਿਸ਼ਤੇ ਉੱਪਰ ਪ੍ਰਸੰਨਤਾ ਜ਼ਾਹਿਰ ਕੀਤੀ। ਇਸ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਸਭ ਤੋਂ ਛੋਟੇ ਸਪੁੱਤਰ (ਗੁਰੂ) ਤੇਗ ਬਹਾਦਰ ਜੀ ਦਾ ਸਾਕ ਬੀਬੀ ਗੁਜਰੀ ਨਾਲ ਕਰ ਦਿੱਤਾ।

ਗੁਰੂ ਹਰਿਗੋਬਿੰਦ ਮਾਤਾ ਗੁਜਰੀ ਦੇ ਸਹੁਰਾ ਜੀ ਸਨ। ਉਦੋਂ ਉਹ ਰਾਮਦਾਸ ਪੁਰ ਵਿਚ ਰਹਿੰਦੇ ਸਨ। ਰਾਮਦਾਸ ਪੁਰ ਨੂੰ ਅੱਜਕਲ੍ਹ ਅੰਮ੍ਰਿਤਸਰ ਕਿਹਾ ਜਾਂਦਾ ਹੈ। ਇਸ ਦਾ ਨਾਮ ਗਰੂ ਅਰਜਨ ਦੇਵ ਜੀ ਨੇ ਆਪਣੇ ਪਿਤਾ ਗੁਰੂ ਰਾਮਦਾਸ ਦੇ ਨਾਮ 'ਤੇ ਹੀ ਰੱਖਿਆ ਸੀ। ਜਦੋਂ ਹਰਿਮੰਦਰ ਸਾਹਿਬ ਦਾ ਸਰੋਵਰ ਬਣਿਆ ਤਾਂ ਲੋਕ ਇਸ ਨੂੰ ਅੰਮ੍ਰਿਤ-ਸਰੋਵਰ ਆਖਣ ਲੱਗ ਪਏ ਸਨ। ਇਸ ਤਰ੍ਹਾਂ ਹੌਲੀ ਹੌਲੀ ਕਰਦੇ ਰਾਮਦਾਸ ਪੁਰ ਸ਼ਹਿਰ ਦਾ ਨਾਮ ਅੰਮ੍ਰਿਤਸਰ ਪੈ ਗਿਆ।

ਬੀਬੀ ਗੁਜਰੀ ਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਾਦੀ ਸੰਮਤ 1689 ਬਿਕ੍ਰਮੀ ਸੰਨ 1632 ਈਸਵੀ ਵਿਚ ਹੋਈ। ਉਦੋਂ ਬਰਖੁਰਦਾਰ (ਗੁਰੂ ਤੇਗ) ਬਹਾਦਰ ਜੀ ਮਸਾਂ ਬਾਰਾਂ ਸਾਲ ਦਾ ਸੀ ਤੇ ਬੀਬੀ (ਮਾਤਾ) ਗੁਜਰੀ ਜੀ ਕੋਈ ਸੱਤ-ਅੱਠ ਸਾਲ। ਬੀਬੀ ਗੁਜਰੀ ਆਪਣੇ ਭੈਣ-ਭਰਾਵਾਂ ਨਾਲ ਖੇਡਦੀ-ਖੇਡਦੀ ਹੀ ਨੂੰਹ ਬਣ ਗਈ ਤੇ ਡੋਲੀ ਵਿਚ ਪੈ ਕੇ ਸਹੁਰੇ ਘਰ ਤੁਰ ਗਈ। ਸਾਹਿਬਜ਼ਾਦੇ ਤੇਗ ਬਹਾਦਰ ਜੀ ਤੇ ਗੁਜਰੀ ਜੀ ਨੂੰ ਗ੍ਰਹਿਸਤੀ ਬਣਾ ਦਿੱਤਾ ਗਿਆ। ਉਸ ਉਮਰੇ ਜਦੋਂ ਅਜੇ ਦੋਹਾਂ ਨੂੰ ਗ੍ਰਹਿਸਤ-ਮਾਰਗ ਦਾ ਗਿਆਨ ਨਹੀਂ ਸੀ। ਮਾਤਾ ਨਾਨਕੀ ਨੇ ਸ਼ੁਭ ਸ਼ਗਨ ਕੀਤੇ, ਵਧਾਈਆਂ ਲਈਆਂ। ਸਹੁਰੇ ਗੁਰੂ ਹਰਿਗੋਬਿੰਦ ਨੇ ਅਨੇਕ ਬਖ਼ਸ਼ਿਸ਼ਾਂ ਢੋਲ ਵਾਲਿਆਂ ਨੂੰ ਦਿੱਤੀਆਂ। ਭੱਟਾਂ ਤੇ ਭੰਡਾਂ ਦੀਆਂ ਅਨੇਕਾਂ ਟੋਲੀਆਂ ਹੱਸਦੀਆਂ ਗਾਉਂਦੀਆਂ ਭਾਗ ਲੈਣ ਆਈਆਂ।

ਗੁਜਰੀ ਜੀ ਦਾ ਸਹੁਰਾ ਨਗਰ ਅੰਮ੍ਰਿਤਸਰ ਸੀ । ਉਦੋਂ ਅੰਮ੍ਰਿਤਸਰ ਵਿਚ ਪਾਤਸ਼ਾਹੀ ਰੌਣਕਾਂ ਸਨ । ਗੁਰੂ ਹਰਿਗੋਬਿੰਦ ਜੀ ਦਾ ਸਾਰਾ ਪਰਿਵਾਰ ਗੁਰੂ ਕੇ ਮਹਿਲ ਅੰਮ੍ਰਿਤਸਰ ਵਿਚ ਹੀ ਰਹਿੰਦਾ ਸੀ । ਇਥੇ ਹੀ ਸਭ ਤੋਂ ਨਿੱਕੀ ਨੂੰਹ ਗੁਜਰੀ ਜੀ ਵੀ ਆਪਣੇ ਸਹੁਰੇ ਪਰਿਵਾਰ ਵਿਚ ਰਲ ਕੇ ਰਹਿਣ ਲੱਗੀ ।

ਗੁਰੂ ਹਰਿਗੋਬਿੰਦ ਜੀ ਅਕਾਲ ਬੁੰਗੇ ਤਖਤ ਲਵਾ ਕੇ ਬੈਠਦੇ ਸਨ । ਅੱਜਕਲ੍ਹ ਅਕਾਲ ਬੁੰਗੇ ਨੂੰ ਅਕਾਲ ਤਖਤ ਸਾਹਿਬ ਕਿਹਾ ਜਾਂਦਾ ਹੈ । ਇਥੇ ਹੀ ਸੰਗਤਾਂ ਦੂਰੋਂ-ਦੂਰੋਂ ਦਰਸ਼ਨਾਂ ਨੂੰ ਆਉਂਦੀਆਂ । ਬਹੁਮੁੱਲੇ ਵਸਤਰ ਤੇ ਮਾਇਆ (ਪੈਸੇ) ਭੇਟਾ ਕਰਦੀਆਂ ਸਨ । ਖਾਣ-ਪੀਣ ਦੇ ਅਨੰਤ ਪਦਾਰਥ ਚੜ੍ਹਾਏ ਜਾਂਦੇ ਸਨ । ਸਿੱਖ-ਸੰਗਤ ਸੇਵਾ ਕਰਦੀ ਨਹੀਂ ਸੀ ਥੱਕਦੀ । ਗੁਰੂ ਕੇ ਮਹਿਲਾਂ ਵਿਚ ਰੌਣਕਾਂ ਸਨ । ਇਸਤਰੀਆਂ ਨੂੰ ਕੋਈ ਕੰਮ ਹੱਥੀਂ ਨਹੀਂ ਸੀ ਕਰਨਾ ਪੈਂਦਾ । ਚੰਦਨ ਦੀ ਲਕੜੀ ਤੇ ਚਾਂਦੀ ਦੇ ਪਾਵਿਆਂ ਵਾਲੇ ਪਲੰਘਾਂ ਉਤੇ ਮਖ਼ਮਲੀ ਬਿਸਤਰੇ ਵਿਛੇ ਹੁੰਦੇ ਸਨ । ਦਾਸੀਆਂ ਸੇਵਾ ਕਰਨ ਲਈ ਹੁੰਦੀਆਂ ਸਨ । ਖਾਣ ਨੂੰ ਗਿਰੀ-ਛੁਹਾਰੇ, ਮੱਖਣ ਤੇ ਮਲਾਈਆਂ ਸ਼ਨ । ਪੀਣ ਲਈ ਦੁੱਧ ਤੇ ਲੱਸੀ ਸੀ । ਅਜਿਹੇ ਸੁੱਖਾਂ ਦੇ ਸਮਾਨ ਵਿਚ ਪਲ ਕੇ ਗੁਜਰੀ ਜੀ ਜਵਾਨ ਹੋਈ । ਰੂਪ ਨਿਖਰ ਆਇਆ । ਉੱਚੀ ਡੀਲ-ਡੌਲ ਵਾਲੀ, ਸੁਘੜ ਸਿਆਣੀ ਨੂੰਹ ਨੂੰ ਅੰਦਰ-ਬਾਹਰ ਫਿਰਦਿਆਂ ਵੇਖ ਕੇ ਮਾਤਾ ਨਾਨਕੀ ਮਨ ਹੀ ਮਨ ਵਿਚ ਪ੍ਰਸੰਨ ਹੁੰਦੀ ।

ਉਸ ਸਮੇਂ ਸਾਹਿਬਜ਼ਾਦਾ ਤੇਗ ਬਹਾਦਰ ਆਪਣੇ ਪਿਤਾ ਦੇ ਨਾਲ ਸੈਨਿਕ ਦੇ ਰੂਪ ਵਿਚ ਰਹਿੰਦੇ ਸਨ । ਘੋੜਸਵਾਰੀ ਕਰਦੇ ਸਨ । ਤਲਵਾਰ ਚਲਾਉਂਦੇ ਸਨ । ਸਰੀਰ ਨੂੰ ਤਕੜਾ ਕਰਨ ਲਈ ਤਰ੍ਹਾਂ-ਤਰ੍ਹਾਂ ਦੀਆਂ ਵਰਜ਼ਿਸ਼ਾਂ ਤੇ ਖੇਡਾਂ ਉੱਪਰ ਹੱਥ ਅਜ਼ਮਾਉਂਦੇ ਸਨ । ਵੀਹ ਕੁ ਸਾਲ ਦੀ ਉਮਰ ਵਿਚ ਭਰਵੇਂ ਸੁੰਦਰ ਜਵਾਨ ਨਿਕਲ ਆਏ । ਚਿਹਰੇ ਉੱਪਰ ਅਲੌਕਾਰ ਸ਼ਾਂਤੀ ਤੇ ਖੇੜਾ ਸੀ । ਜੋ ਵੀ ਵੇਖਦਾ ਆਪੇ ਹੀ ਖਿੱਚਿਆ ਤੁਰਿਆ ਆਉਂਦਾ । ਬਚਪਨ ਵਿਚ ਹੀ ਆਪ ਨਾਮ ਜਪਣ ਦੇ ਅਭਿਆਸੀ ਸਨ । ਬੜੀ ਸੁਰੀਲੀ ਆਵਾਜ਼ ਨਾਲ ਬਾਣੀ ਦਾ ਪਾਠ ਕਰਦੇ ਸੀ । ਇਕ ਪਾਸੇ ਭਗਤੀ-ਭਾਵ ਹੁਲਾਰੇ ਮਾਰਦਾ ਸੀ । ਦੂਜੇ ਪਾਸੇ, ਪਿਤਾ ਦੇ ਹੁਕਮ ਨਾਲ ਸੈਨਿਕ-ਜੀਵਨ ਦਾ ਪਾਲਨ ਕਰ ਰਹੇ ਸਨ । ਇਸ ਤਰ੍ਹਾਂ ਮਨ ਕਰ ਕੇ ਤਾਂ ਆਪ ਸੰਤ ਸਨ ਤੇ ਭਰਵੇਂ ਸਰੀਰ ਤੇ ਬੀਰਤਾ ਕਰ ਕੇ ਸਿਪਾਹੀ । ਕਦੀ-ਕਦੀ ਆਪ ਦੇ ਪਿਤਾ ਲਾਡ ਨਾਲ ਆਪ ਨੂੰ ਸੰਤ-ਸਿਪਾਹੀ ਵੀ ਕਹਿੰਦੇ ਸਨ ।

ਪਤੀ-ਪਤਨੀ (ਤੇਗ ਬਹਾਦਰ ਜੀ ਤੇ ਮਾਤਾ ਗੁਜਰੀ ਜੀ) ਦਾ ਆਪਸ ਵਿਚ ਬੜਾ ਪ੍ਰੇਮ ਸੀ । ਦੋਵੇਂ ਜੀਅ ਸੁੰਦਰ ਸਨ । ਦੋਵੇਂ ਹੀ ਚੜ੍ਹਦੀ ਜੁਆਨੀ ਵਿਚ ਸਨ । ਦੋਵੇਂ ਹੀ ਪ੍ਰਸੰਨ-ਚਿੱਤ ਸਨ । ਦੋਵੇਂ ਹੀ ਆਪ ਤੋਂ ਵੱਡਿਆਂ ਦੀ ਕਦਰ ਕਰਦੇ ਸਨ । ਦੋਵੇਂ ਹੀ ਆਪਣੇ ਬਜ਼ੁਰਗਾਂ ਦੇ ਹੁਕਮ ਨੂੰ ਦਿਲੋ-ਜਾਨ ਨਾਲ ਨਿਭਾ ਰਹੇ ਸਨ । ਦੋਵੇਂ ਹੀ ਗੁਰਬਾਣੀ ਦੇ ਰਸੀਏ ਸਨ, ਸੰਜਮਸ਼ੀਲਤਾ ਦੋਹਾਂ ਵਿਚ ਹੀ ਮੌਜੂਦ ਸੀ । ਤੇਗ ਬਹਾਦਰ ਜੀ ਪਿਤਾ ਦੇ ਹੁਕਮ ਅਨੁਸਾਰ ਸੈਨਾ ਦੀ ਦੇਖਭਾਲ ਕਰਦੇ । ਸਿਖਲਾਈ ਵਿਚ ਹਿੱਸਾ ਲੈਂਦੇ । ਹਰ ਵੇਲੇ ਤਿਆਰ-ਬਰ-ਤਿਆਰ ਰਹਿੰਦੇ । ਗੁਜਰੀ ਜੀ ਮਾਤਾ ਨਾਨਕੀ ਦੀ ਦੇਖ-ਰੇਖ ਵਿਚ ਹਸੂੰ-ਹਸੂੰ ਕਰਦਿਆਂ ਦਿਨ ਬਿਤਾ ਰਹੀ ਸੀ ।

2

ਕੁਦਰਤ ਦਾ ਨੇਮ ਹੈ, ਤਬਦੀਲੀ ! ਗੁਰੂ ਹਰਿਗੋਬਿੰਦ ਜੀ ਦਾ ਹਕੂਮਤ ਨਾਲ ਤਣਾਉ ਵਧਣ ਲੱਗ ਪਿਆ । ਇਸ ਦਾ ਪ੍ਰਭਾਵ ਘਰੇਗੀ ਜ਼ਿੰਦਗੀ ਉੱਪਰ ਵੀ ਪਿਆ । ਸ਼ਾਜਹਾਨ ਦੀਆਂ ਫ਼ੌਜਾਂ ਨਾਲ ਅੰਮ੍ਰਿਤਸਰ ਵਿਚ ਯੁੱਧ ਹੋਏ । ਗੁਜਰੀ ਜੀ ਨੂੰ ਆਪਣੇ ਪਰਿਵਾਰ ਸਮੇਤ ਅੰਮ੍ਰਿਤਸਰ ਛੱਡਣਾ ਪਿਆ । ਉਹ ਸੁਭਾਗੇ ਗੁਰੂ ਕੇ ਮਹਿਲ ਜਿਥੇ ਗੁਜਰੀ ਦੇ ਪਤੀ ਜੀ ਜਨਮੇ ਸਨ, ਜਿਥੇ ਉਹ ਡੋਲੀ ਵਿਚ ਬੈਠ ਕੇ ਆਏ ਸਨ, ਜਿਥੇ ਉਹ ਜਵਾਨੀ ਚੜ੍ਹੇ ਸਨ, ਜਿਥੇ ਉਨ੍ਹਾਂ ਨੇ ਪਤੀ ਨਾਲ ਚੁਹਲ-ਮੁਹਲ ਕੀਤੇ ਹਨ । ਰੱਬ ਦਾ ਭਾਣਾ, ਅੱਜ ਸਾਰਾ ਗੁਰੂ-ਪਰਿਵਾਰ ਅੰਮ੍ਰਿਤਸਰ ਛੱਡ ਕੇ ਜਾ ਰਿਹਾ ਸੀ ਕਿਸੇ ਹੋਰ ਧਰਤੀ ਨੂੰ ਭਾਗ ਲਾਉਣ । ਸਤਿਗੁਰੂ ਹਰਿਗੋਬਿੰਦ ਜੀ ਦੁਆਬੇ ਤੇ ਮਾਲਵੇ ਵਿਚੋਂ ਵਿਚਰਦੇ ਹੋਏ ਕੀਰਤਪੁਰ ਜਾ ਬਿਰਾਜੇ । ਇਥੇ ਹੀ ਉਨ੍ਹਾਂ ਨੇ ਆਪਣੇ ਸਭ ਤੋਂ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਦੇ ਹੋਣਹਾਰ ਬੱਚੇ ਹਰਿ ਰਾਇ (ਗੁਰੂ) ਨੂੰ ਗੁਰਿਆਈ ਦਾ ਤਿਲਕ ਲਗਾਇਆ । ਗੁਰੂ ਹਰਿਗੋਬਿੰਦ ਜੀ ਦੇ ਪ੍ਰਲੋਕ ਗਮਨ ਕਰਨ ਤੋਂ ਬਾਅਦ ਗੁਰੂ ਹਰਿ ਰਾਇ ਜੀ ਕੀਰਤਪੁਰ ਰਹਿਣ ਲੱਗੇ । ਹੁਣ ਸਿਆਣੀ ਸੱਸ ਮਾਤਾ ਨਾਨਕੀ ਜੀ ਆਪਣੀ ਨੂੰਹ-ਪੁੱਤਰ ਨੂੰ ਲੈ ਕੇ ਆਪਣੇ ਪੇਕੇ ਪਿੰਡ ਬਕਾਲੇ ਆ ਗਈ । ਗੁਰੂ ਤੇਗ ਬਹਾਦਰ ਜੀ ਦੇ ਨਾਨਾ ਜੀ ਸ਼ਾਹੂਕਾਰ ਸਨ, ਉਨ੍ਹਾਂ ਨੇ ਆਪਣੀ ਧੀ ਅਤੇ ਉਸ ਦੇ ਨੂੰਹ-ਪੁੱਤਰ ਵਾਸਤੇ ਵੱਖਰਾ ਮਕਾਨ ਬਣਵਾ ਦਿੱਤਾ । ਬਕਾਲਾ ਬਿਆਸ ਦਰਿਆ ਦੇ ਕਿਨਾਰੇ ਇਕ ਛੋਟਾ ਜਿਹਾ ਪਿੰਡ ਸੀ । ਇਸ ਨੂੰ ਅੱਜਕਲ੍ਹ 'ਬਾਬਾ ਬਕਾਲਾ' ਕਿਹਾ ਜਾਂਦਾ ਹੈ ।

3

ਸ਼ਾਦੀ ਤੋਂ ਬਾਅਦ ਗੁਜਰੀ ਜੀ ਦੇ ਜੀਵਨ ਵਿਚ ਇਹ ਪਹਿਲਾ ਸੰਘਰਸ਼ਾਤਮਕ ਵਕਤ ਆਇਆ । ਸ਼ਾਦੀ ਤੋਂ ਬਾਅਦ ਜਿਵੇਂ ਹੀ ਉਨ੍ਹਾਂ ਨੇ ਸੁਰਤ ਸੰਭਾਲੀ ਸੀ, ਰਹਿਣ ਨੂੰ ਮਹਿਲ ਮਿਲੇ ਸਨ । ਸੇਵਾ ਨੂੰ ਹਰ ਵੇਲੇ ਦਾਸੀਆਂ ਹਾਜ਼ਰ ਸਨ । ਖਾਣ-ਪੀਣ ਦੇ ਅਨੰਤ ਪਦਾਰਥ ਹਰ ਵੇਲੇ ਘਰ ਵਿਚ ਮੌਜੂਦ ਰਹਿੰਦੇ ਸਨ । ਹੁਣ ਬਕਾਲੇ ਵਿਚ ਮਹਿਲਾਂ ਦੀ ਥਾਂ ਕੱਚਾ ਕੋਠਾ ਸੀ । ਦਾਸੀਆਂ ਦੀ ਥਾਂ ਹੱਥੀਂ ਕੰਮ ਕਰਨਾ ਪੈਂਦਾ ਸੀ । ਵਧੀਆ ਖਾਣਿਆਂ ਦੀ ਬਜਾਏ ਸਾਧਾਰਣ ਖ਼ੁਰਾਕ ਸੀ । ਤੇ ਉਹ ਵੀ ਹੱਥੀਂ ਆਟਾ ਪੀਹ ਕੇ ਖਾਣਾ ਪਿਆ । ਮਾਤਾ ਨਾਨਕੀ ਦੀ ਕੁੱਖੋਂ ਇਕ ਹੋਰ ਸਪੁੱਤਰ ਬਾਬਾ ਅਟਲ ਰਾਏ ਵੀ ਜਨਮੇ ਸਨ । ਪਰ ਉਹ ਛੋਟੀ ਉਮਰੇ ਹੀ ਸਵਰਗ ਸਿਧਾਰ ਗਏ । ਇਸ ਤਰ੍ਹਾਂ ਗੁਜਰੀ ਜੀ ਹੁਣ ਆਪਣੇ ਨਿੱਕੇ ਜਿਹੇ ਪਰਿਵਾਰ ਵਿਚ ਜਿਸ ਵਿਚ ਉਨ੍ਹਾਂ ਦੇ ਪਤੀ ਤੇ ਸੱਸ ਮਾਤਾ ਨਾਨਕੀ ਜੀ ਸੀ, ਨਾਲ ਰਹਿ ਰਹੇ ਸਨ । ਪਰ ਸਬਰ-ਸ਼ੁਕਰ ਨਾਲ ਉਸ ਭਾਗੀਂ ਭਰੇ ਦਿਨ ਦੀ ਇੰਤਜ਼ਾਰ ਕਰ ਰਹੀਆਂ ਸਨ, ਜਦੋਂ ਅਕਾਲ ਪੁਰਖ ਉਨ੍ਹਾਂ ਨੂੰ ਬੱਚੇ ਦੀ ਦਾਤ ਦੇਵੇਗਾ ।

ਗੁਜਰੀ ਜੀ ਦੇ ਪਤੀ ਹਰ ਵੇਲੇ ਤਪੱਸਿਆ ਵਿਚ ਲੀਨ ਸਨ । ਬਾਬੇ ਬਕਾਲੇ ਵਿਚ ਰਹਿੰਦਿਆਂ ਘਰ ਵਿਚ ਹੀ ਉਨ੍ਹਾਂ ਛੋਟਾ ਜਿਹਾ ਭੋਰਾ ਬਣਾ ਲਿਆ ਸੀ । ਸੱਤ-ਅੱਠ ਪੌੜੀਆਂ ਥੱਲੇ ਉਤਰਨਾ ਪੈਂਦਾ ਸੀ । ਹੁਣ ਤੇਗ ਬਹਾਦਰ ਜੀ ਨੇ ਭੋਰੇ ਵਿਚ ਤਪੱਸਿਆ ਕਰਨੀ ਆਰੰਭ ਕਰ ਦਿੱਤੀ ਅਤੇ ਮਾਤਾ ਨਾਨਕੀ ਜੀ ਹੀ ਕੁਝ ਅਲਪ ਆਹਾਰ ਲੈ ਕੇ ਆਉਂਦੇ ਸਨ,

ਗੁਜਰੀ ਜੀ ਨੂੰ ਭੋਰੇ ਵਿਚ ਆਉਣ ਦਾ ਹੁਕਮ ਨਹੀਂ ਸੀ । ਗੁਜਰੀ ਜੀ ਦਰਵਾਜ਼ੇ ਵਿਚ ਹੀ ਮੱਥਾ ਟੇਕ ਕੇ ਮੁੜ ਜਾਂਦੇ ਸਨ । 22 ਸਾਲ 9 ਮਹੀਨੇ ਤੇ ਕੁਝ ਦਿਨ ਗੁਰੂ ਜੀ ਭੋਰੇ ਵਿਚ ਰਹੇ । ਗੁਰੂ ਜੀ ਭੂਮਿ-ਆਸਣ ਕਰ ਕੇ ਹਰ ਵੇਲੇ ਮਸਤ ਘੋਰ-ਤਪੱਸਿਆ ਕਰ ਰਹੇ ਸਨ । ਖਾਂਦੇ-ਪੀਂਦੇ ਬਹੁਤ ਹੀ ਥੋੜ੍ਹਾ ਸਨ । ਕਿਸੇ ਨੂੰ ਮਿਲਦੇ-ਮਿਲਾਂਦੇ ਵੀ ਨਹੀਂ ਸਨ । ਘਰ ਵਿਚ ਭੋਰਾ ਸੀ ਜਾਂ ਪਾਰਬ੍ਰਹਮ ਦੀ ਲਿਵ ਸੀ ।

ਦੂਸਰੇ ਪਾਸੇ ਗੁਰੂਗੱਦੀ ਉੱਪਰ ਗੁਰੂ ਹਰਿ ਰਾਇ ਬਿਰਾਜਮਾਨ ਰਹੇ ਸਨ । ਆਪ ਲਗਭਗ 17 ਸਾਲ ਗੁਰਿਆਈ ਗੱਦੀ ਉੱਪਰ ਬੈਠ ਕੇ ਸਿੱਖ-ਸੰਗਤ ਦਾ ਉੱਧਾਰ ਕੀਤਾ । ਆਪ ਨੇ ਕੁਲ ਇਕੱਤੀ ਸਾਲ ਆਰਜਾ ਭੋਗ ਕੇ ਪੰਜ ਕੁ ਸਾਲ ਦੇ ਛੋਟੇ ਸਾਹਿਬਜ਼ਾਦੇ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੱਦੀ ਦਾ ਵਾਰਸ ਨੀਯਤ ਕੀਤਾ । ਗੁਰੂ ਹਰਿਕ੍ਰਿਸ਼ਨ ਜੀ ਨੇ ਲਗਭਗ ਢਾਈ ਕੁ ਸਾਲ ਸੰਗਤਾਂ ਦਾ ਉੱਧਾਰ ਕੀਤਾ । ਪ੍ਰਲੋਕ ਗਮਨ ਵੇਲੇ ਆਪ ਨੇ ਪੰਜ ਪੈਸੇ, ਨਰੇਲ ਹੱਥ ਵਿਚ ਲੈ ਕੇ ਬਾਂਹ ਨੂੰ ਤਿੰਨ ਵਾਰ ਉੱਚਾ ਕਰ ਕੇ ਘੁਮਾਇਆ ਤੇ 'ਬਾਬਾ ਬਕਾਲੇ' ਕਹਿੰਦਿਆਂ ਪ੍ਰਾਣ ਤਿਆਗ ਦਿੱਤੇ । ਗੁਰੂ ਹਰਿਕ੍ਰਿਸ਼ਨ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਸਿੱਖ-ਸੰਗਤ ਦਾ ਮੂੰਹ ਬਕਾਲੇ ਪਿੰਡ ਵੱਲ ਹੋ ਗਿਆ । ਪਰ ਗੁਰੂ ਤੇਗ ਬਹਾਦਰ ਜੀ ਆਪਣੀ ਭਗਤੀ ਵਿਚ ਹੀ ਜੁੜੇ ਰਹੇ ਤੇ ਭੋਰਿਓਂ ਬਾਹਰ ਨਾ ਨਿਕਲੇ ।

4

ਹਣ ਬਾਬੇ ਬਕਾਲੇ ਵਿਚ ਅਨੇਕਾਂ ਸੋਢੀ ਤੇ ਬੇਦੀ ਗੁਰੂ ਬਣ ਬੈਠੇ । ਸੰਗਤਾਂ ਨੂੰ ਪਤਾ ਨਾ ਲੱਗਦਾ ਅਸਲੀ ਗੁਰੂ ਕੌਣ ਹੈ ? ਸੰਗਤਾਂ ਸਾਰਿਆਂ ਨੂੰ ਹੀ ਮੱਥਾ ਟੇਕ ਜਾਂਦੀਆਂ । ਇਕ ਦਿਨ ਇਕ ਸੌਦਾਗਰ ਆਇਆ । ਉਸ ਦਾ ਨਾਮ ਮੱਖਣ ਸ਼ਾਹ ਸੀ । ਉਸ ਨੇ ਆਪਣੇ ਡੁੱਬਦੇ ਬੇੜੇ ਨੂੰ ਬਚਾਉਣ ਲਈ ਗੁਰੂ ਅੱਗੇ ਪੰਜ ਸੌ ਮੁਹਰਾਂ ਦੀ ਭੇਟਾ ਚੜ੍ਹਾਉਣ ਲਈ ਅਰਦਾਸ ਕੀਤੀ ਸੀ । ਉਸ ਦਾ ਡੁੱਬਦਾ ਬੇੜਾ ਤਾਂ ਬਚ ਗਿਆ ਪਰ ਹੁਣ ਜਦੋਂ ਉਹ ਭੇਟਾ ਚੜ੍ਹਾਉਣ ਆਇਆ ਤਾਂ ਮਨ ਵਿਚ ਸੋਚਿਆ, ਸਭ ਦੇ ਅੱਗੇ ਦੋ-ਦੋ ਮੋਹਰਾਂ ਰੱਖ ਕੇ ਮੱਥਾ ਟੇਕ ਦੇਂਦਾ ਹਾਂ । ਜੋ ਅੰਤਰਯਾਮੀ ਹੋਵੇਗਾ ਆਪੇ ਆਪਣੀ ਪੂਰੀ ਭੇਟਾ ਮੰਗ ਲਵੇਗਾ । ਇਸੇ ਤਰ੍ਹਾਂ ਕਰਦਿਆਂ ਉਹ ਭੋਰੇ ਵਿਚ ਆਇਆ । ਜਿਵੇਂ ਹੀ ਉਸ ਨੇ ਦੋ ਮੋਹਰਾਂ ਰੱਖ ਕੇ ਮੱਥਾ ਟੇਕਿਆ ਤਾਂ ਗੁਰੂ ਜੀ ਨੇ ਫੁਰਮਾਇਆ, "ਗੁਰਮੁਖਾ, ਪੰਜ ਸੌ ਮੋਹਰਾਂ ਮੰਨ ਕੇ ਹੁਣ ਦੋ ਮੋਹਰਾਂ ਹੀ ਮੱਥਾ ਟੇਕ ਰਿਹਾ ਹੈਂ", ਗੱਲ ਸੁਣਦਿਆਂ ਹੀ ਮੱਖਣ ਸ਼ਾਹ ਨੇ ਰੌਲਾ ਪਾ ਦਿੱਤਾ, ਕੋਠੇ ਉਤੇ ਚੜ੍ਹ ਗਿਆ, "ਲਾਧੋ ਰੇ, ਗੁਰੂ ਲਾਧੋ ਰੇ" ਦੀ ਆਵਾਜ਼ ਸਾਰੇ ਬਕਾਲੇ ਵਿਚ ਗੂੰਜਣ ਲੱਗ ਪਈ । ਵੇਖਦਿਆਂ ਹੀ ਵੇਖਦਿਆਂ ਰੰਗ-ਢੰਗ ਬਦਲ ਗਿਆ । ਗੁਜਰੀ ਜੀ ਦੀ ਰਸੋਈ ਗੁਰੂ ਕਾ ਲੰਗਰ ਬਣ ਗਈ । ਜਿਸ ਭੋਰੇ ਵਿਚ ਗੁਰੂ ਜੀ ਤਪੱਸਿਆ ਕਰਦੇ ਸੀ, ਉਹ ਗੁਰਧਾਮ ਬਣ ਗਿਆ । ਸਫ਼ ਦੀ ਬਜਾਏ ਕੀਮਤੀ ਕਾਲੀਨ ਵਿਛ ਗਏ । ਪਲੰਘ ਵਿਛ ਗਿਆ । ਸਿੱਖ ਸੇਵਕ ਚੌਰ ਕਰਨ ਲੱਗੇ । ਬਾਬਾ ਬੁੱਢਾ ਜੀ ਦੀ ਬੰਸ ਵਿਚੋਂ ਬਾਬਾ ਗੁਰਦਿੱਤਾ ਜੀ ਨੇ ਤੇਗ ਬਹਾਦਰ ਜੀ ਨੂੰ ਗੁਰਿਆਈ ਦਾ ਤਿਲਕ ਦੇ ਕੇ ਗੁਰੂ ਤੇਗ ਬਹਾਦਰ ਬਣਾ ਦਿੱਤਾ । ਰਬਾਬੀ ਕੀਰਤਨ ਕਰਨ ਲੱਗੇ ।

ਗੁਜਰੀ ਵੀ ਵੇਖਦੇ ਹੀ ਵੇਖਦੇ ਗੁਰਿਆਣੀ ਬਣ ਗਏ । ਦਾਸੀਆਂ ਹਾਜ਼ਰ ਹੋ ਗਈਆਂ ।

ਨਵੇਂ ਕੱਪੜੇ ਆ ਗਏ। ਪਹਿਲਾਂ ਵਾਂਗ ਸਾਰੇ ਸੁਖ ਦੇ ਸਾਧਨ ਮਿਲ ਗਏ। ਵਰ੍ਹਿਆਂ-ਬੱਧੀਂ ਕਸ਼ਟ ਝੱਲਣ ਤੋਂ ਬਾਅਦ ਗੁਜਰੀ ਜੀ ਮੁੜ ਪੁਰਾਣੇ ਰਾਜ-ਭਾਗ ਨੂੰ ਪ੍ਰਾਪਤ ਹੋ ਗਏ। ਪਹਿਲਾਂ ਉਹ ਗੁਰੂ-ਘਰ ਦੀ ਨੂੰਹ ਸਨ ਤੇ ਅੱਜ ਉਹ ਆਪ ਗੁਰ-ਪਤਨੀ। ਸੱਸ-ਨੂੰਹ ਖਿੜੀਆਂ ਪਈਆਂ ਸਨ। ਇਕ ਦਿਨ ਧੀਰ ਮੱਲ ਜੋ ਗੁਰੂ ਤੇਗ ਬਹਾਦਰ ਜੀ ਦਾ ਭਤੀਜਾ ਸੀ, ਉਸ ਨੇ ਈਰਖਾ ਵਿਚ ਆ ਕੇ ਗੁਰੂ ਜੀ 'ਤੇ ਬੰਦੂਕ ਦੀ ਗੋਲੀ ਚਲਾ ਦਿੱਤੀ। ਮਾਤਾ ਨਾਨਕੀ ਜੀ ਨਹੀਂ ਸੀ ਚਾਹੁੰਦੇ ਕਿ ਉਨ੍ਹਾਂ ਦਾ ਸਪੁੱਤਰ ਕਿਸੇ ਤਰ੍ਹਾਂ ਦੇ ਝਗੜੇ ਵਿਚ ਪਵੇ। ਸੋ ਉਨ੍ਹਾਂ ਦੇ ਸਲਾਹ ਦੇਣ 'ਤੇ ਗੁਰੂ ਤੇਗ ਬਹਾਦਰ ਜੀ ਕੁਝ ਦੇਰ ਪ੍ਰਚਾਰ ਕਰਨ ਲਈ ਬਕਾਲੇ ਤੋਂ ਬਾਹਰ ਚਲੇ ਗਏ ਤੇ ਉਥੋਂ ਕੀਰਤਪੁਰ ਆ ਗਏ। ਇਥੇ ਵੀ ਈਰਖਾਲੂਆਂ ਨੇ ਪਿੱਛਾ ਨਾ ਛੱਡਿਆ। ਅਖ਼ੀਰ ਗੁਰੂ ਜੀ ਨੇ ਪੰਜਾਬ ਛੱਡ ਕੇ ਉੱਤਰ ਪ੍ਰਦੇਸ਼ ਵੱਲ ਪ੍ਰਚਾਰ ਕਰਨ ਦਾ ਮਨ ਬਣਾਇਆ।

ਇਸੇ ਦੌਰਾਨ ਮਾਤਾ ਗੁਜਰੀ ਆਪਣੇ ਪਰਿਵਾਰ ਸਮੇਤ ਸ਼ਾਹੀ ਠਾਠ-ਬਾਠ ਨਾਲ ਪ੍ਰਯਾਗ ਇਲਾਹਾਬਾਦ ਪਹੁੰਚੀ। ਇਥੇ ਹੀ ਉਹਦੀ ਚਿਰਾਂ ਦੀ ਮੁਰਾਦ ਪੂਰੀ ਹੋਈ। ਉਹ ਗਰਭਵਤੀ ਹੋ ਗਈ। ਕੁਝ ਸਮਾਂ ਇਥੇ ਠਹਿਰਨ ਤੋਂ ਬਾਅਦ ਗੁਰੂ ਜੀ ਦਾ ਕਾਫ਼ਲਾ ਘੋੜਿਆਂ, ਪਾਲਕੀਆਂ ਦੇ ਸਹਾਰੇ ਬਨਾਰਸ ਪੁੱਜਾ। ਬਨਾਰਸ ਤੋਂ ਹੁੰਦੇ ਹੋਏ ਇਹ ਸਾਰੇ ਗੰਗਾ ਦੇ ਕਿਨਾਰੇ ਪਟਨਾ ਸ਼ਹਿਰ ਵਿਚ ਪੁੱਜੇ। ਹੁਣ ਗੁਰੂ ਜੀ ਆਪਣੇ ਮਿਸ਼ਨ ਦੇ ਮੁਤਾਬਿਕ ਅੱਗੇ ਹੋਰ ਅੱਗੇ ਤੁਰਦੇ ਗਏ ਤੇ ਅਖ਼ੀਰ ਆਸਾਮ ਦੇਸ਼ ਜਾ ਪੁੱਜੇ। ਇੱਧਰ ਮਾਤਾ ਗੁਜਰੀ ਜੀ ਆਪਣੀ ਸੱਸ ਮਾਤਾ ਨਾਨਕੀ ਦੀ ਦੇਖਭਾਲ ਵਿਚ ਪਟਨੇ ਹੀ ਰਹੀ।

5

ਓੜਕ ਉਹ ਭਾਗੀਂ ਭਰਿਆ ਦਿਨ ਆਣ ਪੁੱਜਾ। ਅੱਜ ਮਾਤਾ ਗੁਜਰੀ ਦੀ ਗੋਦ ਭਰ ਗਈ। ਇਹ ਸੁਭਾਗਾ ਦਿਨ ਪੋਹ ਸੁਦੀ ਸੱਤਵੀਂ ਸੰਮਤ 1723 ਮੁਤਾਬਿਕ 1666 ਈਸਵੀ ਸੀ। ਅੱਜ ਇਕ ਅਦੁੱਤੀ ਬਾਲਕ ਨੇ ਜਨਮ ਲਿਆ। ਸਾਰਾ ਕਮਰਾ ਰੌਸ਼ਨੀ ਨਾਲ ਭਰ ਗਿਆ। ਪਟਨਾ ਸ਼ਹਿਰ ਖੁਸ਼ੀ ਨਾਲ ਧੜਕ ਪਿਆ। ਬੜਾ ਸੁੰਦਰ ਬਾਲਕ ਰੱਬੀ ਖੇੜੇ ਵਿਚ ਖੇਡਣ ਲੱਗਾ। ਸ਼ਹਿਨਾਈਆਂ ਵੱਜਣ ਲੱਗ ਪਈਆਂ। ਲੋਕੀਂ ਖੁਸ਼ੀ ਦੇ ਗੀਤ ਗਾਉਣ ਲੱਗੇ। ਅੱਜ ਮਾਤਾ ਗੁਜਰੀ ਦੀ ਜ਼ਿੰਦਗੀ ਦਾ ਸਭ ਤੋਂ ਹੁਸੀਨ ਦਿਨ ਸੀ। ਜਦੋਂ ਸ਼ਾਦੀ ਹੋਈ ਸੀ, ਉਹ ਬਹੁਤ ਨਿਆਣੀ ਸੀ। ਉਸ ਨੂੰ ਕੁਝ ਪਤਾ ਨਹੀਂ ਸੀ ਲੱਗਾ। ਜਦੋਂ ਦਾ ਜਵਾਨੀ ਵਿਚ ਪੈਰ ਰੱਖਿਆ ਪੁੱਤਰ ਨੂੰ ਸਿੱਕਣ ਲੱਗੀ। ਅੱਜ ਉਹਦੇ ਵਿਹੜੇ ਖੁਸ਼ੀਆਂ ਦਾ ਮੀਂਹ ਵਰ੍ਹ ਰਿਹਾ ਸੀ। ਉਹ ਬਾਰ-ਬਾਰ ਸੋਚਦੀ ਜੇ ਪਤੀ ਜੀ ਵੀ ਇਥੇ ਹੁੰਦੇ, ਕਿੰਨਾ ਖੁਸ਼ ਹੁੰਦੇ। ਫਿਰ ਆਪ ਹੀ ਸੋਚਦੀ, ਉਨ੍ਹਾਂ ਨੇ ਕਲਜੁਗੀ ਜੀਵਾਂ ਦਾ ਉੱਧਾਰ ਵੀ ਤਾਂ ਕਰਨਾ ਸੀ। ਅੱਜ ਸੱਸ-ਨੂੰਹ ਦੋਵੇਂ ਖੁਸ਼ੀ ਨਾਲ ਥਰਕ ਰਹੀਆਂ ਸਨ। ਸਤਿਗੁਰੂ ਜੀ ਵੱਲ ਸੰਦੇਸ਼ਾ ਭੇਜਿਆ ਗਿਆ। ਉਦੋਂ ਉਹ ਆਸਾਮ ਸਨ ਤੇ ਆਪਣੇ ਕਾਰਜ ਵਿਚ ਏਨੇ ਮਸਰੂਫ਼ ਸਨ ਕਿ ਆਸਾਮ ਤੋਂ ਲਗਭਗ ਚਾਰ ਸਾਲਾਂ ਬਾਅਦ ਮੁੜੇ। ਨੌਵੇਂ ਗੁਰੂ ਜੀ ਨੇ ਘਰ ਪਹੁੰਚ ਕੇ ਆਪਣੇ ਲਾਡਲੇ ਦੀਆਂ ਬਹੁਤ ਖੁਸ਼ੀਆਂ ਕੀਤੀਆਂ। ਬੱਚੇ ਦਾ ਨਾਮ ਗੋਬਿੰਦ ਰਾਇ ਰੱਖਿਆ ਗਿਆ। ਕੁਝ ਦੇਰ ਪਟਨੇ ਠਹਿਰਨ ਤੋਂ ਬਾਅਦ ਗੁਰੂ ਜੀ ਨੇ ਪੰਜਾਬ ਵੱਲ ਆਉਣ ਦਾ

ਮਨ ਬਣਾ ਲਿਆ । ਰੱਬੀ ਪ੍ਰਚਾਰ ਹੀ ਉਨ੍ਹਾਂ ਦੇ ਜੀਵਨ ਦਾ ਸਭ ਤੋਂ ਵੱਡਾ ਸੰਦੇਸ਼ ਸੀ । ਗੋਬਿੰਦ ਰਾਇ ਪਹਿਲਾਂ ਵਾਂਗ ਪਟਨੇ ਹੀ ਠਹਿਰੇ ।

ਹੁਣ ਦਾਦੀ ਮਾਤਾ ਨਾਨਕੀ ਪੋਤਰੇ ਨੂੰ ਖਿਡਾਉਂਦੀ । ਗੋਬਿੰਦ ਰਾਇ ਮਾਂ ਤੇ ਦਾਦੀ ਦੀਆਂ ਲੋਰੀਆਂ ਵਿਚ ਵੱਡੇ ਹੋਣ ਲੱਗੇ । ਠੁਮਕ-ਠੁਮਕ ਕੇ ਤੁਰਨ ਲੱਗੇ । ਤੋਤਲੀਆਂ ਗੱਲਾਂ ਕਰਨ ਲੱਗੇ । ਦਾਦੀ ਨੂੰ ਵਾਰੇ ਜਾਂਦਿਆਂ ਵੇਖ ਮਾਤਾ ਗੁਜਰੀ ਮਨ ਹੀ ਮਨ ਵਿਚ ਪ੍ਰਸੰਨ ਹੁੰਦੀ ਰਹਿੰਦੀ । ਭਾਵੇਂ ਦੋਵੇਂ ਮਾਤਾਵਾਂ ਬਾਲ-ਗੁਰੂ ਦੀ ਪਾਲਣਾ ਪ੍ਰਸੰਨਤਾ ਸਹਿਤ ਕਰ ਰਹੀਆਂ ਸਨ ਪਰ ਦੋਵੇਂ ਹੀ ਗੁਰੂ ਤੇਗ ਬਹਾਦਰ ਦੇ ਹੁਕਮ ਦੀ ਹਰ ਵੇਲੇ ਬੇਤਾਬੀ ਨਾਲ ਉਡੀਕ ਕਰਦੀਆਂ ਰਹਿੰਦੀਆਂ । ਅਖ਼ੀਰ ਉਹ ਘੜੀ ਵੀ ਆ ਗਈ ਜਦ ਮਾਤਾ ਗੁਜਰੀ ਆਪਣੇ ਨਿੱਕੇ ਲਾਲ ਗੋਬਿੰਦ ਰਾਏ ਨੂੰ ਲੈ ਕੇ ਆਪਣੀ ਸੱਸ ਦੀ ਸੰਗਤ ਵਿਚ ਸ਼ਾਹੀ ਠਾਠ ਨਾਲ ਪਟਨੇ ਤੋਂ ਅਨੰਦਪੁਰ ਪੁੱਜ ਗਈ । ਲੋਕਾਂ ਵਿਚ ਖੁਸ਼ੀ ਦਾ ਹੜ੍ਹ ਆ ਗਿਆ । ਪਿਤਾ ਪੁੱਤਰ ਨੂੰ ਮਿਲਿਆ, ਪਤਨੀ ਨੇ ਚਰਨ-ਬੰਦਨਾ ਕੀਤੀ । ਮਾਂ ਨੇ ਪੁੱਤਰ ਦਾ ਸਿਰ ਪਲੋਸਿਆ, ਸਾਰੇ ਚਿਰੀਂ-ਵਿਛੁੰਨੇ ਮਿਲ ਗਏ । ਅੱਜ ਮਾਤਾ ਗੁਜਰੀ ਕੋਲ ਪਤੀ ਸੀ, ਪੁੱਤਰ ਸੀ, ਪਿਆਰੀ ਸੱਸ ਸੀ, ਸਿੱਖ ਸੇਵਕ ਸਨ, ਰਾਜ-ਭਾਗ ਸੀ । ਗੱਲ ਕੀ, ਜੀਵਨ ਦੇ ਸਾਰੇ ਸੁੱਖ ਸਨ । ਗੁਰੂ-ਘਰ ਵਿਚ ਹਰ ਵੇਲੇ ਸੰਗਤਾਂ ਦੀ ਗਹਿਮਾ-ਗਹਿਮੀ ਰਹਿੰਦੀ । ਸਿੱਖ-ਸੰਗਤਾਂ ਦੂਰੋਂ-ਦੂਰੋਂ ਆਉਂਦੀਆਂ । ਹਰ ਕੋਈ ਆਪੋ ਆਪਣੀ ਮਨੋਕਾਮਨਾ ਅਨੁਸਾਰ ਕੁਝ ਦਿਨ ਠਹਿਰਦਾ । ਗੁਰੂ ਜੀ ਦੇ ਉਪਦੇਸ਼ ਸੁਣਦਾ ਤੇ ਹਿਰਦੇ ਨੂੰ ਠੰਡਿਆਂ-ਠਾਰ ਕਰ ਕੇ ਮੁੜ ਜਾਂਦਾ ।

6

ਵੇਖੋ ਰੱਬ ਦੀ ਕੁਦਰਤ ! ਇਕ ਦਿਨ ਅਚਾਨਕ ਕੁਝ ਪੰਡਤਾਂ ਦਾ ਟੋਲਾ ਗੁਰੂ ਜੀ ਦੀ ਸ਼ਰਨੀਂ ਆਣ ਪਿਆ । ਗੁਰੂ ਤੇਗ ਬਹਾਦਰ ਜੀ ਅਜੇ ਉਨ੍ਹਾਂ ਦਾ ਦੁੱਖ ਸੁਣ ਹੀ ਰਹੇ ਸਨ ਕਿ ਬਾਲ-ਗੁਰੂ ਗੋਬਿੰਦ ਰਾਇ ਜੀ ਵੀ ਆ ਕੇ ਪਿਤਾ ਦੀ ਗੋਦ ਵਿਚ ਬੈਠ ਗਏ ਤੇ ਹੋ ਰਹੀ ਵਾਰਤਾਲਾਪ ਨੂੰ ਚੁੱਪਚਾਪ ਸੁਣਨ ਲੱਗੇ । ਪੰਡਿਤਾਂ ਦੀ ਵਿਥਿਆ ਬੜੀ ਦਰਦਨਾਕ ਸੀ । ਉਨ੍ਹਾਂ ਦੇ ਕਰੁਣਾਮਈ ਸੁਰ ਸੁਣਨ ਵਾਲਿਆਂ ਨੂੰ ਪ੍ਰਭਾਵਿਤ ਕਰ ਰਹੇ ਸੀ । ਪੰਡਿਤਾਂ ਦੀ ਗੱਲ ਸੁਣ ਕੇ ਗੁਰੂ ਤੇਗ ਬਹਾਦਰ ਜੀ ਡੂੰਘੀ ਸੋਚ ਵਿਚ ਪੈ ਗਏ । ਹੁਣ ਬਾਲਕ ਗੁਰੂ ਜੋ ਹੁਣ ਤਕ ਚੁੱਪਚਾਪ ਸੁਣ ਰਹੇ ਸੀ, ਸਹਿਵਨ ਹੀ ਬੋਲ ਪਏ, "ਪਿਤਾ ਜੀ, ਇਨ੍ਹਾਂ ਦੇ ਧਰਮ ਨੂੰ ਕਿਵੇਂ ਬਚਾਇਆ ਜਾ ਸਕਦਾ ਹੈ ?"

"ਕਿਸੇ ਮਹਾਪੁਰਖ ਦਾ ਬਲੀਦਾਨ ਦੇ ਕੇ" ਪਿਤਾ ਨੇ ਧੀਰਜ ਨਾਲ ਕਿਹਾ ।

"ਤਾਂ ਤੁਹਾਡੇ ਨਾਲੋਂ ਵੱਡਾ ਮਹਾਪੁਰਖ ਹੋਰ ਕੌਣ ਏ ?" ਬਾਲ ਗੋਬਿੰਦ ਰਾਇ ਜੀ ਬੋਲੇ ।

ਬਾਲ ਗੋਬਿੰਦ ਰਾਇ ਦੇ ਇਹ ਬਚਨ ਸੁਣ ਕੇ ਗੁਰੂ ਤੇਗ ਬਹਾਦਰ ਜੀ ਦਾ ਚਿਹਰਾ ਟਹਿਕ ਪਿਆ ਤੇ ਕਸ਼ਮੀਰੀ ਪੰਡਿਤਾਂ ਨੂੰ ਸੰਬੋਧਨ ਕਰ ਕੇ ਬੋਲੇ, "ਜਾਓ ਮੁਗ਼ਲਾਂ ਨੂੰ ਕਹੋ ਪਹਿਲੇ ਗੁਰੂ ਤੇਗ ਬਹਾਦਰ ਜੀ ਮੁਸਲਮਾਨ ਬਣਾਓ, ਫਿਰ ਸਾਰੇ ਹਿੰਦੂ ਇਸਲਾਮ ਕਬੂਲ ਕਰ ਲੈਣਗੇ ।"

ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸ਼ਬਦਾਂ ਉਤੇ ਪਹਿਰਾ ਦਿੱਤਾ । ਅਖ਼ੀਰ ਉਹ ਸਮਾਂ ਵੀ ਆ ਗਿਆ ਜਦੋਂ ਗੁਰੂ ਤੇਗ ਬਹਾਦਰ ਜੀ ਦਿੱਲੀ ਜਾ ਕੇ ਬਲੀਦਾਨ ਦੇਣ ਲਈ ਰਵਾਨਾ

ਹੋ ਗਏ । ਹੁਣ ਗੁਰੂ-ਮਹਲਾਂ ਵਿਚ ਮਾਂ-ਪੁੱਤ ਤੇ ਦਾਦੀ ਅੰਮਾ ਨਾਨਕੀ ਜੀ ਹੀ ਸਨ । ਬਾਲ ਗੋਬਿੰਦ ਰਾਇ ਹੀ ਮਾਂ ਤੇ ਦਾਦੀ ਨੂੰ ਧੀਰਜ ਦੇਣ ਵਾਲੇ ਸਨ । ਮਾਤਾ ਨਾਨਕੀ ਤੇ ਮਾਤਾ ਗੁਜਰੀ ਦੇ ਕੰਨ ਗੁਰੂ ਜੀ ਦੀ ਕੰਨਸੋਅ ਸੁਣਨ ਲਈ ਹਰ ਵੇਲੇ ਉਤਾਵਲੇ ਰਹਿੰਦੇ ਸਨ ।

ਅੱਜ ਸਾਰਾ ਆਨੰਦਪੁਰ ਉਦਾਸ ਸੀ । ਸਭ ਦੇ ਮੂੰਹ ਉਤੇ ਗ਼ਮ ਦੇ ਨਿਸ਼ਾਨ ਸਨ । ਏਨੇ ਵਿਚ ਇਕ ਵੱਡੀ ਪਰਾਤ ਜਿਸ ਉਤੇ ਕੀਮਤੀ ਰੁਮਾਲਾ ਲਟਕ ਰਿਹਾ ਸੀ, ਵਿਚ ਗੁਰੂ ਤੇਗ ਬਹਾਦਰ ਜੀ ਦਾ ਸੀਸ ਰੱਖਿਆ ਹੋਇਆ ਸੀ । ਸੰਗਤ ਨੇ ਦਰਸ਼ਨ ਕੀ ਕੀਤਾ ਵੈਰਾਗ ਦਾ ਹੜ੍ਹ ਆ ਗਿਆ । ਮਾਤਾ ਗੁਜਰੀ ਦੇ ਸਰੀਰ ਵਿਚ ਕੰਬਣੀ ਆ ਗਈ । ਕਦੀ ਉਹਨੇ ਸਿਹਰੇ ਬੱਧੇ ਸੀਸ ਦੇ ਦਰਸ਼ਨ ਕੀਤੇ ਸਨ । ਕਦੇ ਸੈਨਿਕ ਸਿਪਾਹੀ ਦੇ ਰੂਪ ਵਿਚ ਵੇਖਿਆ ਸੀ । ਕਦੀ ਸ਼ਾਂਤੀ ਦੇ ਸਿਰਤਾਜ ਨੂੰ ਦੁੱਧ-ਰੰਗੀ ਦਸਤਾਰ ਵਿਚ ਤੱਕਿਆ ਸੀ ਤੇ ਅੱਜ ਉਹ ਸ਼ਹੀਦੀ ਜਾਮੇ ਵਿਚ ਸਾਹਮਣੇ ਸਨ । ਇਹ ਘਟਨਾ ਨਵੰਬਰ ਸੰਨ 1675 ਈਸਵੀ ਦੀ ਹੈ । ਮਾਤਾ ਗੁਜਰੀ ਦੇ ਪਤੀ ਦਿੱਲੀ ਵਿਚ ਸ਼ਹੀਦ ਹੋ ਗਏ । ਉਨ੍ਹਾਂ ਦਾ ਸੀਸ ਜੈਤਾ (ਜੀਵਣ ਸਿੰਘ) ਪੈਦਲ ਦਿੱਲੀ ਤੋਂ ਲੈ ਕੇ ਅਨੰਦਪੁਰ ਸਾਹਿਬ ਆ ਗਿਆ । ਗੁਰੂ ਜੀ ਦਾ ਸਰੀਰ ਕੌਣ ਲੈ ਗਿਆ, ਇਸ ਦੀ ਖ਼ਬਰ ਬਾਅਦ ਵਿਚ ਮਿਲੀ । ਦਿੱਲੀ ਦੇ ਇਕ ਸਿਦਕੀ ਸਿੱਖ ਨੇ ਸਤਿਗੁਰੂ ਦਾ ਪਵਿੱਤਰ ਧੜ ਆਪਣੇ ਗੱਡੇ ਵਿਚ ਰੱਖ ਕੇ ਰਾਏ ਸੀਨਾ ਲੈ ਗਿਆ । ਰਾਏ ਸੀਨਾ ਉਦੋਂ ਇਕ ਛੋਟਾ ਜੇਹਾ ਪਿੰਡ ਹੁੰਦਾ ਸੀ । ਹੁਣ ਇਸ ਜਗ੍ਹਾ ਦਾ ਨਾਮ ਰਕਾਬ ਗੰਜ ਹੈ । ਹਾਕਮਾਂ ਨੂੰ ਪਿੱਛਾ ਕਰਦਾ ਜਾਣ ਕੇ ਉਸ ਸਿੱਖ ਨੇ ਆਪਣੇ ਪੂਰੇ ਘਰ ਨੂੰ ਅੱਗ ਲਾ ਦਿੱਤੀ । ਇਸ ਤਰ੍ਹਾਂ ਉਸ ਦਾ ਆਪਣਾ ਸਾਰਾ ਘਰ ਸੜ ਗਿਆ ਪਰ ਗੁਰੂ ਜੀ ਦੇ ਸਰੀਰ ਨੂੰ ਕਿਸੇ ਅਧਰਮੀ ਦਾ ਹੱਥ ਨਾ ਲੱਗਾ ।

ਮਾਤਾ ਗੁਜਰੀ ਜੀ ਦੀ ਜ਼ਿੰਦਗੀ ਵਿਚ ਇਹ ਤੀਸਰਾ ਝਟਕਾ ਸੀ । ਪਹਿਲਾ ਝਟਕਾ ਉਦੋਂ ਲੱਗਾ ਜਦੋਂ ਉਹ ਆਪਣੇ ਸਹੁਰੇ ਪਰਿਵਾਰ ਨਾਲ ਅੰਮ੍ਰਿਤਸਰ ਨੂੰ ਛੱਡ ਕੇ ਆਏ ਸੀ ਤਾਂ ਸਾਰਾ ਪਰਿਵਾਰ ਨਾਲ ਸੀ । ਪਤੀ ਵੀ ਨਾਲ ਸਨ । ਸੱਸ-ਮਾਤਾ ਨਾਨਕੀ ਵੀ ਸਨ । ਦੂਸਰਾ ਝਟਕਾ ਉਦੋਂ ਲੱਗਾ ਜਦੋਂ ਗੁਰੂ ਹਰਿ ਰਾਇ ਗੁਰੂਗੱਦੀ 'ਤੇ ਬਿਰਾਜਮਾਨ ਹੋ ਗਏ ਤੇ ਮਾਤਾ ਨਾਨਕੀ ਨੇ ਨੂੰਹ-ਪੁੱਤਰ ਨੂੰ ਈਰਖਾਲੂਆਂ ਤੋਂ ਬਚਣ ਲਈ ਕੀਰਤਪੁਰ ਤੋਂ ਬਾਬੇ ਬਕਾਲੇ ਲੈ ਆਂਦਾ । ਬਾਬੇ ਬਕਾਲੇ ਦਾ ਸਮਾਂ ਬੜੀ ਤੰਗੀ ਦਾ ਸੀ । ਅੱਜ ਇਹ ਤੀਸਰਾ ਝਟਕਾ ਲੱਗਾ ਕਿ ਪਤੀ ਦੀ ਅੰਤਿਮ ਵਾਰ ਦਾ ਦਰਸ਼ਨ ਨਿਰੇ ਸੀਸ ਰਾਹੀਂ ਹੋਇਆ, ਧੜ ਦਾ ਪਤਾ ਹੀ ਨਹੀਂ ਸੀ ।

7

ਦਿਨ ਬੀਤਦੇ ਗਏ । ਬਾਲਕ ਸਪੁੱਤਰ ਜਵਾਨ ਹੋ ਗਿਆ । ਹੁਣ ਉਹ ਦਸਮ ਗੁਰੂ ਬਣ ਗਏ । ਘੋੜੇ ਦੀ ਸਵਾਰੀ ਕਰਨ ਲੱਗੇ । ਤੀਰ-ਕਮਾਨ ਚਲਾਉਣ ਵਿਚ ਉਸਤਾਦ ਹੋ ਗਏ । ਕ੍ਰਿਪਾਨ ਤੇ ਖੰਡਾ ਪਹਿਨਣ ਲੱਗ ਪਏ । ਸਿੱਖ-ਸੰਗਤਾਂ ਦੂਰੋਂ-ਦੂਰੋਂ ਦਰਸ਼ਨਾਂ ਨੂੰ ਆਉਣ ਲੱਗ ਪਈਆਂ । ਮਾਤਾ ਜੀ ਪਾਠ-ਸਿਮਰਨ ਵਿਚ ਵਧੇਰੇ ਸਮਾਂ ਬਿਤਾਉਂਦੇ । ਇਕ ਦਿਨ ਲਾਹੌਰ ਤੋਂ ਇਕ ਸਿੱਖ ਜਿਸ ਦਾ ਨਾਮ ਰਾਮ ਸਰਨ ਸੀ, ਉਹ ਆਇਆ । ਉਸ ਨੇ ਆ ਕੇ ਆਪਣੀ ਬੱਚੀ ਸੁੰਦਰੀ ਦੇ ਸਾਕ ਦੀ ਗੱਲ ਮਾਤਾ ਜੀ ਨੂੰ ਕਹੀ । ਮਾਤਾ ਗੁਜਰੀ ਜੀ

ਨੇ ਆਪਣੇ ਵੀਰ ਭਾਈ ਕ੍ਰਿਪਾਲ ਨਾਲ ਸਲਾਹ ਕਰ ਕੇ ਪ੍ਰਵਾਨਗੀ ਦੇ ਦਿੱਤੀ। ਦਸਮ ਗੁਰੂ ਦੀ ਸ਼ਾਦੀ ਧੂਮ-ਧਾਮ ਨਾਲ ਹੋਈ। ਸ਼ਹਿਨਾਈਆਂ ਵੱਜੀਆਂ। ਢੋਲ-ਢਮਾਕੇ ਵੱਜੇ। ਬਰਾਤ ਦਾ ਸ਼ਾਹੀ ਠਾਠ-ਬਾਠ ਨਾਲ ਜਲੂਸ ਕੱਢਿਆ ਗਿਆ। ਮਾਤਾ ਗੁਜਰੀ ਨੇ ਪੁੱਤਰ ਦੇ ਸਾਰੇ ਸ਼ਗਨ ਕੀਤੇ। ਅੱਜ ਉਹ ਮਾਂ ਤੋਂ ਸੱਸ ਬਣ ਗਈ ਸੀ। ਮਹਲਾਂ ਵਿਚ ਰੌਣਕ ਹੀ ਰੌਣਕ ਸੀ। ਸਮਾਂ ਬੀਤਦਿਆਂ ਪਤਾ ਨਹੀਂ ਲੱਗਦਾ। ਗੁਰੂ ਗੋਬਿੰਦ ਦੀ ਦੂਸਰੀ ਸ਼ਾਦੀ ਮਾਤਾ ਜੀਤੋ ਜੀ ਨਾਲ ਹੋਈ। ਦੋਹਾਂ ਨੂੰਹਾਂ ਦੀ ਕੁੱਖ ਤੋਂ ਚਾਰ ਸਾਹਿਬਜ਼ਾਦਿਆਂ ਨੇ ਜਨਮ ਲਿਆ। ਮਾਤਾ ਗੁਜਰੀ ਦੇ ਪੋਤਰਿਆਂ ਦਾ ਆਪਣੀ ਦਾਦੀ ਅੰਮੀ ਨਾਲ ਬਹੁਤ ਪਿਆਰ ਸੀ। ਮਾਤਾ ਗੁਜਰੀ ਜੀ ਅਤੀਤ ਨੂੰ ਭੁੱਲ ਕੇ ਵਰਤਮਾਨ ਵਿਚ ਸ਼ੁਕਰ ਮਨਾਉਂਦੇ ਸਨ। ਪਰ ਹੋਣੀ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਪਹਾੜੀ ਰਾਜਿਆਂ ਨਾਲ ਇਤਨਾ ਵਿਰੋਧ ਵਧ ਗਿਆ ਕਿ ਉਨ੍ਹਾਂ ਨੂੰ ਅਨੰਦਪੁਰ ਛੱਡਣਾ ਪਿਆ। ਮਾਤਾ ਜੀ ਦੀ ਜ਼ਿੰਦਗੀ ਵਿਚ ਇਹ ਚੌਥਾ ਝਟਕਾ ਸੀ।

ਪੋਹ ਦੇ ਮਹੀਨੇ, ਕਾਲੀ-ਬੋਲੀ ਰਾਤ, ਅੰਤਾਂ ਦੀ ਸੀਤ ਗੁਰੂ-ਪਰਿਵਾਰ ਤੇ ਸਿੱਖ-ਸੰਗਤ ਕਾਫ਼ਲੇ ਦੀ ਸ਼ਕਲ ਵਿਚ ਅਨੰਦਪੁਰ ਨੂੰ ਛੱਡ ਕੇ ਜਾ ਰਹੀ ਸੀ। ਪਤਾ ਨਹੀਂ ਕਿਥੇ ? ਕਾਫ਼ਲਾ ਹਨੇਰੇ ਵਿਚ ਚੁੱਪਚਾਪ ਤੁਰ ਰਿਹਾ ਸੀ। ਅਜੇ ਸਰਸਾ ਨਦੀ ਮੀਲ ਕੁ ਦੂਰ ਹੀ ਸੀ ਦੁਸ਼ਮਣ ਨੇ ਪਿੱਛੋਂ ਦੀ ਹਮਲਾ ਕਰ ਦਿੱਤਾ। ਹਵਾ ਤੇਜ਼ ਹੋ ਗਈ। ਹਵਾ ਦੇ ਨਾਲ ਹੀ ਬਾਰਸ਼ ਆ ਗਈ। ਕਾਫ਼ਲੇ ਵਿਚ ਗੜਬੜ ਮੱਚ ਗਈ। ਸਤਿਗੁਰੂ ਨੇ ਹੁਕਮ ਦਿੱਤਾ, "ਸਰਸਾ ਪਾਰ ਕਰੋ।" ਬਸ ਫਿਰ ਕੀ ਸੀ ? ਲੋਕ ਸਰਸਾ ਨਦੀ ਪਾਰ ਕਰਨ ਲੱਗੇ। ਇੱਧਰ ਸਰਸਾ ਨਦੀ ਵਿਚ ਹੜ੍ਹ ਆਇਆ ਹੋਇਆ ਸੀ। ਕੁਝ ਲੋਕ ਨਦੀ ਵਿਚ ਰੁੜ੍ਹ ਗਏ, ਕੁਝ ਪਾਰ ਕਰ ਗਏ। ਸਭ ਆਪੋ-ਆਪਣੀ ਰਾਹ ਭੱਜ ਉਠੇ। ਇਸੇ ਭੱਜ-ਦੌੜ ਵਿਚ ਮਾਤਾ ਗੁਜਰੀ ਦੋ ਛੋਟੇ ਸਾਹਿਬਜ਼ਾਦਿਆਂ ਸਮੇਤ ਕਾਫ਼ਲੇ ਤੋਂ ਵਿੱਛੜ ਗਏ। ਇਸੇ ਸਮੇਂ ਮਾਤਾ ਜੀ ਦਾ ਰਸੋਈਆ ਗੰਗੂ ਇਨ੍ਹਾਂ ਨੂੰ ਆਪਣੇ ਘਰ ਲੈ ਗਿਆ। ਇਸ ਵੇਲੇ ਮਾਤਾ ਜੀ ਕੋਲ ਸਾਰੇ ਘਰ ਦਾ ਕੀਮਤੀ ਸਾਮਾਨ, ਸੋਨਾ ਤੇ ਮੋਹਰਾਂ ਆਦਿ ਸਨ। ਗੰਗੂ ਨੇ ਪਹਿਲਾਂ ਤਾਂ ਮੋਹਰਾਂ ਚੁਰਾ ਲਈਆਂ। ਫਿਰ ਆਪ ਹੀ ਸੂਬੇਦਾਰ ਨੂੰ ਜਾ ਕੇ ਖ਼ਬਰ ਦੇ ਦਿੱਤੀ। ਅਜੇ ਦਿਨ ਵੀ ਨਹੀਂ ਸੀ ਚੜ੍ਹਿਆ ਕਿ ਦੋ ਪਠਾਣ ਸਾਹਿਬਜ਼ਾਦਿਆਂ ਨੂੰ ਫੜਨ ਲਈ ਆ ਗਏ। ਹੌਲੀ-ਹੌਲੀ ਗੱਲ ਸਾਰੇ ਖੇੜੀ ਪਿੰਡ ਵਿਚ ਫੈਲ ਗਈ। ਇਕ ਗੱਡਾ ਤਿਆਰ ਕੀਤਾ ਗਿਆ। ਉਸ ਵਿਚ ਮਾਤਾ ਗੁਜਰੀ ਦੋਹਾਂ ਪੋਤਰਿਆਂ ਸਮੇਤ ਬੈਠ ਗਈ। ਰਾਜ-ਭਾਗ ਦੀ ਮਾਤਾ ਅੱਜ ਇਕੱਲੀ ਦੋ ਪੋਤਰਿਆਂ ਨੂੰ ਲੈ ਕੇ ਖੇੜੀ ਤੋਂ ਮੁਰਿੰਡੇ ਜਾ ਰਹੀ ਸੀ। ਕੋਈ ਨਵਾਂ ਸਿਤਮ ਸਹਿਣ।

ਸਿਆਣੀ ਮਾਤਾ ਜਾਣਦੀ ਸੀ ਕਿ ਅੱਜ ਉਹ ਬੇਦਰਦ ਹਾਕਮਾਂ ਵੱਲ ਜਾ ਰਹੇ ਸਨ। ਛੋਟੇ ਸਾਹਿਬਜ਼ਾਦੇ ਸ਼ਾਇਦ ਹੀ ਵਾਪਸ ਮੁੜਨਗੇ। ਸੋ ਵਕਤ ਨੂੰ ਵਿਚਾਰ ਕੇ ਦਾਦੀ ਅੰਮਾ ਛੋਟੇ ਬਾਲਾਂ ਨੂੰ ਸਿੱਖਿਆ ਦੇਣ ਲੱਗੀ। "ਜਦੋਂ ਤੁਹਾਨੂੰ ਕਿਸੇ ਹਾਕਮ ਦੇ ਪੇਸ਼ ਕੀਤਾ ਗਿਆ, ਗੱਜ ਕੇ ਫਤਹਿ ਬੁਲਾਉਣੀ : ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।" "ਅੱਛਾ ਮਾਤਾ ਜੀ !" ਦੋਹਾਂ ਲਾਲਾਂ ਨੇ ਕਿਹਾ। "ਧਰਮ ਪਿਆਰਾ ਕਰਨਾ।" ਦੋਹਾਂ ਲਾਲਾਂ ਨੇ ਆਖਿਆ, "ਧਰਮ ਪਿਆਰਾ ਹੈ।" "ਲਾਲਚ ਵਿਚ ਨਾ ਆਉਣਾ।" "ਨਹੀਂ ਆਉਂਦੇ" ਉਨ੍ਹਾਂ ਕਿਹਾ। ਗੱਲਾਂ ਕਰਦਿਆਂ ਤੇ ਸਿੱਖਿਆ ਦੇਂਦਿਆਂ ਪੰਧ ਮੁੱਕ ਗਿਆ। "ਮੌਤ ਤੋਂ ਨਹੀਂ

ਡਰਨਾ" ਮਾਤਾ ਜੀ ਨੇ ਕਿਹਾ। "ਨਹੀਂ ਡਰਦੇ" ਉਨ੍ਹਾਂ ਮਾਸੂਮਾਂ ਨੇ ਉੱਤਰ ਦਿੱਤਾ।

ਇਹ ਭਿਆਨਕ ਦਿਨ 13 ਪੋਹ ਸੰਮਤ 1761 ਦਾ ਸੀ। ਪਲਾਂ ਵਿਚ ਹੀ ਕਚਹਿਰੀ ਲੱਗ ਗਈ। ਦੋਵੇਂ ਛੋਟੇ ਬੱਚੇ ਵਜ਼ੀਦ ਖਾਂ ਦੇ ਸਾਹਮਣੇ ਲਿਆਂਦੇ ਗਏ। ਉਨ੍ਹਾਂ ਨੇ ਗੱਜ ਕੇ ਫਤਹਿ ਬੁਲਾਈ। ਕਾਜ਼ੀ ਨੇ ਪੁੱਛਿਆ, "ਮੁਸਲਮਾਨ ਬਣਨ ਨੂੰ ਤਿਆਰ ਹੋ?" "ਨਹੀਂ, ਅਸੀਂ ਗੁਰੂ ਨਾਨਕ ਦੇ ਸਿੱਖ ਹਾਂ। ਗੁਰੂ ਗੋਬਿੰਦ ਸਿੰਘ ਦੇ ਪੁੱਤਰ ਹਾਂ" ਬਾਬਾ ਜ਼ੋਰਾਵਰ ਸਿੰਘ ਨੇ ਕਿਹਾ। ਉਸੇ ਵੇਲੇ ਰਾਜ ਮਿਸਤਰੀ ਸੱਦੇ ਗਏ। ਦੀਵਾਰ ਦੀ ਨੀਂਹ ਰੱਖੀ ਗਈ। ਦੋਹਾਂ ਮਾਸੂਮ ਬੱਚਿਆਂ ਨੂੰ ਵਿਚ ਖਲ੍ਹਾਰ ਕੇ ਆਸੇ-ਪਾਸੇ ਦੀਵਾਰ ਬਣਾ ਦਿੱਤੀ ਗਈ। ਦੀਵਾਰ ਅਜੇ ਇੱਕ ਤਕ ਹੀ ਪੁੱਜੀ ਸੀ ਕਿ ਨਿਰਭੈ ਆਤਮਾਵਾਂ ਸਰੀਰ ਨੂੰ ਤਿਆਗ ਗਈਆਂ ਤੇ ਕੰਧ ਆਪ ਹੀ ਪਾਟ ਗਈ।

ਮਾਤਾ ਗੁਜਰੀ ਜੀ ਇਹ ਸਾਰਾ ਨਜ਼ਾਰਾ ਬੁਰਜ ਦੇ ਉਤੋਂ ਦੀ ਵੇਖ ਰਹੇ ਸਨ। ਉਨ੍ਹਾਂ ਵੀ ਸਰੀਰ ਤਿਆਗ ਦਿੱਤਾ ਤੇ ਮਾਸੂਮ ਜਿੰਦਾਂ ਦੇ ਨਾਲ ਰਲ ਗਏ। ਇਸ ਦਿਲ-ਕੰਬਾਊ ਸਾਕੇ ਨੇ ਮੁਗਲ-ਰਾਜ ਦੀਆਂ ਜੜ੍ਹਾਂ ਉਖੇੜ ਦਿੱਤੀਆਂ।

ਮਾਤਾ ਗੁਜਰੀ ਜੀ ਨੇ ਹੱਦ ਤੋਂ ਵਧ ਰਾਜ ਭੋਗਿਆ ਤੇ ਦਿਲ ਕੰਬਾ ਦੇਣ ਵਾਲਾ ਦੁੱਖ ਵੀ ਜਰਿਆ। ਇਨ੍ਹਾਂ ਦਾ ਸਾਰਾ ਜੀਵਨ ਦੁੱਖ-ਸੁਖ ਨਾਲ ਭਰਪੂਰ ਸੀ। ਆਪ ਗੁਰੂ-ਪਤਨੀ ਵੀ ਸਨ ਤੇ ਗੁਰੂ-ਮਾਤਾ ਵੀ। ਜੀਵਨ ਦੇ ਅੰਤਿਮ ਸਾਲ ਬਹੁਤ ਹੀ ਸੰਘਰਸ਼ਮਈ ਸਨ। ਮਾਤਾ ਜੀ ਨੇਕ, ਸੁਸ਼ੀਲ, ਠਰ੍ਹੰਮਾ, ਸਿਆਣਪ ਤੇ ਦੂਰ ਦੀ ਸੋਝੀ ਰੱਖਣ ਵਾਲੇ ਸਨ। ਸਰਸਾ ਨਦੀ ਤੋਂ ਵਿੱਛੜਦਿਆਂ ਹੀ ਹੋਣੀ ਨੂੰ ਤਾੜ ਗਏ ਸਨ। ਇਸੇ ਕਰ ਕੇ ਛੋਟੇ ਬਾਲਾਂ ਨੂੰ ਧਰਮ ਵਿਚ ਪੱਕਾ ਰਹਿਣ ਦਾ ਉਪਦੇਸ਼ ਦ੍ਰਿੜ੍ਹ ਕਰਵਾਉਂਦੇ ਰਹੇ। ਧਰਮ-ਮੂਰਤਿ ਮਾਤਾ ਜੀ ਦਾ ਅੰਤਿਮ ਸਥਾਨ ਸਰਹੰਦ ਵਿਚ ਗੁਰਦੁਆਰਾ ਜੋਤੀ ਸਾਹਿਬ ਹੈ। ਮਾਤਾ ਜੀ ਵਿਚ ਦਲੇਰੀ ਤੇ ਹੌਸਲਾ ਲਾਜਵਾਬ ਸੀ।

ਮਾਤਾ ਸੁੰਦਰੀ ਜੀ

ਮਾਤਾ ਸੁੰਦਰੀ ਜੀ ਨੂੰ ਸਿੱਖ ਜਗਤ ਗੁਰੂ ਗੋਬਿੰਦ ਸਿੰਘ ਜੀ ਦੀ ਧਰਮ ਪਤਨੀ ਕਰ ਕੇ ਜਾਣਦਾ ਹੈ। ਪਰ ਬਹੁਤ ਘੱਟ ਸੰਗਤ ਨੂੰ ਇਹ ਪਤਾ ਹੈ ਕਿ ਮਾਤਾ ਸੁੰਦਰੀ ਜੀ ਨੇ ਅਨੇਕਾਂ ਕਾਰਜ ਏਹੋ ਜੇਹੇ ਵੀ ਕੀਤੇ ਜਿਨ੍ਹਾਂ ਕਰ ਕੇ ਅੱਜ ਸਿੱਖ ਪੰਥ ਮਾਣ ਨਾਲ ਸਿਰ ਉੱਚਾ ਚੁੱਕ ਕੇ ਤੁਰਦਾ ਹੈ, ਮਿਸਾਲ ਵਜੋਂ :

1. ਪਾਲਿਤ ਪੁੱਤਰ ਅਜੀਤ ਸਿੰਘ ਨੂੰ ਸਿੱਖੀ ਮਰਿਆਦਾ ਭੰਗ ਕਰਨ ਲਈ ਸਜ਼ਾ ਦੇਣੀ।
2. ਭਾਈ ਮਨੀ ਸਿੰਘ ਨੂੰ ਗ੍ਰੰਥੀ ਬਣਾ ਕੇ ਹਰਿਮੰਦਰ ਸਾਹਿਬ ਭੇਜਣਾ।
3. ਅੰਮ੍ਰਿਤਸਰ ਵਿਚ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਦੀ ਟਕਸਾਲ ਖੁਲ੍ਹਵਾਣੀ।
4. ਤੱਤ ਖਾਲਸਾ ਤੇ ਬੰਦਈ ਖਾਲਸਾ ਨੂੰ ਆਪਸੀ ਖ਼ੂੰਰੇਜ਼ੀ ਤੋਂ ਬਚਾਉਣਾ।
5. ਦਸਮ ਗ੍ਰੰਥ ਦੀ ਸੰਪਾਦਨਾ ਆਪਣੀ ਦੇਖ-ਰੇਖ ਹੇਠ ਕਰਾਉਣੀ।
6. ਸਮੇਂ-ਸਮੇਂ ਸਮਾਜਿਕ ਤੌਰ ਤੇ ਅਗਵਾਈ ਕਰਨੀ।
7. ਗੁਰੂ-ਘਰ ਦੀ ਮਰਿਆਦਾ ਅਥਵਾ ਲੰਗਰ ਦੀ ਰਸਮ ਨੂੰ ਬਰਕਰਾਰ ਰੱਖਣ ਲਈ ਸਿੱਖ-ਸੰਗਤ ਨੂੰ ਹੁਕਮਨਾਮੇ ਲਿਖਣੇ।

ਉੱਪਰ ਸੰਕੇਤਕ ਕਾਰਜਾਂ ਨੂੰ ਕ੍ਰਮਵਾਰ ਵਿਚਾਰਣਾ ਉਚਿਤ ਪ੍ਰਤੀਤ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਸਾਰੇ ਗੁਰੂ-ਮਹਿਲਾਂ ਵਿਚੋਂ ਮਾਤਾ ਸੁੰਦਰੀ ਜੀ ਨੇ ਸਭ ਤੋਂ ਵੱਧ ਮਹੱਤਵਪੂਰਣ ਰੋਲ ਅਦਾ ਕੀਤਾ।

ਮਾਤਾ ਜੀ ਆਪਣੇ 80 ਵਰ੍ਹਿਆਂ ਵਿਚੋਂ ਲਗਭਗ 39-40 ਵਰ੍ਹੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਤਕ ਜੀਵਿਤ ਰਹੇ। ਮਾਤਾ ਜੀ ਦਾ ਪ੍ਰਲੋਕ ਗਮਨ ਸੰਨ 1747 ਈਸਵੀ ਵਿਚ ਹੋਇਆ ਤੇ ਗੁਰੂ ਗੋਬਿੰਦ ਸਿੰਘ ਜੀ ਸੰਨ 1708 ਈਸਵੀ ਵਿਚ ਜੋਤੀ-ਜੋਤਿ ਸਮਾਏ। ਸਾਰੇ ਗੁਰੂ-ਮਹਿਲਾਂ ਵਿਚੋਂ ਮਾਤਾ ਸੁੰਦਰੀ ਜੀ ਹੀ ਵਧੇਰੇ ਉੱਘੀ ਹਸਤੀ ਹਨ ਬਲਕਿ ਜੇ ਇਹ ਕਿਹਾ ਜਾਏ ਕਿ ਗੁਰੂ-ਮਹਿਲਾਂ ਵਿਚੋਂ ਮਾਤਾ ਸੁੰਦਰੀ ਜੀ ਹੀ ਇਕੋ-ਇਕ ਅਜਿਹੀ ਉੱਚ ਹਸਤੀ ਹਨ ਜਿਨ੍ਹਾਂ ਨੇ ਦਸ ਗੁਰੂ ਸਾਹਿਬਾਨ ਤੋਂ ਬਾਅਦ ਲੰਮਾ ਅਰਸਾ ਖਾਲਸਾ ਪੰਥ ਦੀ ਅਗਵਾਈ ਕੀਤੀ ਤਾਂ ਅਯੋਗ ਨਹੀਂ ਹੋਵੇਗਾ। ਮਾਤਾ ਸੁੰਦਰੀ ਜੀ ਨੇ ਖਾਲਸਾ ਪੰਥ ਦੀ ਰਹਿਨੁਮਾਈ ਕੀਤੀ। ਮਾਤਾ ਜੀ ਨੇ ਕੌਮੀ ਜਥੇਬੰਦੀ ਨਿੱਗਰ ਕਰਨ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ। ਤੱਤ ਖਾਲਸਾ ਅਤੇ ਬੰਦਈ ਖਾਲਸਾ ਦੀ ਅਗਵਾਈ ਇਸ ਤੱਥ ਦਾ ਨਿੱਗਰ ਪ੍ਰਮਾਣ ਹੈ। ਇਸ ਤੋਂ ਛੁੱਟ ਛੋਟੇ-ਮੋਟੇ ਸਥਾਨਕ ਝਗੜਿਆਂ ਦੀ ਸੁਲਹ-ਸਫਾਈ ਮਾਤਾ ਜੀ ਆਪ ਵਿਚ ਪੈ ਕੇ ਕਰਵਾਉਂਦੇ ਰਹੇ। ਜਿਥੇ ਉਹ ਆਪ ਨਹੀਂ ਸੀ ਪਹੁੰਚ ਸਕਦੇ ਉਥੇ ਕਿਸੇ ਸਥਾਨਕ ਭਰੋਸੇਯੋਗ ਸਿੱਖ ਨੂੰ ਅਜਿਹਾ ਨਿਪਟਾਰਾ ਕਰਨ ਲਈ ਹੁਕਮ ਕਰ ਦਿੱਤਾ ਜਾਂਦਾ। ਇਹ ਤੱਥ ਉਨ੍ਹਾਂ ਦੇ ਹੁਕਮਨਾਮਿਆਂ ਤੋਂ ਸਪੱਸ਼ਟ ਹੋ ਜਾਂਦਾ ਹੈ।

ਮਾਤਾ ਜੀ ਆਪਣੇ ਗੁਰੂ-ਪਤੀ ਦੁਆਰਾ ਚਲਾਈ ਗਈ ਸਿੱਖੀ ਰਹਿਤ-ਮਰਿਆਦਾ ਅਤੇ ਸਿੱਖੀ ਸਿਦਕ ਦੀ ਉਲੰਘਣਾ ਕਰਨ ਲਈ, ਕਿਸੇ ਨੂੰ ਮੁਆਫ਼ ਨਾ ਕੀਤਾ ਚਾਹੇ ਉਹ ਆਪਣੇ ਹੱਥੀਂ ਪਾਲਿਆ ਪੁੱਤਰ ਹੀ ਕਿਉਂ ਨਾ ਹੋਵੇ। ਮਾਤਾ ਜੀ ਕਰਮ ਦੇ ਪੂਰੇ ਤੇ ਬਚਨ ਦੇ ਸੂਰੇ ਹੀ ਨਹੀਂ ਮਹਾਂਸੂਰੇ ਸਨ। ਔਰਤ-ਦਿਲ ਅਤੇ ਫਿਰ ਮਾਂ-ਦਿਲ ਬਹੁਤ ਹੀ ਕੋਮਲ ਹੁੰਦਾ ਹੈ। ਪਾਲਿਤ ਪੁੱਤਰ ਅਜੀਤ ਸਿੰਘ ਨੇ ਜਦੋਂ ਹਕੂਮਤ ਤੋਂ ਡਰ ਕੇ ਕੇਸ ਕਤਲ ਕਰਵਾ ਦਿੱਤੇ ਤਾਂ ਮਾਤਾ ਜੀ ਨੇ ਕੋਮਲਤਾ ਨੂੰ ਨੇੜੇ ਨਹੀਂ ਆਉਣ ਦਿੱਤਾ। ਸਗੋਂ ਉਸ ਨੂੰ ਸਾਰੀ ਉਮਰ ਲਈ ਦਰਸ਼ਨਾਂ ਤੋਂ ਵਾਂਝਿਆਂ ਕਰ ਦਿੱਤਾ। ਹੋ ਸਕਦਾ ਹੈ, ਅਜੀਤ ਸਿੰਘ ਕਦੀ ਆ ਕੇ ਆਪਣੀ ਭੁੱਲ ਬਖਸ਼ਾਉਣ ਦੀ ਗੱਲ ਸੋਚਦਾ ਹੋਵੇ, ਪਰ ਮਾਤਾ ਜੀ ਨੇ ਇਸ ਬੱਜਰ ਗੁਨਾਹ ਲਈ ਉਸ ਨੂੰ ਕੋਈ ਗੱਲ ਕਹਿਣ ਦਾ ਮੌਕਾ ਹੀ ਨਹੀਂ ਦਿੱਤਾ। ਸਿੱਖੀ ਤਾਂ ਮਾਤਾ ਜੀ ਦੀ ਜਿੰਦਜਾਨ ਸੀ। ਫਿਰ ਇਕ ਦਿਨ ਜਦ ਅਜੀਤ ਸਿੰਘ ਭੁੱਖ ਦਾ ਮਾਰਿਆ ਦਰ 'ਤੇ ਆ ਗਿਆ ਤਾਂ ਦਿਆਲੂ ਮਾਂ ਨੇ ਰੋਜ਼ਾਨਾ ਖ਼ਰਚ ਦੇਣਾ ਤਾਂ ਪ੍ਰਵਾਨ ਕਰ ਲਿਆ ਪਰ ਬਚਨ ਦੇ ਸੂਰੇ ਮਾਤਾ ਜੀ ਨੇ ਮੱਥੇ ਫਿਰ ਵੀ ਨਾ ਲਾਇਆ। ਇਹ ਘਟਨਾ ਮਾਤਾ ਜੀ ਦੇ ਚਰਿੱਤਰ ਦੇ ਦੋ ਗੁਣਾਂ ਵੱਲ ਸੰਕੇਤ ਕਰਦੀ ਹੈ। ਮਾਤਾ ਜੀ ਦਾ ਨਿਆਂਕਾਰੀ ਸੁਭਾਅ ਅਧਰਮੀ ਪੁੱਤਰ ਨੂੰ ਮੁਆਫ਼ ਨਹੀਂ ਸੀ ਕਰ ਸਕਿਆ। ਦਿੱਲੀ ਦੇ ਬਾਦਸ਼ਾਹ ਨੇ ਜਦੋਂ ਮਾਤਾ ਸੁੰਦਰੀ ਜੀ ਨੂੰ ਅਜੀਤ ਸਿੰਘ ਦੇ ਆਦਮੀਆਂ ਦੇ ਹੱਥੋਂ ਬੇਨਵਾਂ ਫ਼ਕੀਰ ਨੂੰ ਮਾਰਨ ਦੀ ਸੂਚਨਾ ਦਿੱਤੀ ਤੇ ਨਾਲ ਹੀ ਕਿਹਾ ਕਿ ਅਜੀਤ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਦੇ ਕਤਲ ਦਾ ਬਦਲਾ ਚੁਕਾ ਦਿੱਤਾ ਹੈ ਤੇ ਹੁਣ ਹਕੂਮਤ ਦੇ ਇਸ ਗੁਨਾਹ ਨੂੰ ਮੁਆਫ਼ ਕਰ ਦਿੱਤਾ ਜਾਵੇ ਤਾਂ ਅਣਖੀਲੀ ਮਾਂ ਨੇ ਪਾਲਿਤ ਪੁੱਤਰ ਦੀ ਰਿਆਇਤ ਨਹੀਂ ਕੀਤੀ। ਜੇ ਚਾਹੁੰਦੇ ਤਾਂ ਉਹ ਅਜੀਤ ਸਿੰਘ

ਨੂੰ ਬਚਾ ਸਕਦੇ ਸੀ । ਪਰ ਸੂਝਵਾਨ ਮਾਂ ਇਸ ਗੱਲ ਦੇ ਭੈੜੇ ਪ੍ਰਭਾਵ ਤੋਂ ਪਹਿਲਾਂ ਹੀ ਸੁਚੇਤ ਸੀ ।

ਅਸਲ ਵਿਚ ਅਜੀਤ ਸਿੰਘ ਦੇ ਕੇਸ ਕਤਲ ਕਰਨ ਵਾਲੀ ਘਟਨਾ ਸਿੱਖਾਂ ਦੀ ਧਾਰਮਿਕ ਅਤੇ ਸਮਾਜਿਕ ਜਥੇਬੰਦੀ ਨੂੰ ਕਮਜ਼ੋਰ ਕਰਦੀ ਸੀ । ਇਸ ਤਰ੍ਹਾਂ ਤਾਂ ਕਈ ਸਿੱਖ ਹਕੂਮਤ ਤੋਂ ਡਰਦਿਆਂ ਸਿੱਖੀ ਨੂੰ ਲਾਜ ਲਾ ਲੈਂਦੇ । ਮਾਤਾ ਸੁੰਦਰੀ ਜੀ ਨੇ ਪਾਲਿਤ ਪੁੱਤਰ ਦੇ ਸਾਹਵਾਂ ਸਾਹਵੇਂ ਆਪਣੇ ਸਿੱਖ-ਪੁੱਤਰਾਂ ਨੂੰ ਤਰਜੀਹ ਦਿੱਤੀ । ਉਹ ਪੁੱਤ, ਜਿਨ੍ਹਾਂ ਤੋਂ ਉਨ੍ਹਾਂ ਦੇ ਪੂਜਨੀਕ ਪਤੀ ਨੇ ਆਪਣੇ ਚਾਰ ਲਾਲ ਵਾਰ ਦਿੱਤੇ ਸਨ । ਧਰਮ ਪਿਆਰੀ ਮਾਤਾ ਨੇ ਧਰਮ ਤੋਂ ਹਾਰੇ ਹੋਏ ਪੁੱਤਰ ਨੂੰ ਕੁਮੌਤੇ ਮਰਦਿਆਂ ਤਾਂ ਸਹਿ ਲਿਆ ਪਰ ਸਿੱਖੀ ਰਹਿਤ ਮਰਿਆਦਾ ਨੂੰ ਆਂਚ ਨਾ ਲੱਗਣ ਦਿੱਤੀ । ਅਜੀਤ ਸਿੰਘ ਦੀ ਘਟਨਾ ਨੇ ਮਾਤਾ ਜੀ ਦੇ ਚਰਿੱਤਰ ਦੇ ਇਕ ਹੋਰ ਪੱਖ ਨੂੰ ਵੀ ਉਜਾਗਰ ਕੀਤਾ ਹੈ । ਉਹ ਹੈ, ਸ਼ਰਣ ਆਏ ਦੀ ਲਾਜ ਰੱਖਣਾ । ਭੁੱਖੇ ਮਰਦੇ ਅਜੀਤ ਸਿੰਘ ਨੂੰ ਰੋਟੀ ਤਾਂ ਦਿੱਤੀ ਜਾ ਸਕਦੀ ਸੀ ਪਰ ਦਰਸ਼ਨ ਨਹੀਂ । ਸਪੱਸ਼ਟ ਹੈ, ਮਾਤਾ ਜੀ ਆਪਣੇ ਬਚਨਾਂ 'ਤੇ ਪਹਿਰਾ ਦੇਣ ਵਾਲੇ ਸਨ । ਇਹੋ ਗੁਣ ਮਾਤਾ ਜੀ ਨੂੰ ਆਮ ਸਾਧਾਰਣ ਔਰਤ ਨਾਲੋਂ ਨਿਖੇੜਦਾ ਵੀ ਹੈ । ਸਾਧਾਰਣ ਮਾਂ ਆਪਣੀ ਮਮਤਾ ਲਈ ਯੋਗ ਅਯੋਗ ਸਭ ਕੁਝ ਕਰ ਗੁਜ਼ਰਦੀ ਹੈ ਪਰ ਮਾਤਾ ਸੁੰਦਰੀ ਜੀ ਆਪਣੀ ਮਮਤਾ ਦਾ ਗਲਾ ਘੁੱਟ ਸਕਦੇ ਸਨ, ਧਰਮ ਦਾ ਨਹੀਂ । ਅਜੀਤ ਸਿੰਘ ਦੀ ਕਸ਼ਟਮਈ ਮੌਤ ਨੇ ਸਮਕਾਲੀ ਸਿੱਖਾਂ ਉਤੇ ਸਿਹਤਮੰਦ ਪ੍ਰਭਾਵ ਪਾਇਆ । ਧਰਮ ਹਾਰਨ ਦਾ ਅਰਥ ਸੀ—ਬੇਮੌਤ ਕੁੱਤੇ ਦੀ ਮੌਤ ਮਰਨਾ ।

ਬਾਦਸ਼ਾਹ ਦਾ ਬੇਨਵਾ ਫ਼ਕੀਰ ਦੀ ਮੌਤ ਬਾਰੇ ਦੱਸ ਕੇ ਗੁਰੂ ਤੇਗ ਬਹਾਦਰ ਜੀ ਦੇ ਕਤਲ ਦੀ ਮੁਆਫ਼ੀ ਮੰਗਣਾ ਇਕ ਹੋਰ ਤੱਥ ਸਾਡੇ ਸਾਹਮਣੇ ਲਿਆਉਂਦਾ ਹੈ । ਉਸ ਸਮੇਂ ਹਕੂਮਤ ਮਾਤਾ ਜੀ ਦਾ ਚੰਗਾ ਅਦਬ ਸਤਿਕਾਰ ਕਰਦੀ ਸੀ । ਹਕੂਮਤ ਮਾਤਾ ਜੀ ਨੂੰ ਇਕ ਜ਼ਿੰਮੇਵਾਰ ਹਸਤੀ ਮੰਨਦੀ ਸੀ । ਇਸੇ ਲਈ ਤਾਂ ਖਿਮਾ-ਯਾਚਨਾ ਕੀਤੀ ਗਈ । ਨਿਰਭੈ ਨਿਧੜਕ ਮਾਤਾ ਸੁੰਦਰੀ ਜੀ ਦੇ ਉੱਤਰ ਨੇ ਹਕੂਮਤ ਦੇ ਕੰਨ ਖੋਲ੍ਹ ਦਿੱਤੇ ਤੇ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ 'ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨ' ਦੀ ਪੰਕਤੀ ਉਚਾਰਣ ਵਾਲੇ ਗੁਰੂ ਤੇਗ ਬਹਾਦਰ ਜੀ ਦੀ ਦਲੇਰ ਨੂੰਹ ਆਪਣੀ ਸਿੱਖੀ ਆਨ-ਸ਼ਾਨ ਨਾਲ ਜੀਵੇਗੀ । ਇਥੇ ਹੀ ਇਕ ਹੋਰ ਤੱਥ ਧਿਆਨਯੋਗ ਹੈ । ਗੁਰੂ ਤੇਗ ਬਹਾਦਰ ਜੀ ਦੇ ਅੰਤਿਮ ਸਥਾਨ ਗੁਰਦੁਆਰਾ ਰਕਾਬਗੰਜ ਦੀ ਇਮਾਰਤ ਮਾਤਾ ਜੀ ਦੇ ਪਤੀ ਨੇ ਆਪਣੇ ਹੱਥੀਂ ਬਣਵਾਈ ਸੀ । ਜਿੰਨੀ ਦੇਰ ਮਾਤਾ ਜੀ ਦਿੱਲੀ ਵਿਚ ਰਹੇ ਕਿਸੇ ਤੁਅੱਸਬੀ ਮੁਸਲਮਾਨ ਨੇ ਇਸ ਵੱਲ ਅੱਖ ਚੁੱਕ ਕੇ ਨਹੀਂ ਵੇਖਿਆ । ਹਾਲਾਤ ਵੱਸ ਜਦੋਂ ਮਾਤਾ ਜੀ ਦਿੱਲੀਉਂ ਬਾਹਰ ਮਥਰਾ ਗਏ ਤਾਂ ਤੁਅੱਸਬੀਆਂ ਦੀ ਇਹ ਹਿੰਮਤ ਬਣ ਗਈ ਕਿ ਗੁਰਦੁਆਰੇ ਦੀ ਇਮਾਰਤ ਨੂੰ ਡੇਗ ਕੇ ਇਸ ਥਾਂ ਮਸਜਿਦ ਬਣਾ ਦਿੱਤੀ ਗਈ । ਪਰ ਇਹ ਸਾਰਾ ਕੁਝ ਮਾਤਾ ਜੀ ਦੀ ਗ਼ੈਰ-ਹਾਜ਼ਰੀ ਵਿਚ ਹੋਇਆ, ਮੌਜੂਦਗੀ ਵਿਚ ਨਹੀਂ । ਅਸਲ ਵਿਚ ਉਸ ਸਮੇਂ ਹਕੂਮਤ ਤੇ ਆਮ ਲੋਕ ਮਾਤਾ ਜੀ ਨੂੰ ਸਿੱਖ ਧਰਮ ਦੀ ਕੇਂਦਰੀ ਸ਼ਕਤੀ ਮੰਨਦੇ ਸਨ ਅਤੇ ਇਹ ਸੀ ਵੀ ਸੱਚ । ਮਾਤਾ ਜੀ ਨੇ ਆਪਣੇ ਜਿਉਂਦੇ-ਜੀਅ ਨਾ ਤਾਂ ਖਾਲਸਾ ਪੰਥ ਦੀ ਜਥੇਬੰਦੀ ਵਿਚ ਹੀ ਤ੍ਰੇੜ ਆਉਣ ਦਿੱਤੀ ਤੇ ਨਾ ਹੀ ਸਿੱਖੀ ਦੀ ਸ਼ਾਨ ਕਿਸੇ ਤਰ੍ਹਾਂ ਘੱਟ ਹੋਣ ਦਿੱਤੀ ।

ਸਿੱਖ ਸਮਾਜਿਕ ਤੌਰ ਤੇ ਸਿੱਖੀ ਆਨ-ਸ਼ਾਨ ਨੂੰ ਬਰਕਰਾਰ ਰੱਖ ਕੇ ਜਿਉਂਦੇ ਰਹੇ। ਉਨ੍ਹਾਂ ਵਿਚੋਂ ਹੀਣਤਾ ਦਾ ਭਾਵ ਸਦਾ ਲਈ ਖ਼ਤਮ ਹੋ ਗਿਆ। ਸਿੱਖ ਜਿੱਥੇ ਵੀ ਸੀ ਇੱਜ਼ਤ ਨਾਲ ਜੀਅ ਰਿਹਾ ਸੀ।

ਅਧਿਆਤਮਕ ਖੇਤਰ ਵਿਚ ਮਾਤਾ ਸੁੰਦਰੀ ਜੀ ਨੇ ਯੋਗ, ਨਿੱਗਰ ਅਤੇ ਉਸਾਰੂ ਅਗਵਾਈ ਦਿੱਤੀ। ਮਾਤਾ ਜੀ ਨੇ ਭਾਈ ਮਨੀ ਸਿੰਘ ਨੂੰ ਪ੍ਰੇਰਨਾ ਦੇ ਕੇ ਦਮਦਮੇ ਵਰਗੀ ਅਰਥਾਂ ਦੀ ਟਕਸਾਲ ਅੰਮ੍ਰਿਤਸਰ ਵਿਚ ਖੁਲ੍ਹਵਾਈ। ਬਾਣੀ ਦੇ ਉਤਾਰੇ ਕਰਵਾਏ। ਦਮਦਮੇ ਸਾਹਿਬ ਵਾਲੇ ਕੇਂਦਰ ਨੂੰ ਹੋਰ ਮਜ਼ਬੂਤ ਕੀਤਾ। ਬਾਬਾ ਦੀਪ ਸਿੰਘ ਜੀ ਨੇ ਚਾਰ ਉਤਾਰੇ ਕਰਨ ਦੇ ਨਾਲ ਨਾਲ ਗ੍ਰੰਥੀ ਸਿੰਘ ਅਤੇ ਗਿਆਨੀ ਸਿੰਘ ਦੀ ਸੇਵਾ ਸਫ਼ਲਤਾ ਪੂਰਬਕ ਨਿਭਾਈ। ਇਨ੍ਹਾਂ ਸਾਰੇ ਕਾਰਜਾਂ ਵਿਚ ਮਾਤਾ ਜੀ ਦਾ ਪ੍ਰੇਰਨਾਮਈ ਹੱਥ ਮੌਜੂਦ ਸੀ। ਭਾਈ ਮਨੀ ਸਿੰਘ ਤੋਂ ਬਾਅਦ ਗੁਰੂ-ਘਰ ਦੇ ਦੂਸਰੇ ਗਿਆਨੀ ਬਾਬਾ ਦੀਪ ਸਿੰਘ ਵਰਗੇ ਸੂਰਬੀਰ ਨੂੰ ਸ਼ਹੀਦੀ ਲਈ ਘੱਲਣ ਵਿਚ ਮਾਤਾ ਜੀ ਦਾ ਹੁਕਮ ਪ੍ਰਤੱਖ ਹੈ। ਮਾਤਾ ਜੀ ਜਾਣਦੇ ਸਨ, ਸ਼ਹੀਦਾਂ ਦਾ ਲਹੂ ਬਿਰਥਾ ਨਹੀਂ ਜਾਵੇਗਾ। ਸੋ ਉਸ ਸਮੇਂ ਦੇ ਉੱਚੇ-ਸੁੱਚੇ ਜੀਵਨ ਵਾਲਿਆਂ ਨੂੰ ਬਲੀਦਾਨ ਲਈ ਤੋਰਿਆ ਜਾਂਦਾ ਰਿਹਾ। ਭਾਈ ਮਨੀ ਸਿੰਘ ਤੇ ਬਾਬਾ ਦੀਪ ਸਿੰਘ ਦੀ ਸ਼ਹੀਦੀ ਤੋਂ ਬਾਅਦ ਦਮਦਮੇ ਸਾਹਿਬ ਵਾਲੀ ਤੇ ਅੰਮ੍ਰਿਤਸਰ ਵਾਲੀ ਟਕਸਾਲ ਪਹਿਲਾਂ ਵਾਂਗ ਕੰਮ ਕਰਦੀ ਰਹੀ। ਅਨੇਕਾਂ ਸਿੱਖਾਂ ਨੇ ਇਨ੍ਹਾਂ ਤੋਂ ਲਾਭ ਉਠਾ ਕੇ ਸਿੱਖੀ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ। ਅਜਿਹੇ ਅਧਿਆਤਮਕ ਕੇਂਦਰ ਦੀ ਬੁਨਿਆਦ ਦਾ ਸਿਹਰਾ ਗੁਰੂ ਗੋਬਿੰਦ ਸਿੰਘ ਜੀ ਦਾ ਹੀ ਹੈ ਪਰ ਇਨ੍ਹਾਂ ਦੇ ਗਤੀਸ਼ੀਲ ਪ੍ਰਫੁੱਲਣ ਵਿਚ ਮਾਤਾ ਜੀ ਦਾ ਵਿਸ਼ੇਸ਼ ਹੱਥ ਹੈ। ਮਾਤਾ ਜੀ ਨੇ ਇਨ੍ਹਾਂ ਦੀ ਗਤੀ ਨੂੰ ਉਸ ਸਮੇਂ ਵੀ ਰੁਕਣ ਨਹੀਂ ਦਿੱਤਾ ਜਦੋਂ ਪੰਥ ਦੇ ਖ਼ਾਸ ਕਰ ਕੇ ਇਨ੍ਹਾਂ ਦੇ ਗਿਆਨੀ-ਵਿਸ਼ੇਸ਼ ਵੀਰਗਤੀ ਨੂੰ ਪ੍ਰਾਪਤ ਹੋ ਗਏ ਸਨ।

ਮਾਤਾ ਜੀ ਨੇ ਕੇਵਲ ਪੰਜਾਬ ਦੇ ਸਿੱਖਾਂ ਦੀ ਅਗਵਾਈ ਨਹੀਂ ਕੀਤੀ ਸਗੋਂ ਸਮੂਹ ਭਾਰਤ ਦੇ ਸਿੱਖਾਂ ਨੂੰ ਆਪਣੇ ਕਰੀਬ ਰੱਖਿਆ। ਬਿਹਾਰ-ਪਟਨਾ ਦੀ ਸਿੱਖ-ਸੰਗਤ ਦੇ ਨਾਮ ਭੇਜੇ ਗਏ ਹੁਕਮਨਾਮੇ ਤੇ ਜਮਾਨੀਆਂ ਦੀ ਸੰਗਤ ਦੇ ਨਾਮ ਭੇਜਿਆ ਗਿਆ ਹੁਕਮਨਾਮਾ ਸਾਡੇ ਇਸ ਤੱਥ ਦੀ ਪ੍ਰੋੜ੍ਹਤਾ ਕਰਦਾ ਹੈ। ਕਾਬਲ, ਕੰਧਾਰੋਂ ਆਉਣ ਵਾਲੇ ਸਿੱਖ ਵੀ ਮਾਤਾ ਜੀ ਦਾ ਦਰਸ਼ਨ ਕਰਨਾ, ਹੁਕਮ ਮੰਨਣਾ, ਸੇਵਾ ਕਰਨਾ ਆਦਿ ਆਪਣਾ ਸੁਭਾਗ ਸਮਝਦੇ ਸਨ।

ਮਾਤਾ ਜੀ ਨੇ ਗੁਰੂ-ਘਰ ਦੀ ਮਰਿਆਦਾ ਨੂੰ ਹਰ ਤਰ੍ਹਾਂ ਕਾਇਮ ਰੱਖਣ ਦਾ ਜਤਨ ਕੀਤਾ। ਵਿਸ਼ੇਸ਼ ਕਰ ਕੇ ਲੰਗਰ ਦੀ ਮਰਿਆਦਾ ਨੂੰ ਬੜੇ ਯਤਨਾਂ ਨਾਲ ਕਾਇਮ ਰੱਖਿਆ। ਮਾਤਾ ਜੀ ਦੇ ਹੁਕਮਨਾਮੇ ਅਕਸਰ ਇਸੇ ਕਰ ਕੇ ਲਿਖੇ ਜਾਂਦੇ ਰਹੇ ਹਨ ਕਿ ਉਨ੍ਹਾਂ ਨੇ ਸਿੱਖ ਸੰਗਤ ਨੂੰ ਲੰਗਰ ਲਈ ਮਾਇਆ ਭੇਜਣ ਆਦਿ ਦੀ ਚਿਤਾਵਨੀ ਅਤੇ ਪ੍ਰੇਰਨਾ ਦੇਣੀ ਹੁੰਦੀ ਸੀ। ਅਨੁਮਾਨ ਹੈ, ਮਾਤਾ ਜੀ ਆਏ-ਗਏ ਯਾਤਰੂ ਲਈ ਠਹਿਰਨ ਦਾ ਪ੍ਰਬੰਧ ਅਤੇ ਲੰਗਰ ਦਾ ਪ੍ਰਬੰਧ ਆਪ ਕਰਿਆ ਕਰਦੇ ਸਨ। ਭਾਈ ਮਨੀ ਸਿੰਘ ਦੀ ਚਿੱਠੀ ਤੋਂ ਇਸ ਤੱਥ ਦੀ ਪ੍ਰੋੜ੍ਹਤਾ ਹੋ ਜਾਂਦੀ ਹੈ ਕਿ ਬਾਹਰੋਂ ਆਈ ਦਾਨ-ਪੁੰਨ ਦੀ ਮਾਇਆ ਗੁਰੂ ਕੇ ਲੰਗਰ ਉੱਪਰ ਹੀ ਖ਼ਰਚ ਕੀਤੀ ਜਾਂਦੀ ਸੀ। ਮਾਤਾ ਜੀ ਦਾ ਇਹ ਕਾਰਜ ਇਸ ਕਰ ਕੇ ਵੀ ਵਿਸ਼ੇਸ਼ ਹੈ, ਉਨ੍ਹੀਂ ਦਿਨੀਂ ਉਨ੍ਹਾਂ ਦੀ ਹਵੇਲੀ ਵਿਚ ਮਰਦ ਦੀ ਅਣਹੋਂਦ ਸੀ। ਗੁਰੂ-ਪਰਿਵਾਰ ਅਤੇ ਪਾਲਿਤ ਪੁੱਤਰ ਸਭ ਵਾਰੀ-ਵਾਰੀ ਉਨ੍ਹਾਂ ਨੂੰ ਛੱਡ ਕੇ ਅਕਾਲ ਪੁਰਖ ਦੀ ਗੋਦ ਵਿਚ ਜਾ

ਬਿਰਾਜੇ ਸਨ । ਇਕ ਗਰਦਸ਼ ਦਾ ਜ਼ਮਾਨਾ, ਦੂਜਾ ਹਵੇਲੀ ਸ਼ਹਿਰੋਂ ਬਾਹਰ, ਤੀਜਾ ਮਰਦ ਮਾਹਣੂ ਦੀ ਕਮੀ । ਮਾਤਾ ਜੀ ਇਸ ਸਮੇਂ ਇਹ ਸਾਰਾ ਕਾਰਜ ਆਪਣੇ ਸਿੱਖ-ਪੁੱਤਾਂ ਦੇ ਸਹਾਰੇ ਹੀ ਕਰ ਰਹੇ ਸਨ ।

ਸੰਕੇਤ ਕੀਤਾ ਜਾ ਚੁੱਕਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੇ ਮਾਤਾ ਸੁੰਦਰੀ ਜੀ ਦੇ ਪ੍ਰਲੋਕ ਗਮਨ ਵਿਚ ਲਗਭਗ ਚਾਲ੍ਹੀ ਵਰ੍ਹਿਆਂ ਦਾ ਅੰਤਰ ਹੈ । ਗੁਰੂ ਸਾਹਿਬ ਨੇ ਆਪਣੀ ਜ਼ਿੰਦਗੀ ਦਾ ਵਿਸ਼ੇਸ਼ ਭਾਗ ਜੰਗਾਂ-ਯੁੱਧਾਂ ਵਿਚ ਹੀ ਗੁਜ਼ਾਰਿਆ । ਪਰ ਫਿਰ ਵੀ ਜੋ ਥੋੜ੍ਹਾ-ਬਹੁਤਾ ਸਮਾਂ ਉਨ੍ਹਾਂ ਨੂੰ ਮਿਲਿਆ, ਉਸ ਵਿਚ ਬਹੁਤ ਮਹੱਤਵਪੂਰਨ ਕਾਰਜ ਕੀਤੇ । ਗੁਰੂ ਗੋਬਿੰਦ ਸਿੰਘ ਜੀ ਦੀ ਸਭ ਤੋਂ ਵੱਡੀ ਦੇਣ : ਸਿੱਖ ਕੌਮ ਨੂੰ ਨਿੱਖੜਵਾਂ ਸਰੂਪ, ਚਰਿੱਤਰ, ਚਿੰਤਨ ਅਤੇ ਚੇਤਨਾ ਦੇਣਾ ਹੈ । ਇਨ੍ਹਾਂ ਚੌਹਾਂ ਦਾ ਸੰਬੰਧ ਧਰਮ ਦੇ ਆਂਤ੍ਰਿਕ ਅਤੇ ਬਾਹਰੀ ਰੂਪ ਨਾਲ ਹੈ । ਖਾਲਸਾ ਧਰਮ ਨੇ ਜਨ-ਸਾਧਾਰਨ ਵਿਚ ਨਵੀਂ ਸੋਚ, ਨਵੀਂ ਕ੍ਰਾਂਤੀ, ਨਵਾਂ ਸਰੂਪ ਤੇ ਰਹਿਣ-ਸਹਿਣ ਦਾ ਨਵਾਂ ਅੰਦਾਜ਼ ਦਿੱਤਾ । ਲੋਕ ਨਿਰਭਉ, ਨਿਧੜਕ, ਰਣਬੀਰ, ਅਣਖੀਲੇ, ਸਵੈਮਾਨੀ ਅਤੇ ਸੁਤੰਤਰ ਵਿਚਾਰਾਂ ਵਾਲੇ ਬਣਨ ਲੱਗੇ । ਮਾਤਾ ਸੁੰਦਰੀ ਜੀ ਨੇ ਉਹ ਸਾਰੇ ਕੰਮ ਆਪ ਸੰਭਾਲ ਲਏ ਜੋ ਦਸਮ ਗੁਰੂ ਨੇ ਛੋਹੇ ਹੋਏ ਸਨ । ਇਨ੍ਹਾਂ ਸਾਰਿਆਂ ਕਾਰਜਾਂ ਦਾ ਵੇਰਵਾ ਕ੍ਰਮਵਾਰ ਅਗਲੇ ਪੰਨਿਆਂ ਵਿਚ ਕਰਨਾ ਉਚਿਤ ਹੈ ।

ਦਸਮ ਗੁਰੂ ਜਦ ਨਾਂਦੇੜ ਵੱਲ ਗਏ ਤਾਂ ਉਥੇ ਇਕ ਬੈਰਾਗੀ ਸਾਧੂ ਨੂੰ ਮਿਲੇ ਸਨ । ਉਸ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਗੁਰੂ ਜੀ ਨੇ ਪੰਜਾਬ ਵੱਲ ਤੋਰਿਆ ਸੀ । ਇਸ ਨੇ ਪੰਜਾਬ ਪਹੁੰਚ ਕੇ ਜ਼ਾਲਮ ਹਾਕਮਾਂ ਨਾਲ ਚੰਗਾ ਲੋਹਾ ਲਿਆ । ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹੰਦ ਦੀ ਇੱਟ ਨਾਲ ਇੱਟ ਵਜਾ ਦਿੱਤੀ । ਸਢੌਰੇ ਦੇ ਮੁਸਲਮਾਨਾਂ ਨੂੰ ਸੋਧਿਆ । ਇਕ-ਇਕ ਕਰ ਕੇ ਕਈ ਜਿੱਤਾਂ ਜਿੱਤਦੇ ਹੋਏ ਅੰਮ੍ਰਿਤਸਰ ਪਹੁੰਚ ਗਿਆ ਸੀ । ਇਥੇ ਪਹੁੰਚ ਕੇ ਉਹ ਹੰਕਾਰ ਵਿਚ ਆ ਗਿਆ । ਉਹ ਗੁਰੂ ਜੀ ਦੇ ਹੁਕਮਾਂ ਦੀ ਉਲੰਘਣਾ ਕਰਨ ਲੱਗ ਪਿਆ ਅਤੇ ਆਪਣੇ ਆਪ ਨੂੰ ਗੁਰੂ ਦੀ ਗੱਦੀ ਦਾ ਦਾਅਵੇਦਾਰ ਆਖਣ ਲੱਗ ਪਿਆ । ਇਥੇ ਆ ਕੇ ਗੁਰੂ ਸੰਗਤ ਦੋ ਧੜਿਆਂ ਵਿਚ ਵੰਡੀ ਗਈ । ਪਹਿਲੀ, ਤੱਤ ਖਾਲਸਾ ਤੇ ਦੂਜਾ, ਬੰਦਈ ਖਾਲਸਾ । ਇਨ੍ਹਾਂ ਦੋਹਾਂ ਧੜਿਆਂ ਦਾ ਆਪਸੀ ਵੈਰ-ਵਿਰੋਧ ਵਧਣ ਲੱਗਾ । ਮਾਤਾ ਸੁੰਦਰੀ ਜੀ ਪਾਸ ਇਸ ਝਗੜੇ ਦੀ ਸ਼ਿਕਾਇਤ ਪੁੱਜੀ । ਹੁਣ ਸਿੱਖ ਪੰਥ ਦੀ ਸਤਿਕਾਰਯੋਗ ਹਸਤੀ ਮਾਤਾ ਸੁੰਦਰੀ ਜੀ ਹੀ ਰਹਿਨੁਮਾਈ ਕਰਨ ਵਾਸਤੇ ਰਹਿ ਗਏ ਸਨ । ਮਾਤਾ ਜੀ ਨੇ ਬੜੀ ਗੰਭੀਰਤਾ ਨਾਲ ਇਸ ਮਸਲੇ ਉੱਪਰ ਵਿਚਾਰ ਕੀਤੀ । ਸਿੱਖਾਂ ਦੀ ਕੇਂਦਰੀ ਸ਼ਕਤੀ ਦਾ ਗੜ੍ਹ ਅੰਮ੍ਰਿਤਸਰ ਸੀ । ਮਾਤਾ ਜੀ ਨੇ ਬੜੀ ਗਹਿਰਾਈ ਨਾਲ ਇਸ ਝਗੜੇ ਦੀ ਤਹਿ ਤਕ ਪੁੱਜਣ ਦਾ ਯਤਨ ਕੀਤਾ । ਸਿੱਖਾਂ ਵਿਚਲੀ ਫੁੱਟ ਉਨ੍ਹਾਂ ਦੀ ਕੇਂਦਰੀ ਸ਼ਕਤੀ ਨੂੰ ਕਮਜ਼ੋਰ ਕਰ ਦੇਵੇਗੀ । ਪਰ ਇਸ ਸਮੇਂ ਉਨ੍ਹਾਂ ਵਿਚ ਏਕਤਾ ਬਣਾਈ ਰੱਖਣਾ ਵੀ ਬੜੀ ਯੋਗਤਾ ਦਾ ਕੰਮ ਸੀ । ਦੂਰਅੰਦੇਸ਼ ਮਾਂ ਜਾਣ ਗਈ ਸੀ ਕਿ ਇਸ ਮਸਲੇ ਉੱਪਰ ਸਿੱਖ ਪੰਥ ਨੂੰ ਇਕਮਤ ਕਰਨਾ ਬਹੁਤ ਕਠਿਨ ਸੀ । ਪਰ ਜੇ ਸਿੱਖ ਆਪਸ ਵਿਚ ਨਿੱਖੜ ਵੀ ਜਾਣ ਤਾਂ ਇਨ੍ਹਾਂ ਵਿਚ ਖ਼ੂਰੇਜ਼ੀ ਨਾ ਹੋਵੇ । ਮਾਤਾ ਜੀ ਇਸ ਨੁਕਤੇ ਉੱਪਰ ਧਿਆਨ ਕੇਂਦ੍ਰਿਤ ਕਰੀ ਬੈਠੇ ਸਨ । ਸੂਝਵਾਨ ਮਾਂ ਜਾਣਦੀ ਸੀ ਕਿ ਇਸ ਮਾਮਲੇ ਨੂੰ ਉਹੀ ਨਜਿੱਠ ਸਕਦਾ ਹੈ ਜਿਸ ਪਾਸ ਕੋਈ ਪਦਵੀ ਹੋਵੇ । ਆਖ਼ਰ ਮਾਤਾ ਸੁੰਦਰੀ ਨੂੰ ਇਕ ਤਰਕੀਬ ਸੁੱਝ ਪਈ । ਮਾਤਾ ਸੁੰਦਰੀ ਜੀ ਨੇ ਭਾਈ ਮਨੀ

ਸਿੰਘ ਨੂੰ ਅੰਮ੍ਰਿਤਸਰ ਦਾ ਗ੍ਰੰਥੀ ਥਾਪ ਕੇ ਸਿੰਘਾਂ ਦੀ ਕੇਂਦਰੀ ਸ਼ਕਤੀ ਦੀ ਵਾਗਡੋਰ ਭਾਈ ਮਨੀ ਸਿੰਘ ਦੇ ਹੱਥ ਫੜਾ ਦਿੱਤੀ। ਭਾਈ ਮਨੀ ਸਿੰਘ ਦਸਮ ਗੁਰੂ ਜੀ ਦੇ ਬਚਪਨ ਵਿਚ ਜਮਾਤੀ ਹੁੰਦੇ ਸਨ। ਇਨ੍ਹਾਂ ਨੇ ਸੰਸਕ੍ਰਿਤ ਅਤੇ ਫ਼ਾਰਸੀ ਦਸਮ ਗੁਰੂ ਜੀ ਦੇ ਨਾਲ ਹੀ ਪੜ੍ਹੀ ਸੀ। ਸਹਿਪਾਠੀ ਭਾਈ ਮਨੀ ਸਿੰਘ ਉੱਪਰ ਦਸਮ ਗੁਰੂ ਜੀ ਦਾ ਬੇਥਿੜਕ ਵਿਸ਼ਵਾਸ ਸੀ। ਆਪ ਅਨੰਦਪੁਰ ਖ਼ਾਲੀ ਕਰਨ ਤੋਂ ਬਾਅਦ ਸੰਕਟ ਦੇ ਸਮੇਂ ਵਿਚ ਮਾਤਾ ਸੁੰਦਰੀ ਜੀ ਦੀ ਸੇਵਾ ਵਿਚ ਰਹੇ। ਮਾਤਾ ਸੁੰਦਰੀ ਜੀ ਦਮਦਮੇ ਸਾਹਿਬ ਵੀ ਭਾਈ ਮਨੀ ਸਿੰਘ ਨਾਲ ਹੀ ਗਏ ਸਨ ਤੇ ਉਥੋਂ ਵਾਪਸ ਫਿਰ ਦਿੱਲੀ ਵੀ ਭਾਈ ਸਾਹਿਬ ਦੇ ਨਾਲ ਹੀ ਆਏ ਸਨ।

ਭਾਈ ਮਨੀ ਸਿੰਘ ਇਕ ਗਹਿਰ-ਗੰਭੀਰ ਮਨੁੱਖ ਸੀ। ਦੂਜਾ, ਉੱਚ ਦਰਜੇ ਦਾ ਵਿਦਵਾਨ ਸੀ। ਤੀਜਾ, ਸੁਲਝੇ ਹੋਏ ਨੀਤੀਵਾਨ ਸਨ। ਮਾਤਾ ਜੀ ਨੂੰ ਭਾਈ ਸਾਹਿਬ ਦੀ ਯੋਗਤਾ ਉੱਪਰ ਪੂਰਾ-ਪੂਰਾ ਭਰੋਸਾ ਸੀ। ਹੁਣ ਭਾਈ ਮਨੀ ਸਿੰਘ ਇਸ ਵਿਸ਼ੇਸ਼ ਪਦਵੀ ਦੇ ਅਧਿਕਾਰੀ ਬਣ ਕੇ ਅੰਮ੍ਰਿਤਸਰ ਜਾ ਪੁੱਜੇ। ਇਸ ਤੱਥ ਨਾਲ ਲਗਭਗ ਸਾਰੇ ਗੁਰੂ-ਇਤਿਹਾਸਕਾਰ ਸਹਿਮਤ ਹਨ। ਭਾਈ ਮਨੀ ਸਿੰਘ ਮਿੱਠ ਬੋਲੇ ਅਤੇ ਮਿਲਣਸਾਰ ਵਿਅਕਤੀ ਸਨ। ਅੰਮ੍ਰਿਤਸਰ ਵਿਚ ਇਨ੍ਹਾਂ ਨੇ ਦਿਨਾਂ ਵਿਚ ਹੀ ਆਪਣਾ ਚੰਗਾ ਅਸਰ-ਰਸੂਖ਼ ਬਣਾ ਲਿਆ। ਦੋਹਾਂ ਧਿਰਾਂ ਨੇ ਆਪਣਾ ਸਾਲਸ ਭਾਈ ਸਾਹਿਬ ਨੂੰ ਮੰਨ ਲਿਆ। ਹੁਣ ਭਾਈ ਮਨੀ ਸਿੰਘ ਇਕ ਇਤਿਹਾਸਕ ਫੈਸਲਾ ਕਰਨ ਲੱਗੇ ਸਨ। ਉਹ ਮਨ ਕਰ ਕੇ ਬਹੁਤ ਹੀ ਚਿੰਤਤ ਸਨ। ਕਿਸੇ ਵੀ ਧਿਰ ਦੇ ਨਾਰਾਜ਼ ਹੋਣ ਨਾਲ ਆਪਸ ਵਿਚ ਖ਼ੂਨ-ਖ਼ਰਾਬਾ ਹੋ ਸਕਦਾ ਸੀ। ਨੀਤੀਵਾਨ ਭਾਈ ਮਨੀ ਸਿੰਘ ਨੂੰ ਇਕ ਤਰਕੀਬ ਫੁਰ ਪਈ। ਇਹ ਸੀ ਹਰਿਮੰਦਰ ਸਾਹਿਬ ਦੇ ਸਰੋਵਰ ਵਿਚ ਦੋ ਪਰਚੀਆਂ ਪਾਈਆਂ ਜਾਣ। ਜਿਸ ਵੀ ਧਿਰ ਦੀ ਪਰਚੀ ਡੁੱਬ ਜਾਏ, ਉਹ ਸੁਲਹ-ਸ਼ਫਾਈ ਨਾਲ ਪਿੱਛੇ ਹਟ ਜਾਵੇ। ਇਸ ਗੱਲ ਉੱਪਰ ਦੋਵੇਂ ਧਿਰਾਂ ਰਾਜ਼ੀ ਹੋ ਗਈਆਂ। ਅੰਮ੍ਰਿਤ-ਸਰੋਵਰ ਵਿਚ ਭਾਈ ਮਨੀ ਸਿੰਘ ਜੀ ਨੇ ਅਰਦਾਸਾ ਸੋਧ ਕੇ ਪਰਚੀਆਂ ਪਾ ਦਿੱਤੀਆਂ। ਵੇਖੋ ਰੱਬ ਦੀ ਕੁਦਰਤ! ਬੰਦਈ ਖਾਲਸਿਆਂ ਦੀ ਪਰਚੀ ਡੁੱਬ ਗਈ। ਬੰਦਈ ਖਾਲਸੇ ਚੁੱਪਚਾਪ ਪਿੱਛੇ ਹਟ ਗਏ ਤੇ ਦੂਜੀ ਧਿਰ ਨੇ ਵੀ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਨੋਕ-ਟੋਕ ਨਾ ਕੀਤੀ। ਦੋਵੇਂ ਧਿਰਾਂ ਸ਼ਾਂਤੀ ਨਾਲ ਆਪੋ-ਆਪਣੇ ਰਾਹ ਪੈ ਗਈਆਂ। ਬੰਦਈ ਖਾਲਸੇ ਉਸ ਵੇਲੇ ਗੁਰਦਾਸਪੁਰ ਵਲ ਚਲੇ ਗਏ ਤੇ ਨਾਲ ਹੀ ਬੰਦਾ ਸਿੰਘ ਬਹਾਦਰ ਵੀ। ਤੱਤ ਖਾਲਸੇ ਪਹਿਲਾਂ ਵਾਂਗੂੰ ਆਪਣੇ ਕਾਰ-ਵਿਹਾਰ ਵਿਚ ਮਸਤ ਰਹਿਣ ਲੱਗੇ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਇਹ ਪਹਿਲਾ ਇਤਿਹਾਸਕ ਫੈਸਲਾ ਸੀ ਜੋ ਮਾਤਾ ਸੁੰਦਰੀ ਜੀ ਨੇ ਵਿਚ ਪੈ ਕੇ ਕਰਵਾਇਆ ਸੀ। ਕੋਈ ਸ਼ੱਕ ਨਹੀਂ ਕਿ ਮਾਤਾ ਜੀ ਉਸ ਸਮੇਂ ਪੰਥ ਦੀ ਰਹਿਨੁਮਾਈ ਨਾ ਕਰਦੇ ਤੇ ਆਪਣੀ ਨਿਗਰਾਨੀ ਹੇਠ ਭਾਈ ਮਨੀ ਸਿੰਘ ਨੂੰ ਗ੍ਰੰਥੀ ਥਾਪ ਕੇ ਸਹੀ ਫੈਸਲਾ ਕਰਨ ਲਈ ਨਾ ਭੇਜਦੇ ਤਾਂ ਖਾਲਸਾ ਪੰਥ ਖੇਰੂੰ-ਖੇਰੂੰ ਹੋ ਜਾਂਦਾ। ਇਸ ਝਗੜੇ ਦਾ ਨਿਪਟਾਰਾ ਕਰਨ ਤੋਂ ਬਾਅਦ ਭਾਈ ਮਨੀ ਸਿੰਘ ਹਰਿਮੰਦਰ ਸਾਹਿਬ ਗ੍ਰੰਥੀ ਦੀ ਸੇਵਾ ਨਿਭਾਉਣ ਲੱਗੇ। ਭਾਈ ਮਨੀ ਸਿੰਘ ਕਦੀ ਕਦੀ ਮਾਤਾ ਜੀ ਦੇ ਦਰਸ਼ਨ ਕਰਨ ਵੀ ਦਿੱਲੀ ਆਉਂਦੇ ਰਹੇ ਪਰ ਇਸ ਤੋਂ ਬਾਅਦ ਬਹੁਤਾ ਸਮਾਂ ਆਪ ਨੇ ਅੰਮ੍ਰਿਤਸਰ ਹੀ ਬਿਤਾਇਆ। ਭਾਈ ਮਨੀ ਸਿੰਘ ਪੰਜਾਬ ਦੇ ਸਿੱਖਾਂ ਤੇ ਭਾਰਤ ਦੇ ਹੋਰ ਇਲਾਕਿਆਂ ਦੇ ਸਿੱਖਾਂ ਦਰਮਿਆਨ ਇਕ ਪੁਲ ਵਾਂਗ ਕੰਮ ਕਰ ਰਿਹਾ ਸੀ। ਮਾਤਾ ਸੁੰਦਰੀ ਜੀ ਦੀ ਅਗਵਾਈ ਹੇਠ ਭਾਈ ਮਨੀ ਸਿੰਘ

ਸਾਰੇ ਭਾਰਤ ਦੇ ਸਿੱਖਾਂ ਨਾਲ ਆਪਣੇ ਸੰਤੁਲਿਤ ਸੰਬੰਧ ਸਥਾਪਿਤ ਕਰ ਰਿਹਾ ਸੀ ਤੇ ਮਾਤਾ ਜੀ ਨੂੰ ਜਦ ਕਦੀ ਉਹ ਦਿੱਲੀ ਮਿਲਣ ਆਉਂਦੇ ਤਾਂ ਸਾਰਾ ਹਾਲ-ਚਾਲ ਸੁਣਾ ਜਾਂਦੇ ਤੇ ਨਾਲ ਹੀ ਸੂਝਵਾਨ ਮਾਤਾ ਜੀ ਦੇ ਸੁਝਾਅ ਵੀ ਲੈ ਜਾਂਦੇ ।

ਇਥੇ ਇਹ ਸੰਕੇਤ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ ਕਿ ਮਾਤਾ ਜੀ ਨੇ ਇਨ੍ਹਾਂ ਕੰਮਾਂ ਦੀ ਟਰੇਨਿੰਗ ਆਪਣੇ ਪਤੀ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਸੁਭਾਵਿਕ ਹੀ ਪ੍ਰਾਪਤ ਕਰ ਲਈ ਸੀ । ਦਮਦਮਾ ਸਾਹਿਬ ਦੇ ਪਹਿਲੇ ਗ੍ਰੰਥੀ ਬਾਬਾ ਦੀਪ ਸਿੰਘ ਜੀ ਸਨ । ਬਾਬਾ ਦੀਪ ਸਿੰਘ ਜੀ ਨੂੰ ਜਦੋਂ ਦਮਦਮਾ ਸਾਹਿਬ ਦਾ ਗ੍ਰੰਥੀ ਥਾਪਿਆ ਗਿਆ ਤਾਂ ਮਾਤਾ ਜੀ ਉਸ ਸਮੇਂ ਮੌਜੂਦ ਸਨ । ਦਸਮ ਗੁਰੂ ਦੀਆਂ ਲੀਹਾਂ ਉੱਪਰ ਚਲਣ ਵਾਲੀ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਨੂੰ ਹਰਿਮੰਦਰ ਸਾਹਿਬ ਦਾ ਗ੍ਰੰਥੀ ਥਾਪਿਆ । ਇਹ ਪਹਿਲਾ ਗ੍ਰੰਥੀ ਹੈ ਜੋ ਮਾਤਾ ਸੁੰਦਰੀ ਜੀ ਨੇ ਨਿਯੁਕਤ ਕੀਤਾ ।

ਦੂਸਰਾ ਮਹੱਤਵਪੂਰਨ ਕਾਰਜ ਮਾਤਾ ਸੁੰਦਰੀ ਜੀ ਨੇ ਕੀਤਾ, ਉਸ ਦੀ ਨੀਂਹ ਵੀ ਦਸਮ ਗੁਰੂ ਨੇ ਹੀ ਰੱਖੀ ਸੀ । ਇਹ ਸੀ ਦਮਦਮੇ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਦੀ ਟਕਸਾਲ ਜੋ ਦਸਮ ਗੁਰੂ ਨੇ ਆਪਣੇ ਹੱਥੀਂ ਖੋਲ੍ਹੀ । ਗੁਰੂ ਸਾਹਿਬ ਨੇ ਜਦੋਂ ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ ਜੀ ਨੂੰ ਗਿਆਨੀ ਦੀ ਪਦਵੀ ਦਿੱਤੀ ਤਾਂ ਮਾਤਾ ਜੀ ਉਥੇ ਮੌਜੂਦ ਸਨ । ਮਾਤਾ ਜੀ ਨੇ ਪਤੀ ਦੇ ਕਦਮਾਂ 'ਤੇ ਚਲਦਿਆਂ ਹੋਇਆਂ ਭਾਈ ਮਨੀ ਸਿੰਘ ਨੂੰ ਪ੍ਰੇਰਨਾ ਦਿੱਤੀ । ਭਾਈ ਮਨੀ ਸਿੰਘ ਨੇ ਅੰਮ੍ਰਿਤਸਰ ਵਿਚ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਦੀ ਟਕਸਾਲ ਖੋਲ੍ਹ ਲਈ । ਪਹਿਲਾਂ ਪਹਿਲ ਉਹ ਅਰਥ ਸਿਖਾਉਣ ਦਾ ਕੰਮ ਹਰਿਮੰਦਰ ਸਾਹਿਬ ਦੇ ਬੁੰਗੇ ਵਿਚ ਕਰਿਆ ਕਰਦੇ ਸਨ, ਫਿਰ ਹੌਲੀ-ਹੌਲੀ ਲੋੜ ਅਨੁਸਾਰ ਜਗ੍ਹਾ ਬਦਲਦੀ ਗਈ ਤੇ ਅੱਜਕਲ੍ਹ ਇਹ ਸੱਤੋ ਦੀ ਗਲੀ, ਅੰਮ੍ਰਿਤਸਰ ਵਿਚ ਮੌਜੂਦ ਹੈ । ਇਸ ਟਕਸਾਲ ਨੇ ਅਨੇਕਾਂ ਨਿਰਮਲੇ ਵਿਦਵਾਨ ਪੈਦਾ ਕੀਤੇ । ਗਿਆਨੀ ਅਮੀਰ ਸਿੰਘ ਇਸ ਟਕਸਾਲ ਦੇ ਬੜੇ ਉੱਘੇ ਵਿਦਵਾਨ ਆਚਾਰੀਆ ਅਥਵਾ ਗਿਆਨੀ ਸਨ । ਇਹ ਟਕਸਾਲ ਉਦੋਂ ਤੋਂ ਅੱਜ ਤਕ ਨਿਰੰਤਰ ਕੰਮ ਕਰ ਰਹੀ ਹੈ । ਹਜ਼ਾਰਾਂ ਦੀ ਗਿਣਤੀ ਵਿਚ ਗੁਰੂ ਦੇ ਸਿੱਖਾਂ ਨੇ ਇਸ ਵਿਦਿਆਲੇ ਤੋਂ ਗੁਰੂ ਗ੍ਰੰਥ ਸਾਹਿਬ ਦੇ ਅਰਥ ਸਿੱਖੇ ਹਨ ।

ਮਾਤਾ ਸੁੰਦਰੀ ਜੀ ਦੇ ਇਸ ਪਰਮ ਉੱਦਮ ਨੇ ਗੁਰੂ-ਘਰ ਦੇ ਚਿੰਤਨ ਨੂੰ ਹੋਰ ਗਹਿਰਾਈ ਦਿੱਤੀ । ਧਰਮ ਦਾ ਵਿਸਤਾਰ ਧਰਮ ਦੇ ਸ਼ਰਧਾਲੂ, ਪੈਰੋਕਾਰ ਕਰਦੇ ਹਨ, ਪਰ ਦੂਜਿਆਂ ਧਰਮਾਂ ਦੇ ਮੁਕਾਬਲੇ ਵਿਚ ਧਰਮ ਦੀ ਸਥਾਪਨਾ (Estabilshment) ਹੀ ਕਰਦੀਆਂ ਹਨ । ਵਿਦਵਾਨ ਅਤੇ ਵਿਦਵਤਾਪੂਰਨ ਵਿਆਖਿਆਵਾਂ (Interpretations) ਹੀ ਕਰਦੀਆਂ ਹਨ । ਸ਼ਾਇਦ ਇਹੀ ਕਾਰਣ ਹੈ, ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੱਖ ਬਨਾਰਸ ਵਿਚ ਵਿਦਿਆ ਪ੍ਰਾਪਤੀ ਲਈ ਭੇਜੇ ਸਨ । ਇਹੀ ਪੰਜ ਵਿਦਵਾਨ ਬਾਅਦ ਵਿਚ ਨਿਰਮਲ ਸੰਪਰਦਾਇ ਦੇ ਮੋਢੀ ਹੋਏ । ਇਨ੍ਹਾਂ ਦੀ ਸਿੱਖਿਆ ਦਸਮ ਗੁਰੂ ਦੀ ਨਿਗਰਾਨੀ ਹੇਠ ਸੀ । ਗੁਰੂ ਗੋਬਿੰਦ ਸਿੰਘ ਜੀ ਦੀ ਨਿਗਰਾਨੀ ਵਿਚ ਜੋ ਅਰਥ-ਪ੍ਰਣਾਲੀ ਚਾਲੂ ਹੋਈ ਸੀ, ਮਾਤਾ ਸੁੰਦਰੀ ਜੀ ਦੇ ਹੱਥਾਂ ਵਿਚ ਬੜੀ ਤੇਜ਼ੀ ਨਾਲ ਪ੍ਰਫੁੱਲਤ ਹੋਈ । ਅਨੇਕ ਸ਼ਰਧਾਲੂ ਸਿੱਖ ਇਸ ਟਕਸਾਲ ਦੇ ਵਿਦਿਆਰਥੀ ਬਣੇ ਤੇ ਗ੍ਰੰਥ ਸਾਹਿਬ ਦਾ ਅਧਿਐਨ-ਕਰਮ ਉਦੋਂ ਤੋਂ ਹੀ ਗੁਰੂ-ਘਰ ਦਾ ਅੰਗ ਬਣ ਗਿਆ । ਆਮ ਤੌਰ 'ਤੇ ਧਰਮ ਆਪਣੀ ਮੁੱਢਲੀ ਅਵਸਥਾ ਵਿਚ ਪੂਜਾ

ਅਤੇ ਕਰਮ ਉੱਪਰ ਹੀ ਬਲ ਦੇਂਦਾ ਹੈ ਜਦੋਂ ਧਰਮ ਦੇ ਚਿੰਤਨ ਅਤੇ ਕਰਮ ਵਿਚ ਇਕਰੂਪਤਾ (harmony) ਸਥਾਪਿਤ ਹੁੰਦੀ ਹੈ ਤਾਂ ਧਰਮ ਆਪਣੀ ਚਰਮ-ਸੀਮਾ ਨੂੰ ਪ੍ਰਵਾਨ ਹੁੰਦਾ ਹੈ। ਮਾਤਾ ਸੁੰਦਰੀ ਜੀ ਦੇ ਸਮੇਂ ਗੁਰੂ ਦੇ ਸਿੱਖ ਮਨ, ਬਚਨ, ਕਰਮ ਦੀ ਇਕਰੂਪਤਾ ਦੇ ਧਨੀ ਬਣ ਚੁੱਕੇ ਸਨ। ਸਿੱਖਾਂ ਉਤੇ ਜਦ ਜ਼ੁਲਮ ਦਾ ਦੌਰ ਸ਼ੁਰੂ ਹੋਇਆ ਤਾਂ ਕੋਈ ਵੀ ਸਿੱਖ ਆਪਣੇ ਸਿਦਕ ਤੋਂ ਹਾਰਿਆ ਨਹੀਂ। ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਦੀਆਂ ਅਨੇਕ ਉਦਾਹਰਣਾਂ ਇਸ ਤੱਥ ਦੀ ਪੁਸ਼ਟੀ ਕਰਦੀਆਂ ਹਨ।

ਮਾਤਾ ਸੁੰਦਰੀ ਜੀ ਨੇ ਜੋ ਸਭ ਤੋਂ ਵੱਧ ਮਹੱਤਵੂਰਨ ਕਾਰਜ ਕੀਤਾ, ਉਹ ਸੀ, ਦਸਵੇਂ ਗੁਰੂ ਦੀਆਂ ਰਚਨਾਵਾਂ ਨੂੰ ਲਭਵਾ ਕੇ ਦਸਮ ਗ੍ਰੰਥ ਦਾ ਸੰਪਾਦਨ ਕਰਾਉਣਾ। ਇਸ ਤੱਥ ਨਾਲ ਭਾਈ ਕਾਨ੍ਹ ਸਿੰਘ ਵੀ ਸਹਿਮਤ ਹਨ।[1] ਇਹ ਕੰਮ ਖਾਸਾ ਮੁਸ਼ਕਿਲ ਸੀ। ਪਰ ਮਾਤਾ ਜੀ ਦੀ ਪ੍ਰੇਰਨਾ ਅਤੇ ਉਤਸ਼ਾਹ ਨਾਲ ਮਨੀ ਸਿੰਘ ਇਸ ਮਹਾਨ ਕਾਰਜ ਨੂੰ ਵੀ ਨੇਪਰੇ ਚੜ੍ਹਾ ਸਕਿਆ।

ਮਾਤਾ ਸੁੰਦਰੀ ਜੀ ਦੇ ਪਤੀ ਉੱਚ ਪਾਏ ਦੇ ਕਵੀ ਸਨ। ਉਨ੍ਹਾਂ ਨੇ ਬਹੁਤ ਵੱਡੇ ਆਕਾਰ ਵਿਚ ਕਾਵਿ-ਸਰਿਜਣਾ ਕੀਤੀ। ਇਸ ਤੋਂ ਛੁੱਟ ਉਨ੍ਹਾਂ ਨੇ ਸੰਸਕ੍ਰਿਤ ਦੀਆਂ ਰਚਨਾਵਾਂ ਦੇ ਅਨੁਵਾਦ ਵੀ ਕਰਵਾਏ। ਗੁਰੂ ਸਾਹਿਬ ਆਪ ਬ੍ਰਿਜੀ, ਅਵਧੀ, ਸੰਸਕ੍ਰਿਤ, ਅਰਬੀ, ਫ਼ਾਰਸੀ ਤੇ ਪੰਜਾਬੀ ਦੇ ਉੱਘੇ ਵਿਦਵਾਨ ਸਨ।[2] ਬ੍ਰਿਜ ਭਾਸ਼ਾ ਉਦੋਂ ਉੱਤਰ ਭਾਰਤ ਦੀ ਸਾਹਿਤਕ ਭਾਸ਼ਾ ਸੀ। ਇਸ ਲਈ ਗੁਰੂ ਜੀ ਦੀ ਵੱਡ-ਆਕਾਰੀ ਰਚਨਾ ਬ੍ਰਿਜ ਵਿਚ ਹੀ ਹੈ। ਦਸਮ ਗੁਰੂ ਦੇ ਜ਼ਮਾਨੇ ਵਿਚ ਬ੍ਰਿਜ ਅਤੇ ਪੰਜਾਬੀ ਵਿਚ ਵੱਡੇ ਪੈਮਾਨੇ ਉਤੇ ਸਾਹਿਤ-ਰਚਨਾ ਹੋਈ। ਇਕ ਵਾਰ ਗੁਰੂ ਸਾਹਿਬ ਨੂੰ ਫੁਰਨਾ ਫੁਰਿਆ ਕਿ ਵੇਖੀਏ ਕੁਲ ਕਿਤਨੀ ਰਚਨਾ ਸੰਪੂਰਨ ਹੋ ਚੁੱਕੀ ਹੈ। ਤੋਲ ਕਰਨ 'ਤੇ ਪਤਾ ਲੱਗਾ ਕਿ ਰਚਨਾ ਦਾ ਭਾਰ ਨੌਂ ਮਣ ਸੀ।[3] ਇਸ ਸਾਰੀ ਰਚਨਾ ਨੂੰ ਇਕ ਵੱਡੇ ਗ੍ਰੰਥ ਵਿਚ ਸੰਕਲਿਤ ਕੀਤਾ ਗਿਆ, ਜਿਸ ਦਾ ਨਾਮ 'ਵਿਦਿਆ ਸਾਗਰ' ਸੀ। ਇਹ ਅਮੋਲਕ ਗ੍ਰੰਥ ਅਨੰਦਪੁਰ ਖਾਲੀ ਕਰਨ ਸਮੇਂ ਸਰਸਾ ਨਦੀ ਦੇ ਹੜ੍ਹ ਦੀ ਭੇਟਾ ਹੋ ਗਿਆ ਸੀ। ਹੋ ਸਕਦਾ ਹੈ, ਦਸਮ ਗੁਰੂ ਦੀ ਰਚਨਾ ਦੀਆਂ ਵਿੱਕੋਲਿੱਤਰੀਆਂ ਪ੍ਰਤੀਆਂ ਕੁਝ ਸਿੱਖਾਂ ਕੋਲ ਹੋਣ। ਅਨੁਮਾਨ ਹੈ, ਦਸਮ ਗੁਰੂ ਉਸ ਸਮੇਂ ਜਿਤਨਾ ਵੀ ਅਨੁਵਾਦ-ਕਰਮ ਕਰਵਾ ਰਹੇ ਸਨ, ਉਸ ਦੀਆਂ ਪ੍ਰਤੀਆਂ ਨਾਲੋ-ਨਾਲ ਤਿਆਰ ਨਹੀਂ ਸੀ ਹੋ ਰਹੀਆਂ, ਨਹੀਂ ਤਾਂ ਜਿਵੇਂ ਦਸਮ ਗੁਰੂ ਸਵੈ-ਰਚਿਤ ਬਾਣੀ ਦੀਆਂ ਪ੍ਰਤੀਆਂ ਬਾਅਦ ਵਿਚ ਵਿੱਕੋਲਿੱਤ੍ਰੇ ਸਿੱਖਾਂ ਕੋਲੋਂ ਪ੍ਰਾਪਤ ਹੋ ਗਈਆਂ ਸਨ। ਇਸੇ ਤਰ੍ਹਾਂ ਉਸ ਬਾਣੀ ਦੇ ਪੰਨੇ ਵੀ ਕਿਧਰੋਂ ਨਾ ਕਿਧਰੋਂ ਪ੍ਰਾਪਤ ਹੋ ਜਾਂਦੇ। ਹਾਂ, ਇਤਨਾ ਜ਼ਰੂਰ ਨਿਸ਼ਚਿਤ ਹੈ, ਦਸਮ ਗੁਰੂ-ਰਚਿਤ ਬਾਣੀ ਦੀਆਂ ਪ੍ਰਤੀਆਂ ਨਾਲੋ-ਨਾਲ ਤਿਆਰ ਹੁੰਦੀਆਂ ਰਹੀਆਂ। ਨਾਲੇ, ਦਸਮ ਗੁਰੂ ਦੀ ਬਾਣੀ ਤਾਂ ਸਿੱਖ-ਸੰਗਤ ਨੂੰ ਕੰਠ ਵੀ ਹੋਵੇਗੀ ਹੀ। ਕੁਲ ਮਿਲਾ ਕੇ, ਦਸਮ ਗੁਰੂ ਦੀ ਬਾਣੀ ਨੂੰ ਸੰਚੈ ਕਰਨ ਦੇ ਸ੍ਰੋਤ ਜਾਂ ਤਾਂ ਉਨ੍ਹਾਂ ਦੀ ਬਾਣੀ ਦੇ ਉਤਾਰੇ ਹੀ ਸਨ ਤੇ ਜਾਂ ਫਿਰ ਸਿੱਖਾਂ ਦੀ ਕੰਠਾਗਰ ਬਾਣੀ ਜੋ ਉਹ ਨਿੱਤਨੇਮ ਵਿਚ ਕਰਦੇ ਸਨ। ਭਾਈ ਮਨੀ ਸਿੰਘ ਜੀ

1. ਭਾਈ ਕਾਨ੍ਹ ਸਿੰਘ, ਮਹਾਨ ਕੋਸ਼ ਪੰਨਾ 461।
2. ਹਰਬੰਸ ਸਿੰਘ, ਗੁਰੂ ਗੋਬਿੰਦ ਸਿੰਘ ਪੰਨਾ 53।
3. ਹਰਬੰਸ ਸਿੰਘ, ਗੁਰੂ ਗੋਬਿੰਦ ਸਿੰਘ ਪੰਨਾ 53।

ਨੇ ਆਪਣੀ ਸ਼ਕਤੀ ਦਸਮ ਗੁਰੂ ਦੀ ਬਾਣੀ ਸੰਚਿਤ ਕਰਨ ਉੱਪਰ ਲਗਾਈ। ਇਹ ਬਾਣੀ ਸੰਚਿਤ ਕਰ ਕੇ ਭਾਈ ਸਾਹਿਬ ਨੇ ਇਕ ਗ੍ਰੰਥ ਤਿਆਰ ਕੀਤਾ ਜੋ ਬਾਅਦ ਵਿਚ ਦਸਮ ਗੁਰੂ ਗ੍ਰੰਥ ਦੇ ਨਾਮ ਨਾਲ ਪ੍ਰਸਿੱਧ ਹੋਇਆ। ਭਾਈ ਮਨੀ ਸਿੰਘ ਦੀ ਇਕ ਇਤਿਹਾਸਕ ਚਿੱਠੀ 'ਸ਼ਬਦ ਮੂਰਤਿ' ਪੁਸਤਕ ਵਿਚ ਸੰਕਲਿਤ ਕੀਤੀ ਗਈ ਹੈ। ਉਸ ਸਾਰੀ ਚਿੱਠੀ ਦੀ ਪੂਰੀ ਨਕਲ ਪੇਸ਼ ਕਰਨੀ ਉਚਿਤ ਪ੍ਰਤੀਤ ਹੁੰਦੀ ਹੈ :

ੴ ਅਕਾਲ ਸਹਾਏ ॥

ਪੂਜ ਮਾਤਾ ਜੀ ਦੇ ਚਰਨਾਂ ਪਰ ਮਨੀ ਸਿੰਘ ਕੀ ਡੰਡੌਤ ਬੰਦਨਾ
ਬਹੁਰੋ ਸਮਾਚਾਰ ਵਾਚਨਾ ਕਿ ਇਧਰ ਆਉਨ ਪਰ ਸਾਡਾ ਸਰੀਰ
ਵਾਯੂ ਕਾ ਅਧਿਕ ਵਿਕਾਰੀ ਹੋਇ ਗਿਆ ਹੈ।
ਸੁਅਸਤ[1] ਨਾਹੀ ਰਿਹਿਆ। ਤਾਪ ਦੀ ਕਥਾ ਦੋ ਬਾਰ ਸੁਨੀ।
ਪਰ ਮੰਦਰ ਕੀ ਸੇਵਾ ਮੇਂ ਕੋਈ ਆਲਕੁ[2] ਨਾਹੀ।
ਦੋਸ ਵਿਚ ਖ਼ਾਲਸੇ ਦਾ ਬਲੁ ਛੁਟਿ[3] ਗਇਆ ਹੈ।
ਸਿੰਘ ਪਰਬਤਾਂ ਬਿਬਾਨਾਂ[4] ਵਿਚ ਜਾਇ ਬਸੇ ਹੈਨ।
ਮਲੇਛੇਂ[5] ਕੀ ਦੇਸ ਮੇਂ ਦੋਹੀ[6] ਹੈ।
ਬਸਤੀ ਮੇਂ ਬਹਲਕ ਜਵਾਂ[7] ਇਸਤਰੀ ਸਲਾਮਤੁ[8] ਨਾਹੀ।
ਮੁਛੁ ਮੁਛੁ[9] ਕਰ ਮਾਰਦੇ ਹੈਨ।
ਗੁਰੂ ਦਰੋਹੀ[10] ਬੀ ਉਨ੍ਹਾਂ ਦੇ ਸੰਗੁ ਮਿਲਿ ਗਏ ਹੈਨ।
ਹੰਦਾਲੀਏ ਮਿਲਿ ਕਰ ਮੁਕਬਰੀ[11] ਕਰਦੇ ਹੈਨ।
ਸਬੀ ਚਕੁ[12] ਛੋੜ ਗਏ ਹੈਨ। ਮੁਤਸਦੀ[13] ਭਾਗ ਗਏ ਹਨ।
ਸਾਡੇ ਪਰ ਅਬੀ ਤੋ ਅਕਾਲ ਕੀ ਰਛਾ[14] ਹੈ।
ਕਲ ਕੀ ਖਬਰ ਨਾਹੀ। ਸਾਹਿਬ[15] ਦੇ ਹੁਕਮ ਅਟਲ ਹੈਨ।
ਬਿਨੋਦ ਸਿੰਘ ਦੇ ਪੁਤਰੇਲੇ[16] ਦਾ ਹੁਕਮ ਸਤੁ[17] ਹੋਇ ਗਇਆ ਹੈ।
ਪੋਥੀਆਂ ਜੋ ਝੰਡਾ ਸਿੰਘ ਦੇ ਹਾਥਿ ਭੇਜੀ ਥੀ।
ਉਨ੍ਹਾਂ ਵਿਚ ਸਾਹਿਬਾਂ ਦੇ ੩੦੩ ਚਰਿਤਰ ਉਪਾਖਿਆਨ ਦੀ ਪੋਥੀ
'ਜੋ ਹੈ ਸੋ ਸੀਹਾਂ ਸਿੰਘ ਨੂੰ ਮਹਲ ਵਿਚ ਦੇਨਾ ਜੀਂ।
ਨਾਮ ਮਾਲਾ ਦੀ ਪੋਥੀ ਦੀ ਖਬਰੁ ਅਬੀ ਮਿਲੀ ਨਾਹੀ।
ਕਰਿਸਨਾਵਤਾਰ ਪੂਰਬਾਰਧ ਤੋ ਮਿਲਾ। ਉਤਰਾਰਧ ਨਾਹੀ।
ਜੇ ਮਿਲਾ ਅਸੀਂ ਭੇਜ ਦੇਵਾਂਗੇ।
ਦੇਸ ਵਿਚ ਗੌਗਾ[18] ਹੈ ਕਿ ਬੰਦਾ ਬੰਧਨਿ ਮੁਕਤਿ ਹੋਇ ਭਾਗ
ਗਇਆ ਹੈ ਸਾਹਿਬ ਬਹੁੜੀ ਕਰਨਗੇ।
ਤੋਲਾ ੫ ਸਾਹਿਬਜ਼ਾਦੇ ਕੀ ਘਰਨੀ[19] ਕੇ ਅਭੂਖਨ ਲਈ ਗੁਰੂ
ਕਿਆਂ ਖੰਡੂਰ ਸੇ ਭੇਜਾ ਹੈ।
ਰਜਤਪਨ[20] ਬੀ ਝੰਡਾ ਸਿੰਘ ਸੇ ਭਰਪਾਨੇ[21]
ਪੰਜ ਰਜਤਪਨ ਇਸੇ ਤੋਸ਼ਾ[22] ਦੀਆ।

ਇਸ ਨੂੰ ਬਦਰਕਾ ਬੀ ਹੈ। ਇਸ ਸੇ ਉਠਿ ਜਾਵੇਂਗੇ।
ਮੁਸਤਦੀਓਂ[23] ਨੇ ਹਿਸਾਬ ਨਾਹੀ ਦੀਆ
ਜੋ ਦੇਂਦੇ ਤਾਂ ਬੜੇ ਸਹਿਰ ਸੇ ਹੁੰਡੀ ਕਰਾਇ ਭੇਜਦੇ।
ਅਸਾਡੇ ਸਰੀਰ ਕੀ ਰੱਛਿਆ ਰਹੀ ਤਾਂ ਕੁਆਰ[24] ਦੇ ਮਹੀਨੇ ਆਵਾਂਗੇ।
ਮਿਤੀ ਵੈਸਾਖੁ ੨੨ ਦਸਖ਼ਤ ਮਨੀ ਸਿੰਘ
ਗੁਰੂ ਚਕੁ ਬੁੰਗਾ
ਜੁਆਬ ਪੋਰੀ[25] ਮੇਂ

---

1. ਤੰਦਰੁਸਤੀ, 2.ਆਲਸ, 3.ਸ਼ਕਤੀ ਖ਼ਤਮ ਹੋ ਗਈ ਹੈ, 4. ਜੰਗਲਾਂ, 5. ਮੁਸਲਮਾਨਾਂ ਦੀ, 6. ਬੋਲਬਾਲਾ, 7. ਜੁਆਨ, 8. ਸੁਰੱਖਿਅਤ, 9. ਟੋਟੇ-ਟੋਟੇ, 10. ਧਰੋਹੀ, 11. ਚੁਗਲੀ, 12. ਅੰਮ੍ਰਿਤਸਰ, 13. ਲੇਖਾ ਕਰਨੇ ਵਾਲੇ, 14. ਰੱਖਿਆ, 15. ਅਕਾਲ ਪੁਰਖ, 16. ਗੋਦ ਲੀਤਾ ਪੁੱਤਰ, 17. ਦੇਹਾਂਤ ਹੋ ਗਿਆ ਹੈ, 18. ਅਫਵਾਹ, 19. ਘਰਵਾਲੀ, ਵਹੁਟੀ, 20. ਚਾਂਦੀ ਦੇ ਰੁਪਏ, 21. ਲੈ ਲੈਣੇ, 22. ਸਫਰ ਖ਼ਰਚ, 23. ਲੇਖਾ ਰੱਖਣ ਵਾਲੇ ਭਾਵ ਮੁਨਸ਼ੀ, 24. ਅੱਸੂ, 25. ਡਾਂਗ ਦੇ ਪੋਲ ਵਿਚ।

ਨੋਟ : ਉਦੋਂ ਹਕੂਮਤ ਨੂੰ ਜਿਨ੍ਹਾਂ ਬੰਦਿਆਂ ਉਤੇ ਸ਼ੱਕ ਹੁੰਦਾ ਸੀ, ਉਨ੍ਹਾਂ ਦੀ ਹਰ ਤਰ੍ਹਾਂ ਦੀ ਤਲਾਸ਼ੀ ਲੈਂਦੀ ਸੀ। ਭਾਈ ਮਨੀ ਸਿੰਘ ਨੇ 'ਪੋਰੀ' ਸ਼ਬਦ ਲਿਖ ਕੇ ਚਿੱਠੀ ਰੱਖਣ ਵਾਲੇ ਗੁਪਤ ਸਥਾਨ ਵੱਲ ਸੰਕੇਤ ਕੀਤਾ ਹੈ।

ਭਾਈ ਮਨੀ ਸਿੰਘ ਦੀ ਇਸ ਚਿੱਠੀ ਤੋਂ ਬੜੇ ਦਿਲਚਸਪ ਨੁਕਤੇ ਉਭਰਦੇ ਹਨ :

1. ਭਾਈ ਮਨੀ ਸਿੰਘ ਆਪਣੀ ਵਿਅਕਤੀਗਤ ਸੂਚਨਾ ਮਾਤਾ ਜੀ ਨੂੰ ਭੇਜਦਾ ਸੀ, ਜੇਹਾ ਕਿ ਬਿਮਾਰ ਰਹਿਣ ਦੀ ਤੇ ਬਿਮਾਰੀ ਦੀ ਹਾਲਤ ਵਿਚ ਵੀ ਹਰਿਮੰਦਰ ਦੀ ਸੇਵਾ ਵਿਚ ਫ਼ਰਕ ਨਾ ਆਉਣ ਦੀ। ਤੇ ਅੱਸੂ ਦੇ ਮਹੀਨੇ ਵਿਚ ਦਿੱਲੀ ਆਉਣ ਦੀ।
2. ਮਾਤਾ ਜੀ ਨੂੰ ਪੰਜਾਬ ਦੀ ਰਾਜਸੀ ਸਮਕਾਲੀ ਸਥਿਤੀ ਦੀ ਖ਼ਬਰ ਨਾਲੋ-ਨਾਲ ਹੋ ਰਹੀ ਸੀ ਤੇ ਪੰਜਾਬ ਵਿਚ ਜ਼ਾਲਮ ਹਕੂਮਤ ਦਾ ਹੀ ਬੋਲਬਾਲਾ ਸੀ।
3. ਸਮਾਜਿਕ ਅਵਸਥਾ ਦੀ ਸੂਚਨਾ ਵੀ ਮਾਤਾ ਜੀ ਤਕ ਪਹੁੰਚਦੀ ਰਹਿੰਦੀ ਸੀ ਜੇਹਾ ਕਿ ਸ਼ਹਿਰ ਵਿਚ ਇਕੱਲੀ ਜਵਾਨ ਔਰਤ ਸੁਰੱਖਿਅਤ ਨਹੀਂ ਸੀ।
4. ਸਿੱਖਾਂ ਦੀ ਜਥੇਬੰਦੀ ਹਲਕੀ ਪੈ ਰਹੀ ਸੀ। ਗੁਰੂ-ਧਰੋਹੀ ਹੰਦਾਲੀਏ ਹਕੂਮਤ ਨਾਲ ਮਿਲ ਗਏ ਸਨ। ਹੰਦਾਲੀਏ ਉਨ੍ਹਾਂ ਦਿਨਾਂ ਵਿਚ ਮਹੰਤ ਹੁੰਦੇ ਸਨ। ਇਨ੍ਹਾਂ ਨੇ ਸਿੱਖਾਂ ਦੇ ਵਿਰੁੱਧ ਹਕੂਮਤ ਦੀ ਬਹੁਤ ਮਦਦ ਕੀਤੀ ਸੀ। ਇਹ ਹਕੂਮਤ ਅੱਗੇ ਸਿੱਖਾਂ ਦੀ ਚੁਗ਼ਲੀ ਕਰਦੇ ਸਨ ਅਥਵਾ ਚੌਧਰੀ ਬਣ ਕੇ ਸਿੱਖਾਂ ਦੀ ਚੁਗ਼ਲੀ ਸਰਕਾਰੀ ਬੰਦਿਆਂ ਕੋਲ ਕਰਦੇ ਸਨ।
5. ਮੁਤੱਸਦੀ ਅਥਵਾ ਹਿਸਾਬ-ਕਿਤਾਬ ਰੱਖਣ ਵਾਲੇ ਮੁਨਸ਼ੀ ਅੰਮ੍ਰਿਤਸਰ ਸ਼ਹਿਰ ਛੱਡ ਕੇ ਜੰਗਲਾਂ ਵੱਲ ਦੌੜ ਗਏ ਸਨ। ਇਹ ਉਹ ਸਮਾਂ ਸੀ ਜਦੋਂ ਸਿੱਖਾਂ ਨੂੰ ਚੁਣ-ਚੁਣ ਕੇ ਮਾਰਿਆ ਜਾ ਰਿਹਾ ਸੀ।
6. ਬਿਨੋਦ ਸਿੰਘ ਉਸ ਸਮੇਂ ਦੇ ਮੁਖੀ ਸਿੱਖਾਂ 'ਚੋਂ ਇਕ ਸੀ। ਉਸ ਦਾ ਪੁੱਤਰ ਪ੍ਰਲੋਕ ਸਿਧਾਰ ਗਿਆ ਸੀ। ਭਾਈ ਮਨੀ ਸਿੰਘ ਨੇ ਇਹ ਸੂਚਨਾ ਵੀ ਭੇਜੀ ਹੈ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਿੱਖ-ਸੰਗਤ ਦੇ ਮੁਖੀ ਸਿੱਖਾਂ ਦੇ ਘਰੇਗੀ ਹਾਲਾਤ ਤੋਂ ਵੀ ਮਾਤਾ ਜੀ ਨੂੰ ਨਾਲੋ-ਨਾਲ ਜਾਣੂੰ ਕਰਵਾਇਆ ਜਾਂਦਾ ਸੀ।
7. ਭਾਈ ਮਨੀ ਸਿੰਘ ਨੂੰ ਦਸਮ ਗੁਰੂ ਦੀ ਬਾਣੀ ਕਿਧਰੋਂ ਵੀ ਹੱਥ ਆਉਂਦੀ, ਉਹ ਨਾਲੋ-

ਨਾਲ ਮਾਤਾ ਸੁੰਦਰੀ ਜੀ ਨੂੰ ਭੇਜ ਦੇਂਦੇ ਸੀ। ਭਾਈ ਸਾਹਿਬ ਕਿਸੇ ਟਪਲੇ ਤੋਂ ਬਚਣ ਲਈ ਭੇਜੀ ਗਈ ਰਚਨਾਂ ਦਾ ਪੂਰਾ ਪੂਰਾ ਵੇਰਵਾ ਦੇਂਦੇ ਸੀ। ਇਸ ਪੱਤਰ ਤੋਂ ਇਹ ਪਤਾ ਲੱਗਦਾ ਹੈ ਕਿ ਭਾਈ ਸਾਹਿਬ ਨੇ ਝੰਡਾ ਸਿੰਘ ਦੇ ਹੱਥ ਦਸਮ ਗੁਰੂ ਰਚਿਤ 303 ਚਰਿਤਰ-ਉਪਾਖਿਆਨ ਦੀ ਪੋਥੀ ਭੇਜੀ ਸੀ। ਇਹ ਧਿਆਨਯੋਗ ਹੈ ਕਿ ਜੋ ਵੀ ਬਾਣੀ ਭਾਈ ਮਨੀ ਸਿੰਘ ਜੀ ਅੰਮ੍ਰਿਤਸਰ ਵਿਚ ਲੱਭਦੇ-ਲਭਾਉਂਦੇ ਸਨ, ਉਨ੍ਹਾਂ ਦੇ ਉਤਾਰੇ ਦਿੱਲੀ ਵਿਚ ਭਾਈ ਸੀਹਾਂ ਸਿੰਘ ਮਾਤਾ ਸਾਹਿਬ ਦੇਵਾਂ ਦੀ ਨਿਗਰਾਨੀ ਵਿਚ ਤਿਆਰ ਕਰ ਰਹੇ ਸੀ। ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਮਾਤਾ ਸਾਹਿਬ ਦੇਵਾਂ ਗੁਰੂ ਗੋਬਿੰਦ ਦੀ ਬਾਣੀ ਨੂੰ ਸੰਪਾਦਨ ਕਰਵਾਉਣ ਵਿਚ ਪੂਰਾ-ਪੂਰਾ ਸਹਿਯੋਗ ਦੇ ਰਹੇ ਸੀ। ਹੋ ਸਕਦਾ ਹੈ, ਬਾਅਦ ਵਿਚ ਇਨ੍ਹਾਂ ਉਤਾਰਿਆਂ ਨੂੰ ਹੀ ਭਾਈ ਮਨੀ ਸਿੰਘ ਨੇ ਇਕੱਠਾ ਕਰ ਕੇ ਚੰਗੀ ਤਰ੍ਹਾਂ ਜਾਂਚ-ਪੜਤਾਲ ਕਰ ਕੇ ਸੰਪਾਦਿਤ ਕੀਤਾ ਹੋਵੇ। ਦੂਸਰਾ ਮਤ ਇਹ ਵੀ ਹੋ ਸਕਦਾ ਹੈ, ਭਾਈ ਮਨੀ ਸਿੰਘ ਪ੍ਰਾਪਤ ਹੋਈ ਬਾਣੀ ਦੀ ਪ੍ਰਤੀ ਪਹਿਲੇ ਅੰਮ੍ਰਿਤਸਰ ਤਿਆਰ ਕਰਵਾ ਕੇ ਉਸ ਪ੍ਰਤੀ ਨੂੰ ਆਪਣੇ ਪਾਸ ਰੱਖ ਲੈਂਦੇ ਹੋਣ ਤੇ ਫਿਰ ਉਹ ਹੋਰ ਉਤਾਰਿਆਂ ਲਈ ਦਿੱਲੀ ਭੇਜਦੇ ਹੋਣ।

8. ਇਸ ਪੱਤਰ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਭਾਈ ਮਨੀ ਸਿੰਘ ਨੂੰ ਜਿਹੜੀਆਂ ਰਚਨਾਵਾਂ ਕਿਧਰੋਂ ਵੀ ਪ੍ਰਾਪਤ ਨਹੀਂ ਸੀ ਹੋ ਰਹੀਆਂ, ਉਹ ਉਨ੍ਹਾਂ ਦੀ ਸੂਚਨਾ ਵੀ ਨਾਲੋ-ਨਾਲ ਭੇਜ ਰਹੇ ਸੀ। ਇਸੇ ਪੱਤਰ ਤੋਂ ਪਤਾ ਲੱਗਦਾ ਹੈ ਕਿ ਮਾਤਾ ਸੁੰਦਰੀ ਜੀ ਦੇ ਹੁਕਮ ਅਨੁਸਾਰ ਭਾਈ ਮਨੀ ਸਿੰਘ ਨੂੰ 'ਨਾਮ ਮਾਲਾ' ਭਾਵ ਸ਼ਸਤ੍ਰ ਨਾਮਮਾਲਾ ਦੀ ਪੋਥੀ ਪ੍ਰਾਪਤ ਨਹੀਂ ਹੋ ਸਕੀ। ਪਰ ਕਰਿਸ਼ਨਾਵਤਾਰ ਪੂਰਬਾਰਧ ਉਨ੍ਹਾਂ ਨੂੰ ਲੱਭ ਚੁੱਕੀ ਸੀ। ਇਥੇ ਇਕ ਹੋਰ ਤੱਥ ਵਾਚਣਯੋਗ ਹੈ। ਭਾਈ ਮਨੀ ਸਿੰਘ ਨੂੰ ਕਰਿਸ਼ਨਾਵਤਾਰ ਪੂਰਬਾਰਧ ਪ੍ਰਾਪਤ ਹੋ ਚੁੱਕੀ ਸੀ। ਉਨ੍ਹਾਂ ਨੇ ਇਸ ਗੱਲ ਦੀ ਸੂਚਨਾ ਤਾਂ ਮਾਤਾ ਜੀ ਭੇਜ ਦਿੱਤੀ ਸੀ। ਪਰ ਖਰੜਾ ਨਹੀਂ। ਜੇ ਉਹ ਚਾਹੁੰਦੇ ਤਾਂ 303 ਚਰਿਤਰ ਉਪਾਖਿਆਨ ਕਰਿਸ਼ਨਾਵਤਾਰ ਪੂਰਬਾਰਧ ਵੀ ਤਾਂ ਭੇਜ ਸਕਦੇ ਸੀ ਪਰ ਉਨ੍ਹਾਂ ਨੇ ਭੇਜੀ ਨਹੀਂ। ਇਸੇ ਗੱਲ ਤੋਂ ਸਾਡਾ ਪਹਿਲਾ ਮਤ ਹੋਰ ਵੀ ਪੁਸ਼ਟ ਹੁੰਦਾ ਹੈ ਕਿ ਜੋ ਬਾਣੀ-ਰਚਨਾ ਭਾਈ ਮਨੀ ਸਿੰਘ ਨੂੰ ਪ੍ਰਾਪਤ ਹੁੰਦੀ ਸੀ, ਉਹ ਪਹਿਲਾਂ ਉਸ ਦਾ ਉਤਾਰਾ ਕਰ ਕੇ ਜਾਂ ਕਰਵਾ ਕੇ ਆਪਣੇ ਕੋਲ ਰੱਖ ਲੈਂਦੇ ਸਨ ਤੇ ਫਿਰ ਉਸ ਦੀਆਂ ਹੋਰ ਪ੍ਰਤੀਆਂ ਬਣਾਉਣ ਲਈ ਦਿੱਲੀ ਭੇਜਦੇ ਸਨ।

9. ਹਕੂਮਤ ਬਾਬਾ ਬੰਦਾ ਸਿੰਘ ਬਹਾਦਰ ਦੇ ਹੱਥ ਧੋ ਕੇ ਵੈਰ ਪੈ ਗਈ ਸੀ। ਬਾਬਾ ਬੰਦਾ ਸਿੰਘ ਬਹਾਦਰ ਨੂੰ ਹਕੂਮਤ ਨੇ ਫੜ ਲਿਆ ਹੋਇਆ ਸੀ। ਪੰਜਾਬ ਵਿਚ ਉਸ ਸਮੇਂ ਇਸ ਗੱਲ ਦੀ ਅਫਵਾਹ ਫੈਲੀ ਹੋਈ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਹਕੂਮਤ ਦੀ ਕੈਦ ਵਿਚੋਂ ਦੌੜ ਗਿਆ ਹੈ। ਇਹ ਤੱਥ ਵੀ ਇਸੇ ਪੱਤਰ ਤੋਂ ਗਿਆਤ ਹੁੰਦਾ ਹੈ।

10. ਅਜੀਤ ਸਿੰਘ ਜੋ ਮਾਤਾ ਜੀ ਦਾ ਪਾਲਿਤ ਪੁੱਤਰ ਸੀ, ਨੂੰ ਉਸ ਵੇਲੇ ਦੀ ਸਿੱਖ-ਸੰਗਤ ਜਾਂ ਗੁਰੂ ਖ਼ਾਨਦਾਨ ਨਾਲ ਸੰਬੰਧਿਤ ਵਿਅਕਤੀ ਮਾਤਾ ਜੀ ਦਾ ਪੁੱਤਰ ਜਾਣ ਕੇ ਅਦਬ-ਸਤਿਕਾਰ ਕਰਦੇ ਸੀ ਤੇ ਪਿਆਰ-ਭਾਵਨਾ ਨਾਲ ਅਜੀਤ ਸਿੰਘ ਜਾਂ ਉਸ ਦੇ ਪਰਿਵਾਰ ਲਈ ਕੁਝ ਵਸਤਾਂ ਜਾਂ ਤੋਹਫੇ ਆਦਿ ਭੇਜਦੇ ਰਹਿੰਦੇ ਸੀ। ਇਸ ਤੱਥ ਦੀ ਪੁਸ਼ਟੀ ਇਸ ਪੱਤਰ ਦੇ ਇਨ੍ਹਾਂ ਸ਼ਬਦਾਂ ਤੋਂ ਹੋ ਜਾਂਦੀ ਹੈ 'ਖਡੂਰ ਸਾਹਿਬ ਤੋਂ ਗੁਰੂ-ਕਿਆਂ ਨੇ ਸ਼ਹਿਜ਼ਾਦੇ ਦੇ ਘਰਨੀ

(ਘਰਵਾਲੀ) ਦੇ ਗਹਿਣਿਆਂ ਲਈ 5 ਤੋਲੇ ਸੋਨਾ ਭੇਜਿਆ ਹੈਂ । ਇਥੋਂ ਹੀ ਇਕ ਹੋਰ ਤੱਥ ਵੀ ਸਾਹਮਣੇ ਆਉਂਦਾ ਹੈ । ਭਾਈ ਮਨੀ ਸਿੰਘ ਬਾਰੇ ਆਮ ਲੋਕਾਂ ਨੂੰ ਪਤਾ ਸੀ ਕਿ ਉਹ ਮਾਤਾ ਜੀ ਦਾ ਸਭ ਤੋਂ ਵੱਧ ਇਤਬਾਰੀ ਬੰਦਾ ਹੈ । ਗਰਦਿਸ਼ ਦਾ ਸਮਾਂ ਹੋਣ ਕਰ ਕੇ ਲੋਕ ਨਾ ਤਾਂ ਛੇਤੀ-ਛੇਤੀ ਆ ਸਕਦੇ ਸਨ ਤੇ ਨਾ ਹੀ ਕੋਈ ਵਸਤੂ ਸਿੱਧੇ ਤੌਰ 'ਤੇ ਭੇਜੀ ਜਾ ਸਕਦੀ ਸੀ । ਖ਼ਬਰੇ ਤਾਹੀਉਂ ਲੋਕ ਮਾਤਾ ਜੀ ਦੇ ਉਪਹਾਰ ਭਾਈ ਮਨੀ ਸਿੰਘ ਜੀ ਪਾਸ ਭੇਜਦੇ ਸਨ ਤੇ ਉਹ ਗੁਪਤ ਵਸੀਲਿਆਂ ਰਾਹੀਂ ਮਾਤਾ ਜੀ ਤਕ ਪਹੁੰਚਾਉਂਦੇ ਸਨ ।

11. ਪੰਜਾਬ ਦੇ ਸ਼ਰਧਾਲੂ ਸਿੱਖ ਆਪਣੇ ਪੁੰਨ-ਦਾਨ ਦੀ ਰਕਮ ਭਾਈ ਮਨੀ ਸਿੰਘ ਰਾਹੀਂ ਹੀ ਮਾਤਾ ਜੀ ਪਾਸ ਭੇਜਦੇ ਸਨ । ਭਾਈ ਮਨੀ ਸਿੰਘ ਜੀ ਦੇ ਇਹ ਸ਼ਬਦ 'ਮੁਸਤੱਦੀ ਭਾਗ ਗਏ ਹੈਨ' ਇਸ ਤੱਥ ਵੱਲ ਸੰਕੇਤ ਕਰਦੇ ਹਨ ਕਿ ਉਦੋਂ ਪੰਜਾਬ ਵਿਚੋਂ ਮਾਇਆ ਉਗਰਾਹੁਣ ਲਈ ਇਲਾਕਿਆਂ ਦੀ ਆਪਸ ਵਿਚ ਵੰਡ ਕੀਤੀ ਹੋਈ ਸੀ । ਮੁਸਤੱਦੀ ਆਪਣੇ ਇਲਾਕੇ ਦੀ ਮਾਇਆ ਉਗਰਾਹ ਕੇ ਭਾਈ ਮਨੀ ਸਿੰਘ ਪਾਸ ਭੇਜਦੇ ਸਨ ਤੇ ਉਹ ਉਗਰਾਹੀ ਹੋਈ ਮਾਇਆ ਮਾਤਾ ਜੀ ਨੂੰ 'ਹੁੰਡੀ' ਕਰਵਾ ਕੇ ਭੇਜਦੇ ਸਨ । ਇਸ ਤੱਥ ਦੀ ਪੁਸ਼ਟੀ 'ਮੁਸਤੱਦੀਓਂ ਨੇ ਹਿਸਾਬ ਨਹੀਂ ਦੀਆ ਜੋ ਦੇਂਦੇ ਤਾਂ ਬੜੇ ਸ਼ਹਿਰ ਸੇ ਹੁੰਡੀ ਕਰਾਇ ਭੇਜਦੇ' ਪੰਕਤੀਆਂ ਤੋਂ ਵੀ ਹੋ ਜਾਂਦੀ ਹੈ । ਇਹ ਵੀ ਹੋ ਸਕਦਾ ਹੈ ਕਿ ਹਰਿਮੰਦਰ ਸਾਹਿਬ ਦਾ ਚੜ੍ਹਾਵਾ ਵੀ ਭਾਈ ਸਾਹਿਬ ਸਥਾਨਕ ਖ਼ਰਚ ਆਦਿ ਨੂੰ ਪੂਰਾ ਕਰਨ ਤੋਂ ਬਾਅਦ ਜੋ ਵੀ ਬਚਦਾ ਹੋਵੇ, ਮਾਤਾ ਜੀ ਵੱਲ ਹੁੰਡੀ ਰਾਹੀਂ ਭੇਜ ਦੇਂਦੇ ਹੋਣ ।

ਭਾਈ ਮਨੀ ਸਿੰਘ ਦੀ ਇਸੇ ਇਕੋ ਚਿੱਠੀ ਤੋਂ ਉਸ ਸਮੇਂ ਦੀ ਸਾਰੀ ਸਮਕਾਲੀ ਸਥਿਤੀ ਦਾ ਪੂਰਾ ਗਿਆਨ ਹੋ ਜਾਂਦਾ ਹੈ । ਹੋਰ ਗੱਲਾਂ ਵਿਚ ਨਾ ਉਲਝ ਕੇ ਇਥੇ ਇਹ ਸੰਕੇਤ ਕਰਨਾ ਉਚਿਤ ਹੈ, ਮਾਤਾ ਸੁੰਦਰੀ ਜੀ ਆਪਣੇ ਪਤੀ-ਗੁਰੂ ਦੀਆਂ ਰਚਨਾਵਾਂ ਦੀ ਢੂੰਡ-ਭਾਲ ਬੜੀ ਤਰੱਦਦ ਨਾਲ ਕਰਾ ਰਹੇ ਸਨ । ਇਸ ਮਹਾਨ ਕਾਰਜ ਲਈ ਭਾਈ ਮਨੀ ਸਿੰਘ ਦਾ ਵਿਸ਼ੇਸ਼ ਯੋਗਦਾਨ ਹੈ । ਅਸਲ ਵਿਚ ਮਾਤਾ ਸੁੰਦਰੀ ਜੀ ਇਸ ਕਾਰਜ ਨੂੰ ਬਹੁਤ ਵੱਡੇ ਪੈਮਾਨੇ ਉੱਪਰ ਕਰਾ ਰਹੇ ਸਨ । ਤੇ, ਦਿੱਲੀ ਵਿਚ ਉਨ੍ਹਾਂ ਦੇ ਸਭ ਤੋਂ ਵੱਡੇ ਸਥਾਨਕ ਸਹਿਯੋਗੀ ਮਾਤਾ ਸਾਹਿਬ ਦੇਵਾਂ ਜੀ ਸਨ । ਪੰਜਾਬ ਅਤੇ ਬਿਹਾਰ ਵਿਚ ਅਨੇਕ ਸਿੱਖ ਇਸ ਕਾਰਜ ਵਿਚ ਰੁੱਝੇ ਹੋਏ ਸਨ । ਗੁਰੂ ਦੇ ਸਿਦਕੀ ਸਿੱਖ, ਦਿਨ-ਰਾਤ ਇਕ ਕਰ ਕੇ ਗੁਰੂ ਸਾਹਿਬ ਦੀ ਬਾਣੀ ਦੀ ਢੂੰਡ-ਭਾਲ ਕਰ ਰਹੇ ਸਨ । ਕੁਝ ਸਿੱਖ ਪ੍ਰਾਪਤ ਹੋਈਆਂ ਰਚਨਾਵਾਂ ਦੀਆਂ ਪ੍ਰਤੀਆਂ ਤਿਆਰ ਕਰ ਰਹੇ ਸਨ । ਬਾਣੀ ਲੱਭਣ ਦਾ ਕਾਰਜ ਪਟਨਾ ਸਾਹਿਬ ਵਿਚ ਵੀ ਬੜੀ ਤੇਜ਼ ਗਤੀ ਨਾਲ ਕੀਤਾ ਜਾ ਰਿਹਾ ਸੀ । ਲੱਗਭਗ ਅਠਾਰ੍ਹਵੀਂ ਸਦੀ ਬਿਕ੍ਰਮੀ ਦੇ ਅੰਤ ਵਿਚ ਹੀ ਤਖਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਦੇ ਸੇਵਾਦਾਰਾਂ-ਪ੍ਰਬੰਧਕਾਂ ਨੇ ਵੀ ਦਸਵੇਂ ਪਾਤਸ਼ਾਹ ਦੀ ਬਾਣੀ ਲੱਭ ਕੇ ਮਿਸਲ ਤਿਆਰ ਕਰ ਲਈ ਸੀ ਜੋ ਬਾਅਦ ਵਿਚ 'ਪਟਨੇ ਦੀ ਮਿਸਲ' ਕਰ ਕੇ ਪ੍ਰਸਿੱਧ ਹੋਈ । ਕਹਿਣ ਤੋਂ ਭਾਵ ਹੈ, ਇਸ ਮਹਾਨ ਕਾਰਜ ਦਾ ਮੂਲ ਪ੍ਰੇਰਣਾ-ਸ੍ਰੋਤ ਮਾਤਾ ਸੁੰਦਰੀ ਜੀ ਹੀ ਸਨ । ਇਹ ਕਠਿਨ ਕਾਰਜ ਇਕ ਟੀਮ-ਸਪਿਰਟ ਵਿਚ ਬੱਝ ਕੇ ਹੋ ਰਿਹਾ ਸੀ । ਸਪੱਸ਼ਟ ਹੈ, ਮਾਤਾ ਸੁੰਦਰੀ ਜੀ ਦੇ ਉਚੇਚੇ ਯਤਨਾਂ ਸਦਕਾ ਹੀ ਦਸਮ ਗੁਰੂ ਦੀ ਬਾਣੀ ਸੰਚਿਤ ਹੋ ਸਕੀ । ਕੇਸਰ ਸਿੰਘ ਛਿੱਬਰ ਦੇ ਅਨੁਸਾਰ ਭਾਈ ਮਨੀ ਸਿੰਘ ਨੂੰ ਮਾਤਾ ਜੀ ਨੇ

ਬਹੁਤ ਸਾਰੀ ਮਾਇਆ ਦੇ ਕੇ ਅੰਮ੍ਰਿਤਸਰ ਭੇਜਿਆ ਸੀ[1] । ਤਾਂ ਕਿ ਇਹ ਕਾਰਜ ਪੈਸੇ ਦੀ ਤੰਗੀ ਹੱਥੋਂ ਜਾਂ ਕਿਸੇ ਹੋਰ ਕਾਰਣ ਕਰ ਕੇ ਨਾ ਰਹਿ ਜਾਵੇ । ਛਿੱਬਰ ਲਿਖਦਾ[2] ਹੈ :

ਭਾਈ ਮਨੀ ਸਿੰਘ ਜੀ ਮੁਸੱਦੀ
ਜਾਤਿ ਕੰਬੋਉ-ਸਿੱਖ ਸਿੱਖਾਂ ਵਿਚ ਗਣਿਆ
ਜੋ ਸਿੱਖ ਮਾਇਆ ਲੈ ਕੇ ਬਹੁਤ ਹੈ ਸੀ ਆਇਆ
ਸਿੱਖਾਂ ਨੂੰ ਖਰਚ ਰੁਪਏ ਦੇ ਕੇ, ਬਾਣੀ ਢੂੰਢਾਇਆ । (382)

ਅਤੇ

ਖ਼ਾਸ ਦਸਖ਼ਤੀ ਪੱਤ੍ਰ ਲਿਖੇ ਹੱਥਿ ਆਏ
ਉਨ੍ਹਾਂ ਪੱਤ੍ਰਾਂ ਦੇ ਬਰੋਬਰਿ ਨਾਲ ਸਭ ਬਾਣੀ ਲਈ ਲਿਖਾਏ... (383)

ਭਾਈ ਮਨੀ ਸਿੰਘ ਨੇ ਦਸਮ ਗੁਰੂ ਦੀ ਬਾਣੀ ਢੂੰਡਵਾਉਣ ਦਾ ਪੂਰਾ-ਪੂਰਾ ਯਤਨ ਕੀਤਾ । ਮਾਤਾ ਜੀ ਦੇ ਹੁਕਮ ਅਨੁਸਾਰ ਇਸ ਕਾਰਜ ਵਿਚ ਹਿੱਸਾ ਪਾਉਣ ਵਾਲੇ ਸਿੱਖਾਂ ਨੂੰ ਖੁੱਲ੍ਹੀ ਮਾਇਆ ਖ਼ਰਚ ਆਦਿ ਲਈ ਦਿੱਤੀ ਗਈ ਤਾਂ ਕਿ ਕੋਈ ਸਿੱਖ ਕਿਸੇ ਗੱਲੋਂ ਝਿਜਕ ਕੇ ਕੰਮ ਕਰਨ ਵਿਚ ਦੇਰ-ਸਵੇਰ ਨਾ ਕਰੇ । ਗੁਰੂ ਗੋਬਿੰਦ ਸਿੰਘ ਜਦੋਂ ਦੱਖਣ ਵੱਲ ਚਲੇ ਗਏ ਤਾਂ ਬੰਦਾ ਬਹਾਦਰ ਪੰਜਾਬ ਵਿਚ ਆ ਗਿਆ । ਉਸ ਨੇ ਬਹੁਤ ਸਾਰੀਆਂ ਲੜਾਈਆਂ ਕੀਤੀਆਂ । ਇਸ ਤਰ੍ਹਾਂ ਕਰਨ ਨਾਲ ਹਕੂਮਤ ਫਿਰ ਸਿੱਖਾਂ ਦੀ ਵਿਰੋਧੀ ਹੋ ਗਈ । ਸਿੱਖ ਦੂਰ ਦੂਰ ਖਿੰਡ-ਪੁੰਡ ਗਏ ਸਨ । ਕੁਝ ਉਜਾੜ ਬੀਆਬਾਨ ਜੰਗਲਾਂ ਵਿਚ ਚਲੇ ਗਏ ਸਨ ਤੇ ਕੁਝ ਪਹਾੜਾਂ ਜਾਂ ਲੁਕਵੀਆਂ ਥਾਵਾਂ ਵੱਲ ਚਲੇ ਗਏ ਸਨ । ਇਸ ਤੱਥ ਦੀ ਪੁਸ਼ਟੀ ਭਾਈ ਮਨੀ ਸਿੰਘ ਦੇ ਪੱਤਰ ਤੋਂ ਵੀ ਹੋ ਜਾਂਦੀ ਹੈ । ਇਸ ਤਰ੍ਹਾਂ ਹੋ ਸਕਦਾ ਹੈ, ਦੂਰ-ਦੁਰਾਡੇ ਲੁਕੇ-ਛਿਪੇ ਲੋਕਾਂ ਕੋਲ ਦਸਮ ਗੁਰੂ ਦੀ ਕੋਈ ਬਾਣੀ ਹੋਵੇ । ਇਹ ਵੀ ਹੋ ਸਕਦਾ ਹੈ, ਭਾਜੜ ਪਏ ਸਿੱਖਾਂ ਦੇ ਘਰੋਗੀ ਸਾਮਾਨ ਨਾਲ ਗੁਰੂ ਜੀ ਦੀ ਬਾਣੀ ਵੀ ਕਿਸੇ ਹੋਰਸ ਦੇ ਹੱਥ ਆ ਗਈ ਹੋਵੇ ਜਾਂ ਕਿਸੇ ਗ਼ਰੀਬ-ਗੁਰਬੇ ਦੇ ਹੱਥ ਆ ਗਈ ਹੋਵੇ । ਜਦੋਂ ਕਿਸੇ ਸਿੱਖ ਨੇ ਅਜਿਹੇ ਗਰੀਬੜੇ ਪਾਸ ਮਾਤਾ ਜੀ ਦਾ ਸੁਨੇਹਾ ਪੁਚਾਇਆ ਹੋਵੇ ਤੇ ਉਸ ਨੇ ਲਾਲਚ ਵਿਚ ਆ ਕੇ ਬਾਣੀ-ਰਚਨਾ ਦੇਣ ਤੋਂ ਪਹਿਲਾਂ ਮਾਇਆ ਦੀ ਮੰਗ ਇਵਜ਼ ਵਿਚ ਕਰ ਲਈ ਹੋਵੇ । ਖ਼ੈਰ ਕੁਝ ਵੀ ਹੋਵੇ ਦਸਮ ਗੁਰੂ ਦੀ ਬਾਣੀ ਹਰ ਕੀਮਤ 'ਤੇ ਪ੍ਰਾਪਤ ਕਰ ਕੇ ਇਕੱਤਰ ਕੀਤੀ ਗਈ ਤੇ ਬਾਅਦ ਵਿਚ ਸੰਪਾਦਿਤ ।

ਕੇਸਰ ਸਿੰਘ ਛਿੱਬਰ ਇਕ ਹੋਰ ਨੁਕਤੇ ਵੱਲ ਵੀ ਸੰਕੇਤ ਕਰਦਾ ਹੈ : ਦਸਮ ਗੁਰੂ ਦੀ ਬਾਣੀ ਲੱਭਦੇ-ਲਭਾਉਂਦੇ ਭਾਈ ਮਨੀ ਸਿੰਘ ਦੇ ਹੱਥ ਉਹ ਖ਼ਾਸ ਪੱਤਰੇ ਆ ਗਏ ਜਿਨ੍ਹਾਂ ਉੱਪਰ ਦਸਮ ਗੁਰੂ ਨੇ ਆਪਣੀ ਸਵੈ-ਰਚਿਤ ਰਚਨਾ ਦਾ ਵੇਰਵਾ ਕੀਤਾ ਹੋਇਆ ਸੀ ਤੇ ਨਾਲ ਹੀ ਆਪਣੇ ਪਾਵਨ ਹੱਥਾਂ ਨਾਲ ਦਸਖ਼ਤ ਵੀ । ਭਾਈ ਸਾਹਿਬ ਨੇ ਪ੍ਰਾਪਤ ਹੋਈਆਂ ਰਚਨਾਵਾਂ ਨੂੰ ਪ੍ਰਾਪਤ ਹੋਏ ਪੱਤਰਿਆਂ ਉਪਰ ਅੰਕਿਤ ਛੰਦਾਂ ਦੀ ਸੰਖਿਆ ਨਾਲ ਮਿਲਾ ਕੇ, ਵੇਖਣ-ਪਰਖਣ ਤੋਂ ਬਾਅਦ ਇਨ੍ਹਾਂ ਦੇ ਮੁਕੰਮਲ ਉਤਾਰੇ ਤਿਆਰ ਕਰਵਾ ਲਏ ਤੇ ਇਸ ਤਰ੍ਹਾਂ ਭਾਈ ਮਨੀ ਸਿੰਘ ਨੇ ਦਸਮ ਗੁਰੂ ਦੀ ਬਾਣੀ ਦਾ ਪ੍ਰਮਾਣਿਕ ਗ੍ਰੰਥ ਤਿਆਰ ਕਰ ਲਿਆ । ਇਸ ਗ੍ਰੰਥ

1. ਰਣਧੀਰ ਸਿੰਘ, ਸ਼ਬਦ ਮੂਰਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਪੰਨਾ 49
2. ਛਿੱਬਰ, ਕੇਸਰ, ਬੰਸਾਵਲੀਨਾਮਾ, ਪਰਖ, (ਪੰਜਾਬ ਯੂਨੀਵਰਸਿਟੀ), ਪੰਨੇ 135-136

ਦੀ ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ :

1. ਜਾਪੁ
2. ਬਚਿੱਤਰ ਨਾਟਕ : (ੳ) ਅਪਨੀ ਕਥਾ (ਅ) ਚੰਡੀ ਚਰਿੱਤਰ (ਦੋਵੇਂ)
   (ੲ) ਬਿਸ਼ਨਪਦੇ 24 ਅਵਤਾਰ (ਸ) ਉਪਾਵਤਾਰ (ਬ੍ਰਹਮਾ ਤੇ ਰੁਦ੍ਰ ਦੇ)
   (ਹ) ਅੰਤਿਕਾ (ਸ੍ਵੈਯੇ ਤੇ ਸ਼ਬਦ ਰਾਗਾਂ ਕੇ)
3. ਸ਼ਸਤ੍ਰ ਨਾਮ ਮਾਲਾ
4. ਗਿਆਨ ਪ੍ਰਬੋਧ
5. ਅਕਾਲ ਉਸਤਤਿ
6. ਚੰਡੀ ਦੀ ਵਾਰ
7. ਚਰਿਤ੍ਰ-ਉਪਾਖਯਾਨ
8. ਜ਼ਫ਼ਰਨਾਮਾ (ਗੁਰਮੁਖੀ ਤੇ ਫ਼ਾਰਸੀ ਅੱਖਰਾਂ[1] ਵਿਚ)

ਜੇ ਮਾਤਾ ਸੁੰਦਰੀ ਜੀ ਇਸ ਪਾਸੇ ਵੱਲ ਧਿਆਨ ਨਾ ਦੇਂਦੇ ਤਾਂ ਕੋਈ ਅਚਰਜ ਨਹੀਂ ਜੋ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਖ਼ਾਲਸਾ ਪੰਥ ਦੇ ਹੱਥੋਂ ਜਾਂਦੀ ਰਹਿੰਦੀ । ਮਾਤਾ ਸੁੰਦਰੀ ਜੀ ਦੇ ਉਚੇਚੇ ਯਤਨਾਂ ਸਦਕਾ ਹੀ ਅੱਜ ਸਿੱਖ-ਸੰਗਤ ਦਸਮ ਪਿਤਾ ਜੀ ਦੀ ਬਾਣੀ ਦੇ ਦਰਸ਼ਨ ਕਰ ਰਹੀ ਹੈ । ਧੰਨ ਹੈ ਮਾਤਾ ਸੁੰਦਰੀ ਜੀ ਦਾ ਬਾਣੀ-ਮੋਹ ਅਤੇ ਬਾਣੀ-ਲਗਨ !

ਮਾਤਾ ਸੁੰਦਰੀ ਜੀ ਦਸਮ ਗੁਰੂ ਤੋਂ ਬਾਅਦ ਖ਼ਾਲਸਾ ਪੰਥ ਵਿਚ ਪ੍ਰੇਰਨਾ-ਸ਼ਕਤੀ ਦਾ ਕੇਂਦਰ-ਬਿੰਦੂ ਬਣ ਗਏ । ਮਾਤਾ ਸੁੰਦਰੀ ਜੀ ਨੇ ਜਿਥੇ ਦਸਮ ਬਾਣੀ ਦੀ ਸੰਪਾਦਨਾ ਕਰਾਈ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਉਤਾਰੇ ਕਰਨ ਲਈ ਵੀ ਪ੍ਰੇਰਨਾ ਦਿੱਤੀ । ਉਸ ਸਮੇਂ ਪ੍ਰਿੰਟਿੰਗ ਪ੍ਰੈਸ ਨਹੀਂ ਸਨ ਤੇ ਗੁਰੂ-ਪ੍ਰੇਮੀ ਹਸਤ-ਲਿਖਤ ਬੀੜਾਂ ਵਿਚੋਂ ਬਾਣੀ ਪੜ੍ਹ ਕੇ ਬਾਣੀ ਦਾ ਅਨੰਦ ਮਾਣਦੇ ਸਨ । ਮਾਤਾ ਜੀ ਨੇ ਭਾਈ ਮਨੀ ਸਿੰਘ ਨੂੰ ਵੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਉਤਾਰਾ ਕਰਨ ਲਈ ਆਦੇਸ਼ ਦਿੱਤਾ । ਮਾਤਾ ਜੀ ਦੇ ਹੁਕਮ ਅਨੁਸਾਰ ਭਾਈ ਮਨੀ ਸਿੰਘ ਨੇ ਬਾਣੀ ਦਾ ਉਤਾਰਾ ਕਰਨਾ ਆਰੰਭ ਕਰ ਦਿੱਤਾ । ਭਾਈ ਮਨੀ ਸਿੰਘ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ-ਵਿਦਿਆਲੇ (ਟਕਸਾਲ) ਦੇ ਮੁਖ ਆਚਾਰੀਆ ਅਥਵਾ ਗਿਆਨੀ ਸਨ । ਭਾਈ ਸਾਹਿਬ ਨੇ ਬਾਣੀ ਦੇ ਅਰਥ ਪੜ੍ਹਾਉਂਦਿਆਂ ਆਪਣੇ ਤਜਰਬੇ ਅਨੁਸਾਰ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਮੁਖ ਰੱਖਦਿਆਂ ਆਦਿ ਗ੍ਰੰਥ ਦੀ ਬਾਣੀ ਦੀ ਤਰਤੀਬ ਬਦਲ ਦਿੱਤੀ । ਇਹ ਤਰਤੀਬ ਸੀ : ਪੰਜ ਗ੍ਰੰਥੀ, ਭਗਤ ਬਾਣੀ, ਵਾਰਾਂ ਅਤੇ ਦਸ ਗ੍ਰੰਥੀ । ਭਾਈ ਸਾਹਿਬ ਦੇ ਵਿਚਾਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਵਾਲਾ ਇਨ੍ਹਾਂ ਪੋਥੀਆਂ ਦਾ ਤਰਤੀਬਵਾਰ ਪਾਠ-ਅਧਿਐਨ ਕਰਨ ਉਪਰੰਤ ਹੀ ਗੁਰੂ ਗ੍ਰੰਥ ਸਾਹਿਬ ਦਾ ਸਹੀ ਅਧਿਐਨ ਕਰਤਾ ਬਣ ਸਕੇਗਾ । ਭਾਈ ਸਾਹਿਬ ਦੀ ਇਸ ਭਾਵਨਾ ਨੂੰ ਕਿਸੇ ਵੀ ਸਹੀ ਤਰ੍ਹਾਂ ਨਾ ਸਮਝਿਆ ਅਤੇ ਨਾ ਹੀ ਕਿਸੇ ਨੇ ਇਹ ਸਮਝਣ ਦਾ ਯਤਨ ਕੀਤਾ ਕਿ ਉਨ੍ਹਾਂ ਦਾ ਅਜਿਹਾ ਕਰਨ ਦਾ ਉਦੇਸ਼ ਕੀ ਸੀ ? ਸਿੱਖਾਂ ਨੇ ਭਾਈ ਸਾਹਿਬ ਨੂੰ ਸਰਾਪ ਦੇ ਦਿੱਤਾ : ਜਿਵੇਂ ਭਾਈ ਸਾਹਿਬ ਨੇ ਗੁਰੂਆਂ ਦੀ ਬਾਣੀ ਨੂੰ ਜੁਦਾ-ਜੁਦਾ ਕੀਤਾ ਹੈ, ਤਿਵੇਂ ਇਨ੍ਹਾਂ ਦਾ ਬੰਦ-ਬੰਦ ਜੁਦਾ ਕਰ ਦਿੱਤਾ ਜਾਵੇ । ਸਿੱਖ ਸਿਦਕ ਦੇ ਅਨਿੰਨ ਵਿਸ਼ਵਾਸੀ ਭਾਈ ਮਨੀ ਸਿੰਘ ਨੇ

1. ਰਣਧੀਰ ਸਿੰਘ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸ਼ਬਦ ਮੂਰਤਿ, ਪੰਨਾ 47

ਇਹ ਕਸ਼ਟ ਬੜੀ ਸਹਿਜ ਨਾਲ ਖਿੜੇ ਮੱਥੇ ਝੱਲਿਆ। ਭਾਈ ਸਾਹਿਬ ਦੀ ਸ਼ਹੀਦੀ ਦਾ ਸਾਕਾ ਸਭ ਨੂੰ ਪਤਾ ਹੈ। ਆਪ ਨੂੰ ਲਾਹੌਰ ਸੰਮਤ 1794 ਵਿਚ ਸ਼ਹੀਦ ਕਰ ਦਿੱਤਾ ਗਿਆ।

ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨਾਂ ਮਹਿਲਾਂ ਵਿਚੋਂ ਮਾਤਾ ਸੁੰਦਰੀ ਜੀ ਦਾ ਵਿਸ਼ੇਸ਼ ਦਰਜਾ ਹੈ। ਮਾਤਾ ਜੀਤੋ ਜੀ ਦਾ ਜ਼ਿਕਰ ਗੁਰੂ-ਇਤਿਹਾਸ ਵਿਚ ਬਹੁਤ ਥੋੜ੍ਹੀ ਮਾਤਰਾ ਵਿਚ ਕੀਤਾ ਗਿਆ ਹੈ। ਇਤਿਹਾਸਕਾਰਾਂ ਨੇ ਮਾਤਾ ਜੀਤੋ ਜੀ ਦੇ ਨਾਮ ਦਾ ਜ਼ਿਕਰ ਉਦੋਂ ਹੀ ਕੀਤਾ ਜਦੋਂ ਉਨ੍ਹਾਂ ਨੇ ਸਾਹਿਬਜ਼ਾਦਿਆਂ ਦੀ ਮਾਤਾ ਦਾ ਨਾਮ ਦਰਜ ਕਰਨਾ ਸੀ ਤੇ ਜਾਂ ਫਿਰ ਦੂਸਰੀ ਇਤਿਹਾਸਕ ਘਟਨਾ ਵਿਚ ਮਾਤਾ ਜੀਤੋ ਦਾ ਜ਼ਿਕਰ ਕੀਤਾ ਜਾਂਦਾ ਹੈ, ਉਹ ਹੈ ਅੰਮ੍ਰਿਤ ਦਾ ਬਾਟਾ ਜਦੋਂ ਸਰਬ ਪ੍ਰਿਥਮ ਤਿਆਰ ਕਰਨ ਲੱਗੇ ਤਾਂ ਮਾਤਾ ਜੀਤੋ ਜੀ ਨੇ ਲੋਹੇ ਦੇ ਬਾਟੇ ਵਿਚ ਮਿੱਠੇ ਪਤਾਸੇ ਪਾਏ ਸਨ। ਅਜਿਹੇ ਸੰਕੇਤਾਂ ਤੋਂ ਬਿਨਾਂ ਮਾਤਾ ਜੀਤੋ ਜੀ ਦਾ ਨਾਮ ਗੁਰੂ-ਇਤਿਹਾਸ ਵਿਚ ਬਹੁਤ ਹੀ ਵਿਰਲਾ ਹੈ।

ਮਾਤਾ ਸਾਹਿਬ ਦੇਵਾਂ ਕੁਆਰਾ ਡੋਲਾ ਕਰ ਕੇ ਜਾਣੇ ਜਾਂਦੇ ਸਨ। ਇਨ੍ਹਾਂ ਨੂੰ ਦਸਮ ਗੁਰੂ ਦੇ ਖਾਲਸੇ ਦੀ ਮਾਤਾ ਬਣਾ ਕੇ ਵਿਸ਼ੇਸ਼ ਪਦਵੀ ਦਿੱਤੀ। ਮਾਤਾ ਸਾਹਿਬ ਦੇਵਾਂ ਪਤੀ-ਸੇਵਾ ਵਿਚ ਰੁੱਝੀ, ਨਿਮਰ ਅਤੇ ਬਹੁਤ ਹੀ ਕੋਮਲ ਸੁਭਾਅ ਦੀ ਔਰਤ ਦੇ ਰੂਪ ਵਿਚ ਵਿਚ ਪੇਸ਼ ਹੁੰਦੇ ਹਨ। ਮਾਤਾ ਸਾਹਿਬ ਕੌਰ ਦਸਮ ਗੁਰੂ ਤੋਂ ਬਾਅਦ ਮਾਤਾ ਸੁੰਦਰੀ ਜੀ ਦੇ ਵਿਸ਼ੇਸ਼ ਸਹਿਯੋਗੀ ਬਣ ਕੇ ਰਹੇ। ਇਨ੍ਹਾਂ ਦੇ ਹੁਕਮਨਾਮੇ ਵੀ ਵੇਖਣ ਵਿਚ ਆਉਂਦੇ ਹਨ। ਮਾਤਾ ਸਾਹਿਬ ਕੌਰ ਮਾਤਾ ਸੁੰਦਰੀ ਜੀ ਦੇ ਅਨੁਸਾਰੀ ਹੀ ਸਨ। ਮਾਤਾ ਸੁੰਦਰ ਕੌਰ ਵਾਂਗੂੰ ਇਹ ਵੀ ਸੀਹਾਂ ਸਿੰਘ ਪਾਸੋਂ ਬਾਣੀ ਦੇ ਉਤਾਰੇ ਕਰਵਾਂਦੇ ਰਹੇ, ਸੰਗਤਾਂ ਦੇ ਨਾਮ ਲੰਗਰ ਦੀ ਮਾਇਆ ਲਈ ਹੁਕਮਨਾਮੇ ਲਿਖਦੇ ਰਹੇ। ਮਾਤਾ ਸਾਹਿਬ ਕੌਰ ਅਕਸਰ ਮਾਤਾ ਸੁੰਦਰ ਕੌਰ ਕੋਲ ਹੀ ਰਹੇ। ਅਨੰਦਪੁਰ ਖਾਲੀ ਕਰਨ ਤੋਂ ਬਾਅਦ ਅਕਸਰ ਇਹ ਦੋਵੇਂ ਭੈਣਾਂ ਇਕੱਠੀਆਂ ਹੀ ਰਹੀਆਂ। ਸਿਵਾਏ ਥੋੜ੍ਹੇ ਜਿਹੇ ਅਰਸੇ ਦੇ, ਜਦੋਂ ਮਾਤਾ ਸਾਹਿਬ ਕੌਰ ਦਸਮ ਗੁਰੂ ਦੇ ਨਾਲ ਨਾਂਦੇੜ ਚਲੇ ਗਏ ਸਨ। ਵਿਛੜਦੇ ਸਮੇਂ ਪਤੀ ਪਾਸ ਦਰਸ਼ਨ-ਯਾਚਨਾ ਕਰਨਾ ਤੇ ਉੱਤਰ ਵਜੋਂ ਸ਼ਸਤਰ ਪ੍ਰਾਪਤ ਕਰਨਾ ਇਨ੍ਹਾਂ ਦੀ ਤੀਖਣ ਪਤੀ-ਲਗਨ ਦਾ ਲਖਾਇਕ ਹੈ।

ਮਾਤਾ ਸੁੰਦਰੀ ਜੀ ਨੇ ਜਿਸ ਤਰ੍ਹਾਂ ਦਸਮ ਗੁਰੂ ਦੇ ਸਾਰੇ ਅਧੂਰੇ ਕਾਰਜ ਆਪ ਸੰਭਾਲੇ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਇਆ। ਮਾਤਾ ਸੁੰਦਰੀ ਜੀ ਇਨ੍ਹਾਂ ਦੋਹਾਂ ਮਾਤਾਵਾਂ ਤੋਂ ਵਿਸ਼ੇਸ਼ ਸੂਝ-ਬੂਝ, ਹੌਸਲਾ, ਦਲੇਰੀ, ਉਤਸ਼ਾਹ ਅਤੇ ਧੀਰਜ ਆਦਿ ਗੁਣਾਂ ਨਾਲ ਸੰਪੰਨ ਸਨ। ਵੇਖੋ ਰੱਬ ਦੀ ਕੁਦਰਤ ਨਿਰੰਕਾਰ ਨੇ ਗੁਣ ਵੀ ਸਭ ਤੋਂ ਵਧੀਕ ਦਿੱਤੇ ਤੇ ਦੁੱਖ ਵੀ। ਔਰਤ ਮਨ ਅਨੇਕ ਵਾਰ ਭਾਵੁਕ ਹੋਇਆ, ਉਦਾਸ ਹੋਇਆ, ਦੁੱਖਾਂ ਦੀ ਪੀੜ ਨੂੰ ਵੀ ਜਰਿਆ ਪਰ ਫਿਰ ਵੀ ਸਦਾ ਚੜ੍ਹਦੀ ਕਲਾ ਵਿਚ ਰਹੇ। ਮਾਤਾ ਸੁੰਦਰੀ ਜੀ ਦਾ ਜੀਵਨ-ਇਤਿਹਾਸ ਇਸ ਤੱਥ ਦਾ ਗਵਾਹ ਹੈ ਕਿ ਜਦ ਕਦੀ ਹਾਲਾਤ ਵੱਸ ਮਾਤਾ ਜੀ ਵਧੇਰੇ ਪਰੇਸ਼ਾਨ ਹੁੰਦੇ ਜਾਂ ਉਦਾਸ ਹੋ ਜਾਂਦੇ ਤਾਂ ਬੜੀ ਸਿਆਣਪ ਨਾਲ ਸਥਿਤੀ ਬਦਲ ਲੈਂਦੇ। ਦਿੱਲੀ ਤੋਂ ਮਥਰਾ, ਮਥਰਾ ਤੋਂ ਦਿੱਲੀ ਦਾ ਬਾਰ ਬਾਰ ਆਉਣਾ-ਜਾਣਾ ਇਸੇ ਤੱਥ ਦੀ ਪ੍ਰੋੜ੍ਹਤਾ ਕਰਦਾ ਹੈ। ਮਾਤਾ ਜੀਤੋ ਜੀ ਦਾ ਚਰਿੱਤਰ ਉਭੱਰ ਕੇ ਸਾਹਵੇਂ ਨਹੀਂ ਆਉਂਦਾ। ਬਾਲੜੀ ਮਾਤਾ ਸਾਹਿਬ ਦੇਵਾਂ ਅਤਿ ਭਾਵੁਕ, ਕੋਮਲਭਾਵੀ, ਪਤੀ-ਪ੍ਰੇਮ ਵਿਚ ਲੀਨ ਤੇ ਹਰ ਦੁੱਖ-ਸੁਖ ਵਿਚ ਨਾਲ ਹੀ ਰਹਿਣ ਉੱਪਰ ਹਠ ਕਰਨ ਦੇ ਰੂਪ ਵਿਚ ਪੇਸ਼ ਹੁੰਦੇ ਹਨ। ਆਗਿਆਕਾਰਤਾ ਇਨ੍ਹਾਂ

ਦਾ ਵਿਸ਼ੇਸ਼ ਗੁਣ ਸੀ। ਕੇਵਲ ਮਾਤਾ ਸੁੰਦਰੀ ਜੀ ਅਜਿਹੇ ਸਨ ਜੋ ਆਪਣੇ ਚਰਿੱਤਰ ਦੀ ਨਿਵੇਕਲੀ ਵੱਖਰੀ ਪਛਾਣ ਦੇਂਦੇ ਹਨ। ਗੁਰੂ ਗੋਬਿੰਦ ਸਿੰਘ ਨੇ ਪਾਲਿਤ ਪੁੱਤਰ ਅਜੀਤ ਸਿੰਘ ਦੇ ਲਈ ਭਵਿੱਖ ਵਾਕ ਆਖੇ ਸਨ, ਪਰ ਜਿਵੇਂ ਮਾਂ ਨੇ ਆਪਣੇ ਆਪ ਨੂੰ ਬੜੇ ਹੌਸਲੇ ਨਾਲ ਉਸ ਦੁੱਖ ਨੂੰ ਜਰਨ ਲਈ ਤਿਆਰ ਕਰ ਲਿਆ ਸੀ। ਪਰ ਜਿਸ ਨੂੰ ਪੁੱਤਰ ਆਖਿਆ, ਉਸ ਨੂੰ ਮੰਦਾ ਨਾ ਜਾਤਾ। ਪਰ ਜਦ ਇਸੇ ਪੁੱਤਰ ਨੇ ਆਪਣੇ ਕਾਰਨਾਮੇ ਵਿਖਾਏ ਤਾਂ ਮਾਤਾ ਜੀ ਨੇ ਉਸ ਨੂੰ ਮੰਦਾ ਆਖ ਕੇ ਚੰਗਾ ਨਾ ਆਖਿਆ। ਇਸ ਘਟਨਾ ਤੋਂ ਸਪੱਸ਼ਟ ਹੁੰਦਾ ਹੈ ਕਿ ਮਾਤਾ ਸੁੰਦਰੀ ਜੀ ਆਪਣੇ ਨਿੱਜੀ ਸੁਤੰਤਰ ਫ਼ੈਸਲੇ ਲੈ ਸਕਦੇ ਸਨ ਤੇ ਉਸ ਤੋਂ ਪੈਦਾ ਹੋਣ ਵਾਲੇ ਨਤੀਜਿਆਂ ਨੂੰ ਵੀ ਸਹਿਜ ਨਾਲ ਭੁਗਤ ਸਕਦੇ ਸਨ। ਮਾਤਾ ਸੁੰਦਰੀ ਜੀ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਮਾਤਾ ਗੁਜਰੀ ਦੀ ਦਿਲ-ਕੰਬਾਊ ਖ਼ਬਰ ਸੁਣਨ ਦੇ ਬਾਵਜੂਦ ਵੀ ਆਪਣੇ ਪਤੀ ਦਾ ਹੁਕਮ ਮੰਨ ਕੇ ਇਕੱਲੇ ਦਿੱਲੀ ਰਹਿਣਾ ਮੰਨ ਗਏ ਸਨ। ਇਥੋਂ ਹੀ ਮਾਤਾ ਜੀ ਦੀ ਦਲੇਰੀ ਅਤੇ ਆਗਿਆਕਾਰੀ ਦੇ ਦੋਵੇਂ ਗੁਣ ਜ਼ਾਹਿਰ ਹੁੰਦੇ ਹਨ।

ਭਾਈ ਮਨੀ ਸਿੰਘ ਮਾਤਾ ਸੁੰਦਰੀ ਜੀ ਦੇ ਬੜੇ ਕਰੀਬੀ ਸੇਵਕ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਵੀ ਆਪ ਬੜੇ ਇਤਬਾਰੀ ਸਿੱਖ ਸਨ। ਉਂਝ ਆਪ ਗੁਰੂ ਜੀ ਦੇ ਸਹਿਪਾਠੀ ਵੀ ਰਹੇ ਸਨ। ਗੁਰੂ ਸਾਹਿਬ ਨੇ ਅਨੰਦਪੁਰ ਸੰਮਤ 1761 ਵਿਚ ਖ਼ਾਲੀ ਕੀਤਾ ਤੇ ਭਾਈ ਮਨੀ ਸਿੰਘ ਨੇ ਸੰਮਤ 1794 ਵਿਚ ਅਕਾਲ ਚਲਾਣਾ ਕੀਤਾ। ਇਨ੍ਹਾਂ ਤੇਤੀ ਸਾਲਾਂ ਵਿਚ ਭਾਈ ਮਨੀ ਸਿੰਘ ਦਾ ਸੰਪਰਕ ਮਾਤਾ ਸੁੰਦਰੀ ਜੀ ਨਾਲ ਵਿਸ਼ੇਸ਼ ਕਰ ਕੇ ਰਿਹਾ। ਮਾਤਾ ਜੀ ਨੂੰ ਜਦ ਕਦੀ ਵੀ ਭੀੜ-ਸੌੜ ਬਣੀ, ਜਦ ਕਦੀ ਵੀ ਕਿਧਰੇ ਆਉਣਾ-ਜਾਣਾ ਪਿਆ (ਮਥਰਾ ਨੂੰ ਛੱਡ ਕੇ) ਭਾਈ ਮਨੀ ਸਿੰਘ ਮਾਤਾ ਜੀ ਦੇ ਨਾਲ ਸਨ। ਜਦੋਂ ਤੱਤ ਖਾਲਸਾ ਅਤੇ ਬੰਦਈ ਖਾਲਸਾ ਦਾ ਅੰਮ੍ਰਿਤਸਰ ਵਿਚ ਰੌਲਾ ਪਿਆ ਤੇ ਮਾਤਾ ਜੀ ਨੂੰ ਪੰਥਕ ਜਥੇਬੰਦੀ ਵਿਚ ਤ੍ਰੇੜ ਆਉਂਦੀ ਦਿਸੀ ਤਾਂ ਭਾਈ ਸਾਹਿਬ ਦੀ ਸੂਝ-ਬੂਝ ਦੀ ਕਾਇਲ ਮਾਤਾ ਸੁੰਦਰੀ ਜੀ ਨੇ ਭਾਈ ਸਾਹਿਬ ਨੂੰ ਹੀ ਇਸ ਝਗੜੇ ਦਾ ਨਿਪਟਾਰਾ ਕਰਾਉਣ ਲਈ ਭੇਜਿਆ। ਉਹ ਘੜੀ ਬਹੁਤ ਹੀ ਨਾਜ਼ੁਕ ਸੀ ਜੇ ਮਾਤਾ ਜੀ ਭਾਈ ਮਨੀ ਸਿੰਘ ਨੂੰ ਨਾ ਭੇਜਦੇ ਤਾਂ ਸਿੱਖਾਂ ਨੇ ਆਪਸ ਵਿਚ ਲੜ ਮਰਨਾ ਸੀ। ਦਸਮ ਗੁਰੂ ਦੀ ਬਾਣੀ ਦੀ ਖੋਜ-ਭਾਲ ਕਰਾਉਣਾ, ਪਰਖ-ਪੜਤਾਲ ਕਰ ਕੇ ਉਸ ਦੀ ਸੰਪਾਦਨਾ ਕਰਨੀ ਆਦਿ ਕਠਿਨ ਕਾਰਜ ਵੀ ਭਾਈ ਮਨੀ ਸਿੰਘ ਨੇ ਹੀ ਸਿਰੇ ਚੜ੍ਹਾਏ। ਸਿੱਖਾਂ ਦੀ ਸ਼ਕਤੀ ਦੇ ਕੇਂਦਰ ਹਰਿਮੰਦਰ ਸਾਹਿਬ ਵਿਚ ਗ੍ਰੰਥੀ ਬਣ ਕੇ ਉਥੋਂ ਦੇ ਸਥਾਨਕ ਸਿੱਖਾਂ ਦੀ ਰਹਿਨੁਮਾਈ ਕਰਨੀ ਵੀ ਭਾਈ ਮਨੀ ਸਿੰਘ ਦਾ ਹੀ ਕੰਮ ਹੈ। ਸ੍ਰੀ ਆਦਿ ਗ੍ਰੰਥ ਦੇ ਅਰਥਾਂ ਦੀ ਟਕਸਾਲ ਖੋਲ੍ਹਣਾ, ਉਸ ਨੂੰ ਪੂਰੀ ਸਮਰੱਥਾ ਨਾਲ ਚਲਾਉਣਾ, ਬਾਣੀ ਦੇ ਉਤਾਰੇ ਕਰਵਾਉਣੇ ਆਦਿ ਕਾਰਜਾਂ ਵਿਚ ਭਾਈ ਮਨੀ ਸਿੰਘ ਮਾਤਾ ਜੀ ਦੇ ਵਿਸ਼ੇਸ਼ ਸਹਾਇਕ ਸਨ।

ਮਾਤਾ ਸੁੰਦਰੀ ਆਪਣੇ ਪਤੀ ਦੇ ਸਹਿਪਾਠੀ ਤੇ ਆਪਣੇ ਸੱਚੇ ਸੇਵਕ ਦੇ ਆਖ਼ਰੀ ਦਰਸ਼ਨ ਵੀ ਨਾ ਕਰ ਸਕੇ ਤੇ ਇਹ ਦਿਲ-ਕੰਬਾਊ ਖ਼ਬਰ ਵੀ ਉਨ੍ਹਾਂ ਨੂੰ ਹੋਰਨਾਂ ਸਿੱਖਾਂ ਨੇ ਹੀ ਦਿੱਲੀ ਪਹੁੰਚਾਈ। ਆਪਣੇ ਪਰਿਵਾਰ ਨੂੰ ਤੋਰਦਿਆਂ-ਤੋਰਦਿਆਂ ਮਾਤਾ ਸੁੰਦਰੀ ਜੀ ਭਾਈ ਮਨੀ ਸਿੰਘ ਨੂੰ ਵੀ ਵਿਦਾ ਕਰ ਬੈਠੇ। ਮਾਤਾ ਸੁੰਦਰੀ ਜੀ ਭਾਈ ਸਾਹਿਬ ਤੋਂ ਦਸ (1794 ਤੋਂ 1804 ਸੰਮਤ ਤਕ) ਸਾਲ ਬਾਅਦ ਤਕ ਜੀਵੇ। ਬਿਰਧ ਮਾਂ ਸੁੰਦਰੀ ਆਪਣੇ ਸਾਰੇ ਪਰਿਵਾਰ ਤੇ

ਆਪਣੇ ਮੁੱਖ ਕਾਰਿੰਦੇ ਭਾਈ ਮਨੀ ਸਿੰਘ ਨੂੰ ਗੁਰਪੁਰੀ ਭੇਜ ਕੇ ਆਪ ਵੀ ਆਪਣੀ ਹਵੇਲੀ ਵਿਚ ਸੰਮਤ 1804 ਬਿਕ੍ਰਮੀ ਵਿਚ ਜੋਤੀ-ਜੋਤਿ ਸਮਾ ਗਏ ।

ਮਾਤਾ ਸੁੰਦਰੀ ਜੀ ਆਪਣੇ ਜੀਵਨ ਦੇ ਅੰਤਿਮ 43 ਵਰ੍ਹੇ ਅਥਵਾ ਸੰਮਤ 1761 ਤੋਂ 1804 ਬਿਕ੍ਰਮੀ ਤਕ ਦਿੱਲੀ ਰਹੇ । ਨਿਰਸੰਦੇਹ ਆਪ ਕਈ ਵਾਰ ਦਿੱਲੀਓਂ ਬਾਹਰ ਵੀ ਜਾਂਦੇ ਰਹੇ ਪਰ ਆਪ ਦਾ ਪੱਕਾ ਟਿਕਾਣਾ ਦਿੱਲੀ ਹੀ ਰਿਹਾ । ਮਾਤਾ ਜੀ ਦੀ ਹਵੇਲੀ ਤੁਰਕਮਾਨ ਗੇਟ ਦੇ ਲਾਗੇ ਮੌਜੂਦ ਹੈ । ਅੱਜਕਲ੍ਹ ਉਸ ਦਾ ਨਾਂ ਮਾਤਾ ਸੁੰਦਰੀ ਜੀ ਦਾ ਗੁਰਦੁਆਰਾ ਹੈ । ਮਾਤਾ ਜੀ ਦੀ ਸਮਾਧ ਗੁਰਦੁਆਰਾ ਬਾਲਾ ਸਾਹਿਬ ਵਿਚ ਹੈ ।

ਮਾਂ ਸੁੰਦਰੀ ਜਿਸ ਦਾ ਬਚਪਨ ਲਾਡਾਂ-ਪਿਆਰਾਂ ਵਿਚ ਗੁਜ਼ਰਿਆ ਸੀ । ਆਪਣੇ ਪਤੀ ਦਾ ਸ਼ਾਹਾਨਾ ਠਾਠ ਵੇਖਿਆ ਸੀ । ਚਾਰ ਸਾਹਿਬਜ਼ਾਦਿਆਂ ਦੇ ਕਲੋਲਾਂ ਨੂੰ ਮਾਣਿਆਂ ਸੀ । ਗੁਰੂ-ਪਤੀ ਦੇ ਅਨੇਕਾਂ ਸ਼ਿਕਾਰਾਂ ਤੇ ਬਾਜ਼ਾਂ ਦੇ ਚੋਜ ਵੇਖੇ ਸਨ । ਬੇਅੰਤ ਸਿੱਖ-ਸੰਗਤ ਦਾ ਇਕਰਸ ਪਿਆਰ ਮਾਣਿਆ ਸੀ । ਸੂਰਬੀਰ ਸਿੱਖਾਂ ਦੀਆਂ ਦਿਲ-ਹਲੂਣੀਆਂ ਕੁਰਬਾਨੀਆਂ ਵੇਖੀਆਂ ਸਨ । ਵਿਦਵਾਨ ਕਵੀ ਪਤੀ ਦੀ ਕਾਇਲ ਪਤਨੀ ਨੇ ਆਪਣੇ ਪਤੀ ਦੀਆਂ 52 ਕਵੀਆਂ ਨਾਲ ਕਈ ਅਧਿਆਤਮਕ ਬੈਠਕਾਂ ਦਾ ਅੰਮ੍ਰਿਤ ਰਸ ਪੀਤਾ ਸੀ । ਅੰਤਲੀ ਉਮਰੇ ਦੁੱਖ ਹੀ ਭੋਗੇ । ਪਰ ਚੜ੍ਹਦੀ ਕਲਾ ਵਾਲੀ ਮਾਤਾ ਆਪਣੇ ਦੁੱਖ ਵਿਚ ਭਾਵੁਕ ਹੋ ਕੇ ਵਹਿ ਨਹੀਂ ਗਈ ਸਗੋਂ ਖਾਲਸਾ ਪੰਥ ਦੀ ਪੂਰੀ-ਪੂਰੀ ਰਹਿਨੁਮਾਈ ਕੀਤੀ । ਗੁਰੂ ਰਾਜ-ਭਾਗ ਦੀ ਮਾਲਕ ਮਾਤਾ ਨੇ ਆਪਣੇ ਸਰਬੰਸ ਦਾ ਬਲੀਦਾਨ ਦੇ ਕੇ ਆਪਣੀ ਜ਼ਿੰਦਗੀ ਦੇ ਅੰਤਲੇ 10 ਵਰ੍ਹੇ ਆਪਣੀ ਹਵੇਲੀ ਵਿਚ ਸਿੱਖ-ਸੰਗਤ ਨਾਲ ਹੀ ਬਿਤਾਏ । ਪਰ ਜਗਤ ਕਲਿਆਣਕਾਰੀ ਮੁਸਕਾਨ ਸਦਾ ਮਾਂ ਦੇ ਬੁੱਲ੍ਹਾਂ ਉੱਪਰ ਹੀ ਰਹੀ । ਅਕਾਲ ਚਲਾਣਾ ਕਰਨ ਤੋਂ ਪਹਿਲਾਂ ਆਪਣੇ ਪਤੀ ਦੀ ਅੰਤਿਮ ਨਿਸ਼ਾਨੀ ਪੰਜ ਸ਼ਸਤਰ ਆਪਣੇ ਸੇਵਕ ਜੀਵਨ ਸਿੰਘ ਨੂੰ ਸੌਂਪ ਕੇ, ਆਪਣੇ ਜ਼ਿੰਮੇ ਲੱਗੇ ਸਾਰੇ ਫ਼ਰਜ਼ ਨਿਭਾ ਕੇ ਮਾਤਾ ਸੁੰਦਰੀ ਜੀ ਆਪਣੇ ਪਤੀ ਨਾਲ ਅਕਾਲ ਪੁਰਖ ਦੀ ਗੋਦ ਵਿਚ ਜਾ ਬਿਰਾਜੇ । ਧੰਨ ਹੈ ਮਾਂ ਸੁੰਦਰੀ !

ਮਾਤਾ ਜੀਤੋ ਜੀ

ਸਾਧਾਰਣ ਜ਼ਿੰਦਗੀ ਵਿਚ ਬਾਦਸ਼ਾਹ ਦੁਨਿਆਵੀ ਸ਼ਕਤੀ ਦਾ ਪ੍ਰਤੀਕ ਹੈ । ਪਰ ਸੱਚੇ ਪਾਤਸ਼ਾਹ ਦੁਨਿਆਵੀ ਤੋਂ ਵਧੀਕ ਰੂਹਾਨੀਅਤ ਦਾ ਪ੍ਰਤੀਕ ਹੈ । ਜਿਸ ਦਾ ਭਾਵ ਹੈ ਕਿ ਗੁਰੂ ਮਹਾਰਾਜ ਨਾ ਤਾਂ ਦੁਨਿਆਵੀ ਹਕੂਮਤੀ ਰਾਜਿਆਂ ਨਾਲੋਂ ਘੱਟ ਸਨ, ਤੇ ਨਾ ਹੀ ਪਾਰਬ੍ਰਹਮ ਤੋਂ ਵੱਖ ਸਨ । ਇਸੇ ਕਰ ਕੇ ਗੁਰੂ ਸਾਹਿਬਾਨ ਨੇ ਲੌਕਿਕ ਵਿਹਾਰ ਵਿਚ ਬਾਦਸ਼ਾਹ ਤੋਂ ਵਧੀਕ ਜੀਵਨ-ਵਿਧੀ ਨੂੰ ਰੂਪਮਾਨ ਕੀਤਾ ਹੈ ।

ਇਸੇ ਲਈ ਗੁਰੂ-ਪਤਨੀਆਂ ਗੁਰੂ-ਮਹਿਲ ਅਖਵਾਏ । ਗੁਰੂ-ਘਰ, ਗੁਰੂ ਕੇ ਮਹਲ ਅਖਵਾਏ । ਗੁਰੂ ਮਹਾਰਾਜ ਸੱਚੇ ਪਾਤਸ਼ਾਹ ਅਖਵਾਏ । ਇਕ ਪਾਸੇ ਗੁਰੂ ਗੋਬਿੰਦ ਸਿੰਘ ਜੀ ਗੁਰੂ ਨਾਨਕ ਰਾਜ ਦੀ ਦਸਵੀਂ ਜੋਤ ਸਨ । ਦੂਜੇ ਪਾਸੇ ਉਹ ਕਲਗੀਧਾਰੀ ਸ਼ਹਿਨਸ਼ਾਹ ਵਾਲੇ ਰਾਜਸੀ ਠਾਠ-ਬਾਠ ਦੀ ਨੁਹਾਰ ਨੂੰ ਰੂਪਮਾਨ ਕਰਦੇ ਸਨ । ਦਸਮ ਪਾਤਸ਼ਾਹ ਦੇ ਸੀਸ 'ਤੇ ਸੋਂਹਦੀ ਕਲਗੀ, ਹੱਥ 'ਤੇ ਬੈਠਾ ਬਾਜ, ਹੀਰਿਆਂ ਜੜੀ ਤਲਵਾਰ, ਕਮਰਕੱਸਾ, ਨੀਲਾ ਘੋੜਾ, ਫ਼ੌਜੀ ਸਾਜ਼-ਬਾਜ਼, ਅਨੰਦਪੁਰ ਦਾ ਕਿਲ੍ਹਾ, ਰਣਜੀਤ ਨਗਾਰਾ ਆਦਿ ਸਾਰੇ ਰਾਜਸੀ ਪ੍ਰਤੀਕ

ਹਨ। ਦੂਜੇ ਪਾਸੇ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ਨਾਨਕ ਪੰਥ ਦੇ ਰਹਿਬਰ ਸਨ। ਉਸ ਨਾਨਕ ਪੰਥ ਦੇ ਜੋ :

ਗਰੀਬੀ ਗਦਾ ਹਮਾਰੀ ॥
ਖੰਨਾ ਸਗਲ ਰੇਣ ਛਾਰੀ ॥

ਦਸਮ ਪਾਤਸ਼ਾਹ ਦੇ ਮਹਲਾਂ ਵਿਚ ਇਕ ਤੋਂ ਵਧੀਕ ਪਤਨੀਆਂ ਦਾ ਹੋਣਾ ਵੀ ਇਸੇ ਰੂਹਾਨੀਅਤ ਤੇ ਹਕੂਮਤੀ ਤਾਕਤ ਦਾ ਪ੍ਰਤੀਕ ਹੈ। ਜਦੋਂ ਅਸੀਂ ਇਤਿਹਾਸਕ ਤੌਰ ਤੇ ਇਸ ਗ੍ਰਹਿਸਥੀ ਜੀਵਨ ਦੀ ਰੂਪ-ਰੇਖਾ ਵੇਖਦੇ ਹਾਂ ਤਾਂ ਗੁਰੂ ਜੀ ਦੇ ਤਿੰਨ ਮਹਿਲਾਂ ਦਾ ਜ਼ਿਕਰ ਮਿਲਦਾ ਹੈ :

1. ਮਾਤਾ ਜੀਤੋ ਜੀ—ਪਿਤਾ ਹਰਿਜਸ ਸੁਭਿਖੀ ਖੱਤਰੀ, ਲਾਹੌਰ।
2. ਸ੍ਰੀ ਸੁੰਦਰੀ ਜੀ—ਪਿਤਾ ਰਾਮ ਸ਼ਰਨ ਖੱਤਰੀ, ਲਾਹੌਰ।
3. ਸ੍ਰੀ ਸਾਹਿਬ ਦੇਵਾਂ—ਪਿਤਾ ਰਾਮਾ ਜੀ ਬੱਸੀ ਖੱਤਰੀ, ਰੁਹਤਾਸ ਨਗਰ।

ਪਰ ਕੁਝ ਲੇਖਕ ਮਰਿਆਦਾ ਦੇ ਅਨੁਕੂਲ ਗੁਰੂ ਸਾਹਿਬ ਦੀਆਂ ਇਕ ਤੋਂ ਵੱਧ ਸ਼ਾਦੀਆਂ ਨੂੰ ਠੀਕ ਨਹੀਂ ਮੰਨਦੇ। ਇਸ ਕਰ ਕੇ ਗੁਰੂ ਜੀ ਦੇ ਵਿਆਹ ਦਾ ਵਿਸ਼ਾ ਵਿਵਾਦ ਵਿਚ ਹੀ ਚੱਲ ਰਿਹਾ ਹੈ। ਕੁਝ ਲੇਖਕ ਦਸਮ ਪਾਤਸ਼ਾਹ ਦੀਆਂ ਇਕ ਤੋਂ ਵੱਧ ਸ਼ਾਦੀਆਂ ਮੁਨਾਸਿਬ ਹੀ ਨਹੀਂ ਮੰਨਦੇ। ਇਸ ਲਈ ਇਹ ਸਿੱਧ ਕਰਨ ਦਾ ਯਤਨ ਕਰਦੇ ਹਨ ਕਿ ਦਰਅਸਲ ਇਕੋ ਸ਼ਾਦੀ ਹੀ ਕੀਤੀ ਸੀ। ਉਹ ਮਾਤਾ ਜੀਤੋ ਜੀ ਨਾਲ ਤੇ ਮਾਤਾ ਜੀਤੋ ਜੀ ਦਾ ਹੀ ਦੂਸਰਾ ਨਾਮ ਸੁੰਦਰੀ ਸੀ। ਜਿਵੇਂ ਕਿ ਪੇਕੇ ਘਰ ਵਿਚ ਜੀਤੋ ਸੀ ਤੇ ਸ਼ਾਦੀ ਤੋਂ ਬਾਅਦ ਸੁੰਦਰੀ ਰੱਖ ਦਿੱਤਾ। ਪਹਿਲੀ ਗੱਲ ਤਾਂ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਕਿਸੇ ਵੀ ਗੁਰੂ-ਵਿਅਕਤੀ ਦੁਆਰਾ ਆਪਣੀ ਧਰਤ-ਪਤਨੀ ਦਾ ਨਾਮ ਬਦਲਣ ਦਾ ਕੋਈ ਸੰਕੇਤ ਨਹੀਂ ਮਿਲਦਾ। ਮਾਤਾ ਸੁਲੱਖਣੀ, ਮਾਤਾ ਖੀਵੀ, ਬੀਬੀ ਭਾਨੀ, ਮਾਤਾ ਗੰਗਾ, ਮਾਤਾ ਕ੍ਰਿਸ਼ਨ ਕੌਰ, ਮਾਤਾ ਨਾਨਕੀ, ਮਾਤਾ ਗੁਜਰੀ ਜੀ ਵਿਚੋਂ ਕਿਸੇ ਦਾ ਵੀ ਪੇਕਾ ਨਾਮ ਬਦਲ ਕੇ ਕੋਈ ਦੂਜਾ ਨਾਮ ਨਹੀਂ ਸੀ ਰੱਖਿਆ ਗਿਆ। ਫਿਰ ਗੁਰੂ ਗੋਬਿੰਦ ਸਿੰਘ ਜੀ ਨੂੰ ਇਹ ਨਾਮ ਬਦਲਣ ਦੀ ਲੋੜ ਕਿਉਂ ਮਹਿਸੂਸ ਹੋਈ ਕਿ ਉਨ੍ਹਾਂ ਨੇ ਜੀਤੋ ਜੀ ਦਾ ਨਾਮ ਬਦਲ ਕੇ ਵਿਆਹ ਪਿੱਛੋਂ ਸੁੰਦਰ ਕੌਰ ਰੱਖ ਦਿੱਤਾ। ਜੇ ਪਲ ਭਰ ਲਈ ਇਹ ਮੰਨ ਵੀ ਲਈਏ ਕਿ ਮਾਤਾ ਜੀਤੋ ਜੀ ਅਤੇ ਮਾਤਾ ਸੁੰਦਰੀ ਜੀ ਇਕੋ ਪਤਨੀ ਦੇ ਹੀ ਦੋ ਨਾਮ ਸਨ ਤਾਂ ਇਨ੍ਹਾਂ ਦੇ ਮਾਤਾ-ਪਿਤਾ ਦੇ ਨਾਮ ਤੇ ਜਨਮ-ਅਸਥਾਨ ਕਿਵੇਂ ਵੱਖ ਹੋ ਗਏ ? ਇਕ ਪਤਨੀ ਦੇ ਦੋ ਅੰਗੀਠੇ ਕਿਵੇਂ ਬਣ ਗਏ ? ਮੈਂ ਉਨ੍ਹਾਂ ਵਿਦਵਾਨਾਂ ਦਾ ਧਿਆਨ ਉਸ ਸੱਚਾਈ ਵੱਲ ਦਿਵਾਉਣਾ ਚਾਹੁੰਦੀ ਹਾਂ ਜੋ ਕਿ ਸਾਡੇ ਸਾਹਮਣੇ ਮੌਜੂਦ ਹੈ। ਮਾਤਾ ਜੀਤੋ ਜੀ ਦਾ ਅੰਗੀਠਾ ਸਾਹਿਬ ਅਨੰਦਪੁਰ ਅਗੰਮ ਪੁਰ ਵਿਚ ਹੈ।

ਮਾਤਾ ਸੁੰਦਰੀ ਜੀ ਦਾ ਅੰਗੀਠਾ ਸਾਹਿਬ ਗੁਰਦੁਆਰਾ ਬਾਲਾ ਸਾਹਿਬ ਦਿੱਲੀ ਵਿਖੇ ਹੈ। ਜੇ ਅਸੀਂ ਇਸ ਵਿਵਾਦ ਵਿਚ ਜਾਂਦੇ ਹਾਂ ਤਾਂ ਅਸੀਂ ਆਪ ਹੀ ਆਪਣੇ ਇਤਿਹਾਸਕ ਗੁਰਦੁਆਰਿਆਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੇ ਹਾਂ। ਮੇਰੇ ਵਿਚਾਰ ਵਿਚ ਤਾਂ ਜਿਵੇਂ ਸੀਸ ਗੰਜ ਸਾਹਿਬ, ਬੰਗਲਾ ਸਾਹਿਬ, ਬਾਲਾ ਸਾਹਿਬ, ਕੇਸਗੜ੍ਹ ਸਾਹਿਬ, ਹਰਿਮੰਦਰ ਸਾਹਿਬ ਆਦਿ ਆਪਣੇ ਆਪ ਵਿਚ ਇਕ ਅਟੱਲ ਸੱਚਾਈ ਵਾਂਗ ਕਾਇਮ ਹਨ ਉਸੇ ਤਰ੍ਹਾਂ ਮਾਤਾ

ਜੀਤੋ ਜੀ ਦਾ ਅੰਗੀਠਾ ਸਾਹਿਬ ਤੇ ਮਾਤਾ ਸੁੰਦਰੀ ਜੀ ਦਾ ਅੰਗੀਠਾ ਸਾਹਿਬ ਇਹੀ ਨਿਸ਼ਚਿਤ ਕਰਦੇ ਹਨ ਕਿ ਇਹ ਦੋਵੇਂ ਮਾਤਾਵਾਂ ਵੱਖ-ਵੱਖ ਹਸਤੀਆਂ ਸਨ । ਇਸ ਲਈ ਸਿੱਖ ਵਿਦਵਾਨ ਤੇ ਸਿੱਖ ਜਗਤ ਨੂੰ ਇਸ ਵਿਵਾਦ ਤੋਂ ਮੁਕਤ ਹੋਣਾ ਚਾਹੀਦਾ ਹੈ ।

ਗੁਰੂ-ਮਹਿਲਾਂ ਬਾਰੇ ਜਾਣਨ ਲਈ ਗੁਰੂ ਸਾਹਿਬ ਦੀਆਂ ਰਚਨਾਵਾਂ ਦਾ ਉਨ੍ਹਾਂ ਦੇ ਸਮਕਾਲੀ ਕਵੀਆਂ ਦੀਆਂ ਰਚਨਾਵਾਂ ਜਾਂ ਸੌ ਸਾਖੀ ਪੋਥੀ ਵਿਚੋਂ ਤੱਥ ਲੱਭੇ ਜਾ ਸਕਦੇ ਹਨ । ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਗੁਰੂ ਸਾਹਿਬਾਨ ਦੀਆਂ ਧਰਮ-ਪਤਨੀਆਂ ਦਾ ਜ਼ਿਕਰ ਘਟਨਾ-ਵਿਸ਼ੇਸ਼ ਦੇ ਪ੍ਰਸੰਗ ਵਿਚ ਹੁੰਦਾ ਰਿਹਾ ਹੈ, ਵਿਅਕਤੀ-ਵਿਸ਼ੇਸ਼ ਦੇ ਤੌਰ 'ਤੇ ਨਹੀਂ । ਗੁਰੂ ਇਤਿਹਾਸ ਵਿਚ ਦਸਮ ਪਾਤਸ਼ਾਹ ਦੇ ਮਹਿਲ ਕਰ ਕੇ ਹੀ ਜੀਤੋ ਜੀ ਦਾ ਨਾਮ ਜਾਣਿਆ ਜਾਂਦਾ ਹੈ । ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ 'ਬਚਿੱਤਰ ਨਾਟਕ' ਵਿਚ ਕਿਸੇ ਵੀ ਸ਼ਾਦੀ ਦਾ ਜ਼ਿਕਰ ਨਹੀਂ ਕੀਤਾ । ਸੈਨਾਪਤਿ ਨੇ 'ਗੁਰੂ ਸ਼ੋਭਾ' ਵਿਚ ਮਾਤਾ ਜੀਤੋ ਜੀ ਦੇ ਵਿਆਹ ਦਾ ਜ਼ਿਕਰ ਕੀਤਾ ਮਿਲਦਾ ਹੈ ਪਰ ਵਿਆਹ ਦੀ ਤਰੀਕ ਨਹੀਂ ਲਿਖੀ । ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਲੇਖਕਾਂ ਨੇ ਮਾਤਾ ਜੀਤੋ ਜੀ ਦੇ ਵਿਆਹ ਦਾ ਜ਼ਿਕਰ ਕੀਤਾ ਹੈ । ਕੇਸਰ ਸਿੰਘ ਛਿੱਬਰ (ਬੰਸਾਵਲੀਨਾਮਾ), ਭਾਈ ਸੰਤੋਖ ਸਿੰਘ (ਗੁਰੂ ਪ੍ਰਤਾਪ ਸੂਰਜ ਗ੍ਰੰਥ), ਗਿਆਨੀ ਗਿਆਨ ਸਿੰਘ (ਤਵਾਰੀਖ਼ੀ ਗੁਰੂ ਖਾਲਸਾ), ਭਾਈ ਕੇਸਰ ਸਿੰਘ (ਗੁਰੂ ਪ੍ਰਣਾਲੀ), ਭਾਈ ਕਾਨ੍ਹ ਸਿੰਘ ਨਾਭਾ (ਮਹਾਨ ਕੋਸ਼) ਤੋਂ ਇਲਾਵਾ ਭਾਈ ਵੀਰ ਸਿੰਘ, ਸਿੱਖ ਇਤਿਹਾਸਕਾਰ ਜੇ. ਐਸ. ਗਰੇਵਾਲ, ਐਸ. ਐਸ. ਬਲ, ਪੱਛਮੀ ਇਤਿਹਾਸਕਾਰ ਮੈਕਾਲਿਫ, ਇਸ ਤੋਂ ਇਲਾਵਾ ਪਿਆਰਾ ਸਿੰਘ ਪਦਮ ਨੇ (ਗੋਬਿੰਦ ਸਾਗਰ), ਹੰਸਰਾਜ ਰਹਿਬਰ ਨੇ (ਰਾਸ਼ਟਰ ਨਾਇਕ ਗੁਰੂ ਗੋਬਿੰਦ ਸਿੰਘ) ਆਦਿ ਇਨ੍ਹਾਂ ਸਭ ਲੇਖਕਾਂ ਨੇ ਮਾਤਾ ਜੀਤੋ ਜੀ ਦੀ ਸ਼ਾਦੀ ਦੀ ਤਾਰੀਕ ਚਾਹੇ ਇਕ ਨਹੀਂ ਦਿੱਤੀ ਪਰ ਸਥਾਨ ਇਕ ਦਿੱਤਾ ਹੈ ਤੇ ਬਿਆਨਿਆ ਹੈ ਕਿ ਮਾਤਾ ਜੀਤੋ ਜੀ ਦੇ ਵਿਆਹ ਵੇਲੇ ਹੀ 'ਨਵਾਂ ਲਾਹੌਰ ਸ਼ਹਿਰ' ਦਸਮ ਪਾਤਸ਼ਾਹ ਨੇ ਵਸਾਇਆ ਸੀ । ਕੇਸਰ ਸਿੰਘ ਛਿੱਬਰ ਨੇ (ਬੰਸਾਵਲੀਨਾਮਾ) ਵਿਚ ਇਸ ਤਰ੍ਹਾਂ ਦਰਸਾਇਆ ਹੈ :

ਉਥੇ ਨਗਰ ਲਾਹੌਰ ਬਣਵਾਇਆ
ਆਣ ਸਿੱਖਾ ਨੂੰ ਵਿਚ ਵਸਾਇਆ ।
ਸੰਮਤ ਸਤਾਰਾ ਸੌ ਬੀਤੇ ਬੈਤਾਲੀ
ਮਾਤਾ ਜੀਤੋ ਬਿਆਹੀ ਥੀ ਇਸ ਚਾਲੀ ।

(ਬੰਸਾਵਲੀਨਾਮਾ, ਪੰਨਾ 124)

ਅੱਜ ਦੇ ਇਤਿਹਾਸਕਾਰਾਂ ਵਿਚ ਇਸ ਗੱਲ ਦਾ ਮਤਭੇਦ ਚਲ ਰਿਹਾ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਮਾਤਾ ਜੀਤੋ ਜੀ ਪਹਿਲੇ ਮਹਿਲ ਸਨ ਜਾਂ ਦੂਜੇ ? ਪ੍ਰਾਚੀਨ ਇਤਿਹਾਸਕਾਰਾਂ ਨੇ ਮਾਤਾ ਜੀਤੋ ਨੂੰ ਦਸਮ ਪਾਤਸ਼ਾਹ ਦੇ ਪਹਿਲੇ ਮਹਿਲ ਮੰਨਿਆ ਹੈ । ਪਰ ਆਧੁਨਿਕ ਕਾਲ ਦੇ ਲੇਖਕ ਪ੍ਰੋ. ਹਰਬੰਸ ਸਿੰਘ ਨੇ ਗੁਰੂ ਗੋਬਿੰਦ ਸਿੰਘ ਨਾਮੀ ਪੁਸਤਕ ਵਿਚ ਮਾਤਾ ਸੁੰਦਰੀ ਜੀ ਨੂੰ ਵੱਡੇ ਮਹਿਲ ਮੰਨਿਆ ਹੈ । ਇਸ ਪੁਸਤਕ ਵਿਚ ਇਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਤਿੰਨ ਸੌ ਸਾਲਾ ਜਨਮ ਸ਼ਤਾਬਦੀ ਦੇ ਅਵਸਰ 'ਤੇ ਲਿਖੀ ਸੀ । ਪ੍ਰੋ. ਹਰਬੰਸ ਸਿੰਘ ਦੀ ਹੀ ਗੱਲ ਦਾ ਅਨੁਸਰਣ ਡਾ. ਗਿੱਲ ਨੇ ਆਪਣੀ ਪੁਸਤਕ 'ਮਾਤਾ ਸੁੰਦਰੀ ਜੀ' ਵਿਚ ਕੀਤਾ

ਹੈ । ਇਨ੍ਹਾਂ ਦੇ ਵਿਚਾਰ ਵਿਚ ਮਾਤਾ ਸੁੰਦਰੀ ਜੀ ਵੱਡੇ ਹਨ ਕਿਉਂਕਿ ਵੱਡੇ ਸਾਹਿਬਜ਼ਾਦਾ ਅਜੀਤ ਸਿੰਘ ਮਾਤਾ ਸੁੰਦਰੀ ਜੀ ਦੀ ਕੁੱਖੋਂ ਪਾਉਂਟਾ ਸਾਹਿਬ ਵਿਖੇ ਪੈਦਾ ਹੋਏ ।

ਜਿਵੇਂ ਕਿ ਪਹਿਲਾਂ ਵੀ ਕਿਹਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸਮਾਂ ਗਰਦਸ਼ ਦਾ ਸਮਾਂ ਸੀ । ਇਸ ਲਈ ਸਿੱਖਾਂ ਦਾ ਸਾਹਿਤਕ ਤੇ ਇਤਿਹਾਸਕ ਸਰਮਾਇਆ ਖੁਰਦ-ਬੁਰਦ ਹੋ ਗਿਆ । ਇਸੇ ਕਰ ਕੇ ਗੁਰੂ ਸਾਹਿਬਾਨ ਦਾ ਇਤਿਹਾਸ ਵੀ ਕਈ ਹੱਥਾਂ ਵਿਚੋਂ ਲੰਘ ਕੇ ਸਾਡੇ ਕੋਲ ਪੁੱਜਿਆ ਹੈ । ਇਸੇ ਲਈ ਇਤਿਹਾਸਕਾਰਾਂ ਵਿਚ ਇਸ ਗੱਲੋਂ ਮਤਭੇਦ ਹੈ ਕਿ ਗੁਰੂ ਸਾਹਿਬ ਦੇ ਮਾਤਾ ਜੀਤੋ ਜੀ ਪਹਿਲੇ ਮਹਿਲ ਸਨ ਜਾਂ ਦੂਜੇ ? ਨਵਾਂ ਲਾਹੌਰ ਉਨ੍ਹਾਂ ਦੇ ਵਿਆਹ ਸਮੇਂ ਵਸਿਆ ਸੀ ਕਿ ਮਾਤਾ ਸੁੰਦਰੀ ਜੀ ਦੇ ਸਮੇਂ ? ਆਮ ਸਿੱਖ ਨੂੰ ਇਹ ਦੱਸਣ ਲੱਗਿਆਂ ਵੀ ਸੋਚਣਾ ਪੈਂਦਾ ਹੈ ਕਿ ਗੁਰੂ ਸਾਹਿਬਾਨ ਦੇ ਚਾਰ ਸਾਹਿਬਜ਼ਾਦਿਆਂ ਵਿਚ ਉਹ ਕਿੰਨੇ ਸਾਹਿਬਜ਼ਾਦਿਆਂ ਦੀ ਸੁਭਾਗੀ ਜਣਨੀ ਸਨ ।

ਮਾਤਾ ਜੀ ਦੀ ਜੀਵਨੀ

ਮਾਤਾ ਜੀਤੋ ਜੀ ਦਾ ਜਨਮ ਹਰਿਜਸ ਸੁਭਿਖੀ ਖੱਤਰੀ ਦੇ ਗ੍ਰਿਹ ਵਿਖੇ ਲਾਹੌਰ ਵਿਚ ਹੋਇਆ । ਮਾਤਾ ਜੀ ਦੀ ਜਨਮ-ਤਿਥੀ ਬਾਰੇ ਕਿਸੇ ਵੀ ਇਤਿਹਾਸਕ ਗ੍ਰੰਥ ਵਿਚ ਸੰਕੇਤ ਨਹੀਂ ਪਰ ਗੁਰੂ ਗੋਬਿੰਦ ਸਿੰਘ ਜੀ ਦੇ ਵਿਆਹ-ਸ਼ਾਦੀ ਇਤਿਹਾਸਕ ਤਰੀਕਾਂ ਦੇ ਤੇ ਅਸੀਂ ਅਨੁਮਾਨ ਕਰ ਸਕਦੇ ਹਾਂ । ਸਿੱਖ ਇਤਿਹਾਸ ਵਿਚ ਮਾਤਾ ਜੀਤੋ ਜੀ ਦਾ ਜ਼ਿਕਰ ਵਿਆਹ ਦੇ ਵੇਲੇ ਹੀ ਆਉਂਦਾ ਹੈ । ਉਸ ਸਮੇਂ ਬਾਲ-ਵਿਆਹ ਦਾ ਰਿਵਾਜ ਸੀ । ਉਸ ਸਮੇਂ ਸ਼ਰਧਾਲੂ ਲੋਕ ਗੁਰੂ-ਘਰ ਦੇ ਨਾਲ ਆਪਣੇ ਸੰਬੰਧ ਪੱਕਿਆਂ ਕਰਨ ਲਈ ਆਪਣੀਆਂ ਧੀਆਂ-ਭੈਣਾਂ ਦੇ ਰਿਸ਼ਤੇ ਗੁਰੂ ਸਾਹਿਬਾਨ ਨਾਲ ਕਰਨ ਵਿਚ ਮਾਣ ਸਮਝਦੇ ਸਨ । ਗੁਰੂ ਜੀ ਨੂੰ ਜਦੋਂ ਗੁਰਿਆਈ ਮਿਲੀ ਤਾਂ ਉਨ੍ਹਾਂ ਦੀ ਸ਼ੋਭਾ ਹੋਰ ਵਧ ਗਈ । ਗੁਰੂ-ਘਰ ਨਾਲ ਤਾਂ ਰਿਸ਼ਤੇ ਜੋੜਨ ਦੀ ਹਿੰਮਤ ਉਹੋ ਹੀ ਕਰ ਸਕਦਾ ਸੀ ਜਿਸ ਦਾ ਸਮਾਜਿਕ ਤੇ ਆਰਥਿਕ ਰੁਤਬਾ ਅੱਛਾ ਹੋਵੇ । ਥਾਂ-ਥਾਂ 'ਤੇ ਗੁਰੂ ਜੀ ਦੇ ਰਿਸ਼ਤੇ ਲਈ ਚਿੱਠੀਆਂ ਤੇ ਮਸੰਦਾਂ ਰਾਹੀਂ ਸੁਨੇਹੇ ਮਾਤਾ ਗੁਜਰੀ ਜੀ ਤੇ ਮਾਮਾ ਕ੍ਰਿਪਾਲ ਚੰਦ ਜੀ ਕੋਲ ਪੁੱਜਣ ਲੱਗੇ ।

ਪੰਜਾਬ ਵਿਚ ਮੇਲਿਆਂ ਦਾ ਰਿਵਾਜ ਸਦਾ ਹੀ ਰਿਹਾ ਹੈ । ਦਸਮ ਪਾਤਸ਼ਾਹ ਦੇ ਵੇਲੇ ਵੀ ਦੂਰੋਂ-ਦੂਰੋਂ ਸੰਗਤਾਂ ਅਨੰਦਪੁਰ ਸਾਹਿਬ ਗੁਰੂ ਜੀ ਦੇ ਦਰਸ਼ਨਾਂ ਲਈ ਇਕੱਠੀਆਂ ਹੋਈਆਂ । ਇਸ ਇਕੱਠ 'ਤੇ ਲਾਹੌਰ ਦੇ ਸੁਭਿਖੀ ਹਰਿਜਸ ਵੀ ਗੁਰੂ ਜੀ ਦੇ ਦਰਸ਼ਨਾਂ ਲਈ ਆਏ ਸਨ । ਵੈਸੇ ਉਨ੍ਹਾਂ ਨੇ ਪਹਿਲਾਂ ਵੀ ਦਸਮ ਪਾਤਸ਼ਾਹ ਦੇ ਦਰਸ਼ਨ ਕੀਤੇ ਸਨ । ਪਹਿਲੀ ਨਜ਼ਰੇ ਹੀ ਉਨ੍ਹਾਂ ਨੇ ਆਪਣੀ ਬੇਟੀ ਜੀਤੋ ਜੀ, ਜੋ ਨੇਕ, ਸੁੰਦਰ ਤੇ ਬਹੁਤ ਹੀ ਸੁਸ਼ੀਲ ਸੀ, ਇਸ ਲਈ ਗੁਰੂ ਜੀ ਨੂੰ ਵਰ ਧਾਰ ਲਿਆ ਸੀ । ਜਦੋਂ ਹਰਿਜਸ ਜੀ ਨੇ ਇਸ ਵਾਰੀ ਹਿੰਮਤ ਕਰ ਕੇ ਆਪਣੀ ਦਿਲੀ ਇੱਛਾ ਮਾਤਾ ਗੁਜਰੀ ਜੀ ਤੇ ਮਾਮਾ ਕ੍ਰਿਪਾਲ ਚੰਦ ਜੀ ਦੇ ਅੱਗੇ ਬੇਨਤੀ ਦੇ ਰੂਪ ਵਿਚ ਰੱਖੀ । ਮਾਤਾ ਗੁਜਰੀ ਜੀ ਦੇ ਪੇਕੇ ਵੀ ਸੁਭਿਖੀ ਸਨ । ਇਹ ਖੱਤਰੀਆਂ ਦੀ ਗੋਤ ਹੈ । ਮਾਤਾ ਗੁਜਰੀ ਤੇ ਮਾਮਾ ਕ੍ਰਿਪਾਲ ਚੰਦ ਜੀ ਨੇ ਸੋਚ-ਵਿਚਾਰ ਕੇ ਰਜ਼ਾਮੰਦੀ ਜ਼ਾਹਿਰ ਕਰ ਦਿੱਤੀ । ਪਰ ਨਾਲ ਹੀ ਇਕ ਸ਼ਰਤ ਵੀ ਰੱਖ ਦਿੱਤੀ ਕਿ ਬਰਾਤ (ਦੂਰ) ਪਹਿਲੇ ਲਾਹੌਰ ਨਹੀਂ ਜਾਏਗੀ । ਸਗੋਂ ਗੁਰੂ ਸਾਹਿਬ ਅਨੰਦਪੁਰ ਦੇ ਨੇੜੇ (ਨਵਾਂ ਲਾਹੌਰ) ਵਸਾ

ਲੈਣਗੇ। ਅਨੰਦ ਕਾਰਜ ਉਥੇ ਹੀ ਹੋਣਗੇ। ਭਾਈ ਹਰਿਜਸ ਨੂੰ ਤਾਂ ਸਭ ਕੁਝ ਮਨਜ਼ੂਰ ਸੀ। ਉਨ੍ਹਾਂ ਨੂੰ ਅੰਤਾਂ ਦੀ ਖੁਸ਼ੀ ਸੀ। ਉਹ ਸਭ ਕੁਝ ਕਰਨ ਲਈ ਰਾਜ਼ੀ ਸਨ। ਉਹ ਲਾਹੌਰ ਦੇ ਸਰਦੇ-ਪੁਜਦੇ (ਸੁਭਿਖੀ) ਖਾਨਦਾਨ ਦੇ ਸਨ। ਉਨ੍ਹਾਂ ਨੇ ਮਾਤਾ ਗੁਜਰੀ ਦੇ ਮਾਮਾ ਕ੍ਰਿਪਾਲ ਚੰਦ ਜੀ ਨਾਲ ਵਿਆਹ ਦੀ ਤਰੀਕ ਪੱਕੀ ਕਰ ਲਈ। ਦੋਵੇਂ ਪਰਿਵਾਰ ਵਿਆਹ ਦੀਆਂ ਤਿਆਰੀਆਂ ਵਿਚ ਰੁੱਝ ਗਏ।

ਗੁਰੂ ਜੀ ਨੇ ਮਾਮਾ ਕ੍ਰਿਪਾਲ ਚੰਦ ਜੀ ਨੂੰ ਇਸ ਨਵੇਂ ਨਗਰ ਦੀ ਆਬਾਦੀ ਦਾ ਮੁਖੀ ਬਣਾ ਦਿੱਤਾ। ਸੰਗਤਾਂ ਦੇ ਨਾਮ ਹੁਕਮਨਾਮੇ ਭੇਜੇ ਗਏ। ਵਪਾਰੀਆਂ ਨੂੰ ਆਬਾਦ ਹੋਣ ਲਈ ਮਾਲੀ ਮਦਦ ਦਿੱਤੀ। ਸ਼ਹਿਰ ਨੂੰ ਨੁਮਾਇਸ਼ ਦੀ ਤਰ੍ਹਾਂ ਸਜਾ ਦਿੱਤਾ। ਭਾਈ ਸੰਤੋਖ ਸਿੰਘ ਇਸ ਸ਼ਹਿਰ ਦੀ ਮਹਿਮਾ ਵਿਚ ਲਿਖਦੇ ਹਨ :

ਗੁਰੂ ਕੋ ਲਵਪੁਰ ਬਸਯੋ ਮਹਾਨਾ।
ਜਹਿ ਕਹਿ ਲੇ ਬੈਠੇ ਧਨ ਧਾਨਾ।

ਸਾਰਾ ਨਵਾਂ ਲਾਹੌਰ ਸ਼ਹਿਰ ਵੱਸ ਗਿਆ ਸੀ। ਜਿੰਨੀ ਸ਼ਾਨ-ਸ਼ੌਕਤ ਨਾਲ ਸ਼ਾਦੀ ਦੀ ਤਿਆਰੀ ਹੋਈ ਸੀ, ਉਹ ਸ਼ਾਇਦ ਗੁਰੂ-ਘਰ ਦੀ ਪਹਿਲੀ ਤੇ ਅੰਤਿਮ ਸ਼ਾਦੀ ਸੀ। ਭਾਈ ਹਰਿਜਸ ਜੀ ਬਹੁਤ ਪ੍ਰਸੰਨ ਸਨ। ਉਹ ਕੁਝ ਦਿਨ ਪਹਿਲਾਂ ਹੀ ਆਪਣੇ ਸਾਰੇ ਕਬੀਲੇ ਨੂੰ ਲੈ ਕੇ ਨਵੇਂ ਲਾਹੌਰ ਪੁੱਜ ਗਏ। ਉਹ ਨਵੇਂ ਲਾਹੌਰ ਸ਼ਹਿਰ ਦੀਆਂ ਰੌਣਕਾਂ ਵੇਖ ਕੇ ਆਪਣੀ ਬੱਚੀ ਦੇ ਭਾਗਾਂ ਨੂੰ ਧੰਨ-ਧੰਨ ਕਹਿ ਰਹੇ ਸਨ ਤੇ ਦਸਮ ਪਾਤਸ਼ਾਹ ਤੋਂ ਬਲਿਹਾਰੇ ਜਾ ਰਹੇ ਸਨ। ਉਨ੍ਹਾਂ ਨੇ ਸਾਰੀ ਬਾਰਾਤ ਦਾ ਸਵਾਗਤ ਕਰਨ ਲਈ ਸਾਰੇ ਪ੍ਰਬੰਧ ਕਰ ਲਏ ਸਨ।

ਫੇਰ 23 ਹਾੜ ਦਾ ਦਿਨ ਆ ਗਿਆ। ਅੱਜ ਮਾਤਾ ਗੁਜਰੀ ਦੇ ਲਾਡਲੇ ਪੁੱਤਰ ਨੇ ਸਿਹਰੇ ਬੰਨ੍ਹੇ। ਬਾਰਾਤ ਸਾਕ-ਸੰਬੰਧੀ ਤੇ ਸਿੱਖ-ਸੰਗਤਾਂ ਨਾਲ ਅਨੰਦਪੁਰ ਤੋਂ ਬੜੀ ਸ਼ਾਨ-ਸ਼ੌਕਤ ਨਾਲ ਨਵੇਂ ਲਾਹੌਰ ਵਾਸਤੇ ਤੁਰ ਪਈ। ਅੱਗੋਂ ਬਰਾਤ ਦੇ ਸਵਾਗਤ ਲਈ ਹਰਿਜਸ ਵੀ ਆਪਣੇ ਸਾਕ-ਸੰਬੰਧੀਆਂ ਸਮੇਤ ਅੱਗੇ ਆਏ। ਮਿਲਣੀ ਹੋਈ। ਦਸਮ ਪਾਤਸ਼ਾਹ ਨੂੰ ਸਜੇ ਹੋਏ ਘੋੜੇ ਤੋਂ ਉਤਾਰ ਕੇ ਸਜੀ ਹੋਈ ਥਾਂ ਤੇ ਲਿਜਾਇਆ ਗਿਆ ਜੋ ਦਸਮ ਪਾਤਸ਼ਾਹ ਲਈ ਹੀ ਸਜਾਈ ਗਈ ਸੀ। ਅਗਲੀ ਸਵੇਰ ਅਨੰਦ ਕਾਰਜ ਦੀ ਰਸਮ ਹੋਈ। ਇਸ ਤੋਂ ਬਾਅਦ ਦਸਮ ਪਾਤਸ਼ਾਹ ਤੇ ਮਾਤਾ ਜੀਤੋ ਜੀ ਨੂੰ 'ਗੁਰੂ ਕੇ ਮਹਲ' ਉਸ ਆਲੀਸ਼ਾਨ ਮਕਾਨ ਜੋ ਮਾਮਾ ਕ੍ਰਿਪਾਲ ਚੰਦ ਜੀ ਨੇ ਬਣਵਾਇਆ ਸੀ, ਲਿਆਂਦਾ ਗਿਆ। ਮਾਤਾ ਜੀਤੋ ਜੀ ਤਾਂ ਸ਼ਹਿਨਸ਼ਾਹ ਪਤੀ ਪਾ ਕੇ ਆਪਣੇ ਆਪ ਨੂੰ ਬਹੁਤ ਹੀ ਖੁਸ਼ਕਿਸਮਤ ਤੇ ਵੱਡੇ ਭਾਗਾਂ ਵਾਲੇ ਮੰਨ ਰਹੇ ਸਨ। ਇਨ੍ਹਾਂ ਨੂੰ ਗੁਰੂ ਕੇ ਮਹਲ ਵਿਚ ਫੇਰਾ ਪਾਉਣ ਲਈ ਹੀ ਲਿਆਂਦਾ ਗਿਆ ਸੀ। ਹੁਣ ਬਾਰਾਤ ਦੇ ਵਿਦਾ ਹੋਣ ਦਾ ਸਮਾਂ ਆ ਗਿਆ। ਸਾਰੇ ਸ਼ਗਨ ਕਰ ਕੇ ਹਰਿਜਸ ਜੀ ਨੇ ਡੋਲੀ ਤੋਰ ਦਿੱਤੀ। ਬਾਰਾਤ ਲਾੜੇ-ਲਾੜੀ ਸਮੇਤ ਅਨੰਦਪੁਰ ਲਈ ਰਵਾਨਾ ਹੋ ਗਈ। ਜਦੋਂ ਬਾਰਾਤ ਵਾਪਸ ਅਨੰਦਪੁਰ ਪੁੱਜੀ ਤਾਂ ਮਾਤਾ ਗੁਜਰੀ ਜੀ ਤੇ ਸਾਰੀਆਂ ਸਾਕ-ਸੰਬੰਧਣਾਂ ਬੜੀ ਬੇਤਾਬੀ ਨਾਲ ਉਡੀਕ ਕਰ ਰਹੀਆਂ ਸਨ। ਸ਼ੁਕਰ-ਸ਼ੁਕਰ ਆਖਦੀ ਸਾਰੇ ਸ਼ਗਨ ਕਰ ਕੇ ਮਾਤਾ ਜੀ ਨੇ ਨੂੰਹ-ਪੁੱਤਰ ਨੂੰ ਗ੍ਰਹਿ ਪ੍ਰਵੇਸ਼ ਕਰਾਇਆ।

ਮਾਤਾ ਜੀਤੋ ਜੀ ਬਾਲੜੀ ਉਮਰ ਵਿਚ ਗੁਰੂ ਕੇ ਮਹਲਾਂ ਵਿਚ ਫਿਰਦੇ ਹੀ ਜੁਆਨ ਹੋਏ

ਤੇ ਮਾਤਾ ਗੁਜਰੀ ਦੀ ਸੇਵਾ ਕਰਨ ਲੱਗੇ, ਐਨ ਉਸੇ ਤਰ੍ਹਾਂ ਜਿਵੇਂ ਮਾਤਾ ਗੁਜਰੀ ਨੇ ਆਪਣੀ ਸੱਸ ਮਾਤਾ ਨਾਨਕੀ ਦੀ ਕੀਤੀ। ਜੈਸਾ ਕੋਈ ਬੀਜਦਾ ਹੈ ਵੈਸਾ ਹੀ ਫਲ ਪ੍ਰਾਪਤ ਕਰਦਾ ਹੈ। ਮਾਤਾ ਗੁਜਰੀ ਜੀ ਨੇ ਸੇਵਾ ਕੀਤੀ ਸੀ ਉਨ੍ਹਾਂ ਨੂੰ ਅੱਗੋਂ ਨੇਕ, ਸੁੰਦਰ ਤੇ ਸੇਵਾ ਦੀ ਮੂਰਤੀ ਵਾਲੀ ਸੁਘੜ ਸਿਆਣੀ ਨੂੰਹ ਮਿਲ ਗਈ। ਇਸ ਤਰ੍ਹਾਂ ਦਿਨ ਬੀਤਦੇ ਗਏ। ਸਲ ਲੰਘਦੇ ਗਏ। ਉਨ੍ਹਾਂ ਦੀ ਮਹਿਮਾ ਵਧਦੀ ਗਈ। ਮਾਤਾ ਗੁਜਰੀ ਜੀ ਦੀਆਂ ਖੁਸ਼ੀਆਂ ਦਿਨ-ਬਦਿਨ ਵਧਦੀਆਂ ਗਈਆਂ। ਦਸਮ ਪਾਤਸ਼ਾਹ ਨੇ ਆਪਣੇ ਜੀਵਨ-ਕਾਲ ਦਾ ਬਹੁਤਾ ਸਮਾਂ ਅਨੰਦਪੁਰ ਵਿਚ ਹੀ ਬਤੀਤ ਕੀਤਾ। ਇਥੇ ਹੀ ਗ੍ਰਹਿਸਥੀ ਜੀਵਨ ਬਤੀਤ ਕੀਤਾ। ਇਥੇ ਹੀ ਮਾਤਾ ਜੀਤੋ ਜੀ ਨੇ ਮਾਤਾ ਗੁਜਰੀ ਜੀ ਨਾਲ ਘਰ ਦੇ ਕੰਮ ਵਿਚ ਹੱਥ ਵਟਾਇਆ, ਸੰਗਤਾਂ ਦੀ ਦੇਖ-ਰੇਖ ਕਰਦਿਆਂ ਸਮਾਂ ਬਤੀਤ ਕੀਤਾ।

ਮਾਤਾ ਜੀਤੋ ਜੀ ਬਹੁਤ ਹੀ ਕੋਮਲ ਦਿਲ ਦੇ ਸਨ। ਜੋ ਕੋਈ ਵੀ ਦੁਖੀ ਇਨ੍ਹਾਂ ਦੇ ਕੋਲ ਫਰਿਆਦ ਲੈ ਕੇ ਜਾਂਦਾ ਉਸ ਦੀ ਪੂਰੀ ਮਦਦ ਕਰਦੇ। ਇਕ ਵਾਰੀ ਦੀ ਗੱਲ ਹੈ ਕਿ ਗੁਰੂ ਜੀ ਦੇ ਦਰਸ਼ਨਾਂ ਲਈ ਕੁਝ ਭੇਟਾ ਲੈ ਕੇ ਇਕ ਸਿੱਖ ਆਇਆ। ਪਰ ਰਸਤੇ ਵਿਚ ਹੀ ਉਸ ਕੋਲੋਂ ਚੋਤੋ ਨਾਮ ਦੇ ਮਸੰਦ ਨੇ ਭੇਟਾ ਵਸੂਲ ਕਰ ਲਈਆਂ ਤੇ ਉਸ ਨੂੰ ਗੁਰੂ ਜੀ ਦੇ ਦਰਸ਼ਨਾਂ ਤੋਂ ਬਿਨਾਂ ਹੀ ਮੋੜ ਰਿਹਾ ਸੀ। ਪਰ ਉਹ ਸਿੱਖ ਵੀ ਦਰਸ਼ਨ ਕਰੇ ਬਿਨਾਂ ਨਹੀਂ ਜਾ ਰਿਹਾ ਸੀ। ਗੁਰੂ ਰਾਮਦਾਸ ਜੀ ਨੇ ਮਸੰਦ ਸੰਸਥਾ ਨੂੰ ਗੁਰੂ ਨਾਨਕ ਦੀ ਸਿੱਖਿਆ ਦੇ ਪ੍ਰਚਾਰ ਲਈ ਸਥਾਪਿਤ ਕੀਤਾ ਸੀ ਕਿ ਗ੍ਰਹਿਸਥ ਵਿਚ ਰਹਿ ਕੇ ਹਰ ਸਿੱਖ ਕਿਰਤ ਕਰੇ, ਨਾਮ ਜਪੇ ਅਤੇ ਵੰਡ ਕੇ ਛਕੇ। ਪਰ ਗੁਰੂ ਅਰਜਨ ਦੇਵ ਜੀ ਤਕ ਮਸੰਦ ਉਸ ਬੰਦੇ ਨੂੰ ਥਾਪਿਆ ਜਾਂਦਾ ਸੀ ਜਿਹੜਾ ਇਨ੍ਹਾਂ ਆਦਰਸ਼ਾਂ ਨੂੰ ਆਪਣੇ ਜੀਵਨ ਵਿਚ ਢਾਲਦਾ ਹੋਵੇ। ਪਰ ਹੌਲੀ-ਹੌਲੀ ਇਹ ਮਸੰਦ ਗੱਦੀ ਵੀ ਪਿਤਾਪੁਰਖੀ ਬਣ ਗਈ। ਫੇਰ ਉਨ੍ਹਾਂ ਨੇ ਗੁਰੂ ਭੇਟਾ ਉਗਰਾਹੁਣਾ ਤੇ ਧਰਮ ਦਾ ਪ੍ਰਚਾਰ ਕਰਨਾ ਤੇ ਕਿਰਤ ਕਰਨੀ ਅਤੇ ਵੰਡ ਛਕਣ ਦੇ ਆਦਰਸ਼ਾਂ ਨੂੰ ਭੁਲਾ ਦਿੱਤਾ ਤੇ ਗੁਰੂ ਦੇ ਨਾਮ 'ਤੇ ਉਗਰਾਹੀ ਹੋਈ ਭੇਟਾ 'ਤੇ ਅੱਯਾਸ਼ੀ ਦਾ ਜੀਵਨ ਬਿਤਾਉਣ ਲੱਗ ਪਏ। ਇਨ੍ਹਾਂ ਨੇ ਲੋਕਾਂ ਨੂੰ ਡਰਾ-ਧਮਕਾ ਕੇ ਰੱਖਿਆ ਹੋਇਆ ਸੀ ਤੇ ਆਪ ਪਹਾੜੀ ਰਾਜਿਆਂ ਕੋਲੋਂ ਡਰਦੇ ਸਨ। ਇਸੇ ਤਰ੍ਹਾਂ ਦਾ ਮਸੰਦ ਚੋਤੋ ਸੀ। ਜਦੋਂ ਗੁਰੂ ਗੋਬਿੰਦ ਨੇ ਉਸ ਸਿੱਖ ਨਾਲ ਗੱਲ ਕੀਤੀ ਤੇ ਚੋਤੋ ਦੀ ਚੋਰੀ ਪਕੜ ਲਈ। ਫੇਰ ਚੋਤੋ ਬਹੁਤ ਹੀ ਘਬਰਾਇਆ ਤੇ ਉਹ ਮਾਤਾ ਜੀਤੋ ਜੀ ਕੋਲ ਗਿਆ ਕਿ ਤੁਸੀਂ ਭੁੱਲ ਬਖਸ਼ਵਾ ਦਿਉ। ਮਾਤਾ ਜੀ ਨੇ ਉਸ ਦਾ ਅਵਗੁਣ ਨਾ ਚਿਤਾਰਿਆ ਸਗੋਂ ਗੁਰੂ ਜੀ ਅੱਗੇ ਬੇਨਤੀ ਕਰ ਕੇ ਉਸ ਨੂੰ ਬਖਸ਼ਵਾ ਦਿੱਤਾ ਨਹੀਂ ਤਾਂ ਉਸ ਨੂੰ ਡਰ ਸੀ ਕਿ ਗੁਰੂ ਜੀ ਬਹੁਤ ਸਖ਼ਤ ਸਜ਼ਾ ਦੇਣਗੇ। ਭਾਈ ਵੀਰ ਸਿੰਘ ਨੇ 'ਕਲਗੀਧਰ ਚਮਤਕਾਰ' ਵਿਚ ਇਸ ਸਾਖੀ ਵਿਚ ਮਾਤਾ ਜੀ ਨੂੰ ਅਜਿਹੀ ਮਹਿਲਾ ਦੇ ਰੂਪ ਵਿਚ ਪੇਸ਼ ਕੀਤਾ ਹੈ ਕਿ ਭੁੱਲਾਂ ਬਖਸ਼ਵਾਉਣ ਵਾਲੀ ਇਹ ਮਾਤਾ ਜੀਤੋ ਜੀ ਹੀ ਸਨ।

ਵਿਆਹ ਪਿੱਛੋਂ ਮਾਤਾ ਜੀਤੋ ਜੀ ਅਨੰਦਪੁਰ ਸਾਹਿਬ ਰਹੇ। ਏਥੇ ਲਾਹੌਰ ਤੋਂ ਬਿਲਕੁਲ ਵੱਖਰਾ ਮਾਹੌਲ ਤੇ ਵਾਤਾਵਰਣ ਸੀ ਪਰ ਮਾਤਾ ਗੁਜਰੀ ਵਰਗੀ ਸੁਘੜ ਸਿਆਣੀ ਸੱਸ ਤੇ ਗੁਰੂ ਗੋਬਿੰਦ ਸਿੰਘ ਵਰਗੇ ਮਹਾਂਬਲੀ ਪਰਮ ਮਨੁੱਖ ਦੀ ਸੰਗਤ ਵਿਚ ਅਨੰਦਮਈ ਸਮਾਂ ਗੁਜ਼ਰਨ ਲੱਗਾ। ਫੇਰ ਕੁਝ ਸਮੇਂ ਲਈ ਗੁਰੂ ਗੋਬਿੰਦ ਸਿੰਘ ਵੀ ਪਾਉਂਟਾ ਸਾਹਿਬ ਨਾਮ

ਦਾ ਨਵਾਂ ਨਗਰ ਵਸਾ ਕੇ ਉਥੇ ਮਿੱਥੀ ਯੋਜਨਾ ਅਨੁਸਾਰ ਭਵਿੱਖ ਬਾਰੇ ਪ੍ਰੋਗਰਾਮ ਤਿਆਰ ਕਰਨ ਲੱਗ ਪਏ । ਇਥੇ ਹੀ ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ ਮਾਤਾ ਸੁੰਦਰੀ ਜੀ ਦੀ ਕੁੱਖ ਤੋਂ ਹੋਇਆ । ਕੁਝ ਸਮੇਂ ਪਿੱਛੋਂ ਮਾਤਾ ਗੁਜਰੀ, ਮਾਤਾ ਜੀਤੋ ਜੀ, ਮਾਤਾ ਸੁੰਦਰੀ ਜੀ ਸਮੇਤ ਮੁੜ ਅਨੰਦਪੁਰ ਵਾਪਸ ਆ ਗਏ ।

ਅਗਲੇ ਦਸ ਸਾਲ ਅਨੰਦਪੁਰ ਵਿਚ ਕਿਸ ਤਰ੍ਹਾਂ ਬੀਤੇ । ਉਹ ਤਾਂ ਗੁਰੂ ਗੋਬਿੰਦ ਸਿੰਘ ਸੰਬੰਧੀ ਲਿਖੀਆਂ ਰਚਨਾਵਾਂ ਤੋਂ ਹੀ ਸਪੱਸ਼ਟ ਹੈ ।

ਮਾਤਾ ਜੀਤੋ ਜੀ ਨੂੰ ਜਿਥੇ ਗੁਰੂ ਗੋਬਿੰਦ ਸਿੰਘ ਦੇ ਮਹਿਲ ਹੋਣ ਦਾ ਮਾਣ ਪ੍ਰਾਪਤ ਹੋਇਆ ਉਥੇ ਤਿੰਨ ਸਾਹਿਬਜ਼ਾਦਿਆਂ ਦੀ ਮਾਤਾ ਹੋਣ ਦਾ ਮਾਣ ਵੀ ਉਨ੍ਹਾਂ ਨੂੰ ਸਿੱਖ ਇਤਿਹਾਸ ਵਿਚ ਸਭ ਤੋਂ ਉੱਚੀ ਪਦਵੀ ਪ੍ਰਦਾਨ ਕਰਦਾ ਹੈ । ਮਾਤਾ ਜੀਤੋ ਜੀ ਦੀ ਕੁੱਖ ਤੋਂ ਅਨੰਦਪੁਰ ਸਾਹਿਬ ਵਿਖੇ 14 ਮਾਰਚ 1690 ਨੂੰ ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਨਮ ਹੋਇਆ । 17 ਨਵੰਬਰ 1696 ਨੂੰ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦਾ ਜਨਮ ਹੋਇਆ । 25 ਫਰਵਰੀ 1699 ਨੂੰ ਸਾਹਿਬਜ਼ਾਦਾ ਫਤਹਿ ਸਿੰਘ ਦਾ ਜਨਮ ਹੋਇਆ । ਇਸ ਸੁਭਾਗੀ ਮਾਤਾ ਨੇ ਤਿੰਨ ਸਪੁੱਤਰਾਂ ਨੂੰ ਅਨੰਦਪੁਰ ਸਾਹਿਬ ਵਿਖੇ ਹੀ ਜਨਮ ਦਿੱਤਾ । ਇਨ੍ਹਾਂ ਦੀ ਪਾਲਣਾ ਵੀ ਅਨੰਦਪੁਰ ਸਾਹਿਬ ਹੀ ਹੋਈ । ਜਦੋਂ ਸਾਹਿਬਜ਼ਾਦਿਆਂ ਨੇ ਜਨਮ ਲਿਆ, ਉਹ ਅਨੰਦਪੁਰ ਸਾਹਿਬ ਦਾ ਸੁਨਹਿਰੀ ਸਮਾਂ ਸੀ । ਉਦੋਂ ਸ਼ਾਹੀ ਠਾਠ ਸੀ । ਅਨੰਦਪੁਰ ਪੂਰੀ ਸ਼ਾਨ ਨਾਲ ਵੱਸ ਚੁੱਕਾ ਸੀ । ਪਹਾੜੀ ਰਾਜੇ ਗੁਰੂ ਦਸਮ ਪਾਤਸ਼ਾਹ ਦੇ ਰਣਜੀਤ ਨਗਾਰੇ ਤੋਂ ਡਰਨ ਲੱਗ ਪਏ ਸਨ । ਕਿਲ੍ਹੇ, ਸੈਨਾ, ਹਾਥੀ-ਘੋੜੇ, ਸਿੱਖ ਸੇਵਕ ਤੇ ਹੀਰੇ-ਜਵਾਹਰਾਤ ਆਦਿ ਸਨ । ਗੁਰੂ ਜੀ ਦੇ ਦਰਬਾਰ ਵਿਚ 52 ਵਿਦਵਾਨ ਕਵੀ ਤੇ ਪੰਡਿਤ ਸਨ । ਗੁਰੂ ਦੇ ਲੰਗਰ ਵਿਚ ਸੈਂਕੜੇ ਮਣ ਆਟਾ ਪੱਕਦਾ ਸੀ । ਇਕ ਇਕ ਸਾਹਿਬਜ਼ਾਦੇ ਨੂੰ ਕਈ-ਕਈ ਸੇਵਕ ਖਿਡਾਉਂਦੇ । ਪਰ ਉਹ ਸਭ ਤੋਂ ਵੱਧ ਖੇਡਦੇ ਸਨ ਮਾਤਾ ਜੀਤੋ ਜੀ ਦੀ ਗੋਦ ਵਿਚ ਜਾਂ ਦਾਦੀ ਗੁਜਰੀ ਜੀ ਦੀ ਗੋਦ ਵਿਚ । ਮਾਂ ਤੇ ਦਾਦੀ ਸਾਹਿਬਜ਼ਾਦਿਆਂ ਨੂੰ ਦੇਖਦੀਆਂ ਤਾਂ ਉਨ੍ਹਾਂ ਨੂੰ ਆਪਣੇ ਹਿਰਦੇ ਨਾਲ ਲਾਉਂਦੀਆਂ ਹੋਈਆਂ ਇਕ ਵਿਸਮਾਦੀ ਸੁਖ ਅਨੁਭਵ ਕਰਦੀਆਂ ਸਨ ।

ਮਾਤਾ ਜੀਤੋ ਜੀ ਇਕ ਮਹਾਨ ਮਾਤਾ ਸੀ । ਉਨ੍ਹਾਂ ਨੇ ਅਜਿਹੇ ਬੱਚਿਆਂ ਨੂੰ ਜਨਮ ਦਿੱਤਾ ਸੀ ਜਿਨ੍ਹਾਂ ਨੇ ਛੋਟੀ-ਛੋਟੀ ਉਮਰ ਵਿਚ ਹੀ ਆਪਣੇ ਦਾਦੇ ਦੇ ਦੱਸੇ ਰਾਹਾਂ 'ਤੇ ਚੱਲ ਕੇ ਸਿੱਖੀ ਸਿਦਕ ਦੇ ਪਿੱਛੇ ਜਾਨਾਂ ਕੁਰਬਾਨ ਕਰ ਦਿੱਤੀਆਂ । ਜੁਝਾਰ ਸਿੰਘ ਚਮਕੌਰ ਵਿਚ ਲੜਾਈ ਕਰਦੇ ਆਪਣੇ ਪਿਤਾ ਦੇ ਸਾਹਮਣੇ ਆਪਣੇ ਵੱਡੇ ਭਾਈ ਅਜੀਤ ਸਿੰਘ ਜੀ ਦੇ ਨਾਲ ਸ਼ਹੀਦ ਹੋ ਗਏ । ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਨੂੰ ਸਰਹੰਦ ਵਿਚ ਨੀਂਹਾਂ ਵਿਚ ਜੀਉਂਦੇ ਚਿਣ ਦਿੱਤਾ ਗਿਆ । ਇਨ੍ਹਾਂ ਨੇ ਮਾਤਾ ਜੀਤੋ ਜੀ ਦਾ ਦੁੱਧ ਪੀਤਾ ਸੀ ਤੇ ਉਸ ਮਾਂ ਦਾ ਨਾਮ ਰਹਿੰਦੀ ਦੁਨੀਆ ਤਕ ਰੋਸ਼ਨ ਕਰ ਦਿੱਤਾ ।

ਮਾਤਾ ਜੀਤੋ ਜੀ ਜਿਥੇ ਇਕ ਮਹਾਨ ਮਾਤਾ ਸਨ ਉਥੇ ਇਕ ਮਹਾਨ ਪਤਨੀ ਵੀ ਸਨ ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਗੁਰੂ ਜੀ ਦੀ ਸੇਵਾ ਕਰਦੇ ਹੀ ਬਤੀਤ ਕੀਤਾ । ਉਹ ਗੁਰੂ ਜੀ ਨੂੰ ਪਤੀ ਤੋਂ ਵੀ ਉੱਚਾ ਮੰਨਦੇ ਸਨ । ਉਨ੍ਹਾਂ ਦੇ ਦਿਲ ਵਿਚ ਉਨ੍ਹਾਂ ਲਈ ਸ਼ਰਧਾ ਤੇ ਭਗਤ ਤੇ ਸੇਵਕ ਵਾਲੇ ਭਾਵ ਵੀ ਸਨ । ਹਰ ਰੋਜ਼ ਜਦੋਂ ਦਸਮ ਪਾਤਸ਼ਾਹ ਸਵੇਰੇ (ਕੇਸਗੜ੍ਹ) ਦਰਬਾਰ ਵਿਚ ਜਾਂਦੇ ਸਨ ਤਾਂ ਮਾਤਾ ਜੀ ਹਰ ਰੋਜ਼ ਉਨ੍ਹਾਂ ਦੇ ਗਲ਼ ਵਿਚ ਸਿਹਰਾ ਪਾ ਕੇ

ਵਿਦਾ ਕਰਦੇ ਸਨ। ਇਸ ਤੋਂ ਪਹਿਲਾਂ ਉਹ ਅੰਮ੍ਰਿਤ ਵੇਲੇ ਉਠ ਕੇ ਗੁਰੂ ਜੀ ਲਈ ਲੰਗਰ ਤਿਆਰ ਕਰਦੇ ਸਨ। ਫੇਰ ਬਾਕੀ ਦਾ ਸਮਾਂ ਭਜਨ-ਬੰਦਗੀ ਵਿਚ ਬਤੀਤ ਕਰਦੇ ਤੇ ਨਾਲ ਹੀ ਸਾਧ-ਸੰਗਤ ਤੇ ਗੁਰੂ ਦੇ ਸੇਵਕਾਂ ਦੀ ਦੇਖਭਾਲ ਵੀ ਕਰਦੇ। ਕੰਮ ਕਰਨ ਵਾਲਿਆਂ ਤੋਂ ਕੰਮ ਲੈਂਦੇ ਰਹਿੰਦੇ। ਹਰ ਰੋਜ਼ ਦੀ ਫੁੱਲ ਮਾਲਾ ਲਈ ਮਾਲੀ ਕੇਸਰ ਸਿੰਘ ਤੋਂ ਭਿੰਨ-ਭਿੰਨ ਤਰ੍ਹਾਂ ਦੇ ਫੁੱਲ ਲਗਵਾਏ। ਇਨ੍ਹਾਂ ਨੂੰ ਫੁੱਲਾਂ ਦਾ ਬਹੁਤ ਸ਼ੌਕ ਸੀ ਅਤੇ ਇਸ ਦੇ ਇਲਾਵਾ ਕਾਫੀ ਗਿਆਨ ਵੀ ਰਖਦੇ ਸਨ। ਇਕ ਦਿਨ ਦੀ ਗੱਲ ਹੈ ਕਿ ਕੇਸਰ ਸਿੰਘ ਸ਼ਾਮ ਦੇ ਵੇਲੇ ਇਕ ਤਾਜ਼ੇ ਫੁੱਲਾਂ ਦੀ ਪਟਾਰੀ ਲੈ ਕੇ ਮਾਤਾ ਜੀ ਦੇ ਕੋਲ ਮਹਿਲ ਵਿਚ ਗਿਆ ਤਾਂ ਮਾਤਾ ਜੀ ਨੇ ਫੁੱਲਾਂ ਦੀ ਤਾਰੀਫ਼ ਕੀਤੀ। ਕੇਸਰ ਸਿੰਘ ਨੇ ਉਨ੍ਹਾਂ ਨੂੰ ਦੱਸਿਆ ਕਿ ਇਹ ਫੁੱਲ ਉਸ ਨੇ ਨਹੀਂ ਉਗਾਏ ਸਗੋਂ ਇਕ ਨਵਾਂ ਛੋਟਾ ਮਾਲੀ ਰੱਖਿਆ ਹੈ, ਉਸ ਨੇ ਲਗਾਏ ਹਨ। ਉਹ ਮਿਹਨਤ-ਮਜ਼ਦੂਰੀ ਕਰ ਕੇ ਨਿਰਬਾਹ ਕਰਦੇ ਹਨ। ਗੁਰੂ ਦੇ ਬਾਗ਼ ਦੀ ਨਿਸ਼ਕਾਮ ਸੇਵਾ ਕਰਦੇ ਹਨ। ਗੁਰੂ ਕੇ ਬਾਗ ਦੇ ਨਵੇਂ ਮਾਲੀ ਦਾ ਨਾਮ ਸੋਹਨਾ ਤੇ ਉਸ ਦੀ ਪਤਨੀ ਦਾ ਨਾਮ ਮੋਹਿਨਾ ਸੀ। ਗੁਰੂ ਜੀ ਦੇ ਦਰਸ਼ਨਾਂ ਦੇ ਅਭਿਲਾਸ਼ੀ ਹਨ। ਉਨ੍ਹਾਂ ਨੂੰ ਗੁਰੂ ਦੇ ਸਿੱਖ ਦੀ ਆਹ ਲੱਗੀ ਹੋਈ ਹੈ। ਉਹ ਭੁੱਲ ਬਖਸ਼ਵਾਉਣਾ ਚਾਹੁੰਦੇ ਹਨ। ਮਾਤਾ ਜੀਤੋ ਜੀ ਨੇ ਇਹ ਸਾਰੀ ਵਿਥਿਆ ਗੁਰੂ ਜੀ ਨੂੰ ਸੁਣਾਈ। ਗੁਰੂ ਜੀ ਕੋਲੋਂ ਇਜਾਜ਼ਤ ਲੈ ਕੇ ਉਨ੍ਹਾਂ ਨੂੰ ਮਿਲਣ ਦੇ ਲਈ ਇਕ ਦਿਨ ਉਨ੍ਹਾਂ ਦੀ ਝੁੱਗੀ ਵਿਚ ਪੁੱਜ ਗਏ। ਮੋਹਿਨਾ ਨੇ ਮੱਥਾ ਟੇਕਿਆ ਤੇ ਨਾਲ ਨਾਲ ਹੈਰਾਨ ਹੋਈ ਜਾਂਦੀ। ਉਸ ਨੂੰ ਸਮਝ ਨਾ ਆਉਂਦੀ ਕਿ ਪਿਆਰੀ ਅੰਮੀ ਦਾ ਕਿਸ ਤਰ੍ਹਾਂ ਸਵਾਗਤ ਕਰੇ, ਕੀ ਖਾਣ-ਪੀਣ ਲਈ ਅੱਗੇ ਰੱਖੇ। ਕਦੀ ਉਹ ਕੁਝ ਕਰਦੀ ਤੇ ਕਦੀ ਕੁਝ। ਫਿਰ ਮਾਤਾ ਜੀ ਬਿਰਾਜਮਾਨ ਕਰ ਕੇ ਸਰੋਦ ਛੇੜਦੀ ਹੈ। ਮੋਹਿਨਾ ਦਾ ਕੀਰਤਨ ਕਾਫੀ ਸਮਾਂ ਮਾਤਾ ਜੀ ਨੇ ਸਰਵਣ ਕੀਤਾ ਫੇਰ ਕੀਰਤਨ ਦੀ ਸਮਾਪਤੀ ਤੋਂ ਬਾਅਦ ਮੋਹਿਨਾ ਨੂੰ ਮਾਤਾ ਜੀ ਨੇ ਲੱਖ-ਲੱਖ ਅਸੀਸਾਂ ਦਿੱਤੀਆਂ। ਮਾਤਾ ਜੀ ਸੰਗੀਤ ਦੇ ਪ੍ਰੇਮੀ ਸਨ। ਜਦੋਂ ਉਹ ਮਹਿਲਾਂ ਵਿਚ ਵਾਪਸ ਪਰਤੇ ਉਸੇ ਵੇਲੇ ਮੋਹਿਨਾ ਦਾ ਪਤੀ ਸੋਹਿਨਾ ਝੁੱਗੀ ਵਿਚ ਦਾਖ਼ਲ ਹੋਇਆ। ਮੋਹਿਨਾ ਨੇ ਪਤੀ ਨੂੰ ਸਾਰੀ ਵਿਥਿਆ ਦੱਸੀ। ਮਾਤਾ ਜੀ ਬਹੁਤ ਹੀ ਵਿਸ਼ਾਲ ਹਿਰਦੇ ਤੇ ਦਿਆਲੂ ਸੁਭਾਅ ਦੇ ਹਨ। ਜਿਨ੍ਹਾਂ ਨੇ ਗਰੀਬਾਂ ਦੇ ਘਰ ਚਰਨ ਪਾਏ ਹਨ। ਫੇਰ ਕੁਝ ਦਿਨਾਂ ਦੇ ਬਾਅਦ ਮਾਤਾ ਜੀ ਨੇ ਕੇਸਰ ਸਿੰਘ ਦੇ ਹੱਥ ਸੁਨੇਹਾ ਭੇਜਿਆ ਕਿ ਪੋਹ ਦੀ ਸਤਵੀਂ ਨੂੰ ਦਸਮ ਪਾਤਸ਼ਾਹ ਦਾ ਜਨਮ ਦਿਵਸ ਹੈ। ਉਸ ਦਿਨ ਲਈ ਖ਼ਾਸ ਕਿਸਮ ਦੀਆਂ ਫੁੱਲਮਾਲਾ ਲਈ ਚਮੇਲੀ ਦੇ ਫੁੱਲ ਚਾਹੀਦੇ ਹਨ। ਪਰ ਸਰਦੀਆਂ ਦੀ ਰੁੱਤੇ ਚਮੇਲੀ ਦੇ ਫੁੱਲ ਤਿਆਰ ਕਰਨ ਲਈ ਕਰੜੀ ਮਿਹਨਤ ਕਰਨੀ ਪੈਂਦੀ ਹੈ। ਜਦੋਂ ਉਨ੍ਹਾਂ ਨੇ ਫੁੱਲ ਮਾਲਾ ਬਣਾ ਕੇ ਤਿਆਰ ਕਰਨੀਆਂ ਸਨ ਤਾਂ ਰੋਡਾ ਜਲਾਲੀ ਨਾਮ ਦਾ ਫਕੀਰ ਰਾਤ ਨੂੰ ਫੁੱਲ ਚੋਰੀ ਕਰ ਕੇ ਲੈ ਗੁਰੂ ਜੀ ਲਈ ਲੈ ਜਾਂਦਾ ਹੈ। ਜਦ ਉਹ ਸਵੇਰੇ ਉਠ ਕੇ ਵੇਖਦੇ ਹਨ ਕਿ ਕੋਈ ਫੁੱਲ ਤੋੜ ਕੇ ਲੈ ਗਿਆ ਹੈ ਤਾਂ ਉਹ ਦੋਵੇਂ ਬੇਹੋਸ਼ ਹੋ ਜਾਂਦੇ ਹਨ। ਦੂਜੇ ਪਾਸੇ ਰੋਡਾ ਜਲਾਲੀ ਗੁਰੂ ਜੀ ਨੂੰ ਫੁੱਲ ਭੇਟ ਕਰਦਾ ਹੈ ਪਰ ਗੁਰੂ ਸਾਹਿਬ ਤਾਂ ਜਾਣੀ-ਜਾਣ ਸਨ। ਉਹ ਰੋਡੇ ਜਲਾਲੀ ਨੂੰ ਕਹਿੰਦੇ ਹਨ ਕਿ ਇਹ ਫੁੱਲ ਨਹੀਂ ਹਨ ਇਹ ਤਾਂ ਕਿਸੇ ਦੇ ਦਿਲ ਟੁੱਟੇ ਹਨ। ਦਸਮ ਪਾਤਸ਼ਾਹ ਇਕਦਮ ਸਿੰਘਾਸਣ ਛੱਡ ਕੇ ਸੋਹਿਨਾ ਮੋਹਿਨਾ ਦੇ ਕੋਲ ਪੁੱਜ ਜਾਂਦੇ ਹਨ। ਉਨ੍ਹਾਂ ਦੇ ਸਿਰ ਚੁੱਕ ਕੇ ਆਪਣੀ ਗੋਦ ਵਿਚ ਰੱਖਦੇ ਹਨ। ਫੁਰਮਾਂਦੇ

ਹਨ, "ਉਠੋ ਮੇਰੇ ਲਾਲ, ਦਰਸ਼ਨਾਂ ਨੂੰ ਖਰੀਦ ਲਉ।" ਬਾਰ-ਬਾਰ ਉਨ੍ਹਾਂ ਨੂੰ ਅਵਾਜ਼ਾਂ ਮਾਰਦੇ ਹਨ। ਮਾਤਾ ਜੀਤੋ ਜੀ ਤੇ ਹੋਰ ਸੰਗਤਾਂ ਵੀ ਉਥੇ ਪੁੱਜ ਜਾਂਦੀਆਂ ਹਨ। ਮਾਤਾ ਜੀ ਮੋਹਿਨਾ ਦੇ ਹੱਥ-ਪੈਰ ਮਲਦੇ ਹਨ। ਉਨ੍ਹਾਂ ਨੂੰ ਹੋਸ਼ ਆ ਜਾਂਦੀ ਹੈ। ਦਸਮ ਪਾਤਸ਼ਾਹ ਫੇਰ ਫੁਰਮਾਂਦੇ ਹਨ, "ਖਰੀਦਦਾਰੋ ! ਦਰਸ਼ਨ ਲੈ ਲਉ।" ਉਸ ਵੇਲੇ ਮਾਤਾ ਜੀ ਨੂੰ ਸੋਹਿਨਾ ਮੋਹਿਨਾ ਦੇ ਬਾਰੇ ਪਤਾ ਲੱਗਦਾ ਹੈ ਕਿ ਇਹ ਦੰਪਤੀ ਰਾਇਪੁਰ ਦੇ ਰਹਿਣ ਵਾਲੇ ਸਨ। ਅਮੀਰ ਖਾਨਦਾਨ ਦੇ ਸਨ। ਰਾਗ ਵਿਦਿਆ ਵਿਚ ਪ੍ਰਬੀਨ ਸਨ। ਠਾਕੁਰ ਦੀ ਪੂਜਾ ਕਰਦੇ ਸਨ। ਰੋਜ਼ ਸਵੇਰੇ ਖੂਹ ਤੋਂ ਪਾਣੀ ਲਿਆ ਕੇ ਮੂਰਤੀਆਂ ਨੂੰ ਇਸ਼ਨਾਨ ਕਰਾਉਂਦੇ ਤੇ ਭਜਨ-ਬੰਦਗੀ ਕਰਦੇ। ਇਕ ਦਿਨ ਅੰਮ੍ਰਿਤ ਵੇਲੇ ਜਲ ਲੈ ਕੇ ਆ ਰਹੇ ਸਨ। ਇਕ ਜ਼ਖ਼ਮੀ ਸਿੱਖ ਪਿਆਸਾ ਸੀ। ਉਹ ਰਸਤੇ ਵਿਚ ਖੜ੍ਹਾ ਪਾਣੀ ਮੰਗ ਰਿਹਾ ਸੀ। ਉਨ੍ਹਾਂ ਨੇ ਉਹਦੀ ਆਵਾਜ਼ ਅਣਸੁਣੀ ਕੀਤੀ ਤੇ ਲੰਘ ਗਏ। ਇਨ੍ਹਾਂ ਨੇ ਪਾਣੀ ਨਾ ਦਿੱਤਾ ਕਿ ਪਾਣੀ ਠਾਕੁਰ ਦੇ ਇਸ਼ਨਾਨ ਵਾਸਤੇ ਸੀ, ਰਸਤੇ ਵਿਚ ਦੇਣ ਨਾਲ ਪਾਣੀ ਜੂਠਾ ਹੋ ਜਾਏਗਾ। ਸਿੱਖ ਨੇ ਤੜਪ ਕੇ ਕਿਹਾ, "ਠਾਕੁਰ ਦਰਸ਼ਨ ਨਹੀਂ ਦੇਣਗੇ।" ਸੋਹਿਨਾ ਮੋਹਿਨਾ ਜਦੋਂ ਘਰ ਜਾ ਕੇ ਭਗਤੀ ਕਰਨ ਲੱਗੇ ਤਾਂ ਦੋਹਾਂ ਦਾ ਮਨ ਪੂਜਾ ਵਿਚ ਨਾ ਲੱਗੇ। ਬਹੁਤ ਹੀ ਪਰੇਸ਼ਾਨ ਰਹਿਣ ਲੱਗ ਪਏ। ਗੁਰੂ ਜੀ ਦੇ ਦਰਸ਼ਨਾਂ ਦੇ ਅਭਿਲਾਖੀ ਹੋ ਗਏ। ਕਿਉਂਕਿ ਉਨ੍ਹਾਂ ਨੇ ਸਭ ਕੋਲੋਂ ਉਸ ਸਿੱਖ ਬਾਰੇ ਪੁੱਛਿਆ ਤਾਂ ਕਿਸੇ ਨੇ ਦੱਸਿਆ ਕਿ ਉਹ ਗੁਰੂ ਗੋਬਿੰਦ ਸਿੰਘ ਦਾ ਸਿੱਖ ਸੀ। ਗੁਰੂ ਗੋਬਿੰਦ ਸਿੰਘ ਅਨੰਦਪੁਰ ਸਾਹਿਬ ਰਹਿੰਦੇ ਹਨ। ਫੇਰ ਇਕ ਦਿਨ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਰਾਇਪੁਰ ਆ ਰਹੇ ਹਨ। ਜਿਸ ਰਸਤੇ ਤੋਂ ਗੁਰੂ ਜੀ ਨੇ ਲੰਘਣਾ ਸੀ, ਇਹ ਪਹਿਲਾਂ ਹੀ ਉਸ ਸੜਕ 'ਤੇ ਜਾ ਬੈਠੇ ਪਰ ਸਵੇਰ ਤੋਂ ਤਰਕਾਲਾਂ ਪੈ ਗਈਆਂ। ਉਡੀਕਦਿਆਂ ਨੂੰ ਕਿਸੇ ਨੇ ਦੱਸਿਆ ਕਿ ਗੁਰੂ ਜੀ ਤਾਂ ਦੂਸਰੇ ਰਸਤੇ ਤੋਂ ਵਾਪਸ ਚਲੇ ਗਏ ਹਨ। ਦੋਵੇਂ ਪਤੀ-ਪਤਨੀ ਹੋਰ ਵੀ ਪਰੇਸ਼ਾਨ ਹੋ ਗਏ। ਫੇਰ ਉਸ ਦਿਨ ਤੋਂ ਫ਼ੈਸਲਾ ਕਰ ਲਿਆ ਤੇ ਆਪਣਾ ਸਾਰਾ ਘਰ-ਬਾਰ ਵੇਚ-ਵਾਚ ਕੇ ਅਨੰਦਪੁਰ ਸਾਹਿਬ ਆ ਕੇ ਗੁਰੂ ਜੀ ਦੇ ਬਾਗ਼ ਦੀ ਸੇਵਾ ਕਰਨ ਲੱਗ ਪਏ। ਅੱਜ ਦਰਸ਼ਨਾਂ ਦੀ ਸੁਭਾਗੀ ਘੜੀ ਆ ਗਈ। ਦਰਸ਼ਨ ਹੋ ਗਏ ਉਨ੍ਹਾਂ ਦਾ ਜਨਮ ਸਫਲਾ ਹੋ ਗਿਆ।

ਮਾਤਾ ਜੀਤੋ ਜੀ ਸਿਮਰਨ ਦੇ ਇਤਨੇ ਪ੍ਰੇਮੀ ਹੋਏ ਹਨ ਕਿ ਹਰ ਵੇਲੇ ਸਿਮਰਨ ਵਿਚ ਵਿਲੀਨ ਰਹਿੰਦੇ ਸਨ ਤੇ ਅਕਸਰ ਉਨ੍ਹਾਂ ਨੂੰ ਲੋਕ ਜੋਗੀ ਜੀ ਆਖਿਆ ਕਰਦੇ ਸਨ। ਇਨ੍ਹਾਂ ਨੇ ਹੀ ਮੋਹਿਨਾ ਨੂੰ ਵਾਹਿਗੁਰੂ ਦੇ ਸਿਮਰਨ ਵਿਚ ਰੰਗ ਦਿੱਤਾ ਸੀ। ਮਾਤਾ ਜੀ ਨੇ ਫੁੱਲਾਂ ਦੀ ਪਟਾਰੀ ਪ੍ਰੇਮੀਆਂ ਦੇ ਹਵਾਲੇ ਕੀਤੀ। ਫੇਰ ਉਨ੍ਹਾਂ ਨੇ ਸਿਹਰੇ ਮਾਲਾ ਬਣਾ ਦਿੱਤੇ ਤੇ ਮਾਤਾ ਜੀ ਨੂੰ ਭੇਟ ਕਰ ਦਿੱਤੇ। ਫੇਰ ਮਾਤਾ ਜੀ ਨੇ ਕੁਝ ਸਿਹਰੇ ਆਪ ਦਸਮ ਪਾਤਸ਼ਾਹ ਨੂੰ ਭੇਟ ਕੀਤੇ, ਕੁਝ ਸੋਹਿਨਾ ਮੋਹਿਨਾ ਦੇ ਹੱਥੀਂ ਦਸਮ ਪਾਤਸ਼ਾਹ ਨੂੰ ਭੇਟ ਕਰਵਾਏ।

ਮਾਤਾ ਜੀਤੋ ਜੀ ਨੇ ਇਸ ਤਰ੍ਹਾਂ ਦੁਖੀਆਂ-ਨਿਮਾਣਿਆਂ ਦੇ ਸਿਰ 'ਤੇ ਮਿਹਰ ਦਾ ਹੱਥ ਰੱਖਿਆ। ਏਸੇ ਤੋਂ ਪਤਾ ਲੱਗਦਾ ਹੈ ਕਿ ਭਾਈ ਵੀਰ ਸਿੰਘ ਨੇ ਇਸ ਦਾ ਬਿਆਨ ਕਰਦਿਆਂ 'ਕਲਗੀਧਰ ਚਮਤਕਾਰ' ਵਿਚ ਮਾਤਾ ਜੀਤੋ ਜੀ ਦੀ ਸ਼ਖ਼ਸੀਅਤ ਵਿਚ ਰੂਹਾਨੀਅਤ ਝਲਕਾਰੇ ਵੱਜਦੇ ਵਿਖਾਈ ਦੇਂਦੇ ਹਨ। ਇਹ ਬਹੁਤ ਹੀ ਖ਼ੁਸ਼ਨਸੀਬ ਮਹਿਲ ਸਨ, ਜਿਨ੍ਹਾਂ ਨੇ ਆਪਣੇ ਜੀਵਨ-ਕਾਲ ਵਿਚ ਸਾਰਾ ਸਮਾਂ ਪਤੀ ਪ੍ਰਮੇਸ਼ਵਰ (ਦਸਮ ਪਾਤਸ਼ਾਹ) ਦੀ ਸੇਵਾ ਕਰਦਿਆਂ

ਬਤੀਤ ਕੀਤਾ । ਮਾਤਾ ਜੀਤੋ ਜੀ ਦੇ ਲਈ 1699 ਦਾ ਸਮਾਂ ਇਕ ਖ਼ਾਸ ਮਹਾਨਤਾ ਰੱਖਣ ਵਾਲਾ ਸਾਲ ਹੈ । ਇਸੇ ਸਾਲ ਦਸਮ ਪਾਤਸ਼ਾਹ ਨੇ ਅਨੰਦਪੁਰ ਵਿਚ ਖਾਲਸਾ ਪੰਥ ਦੀ ਸਿਰਜਣਾ ਕੀਤੀ ਤੇ ਇਥੇ ਹੀ ਇਸੇ ਸਾਲ ਸਾਹਿਬਜ਼ਾਦਾ ਫਤਹਿ ਸਿੰਘ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖ ਤੋਂ ਹੋਇਆ ।

ਸੰਨ 1699 ਨੂੰ ਵਿਸਾਖੀ ਦੇ ਦਿਨ ਅਨੰਦਪੁਰ ਵਿਚ ਕੇਸਗੜ੍ਹ ਦੇ ਸਥਾਨ 'ਤੇ ਇਕ ਵਿਸ਼ੇਸ਼ ਸਿੱਖ ਸਮੂਹ ਦਾ ਇਕੱਠ ਕੀਤਾ ਗਿਆ । ਸਾਰੇ ਦੇਸ਼ ਵਿਚ ਉਚੇਚੇ ਹੁਕਮਨਾਮੇ ਭੇਜ ਕੇ ਸਿੱਖ ਸੰਗਤਾਂ ਨੂੰ ਸੱਦਿਆ ਗਿਆ । ਇਥੇ ਪੰਜ ਪਿਆਰਿਆਂ ਦੀ ਅਲੌਕਿਕ ਢੰਗ ਨਾਲ ਚੋਣ ਹੋਈ ਤੇ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕਰ ਕੇ ਸਿੱਖਾਂ ਨੂੰ ਸਿੰਘ ਸਜਾ ਦਿੱਤਾ ਗਿਆ । ਕੁਝ ਇਤਿਹਾਸਕਾਰ ਲਿਖਦੇ ਹਨ ਕਿ ਜਦੋਂ ਗੁਰੂ ਸਾਹਿਬ ਪਾਹੁਲ ਤਿਆਰ ਕਰਨ ਲੱਗੇ ਤਾਂ ਖੰਡੇ, ਲੋਹੇ ਦਾ ਬਾਟਾ ਤੇ ਸਤਲੁਜ ਦਾ ਪਵਿੱਤਰ ਜਲ ਮੰਗਵਾਇਆ ਗਿਆ । ਇਸ ਬਾਰੇ ਸਭ ਇਕ ਰਾਇ ਹਨ । ਪਿੱਛੋਂ ਪਤਾਸੇ ਵੀ ਪਾਏ ਗਏ ਪਰ ਕਿਸ ਨੇ ਪਾਏ, ਇਸ ਬਾਰੇ ਵਿਵਾਦ ਹੈ । ਪਰ ਮੰਨਣਯੋਗ ਗੱਲ ਇਹ ਹੈ ਕਿ ਪਤਾਸੇ ਮਾਤਾ ਜੀਤੋ ਜੀ ਨੇ ਆ ਕੇ ਪਾਏ । ਉਨ੍ਹਾਂ ਨੇ ਇਸ ਵਿਚ ਮਧੁਰਤਾ ਮਿਲਾ ਦਿੱਤੀ ਨਹੀਂ ਤਾਂ ਖਾਲਸੇ ਨੇ ਬਹੁਤ ਤੇਜ਼ ਹੋ ਜਾਣਾ ਸੀ ।

ਦਸਮ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਨੂੰ ਇਕ-ਇਕ ਕਰ ਕੇ ਅੰਮ੍ਰਿਤ ਛਕਾ ਦਿੱਤਾ । ਫੇਰ ਪੰਜਾਂ ਅੱਗੇ ਬੇਨਤੀ ਕੀਤੀ, "ਅੰਮ੍ਰਿਤ ਦੀ ਦਾਤ ਮੈਨੂੰ ਵੀ ਛਕਾ ਦਿਓ", ਪੰਜਾਂ ਪਿਆਰਿਆਂ ਨੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਤੇ ਦਸਮ ਪਾਤਸ਼ਾਹ ਨੂੰ ਅੰਮ੍ਰਿਤਪਾਨ ਕਰਵਾਇਆ । ਇਸੇ ਤੱਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਕਵੀ ਭਾਈ ਗੁਰਦਾਸ ਨੇ ਇੰਝ ਬਿਆਨਿਆ ਹੈ :

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

ਗੁਰੂ ਜੀ ਦੇ ਅੰਮ੍ਰਿਤਪਾਨ ਕਰਨ ਤੋਂ ਬਾਅਦ ਗੁਰੂ-ਪਰਿਵਾਰ ਦੀ ਵਾਰੀ ਸੀ । ਮਾਤਾ ਗੁਜਰੀ, ਮਾਤਾ ਜੀਤੋ ਜੀ, ਮਾਤਾ ਸੁੰਦਰੀ ਜੀ ਤੇ ਤਿੰਨਾਂ ਸਾਹਿਬਜ਼ਾਦਿਆਂ, ਸਾਹਿਬ ਅਜੀਤ ਸਿੰਘ, ਸਾਹਿਬ ਜੁਝਾਰ ਸਿੰਘ, ਸਾਹਿਬ ਜ਼ੋਰਾਵਰ ਸਿੰਘ ਨੇ ਵੀ ਅੰਮ੍ਰਿਤਪਾਨ ਕੀਤਾ । ਸਾਹਿਬ ਫਤਹਿ ਸਿੰਘ ਉਸੇ ਸਾਲ ਹੀ ਜਨਮੇ ਸਨ । ਇਸ ਤੋਂ ਬਾਅਦ ਹਰ ਰੋਜ਼ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਜਾਂਦਾ ਤੇ ਅਨੇਕ ਸਿੱਖ ਸੰਗਤਾਂ ਅੰਮ੍ਰਿਤ ਛਕ-ਛਕ ਨਿਹਾਲ ਹੁੰਦੀਆਂ । ਅਨੰਦਪੁਰ ਵਿਚ ਇਕ ਨਵੀਂ ਖੁਸ਼ੀ ਦੀ ਲਹਿਰ ਫੈਲ ਗਈ ਸੀ । ਸਾਰਾ ਪਰਿਵਾਰ ਸੁਖ-ਅਨੰਦ ਨਾਲ ਦਿਨ ਬਤੀਤ ਕਰ ਰਿਹਾ ਸੀ ।

ਮਾਤਾ ਜੀ ਪ੍ਰੇਮ ਭਾਵ ਦੇ ਨਾਲ ਸਰਬਪੱਖੀ ਦੇਖਭਾਲ ਵੀ ਕਰਦੇ । ਮਾਤਾ ਜੀ ਸ਼ਰਣਾਗਤ ਆਏ ਦੀ ਰੱਖਿਆ ਹੀ ਨਹੀਂ ਕਰਦੇ ਸਗੋਂ ਉਨ੍ਹਾਂ ਦੀਆਂ ਸਾਰੀਆਂ ਜ਼ਰੂਰਤਾਂ ਦਾ ਵੀ ਖ਼ਿਆਲ ਰੱਖਦੇ । 1701 ਈਸਵੀ ਵਿਚ ਅਚਾਨਕ ਮਾਤਾ ਜੀਤੋ ਜੀ ਅਕਾਲ ਚਲਾਣਾ ਕਰ ਗਏ । ਸਾਰੇ ਵਾਤਾਵਰਣ ਵਿਚ ਸੰਨਾਟਾ ਛਾ ਗਿਆ । ਮਾਤਾ ਜੀਤੋ ਜੀ ਵੱਡੇ ਭਾਗਾਂ ਵਾਲੇ ਸਨ ਜਿਨ੍ਹਾਂ ਨੇ ਆਪਣੇ ਪਤੀ ਪ੍ਰਮੇਸ਼ਵਰ ਤੇ ਸਾਹਿਬਜ਼ਾਦਿਆਂ ਤੋਂ ਹੱਸਦੇ-ਹੱਸਦੇ ਅਲਵਿਦਾ ਲਈ । ਹੁਣ ਮਾਤਾ ਜੀ ਨੂੰ ਇਸ਼ਨਾਨ ਕਰਵਾਇਆ ਗਿਆ ਤੇ ਨਵੀਂ ਵਹੁਟੀ ਵਾਂਗ ਸਜਾ ਕੇ ਸਸਕਾਰ ਕਰਨ ਦੀ ਤਿਆਰੀ ਕੀਤੀ ਗਈ । ਦਸਮ ਪਾਤਸ਼ਾਹ ਨੇ ਉਸ

ਅਕਾਲ ਪੁਰਖ ਅੱਗੇ ਅਰਦਾਸ ਕੀਤੀ ਤੇ ਸਿੱਖ ਸੰਗਤਾਂ ਮਾਤਾ ਗੁਜਰੀ ਜੀ, ਮਾਤਾ ਸੁੰਦਰੀ ਜੀ ਤੇ ਚਾਰੋਂ ਸਾਹਿਬਜ਼ਾਦੇ ਪਾਸ ਸਨ। ਮਾਤਾ ਜੀਤੋ ਜੀ ਦਾ ਸਸਕਾਰ ਦਸਮ ਪਾਤਸ਼ਾਹ ਨੇ ਆਪਣੇ ਹੱਥੀਂ ਅਨੰਦਪੁਰ ਵਿਚ ਅਰੀਮਪੁਰ ਦੇ ਅਸਥਾਨ 'ਤੇ ਕੀਤਾ ਜਿਥੇ ਹੁਣ ਮਾਤਾ ਜੀਤੋ ਜੀ ਦੇ ਨਾਮ 'ਤੇ ਗੁਰਦੁਆਰਾ ਮੌਜੂਦ ਹੈ। ਮਾਤਾ ਜੀਤੋ ਜੀ ਬਹੁਤ ਹੀ ਕਿਸਮਤ ਵਾਲੇ ਸਨ ਜਿਨ੍ਹਾਂ ਆਪਣੇ ਪਤੀ ਦੇ ਹੱਥੋਂ ਅੰਤਿਮ ਸਸਕਾਰ ਕਰਵਾਇਆ।

ਮਾਤਾ ਜੀਤੋ ਜੀ ਤੋਂ ਬਾਅਦ ਅਨੰਦਪੁਰ ਵਿਚ ਜੰਗਾਂ-ਯੁੱਧਾਂ ਦਾ ਸਮਾਂ ਚਲ ਪਿਆ। ਸਾਰਾ ਪਰਿਵਾਰ ਇਕ ਦੂਜੇ ਤੋਂ ਵਿੱਛੜ ਗਿਆ। ਅੰਤ ਵਿਚ ਅਸੀਂ ਮਾਤਾ ਜੀਤੋ ਜੀ ਦੇ ਜੀਵਨ-ਕਾਲ ਤੇ ਗੁਰ-ਇਤਿਹਾਸ ਨੂੰ ਨਜ਼ਰ ਵਿਚ ਰੱਖਦੇ ਹੋਏ ਇਹ ਕਹਿ ਸਕਦੇ ਹਾਂ ਕਿ ਮਾਤਾ ਜੀ ਨੇ ਗੁਰੂ ਜੀ ਦੇ ਨਾਲ ਆਪਣੇ ਜੀਵਨ-ਕਾਲ ਵਿਚ ਇਕ ਉਚੇਚੀ ਭੂਮਿਕਾ ਨਿਭਾਈ। ਪਰ ਦੂਸਰੇ ਗੁਰੂ-ਮਹਿਲਾਂ ਵਾਂਗ ਸਿੱਖ-ਸੰਗਤਾਂ ਨੂੰ ਹੁਕਮਨਾਮੇ ਜਾਰੀ ਨਹੀਂ ਕੀਤੇ। ਕਿਉਂਕਿ ਮਾਤਾ ਜੀ ਨੇ ਸਾਰਾ ਸਮਾਂ (ਗੁਰੂ ਜੀ) ਨਾਲ ਅਨੰਦਪੁਰ ਪਤੀ ਦੀ ਸੇਵਾ ਕਰਦਿਆਂ ਬਤੀਤ ਕੀਤਾ। ਉਸ ਵੇਲੇ ਅਨੰਦਪੁਰ ਸੁਰ ਲੋਕ ਦਾ ਰੂਪ ਬਣਿਆ ਹੋਇਆ ਸੀ।

ਸਹਾਇਕ ਪੁਸਤਕਾਂ ਦੀ ਸੂਚੀ

1. ਸੂਰਜ ਪ੍ਰਕਾਸ਼ ਗ੍ਰੰਥ : ਭਾਈ ਸੰਤੋਖ ਸਿੰਘ
2. ਤਵਾਰੀਖ ਗੁਰੂ ਖਾਲਸਾ : ਗਿਆਨੀ ਗਿਆਨ ਸਿੰਘ।
3. ਗੁਰੂ ਪ੍ਰਣਾਲੀ : ਕੇਸਰ ਸਿੰਘ।
4. ਕਲਗੀਧਰ ਚਮਤਕਾਰ : ਭਾਈ ਵੀਰ ਸਿੰਘ।
5. ਗੁਰੂ ਗੋਬਿੰਦ ਸਿੰਘ : ਪ੍ਰੋ. ਹਰਬੰਸ ਸਿੰਘ।
6. ਗੋਬਿੰਦ ਸਾਗਰ : ਪਿਆਰਾ ਸਿੰਘ ਪਦਮ।
7. ਗੁਰੂ ਗੋਬਿੰਦ ਸਿਘ ਰਾਸ਼ਟਰ ਨਾਇਕ : ਹੰਸਰਾਜ ਰਹਿਬਰ।
8. ਦਸ ਗੁਰੂ ਮਹਿਲ : ਡਾਕਟਰ ਮਹਿੰਦਰ ਕੌਰ ਗਿੱਲ
9. ਗੁਰੂ ਗੋਬਿੰਦ ਸਿੰਘ : ਜੇ. ਐਸ. ਗਰੇਵਾਲ ਤੇ ਐਸ. ਐਸ. ਬਲ।
10. ਮਹਾਨ ਕੋਸ਼ : ਭਾਈ ਕਾਨ੍ਹ ਸਿੰਘ ਨਾਭਾ।

ਮਾਤਾ ਸਾਹਿਬ ਦੇਵਾਂ ਜੀ

ਮਾਤਾ ਸਾਹਿਬ ਦੇਵਾਂ ਦੇ ਪਿਤਾ ਰੁਹਤਾਸ ਨਗਰ ਜ਼ਿਲ੍ਹਾ ਜੇਹਲਮ ਦੇ ਰਹਿਣ ਵਾਲੇ ਸਨ। ਜੇਹਲਮ ਜ਼ਿਲ੍ਹਾ ਉਦੋਂ ਧੰਨੀ-ਧੋਨੋਹਾਰ ਦਾ ਇਲਾਕਾ ਹੁੰਦਾ ਸੀ, ਜਿਸ ਨੂੰ ਪੰਜਾਬ ਦੇਸ਼ ਕਿਹਾ ਜਾਂਦਾ ਸੀ। ਅੱਜਕਲ੍ਹ ਇਹ ਪੱਛਮੀ ਪਾਕਿਸਤਾਨ ਦਾ ਇਕ ਜ਼ਿਲ੍ਹਾ ਹੈ। ਮਾਤਾ ਸਾਹਿਬ ਦੇਵਾਂ ਦੇ ਪਿਤਾ ਭਾਈ ਰਾਮਾ ਤੇ ਮਾਤਾ ਜਸਦੇਈ ਗੁਰੂ ਘਰ ਦੇ ਸ਼ਰਧਾਲੂ ਸਨ। ਇਨ੍ਹਾਂ ਦੀ ਸੰਤਾਨ ਇਕ ਲੜਕੀ ਬੀਬੀ ਸਾਹਿਬ ਦੇਵਾਂ ਤੇ ਇਕ ਲੜਕਾ ਸਾਹਿਬ ਚੰਦ ਸੀ। ਭਾਈ ਰਾਮਾ ਗੁਰੂ ਘਰ ਦੀ ਤਨੋਂ-ਮਨੋਂ ਸੇਵਾ ਕਰਦਾ ਸੀ। ਭਾਈ ਰਾਮਾ ਹੀ ਕੀ, ਪੂਰਾ ਧੋਨੋਹਾਰ ਹੀ ਗੁਰੂ ਘਰ ਦਾ ਅਨਿੰਨ ਸ਼ਰਧਾਲੂ ਸੀ। ਇਥੋਂ ਦੇ ਲੋਕ ਬਾਣੀ ਪੜ੍ਹਦੇ, ਨਾਮ ਸਿਮਰਨ ਕਰਦੇ, ਸਤਿਸੰਗ ਕਰਦੇ, ਗੁਰੂ ਸਾਹਿਬ ਦੇ ਜੀਵਨ ਪ੍ਰਸੰਗ ਪੜ੍ਹਦੇ, ਮਹਿਮਾ ਕਰਦੇ ਨਹੀਂ ਸੀ ਥੱਕਦੇ। ਗੁਰੂ ਸਾਹਿਬ ਦੇ ਮਾਰਗ ਉੱਪਰ ਤੁਰਨਾ ਇਨ੍ਹਾਂ ਸਾਰਿਆਂ ਨੇ ਆਪਣਾ ਪਰਮ

ਧਰਮ ਬਣਾਇਆ ਹੋਇਆ ਸੀ। ਭਾਈ ਰਾਮਾ ਦੀ ਸ਼ਰਧਾ ਦਾ ਤਾਂ ਅੰਤ ਹੀ ਨਹੀਂ ਸੀ। ਉਦੋਂ ਸਰਦੇ-ਪੁੱਜਦੇ ਸ਼ਰਧਾਲੂ ਲੋਕ ਗੁਰੂ-ਘਰ ਦੇ ਨਾਲ ਆਪਣੇ ਸੰਬੰਧ ਹੋਰ ਪੱਕਿਆਂ ਕਰਨ ਲਈ ਆਪਣੀਆਂ ਧੀਆਂ-ਭੈਣਾਂ ਦੇ ਰਿਸ਼ਤੇ-ਨਾਤੇ ਗੁਰੂ ਸਾਹਿਬਾਨ ਨਾਲ ਕਰਨ ਵਿਚ ਫ਼ਖ਼ਰ ਮਹਿਸੂਸ ਕਰਦੇ ਸਨ।

ਬੀਬੀ ਸਾਹਿਬ ਦੇਵਾਂ ਆਪਣੀ ਬਾਲ-ਉਮਰ ਵਿਚ ਹੀ ਹਰ ਵੇਲੇ ਪ੍ਰਭੂ ਸਿਮਰਨ ਨਾਲ ਜੁੜੀ ਰਹਿੰਦੀ। ਉਸ ਦੇ ਚਿਹਰੇ ਉਪਰ ਅੰਤਾਂ ਦੀ ਸ਼ਾਂਤੀ ਸੀ। ਹਸੂੰ ਹਸੂੰ ਕਰਦਾ ਬਾਲ-ਚਿਹਰਾ ਮਨ ਨੂੰ ਮੋਹਿਤ ਕਰਨ ਵਾਲਾ ਸੀ। ਪੋਠੋਹਾਰ ਦੀ ਧਰਤੀ ਉਪਰ ਜੰਮੀ-ਪਲੀ ਬਾਲੜੀ ਸਾਹਿਬ ਦੇਵਾਂ ਅਤਿਅੰਤ ਆਕਰਸ਼ਣ ਵਾਲੀ ਸੀ। ਗੱਲ੍ਹਾਂ ਦੀ ਗੁਲਾਬੀ ਭਾਅ, ਲਾਲ ਮਸ਼ਾਲ ਵਰਗੀਆਂ ਅੱਖਾਂ, ਲੁਭਾਉਣੇ ਨੈਣ-ਨਕਸ਼, ਉੱਚੀ ਲੰਮੀ ਡੀਲ-ਡੌਲ ਵੇਖਣ ਵਾਲੇ ਨੂੰ ਬਾਰ-ਬਾਰ ਵੇਖਣ ਲਈ ਮਜਬੂਰ ਕਰਦੀ। ਮਿੱਠਬੋਲੜਾ ਸੁਸ਼ੀਲ ਸੁਭਾਅ, ਨਿਮਰਤਾ, ਸੇਵਾ ਭਾਵ, ਸਬਰ-ਸੰਤੋਖ ਵਾਲੇ ਗੁਣ ਦੂਜਿਆਂ ਨੂੰ ਸੋਚੀਂ ਪਾ ਜਾਂਦੇ। ਬਾਲੜੀ ਸਾਹਿਬ ਦੇਵਾਂ ਨੇਮ ਅਨੁਸਾਰ ਧਰਮਸ਼ਾਲਾ ਜਾਂਦੀ। ਸ਼ਰਧਾ ਨਾਲ ਝਾੜੂ ਮਾਰਦੀ, ਦਰੀਆਂ ਝਾੜਦੀ, ਸੇਵਾ ਕਰਦੀ, ਵੱਡਿਆਂ-ਵੱਡਿਆਂ ਨੂੰ ਟੁੰਬ ਜਾਂਦੀ। ਬਾਲੜੀ ਸਾਹਿਬ ਦੇਵਾਂ ਦੇ ਮਾਪੇ ਉਸ ਦੇ ਇਨ੍ਹਾਂ ਗੁਣਾਂ ਕਰ ਕੇ ਉਸ ਉੱਪਰ ਬੜੇ ਖੁਸ਼ ਸਨ। ਹੁਣ ਉਨ੍ਹਾਂ ਨੇ ਸਾਹਿਬ ਦੇਵਾਂ ਨੂੰ ਧਰਮਸ਼ਾਲਾ ਪੜ੍ਹਨ ਲਾ ਦਿੱਤਾ। ਉਹ ਪੜ੍ਹਨ ਵਿਚ ਬੜੀ ਚੇਤੰਨ ਸੀ। ਦਿਨਾਂ ਵਿਚ ਹੀ ਪੈਂਤੀ ਅੱਖਰੀ ਸਿੱਖ ਲਈ। ਜਪੁਜੀ ਸਾਹਿਬ, ਰਹਿਰਾਸ ਤੇ ਕੀਰਤਨ ਸੋਹਿਲਾ ਉਸ ਨੂੰ ਜ਼ਬਾਨੀ ਯਾਦ ਹੋ ਗਏ ਸਨ। ਬਾਣੀ ਦੇ ਕਈ ਹੋਰ ਸ਼ਬਦ ਵੀ ਉਸ ਨੇ ਕੰਠ ਅਥਵਾ ਜ਼ਬਾਨੀ ਯਾਦ ਕਰ ਲਏ। ਧਰਮਸ਼ਾਲਾ ਤੇ ਘਰ ਵਿਚ ਜਦੋਂ ਉਹ ਰਸੀਲੀ ਰਸਨਾ ਨਾਲ ਪਾਠ ਕਰਦੀ ਤਾਂ ਸੁਣਨ ਵਾਲੇ ਰਸ-ਮਗਨ ਹੋ ਕੇ ਝੂਮ ਉਠਦੇ। ਰੁਹਤਾਸ ਨਗਰ ਦੇ ਸਾਰੇ ਲੋਕ ਹੀ ਬੀਬੀ ਸਾਹਿਬ ਦੇਵਾਂ ਦੇ ਗੁਣਾਂ ਨੂੰ ਵੇਖ-ਵੇਖ ਕੇ ਹੈਰਾਨ ਹੁੰਦੇ। ਬੀਬੀ ਦੀ ਸ਼ੋਭਾ ਸਾਰੇ ਇਲਾਕੇ ਵਿਚ ਫੈਲ ਰਹੀ ਸੀ।

ਸਮੇਂ ਨਾਲ ਹਰ ਚੀਜ਼ ਵਿਚ ਪਰਿਵਰਤਨ ਆਉਂਦਾ ਹੈ। ਬਾਲੜੀ ਸਾਹਿਬ ਦੇਵਾਂ ਹੁਣ ਮੁਟਿਆਰ ਹੋ ਗਈ। ਮਾਪੇ ਬੀਬੀ ਦੇ ਵਰ-ਘਰ ਬਾਰੇ ਸੋਚਣ ਲੱਗੇ। ਪਰ ਬੀਬੀ ਦੇ ਦੈਵੀ ਗੁਣਾਂ ਦੇ ਸਾਹਮਣੇ ਇਨ੍ਹਾਂ ਨੂੰ ਕੋਈ ਲੜਕਾ ਨਾ ਜਚਦਾ। ਮਨ ਹੀ ਮਨ ਉਹ ਉਦਾਸ ਰਹਿਣ ਲੱਗੇ। ਇਕ ਪਾਸੇ, ਬੀਬੀ ਦੇ ਉੱਤਮ ਗੁਣ ਸਨ, ਦੂਜੇ ਪਾਸੇ, ਦੁਨਿਆਵੀ ਵਰ-ਘਰ। ਇਕ ਦਿਨ ਬੀਬੀ ਦੇ ਮਾਤਾ-ਪਿਤਾ ਬੈਠੇ ਬੀਬੀ ਦੀ ਵੈਰਾਗੀ ਬਿਰਤੀ ਬਾਰੇ ਗੱਲਾਂ ਕਰ ਰਹੇ ਸਨ ਤਾਂ ਸਹਿਵਨ ਹੀ ਦੋਵਾਂ ਦੇ ਮੂੰਹੋਂ ਨਿਕਲਿਆ—ਹੋਵੇ ਨਾ ਤਾਂ ਸਾਹਿਬ ਦੇਵਾਂ ਦਾ ਡੋਲਾ ਗੁਰੂ ਗੋਬਿੰਦ ਸਿੰਘ ਜੀ ਦੀ ਭੇਟ ਚੜ੍ਹਾ ਦੇਈਏ। ਵਕਤ ਬਹੁਤ ਵੱਡੀ ਹਕੀਕਤ ਹੈ। ਜਦੋਂ ਵਕਤ ਆਉਂਦਾ ਹੈ ਤਾਂ ਮਨ ਦੀ ਭਾਵਨਾ ਨੂੰ ਵੀ ਬੋਲ ਮਿਲ ਜਾਂਦੇ ਹਨ। ਦੋਹਾਂ ਨੇ ਆਪਣੇ ਮਨ ਦੀ ਗੱਲ ਆਪਣੇ ਇਕੋ-ਇਕ ਪੁੱਤਰ ਸ਼ਾਹਿਬ ਚੰਦ ਨੂੰ ਦੱਸੀ। ਉਹ ਵੀ ਸੁਣ ਕੇ ਬਹੁਤ ਹੀ ਖੁਸ਼ ਹੋਇਆ। ਗੱਲ ਹੌਲੀ-ਹੌਲੀ ਘਰੋਂ ਤੁਰੀ ਤੇ ਧਰਮਸ਼ਾਲਾ ਵਿਚ ਜਾ ਪਹੁੰਚੀ। ਸਾਧ ਸੰਗਤ ਤਾਂ ਪਹਿਲੇ ਵੀ ਬੀਬੀ ਸਾਹਿਬ ਦੇਵਾਂ ਦਾ ਬੜਾ ਅਦਬ-ਸਤਿਕਾਰ ਕਰਦੀ ਸੀ, ਉਸ ਨੂੰ ਉੱਚ ਆਤਮਾ ਮੰਨਦੀ ਸੀ। ਸਾਰੀ ਸੰਗਤ ਬਹੁਤ ਪ੍ਰਸੰਨ ਹੋਈ। ਭਾਈ ਰਾਮਾ ਕਦੀ ਆਪਣੀ ਹਸਤੀ ਵੱਲ ਝਾਕਦਾ ਤੇ ਕਦੀ ਗੁਰੂ ਗੋਬਿੰਦ ਜੀ ਨੂੰ ਆਪਣੇ ਜਵਾਈ

ਦੇ ਰੂਪ ਵਿਚ ਸੋਚਦਾ । ਕਦੀ ਘਬਰਾ ਜਾਂਦਾ ਤੇ ਕਦੀ ਖੁਸ਼ ਹੁੰਦਾ । ਉਸ ਨੂੰ ਸਮਝ ਨਾ ਲੱਗਦੀ ਕਿ ਉਹ ਕੀ ਕਰੇ ?

ਇਕ ਦਿਨ ਅੰਮ੍ਰਿਤ ਵੇਲੇ ਦੇ ਦੀਵਾਨ ਤੋਂ ਬਾਅਦ ਸਾਰੀ ਸੰਗਤ ਨੇ ਮਿਲ ਕੇ ਅਰਦਾਸ ਕੀਤੀ ਤੇ ਭਾਈ ਰਾਵਾ ਆਪਣੇ ਪਰਿਵਾਰ, ਸਾਕ-ਸੰਬੰਧੀਆਂ ਤੇ ਪਿੰਡ ਦੀ ਸ਼ਰਧਾਲੂ ਸੰਗਤ ਸਮੇਤ ਅਨੰਦਪੁਰ ਸਾਹਿਬ ਨੂੰ ਤੁਰ ਪਏ । ਕਿਥੇ ਰੁਹਤਾਸ ਨਗਰ ਤੇ ਕਿਥੇ ਅਨੰਦਪੁਰ ਸਾਹਿਬ ਪਰ ਸ਼ਰਧਾਵਾਨ ਨੂੰ ਮੀਲਾਂ ਦੀ ਦੂਰੀ ਕੁਝ ਨਹੀਂ ਕਹਿੰਦੀ । ਇਹ ਸੰਗਤ ਸ਼ਬਦ-ਬਾਣੀ ਦਾ ਕੀਰਤਨ ਕਰਦੀ ਰਸਤੇ ਵਿਚ ਪੜਾਅ ਕਰਦੀ-ਕਰਦੀ ਅਖ਼ੀਰ ਅਨੰਦਪੁਰ ਸਾਹਿਬ ਪਹੁੰਚ ਗਈ ।

2

ਗੁਰੂ-ਘਰ ਵਿਚ ਇਸ ਤੋਂ ਪਹਿਲਾਂ ਵਿਆਹ-ਸ਼ਾਦੀਆਂ ਹੁੰਦੇ ਰਹੇ ਸਨ । ਪਰ ਅੱਜ ਇਕ ਵਚਿੱਤਰ ਜਿਹਾ ਕੌਤਕ ਵਾਪਰਨ ਵਾਲਾ ਸੀ । ਇਹ ਆਪਣੀ ਹੀ ਕਿਸਮ ਦਾ ਵਿਆਹ ਸੀ । ਰੁਹਤਾਸ ਨਗਰ ਦੀ ਸੰਗਤ ਨੇ ਜਦੋਂ ਦਾ ਬੀਬੀ ਸਾਹਿਬਾਂ ਦਾ ਸੰਬੰਧ ਕਲਗੀਧਰ ਨਾਲ ਕਰਨਾ ਸੋਚਿਆ ਸੀ ਉਦੋਂ ਦੇ ਹੀ ਉਹ ਸਾਰੇ ਬੀਬੀ ਸਾਹਿਬਾਂ ਨੂੰ ਮਾਤਾ ਦਾ ਰੂਪ ਕਰ ਕੇ ਜਾਣਨ ਲੱਗ ਪਏ ਸਨ । ਸਾਰੇ ਹੀ ਉਸ ਨੂੰ ਸ਼ਰਧਾ ਦੀ ਨਿਗਾਹ ਨਾਲ ਵੇਖਦੇ ਸਨ । ਅੱਜ ਸਾਰੇ ਮਨ ਹੀ ਮਨ ਵਿਚ ਅਰਦਾਸਾਂ ਕਰ ਰਹੇ ਸਨ ਕਿ ਉਨ੍ਹਾਂ ਦੀ ਬੇਨਤੀ ਨੂੰ ਗੁਰੂ ਸਾਹਿਬ ਕਬੂਲ ਕਰ ਲੈਣ । ਸਭ ਦੇ ਮਨ ਤੌਖ਼ਲੇ ਨਾਲ ਭਰੇ ਹੋਏ ਸਨ ਕਿਧਰੇ ਇਹ ਨਾ ਹੋਵੇ ਕਿ ਸਤਿਗੁਰੂ ਸੰਗਤਾਂ ਦੀ ਮੰਗ ਨੂੰ ਠੁਕਰਾ ਦੇਣ । ਅਸਲ ਵਿਚ ਇਹ ਵਿਆਹ ਨਹੀਂ ਸੀ । ਇਹ ਤਾਂ ਵਿਆਹ ਕਰਨ ਲਈ ਬੇਨਤੀ ਕਰਨ ਆਏ ਸਨ । ਗੁਰੂ-ਇਤਿਹਾਸ ਵਿਚ ਪਹਿਲੀ ਵਾਰ ਸਿੱਖ-ਸੰਗਤ ਆਪਣੀ ਮਰਜ਼ੀ ਨਾਲ ਦੁਲਹਨ ਵੀ ਨਾਲ ਲੈ ਕੇ ਪੁੱਜੀ ਸੀ । ਦੁਲਹਨ ਸਤਿਗੁਰੂ ਦੇ ਚਰਨਾਂ ਵਿਚ ਭੇਟ ਕਰਨੀ ਸੀ । ਇਹ ਇਕ ਵੱਖਰੀ ਤਰ੍ਹਾਂ ਦੀ ਮੰਗ ਸੀ । ਇਕ ਅਜੀਬ ਜਿਹੀ ਬੇਨਤੀ ਸੀ । ਇਸ ਤਰ੍ਹਾਂ ਦੀ ਗੱਲ ਗੁਰੂ-ਘਰ ਵਿਚ ਨਾ ਪਹਿਲਾਂ ਹੋਈ ਸੀ ਤੇ ਨਾ ਹੀ ਸ਼ਾਇਦ ਅੱਗੋਂ ਹੋਣੀ ਸੀ । ਬੀਬੀ ਸਾਹਿਬ ਦੇਵਾਂ ਨੂੰ ਲਾੜੀ ਦਾ ਜੋੜਾ ਪਹਿਨਾ ਕੇ ਰੁਹਤਾਸ ਨਗਰ ਦੀ ਸਾਰੀ ਸੰਗਤ ਗਲ਼ ਵਿਚ ਪੱਲਾ ਪਾ ਕੇ ਹੱਥ ਜੋੜ ਕੇ ਖਲੋ ਗਈ । "ਸਤਿਗੁਰੂ ਰੁਹਤਾਸ ਨਗਰ ਦੀ ਸੰਗਤ ਦੀ ਬੇਨਤੀ ਕਬੂਲ ਕਰੋ । ਇਹ ਬੀਬੀ ਸਤੋਗੁਣਾਂ ਵਾਲੀ ਹੈ । ਸਾਰੇ ਇਲਾਕੇ ਦੀ ਸੰਗਤ ਇਸ ਦਾ ਬੜਾ ਅਦਬ-ਮਾਣ ਕਰਦੀ ਹੈ । ਇਹ ਨਿਰੀ ਭਾਈ ਰਾਵਾ ਦੀ ਬੀਬੀ ਹੀ ਨਹੀਂ, ਸਾਰੇ ਇਲਕੇ ਦੀ ਧੀ ਹੈ । ਸਾਡੀ ਅਰਜ਼ ਮੰਨ ਕੇ ਸਾਰੇ ਪੋਠੋਹਾਰ ਨੂੰ ਧੰਨ ਕਰੋ ।"

ਗੁਰੂ ਗੋਬਿੰਦ ਸਿੰਘ ਜੀ ਪਾਸ ਅਨੇਕ ਵਾਰ ਸੰਗਤਾਂ ਆਈਆਂ ਸਨ । ਉਨ੍ਹਾਂ ਨੇ ਅਨੇਕਾਂ ਬੇਨਤੀਆਂ ਕੀਤੀਆਂ ਸਨ ਤੇ ਸਤਿਗੁਰੂ ਨੇ ਉਨ੍ਹਾਂ 'ਤੇ ਬਖਸ਼ਿਸ਼ਾਂ ਦਾ ਮੀਂਹ ਵਰਸਾਇਆ ਸੀ ਪਰ ਅੱਜ ਸੰਗਤ ਨੇ ਅਜੀਬ ਬੇਨਤੀ ਕੀਤੀ ਸੀ । ਸਤਿਗੁਰੂ ਕੁਝ ਦੇਰ ਚੁੱਪ ਰਹੇ, ਫਿਰ ਬੋਲੇ, "ਜਦੋਂ ਦਾ ਮੇਰੀ ਪਤਨੀ (ਮਹਿਲ) ਜੀਤੋ ਜੀ ਦਾ ਦੇਹਾਂਤ ਹੋਇਆ ਹੈ, ਮੈਂ ਬ੍ਰਹਮਚਰਜ ਧਾਰਨ ਕਰ ਲਿਆ ਹੈ । ਬ੍ਰਹਮਚਰਜ ਦਾ ਅਰਥ ਹੈ ਗ੍ਰਿਹਸਤ-ਭੋਗ ਨਾ ਕਰਨਾ । ਸੋ ਹੁਣ ਮੈਂ ਬੀਬੀ ਸਾਹਿਬ ਦੇਵਾਂ ਨਾਲ ਸ਼ਾਦੀ ਨਹੀਂ ਕਰ ਸਕਦਾ ।"

ਗੁਰੂ ਜੀ ਦਾ ਬਚਨ ਸੁਣ ਕੇ ਸੰਗਤ ਬੜੀ ਹੈਰਾਨ ਵੀ ਹੋਈ ਤੇ ਦੁਖੀ ਵੀ। ਪਰ ਭਾਈ ਰਾਮਾ ਨੇ ਬੜੇ ਤਰਲੇ ਨਾਲ ਕਿਹਾ, "ਮਹਾਰਾਜ, ਜਦੋਂ ਦਾ ਅਸੀਂ ਇਹ ਸੰਕਲਪ ਕੀਤਾ ਹੈ ਕਿ ਬੀਬੀ ਸਾਹਿਬ ਦੇਵਾਂ ਦਾ ਰਿਸ਼ਤਾ ਤੁਹਾਡੇ ਨਾਲ ਕਰਨਾ ਹੈ, ਸਾਰੇ ਇਲਾਕੇ ਦੇ ਲੋਕ ਇਸ ਨੂੰ ਮਾਤਾ ਆਖਣ ਲੱਗ ਪਏ ਹਨ। ਹੁਣ ਇਸ ਦੇ ਨਾਲ ਕੋਈ ਹੋਰ ਨੌਜਵਾਨ ਸ਼ਾਦੀ ਨਹੀਂ ਕਰੇਗਾ ਤੇ ਇਹ ਬੀਬੀ ਸਾਰੀ ਉਮਰ ਕੁਆਰੀ ਹੀ ਰਹੇਗੀ। ਇਸ ਤਰ੍ਹਾਂ ਸਾਡੇ ਘਰ ਸਦਾ ਲਈ ਕਲੇਸ਼ ਪੈ ਜਾਵੇਗਾ।" ਭਾਈ ਰਾਮਾ ਦੀ ਗੱਲ ਦੀ ਹਾਮੀ ਬਾਕੀ ਸੰਗਤ ਨੇ ਵੀ ਭਰੀ। ਭਾਈ ਰਾਮਾ ਨੇ ਬੜੀ ਹੀ ਆਜਜ਼ੀ ਨਾਲ ਕਰੁਣਾਮਈ ਸੁਰ ਵਿਚ ਕਿਹਾ, "ਸਤਿਗੁਰੂ ਕੋਈ ਬਿਧ ਬਣਾਓ, ਜੋ ਸੰਗਤ ਦੀ ਮਨਸ਼ਾ ਵੀ ਪੂਰੀ ਹੋ ਜਾਵੇ ਤੇ ਤੁਹਾਡਾ ਪ੍ਰਣ ਵੀ ਨਾ ਟੁੱਟੇ।" ਹੁਣ ਭਾਈ ਮਨੀ ਸਿੰਘ ਵੀ ਰੁਹਤਾਸ ਨਗਰ ਦੀ ਸੰਗਤ ਦੀ ਹਮਾਇਤ ਕਰਨ ਲੱਗੇ। ਭਾਈ ਰਾਮਾ ਦਾ ਸਾਰਾ ਪਰਿਵਾਰ ਤ੍ਰਿਪ-ਤ੍ਰਿਪ ਹੰਝੂ ਕੇਰ ਰਿਹਾ ਸੀ। ਸਾਰੀ ਸੰਗਤ ਵਿਚ ਸੰਨਾਟਾ ਛਾਇਆ ਹੋਇਆ ਸੀ। ਅਨੰਦਪੁਰ ਵਿਚ ਬਾਹਰੋਂ ਵੀ ਸੰਗਤਾਂ ਆਈਆਂ ਹੋਈਆਂ ਸਨ। ਕੁਝ ਆਪਸ ਵਿਚ ਘੁਸਰ-ਮੁਸਰ ਕਰਨ ਲੱਗੇ, "ਭਾਈ ਰਾਵਾ ਨੂੰ ਇੰਨੀ ਵੱਡੀ ਗੱਲ ਕਹਿਣ ਦੀ ਹਿੰਮਤ ਕਿਵੇਂ ਪਈ ? ਕਦੀ ਇੰਝ ਵੀ ਕਿਸੇ ਨਗਰ ਨੇ ਆਪਣੀ ਧੀ-ਭੈਣ ਗੁਰੂਆਂ ਦੀ ਭੇਟ ਚੜ੍ਹਾਈ ਹੈ ?" ਸਾਰੀ ਸੰਗਤ ਸਾਹ ਰੋਕੀ ਸਤਿਗੁਰੂ ਦੇ ਮੁਖੜੇ ਨੂੰ ਨਿਹਾਰ ਰਹੀ ਸੀ। ਸਤਿਗੁਰੂ ਖ਼ਾਮੋਸ਼ ਕਿਸੇ ਡੂੰਘੀ ਸੋਚ ਵਿਚ ਵਹਿ ਗਏ ਸਨ।

ਆਖ਼ਰ ਸਤਿਗੁਰਾਂ ਨੇ ਚੁੱਪ ਨੂੰ ਤੋੜਿਆ, "ਪਿਆਰੀ ਸਾਧ ਸੰਗਤ ਤੇ ਭਾਈ ਰਾਮਾ, ਤੁਹਾਡਾ ਸਿਦਕ ਕਬੂਲ ਹੋਇਆ। ਪਰ ਇਕ ਗੱਲ ਸਾਡੀ ਵੀ ਮੰਨਣੀ ਪਵੇਗੀ।"

ਭਾਈ ਰਾਮਾ ਇਤਨਾ ਹੀ ਬੋਲ ਸਕਿਆ, "ਜੀ ਪਾਤਸ਼ਾਹ ?"

"ਇਹ ਡੋਲਾ ਸਾਡੇ ਮਹਲਾਂ ਵਿਚ ਕੁਆਰਾ ਡੋਲਾ ਬਣ ਕੇ ਹੀ ਰਹਿ ਸਕਦਾ ਹੈ। ਸਾਡੀ ਬ੍ਰਹਮਚਰਜ ਦੀ ਪ੍ਰਤਿੱਗਿਆ ਤਾਂ ਅਟੱਲ ਹੈ, ਕੁਆਰਾ ਡੋਲਾ ਤੋਂ ਸਾਡਾ ਭਾਵ ਹੈ, ਬੀਬੀ ਸਾਹਿਬ ਦੇਵਾਂ ਸਾਡੇ ਮਹਲਾਂ ਵਿਚ ਰਹਿ ਸਕੇਗੀ, ਸੇਵਾ ਕਰਨ ਦੀ ਅਧਿਕਾਰੀ ਹੋਵੇਗੀ, ਪਰ ਸਰੀਰਕ ਤੌਰ 'ਤੇ ਕੁਆਰੀ ਹੀ ਰਹੇਗੀ।" ਸਤਿਗੁਰਾਂ ਨੇ ਆਪਣਾ ਹੁਕਮ ਸੁਣਾ ਦਿੱਤਾ। ਰੁਹਤਾਸ ਨਗਰ ਦੀ ਸਾਰੀ ਸੰਗਤ ਖੁਸ਼ੀ ਨਾਲ ਝੂਮ ਪਈ। ਸਭ ਭਾਈ ਰਾਵਾ ਤੇ ਉਸ ਦੀ ਪਤਨੀ ਮਾਤਾ ਜਸਦੇਈ ਨੂੰ ਵਧਾਈਆਂ ਦੇਣ ਲੱਗੇ। ਸਤਿਗੁਰਾਂ ਨੇ ਇਕ ਗੱਲ ਹੋਰ ਕਹੀ। "ਅਜੇ ਬੀਬੀ ਨੂੰ ਆਪਣੇ ਪਾਸ ਹੀ ਰੱਖੋ। ਅਨੰਦ ਕਾਰਜ ਦੀ ਰਸਮ ਕਰ ਕੇ ਹੀ ਬੀਬੀ ਨੂੰ ਮਹਲਾਂ ਵਿਚ ਲਿਜਾਇਆ ਜਾਵੇਗਾ। ਨਾਲੇ, ਤੁਸੀਂ ਸਾਰੀ ਸਿੱਖ-ਸੰਗਤ ਵੀ ਪਹਿਲਾਂ ਅੰਮ੍ਰਿਤ ਛਕ ਲਵੋ।"

3

ਸਿੱਖ ਇਤਿਹਾਸਕਾਰਾਂ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੀ ਵੈਸਾਖ ਅਥਵਾ 30 ਮਾਰਚ ਸੰਨ 1699 ਈਸਵੀ ਨੂੰ 'ਖਾਲਸੇ' ਦੀ ਸਾਜਨਾ ਕੀਤੀ ਸੀ। ਦੂਸਰੇ ਸ਼ਬਦਾਂ ਵਿਚ ਸਿੱਖ-ਸੰਗਤ ਵਿਚ ਅੰਮ੍ਰਿਤ ਛਕਣ ਦੀ ਰਸਮ ਜਾਰੀ ਸੀ। ਉਸ ਜ਼ਮਾਨੇ ਵਿਚ ਆਵਾਜਾਈ ਦੇ ਸਾਧਨ ਚੰਗੇ ਨਾ ਹੋਣ ਕਰ ਕੇ ਲੋਕ ਛੇਤੀ-ਛੇਤੀ ਆਪਣੇ ਸੰਬੰਧੀਆਂ, ਰਿਸ਼ਤੇਦਾਰਾਂ ਜਾਂ ਤੀਰਥ ਅਸਥਾਨਾਂ ਉੱਪਰ ਨਹੀਂ ਸਨ ਜਾ ਸਕਦੇ। ਇਹੀ ਹਾਲ ਸਿੱਖ-ਸੰਗਤ ਦਾ ਵੀ ਸੀ।

ਭਾਵੇਂ ਸਾਰੇ ਗੁਰੂ ਸ਼ਰਧਾਲੂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਚਲਾਈ ਇਸ ਨਵੀਂ ਰਸਮ 'ਅੰਮ੍ਰਿਤ ਦੀ ਦਾਤ' ਨੂੰ ਜਲਦੀ-ਜਲਦੀ ਛਕਣਾ ਚਾਹੁੰਦੇ ਸਨ ਪਰ ਹਾਲਾਤ ਵੱਸ ਅਜੇ ਬਹੁਤ ਸਾਰੇ ਇਲਾਕਿਆਂ ਦੀ ਸੰਗਤ ਇਸ ਦਾਤ ਤੋਂ ਵਾਂਝੀ ਹੀ ਸੀ। ਰੁਹਤਾਸ ਦੀ ਸੰਗਤ ਨੇ ਜਦੋਂ ਅਨੰਦਪੁਰ ਆਉਣ ਦਾ ਮਨ ਬਣਾਇਆ ਸੀ ਤਾਂ ਉਨ੍ਹਾਂ ਦੇ ਮਨ ਵਿਚ ਇਕ ਬੜੀ ਵੱਡੀ ਖਿੱਚ ਇਹ ਵੀ ਸੀ ਕਿ ਅਸੀਂ ਵੈਸਾਖੀ ਦੇ ਪੁਰਬ 'ਤੇ ਚੱਲਾਂਗੇ। ਨਾਲੇ ਅੰਮ੍ਰਿਤ ਦੀ ਦਾਤ ਲਵਾਂਗੇ, ਨਾਲੇ ਆਪਣੇ ਇਲਾਕੇ ਦੀ ਸਭ ਤੋਂ ਉੱਚੀ ਚਰਿੱਤਰਵਾਨ ਤੇ ਸੋਭਾਵੰਤ ਸ਼ਖ਼ਸੀਅਤ ਨੂੰ ਗੁਰੂ-ਚਰਨਾਂ ਵਿਚ ਭੇਟ ਕਰ ਕੇ ਗੁਰੂ-ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਾਂਗੇ। ਸੋ ਰੁਹਤਾਸ ਨਗਰ ਦੀ ਸਾਰੀ ਸੰਗਤ, ਭਾਈ ਰਾਵਾ, ਮਾਤਾ ਜਸਦੇਈ ਤੇ ਬੀਬੀ ਸਾਹਿਬ ਦੇਵਾਂ ਨੇ ਵੀ ਪੰਜਾਂ ਪਿਆਰਿਆਂ ਪਾਸੋਂ ਮਰਿਆਦਾ ਪੂਰਬਕ ਅੰਮ੍ਰਿਤ ਛਕਿਆ। ਜਦੋਂ ਦੀ ਅੰਮ੍ਰਿਤ ਦੀ ਰਸਮ ਸ਼ੁਰੂ ਹੋਈ ਸੀ, ਉਦੋਂ ਦੀ ਸਿੱਖ-ਸੰਗਤ ਵਿਸਾਖੀ ਦੇ ਦਿਨ ਹੁਮ-ਹੁਮਾ ਕੇ ਅਨੰਦਪੁਰ ਆਉਂਦੀ ਸੀ। ਇਸ ਵਾਰ ਵੀ ਅਨੇਕਾਂ ਸਿੱਖ-ਸੰਗਤਾਂ ਕਲਗੀਧਰ ਦੇ ਦਰਸ਼ਨਾਂ ਨੂੰ ਆਈਆਂ ਸਨ ਤੇ ਅੰਮ੍ਰਿਤ ਦੀ ਪਾਹੁਲ ਲਈ ਸੀ। ਇਹ ਪ੍ਰਵਾਹ ਕਾਫ਼ੀ ਦਿਨ ਚਲਦਾ ਰਿਹਾ। ਜਦੋਂ ਸ਼ਰਧਾਲੂ ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਤੇ ਨਾਲੇ ਕੁਝ ਭੀੜ-ਭੜੱਕਾ ਘੱਟ ਹੋਇਆ ਤਾਂ ਸਤਿਗੁਰੂ ਦਾ ਧਿਆਨ ਰੁਹਤਾਸ ਦੀ ਸੰਗਤ ਨਾਲ ਕੀਤੇ ਹੋਏ ਬਚਨ ਵੱਲ ਗਿਆ। ਉਹ ਸੁਭਾਗੀ ਘੜੀ ਆ ਗਈ ਜਦੋਂ ਰੁਹਤਾਸ ਦੀ ਸੰਗਤ ਦੀ ਮਨਸ਼ਾ ਪੂਰੀ ਹੋਣੀ ਸੀ। ਬੀਬੀ ਸਾਹਿਬ ਦੇਵਾਂ ਦੀ ਤਪੱਸਿਆ ਨੂੰ ਬੂਰ ਪੈਣਾ ਸੀ। ਅੱਜ ਅਨੰਦਪੁਰ ਵਿਚ ਉਚੇਚਾ ਦੀਵਾਨ ਸਜਾਇਆ ਗਿਆ। ਇਕ ਵੇਲਾ ਸੀ ਕਲਗੀਧਰ ਆਪ ਲਾੜਾ ਬਣ ਕੇ ਗੁਰੂ ਕੇ ਲਾਹੌਰ ਗਏ ਸਨ ਤੇ ਇਨ੍ਹਾਂ ਦੇ ਸਹੁਰਿਆਂ ਨੇ ਸਾਰੇ ਸ਼ਹਿਰ ਨੂੰ ਸਜਾਇਆ ਸੀ। ਪਰ ਅੱਜ ਅਨੋਖਾ ਵਿਆਹ ਹੋਣਾ ਸੀ। ਪੋਠੋਹਾਰ ਦੀ ਸੰਗਤ ਆਪ ਲਾੜੀ ਲੈ ਕੇ ਪਹੁੰਚੀ ਹੋਈ ਸੀ ਤੇ ਗੁਰੂ ਸਾਹਿਬ ਦਾ ਦੀਵਾਨ-ਹਾਲ ਮੁਖੀ ਸਿੱਖਾਂ ਨੇ ਬੜੇ ਚਾਅ ਨਾਲ ਸਜਾਇਆ ਸੀ। ਗੁਰੂ-ਘਰ ਦੇ ਰਾਗੀ ਰਬਾਬੀ ਭਾਈ ਸੱਦੂ ਤੇ ਮੱਦੂ ਨੇ ਆਪਣੀ ਰਸੀਲੀ ਰਸਨਾ ਨਾਲ ਅੰਮ੍ਰਿਤ ਕੀਰਤਨ ਕੀਤਾ ਕਿ ਸਾਰੀ ਸੰਗਤ ਅੰਮ੍ਰਿਤ-ਰਸ ਨਾਲ ਝੂਮ ਗਈ। ਬਾਬਾ ਬੁੱਢਾ ਜੀ ਦੀ ਅੰਸ ਵਿਚੋਂ ਭਾਈ ਰਾਮ ਕੁਇਰ ਜਿਨ੍ਹਾਂ ਦਾ ਨਾਮ ਅੰਮ੍ਰਿਤ ਛਕਣ ਤੋਂ ਬਾਅਦ ਗੁਰਬਖਸ਼ ਸਿੰਘ ਹੋ ਗਿਆ ਸੀ, ਨੇ ਗੁਰ-ਮਰਿਆਦਾ ਅਨੁਸਾਰ ਅਨੰਦ ਕਾਰਜ ਦੀ ਰਸਮ ਪੂਰੀ ਕੀਤੀ। ਇਹ ਰਸਮ 18 ਵਿਸਾਖ ਸੰਮਤ 1757 ਬਿਕ੍ਰਮੀ ਵਿਚ ਸੰਪੂਰਨ ਹੋਈ। ਉਸ ਸਮੇਂ ਮਾਤਾ ਸਾਹਿਬ ਦੇਵਾਂ ਦੀ ਉਮਰ ਲਗਭਗ ਅਠਾਰ੍ਹਾਂ ਸਾਲ ਸੀ ਤੇ ਦਸਮ ਗੁਰੂ ਦੀ ਲਗਭਗ ਚੌਂਤੀ ਵਰ੍ਹੇ ਦੀ ਆਯੂ ਸੀ। ਅਨੰਦ ਕਾਰਜ ਦੀ ਰਸਮ ਤੋਂ ਬਾਅਦ ਕਲਗੀਧਰ ਜੀ ਨੇ ਆਪਣੇ ਤੀਸਰੇ ਮਹਿਲ ਮਾਤਾ ਸਾਹਿਬ ਕੌਰ ਨੂੰ ਮਹਲਾਂ ਵਿਚ ਆਪਣੀ ਮਾਤਾ ਗੁਜਰੀ ਜੀ ਪਾਸ ਭੇਜ ਦਿੱਤਾ। ਰੁਹਤਾਸ ਨਗਰ ਦੀ ਸੰਗਤ ਅੱਜ ਖੁਸ਼ੀ ਨਾਲ ਮਿਉਂਦੀ ਨਹੀਂ ਸੀ। ਸਾਰੀ ਸੰਗਤ ਵਿਚ ਬੜਾ ਚਾਅ, ਹੁਲਾਸ ਤੇ ਪ੍ਰਸੰਨਤਾ ਸੀ। ਇਹ ਸਾਰਾ ਸੰਗ (ਸੰਗ ਤੋਂ ਭਾਵ ਹੈ ਇਕੱਠ—ਉਹ ਲੋਕ ਜੋ ਇਕੱਠੇ ਹੋ ਕੇ ਇਕ ਸਮੂਹ ਦੀ ਸ਼ਕਲ ਵਿਚ ਕਿਸੇ ਕੰਮ ਨੂੰ ਜਾਂਦੇ ਸਨ ਉਸ ਨੂੰ ਸੰਗ ਕਿਹਾ ਜਾਂਦਾ ਸੀ। ਇਹ ਸਾਰਾ ਇਕੱਠ ਇਕ ਦੂਜੇ ਨਾਲ ਅਤੇ ਇਕ ਦੂਜੇ ਦੀ ਸੰਗਤ ਵਿਚ ਰਹਿੰਦਾ ਸੀ। ਇਸ ਲਈ ਵੀ ਇਸ ਨੂੰ ਸੰਗ ਕਿਹਾ ਜਾਂਦਾ

ਰਿਹਾ ਹੈ) ਲੱਗਭਗ ਸਵਾ ਮਹੀਨਾ ਅਥਵਾ ਚਾਲ੍ਹੀ ਕੁ ਦਿਨ ਅਨੰਦਪੁਰ ਠਹਿਰ ਕੇ ਖੁਸ਼ੀ-ਖੁਸ਼ੀ ਆਪਣੇ ਵਤਨ ਪੋਠੋਹਾਰ ਨੂੰ ਪਰਤ ਗਿਆ ।

4

ਅੱਜਕਲ੍ਹ ਮਾਤਾ ਗੁਜਰੀ ਆਪਣੀ ਨਵੀਂ ਨੂੰਹ ਦਾ ਬਹੁਤ ਧਿਆਨ ਰੱਖਦੇ । ਜੋਬਨਵੰਤ ਪੋਠੋਹਾਰਨ ਨੂੰਹ ਸੁਭਾਅ ਦੀ ਮਿਲਾਪੜੀ ਹੋਣ ਕਰ ਕੇ ਜਲਦੀ ਹੀ ਆਪਣੀ ਸੱਸ ਦੇ ਮਨ ਵਿਚ ਘਰ ਕਰ ਗਈ । ਉਹ ਵੀ ਮਾਤਾ ਜੀ ਨਾਲ ਛੋਟੇ ਸਾਹਿਬਜ਼ਾਦਿਆਂ ਸੰਗ ਖੇਡਦੀ-ਖਿਡਾਉਂਦੀ । ਮਹਲਾਂ ਦੀਆਂ ਦਾਸੀਆਂ ਕੋਲੋਂ ਗੁਰੂ ਸਾਹਿਬ ਦੇ ਬਾਲ ਚੋਜ ਸੁਣਦੀ । ਪਹਿਲੀਆਂ ਸ਼ਾਦੀਆਂ ਦੀਆਂ ਗੱਲਾਂ ਸੁਣਦੀ । ਗੁਰੂ ਸਾਹਿਬ ਦੇ ਵਿਚ ਆ ਰਹੀ ਤਬਦੀਲੀ ਦੇ ਕਾਰਣਾਂ ਨੂੰ ਜਾਣਨਾ ਚਾਹੁੰਦੀ । ਪਤੀ ਜੀ ਹਰ ਵੇਲੇ ਜੰਗਾਂ-ਯੁੱਧਾਂ ਦੀ ਤਿਆਰੀ ਵਿਚ ਰੁੱਝੇ ਰਹਿੰਦੇ । ਉਹ ਅੱਜਕਲ੍ਹ ਖਾਲਸਾ ਫ਼ੌਜ ਨੂੰ ਇਕ ਨਿਸ਼ਚਿਤ ਤਰਤੀਬ ਦੇ ਰਹੇ ਸਨ । ਸਾਰੇ ਘਰ ਵਿਚ ਸਾਹਿਬ ਦੇਵਾਂ ਜੀ ਨਵੇਂ ਨਵੇਂ ਸਨ । ਉਹ ਹਰ ਗੱਲ ਨੂੰ ਬੜੇ ਧਿਆਨ ਨਾਲ ਸੁਣਦੇ ਤੇ ਸਮਝਦੇ । ਆਗਿਆ ਦਾ ਪਾਲਣ ਕਰਦੇ । ਸਵੇਰੇ ਅੰਮ੍ਰਿਤ ਵੇਲੇ ਜਾਗ ਕੇ ਗੁਰਬਾਣੀ ਦਾ ਪਾਠ-ਸਿਮਰਨ ਕਰਦੇ । ਸਤਿਸੰਗ ਸੁਣਦੇ । ਮਾਤਾ ਗੁਜਰੀ ਨਾਲ ਕੰਮਕਾਰ ਵਿਚ ਹੱਥ ਵਟਾਉਂਦੇ । ਸਾਹਿਬ ਦੇਵਾਂ ਨੇ ਗੁਰੂ ਸਾਹਿਬ ਦੇਵਾਂ ਦੇ ਮਹਲ ਵਿਚ ਆਉਂਦਿਆਂ ਹੀ ਪ੍ਰਤਿੱਗਿਆ ਕਰ ਲਈ ਸੀ ਕਿ 'ਜਦ ਤਕ ਪਤੀ ਜੀ ਦੇ ਦਰਸ਼ਨ ਨਾ ਹੋਣ, ਅੰਨ-ਜਲ ਮੂੰਹ ਨਹੀਂ ਲਾਉਣਾ' । ਮਾਤਾ ਸਾਹਿਬ ਕੌਰ ਜਿਤਨੀ ਦੇਰ ਜੀਵੇ, ਇਸ ਪ੍ਰਤਿੱਗਿਆ ਨੂੰ ਨਿਭਾਇਆ । ਇਨ੍ਹਾਂ ਦੀ ਪਵਿੱਤਰ ਪ੍ਰੇਮ-ਭਾਵਨਾ ਦੇ ਬੱਧੇ ਦਸਮ ਗੁਰੂ ਇਕ ਵਾਰ ਮਾਤਾ ਸਾਹਿਬ ਦੇਵਾਂ ਦੇ ਮਹਲ ਜ਼ਰੂਰ ਆਉਂਦੇ । ਮਾਤਾ ਸਾਹਿਬ ਦੇਵਾਂ ਦਸਮ ਗੁਰੂ ਜੀ ਦੇ ਚਰਨ ਪਰਸ ਕੇ ਅਨੰਦ ਵਿਚ ਖੀਵੇ ਹੋ ਜਾਂਦੇ । ਮਾਤਾ ਜੀ ਦੀ ਇਸ ਪ੍ਰਤਿੱਗਿਆ ਦਾ ਜ਼ਿਕਰ ਲੱਗਭਗ ਸਾਰੇ ਸਿੱਖ ਇਤਿਹਾਸਕਾਰਾਂ ਨੇ ਕੀਤਾ ਹੈ ।

ਮਾਤਾ ਸਾਹਿਬ ਦੇਵਾਂ ਦੀ ਪ੍ਰੇਮ-ਭਾਵਨਾ ਵਿਚ ਅਤਿਅੰਤ ਤੀਬਰਤਾ ਸੀ । ਉਨ੍ਹਾਂ ਦੀ ਸੁਰਤ ਹਰ ਵੇਲੇ ਪਤੀ ਦੇ ਚਰਨਾਂ ਵਿਚ ਤੇ ਰਸਨਾ ਲੱਗਭਗ ਨਾਮ-ਸਿਮਰਨ ਨਾਲ ਜੁੜੀ ਰਹਿੰਦੀ । ਉਹ ਬਹੁਤ ਘੱਟ ਬੋਲਦੇ ਪਰ ਜਦੋਂ ਵੀ ਗੱਲ ਕਰਦੇ ਅਤਿ ਮਿੱਠੀ, ਇੰਝ ਜਿਵੇਂ ਕਿਤੇ ਨਿੱਕੀ-ਨਿੱਕੀ ਭੂਰ ਵਰ੍ਹਦੀ ਹੋਵੇ । ਭਾਵੇਂ ਮਾਤਾ ਸਾਹਿਬ ਦੇਵਾਂ ਗੁਰੂ-ਪਰਿਵਾਰ ਵਿਚ ਰਚ-ਮਿਚ ਗਈ ਸੀ । ਪਰ ਆਖ਼ਰ ਸੀ ਤਾਂ ਔਰਤ ਹੀ । ਉਸ ਦੇ ਮਨ ਵਿਚ ਵੀ ਅਨੇਕਾਂ ਵਾਰ ਇਸਤਰੀ-ਭਾਵ ਜਾਗੇ ਪਰ ਪਤੀ ਦੇ ਬ੍ਰਹਮਚਰਜ ਦੀ ਗੱਲ ਸੋਚ ਕੇ ਚੁੱਪ ਕਰ ਜਾਂਦੇ । ਗੁਰੂ ਸਾਹਿਬ ਦਾ ਭਾਵੇਂ ਸਾਹਿਬ ਦੇਵਾਂ ਨਾਲ ਸਰੀਰਕ ਸੰਬੰਧ ਨਹੀਂ ਸੀ ਪਰ ਤਾਂ ਵੀ ਦਿਨ ਵਿਚ ਇਕ ਵਾਰ ਜ਼ਰੂਰ ਮਾਤਾ ਸਾਹਿਬ ਦੇਵਾਂ ਨੂੰ ਮਿਲਣ ਆਉਂਦੇ । ਅੱਜ ਵੀ ਨਿੱਤ ਦੀ ਤਰ੍ਹਾਂ ਉਹ ਮਾਤਾ ਸਾਹਿਬ ਦੇਵਾਂ ਦੇ ਮਹਲ ਵਿਚ ਆਏ । ਨਿੱਤ ਦੀ ਤਰ੍ਹਾਂ ਸੁਸੱਜਿਤ ਪੰਲਘ ਉੱਪਰ ਬਿਰਾਜਮਾਨ ਹੋ ਗਏ । ਨਿੱਤ ਦੀ ਤਰ੍ਹਾਂ ਮਾਤਾ ਜੀ ਵੀ ਚਰਨਾਂ ਦੀ ਸੇਵਾ ਕਰਨ ਲੱਗ ਪਏ । ਪਰ ਅੱਜ ਮਾਤਾ ਜੀ ਬਾਰੰਬਾਰ ਪਤੀ ਵਲ ਭਾਵਪੂਰਤ ਨਜ਼ਰਾਂ ਨਾਲ ਵੇਖਦੇ ਪਏ ਸਨ । ਬੁੱਲ੍ਹ ਫਰਕਦੇ ਸਨ ਪਰ ਮੂੰਹੋਂ ਬੋਲਿਆ ਨਹੀਂ ਸੀ ਜਾ ਰਿਹਾ । ਅਜੀਬ ਵਿਆਕੁਲਤਾ ਸੀ ਅੱਜ ਸਾਹਿਬ ਦੇਵਾਂ ਦੇ ਵਰਤਾਉ ਵਿਚ । ਉਹ ਬਾਰ-ਬਾਰ ਯਤਨ ਕਰਦੇ ਕੁਝ ਕਹਿਣ ਦਾ, ਪਰ

ਨਾ ਤਾਂ ਸ਼ਬਦ ਹੀ ਸਾਥ ਦੇ ਰਹੇ ਸਨ ਤੇ ਨਾ ਮਨ ਦੀ ਅਧੀਰਤਾ। ਥੋੜ੍ਹੀ ਦੇਰ ਪਤੀ ਚੁੱਪਚਾਪ ਆਪਣੀ ਪਤਨੀ ਦੀ ਬੇਚੈਨੀ ਨੂੰ ਵਾਚਦੇ ਰਹੇ ਤੇ ਫਿਰ ਪਿਆਰ ਨਾਲ ਬੋਲੇ, "ਅੱਜ ਕੀ ਗੱਲ ਹੈ ? ਜੋ ਕਹਿਣਾ ਚਾਹੁੰਦੇ ਹੋ, ਕਹੋ।" ਅੱਜ ਮਾਤਾ ਸਾਹਿਬ ਦੇਵਾਂ ਨੇ ਆਪਣੇ ਪਤੀ ਪਾਸੋਂ ਉਹੀ ਕੁਝ ਮੰਗਿਆ ਜੋ ਸੰਸਾਰ ਦੀ ਹਰ ਇਸਤਰੀ ਚਾਹੁੰਦੀ ਹੈ। ਮਾਤਾ ਸਾਹਿਬ ਦੇਵਾਂ ਦੇ ਅੰਦਰੋਂ ਨਿਰੋਲ ਇਸਤਰੀਪਨ ਬੋਲਿਆ, "ਪਿਆਰੇ ਪਤੀ ਜੀ, ਮੈਂ ਵੀ ਇਸਤਰੀ ਹਾਂ। ਮੇਰੀ ਵੀ ਤੁਹਾਡੇ ਨਾਲ ਸ਼ਾਦੀ ਹੋਈ ਹੈ। ਮੇਰਾ ਵੀ ਜੀਅ ਕਰਦਾ ਹੈ ਕਿ ਮੇਰੀ ਗੋਦੀ ਵਿਚ ਵੀ ਭੈਣ ਸੁੰਦਰੀ ਵਾਂਗ ਇਕ ਲਾਲ ਖੇਡੇ। ਮੈਂ ਵੀ ਪੁੱਤਰ ਪਾਲ ਕੇ ਆਪਣੀਆਂ ਸੱਧਰਾਂ ਪੂਰੀਆਂ ਕਰਾਂ। ਮੈਂ ਤੁਹਾਡਾ ਬ੍ਰਹਮਚਰਜ ਦਾ ਪ੍ਰਣ ਜਾਣਦੀ ਹਾਂ। ਤੁਹਾਡੇ ਦਰ ਤੋਂ ਸਭ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਇਕ ਮੈਂ ਨਿਮਾਣੀ ਹੀ ਅਜਿਹੀ ਹਾਂ, ਜਿਸ ਦੀ ਮੁਰਾਦ ਤੁਸੀਂ ਪੂਰੀ ਨਹੀਂ ਕਰਦੇ।"

ਹੁਣ ਤਕ ਗੁਰੂ ਸਾਹਿਬ ਸੁਣ ਰਹੇ ਸਨ ਤੇ ਮਾਤਾ ਸਾਹਿਬ ਦੇਵਾਂ ਆਪਣੇ ਮਨ ਦੀ ਗੱਲ ਸੁਣਾ ਰਹੇ ਸਨ। ਸਤਿਗੁਰੂ ਸੁਣ ਕੇ ਬੜੀ ਹੀ ਖੁਸ਼ੀ ਨਾਲ ਕਹਿਣ ਲੱਗੇ, "ਭਾਗਾਂ ਵਾਲੀਏ, ਤੂੰ ਤਾਂ ਇਕ ਪੁੱਤਰ ਮੰਗਿਆ ਹੈ, ਮੈਂ ਤੈਨੂੰ ਪੂਰੇ ਖਾਲਸੇ ਦੀ ਮਾਤਾ ਬਣਾਉਂਦਾ ਹਾਂ। ਜਿਥੇ ਮੈਂ 'ਖਾਲਸੇ' ਦਾ ਧਾਰਮਿਕ ਪਿਤਾ ਹਾਂ, ਉਥੇ ਤੁਸੀਂ 'ਖਾਲਸੇ' ਦੀ ਧਾਰਮਿਕ ਮਾਤਾ ਹੋ। ਤੇਰੇ ਪੁੱਤਰ ਖਾਲਸੇ ਦੇ ਰੂਪ ਵਿਚ ਲੱਖਾਂ-ਕਰੋੜਾਂ ਦੀ ਗਿਣਤੀ ਵਿਚ ਹੋਣਗੇ। ਉਹ ਸਦਾ ਵਧਦੇ-ਫੁੱਲਦੇ ਰਹਿਣਗੇ। ਉਹ ਸਦਾ ਤੇਰਾ ਨਾਮ ਰੌਸ਼ਨ ਕਰਨਗੇ।" ਅੱਜ ਦਸਮ ਗੁਰੂ ਨੇ ਖਾਲਸੇ ਨੂੰ ਵੀ ਮਾਂ ਵਾਲਾ ਬਣਾ ਦਿੱਤਾ। ਅੰਮ੍ਰਿਤ ਛਕਾਉਣ ਪੰਜ ਪਿਆਰੇ ਜਿਥੇ ਅੰਮ੍ਰਿਤ ਛਕਣ ਵਾਲੇ। ਪ੍ਰਾਣੀ ਨੂੰ ਉਸ ਦੇ ਨਵੇਂ ਜਨਮ ਬਾਰੇ ਸਮਝਾਉਂਦੇ ਹਨ। ਉਸ ਦੀ ਨਵੀਂ ਜ਼ਾਤ, ਬਰਾਦਰੀ ਜੋ ਕਿਸੇ ਵੀ ਤਰ੍ਹਾਂ ਦੇ ਜਾਤੀ ਬੰਧਨ ਤੋਂ ਰਹਿਤ ਹੈ, ਬਾਰੇ ਦੱਸਦੇ ਹਨ, ਉਥੇ ਉਸ ਨੂੰ ਖਾਲਸੇ ਦੇ ਪਿਤਾ ਦਾ ਨਾਮ ਗੁਰੂ ਗੋਬਿੰਦ ਸਿੰਘ ਤੇ ਮਾਤਾ ਦਾ ਨਾਮ ਸਾਹਿਬ ਕੌਰ ਦੱਸਿਆ ਜਾਂਦਾ ਹੈ। ਅੱਜ ਵੀ ਇਹੀ ਵੇਖਣ ਵਿਚ ਆਉਂਦਾ ਹੈ। ਦਰਅਸਲ 'ਅੰਮ੍ਰਿਤ' ਇਕ ਰਸਮ ਹੀ ਨਹੀਂ ਸੀ ਸਗੋਂ ਇਸ ਦੇ ਨਾਲ ਜੋ ਦਾਰਸ਼ਨਿਕ ਸੰਕਲਪ ਜੋੜਿਆ ਗਿਆ ਹੈ, ਉਹ ਇਹ ਸੀ ਕਿ ਅੰਮ੍ਰਿਤ ਛਕਣ ਵਾਲਾ ਪ੍ਰਾਣੀ ਸਿੰਘ ਜਾਂ ਕੌਰ ਅਥਵਾ ਸ਼ੇਰ ਵਰਗਾ ਸੂਰਬੀਰ ਬਣ ਜਾਵੇਗਾ। ਸਿੰਘਾਂ ਦੇ ਸਮੂਹ ਜਾਂ ਇਕੱਠ ਨੂੰ ਹੀ 'ਖਾਲਸੇ' ਦਾ ਨਾਮ ਦਿੱਤਾ ਗਿਆ ਸੀ। ਖਾਲਸੇ ਦਾ ਅਰਥ ਹੈ, ਖਾਲਸ ਜਾਂ ਸ਼ੁੱਧ। ਅਥਵਾ ਉਹ ਪ੍ਰਾਣੀ ਜੋ ਕਿਸੇ ਵੀ ਤਰ੍ਹਾਂ ਦੇ ਵਹਿਮ ਜਾਂ ਭਰਮ ਤੋਂ ਮੁਕਤ ਹੋਵੇ ਤੇ ਅਕਾਲ ਪੁਰਖ ਨੂੰ ਹੀ ਸ਼ੁੱਧ ਰੂਪ ਵਿਚ ਆਪਣਾ ਮਾਲਕ ਮੰਨੇ, ਉਹੀ ਖਾਲਸਾ ਹੋ ਸਕਦਾ ਹੈ। ਇਹ ਪਿਤਾ-ਵਿਸ਼ੇਸ਼ ਜਿਸ ਦਾ ਸੰਬੰਧ ਬਿੰਦੀ-ਸੰਤਾਨ ਅਖਵਾਉਂਦਾ ਹੈ, ਨਾਲੋਂ ਨਾਦੀ-ਸੰਤਾਨ ਅਖਵਾਉਣ ਵਿਚ ਵਧੇਰੇ ਖੁਸ਼ੀ ਲੈਂਦਾ ਹੈ। ਨਾਦੀ ਦਾ ਅਰਥ ਹੈ ਸ਼ਬਦ। ਦੂਸਰੇ ਸ਼ਬਦਾਂ ਵਿਚ ਸਿੰਘ-ਸਮੂਹ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਅਥਵਾ ਉਪਦੇਸ਼ਾਂ ਉੱਪਰ ਚਲਦੇ ਹਨ। ਇਕ ਤਰ੍ਹਾਂ ਖਾਲਸਾ ਗੁਰੂ ਗੋਬਿੰਦ ਸਿੰਘ ਤੇ ਮਾਤਾ ਸਾਹਿਬ ਕੌਰ ਦੀ ਨਾਦੀ ਸੰਤਾਨ ਹੈ ਤੇ ਸਿੰਘਾਂ ਦੀ ਬਿਰਾਦਰੀ ਕੇਵਲ ਖਾਲਸਾ ਹੀ ਹੈ।

ਮਾਤਾ ਸਾਹਿਬ ਕੌਰ ਖਾਲਸੇ ਦੀ ਮਾਤਾ ਦੀ ਪਦਵੀ ਲੈ ਕੇ ਧੰਨ ਹੋ ਗਈ। ਅੱਜ ਉਹ ਖੁਸ਼ੀ ਨਾਲ ਝੂਮ ਉੱਠੀ। ਹੁਣ ਉਹ ਨਿਪੁੱਤਰੀ ਨਹੀਂ ਸੀ ਸਗੋਂ ਲੱਖਾਂ ਪੁੱਤਰਾਂ ਵਾਲੀ ਹੋ

ਗਈ। ਮਾਤਾ ਸਾਹਿਬ ਕੌਰ ਨੂੰ ਦਸਮ ਗੁਰੂ ਨੇ ਖਾਲਸੇ ਦੀ ਮਾਤਾ ਥਾਪਿਆ ਦਾ ਜ਼ਿਕਰ ਲੱਗਭਗ ਸਾਰੇ ਸਿੱਖ ਇਤਿਹਾਸਕਾਰਾਂ ਨੇ ਕੀਤਾ ਹੈ। ਗੁਰੂ-ਇਤਿਹਾਸ ਦੇ ਅਨੁਸਾਰ ਮਾਤਾ ਸਾਹਿਬ ਦੇਵਾਂ ਨੇ ਇਸ ਤੋਂ ਬਾਅਦ ਕਿਸੇ ਤਰ੍ਹਾਂ ਦੇ ਦੁਨਿਆਵੀ ਫੁਰਨੇ ਦੀ ਮੰਗ ਫਿਰ ਕਦੇ ਨਹੀਂ ਕੀਤੀ। ਉਨ੍ਹਾਂ ਦੇ ਅੰਦਰ ਅੰਤਾਂ ਦਾ ਸੰਜਮ, ਧੀਰਜ ਤੇ ਸਬਰ-ਸੰਤੋਖ ਦਾ ਵਾਸਾ ਸੀ।

5

ਹੁਣ ਗੁਰੂ-ਘਰ ਦੇ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਸਨ। ਪਹਾੜੀ ਰਾਜਿਆਂ ਤੇ ਹਾਕਮਾਂ ਨਾਲ ਵਿਰੋਧ ਦਿਨੋ-ਦਿਨ ਵਧਦਾ ਜਾ ਰਿਹਾ ਸੀ। ਨੌਬਤ ਇਥੋਂ ਤਕ ਆਣ ਪੁੱਜੀ ਸੀ ਕਿ ਮਸੰਦਾਂ ਅਤੇ ਮਾਤਾ ਗੁਜਰੀ ਜੀ ਦੇ ਜ਼ੋਰ ਦੇਣ ਉੱਪਰ ਦਸਮ ਗੁਰੂ ਅਨੰਦਪੁਰ ਨੂੰ ਦੂਸਰੀ ਵਾਰ ਛੱਡਣਾ ਮੰਨ ਗਏ ਸਨ। ਇਹ ਗੱਲ ਸੰਨ 1704 ਈਸਵੀ ਦੀ ਹੈ। ਮਾਤਾ ਸਾਹਿਬ ਕੌਰ ਅੱਜ ਆਪਣੇ ਪਰਿਵਾਰ ਸਮੇਤ ਅਨੰਦਪੁਰ ਦੀ ਧਰਤੀ ਨੂੰ ਤਿਆਗ ਕੇ ਜਾ ਰਹੇ ਸਨ ਕਿਸੇ ਹੋਰ ਥਾਂ ਨੂੰ ਭਾਗ ਲਾਉਣ। ਅਨੰਦਪੁਰ ਦੀ ਸਿੱਖ-ਸੰਗਤ ਨੂੰ ਦੋ ਟੋਲੀਆਂ ਵਿਚ ਵੰਡ ਕੇ ਤੋਰਿਆ ਗਿਆ। ਪਹਿਲੀ ਟੋਲੀ ਵਿਚ ਮਾਤਾ ਗੁਜਰੀ ਜੀ, ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਦੇਵਾਂ, ਦੋ ਛੋਟੇ ਸਾਹਿਬਜ਼ਾਦੇ ਤੇ ਕੁਝ ਹੋਰ ਛੋਟੇ ਬੱਚੇ ਤੇ ਰੋਗੀ ਸਨ। ਦੂਸਰੀ ਟੋਲੀ ਵਿਚ ਦਸਮ ਗੁਰੂ, ਦੋਵੇਂ ਵੱਡੇ ਸਾਹਿਬਜ਼ਾਦੇ, ਕੁਝ ਮੁਖੀ ਸਿੱਖ ਤੇ ਪੰਜ ਸੌ ਜਵਾਨ ਸਨ। ਪਹਿਲੀ ਟੋਲੀ ਪਹਿਲਾਂ ਤੋਰ ਦਿੱਤੀ ਗਈ ਤੇ ਗੁਰੂ ਸਾਹਿਬ ਪਿੱਛੇ ਹੀ ਰਹੇ। ਗੁਰੂ ਸਾਹਿਬ ਨੂੰ ਦੁਸ਼ਮਣਾਂ ਦੀਆਂ ਸੌਂਹਾਂ ਉੱਪਰ ਇਤਬਾਰ ਨਹੀਂ ਸੀ ਤੇ ਉਹੀ ਗੱਲ ਹੋਈ। ਦੁਸ਼ਮਣ ਨੇ ਵਿਸ਼ਵਾਸਘਾਤ ਕਰ ਕੇ ਪਿੱਛੋਂ ਦੀ ਗੁਰੂ ਸਾਹਿਬ ਉੱਪਰ ਹਮਲਾ ਕਰ ਦਿੱਤਾ। ਹਫੜਾ-ਦਫੜੀ ਮੱਚ ਗਈ। ਅੱਗੋਂ ਰੱਬ ਦਾ ਭਾਣਾ ਇਹ ਕਿ ਸਰਸਾ ਨਦੀ ਵਿਚ ਜ਼ੋਰ ਦਾ ਤੂਫਾਨ ਆਇਆ ਹੋਇਆ ਸੀ ਤੇ ਨਦੀ ਨੂੰ ਤਰ ਕੇ ਪਾਰ ਕਰਨ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਨਦੀ ਪਾਰ ਕਰਨ ਦੇ ਚੱਕਰ ਵਿਚ ਕਈ ਲੋਕ ਹੜ੍ਹ ਵਿਚ ਰੁੜ੍ਹ ਗਏ। ਕੁਝ ਠੰਡ ਨਾਲ ਅਕਾਲ ਚਲਾਣਾ ਕਰ ਗਏ। ਕੁਝ ਪਾਣੀ ਦੇ ਜ਼ੋਰ ਵਿਚ ਅੱਗੇ ਵਹਿ ਗਏ। ਗੱਲ ਕੀ ਪੂਰਾ ਦਲ ਖਿੰਡ-ਪੁੰਡ ਗਿਆ। ਇਸ ਹਫੜਾ-ਦਫੜੀ ਵਿਚ ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਸਮੇਤ ਗੁਰੂ ਸਾਹਿਬ ਤੋਂ ਵਿਛੜ ਗਏ ਤੇ ਰੰਗੂ ਨੂੰ ਮਿਲ ਗਏ। ਦੂਜੇ ਪਾਸੇ ਗੁਰੂ ਸਾਹਿਬ ਦੀ ਰਜ਼ਾਮੰਦੀ ਨਾਲ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਦੇਵਾਂ ਦਿੱਲੀ ਦੇ ਰਹਿਣ ਵਾਲੇ ਧੰਨਾ ਸਿੰਘ ਤੇ ਜਵਾਹਰ ਸਿੰਘ ਦੀ ਸੌਂਪਣਾ ਹੇਠ ਭਾਈ ਮਨੀ ਸਿੰਘ ਦੀ ਸੌਂਪਣਾ ਹੇਠ ਦਿੱਲੀ ਪੁੱਜੀਆਂ। ਉੱਧਰ ਦਸਮ ਗੁਰੂ ਜੀ ਨੇ ਚਮਕੌਰ ਦੀ ਲੜਾਈ ਤੋਂ ਬਾਅਦ ਮਾਛੀਵਾੜੇ ਦੇ ਜੰਗਲਾਂ ਵਿਚੋਂ ਹੁੰਦੇ ਹੋਏ ਮਾਲਵੇ ਦੇ ਇਲਾਕੇ ਵੱਲ ਚਾਲੇ ਪਾ ਦਿੱਤੇ ਤੇ ਖਿਦਰਾਣੇ ਦੀ ਢਾਬ ਉੱਪਰ ਫਿਰ ਸ਼ਾਹੀ ਸੈਨਾ ਨਾਲ ਮੁਠਭੇੜ ਹੋ ਗਈ। ਵੱਡੇ ਸਾਹਿਬਜ਼ਾਦੇ ਚਮਕੌਰ ਦੀ ਗੜ੍ਹੀ ਵਿਚ ਸ਼ਹੀਦੀਆਂ ਪਾ ਗਏ। ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਸਰਹੰਦ ਵਿਚ ਸ਼ਹੀਦੀ ਦਾ ਜਾਮ ਪੀ ਗਏ। ਇਨ੍ਹਾਂ ਸਾਰੇ ਦੁਖਮਈ ਸਮਾਚਾਰਾਂ ਦਾ ਪਤਾ ਮਾਤਾ ਸਾਹਿਬ ਦੇਵਾਂ ਤੇ ਮਾਤਾ ਸੁੰਦਰੀ ਜੀ ਨੂੰ ਦਿੱਲੀ ਵਿਚ ਲੱਗਾ। ਇਨ੍ਹਾਂ ਦਿਨਾਂ ਵਿਚ ਦੋਵੇਂ ਮਾਤਾਵਾਂ ਕੂਚਾ ਦਿਲਵਾਲੀ ਸਿੰਘ ਜੋ ਅਜਮੇਰੀ ਗੇਟ ਦੇ ਅੰਦਰ ਹੌਜ਼ਕਾਜ਼ੀ ਦੇ ਲਾਗੇ

ਕਰ ਕੇ ਹੀ ਹੈ, ਰਹਿ ਰਹੀਆਂ ਸਨ। ਦੋਵੇਂ ਵਿਛੋੜੇ ਦੀ ਹਾਲਤ ਵਿਚ ਕਿਵੇਂ ਸਮਾਂ ਗੁਜ਼ਾਰ ਰਹੀਆਂ ਸਨ, ਬਿਆਨ ਕਰਨਾ ਕਲਮ ਦੀ ਸਮਰੱਥਾ ਤੋਂ ਬਾਹਰ ਹੈ।

ਦਸਮ ਗੁਰੂ ਖਿਦਰਾਣੇ ਦੀ ਢਾਬ ਦੇ ਯੁੱਧ ਤੋਂ ਬਾਅਦ ਬਠਿੰਡੇ ਤੇ ਕੋਟਕਪੂਰੇ ਦੇ ਵਿਚਕਾਰ ਪੈਂਦੇ ਲੱਖੀ ਜੰਗਲ ਵਲ ਆ ਗਏ। ਇਹ ਉਂਝ ਤਾਂ ਜੰਗਲੀ ਹੁਸਨ ਨਾਲ ਭਰਪੂਰ ਸੀ, ਪਰ ਇਸ ਦਾ ਰਸਤਾ ਅਤੀ ਬਿਖੜਾ ਸੀ। ਪਰ ਗੁਰੂ-ਪਿਆਰ ਵਾਲੀਆਂ ਸੰਗਤਾਂ ਕਾਫ਼ਲਿਆਂ ਦੀ ਸ਼ਕਲ ਵਿਚ ਆਪਣੇ ਮਹਿਬੂਬ ਰਹਿਬਰ ਦੇ ਦਰਸ਼ਨ ਕਰਨ ਆਉਣ ਲੱਗ ਪਈਆਂ। ਇਸ ਥਾਂ ਦਾ ਨਾਮ ਉਦੋਂ ਸਾਬੋ ਕੀ ਤਲਵੰਡੀ ਸੀ। ਇਸੇ ਨੂੰ ਅੱਜਕਲ੍ਹ ਦਮਦਮਾ ਸਾਹਿਬ ਕਿਹਾ ਜਾਂਦਾ ਹੈ। ਗੁਰੂ ਸਾਹਿਬ ਇਥੇ ਫਿਰ ਧਰਮ-ਪ੍ਰਚਾਰ ਵਿਚ ਲੀਨ ਹੋ ਗਏ। ਇਥੇ ਹੀ ਮਾਤਾ ਸਾਹਿਬ ਦੇਵਾਂ, ਮਾਤਾ ਸੁੰਦਰੀ ਜੀ ਤੇ ਭਾਈ ਮਨੀ ਸਿੰਘ ਸਮੇਤ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਏ। ਅੱਜ ਮਿਲ ਰਹੇ ਸਨ ਗੁਰੂ-ਪਰਿਵਾਰ ਦੇ ਤਿੰਨ ਜੀਅ : ਦਸਮ ਗੁਰੂ ਤੇ ਦੋਵੇਂ ਮਾਤਾਵਾਂ। ਦਸਮ ਗੁਰੂ ਸੁਣਾ ਰਹੇ ਸਨ ਤੇ ਮਾਤਾਵਾਂ ਸੁਣ ਰਹੀਆਂ ਸਨ। ਦੋਵੇਂ ਹੀ ਪਰਿਵਾਰ ਤੇ ਸਿੱਖ-ਸੰਗਤ ਨਾਲ ਵਾਪਰੀਆਂ ਘਟਨਾਵਾਂ ਸੁਣ ਕੇ ਪਸ਼ੇਮਾਨ ਹੋਈਆਂ ਪਰ ਸਦਾ ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲੇ ਦਸਮ ਪਾਤਸ਼ਾਹ ਨੇ ਮਾਤਾਵਾਂ ਨੂੰ ਡੋਲਣ ਨਾ ਦਿੱਤਾ ਤੇ ਸਬਰ-ਸ਼ੁਕਰ ਨਾਲ ਭਾਣਾ ਮੰਨਣ ਲਈ ਕਿਹਾ। ਮਾਤਾ ਸਾਹਿਬ ਦੇਵਾਂ ਬਾਰ ਬਾਰ ਧਰਮ-ਮੂਰਤ ਮਾਤਾ ਗੁਜਰੀ ਜੀ ਨੂੰ ਸਿਮਰਦੀ, ਪਿਆਰੇ ਸਾਹਿਬਜ਼ਾਦਿਆਂ ਦੀਆਂ ਮੋਹਣੀਆਂ ਸੂਰਤਾਂ ਤੇ ਉਨ੍ਹਾਂ ਨਾਲ ਵਾਪਰੇ ਜ਼ੁਲਮ ਬਾਰੰਬਾਰ ਉਨ੍ਹਾਂ ਨੂੰ ਦ੍ਰਵਿਤ ਕਰ ਜਾਂਦੇ। ਪਰ ਪਤੀਦੇਵ ਦਾ ਹਸੂੰ ਹਸੂੰ ਕਰਦਾ ਚਿਹਰਾ ਵੇਖਦਿਆਂ ਹੀ ਮਾਤਾ ਸਾਹਿਬ ਦੇਵਾਂ ਸ਼ਾਂਤ ਹੋ ਜਾਂਦੇ। ਅੱਜਕਲ੍ਹ ਉਨ੍ਹਾਂ ਦੇ ਪਤੀ ਭਾਈ ਮਨੀ ਸਿੰਘ ਪਾਸੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾ ਰਹੇ ਸਨ। ਸ੍ਰੀ ਆਦਿ ਗ੍ਰੰਥ ਦੀ ਲਿਖਾਈ ਜਦੋਂ ਸੰਪੂਰਨ ਹੋਈ ਤਾਂ ਬਚੀਆਂ ਹੋਈਆਂ ਕਲਮਾਂ ਤੇ ਸਿਆਹੀ ਨੂੰ ਉਨ੍ਹਾਂ ਨੇ ਇਕ ਟੋਏ ਵਿਚ ਪਾਉਂਦਿਆਂ ਵਰ ਦਿੱਤਾ ਸੀ :

ਇਹ ਹੈ ਪ੍ਰਗਟ ਹਮਾਰੀ ਕਾਸ਼ੀ
ਪੜ੍ਹ ਹੈ ਇਹੈਂ ਚੌਰ ਮਤਰਾਜੀ।
ਲੇਖਕ ਗੁਨੀ ਕਵਿੰਦ ਗਿਆਨੀ
ਬੁਧਿ ਸਿੰਧੂ ਹ੍ਵੈ ਹੈਂ ਇਤ ਆਨੀ।
ਤਿਨ ਕੇ ਕਾਰਨ ਕਲਮ ਗਢ ਦੇਤ ਪ੍ਰਗਟ ਹਮ ਡਾਰ।
ਸਿੱਖ ਸਿੱਖਾਂ ਇਤ ਪੜ੍ਹੇਂਗੇ ਹਮਰੇ ਕਈ ਹਜ਼ਾਰ।

ਇਥੇ ਹੀ ਦਸਮ ਗੁਰੂ ਨੇ ਗੁਰੂ ਗ੍ਰੰਥ ਸਾਹਿਬ ਦੇ ਅਰਥ ਸਿਖਾਉਣ ਲਈ ਵਿਦਿਆਲਾ ਖੋਲ੍ਹਿਆ ਤੇ ਉਸ ਦਾ ਨਾਮ ਟਕਸਾਲ ਰੱਖਿਆ। ਇਥੇ ਹੀ ਭਾਈ ਮਨੀ ਸਿੰਘ ਜੀ ਨੇ ਪਹਿਲੀ ਵਾਰ ਦਸਮ ਗੁਰੂ ਦੀ ਹਜ਼ੂਰੀ ਵਿਚ ਗੁਰੂ ਗ੍ਰੰਥ ਸਾਹਿਬ ਦੇ ਅਰਥ ਕੀਤੇ। ਇਥੇ ਹੀ ਦਸਮ ਗੁਰੂ ਨੇ ਭਾਈ ਮਨੀ ਸਿੰਘ ਨੂੰ ਪਹਿਲੀ ਵਾਰ ਗਿਆਨੀ ਤੇ ਬਾਬਾ ਦੀਪ ਸਿੰਘ ਨੂੰ ਗ੍ਰੰਥੀ ਦੀ ਉਪਾਧੀ ਦੇ ਕੇ ਗਿਆਨੀ ਅਤੇ ਗ੍ਰੰਥੀ ਦੀਆਂ ਯੋਗਤਾਵਾਂ ਵਿਚ ਸਪੱਸ਼ਟ ਨਿਖੇੜਾ ਸਥਾਪਿਤ ਕਰ ਦਿੱਤਾ। ਗੁਰੂ ਸਾਹਿਬ ਦਮਦਮੇ ਸਾਹਿਬ ਵਿਚ ਲੱਗਭਗ ਦਸ ਕੁ ਮਹੀਨੇ ਠਹਿਰੇ ਤੇ ਇਸ ਅਰਸੇ ਦੌਰਾਨ ਦੋਵੇਂ ਮਾਤਾਵਾਂ ਵੀ ਗੁਰੂ ਸਾਹਿਬ ਜੀ ਦੇ ਪਾਸ ਰਹੀਆਂ। ਦੋਹਾ ਨੇ

ਪਤੀ ਦੀ ਸੰਗਤ ਵਿਚ ਅਧਿਆਤਮਕ ਗਿਆਨ ਦੀ ਵਿਚਾਰ ਸੁਣੀ। ਪਤੀ ਦੀ ਸੇਵਾ ਕੀਤੀ। ਪਤੀ ਦੇ ਧਾਰਮਿਕ ਆਸ਼ੇ ਨੂੰ ਸਮਝਿਆ। ਧਰਮ-ਪ੍ਰਚਾਰ ਵਿਚ ਪਤੀ ਦਾ ਸਾਥ ਦਿੱਤਾ।

ਕੁਦਰਤੀ ਗੱਲ, ਹਾਲਾਤ ਵਿਚ ਫਿਰ ਤਬਦੀਲੀ ਆਈ। ਦੱਖਣ ਵਿਚ ਹੈਦਰਾਬਾਦ ਵਿਖੇ ਔਰੰਗਜ਼ੇਬ ਦੀ ਮੌਤ ਹੋ ਗਈ। ਇੱਧਰ ਦਿੱਲੀ ਦੇ ਤਖ਼ਤ ਉੱਪਰ ਔਰੰਗਜ਼ੇਬ ਦੇ ਛੋਟੇ ਪੁੱਤਰ ਆਜ਼ਮ ਸ਼ਾਹ ਨੇ ਆਪਣੇ ਆਪ ਨੂੰ ਬਾਦਸ਼ਾਹ ਦਾ ਜਾਨਸ਼ੀਨ ਐਲਾਨ ਕਰ ਦਿੱਤਾ। ਔਰੰਗਜ਼ੇਬ ਦਾ ਵੱਡਾ ਪੁੱਤਰ ਬਹਾਦਰ ਸ਼ਾਹ ਜੋ ਤਖ਼ਤ ਦਾ ਅਸਲ ਹੱਕਦਾਰ ਸੀ, ਇਸ ਸਮੇਂ ਕਾਬਲ ਵਿਚ ਸੀ। ਉਸ ਨੇ ਨੰਦ ਲਾਲ ਦੇ ਰਾਹੀਂ ਦਸਮ ਗੁਰੂ ਦੇ ਦਰਸ਼ਨ ਕੀਤੇ ਤੇ ਦਿੱਲੀ ਦਾ ਤਖ਼ਤ ਹਾਸਲ ਕਰਨ ਲਈ ਮਦਦ ਮੰਗੀ। ਬਹਾਦਰ ਸ਼ਾਹ ਦੀ ਮਦਦ ਕਰਨ ਦੇ ਆਸ਼ੇ ਨਾਲ ਗੁਰੂ ਜੀ ਦਮਦਮਾ ਸਾਹਿਬ ਤੋਂ ਚੱਲਣ ਦੀ ਤਿਆਰੀ ਕਰਨ ਲੱਗੇ ਤਾਂ ਦੋਹਾਂ ਮਾਤਾਵਾਂ ਨੂੰ ਭਾਈ ਮਨੀ ਸਿੰਘ ਸਮੇਤ ਦਿੱਲੀ ਜਾਣ ਦਾ ਹੁਕਮ ਹੋਇਆ। ਅਜੇ ਉਨ੍ਹਾਂ ਨੂੰ ਦਿੱਲੀ ਆਇਆਂ ਥੋੜ੍ਹਾ ਹੀ ਸਮਾਂ ਹੋਇਆ ਸੀ ਕਿ ਉਨ੍ਹਾਂ ਨੂੰ ਪਤਾ ਲੱਗਾ ਕਿ ਦਸਮ ਗੁਰੂ ਦਿੱਲੀ ਵਿਚ ਸ਼ਾਹੀ ਮਹਿਮਾਨ ਬਣ ਕੇ ਆ ਰਹੇ ਹਨ। ਦੋਹਾਂ ਮਾਤਾਵਾਂ ਨੇ ਚਾਂਈਂ-ਚਾਈਂ ਦਰਸ਼ਨ ਕੀਤੇ। ਅੱਜਕਲ੍ਹ ਗੁਰੂ ਸਾਹਿਬ ਦਿੱਲੀ ਸਨ ਤੇ ਬਾਦਸ਼ਾਹ ਬਹਾਦਰ ਸ਼ਾਹ ਆਪ ਦੀ ਤਨੋਂ-ਮਨੋਂ ਸੇਵਾ ਕਰ ਰਿਹਾ ਸੀ। ਇਨ੍ਹਾਂ ਹੀ ਦਿਨਾਂ ਵਿਚ ਬਹਾਦਰ ਸ਼ਾਹ ਦੇ ਛੋਟੇ ਭਰਾ ਕਾਮਬਖ਼ਸ਼ ਨੇ ਦੱਖਣ ਵਿਚ ਬਗ਼ਾਵਤ ਕਰ ਦਿੱਤੀ। ਬਾਦਸ਼ਾਹ ਨੂੰ ਬਗ਼ਾਵਤ ਨੂੰ ਦਬਾਉਣ ਲਈ ਤੁਰੰਤ ਜਾਣਾ ਪਿਆ। ਦਿੱਲੀ ਰਹਿੰਦਿਆਂ ਬਾਦਸ਼ਾਹ ਤੇ ਦਸਮ ਪਾਤਸ਼ਾਹ ਅਕਸਰ 'ਧਰਮ' ਬਾਰੇ ਵਿਚਾਰ-ਵਟਾਂਦਰਾ ਕਰਦੇ ਰਹਿੰਦੇ ਸਨ। ਬਹਾਦਰ ਸ਼ਾਹ ਦਸਮ ਗੁਰੂ ਦੇ ਵਿਚਾਰਾਂ ਤੋਂ ਬੜਾ ਪ੍ਰਭਾਵਿਤ ਹੋਇਆ ਸੀ। ਸੋ ਦੱਖਣ ਵੱਲ ਜਾਣ ਤੋਂ ਪਹਿਲਾਂ ਉਸ ਨੇ ਦਸਮ ਗੁਰੂ ਨੂੰ ਵੀ ਨਾਲ ਹੀ ਚੱਲਣ ਲਈ ਬੇਨਤੀ ਕੀਤੀ ਤਾਂ ਕਿ 'ਧਰਮ' ਬਾਰੇ ਆਰੰਭ ਹੋਏ ਵਿਚਾਰ-ਵਟਾਂਦਰੇ ਨੂੰ ਜਾਰੀ ਰੱਖਿਆ ਜਾ ਸਕੇ। ਦਸਮ ਗੁਰੂ ਵੀ ਚਾਹੁੰਦੇ ਸਨ ਕਿ ਮੁਗ਼ਲ ਬਾਦਸ਼ਾਹ ਨੂੰ ਉਨ੍ਹਾਂ ਦੇ ਕੱਟੜ ਰਵੱਈਏ ਬਾਰੇ ਸਮਝਾਇਆ ਜਾਵੇ। ਸੋ ਉਨ੍ਹਾਂ ਬਾਦਸ਼ਾਹ ਦੀ ਬੇਨਤੀ ਮੰਨ ਕੇ ਨਾਲ ਜਾਣਾ ਸਵੀਕਾਰ ਕਰ ਲਿਆ। ਹੁਣ ਫਿਰ ਮਾਤਾਵਾਂ ਦੇ ਇਮਤਿਹਾਨ ਦੀ ਘੜੀ ਆ ਗਈ। ਮਾਤਾਵਾਂ ਵਿਛੜਨਾ ਨਹੀਂ ਸਨ ਚਾਹੁੰਦੀਆਂ। ਅਖ਼ੀਰ ਗੁਰੂ ਜੀ ਦੇ ਹੁਕਮ ਅਨੁਸਾਰ ਮਾਤਾ ਸੁੰਦਰੀ ਜੀ ਦਿੱਲੀ ਹੀ ਰਹੇ।

6

ਪ੍ਰੇਮ ਅੱਗੇ ਨੇਮ ਨਹੀਂ ਚੱਲਦਾ। ਮਾਤਾ ਸਾਹਿਬ ਕੌਰ ਦੀ ਤੀਬਰ ਪ੍ਰੇਮ ਭਾਵਨਾ ਅੱਗੇ ਦਸਮ ਗੁਰੂ ਨੇ ਆਪਣਾ ਹੁਕਮ ਮੋੜ ਲਿਆ ਤੇ ਮਾਤਾ ਸਾਹਿਬ ਦੇਵਾਂ ਗੁਰੂ ਜੀ ਨਾਲ ਦੱਖਣ ਵੱਲ ਚਲ ਪਏ। ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਮਾਤਾ ਸਾਹਿਬ ਕੌਰ ਤੇ ਭਾਈ ਸਾਹਿਬ ਸਿੰਘ ਵੀ ਸੇਵਾ ਕਰਦੇ ਸਨ। ਦਸਮ ਗੁਰੂ ਦੇ ਇਤਿਹਾਸ ਵਿਚ ਇਹ ਮੁਖੀ ਸਿੱਖਾਂ ਵਿਚੋਂ ਇਕ ਸਨ। ਇਸ ਸਫ਼ਰ ਵਿਚ ਉਹ ਦਸਮ ਗੁਰੂ ਦੇ ਹੋਰ ਸਿੱਖਾਂ ਨਾਲ ਦੱਖਣ ਵੱਲ ਆ ਰਹੇ ਸਨ। ਇਤਿਹਾਸਕਾਰਾਂ ਨੇ ਥੋੜ੍ਹੇ-ਬਹੁਤ ਫ਼ਰਕ ਨਾਲ ਦਸਮ ਗੁਰੂ ਦੇ ਸਫ਼ਰ ਬਾਰੇ ਲਿਖਿਆ ਹੈ ਕਿ ਉਹ ਦਿੱਲੀ ਤੋਂ ਬ੍ਰਿਜ ਭੂਮੀ ਅਥਵਾ ਬ੍ਰਿੰਦਾਬਨ ਤੇ ਮਥਰਾ ਵਲੋਂ ਹੁੰਦੇ ਹੋਏ ਰਾਜਸਥਾਨ ਦੇ ਚਿਤੌੜ, ਜੈਪੁਰ ਤੋਂ ਹੁੰਦੇ ਹੋਏ, ਉਜੈਨ, ਅਜਮੇਰ, ਬੁਰਹਾਨਪੁਰ, ਨਾਗਪੁਰ,

ਅਮਰਾਵਤੀ, ਚਿੰਗੋਲੀ ਤੋਂ ਨੰਦੇੜ ਪੁੱਜੇ ਸਨ। ਨੰਦੇੜ ਵਿਚ ਉਹ ਪਹਿਲਾਂ ਗੋਦਾਵਰੀ ਨਦੀ ਦੇ ਕੰਢੇ ਗੁਰਦੁਆਰਾ ਹੀਰਾ ਘਾਟ ਠਹਿਰੇ। ਮਾਤਾ ਸਾਹਿਬ ਦੇਵਾਂ ਦਾ ਅਸਲ ਗੁਰਦੁਆਰਾ ਗੋਦਾਵਰੀ ਦੇ ਕੰਢੇ ਹੀ ਹੈ। ਦਸਮ ਗੁਰੂ ਜੀ ਸਮੇਂ ਅਨੁਸਾਰ ਵੱਖ-ਵੱਖ ਥਾਵਾਂ ਉਤੇ ਜਾਂਦੇ ਰਹੇ ਪਰ ਮਾਤਾ ਜੀ ਦਾ ਡੇਰਾ ਇਥੇ ਹੀ ਰਿਹਾ। ਮਾਤਾ ਸਾਹਿਬ ਦੇਵਾਂ ਦੇ ਨਾਲ ਦਿੱਲੀਓਂ ਹੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਜੋ ਉਸ ਵੇਲੇ ਬਾਲਕ ਹੀ ਸੀ, ਆਪਣੀ ਮਾਤਾ ਸਮੇਤ ਨੰਦੇੜ ਆਇਆ ਸੀ। ਇਹ ਦੋਵੇਂ ਮਾਂ-ਪੁੱਤਰ ਦੁਤਾਰੇ ਨਾਲ ਕੀਰਤਨ ਕਰਦੇ ਸਨ ਕਿ ਸੁਣਨ ਵਾਲੇ ਇਨ੍ਹਾਂ ਦੀ ਰਸੀਲੀ ਆਵਾਜ਼ ਉੱਪਰ ਮੁਗਧ ਹੋ ਕੇ ਝੂਮਣ ਲੱਗ ਪੈਂਦੇ ਸਨ। ਮਾਤਾ ਜੀ ਦੇ ਡੇਰੇ ਉਤੇ ਸਤਿਸੰਗ ਦਾ ਪ੍ਰਵਾਹ ਹਮੇਸ਼ਾ ਚੱਲਦਾ ਰਹਿੰਦਾ। ਦਸਮ ਗੁਰੂ ਬਾਹਰਲੀਆਂ ਸੰਗਤਾਂ ਨੂੰ ਨਿਹਾਲ ਕਰ ਕੇ ਇਕ ਵਾਰ ਮਾਤਾ ਸਾਹਿਬ ਕੌਰ ਦੇ ਡੇਰੇ ਜ਼ਰੂਰ ਆਉਂਦੇ ਤੇ ਦਰਸ਼ਨ ਦੇ ਕੇ ਆਪ ਵੀ ਲੰਗਰ ਛਕਦੇ। ਇਸ ਡੇਰੇ ਦਾ ਸਾਰਾ ਪ੍ਰਬੰਧ ਭਾਈ ਸਾਹਿਬ ਸਿੰਘ ਹੋਰੀਂ ਕਰਦੇ। ਅੱਜਕਲ੍ਹ ਇਸ ਡੇਰੇ ਦਾ ਪ੍ਰਬੰਧ ਨਿਹੰਗ ਸਿੰਘ ਕਰਦੇ ਹਨ ਤੇ ਇਥੇ ਹਮੇਸ਼ਾ ਹੀ ਅਤੁੱਟ ਲੰਗਰ ਵਰਤਦਾ ਰਹਿੰਦਾ ਹੈ। ਗੁਰੂ ਜੀ ਦੇ ਹੁਕਮ ਅਨੁਸਾਰ ਮਾਤਾ ਜੀ ਇਥੇ ਲੱਗਭਗ ਨੌਂ ਮਹੀਨੇ ਰਹਿ ਕੇ ਵਾਪਸ ਦਿੱਲੀ ਪਰਤ ਆਏ। ਇਨ੍ਹਾਂ ਦੇ ਨਾਲ ਹੀ ਬਾਲਕ ਜੱਸਾ ਸਿੰਘ ਆਹਲੂਵਾਲੀਆ ਤੇ ਉਸ ਦੀ ਮਾਤਾ ਵੀ ਆ ਗਈ। ਮਾਤਾ ਸਾਹਿਬ ਦੇਵਾਂ ਨੇ ਦਸਮ ਗੁਰੂ ਅੱਗੇ ਬੜੀਆਂ ਬੇਨਤੀਆਂ ਕੀਤੀਆਂ ਸਨ ਕਿ ਉਨ੍ਹਾਂ ਨੂੰ ਨੰਦੇੜ ਹੀ ਰਹਿਣ ਦਿੱਤਾ ਜਾਵੇ। ਪਰ ਦਸਮ ਗੁਰੂ ਨੇ ਅਖ਼ੀਰ ਉਨ੍ਹਾਂ ਪਾਸੋਂ ਆਪਣਾ ਬਚਨ ਮੰਨਵਾ ਹੀ ਲਿਆ। ਭਾਵੇਂ ਉਹ ਗੁਰੂ ਜੀ ਤੋਂ ਵਿਛੜਨਾ ਮੰਨ ਗਏ ਸਨ ਪਰ ਸੁਰਤ ਹਮੇਸ਼ਾ ਹੀ ਪਤੀ ਦੇ ਨਾਲ ਜੁੜੀ ਰਹਿੰਦੀ ਸੀ। ਵਿਛੜਨ ਤੋਂ ਪਹਿਲਾਂ ਮਾਤਾ ਜੀ ਨੇ ਹੱਥ ਜੋੜ ਕੇ ਕਿਹਾ, "ਤੁਹਾਡੇ ਦਰਸ਼ਨ ਕਰਨ ਤੋਂ ਬਿਨਾਂ ਤਾਂ ਮੈਂ ਅੰਨ-ਜਲ ਮੂੰਹ ਨਹੀਂ ਸੀ ਲਾਇਆ। ਹੁਣ ਕੀ ਕਰਾਂਗੀ ?" ਸਤਿਗੁਰੂ ਮੁਸਕਰਾਏ ਤੇ ਕਹਿਣ ਲੱਗੇ, "ਇਸ ਗੱਲ ਦਾ ਹੱਲ ਲੱਭ ਲੈਂਦੇ ਹਾਂ। ਇਹ ਲਵੋ ਪੰਜ ਸ਼ਸਤਰ, ਇਨ੍ਹਾਂ ਨੂੰ ਪਲੰਘ ਉੱਪਰ ਸਜਾ ਕੇ ਰੱਖਣਾ। ਨਿੱਤਨੇਮ ਕਰਨ ਤੋਂ ਬਾਅਦ ਇਨ੍ਹਾਂ ਦਾ ਧਿਆਨ ਧਰਨਾ, ਸਾਡੇ ਪ੍ਰਤੱਖ ਦਰਸ਼ਨ ਹੋਇਆ ਕਰਨਗੇ।" ਇਹ ਸ਼ਸਤਰ ਸਨ : ਦੋ ਤਲਵਾਰਾਂ, ਦੋ ਖੰਡੇ ਤੇ ਇਕ ਮੁੱਠ ਵਾਲੀ ਕਿਰਪਾਨ। ਅਖ਼ੀਰ ਰੱਬੀ ਰਜ਼ਾ ਨੂੰ ਮੰਨਣ ਵਾਲੀ ਮਾਤਾ ਸਾਹਿਬ ਕੌਰ, ਮਾਤਾ ਸੁੰਦਰੀ ਜੀ ਕੋਲ ਰਹਿਣ ਲਈ ਦਿੱਲੀ ਰਵਾਨਾ ਹੋਏ। ਇਸ ਸਮੇਂ ਭਾਈ ਰਾਮ ਸਿੰਘ ਕੁਇਰ, ਗੁਰਬਖਸ਼ ਸਿੰਘ ਤੇ ਮਾਮਾ ਸਾਹਿਬ ਸਿੰਘ ਵੀ ਮਾਤਾ ਸਾਹਿਬ ਦੇਵਾਂ ਨੇ ਨਾਲ ਦਿੱਲੀ ਵੱਲ ਆਏ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਦੋ ਪਾਲਕੀਆਂ ਤਿਆਰ ਕੀਤੀਆਂ ਗਈਆਂ। ਪਹਿਲੀ ਵਿਚ ਸ਼ਸਤਰ ਰੱਖੇ ਗਏ ਤੇ ਦੂਸਰੀ ਵਿਚ ਮਾਤਾ ਸਾਹਿਬ ਦੇਵਾਂ ਜੀ ਸਵਾਰ ਹੋਏ। ਅੱਗੇ-ਅੱਗੇ ਸ਼ਸਤਰਾਂ ਦੀ ਪਾਲਕੀ ਸੀ ਤੇ ਪਿੱਛੇ-ਪਿੱਛੇ ਮਾਤਾ ਜੀ ਦੀ। ਇਹ ਕਹਾਰ ਸਿੱਖਾਂ ਨੇ ਵਾਰੋ-ਵਾਰੀ ਚੁੱਕਣੀਆਂ ਸਨ। ਇਹ ਘਟਨਾ ਸੰਨ 1708 ਈਸਵੀ ਦੀ ਹੈ। ਤੁਰਨ ਤੋਂ ਪਹਿਲਾਂ ਮਾਤਾ ਜੀ ਨੇ ਪਤੀ ਅੱਗੇ ਅਰਦਾਸ ਕੀਤੀ ਤੇ ਸਾਰਾ ਕਾਫ਼ਲਾ ਹੁਕਮ ਅਨੁਸਾਰ ਰਵਾਨਾ ਹੋ ਗਿਆ। ਹੁਣ ਕਾਫ਼ਲਾ ਰਾਹ ਵਿਚ ਕਈ ਥਾਈਂ ਰੁਕਿਆ। ਸੰਗਤਾਂ ਹੁਮ-ਹੁਮਾ ਕੇ ਦਰਸ਼ਨਾਂ ਨੂੰ ਆਉਂਦੀਆਂ। ਕਰਦਿਆਂ-ਕਰਾਂਦਿਆਂ ਇਹ ਕਾਫ਼ਲਾ ਦਿੱਲੀ ਦੇ ਨੇੜੇ ਪੁੱਜਾ। ਮਾਤਾ ਸੁੰਦਰੀ ਜੀ ਨੂੰ ਪਤਾ ਲੱਗਾ ਤਾਂ ਉਹ ਦਿੱਲੀ ਦੀ ਸੰਗਤ ਨਾਲ ਲੈ ਕੇ ਅੱਗੋਂ ਲੈਣ ਲਈ

ਆਏ । ਦੋਵੇਂ ਭੈਣਾਂ ਬੜੇ ਪਿਆਰ ਨਾਲ ਮਿਲੀਆਂ, ਬੜੇ ਅਦਬ ਨਾਲ ਸਾਰੀ ਸੰਗਤ ਮਾਤਾ ਸੁੰਦਰੀ ਜੀ ਦੇ ਨਿਵਾਸ ਅਸਥਾਨ ਉੱਪਰ ਪੁੱਜ ਗਈ । ਹੁਣ ਮਾਤਾ ਸੁੰਦਰੀ ਜੀ ਹਾਲ ਸੁਣ ਰਹੇ ਸਨ ਤੇ ਮਾਤਾ ਸਾਹਿਬ ਦੇਵਾਂ ਗੁਰੂ ਸਾਹਿਬ ਦੇ ਅਨੇਕਾਂ ਕੌਤਕ ਸੁਣਾ ਰਹੇ ਸਨ । ਸੰਗਤ ਸੁਣ-ਸੁਣ ਕੇ ਬਲਿਹਾਰ ਜਾ ਰਹੀ ਸੀ । ਹੁਣ ਸੰਗਤਾਂ ਦਾ ਗੜ੍ਹ ਦਿੱਲੀ ਬਣ ਗਿਆ । ਸਭ ਲੋਕ ਦਿੱਲੀ ਮਾਤਾਵਾਂ ਕੋਲ ਸ਼ਰਧਾ ਨਾਲ ਆਉਂਦੇ, ਗੁਰੂ ਜੀ ਦੇ ਹਾਲ-ਪ੍ਰਸੰਗ ਸੁਣਦੇ । ਅਖ਼ੀਰ ਉਹ ਦਿਨ ਵੀ ਆਇਆ ਜਦੋਂ ਦੋਹਾਂ ਮਾਤਾਵਾਂ ਨੂੰ ਗੁਰੂ ਸਾਹਿਬ ਦੇ ਅਕਾਲ ਚਲਾਣੇ ਦੀ ਖ਼ਬਰ ਸੁਣਨ ਨੂੰ ਮਿਲੀ । ਦੋਵੇਂ ਦਿਲਕੰਬਾਊ ਖ਼ਬਰ ਸੁਣ ਕੇ ਬਹੁਤ ਬਿਹਬਲ ਹੋਈਆਂ । ਪਰ ਫਿਰ ਹੁਕਮ ਵਿਚ ਰਹਿ ਕੇ ਪਾਠ-ਸਿਮਰਨ ਵਿਚ ਜੁੜਨ ਲੱਗੀਆਂ ।

7

ਗੁਰੂ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਮਾਤਾ ਸਾਹਿਬ ਦੇਵਾਂ ਬਹੁਤ ਹੀ ਵੈਰਾਗਣ ਹੋ ਗਏ । ਪਰ ਮਾਤਾ ਸੁੰਦਰੀ ਜੀ ਦੇ ਹੌਂਸਲੇ ਤੇ ਦਿਲਾਸੇ ਨਾਲ ਉਹ ਵੀ ਦਸਮ ਗੁਰੂ ਦੀ ਬਾਣੀ ਦੇ ਸੰਪਾਦਨ-ਕਾਰਜ ਵਿਚ ਜੁਟ ਗਏ । ਭਾਈ ਮਨੀ ਸਿੰਘ ਜੀ ਨੂੰ ਜੋ ਵੀ ਦਸਮ ਗੁਰੂ ਜੀ ਦੀ ਬਾਣੀ ਦਾ ਪਾਠ ਕਿਧਰੇ ਪ੍ਰਾਪਤ ਹੁੰਦਾ ਸੀ, ਉਹ ਮਾਤਾਵਾਂ ਪਾਸ ਦਿੱਲੀ ਭੇਜ ਦੇਂਦੇ ਸਨ । ਮਾਤਾਵਾਂ ਅੱਗੇ ਉਨ੍ਹਾਂ ਦੇ ਉਤਾਰੇ ਕਰਵਾ ਕੇ ਬਾਣੀ ਇਕੱਤਰ ਕਰ ਰਹੀਆਂ ਸਨ । ਮਾਤਾ ਸਾਹਿਬ ਕੌਰ ਬੜੀ ਲਗਨ ਨਾਲ ਇਹ ਕਾਰਜ ਕਰਨ ਲੱਗੇ ।

ਮਾਤਾ ਜੀ ਜਦੋਂ ਨੰਦੇੜ ਤੋਂ ਦਿੱਲੀ ਵੱਲ ਰਵਾਨਾ ਹੋਏ ਤਾਂ ਦਸਮ ਗੁਰੂ ਨੇ ਜਿਥੇ ਇਨ੍ਹਾਂ ਨੂੰ ਪੰਜ ਸ਼ਸਤਰ ਦਿੱਤੇ ਸਨ, ਉਥੇ ਆਪਣੀ ਮੋਹਰ ਵੀ ਦਿੱਤੀ ਸੀ ਤੇ ਨਾਲ ਹੀ ਬਚਨ ਕੀਤਾ ਸੀ ਆਪਣੇ ਹੁਕਮਨਾਮਿਆਂ ਉਤੇ ਇਹ ਮੋਹਰ ਲਾਇਆ ਕਰਨੀ । ਸਿੱਖ-ਸੰਗਤ ਤੁਹਾਡਾ ਅਦਬ-ਸਤਿਕਾਰ ਸਾਡੇ ਵਾਂਗ ਹੀ ਕਰੇਗੀ । ਇਥੇ ਮਾਤਾ ਜੀ ਦੇ ਹੁਕਮਨਾਮਿਆਂ ਬਾਰੇ ਵਿਚਾਰ ਕਰ ਲੈਣੀ ਉਚਿਤ ਰਹੇਗੀ । ਮਾਤਾ ਜੀ ਆਪਣੇ ਹੁਕਮਨਾਮਿਆਂ ਵਿਚ ਇਸ ਮੋਹਰ ਦੀ ਵਰਤੋਂ ਕਰਦੇ ਰਹੇ ਹਨ । ਸ਼ਮਸ਼ੇਰ ਸਿੰਘ ਅਸ਼ੋਕ ਨੇ ਆਪਣੀ ਪੁਸਤਕ 'ਹੁਕਮਨਾਮੇ' ਵਿਚ ਮਾਤਾ ਜੀ ਦੇ ਅੱਠ ਹੁਕਮਨਾਮੇ ਅੰਕਿਤ ਕੀਤੇ ਹਨ । ਇਨ੍ਹਾਂ ਵਿਚੋਂ ਚਾਰ ਹੁਕਮਨਾਮੇ ਲੰਗਰ ਲਈ ਫਰਮਾਇਸ਼ ਵਜੋਂ ਹਨ ਕਿ ਹੁਕਮਨਾਮੇ ਵੇਖਦੇ ਸਾਰ ਮਾਇਆ ਹੁੰਡੀ ਕਰਵਾ ਕੇ ਭੇਜੀ ਜਾਵੇ । ਦੋ ਹੁਕਮਨਾਮੇ ਮਾਇਆ ਦੀ ਪਹੁੰਚ ਵਜੋਂ ਹਨ । ਇਕ ਵਿਚ ਪੰਜ ਰੁਪਏ ਦੀ ਪਹੁੰਚ ਹੈ ਤੇ ਦੂਜੇ ਵਿਚ ਚੌਦ੍ਹਾਂ ਰੁਪਏ ਦੀ । ਇਹ ਹੁਕਮਨਾਮੇ ਅਸੀਸਾਂ ਨਾਲ ਭਰੇ ਪਏ ਹਨ । ਅਖ਼ੀਰਲੇ ਦੋ ਹੁਕਮਨਾਮਿਆਂ ਵਿਚ ਫਰਮਾਇਸ਼ ਪਾਈ ਗਈ ਹੈ । ਇਕ ਵਿਚ 11 ਰੁਪਏ ਲੰਗਰ ਲਈ ਭੇਜਣੇ ਤੇ ਦੂਜੇ ਵਿਚ ਪਟਣ ਸ਼ੇਖ਼ ਫ਼ਰੀਦ ਵਿਚ ਇਕ ਚੰਗਾ ਜਿਹਾ ਖੂਹ ਬਣਵਾ ਦੇਣਾ । ਕੁਲ ਮਿਲਾ ਕੇ, ਅੱਠ ਦੇ ਅੱਠ ਹੁਕਮਨਾਮੇ ਗੁਰੂ-ਘਰ ਦੀ ਸੇਵਾ ਲਈ ਹੀ ਪ੍ਰੇਰਦੇ ਹਨ । ਜੇ ਖੂਹ ਲੁਆਉਣਾ ਸੀ ਤਾਂ ਵੀ ਪੁੰਨ ਦਾ ਹੀ ਕੰਮ ਸੀ । ਇਨ੍ਹਾਂ ਸਾਰਿਆਂ ਹੁਕਮਨਾਮਿਆਂ ਵਿਚਲੀ ਟੋਨ ਪ੍ਰਸੰਸਾਤਮਕ ਹੈ । ਮਾਤਾਵਾਂ ਸਿੱਖ-ਸੰਗਤ ਦੀ ਪ੍ਰਸੰਸਾ ਕਰਦੀਆਂ ਸਨ । ਉਨ੍ਹਾਂ ਨੂੰ ਭੇਜੀ ਮਾਇਆ ਦੀ ਪਹੁੰਚ ਭੇਜਣ ਵੇਲੇ ਅਸੀਸਾਂ ਦੇਂਦੀਆਂ ਸਨ ਤੇ ਏਹੀ ਕਾਰਨ ਹੈ ਕਿ ਸਿੱਖ-ਸੰਗਤ ਮਾਤਾਵਾਂ ਉੱਪਰ ਸ਼ਰਧਾ ਰੱਖਦੀਆਂ ਸਨ ਤੇ ਯਥਾਯੋਗ ਸੇਵਾ ਕਰਦੀਆਂ ਸਨ ।

8

ਨਵੀਂ ਖੋਜ ਅਨੁਸਾਰ ਮਾਤਾ ਸਾਹਿਬ ਦੇਵਾਂ ਨੇ ਲਗਭਗ 65 ਕੁ ਸਾਲ ਆਰਜਾ ਭੋਗੀ ਤੇ ਮਾਤਾ ਜੀ ਦੇ ਜੀਵਨ ਦੀ ਸੰਖੇਪ ਸੂਚੀ ਇਸ ਪ੍ਰਕਾਰ ਹੈ :

ਜਨਮ : ਸੰਮਤ 1738 ਬਿਕ੍ਰਮੀ
ਅਨੰਦ ਕਾਰਜ : ਸੰਮਤ 1757 ਬਿਕ੍ਰਮੀ
ਅਕਾਲ ਚਲਾਣਾ : ਸੰਮਤ 1804 ਬਿਕ੍ਰਮੀ

ਮਾਤਾ ਸਾਹਿਬ ਕੌਰ ਨੇ ਅਕਾਲ ਚਲਾਣੇ ਤੋਂ ਪਹਿਲਾਂ ਦਸਮ ਗੁਰੂ ਪਾਸੋਂ ਲਿਆਂਦੇ ਸ਼ਸਤਰਾਂ ਦੀ ਸੌਂਪਣਾ ਮਾਤਾ ਸੁੰਦਰੀ ਜੀ ਨੂੰ ਕੀਤੀ । ਅਧਿਆਤਮ ਮਾਰਗ ਉੱਪਰ ਤੁਰਨ ਵਾਲੇ ਜੀਵ ਆਪਣੇ ਅੰਤ ਸਮੇਂ ਦਾ ਅਹਿਸਾਸ ਕਰ ਲੈਂਦੇ ਹਨ । ਅੱਜ ਅਚਾਨਕ ਮਾਤਾ ਸਾਹਿਬ ਕੌਰ ਨੇ ਮਾਤਾ ਸੁੰਦਰੀ ਜੀ ਨੂੰ ਕਿਹਾ ਕਿ ਮੇਰਾ ਅੰਤ ਸਮਾਂ ਆ ਗਿਆ ਹੈ । ਮਾਤਾ ਸੁੰਦਰੀ ਜੀ ਵੈਰਾਗੀ ਹੋ ਕੇ ਉਨ੍ਹਾਂ ਨੂੰ ਗਹੁ ਨਾਲ ਨਿਹਾਰਨ ਲੱਗ ਪਏ । ਮਾਤਾ ਸਾਹਿਬ ਦੇਵਾਂ ਇਸ ਵੇਲੇ ਅਤਿਅੰਤ ਸਹਿਜ ਵਿਚ ਸਨ, ਸ਼ਾਂਤ ਚਿੱਤ ਕੋਈ ਅਲੌਕਿਕ ਖੇੜਾ ਉਨ੍ਹਾਂ ਦੇ ਚਿਹਰੇ ਉੱਪਰ ਸੀ । ਧਰਤੀ ਉਪਰ ਆਸਣ ਵਿਛਾਇਆ ਗਿਆ । ਉਹ ਬੜੀ ਸਹਿਜ ਨਾਲ ਆਸਣ ਉਪਰ ਬੈਠ ਕੇ ਪਾਠ ਕਰਨ ਲੱਗ ਪਏ । ਕੁਝ ਪਲ ਪਾਠ ਕਰ ਕੇ ਪਰਮ ਪਰਮੇਸ਼ਵਰ ਅੱਗੇ ਮੱਥਾ ਟੇਕਿਆ ਤੇ ਬੜੇ ਠਰ੍ਹੰਮੇ ਨਾਲ ਉੱਪਰ ਚਾਦਰ ਲੈ ਕੇ ਲੰਮੇ ਪੈ ਗਏ । ਇਸ ਵੇਲੇ ਉਨ੍ਹਾਂ ਦੀ ਸੁਰਤ ਪਤੀ ਪਰਮੇਸ਼ਵਰ ਦੇ ਚਰਨਾਂ ਨਾਲ ਜੁੜੀ ਹੋਈ ਸੀ ਤੇ ਰਸਨਾ ਸਿਮਰਨ ਨਾਲ । ਪਲ ਭਰ ਬਾਅਦ ਮਾਤਾ ਸੁੰਦਰੀ ਜੀ ਨੂੰ ਅਹਿਸਾਸ ਹੋਇਆ ਕਿ ਸਾਹਿਬ ਦੇਵਾਂ ਜੀ ਤਾਂ ਸਰੀਰ ਤਿਆਗ ਕੇ ਗੁਰਪੁਰੀ ਨੂੰ ਸਿਧਾਰ ਗਏ ਹਨ । ਅੱਜ ਮਾਂ ਸੁੰਦਰੀ ਗੁਰੂ-ਪਰਿਵਾਰ ਵਿਚੋਂ ਇਕੱਲੇ ਹੀ ਰਹਿ ਗਏ ਸਨ ।

ਉਨ੍ਹਾਂ ਨੇ ਸੇਵਕਾਂ ਨੂੰ ਹੁਕਮ ਦਿੱਤਾ ਕਿ ਮਾਤਾ ਜੀ ਦੇ ਸਸਕਾਰ ਦੀ ਸਮੱਗਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਦੇਹੁਰੇ ਬਾਲਾ ਸਾਹਿਬ ਲਿਜਾ ਕੇ ਚਿਖਾ ਤਿਆਰ ਕਰੋ । ਇੱਧਰ ਮਾਤਾ ਸੁੰਦਰੀ ਜੀ ਨੇ ਆਪਣੀ ਭੈਣ ਨੂੰ ਅੰਤਿਮ ਇਸ਼ਨਾਨ ਕਰਵਾ ਕੇ ਸਫੈਦ ਕੱਪੜੇ ਪੁਆ ਕੇ ਸਜੇ ਹੋਏ ਬਿਬਾਣ ਵਿਚ ਬਿਰਾਜਮਾਨ ਕਰਵਾਇਆ । ਸਾਰੀ ਸੰਗਤ ਅੱਗੇ-ਅੱਗੇ ਸ਼ਬਦ ਪੜ੍ਹਦੀ ਜਾ ਰਹੀ ਸੀ ਤੇ ਪਿੱਛੇ-ਪਿੱਛੇ ਮਾਤਾ ਜੀ ਬਿਬਾਣ ਸ਼ਰਧਾਵਾਨ ਵਾਰੀ-ਵਾਰੀ ਚੁੱਕ ਕੇ ਲੈ ਜਾ ਰਹੇ ਸਨ । ਅੱਜ ਮਾਤਾ ਸੁੰਦਰੀ ਜੀ ਨੇ ਆਪਣੇ ਪਰਿਵਾਰ ਦੇ ਅੰਤਿਮ ਜੀਅ ਦਾ ਆਪਣੇ ਹੱਥੀਂ ਸਸਕਾਰ ਕੀਤਾ । ਦਿੱਲੀ ਦੇ ਅਨੇਕ ਨਿਵਾਸੀ, ਬਾਲ,. ਬਿਰਧ, ਬੱਚੇ ਇਸ ਮੌਕੇ ਉੱਪਰ ਮੌਜੂਦ ਸਨ । ਸਭ ਦੀਆਂ ਅੱਖਾਂ ਵਿਚ ਪਾਣੀ ਛਲਕ ਆਇਆ । ਅੱਜ ਪਿਆਰ-ਮੂਰਤ, ਧਰਮ-ਮੂਰਤ ਸਾਹਿਬ ਕੌਰ ਪਤੀ ਦੇ ਚਰਨਾਂ ਵਿਚ ਜਾ ਬਿਰਾਜੀ । ਇਹ ਵਾਕਿਆ ਸੰਮਤ 1804 ਬਿਕ੍ਰਮੀ ਦਾ ਹੈ ।

ਅੱਜ ਵੀ ਮਾਤਾ ਜੀ ਦੀ ਸਮਾਧ ਦਿੱਲੀ, ਗੁਰਦੁਆਰਾ ਬਾਲਾ ਸਾਹਿਬ ਵਿਚ ਮੌਜੂਦ ਹੈ । ਖਾਲਸੇ ਦੀ ਮਾਤਾ ਦਾ ਅੰਤਿਮ ਸਸਕਾਰ ਬੜੇ ਅਦਬ-ਮਾਣ ਨਾਲ ਹੋਇਆ ।

ਗੁਰੂ ਸਾਹਿਬਾਨ ਦੀਆਂ ਪੁੱਤਰੀਆਂ

ਗੁਰੂ-ਪੁੱਤਰੀਆਂ ਦਾ ਰੋਲ ਲਿਖਣ ਲੱਗਿਆਂ ਸਹਿਵਨ ਹੀ ਸਿੱਖ ਇਤਿਹਾਸ ਦੇ ਪੰਨਿਆਂ ਵੱਲ ਨਜ਼ਰ ਦੌੜਾਈ ਤਾਂ ਮੈਨੂੰ ਆਪਣਾ ਪਹਿਲਾ ਕਥਨ ਪੇਤਲਾ ਲੱਗਣ ਲੱਗ ਪਿਆ । ਹੁਣ ਤਕ ਤਾਂ ਮੈਂ ਇਹੋ ਕਹਿੰਦੀ ਰਹੀ ਹਾਂ ਕਿ ਸਿੱਖ-ਇਤਿਹਾਸ ਨਾਰੀ-ਸੰਸਾਰ ਪ੍ਰਤੀ ਲੱਗਭਗ ਖ਼ਾਮੋਸ਼ ਹੀ ਰਿਹਾ ਹੈ । ਨਾਰੀ ਚਾਹੇ ਮਾਂ ਸੀ, ਭੈਣ ਸੀ, ਪੁੱਤਰੀ ਸੀ ਜਾਂ ਪਤਨੀ, ਇਸ ਦੀ ਗਣਨਾ ਦੁਜੈਲੀ ਹੀ ਰਹੀ ਤੇ ਪ੍ਰਥਮ ਸਥਾਨ ਪੁਰਸ਼ ਨੂੰ ਹੀ ਪ੍ਰਾਪਤ ਰਿਹਾ ਹੈ । ਮੇਰੀ ਹੈਰਤ ਦੀ ਹੱਦ ਨਾ ਰਹੀ । ਭਾਈ ਮਤੀ ਦਾਸ ਬਾਰੇ ਵੀ ਉਹੋ ਜੇਹੀ ਸਥਿਤੀ ਸੀ । ਭਾਈ ਮਤੀਦਾਸ ਦਾ ਜ਼ਿਕਰ ਸ਼ਹੀਦੀ ਘਟਨਾ ਵਿਚ ਤਾਂ ਹੋਇਆ ਹੈ । ਉਂਝ ਉਨ੍ਹਾਂ ਦਾ ਜਨਮ, ਬਚਪਨ, ਵਿਦਿਆ ਤੇ ਪਰਿਵਾਰ ਆਦਿ ਬਾਰੇ ਵੇਰਵੇ ਨਾਮ ਮਾਤਰ ਹੀ ਪ੍ਰਾਪਤ ਹਨ । ਭਾਈ ਮਤੀਦਾਸ ਦੀ ਘਾਲਣਾ ਛੋਟੀ ਨਹੀਂ । ਗੁਰੂ ਦੇ ਸਿੱਖਾਂ ਵਿਚੋਂ ਉਹ ਪ੍ਰਥਮ ਸ਼ਹੀਦ ਹੈ । ਉਂਝ ਤਾਂ ਸ਼ਹੀਦੀ ਪਰੰਪਰਾ ਦੀ ਸ਼ੁਰੂਆਤ ਗੁਰੂ ਸਾਹਿਬਾਨ ਨੇ ਖ਼ੁਦ ਆਪ ਹੀ ਕੀਤੀ ਸੀ । ਜਿਥੇ ਗੁਰੂ ਸਾਹਿਬਾਨ ਵਿਚ ਗੁਰੂ ਅਰਜਨ ਦੇਵ ਜੀ ਸਰਬ ਪ੍ਰਥਮ ਸ਼ਹੀਦ ਹਨ । ਠੀਕ, ਉਸੇ ਤਰ੍ਹਾਂ ਗੁਰੂ ਸਾਹਿਬਾਨ ਦੇ ਪੈਰੋਕਾਰ ਸਿੱਖਾਂ ਵਿਚੋਂ ਭਾਈ ਮਤੀਦਾਸ ਜੀ ਅੱਵਲ ਨੰਬਰ 'ਤੇ ਆਉਂਦੇ ਹਨ । ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਉਨ੍ਹਾਂ ਬਾਰੇ ਵੀ ਇਤਿਹਾਸਕ ਸਮੱਗਰੀ ਪ੍ਰਾਪਤ ਨਹੀਂ ਹੁੰਦੀ ਸਿਵਾਇ ਇਸ ਸ਼ਹੀਦੀ ਘਟਨਾ ਦੇ ਬਾਰੇ । ਇਸੇ ਤੋਂ ਇਹ ਟੁਹ ਵੀ ਪ੍ਰਾਪਤ ਹੁੰਦੀ ਹੈ ਕਿ ਇਕ ਪਾਸੇ ਸਿੱਖ ਇਤਿਹਾਸਕ ਸੋਮੇ ਠੀਕ ਤਰ੍ਹਾਂ ਰਿਕਾਰਡ ਨਹੀਂ ਹੋ ਸਕੇ । ਦੂਜੇ ਪਾਸੇ, ਮੁਗਲ ਬਾਦਸ਼ਾਹੀ ਸੀ । ਇਕ ਪਾਸੇ ਸ਼ਾਂਤ ਅਧਿਆਤਮਕ ਲਹਿਰ ਸੀ । ਤੀਜੇ ਪਾਸੇ, ਜ਼ੋਰ-ਜ਼ੁਲਮ ਦਾ ਬੋਲਬਾਲਾ ਸੀ । ਪ੍ਰਮਾਣਿਕ ਇਤਿਹਾਸਕਾਰੀ ਲਈ ਸਹੀ ਪ੍ਰਸਥਿਤੀਆਂ ਦੀ ਸਦਾ ਲੋੜ ਰਹੀ ਹੈ । ਇਹੋ ਕਾਰਣ ਹੈ, ਸਿੱਖ ਇਤਿਹਾਸ ਵਿਚ ਮੋਟੇ-ਮੋਟੇ ਵੇਰਵੇ ਤਾਂ ਮੌਜੂਦ ਹਨ, ਪੂਰੀ ਇਤਿਹਾਸਕ ਸਾਮੱਗਰੀ ਉਪਲਬਧ ਨਹੀਂ ।

ਜ਼ਾਹਿਰ ਹੈ, ਇਸ ਤਰ੍ਹਾਂ ਦੀ ਸੋਚਣੀ ਗ਼ਲਤ ਹੈ ਕਿ ਬੀਬੀਆਂ ਬਾਰੇ ਨਹੀਂ ਲਿਖਿਆ ਗਿਆ । ਸਰੋਂ ਸੱਚ ਤਾਂ ਇਹ ਹੈ, ਗੁਰੂ-ਘਰ ਦੇ ਅਗਾਧ ਸ਼ਰਧਾਲੂਆਂ, ਸ਼ਹੀਦਾਂ ਬਾਰੇ ਵੀ ਸਾਮੱਗਰੀ ਬਹੁਤ ਅਲਪ-ਮਾਤਰਾ ਵਿਚ ਪ੍ਰਾਪਤ ਹੈ । ਹੋਰ ਤਾਂ ਹੋਰ, ਪ੍ਰਥਮ ਪੰਜ ਪਿਆਰਿਆਂ ਵਿਚੋਂ ਸਿਵਾਇ ਭਾਈ ਦਇਆ ਸਿੰਘ ਦੇ, ਬਾਕੀ ਚਾਰ ਪਿਆਰਿਆਂ ਦੇ ਜੀਵਨੀ ਆਤਮਕ ਵੇਰਵੇ ਉਪਲਬਧ ਨਹੀਂ । ਏਹੋ ਹਾਲ ਗੁਰੂ-ਘਰ ਦੇ ਪਰਿਵਾਰ ਤੇ ਉਨ੍ਹਾਂ ਦੇ ਜੀਆਂ ਬਾਰੇ ਵੀ ਹੈ ।

ਹੁਣ ਮਨਸ਼ਾ ਇਹੋ ਹੈ ਕਿ ਗੁਰੂ-ਪੁੱਤਰੀਆਂ ਦੇ ਜੀਵਨ-ਇਤਿਹਾਸ ਬਾਰੇ ਕੁਝ ਜਾਣਿਆ, ਵਿਚਾਰਿਆ ਜਾਵੇ । ਗੁਰੂ-ਇਤਿਹਾਸ ਅਨੁਸਾਰ ਗੁਰੂ ਨਾਨਕ ਸਾਹਿਬ ਦੇ ਦੋ ਸਪੁੱਤਰ ਸਨ । ਗੁਰੂ ਅੰਗਦ ਦੇਵ ਜੀ ਦੇ ਦੋ ਸਪੁੱਤਰ ਤੇ ਦੋ ਸਪੁੱਤਰੀਆਂ; ਗੁਰੂ ਅਮਰਦਾਸ ਜੀ

ਦੇ ਦੋ ਸਪੁੱਤਰ ਤੇ ਦੋ ਸਪੁੱਤਰੀਆਂ ਸਨ । ਗੁਰੂ ਰਾਮਦਾਸ ਜੀ ਦੇ ਕੇਵਲ ਤਿੰਨ ਸਪੁੱਤਰ ਸਨ । ਗੁਰੂ ਅਰਜਨ ਦੇਵ ਜੀ ਦਾ ਇਕਲੌਤਾ ਲਾਲ ਸੀ । ਗੁਰੂ ਹਰਿਗੋਬਿੰਦ ਸਾਹਿਬ ਦੀ ਵੀ ਇਕ ਸਪੁੱਤਰੀ ਸੀ । ਗੁਰੂ ਹਰਿ ਰਾਇ ਜੀ ਦੀ ਇਕ ਸਪੁੱਤਰੀ ਸੀ । ਅੱਠਵੇਂ ਗੁਰੂ ਤਾਂ ਬਾਲ ਉਮਰਾ ਵਿਚ ਹੀ ਅਕਾਲ ਚਲਾਣਾ ਕਰ ਗਏ ਸਨ । ਨੌਵੇਂ ਪਾਤਸ਼ਾਹ ਦਾ ਇਕਲੌਤਾ ਲਾਲ ਸੀ ਤੇ ਦਸਮ ਗੁਰੂ ਦੇ ਚਾਰ ਸਾਹਿਬਜ਼ਾਦੇ ਸਨ । ਕੁਲ ਮਿਲਾ ਕੇ ਗੁਰੂ-ਇਤਿਹਾਸ ਅਨੁਸਾਰ :

ਗੁਰੂ ਅੰਗਦ ਦੇਵ ਜੀ ਦੀਆਂ ਦੋ ਸਪੁੱਤਰੀਆਂ : ਬੀਬੀ ਅਮਰੋ ਤੇ ਬੀਬੀ ਅਣੋਖੀ
ਗੁਰੂ ਅਮਰਦਾਸ ਜੀ ਦੀਆਂ ਦੋ ਸਪੁੱਤਰੀਆਂ : ਬੀਬੀ ਦਾਨੀ ਅਤੇ ਬੀਬੀ ਭਾਨੀ
ਗੁਰੂ ਹਰਿਗੋਬਿੰਦ ਜੀ ਦੀ ਇਕ ਸਪੁੱਤਰੀ : ਬੀਬੀ ਵੀਰੋ
ਗੁਰੂ ਹਰਿ ਰਾਇ ਜੀ ਦੀ ਇਕ ਸਪੁੱਤਰੀ : ਬੀਬੀ ਰੂਪ ਕੌਰ

ਦੇ ਨਾਮ ਗੁਰੂ-ਇਤਿਹਾਸ ਵਿਚ ਉਪਲਬਧ ਹਨ । ਜ਼ਾਹਿਰ ਹੈ, ਇਨ੍ਹਾਂ ਛੇ ਸਪੁੱਤਰੀਆਂ ਦੇ ਜੀਵਨ ਬਾਰੇ ਸੰਖੇਪ ਸਾਮੱਗਰੀ ਉਪਲਬਧ ਕਰਨ-ਕਰਾਉਣ ਦਾ ਉਪਰਾਲਾ ਹੀ ਇਸ ਲੇਖ ਦਾ ਮੁੱਖ ਉਦੇਸ਼ ਹੈ ।

ਗੁਰੂ ਅੰਗਦ ਦੇਵ ਜੀ ਦੀਆਂ ਦੋ ਸਪੁੱਤਰੀਆਂ : ਬੀਬੀ ਅਮਰੋ ਅਤੇ ਬੀਬੀ ਅਣੋਖੀ ਹਨ । ਇਹ ਤਾਂ ਸਪੱਸ਼ਟ ਹੈ ਕਿ ਗੁਰੂ-ਪਰਿਵਾਰ ਤੇ ਗੁਰੂ-ਸਪੁੱਤਰੀਆਂ ਦੇ ਜੀਵਨ-ਬ੍ਰਿਤਾਂਤ ਬਾਰੇ ਸਾਡੇ ਇਤਿਹਾਸਕਾਰ ਖ਼ਾਮੋਸ਼ ਹੀ ਰਹੇ ਹਨ । ਸਾਨੂੰ ਇਸ ਤੱਥ ਬਾਰੇ ਸੁਚੇਤ ਰਹਿਣਾ ਚਾਹੀਦਾ ਹੈ ਕਿ ਗੁਰੂ ਸਾਹਿਬਾਨ ਦੇ ਤੱਤਕਾਲੀਨ ਸਮਾਜਿਕ ਮਾਹੌਲ ਨੇ ਸਮਾਜਿਕ ਨੁਹਾਰ ਨੂੰ ਬਣਾਉਣ, ਘੜਨ ਵਿਚ ਬੜਾ ਨਿੱਗਰ ਹਿੱਸਾ ਪਾਇਆ । ਆਮ ਲੋਕਾਂ ਦੀ ਸੋਚ ਨੂੰ ਪ੍ਰਭਾਵਿਤ ਕੀਤਾ । ਲੋਕਾਂ ਦੇ ਆਚਾਰ-ਵਿਹਾਰ ਵਿਚ ਮਹੱਤਵਪੂਰਨ ਤਬਦੀਲੀ ਆਈ ।

ਸਵਾਲ ਹੈ, ਜੇ ਆਮ ਲੋਕ ਇਸ ਤਬਦੀਲੀ ਤੋਂ ਪ੍ਰਭਾਵਿਤ ਹੋ ਸਕਦੇ ਹਨ ਤਾਂ ਕੀ ਗੁਰੂ ਸਾਹਿਬਾਨ ਦੀਆਂ ਬੇਟੀਆਂ ਨਹੀਂ ? ਗੁਰੂ ਸਾਹਿਬਾਨ ਦੀਆਂ ਬੇਟੀਆਂ ਨੂੰ ਤਾਂ ਉਨ੍ਹਾਂ ਦੀ ਨਿੱਘ-ਨੇੜਤਾ ਵੀ ਪ੍ਰਾਪਤ ਸੀ । ਉਨ੍ਹਾਂ ਦੀਆਂ ਸਪੁੱਤਰੀਆਂ ਗੁਰੂ ਸਾਹਿਬਾਨ ਦੇ ਜੀਵਨ ਤੋਂ ਪ੍ਰਭਾਵਿਤ ਤਾਂ ਜ਼ਰੂਰ ਸਨ ਪਰ ਅਜਿਹੀਆਂ ਗੱਲਾਂ ਸਿੱਖ-ਇਤਿਹਾਸ ਦੇ ਲਿਖਿਤ-ਸੰਸਾਰ ਦਾ ਅੰਗ ਨਹੀਂ ਬਣੀਆਂ । ਇਨ੍ਹਾਂ ਬਾਰੇ ਖੋਜ ਨਾ ਕਰ ਕੇ ਤਤਕਾਲੀ ਇਤਿਹਾਸਕ ਪ੍ਰਸਥਿਤੀਆਂ ਦੀ ਮਜਬੂਰੀ ਨੂੰ ਪ੍ਰਵਾਨ ਕਰਨਾ ਵਧੇਰੇ ਉਚਿਤ ਹੈ ।

ਬੀਬੀ ਅਣੋਖੀ

ਬੀਬੀ ਅਣੋਖੀ ਦੇ ਜਨਮ-ਸੰਕੇਤ ਤਾਂ ਮੌਜੂਦ ਹਨ ਪਰ ਇਸ ਤੋਂ ਵੱਧ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ । ਬੀਬੀ ਅਣੋਖੀ ਦੇ ਬਚਪਨ, ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਬਾਰੇ ਵੇਰਵੇ, ਉਨ੍ਹਾਂ ਦੀ ਸ਼ਾਦੀ ਤੋਂ ਬਾਅਦ ਦੇ ਪਰਿਵਾਰਕ ਜੀਵਨ ਬਾਰੇ, ਸ਼ਾਦੀ ਤੋਂ ਪਹਿਲਾਂ ਪੇਕੇ ਘਰ ਵਿਚਲੇ ਜੀਵਨ ਬਾਰੇ ਜਾਂ ਸਹੁਰੇ ਘਰ ਆਦਿ ਦੇ ਵੇਰਵਿਆਂ ਬਾਰੇ ਸਿੱਖ ਇਤਿਹਾਸ ਅਸਲੋਂ ਚੁੱਪ ਹੈ । ਹਾਲ ਦੀ ਘੜੀ ਪਾਠਕ ਦੀ ਹੈਸੀਅਤ ਵਿਚ ਸਾਨੂੰ ਏਥੇ ਹੀ ਸਬਰ ਕਰਨਾ ਪੈਂਦਾ ਹੈ ਕਿ ਉਹ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸੀ ਤੇ ਬਸ । ਇਸ ਤੋਂ ਵੱਧ ਕੁਝ ਵੀ ਪਤਾ ਨਹੀਂ ਲੱਗਦਾ ।

ਬੀਬੀ ਅਮਰੋ

ਬੀਬੀ ਅਮਰੋ ਗੁਰੂ ਅੰਗਦ ਦੇਵ ਜੀ ਦੀ ਵੱਡੀ ਸਪੁੱਤਰੀ ਹੈ । ਉਂਝ ਭੈਣਾਂ-ਭਰਾਵਾਂ ਵਿਚੋਂ ਇਹ ਦੂਜੇ ਨੰਬਰ 'ਤੇ ਆਉਂਦੇ ਹਨ । ਵੱਡੇ ਵੀਰ ਬਾਬਾ ਦਾਸੂ ਤੋਂ ਬਾਅਦ ਬੀਬੀ ਅਮਰੋ ਤੇ ਬੀਬੀ ਅਣੋਖੀ ਕ੍ਰਮਵਾਰ ਪੈਦਾ ਹੋਈਆਂ ਅਤੇ ਸਭ ਤੋਂ ਛੋਟਾ ਵੀਰਾ ਬਾਬਾ ਦਾਤੂ ਜੀ ਸਨ ।

ਬੀਬੀ ਅਮਰੋ ਉਤੇ ਆਪਣੇ ਪਿਤਾ ਦਾ ਡੂੰਘਾ ਪ੍ਰਭਾਵ ਸੀ । ਇਹ ਬਾਲਪਨ ਤੋਂ ਹੀ ਧਾਰਮਿਕ ਰੁਚੀਆਂ ਵਾਲੀ ਸੀ । ਇਸ ਨੂੰ ਬਾਣੀ ਵੀ ਕੰਠ ਸੀ । ਇਸ ਬੀਬੀ ਦੀ ਸੁਰਤਿ ਸਦਾ ਸਿਮਰਨ ਵੱਲ ਜੁੜੀ ਰਹਿੰਦੀ ਸੀ । ਇਸ ਬੀਬੀ ਦੀ ਸ਼ਾਦੀ ਵੀ ਬੜੇ ਧਾਰਮਿਕ ਘਰ ਵਿਚ ਹੋਈ ਸੀ । ਇਨ੍ਹਾਂ ਦਾ ਸਹੁਰਾ ਪਰਿਵਾਰ ਗੁਰੂ ਅਮਰਦਾਸ ਜੀ ਦੇ ਖ਼ਾਨਦਾਨ ਨਾਲ ਜੁੜਿਆ ਹੋਇਆ ਸੀ । ਇਹ ਬੀਬੀ ਗੁਰੂ ਅਮਰਦਾਸ ਜੀ ਦੇ ਭਤੀਜੇ ਭਾਈ ਜੱਸੂ ਜੋ ਗੁਰੂ ਜੀ ਦੇ ਛੋਟੇ ਭਾਈ ਮਾਣਕ ਚੰਦ ਦਾ ਲੜਕਾ ਸੀ, ਨਾਲ ਵਿਆਹੀ ਹੋਈ ਸੀ । ਆਪ ਦਾ ਤਾਇਆ-ਸਹੁਰਾ, ਗੁਰੂ ਅਮਰਦਾਸ ਧਾਰਮਿਕ-ਭਾਵਨਾ ਨਾਲ ਓਤਪੋਤ ਸਨ । ਆਪ ਜਿਥੇ ਹਰ ਸਾਲ ਤੀਰਥ ਯਾਤਰਾ ਕਰਦੇ ਸਨ, ਉਥੇ ਆਪਣੀ ਕਮਾਈ ਦਾ ਦਸਵਾਂ ਹਿੱਸਾ ਧਰਮ ਕਾਰਜਾਂ ਲਈ ਦਾਨ-ਪੁੰਨ ਵੀ ਕਰਦੇ ਸਨ ।

ਇਹ ਇਕ ਇਤਫ਼ਾਕ ਹੀ ਸੀ ਕਿ ਪੰਡਤ ਦੁਰਗਾਦਾਸ ਨੇ ਗੁਰੂ ਜੀ ਤੋਂ ਉਨ੍ਹਾਂ ਦੇ ਧਾਰਮਿਕ ਗੁਰੂ ਬਾਰੇ ਪੁੱਛ ਕੇ ਉਨ੍ਹਾਂ ਨੂੰ ਇਸ ਗੱਲ ਬਾਰੇ ਸੁਚੇਤ ਕਰ ਦਿੱਤਾ ਸੀ ਕਿ ਗੁਰੂ ਧਾਰਨ ਜ਼ਰੂਰੀ ਹੈ । ਦੂਜਾ ਇਤਫ਼ਾਕ ਇਹ ਹੋਇਆ ਕਿ ਉਨ੍ਹਾਂ ਆਪਣੀ ਨੂੰਹ ਬੀਬੀ ਅਮਰੋ ਪਾਸੋਂ ਬਾਣੀ ਦਾ ਪਾਠ ਸੁਰੀਲੀ ਸੁਰ ਵਿਚ ਸੁਣ ਲਿਆ । ਬਸ ਫਿਰ ਕੀ ਸੀ, ਲਗਨ ਲੱਗ ਗਈ । ਸੋ ਇਹ ਸਹੁਰਾ ਬੀਬੀ ਅਮਰੋ ਨੂੰ ਜਾਂਦਾ ਹੈ ਕਿ ਉਹਦੀ ਸੱਚੀ ਲਗਨ ਨੇ ਗੁਰੂ ਜੀ ਨੂੰ ਨਾ ਕੇਵਲ ਉਤਸ਼ਾਹਿਤ ਹੀ ਕੀਤਾ ਸਗੋਂ ਦੋਹਾਂ ਗੁਰੂਆਂ ਦਾ ਮੇਲ ਵੀ ਕਰਵਾ ਦਿੱਤਾ ।

ਗੁਰੂ ਅਮਰਦਾਸ ਜੀ ਗੁਰੂ-ਗੱਦੀ ਨੂੰ ਪ੍ਰਾਪਤ ਹੋਏ ਤੇ ਬੀਬੀ ਅਮਰੋ ਇਸ ਵਿਚ ਇਕ ਮਾਧਿਅਮ ਬਣ ਗਈ । ਉਸ ਨੇ ਆਪਣੇ ਪਿਤਾ ਗੁਰੂ ਅੰਗਦ ਦੇਵ ਤੇ ਤਾਇਆ-ਸਹੁਰਾ ਗੁਰੂ ਅਮਰਦਾਸ ਦਾ ਸੁਮੇਲ ਕਰਵਾ ਦਿੱਤਾ । ਗੁਰੂ-ਇਤਿਹਾਸ ਵਿਚ ਇਹੋ ਉਸ ਦੀ ਸਭ ਤੋਂ ਵੱਡੀ ਦੇਣ ਹੈ ।

ਬੀਬੀ ਅਮਰੋ ਆਪਣੀ ਉਚੇਰੀ ਸੁਰਤਿ ਤੇ ਧਾਰਮਿਕ ਬਿਰਤੀ ਅਥਵਾ ਸੁਸ਼ੀਲ ਵਿਹਾਰ ਕਾਰਣ ਸਹੁਰਿਆਂ-ਪੇਕਿਆਂ ਵਿਚ ਸਨਮਾਨਯੋਗ ਪਦਵੀ ਨੂੰ ਪ੍ਰਾਪਤ ਸੀ । ਬੀਬੀ ਦਾ ਅੰਮ੍ਰਿਤ ਵੇਲੇ ਜਾਗਣਾ, ਬਾਣੀ ਪੜ੍ਹਨੀ, ਦੁੱਧ ਰਿੜਕਣਾ ਆਦਿ ਉਸ ਦੀ ਪਰਿਵਾਰਕ ਜ਼ਿੰਮੇਵਾਰੀ ਦਾ ਸੂਚਕ ਵੀ ਹੈ ਤੇ ਉਚੇਰੀ ਧਾਰਮਿਕ ਲਗਨ ਦਾ ਵੀ ।

ਬੀਬੀ ਅਮਰੋ ਦੀ ਸਮਾਧ ਅੱਜ ਵੀ ਬਾਸਰਕੇ ਪਿੰਡ ਵਿਚ ਇਸ ਤੱਥ ਦੀ ਸਾਖ ਭਰਦੀ ਹੈ ਕਿ ਉਹ ਬੀਬੀ ਜਿਥੇ ਸੇਵਾ ਪੂੰਜ ਸੀ, ਉਥੇ ਨਾਮ-ਬਾਣੀ ਨਾਲ ਲਿਵਲੀਨ ਵੀ । ਉਸ ਦੀ ਸਮਾਧ ਉਸ ਦੇ ਆਦਰਯੋਗ ਮਾਣ-ਮਰਾਤਬੇ ਦੀ ਸੂਚਕ ਹੈ, ਨਹੀਂ ਤਾਂ ਬੀਬੀਆਂ ਦੀਆਂ ਸਮਾਧੀਆਂ ਕਦੋਂ ਬਣਾਈਆਂ ਜਾਂਦੀਆਂ ਸਨ ?

ਬੀਬੀ ਦਾਨੀ

ਬੀਬੀ ਦਾਨੀ ਗੁਰੂ ਅਮਰਦਾਸ ਜੀ ਦੀ ਵੱਡੀ ਬੇਟੀ ਸੀ। ਇਨ੍ਹਾਂ ਦੀ ਛੋਟੀ ਭੈਣ ਬੀਬੀ ਭਾਨੀ ਸੀ, ਜਿਸ ਦੀ ਸ਼ਾਦੀ ਗੁਰੂ ਰਾਮਦਾਸ ਜੀ ਨਾਲ ਹੋਈ। ਇਹ ਤੱਥ ਲੱਗਭਗ ਸਾਰੇ ਸਿੱਖ-ਇਤਿਹਾਸਕਾਰਾਂ ਨੇ ਪ੍ਰਵਾਨ ਕੀਤਾ ਹੈ ਕਿ ਬੀਬੀ ਦਾਨੀ ਗੁਰੂ ਅਮਰਦਾਸ ਜੀ ਦੀ ਪਹਿਲ-ਪਲੇਠੀ ਦੀ ਸੰਤਾਨ ਸੀ। ਬੀਬੀ ਦਾਨੀ ਜੀ ਦੀ ਸ਼ਾਦੀ ਪਿੰਡ ਬਾਸਰਕੇ ਵਿਚ ਹੀ ਹੋਈ ਸੀ। ਉਦੋਂ ਅਜੇ ਗੁਰੂ ਅਮਰਦਾਸ ਜੀ ਗੁਰੂ ਅੰਗਦ ਸਾਹਿਬ ਦੀ ਸੇਵਾ ਵਿਚ ਨਹੀਂ ਸਨ ਗਏ। ਬੀਬੀ ਦਾਨੀ ਜੀ ਨੇ ਪ੍ਰਭੂ-ਭਗਤੀ, ਕਰਤੱਵ ਨਿਸ਼ਠਾ, ਸੇਵਾ ਭਾਵ ਆਦਿ ਗੁਣ ਆਪਣੇ ਪਿਤਾ ਦੀ ਵਿਰਾਸਤ ਤੋਂ ਪ੍ਰਾਪਤ ਕੀਤੇ। ਸੰਤਾਨ ਵਿਚ ਸਭ ਤੋਂ ਵੱਡੀ ਹੋਣ ਕਾਰਣ ਜਦੋਂ ਵੀ ਪਿਤਾ-ਗੁਰੂ ਬਾਹਰ ਤੀਰਥ-ਰਟਨ ਆਦਿ ਲਈ ਜਾਂਦੇ ਤਾਂ ਬੀਬੀ ਦਾਨੀ ਪਿਤਾ ਦੀ ਅਣਹੋਂਦ ਵਿਚ ਬਹੁਤ ਜ਼ਿੰਮੇਵਾਰੀ ਨਾਲ ਘਰੋਗੀ ਕਾਰਜਾਂ ਨੂੰ ਨਿਭਾਉਂਦੀ ਸੀ। ਖ਼ਬਰੇ ਏਸੇ ਕਰ ਕੇ ਹੀ ਇਨ੍ਹਾਂ ਦਾ ਨਾਮ ਦਾਨੀ ਪੱਕ ਗਿਆ। ਉਂਝ ਸ਼ਾਇਦ ਇਨ੍ਹਾਂ ਦਾ ਨਾਮ ਨਿਧਾਨੀ ਸੀ।

ਬੀਬੀ ਦਾਨੀ ਦੇ ਪਤੀ ਦਾ ਨਾਮ ਰਾਮਾ ਸੀ। ਜਦੋਂ ਪਿਤਾ-ਗੁਰੂ ਨੂੰ ਗੁਰੂ ਅੰਗਦ ਦੇਵ ਜੀ ਨੇ ਗੋਇੰਦਵਾਲ ਸਾਹਿਬ ਵਿਚ ਬਾਉਲੀ ਬਣਾਉਣ ਦਾ ਕਾਰਜ ਸੌਂਪਿਆ ਤਾਂ ਤੀਸਰੇ ਗੁਰੂ ਦਾ ਸਾਰਾ ਪਰਿਵਾਰ ਗੋਇੰਦਵਾਲ ਸਾਹਿਬ ਆਣ ਕੇ ਸੇਵਾ ਵਿਚ ਜੁਟ ਗਿਆ। ਇਸ ਸਮੇਂ ਬੀਬੀ ਦਾਨੀ ਅਤੇ ਉਨ੍ਹਾਂ ਦੇ ਪਤੀ ਭਾਈ ਰਾਮਾ ਜੀ ਵੀ ਬਾਉਲੀ ਦੀ ਸੇਵਾ ਤਨ-ਮਨ ਨਾਲ ਕਰ ਕੇ ਪਿਤਾ ਦੀ ਆਗਿਆ ਦਾ ਪਾਲਨ ਕਰ ਰਹੇ ਸਨ। ਇਹ ਤਾਂ ਸਾਫ਼ ਹੀ ਹੈ ਕਿ ਇਤਿਹਾਸਕਾਰ ਗੋਇੰਦਵਾਲ ਦੀ ਉਸਾਰੀ ਵਿਚ ਗੁਰੂ ਜੀ ਦੀਆਂ ਬੇਟੀਆਂ, ਪਰਿਵਾਰ ਦੀਆਂ ਇਸਤਰੀਆਂ ਨੇ ਖਾਸਾ ਮਹੱਤਵਯੋਗ ਹਿੱਸਾ ਪਾਇਆ। ਉਹ ਆਈ ਸੰਗਤ ਦੀ ਦੇਖਭਾਲ ਵੀ ਕਰਦੀਆਂ ਸਨ। ਲੰਗਰ ਦੀ ਰਸਦ ਦਾ ਇੰਤਜ਼ਾਮ ਵੀ ਕਰਦੀਆਂ ਸਨ। ਲੰਗਰ ਤਿਆਰ ਕਰ ਕੇ ਸੰਗਤ ਨੂੰ ਵਰਤਾਉਣ, ਛਕਾਉਣ ਆਦਿ ਦਾ ਪ੍ਰਬੰਧ ਵੀ ਇਨ੍ਹਾਂ ਦੇ ਹੀ ਜ਼ਿੰਮੇ ਸੀ। ਇਸ ਕਾਰਜ ਦੀ ਸਾਰੀ ਜ਼ਿੰਮੇਵਾਰੀ ਮਾਤਾ ਮਨਸਾ ਦੇਵੀ ਜੀ ਦੀ ਸੀ ਤੇ ਬੀਬੀ ਦਾਨੀ ਇਸ ਕਾਰਜ ਨੂੰ ਚੰਗੀ ਤਰ੍ਹਾਂ ਨਿਭਾਅ ਰਹੀ ਸੀ।

ਇਨ੍ਹਾਂ ਦਿਨਾਂ ਵਿਚ ਇਕ ਪਾਸੇ ਗੁਰੂ-ਘਰ ਵਿਸਥਾਰ ਗ੍ਰਹਿਣ ਕਰ ਰਿਹਾ ਸੀ। ਦੂਜੇ ਪਾਸੇ, ਸਮਾਜਿਕ ਸੁਧਾਰ ਲਹਿਰ ਜ਼ੋਰ ਫੜ ਰਹੀ ਸੀ। ਇਹੋ ਦਿਨ ਸਨ ਜਦੋਂ ਪਰਦੇ ਦੀ ਰਸਮ ਖ਼ਤਮ ਹੋਈ, ਵਿਧਵਾ ਦਾ ਪੁਨਰ-ਵਿਆਹ ਹੋਂਦ ਵਿਚ ਆਇਆ। ਸਤੀ ਦੀ ਰਸਮ ਦਾ ਖੰਡਨ ਜ਼ੋਰ-ਸ਼ੋਰ ਨਾਲ ਹੋਇਆ। ਇਨ੍ਹਾਂ ਸਾਰੇ ਕਾਰਜਾਂ ਵਿਚ ਗੁਰੂ-ਮਹਿਲ ਤੇ ਗੁਰੂ-ਪੁੱਤਰੀਆਂ ਵੀ ਕਾਰਜਸ਼ੀਲ ਰਹੀਆਂ। ਬੀਬੀ ਦਾਨੀ ਪਰਿਵਾਰ ਵਿਚ ਸਭ ਤੋਂ ਵੱਡੀ ਹੋਣ ਕਰ ਕੇ ਵਧੇਰੇ ਜ਼ਿੰਮੇਵਾਰ ਸੀ। ਫਲਸਰੂਪ, ਨਾਰੀ-ਸੰਸਾਰ ਵਿਚ ਵੱਡੀ ਮਾਤਰਾ ਵਿਚ ਸੁਧਾਰ ਹੋਇਆ।

ਬੀਬੀ ਦਾਨੀ ਜਿਥੇ ਘਰੋਗੀ ਤੇ ਸਮਾਜਿਕ ਕਾਰਜਾਂ ਵਿਚ ਸਹਿਯੋਗ ਦੇਂਦੀ ਸੀ। ਉਥੇ ਬੀਬੀ ਭਾਨੀ ਗੁਰੂ ਅਮਰਦਾਸ ਜੀ ਦੀ ਨਿੱਜੀ ਸੇਵਾ ਵਿਚ ਤੱਤਪਰ ਰਹੀ। ਇਹੋ ਕਾਰਣ ਹੈ ਕਿ ਬੀਬੀ ਦਾਨੀ ਮਾਤਾ ਦੇ ਵਧੇਰੇ ਨੇੜੇ ਰਹੀ ਤੇ ਬੀਬੀ ਭਾਨੀ ਪਿਤਾ ਦੇ। ਫਿਰ ਇਕ

ਵੇਲਾ ਆਇਆ, ਦੋਹਾਂ ਦੇ ਪਤੀਆਂ ਨੂੰ ਆਪਣੇ ਸਹੁਰੇ-ਪਿਤਾ ਦਾ ਇਮਤਿਹਾਨ ਪਾਸ ਕਰਨਾ ਪਿਆ। ਉਸ ਪ੍ਰੀਖਿਆ ਦੀ ਘੜੀ ਵਿਚ ਬੀਬੀ ਭਾਨੀ ਦੇ ਪਤੀ ਪਾਸ ਹੋ ਗਏ। ਬੀਬੀ ਦਾਨੀ ਨੇ ਇਸ ਦਾ ਲੇਸ ਮਾਤਰ ਵੀ ਰੋਸ ਨਹੀਂ ਮਨਾਇਆ।

ਬੀਬੀ ਦਾਨੀ ਨੇ ਗੋਇੰਦਵਾਲ ਵਿਚ ਹੀ ਅਕਾਲ ਚਲਾਣਾ ਕੀਤਾ। ਇਨ੍ਹਾਂ ਦਾ ਸਸਕਾਰ ਗੁਰੂ ਅਮਰਦਾਸ ਜੀ ਦੀ ਸਮਾਧੀ ਦੇ ਨੇੜੇ ਕੀਤਾ ਗਿਆ। ਬੀਬੀ ਦਾਨੀ ਪੁੱਤਰੀ, ਪਤਨੀ ਅਥਵਾ ਸੇਵਕ ਤੇ ਭਗਤ ਦੇ ਅਦੁੱਤੀ ਗੁਣਾਂ ਨਾਲ ਭਰੀ-ਪੂਰੀ ਸੀ।

ਬੀਬੀ ਭਾਨੀ

ਬੀਬੀ ਭਾਨੀ ਦਾ ਗੌਰਵ ਗੁਰੂ-ਪੁੱਤਰੀਆਂ ਵਿਚੋਂ ਆਪਣੀ ਚਰਮ-ਸੀਮਾ ਨੂੰ ਪ੍ਰਾਪਤ ਹੈ। ਆਪ ਜਿਥੇ ਗੁਰੂ-ਪੁੱਤਰੀ ਹਨ, ਉਥੇ ਗੁਰੂ-ਪਤਨੀ ਅਤੇ ਗੁਰੂ-ਮਾਂ ਵੀ। ਬੀਬੀ ਭਾਨੀ ਦਾ ਜਨਮ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਸੰਮਤ 1591 ਵਿਚ 21 ਮਾਘ ਨੂੰ ਹੋਇਆ। ਬੀਬੀ ਜੀ ਜਿਥੇ ਸੁਘੜ, ਸੁਚੱਜੀ ਤੇ ਰੂਪਵਾਨ ਸੀ, ਉਥੇ ਆਤਮਿਕ ਗੁਣਾਂ ਨਾਲ ਵੀ ਸੰਪੰਨ ਸੀ, ਜਿਸ ਵਿਚ ਸੇਵਾ ਭਾਵ ਅਤੇ ਆਤਮ-ਸਮਰਪਣ ਵਿਸ਼ੇਸ਼ ਸਨ।

ਬੀਬੀ ਭਾਨੀ ਜੀ ਦੀ ਸ਼ਾਦੀ ਬਾਲਪਨ ਵਿਚ ਨਾ ਹੋ ਕੇ ਜਦੋਂ ਉਹ ਮੁਟਿਆਰ ਹੋ ਗਈ, ਉਦੋਂ ਹੋਈ। ਵਿਭਿੰਨ ਇਤਿਹਾਸਕਾਰਾਂ ਦੀਆਂ ਦਲੀਲਾਂ ਦੀ ਜੇ ਨਿਰਖ-ਪਰਖ ਕਰੀਏ ਤਾਂ ਸ਼ਾਦੀ ਦਾ ਸੰਮਤ 1610 ਆਂਕਿਆ ਜਾ ਸਕਦਾ ਹੈ। ਇਨ੍ਹਾਂ ਦੀ ਸ਼ਾਦੀ ਭਾਈ ਜੇਠਾ ਜੀ ਜੋ ਬਾਅਦ ਵਿਚ ਗੁਰੂ ਰਾਮਦਾਸ ਜੀ ਅਖਵਾਏ, ਨਾਲ ਹੋਈ। ਭਾਈ ਜੇਠਾ ਜੀ ਤੀਸਰੇ ਪਾਤਸ਼ਾਹ ਦੇ ਅਨਿੰਨ ਭਗਤ ਸਨ। ਬੀਬੀ ਭਾਨੀ ਨੇ ਤਿੰਨ ਸਪੁੱਤਰਾਂ—ਪ੍ਰਿਥੀਚੰਦ, ਮਹਾਂਦੇਵ ਤੇ ਗੁਰੂ ਅਰਜਨ ਦੇਵ ਜੀ ਨੂੰ ਜਨਮ ਦਿੱਤਾ।

ਗੁਰੂ-ਇਤਿਹਾਸ ਵਿਚ ਬੀਬੀ ਭਾਨੀ ਦੀ ਉੱਤਮ ਸੇਵਾ ਸੁਪ੍ਰਸਿੱਧੀ ਨੂੰ ਪ੍ਰਾਪਤ ਹੈ। ਇਸੇ ਸੇਵਾ ਸਦਕਾ ਉਸ ਨੇ ਆਪਣੇ ਪਤੀ ਲਈ ਗੁਰਿਆਈ ਗੱਦੀ ਦਾ ਵਰਦਾਨ ਪ੍ਰਾਪਤ ਕੀਤਾ। ਧਿਆਨ ਰਹੇ, ਗੁਰਿਆਈ ਗੱਦੀ ਗੁਰੂ ਰਾਮਦਾਸ ਜੀ ਨੇ ਇਮਤਿਹਾਨ ਪਾਸ ਕਰ ਕੇ ਲਈ ਹੈ। ਸੰਦੇਹ ਨਹੀਂ ਕਿ ਉਸ ਨੂੰ ਪਿਤਾ-ਗੁਰੂ ਦਾ ਵਰਦਾਨ ਪ੍ਰਾਪਤ ਸੀ, ਪਰ ਕਰੜੀ ਪ੍ਰੀਖਿਆ ਤੋਂ ਉਹ ਬਚ ਨਾ ਸਕੇ। ਇਸ ਤੋਂ ਬਾਅਦ ਗੁਰੂ-ਗੱਦੀ ਯੋਗ ਵਾਰਸ ਨੂੰ ਹੀ ਮਿਲਦੀ ਰਹੀ ਹੈ।

ਬੀਬੀ ਭਾਨੀ ਗ੍ਰਿਹਸਥੀ ਨਿਭਾਉਂਦੀ ਹੋਈ ਵੀ ਪਿਤਾ ਦੀ ਸੇਵਾ ਵਿਚ ਸਦਾ ਹਾਜ਼ਰ ਰਹੀ। ਪਤੀ ਦੀ ਰਜ਼ਾ ਮੰਨਦੀ ਰਹੀ ਤੇ ਪੁੱਤਰ ਦੀ ਉੱਤਮ ਸਹਿਯੋਗੀ ਬਣ ਕੇ ਰਹੀ। ਬੀਬੀ ਭਾਨੀ ਪਿਤਾ ਦੇ ਨਾਲ ਤੀਰਥ-ਯਾਤਰਾਵਾਂ 'ਤੇ ਵੀ ਜਾਇਆ ਕਰਦੇ ਸਨ ਤਾਂ ਜੁ ਪਿਤਾ-ਗੁਰੂ ਦੀ ਸਮਾਧੀ ਵਿਚ ਜਾਂ ਹੋਰ ਜ਼ਰੂਰਤ ਵਿਚ ਕਿਸੇ ਤਰ੍ਹਾਂ ਦਾ ਵਿਘਨ ਨਾ ਪਵੇ।

ਬੀਬੀ ਭਾਨੀ ਦੇ ਨਾਮ ਤਿੰਨ ਪ੍ਰਸੰਗ ਜੁੜੇ ਹੋਏ ਹਨ—ਬੀਬੀ ਜੀ ਦੀ ਸ਼ਾਦੀ, ਬੀਬੀ ਦੀ ਸੇਵਾ ਤੇ ਗੁਰਗੱਦੀ ਦਾ ਵਰਦਾਨ, ਬੀਬੀ ਦੇ ਪਤੀ ਦੀ ਅਉਧ ਪੂਰੀ ਹੋ ਜਾਣੀ ਤੇ ਪਿਤਾ-ਗੁਰੂ ਨੇ ਆਪਣੀ ਰਹਿੰਦੀ ਆਯੂ ਉਨ੍ਹਾਂ ਦੇ ਪਤੀ ਨੂੰ ਦੇ ਦੇਣੀ। ਪਿਤਾ-ਗੁਰੂ ਵੱਲੋਂ ਸੰਕੇਤ ਮਿਲਦੇ ਹੀ ਬੀਬੀ ਜੀ ਨੇ ਨੱਥ ਉਤਾਰ ਕੇ ਪਿਤਾ ਦੇ ਅੱਗੇ ਰੱਖ ਦੇਣੀ ਆਦਿ। ਇਨ੍ਹਾਂ ਸਾਰਿਆਂ ਪ੍ਰਸੰਗਾਂ ਬਾਰੇ ਸਿੱਖ ਇਤਿਹਾਸ ਦੇ ਲੱਗਭਗ ਸਾਰੇ ਸੋਮਿਆਂ ਨੇ ਜ਼ਿਕਰ ਕੀਤਾ

ਹੈ । ਇਹ ਤਿੰਨੇ ਪ੍ਰਸੰਗ ਖ਼ਾਸੇ ਮਹੱਤਵਪੂਰਣ ਅਤੇ ਰੌਚਕ ਹਨ ।

ਬੀਬੀ ਭਾਨੀ ਦਾ ਲੰਗਰ-ਪ੍ਰਬੰਧ ਵਿਚ ਸਹਿਯੋਗ ਆਪਣੇ ਪਿਤਾ ਤੋਂ ਲੈ ਕੇ ਪੁੱਤਰ ਤਕ ਅਤਿ ਸਲਾਹੁਣਯੋਗ ਹੈ । ਇਸ਼ੇ ਉੱਤਮ ਵਿਹਾਰ ਨੂੰ ਵੇਖ ਕੇ ਅਕਬਰ ਬਾਦਸ਼ਾਹ ਨੇ ਉਨ੍ਹਾਂ ਨੂੰ ਬੇਟੀ ਜਾਣ ਕੇ ਕੁਝ ਜ਼ਮੀਨ ਵੀ ਉਨ੍ਹਾਂ ਦੇ ਨਾਮ ਲੁਆ ਦਿੱਤੀ ਸੀ ।

ਬੀਬੀ ਭਾਨੀ ਉਦੋਂ ਵੀ ਸੱਚ ਨਾਲ ਹੀ ਜੁੜੀ ਜਦੋਂ ਉਨ੍ਹਾਂ ਦਾ ਵੱਡਾ ਪੁੱਤਰ ਪ੍ਰਿਥੀਚੰਦ ਆਪਣੇ ਆਪ ਨੂੰ ਗੁਰਗੱਦੀ ਦਾ ਦਾਅਵੇਦਾਰ ਸਿੱਧ ਕਰ ਰਿਹਾ ਸੀ । ਮਾਂ ਭਾਨੀ ਨਾ ਡੋਲੀ, ਸਗੋਂ ਸੁਯੋਗ ਸਪੁੱਤਰ ਨੂੰ ਗੁਰਗੱਦੀ ਦਾ ਤਿਲਕ ਲਗਵਾਇਆ, ਈਰਖਾਲੂ ਪੁੱਤਰ ਨੇ ਆਪਣੀ ਮਾਤਾ ਤੇ ਛੋਟੇ ਭਰਾ ਗੁਰੂ ਅਰਜਨ ਦੇਵ ਲਈ ਅਨੇਕਾਂ ਕਸ਼ਟ-ਕਲੇਸ਼ ਕੀਤੇ ਪਰ ਧਰਮ ਪੁੰਜ ਮਾਂ ਸਹੀ ਨਿਸ਼ਾਨੇ ਨਾਲ ਜੁੜੀ ਰਹੀ । ਗੁਰੂ-ਘਰ ਦੇ ਵਿਸਥਾਰ ਵਿਚ ਬੀਬੀ ਭਾਨੀ ਦੀ ਸੇਵਾ ਅਦੁੱਤੀ ਰਹੀ । ਮਾਂ ਭਾਨੀ ਨੂੰ ਜਦੋਂ ਆਪਣੇ ਸਪੁੱਤਰ ਗੁਰੂ ਅਰਜਨ ਦੇਵ ਦੀ ਸ਼ਹੀਦੀ ਦਾ ਸਾਕਾ ਵੇਖਣਾ ਪਿਆ ਤਾਂ ਮਾਂ ਭਾਨੀ ਨੇ ਸ਼ਾਂਤੀ ਨਾਲ ਜਰਿਆ । ਆਪਣੀ ਨੂੰਹ ਮਾਤਾ ਗੰਗਾ ਨੂੰ ਧੀਰ ਬੰਨ੍ਹਾਈ । ਆਪਣੇ ਪੋਤਰੇ ਗੁਰੂ ਹਰਿਗੋਬਿੰਦ ਨੇ ਜਦੋਂ ਸ਼ਾਂਤ ਅਧਿਆਤਮਿਕ ਲਹਿਰ ਨੂੰ ਰਾਜਸੀ ਜੁੰਬਸ਼ ਦਿੱਤੀ ਤਾਂ ਦਾਦੀ ਬੀਬੀ ਭਾਨੀ ਨੇ ਉਸੇ ਸਿਦਕ ਨਾਲ ਜਰਿਆ, ਬਲਕਿ "ਹੋਰਸ ਅਜਰ ਨ ਜਰਿਆ ਜਾਈ" ਦੇ ਮਰਮ ਨੂੰ ਭਲੀਭਾਂਤ ਚਿਤਾਰਿਆ । ਬੀਬੀ ਭਾਨੀ ਸੰਸਾਰਕ, ਸਮਾਜਿਕ ਤੇ ਅਧਿਆਤਮਕ ਕਦਰਾਂ-ਕੀਮਤਾਂ ਦਾ ਮੁਜੱਸਮਾ ਸਨ । ਗੁਰੂ-ਘਰ ਦੇ ਵਿਸਥਾਰ ਵਿਚ ਬੀਬੀ ਭਾਨੀ ਦੀ ਸੇਵਾ ਅਦੁੱਤੀ ਹੈ । ਕਲਿਆਣ-ਕਾਰੀ ਮੁਸਕਾਨ ਉਨ੍ਹਾਂ ਦਾ ਖ਼ਾਸਾ ਸੀ ।

ਬੀਬੀ ਵੀਰੋ

ਬੀਬੀ ਵੀਰੋ ਪੰਜਾਬ ਦੀ ਪਹਿਲੀ ਬੀਰ-ਨਾਰੀ ਹੈ । ਬੀਬੀ ਵੀਰੋ ਛਟਮ ਗੁਰੂ ਦੀ ਸਪੁੱਤਰੀ ਅਤੇ ਪੰਜ ਭਰਾਵਾਂ ਦੀ ਭੈਣ ਸੀ । ਬੀਬੀ ਵੀਰੋ ਦਾ ਸੰਤਾਨ ਕ੍ਰਮ ਵਿਚ ਦੂਸਰਾ ਨੰਬਰ ਹੈ । ਆਪ ਦਾ ਵੱਡਾ ਵੀਰ ਬਾਬਾ ਗੁਰਦਿੱਤਾ ਸੀ ਤੇ ਬਾਕੀ ਦੇ ਚਾਰੇ ਵੀਰ ਛੋਟੇ ਸਨ । ਬੀਬੀ ਜੀ ਦਾ ਜਨਮ 1615 ਈਸਵੀ ਵਿਚ ਹੋਇਆ ਤੇ ਇਨ੍ਹਾਂ ਦੀ ਮਾਤਾ ਦਾ ਨਾਮ ਬੀਬੀ ਦਮੋਦਰੀ ਸੀ ।

ਸਿੱਖ ਇਤਿਹਾਸ ਅਨੁਸਾਰ ਛੇਵੇਂ ਗੁਰੂ ਨੇ ਖ਼ੁਦ ਆਪ ਆਪਣੀ ਮਾਤਾ ਤੋਂ ਅਸੀਸ ਮੰਗੀ ਸੀ ਕਿ ਉਨ੍ਹਾਂ ਦੇ ਘਰ ਵਿਚ ਇਕ ਲੜਕੀ ਜ਼ਰੂਰ ਹੋਵੇ । ਜ਼ਾਹਿਰ ਹੈ, ਗੁਰੂ ਪਾਤਸ਼ਾਹ ਦੀ ਦ੍ਰਿਸ਼ਟੀ ਕਿੰਡੀ ਵਿਸ਼ਾਲ ਸੀ । ਬੀਬੀ ਵੀਰੋ ਬਹੁਤ ਲਾਡ-ਪਿਆਰ ਨਾਲ ਪਾਲੀ ਗਈ । ਬੀਬੀ ਦੀ ਸਿੱਖਿਆ ਦਾ ਪ੍ਰਬੰਧ ਵੀ ਬਹੁਤ ਚੰਗੀ ਤਰ੍ਹਾਂ ਕੀਤਾ ਗਿਆ ਜੋ ਕਿ ਉਸ ਜ਼ਮਾਨੇ ਵਿਚ ਅਤਿ ਵਿਰਲਾ ਸੀ ।

ਗੁਰੂ-ਘਰ ਵਿਚ ਇਕ ਗੱਲ ਬਹੁਤ ਅਚਰਜ ਹੁੰਦੀ ਰਹੀ ਹੈ । ਗੁਰੂ ਰਾਮਦਾਸ ਜੀ ਨੇ ਆਪਣੀ ਸਪੁੱਤਰੀ ਲਈ ਵਰ, ਉਦੋਂ ਘੁੰਡਣੀਆਂ ਵੇਚਦਾ ਭਾਈ ਜੇਠਾ ਚੁਣਿਆ ਸੀ । ਏਸੇ ਤਰ੍ਹਾਂ ਗੁਰੂ ਹਰਿਗੋਬਿੰਦ ਜੀ ਨੇ ਅਤਿ ਗਰੀਬ ਭਾਈ ਧਰਮੇ ਦਾ ਪੁੱਤਰ ਭਾਈ ਸਾਧੂ ਆਪਣੀ ਬੇਟੀ ਵੀਰੋ ਲਈ ਚੁਣ ਲਿਆ । ਦੋਹਾਂ ਗੁਰੂਆਂ ਨੇ ਆਪਣਾ ਰੁਤਬਾ ਤੇ ਸਮਾਜਿਕ, ਧਾਰਮਿਕ ਪਦਵੀ ਭੁੱਲ ਕੇ ਕੇਵਲ ਇਨਸਾਨੀਅਤ ਨੂੰ ਵੱਡਾ ਮੰਨ ਕੇ ਰਿਸ਼ਤਾ ਕੀਤਾ । ਗੁਰੂ ਸਾਹਿਬ ਦੀ

ਸਮਾਜ-ਸੰਸਾਰ ਨੂੰ ਸਭ ਤੋਂ ਵੱਡੀ ਦੇਣ ਵੀ ਇਹੋ ਹੈ ਕਿ ਉਨ੍ਹਾਂ ਨੇ ਸਮਾਜ ਕਲਿਆਣ, ਸਰਬ ਸਾਂਝੀਵਾਲਤਾ, ਊਚ-ਨੀਚ ਬਰਾਬਰ ਜੇਹੀਆਂ ਕਦਰਾਂ-ਕੀਮਤਾਂ ਨੂੰ ਸੁਦ੍ਰਿੜ ਕਰਵਾਇਆ। ਇਕ ਪਾਸੇ ਗੁਰੂ ਜੀ ਦੀ ਸਪੁੱਤਰੀ ਦੀ ਸ਼ਾਦੀ 22 ਜੇਠ ਸੰਮਤ 1685 ਬਿਕ੍ਰਮੀ ਅਰਥਾਤ 1628 ਈਸਵੀ ਨੂੰ ਨੀਅਤ ਸੀ। ਦੂਜੇ ਪਾਸੇ, ਲਾਹੌਰ ਦੇ ਫੌਜਦਾਰ ਮੁਖ਼ਲਿਸ ਖ਼ਾਂ ਨੇ ਦਸ ਹਜ਼ਾਰ ਦੀ ਫ਼ੌਜ ਲੈ ਕੇ ਅੰਮ੍ਰਿਤਸਰ 'ਤੇ ਧਾਵਾ ਬੋਲ ਦਿੱਤਾ। ਇਸ ਲੜਾਈ ਦਾ ਬਹਾਨਾ ਬੀਬੀ ਕਉਲਾਂ ਤੇ ਸ਼ਾਹੀ ਬਾਜ਼ ਦੇ ਮਸਲੇ ਸਨ। ਜਾਣੀਜਾਣ ਗੁਰੂ ਨੇ ਸਾਰੇ ਪਰਿਵਾਰ ਦੇ ਜੀਅ ਅਗਾਊਂ ਹੀ ਝਬਾਲ ਭੇਜ ਦਿੱਤੇ ਤੇ ਮੁਗਲਾਂ ਦਾ ਡਟ ਕੇ ਮੁਕਾਬਲਾ ਕੀਤਾ। ਫ਼ੌਜਦਾਰ ਮਾਰਿਆ ਗਿਆ ਤੇ ਬਾਕੀ ਬਚੇ ਸੈਨਿਕ ਲਾਹੌਰ ਵਲ ਭੱਜ ਗਏ। ਜ਼ਾਹਿਰ ਹੈ, ਬੀਬੀ ਵੀਰੋ ਦੀ ਸ਼ਾਦੀ ਝਬਾਲ ਵਿਚ ਹੋਈ। ਰਿਵਾਜ਼ ਅਨੁਸਾਰ ਵੱਡਾ ਵੀਰ ਬਾਬਾ ਗੁਰਦਿੱਤਾ ਜੀ ਡੋਲੀ ਦੇ ਨਾਲ ਬੀਬੀ ਵੀਰੋ ਦੇ ਸਹੁਰੇ ਘਰ ਗਏ।

ਬੀਬੀ ਵੀਰੋ ਦੀ ਗ੍ਰਹਿਸਥੀ ਬੜੀ ਸੁਖੀ ਸੀ। ਉਸ ਨੇ ਪੰਜ ਪੁੱਤਰਾਂ ਨੂੰ ਜਨਮ ਦਿੱਤਾ। ਬੀਬੀ ਵੀਰੋ ਆਪਣੇ ਵੀਰ (ਗੁਰੂ) ਤੇਗ ਬਹਾਦਰ ਨੂੰ ਮਿਲਣ ਲਈ ਅਕਸਰ ਆਉਂਦੀ ਰਹਿੰਦੀ ਤੇ ਉਸ ਦੇ ਪੰਜੇ ਪੁੱਤ ਵੀ ਆਪਣੇ ਮਾਮੇ ਪਾਸੋਂ ਅਸੀਸਾਂ ਪ੍ਰਾਪਤ ਕਰਦੇ ਰਹਿੰਦੇ। ਫਿਰ ਸਮਾਂ ਆਇਆ ਪੰਜੇ ਭਰਾ ਗੁਰੂ ਗੋਬਿੰਦ ਰਾਏ ਜੀ ਪਾਸ ਜਾ ਪੁੱਜੇ। ਇਹ ਗੁਰੂ ਜੀ ਦੇ ਭੂਆ-ਪੁੱਤ ਭਰਾ ਸਨ। ਇਨ੍ਹਾਂ ਨੇ ਭੰਗਾਣੀ ਦੇ ਯੁੱਧ ਵਿਚ ਆਪਣੀ ਬਹਾਦਰੀ ਦੇ ਜੌਹਰ ਵਿਖਾਏ ਤੇ ਬੀਬੀ ਦੇ ਵੱਡੇ ਪੁੱਤਰ ਇਸੇ ਜੰਗ ਵਿਚ ਸ਼ਹੀਦ ਹੋ ਗਏ। ਬਾਕੀ ਦੇ ਤਿੰਨ ਵੀ ਦਸਮ ਗੁਰੂ ਦੇ ਹੋਰ ਯੁੱਧਾਂ ਵਿਚ ਸੂਰਮਗਤੀ ਨੂੰ ਪ੍ਰਾਪਤ ਹੋਏ ਸਨ।

ਬੀਬੀ ਵੀਰੋ ਆਪਣੇ ਪਰਿਵਾਰ ਸਮੇਤ ਅਨੰਦਪੁਰ ਆਣ ਵੱਸੀ ਸੀ। ਦਸਮ ਗੁਰੂ ਵੀ ਆਪਣੀ ਭੂਆ ਦਾ ਬਹੁਤ ਆਦਰ ਕਰਦੇ ਸਨ। ਬੀਬੀ ਵੀਰੋ ਗੁਰੂ-ਘਰ ਦੇ ਮਸਲਿਆਂ ਵਿਚ ਪੂਰੀ ਤਰ੍ਹਾਂ ਸਹਿਯੋਗੀ ਬਣ ਕੇ ਰਹੀ। ਇਨ੍ਹਾਂ ਦੇ ਪਤੀ ਦਾ ਰੁਝਾਨ ਸਾਹਿਤ ਵੱਲ ਸੀ। ਉਨ੍ਹਾਂ ਨੇ ਪੰਜਾਬੀ ਅਨੁਵਾਦ ਰਾਹੀਂ ਸਾਹਿਤ ਦੀ ਸੇਵਾ ਵੀ ਕੀਤੀ ਤੇ ਜਪੁਜੀ ਤੇ ਸੁਖਮਨੀ ਸਾਹਿਬ ਦੀ ਸਰਲ ਵਿਆਖਿਆ ਵੀ। ਏਸ ਪੱਖੋਂ ਬੀਬੀ ਵੀਰੋ ਦੇ ਪਰਿਵਾਰ ਦੀ ਦੇਣ ਅਮੁੱਲ ਹੈ।

ਬੀਬੀ ਰੂਪ ਕੌਰ

ਬੀਬੀ ਰੂਪ ਕੌਰ ਸੱਤਵੇਂ ਗੁਰੂ ਹਰਿ ਰਾਇ ਦੀ ਇਕਲੌਤੀ ਸਪੁੱਤਰੀ ਹੈ। ਬੀਬੀ ਰੂਪ ਕੌਰ ਦੇ ਨਾਮ ਨਾਲ ਕਈ ਭ੍ਰਾਂਤੀਆਂ ਜੁੜੀਆਂ ਹੋਈਆਂ ਹਨ। ਦਰਅਸਲ, ਬੀਬੀ ਰੂਪ ਕੌਰ ਪਰਿਵਾਰ ਵਿਚ ਪਹਿਲੀ ਬੱਚੀ ਸੀ। ਸੋ ਇਨ੍ਹਾਂ ਦੇ ਜਨਮ ਉਤੇ ਗੁਰੂ-ਘਰ ਵਿਚ ਬਹੁਤ ਖੁਸ਼ੀਆਂ ਮਨਾਈਆਂ ਗਈਆਂ। ਬੀਬੀ ਰੂਪ ਕੌਰ ਦੇ ਦੋ ਭਾਈ ਸਨ। ਇਨ੍ਹਾਂ ਤੋਂ ਵੱਡੇ ਦਾ ਨਾਮ ਰਾਮ ਰਾਇ ਸੀ ਤੇ ਛੋਟੇ ਵੀਰ ਦਾ ਨਾਮ ਗੁਰੂ ਹਰਿਕ੍ਰਿਸ਼ਨ ਜੀ। ਦੋਹਾਂ ਵੀਰਾਂ ਦੇ ਵਿਚਕਾਰ ਬੀਬੀ ਦਾ ਨੰਬਰ ਸੀ। ਬੀਬੀ ਰੂਪ ਕੌਰ ਆਪਣੇ ਵੀਰ ਰਾਮ ਰਾਇ ਵਾਂਗ ਅੰਤਾਂ ਦੀ ਸੋਹਣੀ ਸੀ। ਇਨ੍ਹਾਂ ਦੇ ਸੁੰਦਰ ਸਰੂਪ ਕਰ ਕੇ ਹੀ ਇਨ੍ਹਾਂ ਦੀ ਦਾਦੀ ਬੱਸੀ ਨੇ ਇਨ੍ਹਾਂ ਦਾ ਨਾਮ 'ਰੂਪ ਕੁਇਰ' ਰੱਖਿਆ। ਇਹ ਬੀਬੀ ਸੰਮਤ ਸਤਾਰਾਂ ਸੌ ਛੇ, ਵੈਸਾਖ ਸੁਦੀ ਸਤਵੀਂ ਨੂੰ ਪੈਦਾ ਹੋਈ। ਇਹ ਬੀਬੀ ਮਸਾਂ ਬਾਰਾਂ ਕੁ ਸਾਲਾਂ ਦੀ ਸੀ, ਜਦੋਂ ਇਨ੍ਹਾਂ ਦੇ ਪਿਤਾ ਗੁਰੂ ਹਰਿ ਰਾਇ ਜੀ ਅਕਾਲ ਚਲਾਣਾ ਕਰ ਗਏ ਤੇ ਇਨ੍ਹਾਂ ਦਾ ਨਿੱਕਾ ਵੀਰਾ ਗੁਰੂ ਹਰਿਕ੍ਰਿਸ਼ਨ

ਜੀ ਗੁਰੂ-ਗੱਦੀ ਨੂੰ ਪ੍ਰਾਪਤ ਹੋਏ ।

ਹੁਣ ਮਾਤਾ ਕਿਸ਼ਨ ਕੌਰ ਜੀ ਚਾਹੁੰਦੇ ਸਨ ਕਿ ਉਨ੍ਹਾਂ ਦੀ ਬੇਟੀ ਦੀ ਸ਼ਾਦੀ ਹੋ ਜਾਵੇ ਤਾਂ ਜੁ ਉਹ ਆਪਣੀ ਇਸ ਜ਼ਿੰਮੇਵਾਰੀ ਤੋਂ ਸੁਰਖ਼ਰੂ ਹੋ ਸਕੇ ।

ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਿਆਈ ਦਾ ਤਿਲਕ ਅਕਤੂਬਰ 1661 ਈਸਵੀ ਨੂੰ ਲਗਾਇਆ ਗਿਆ । ਬੀਬੀ ਰੂਪ ਕੌਰ ਦੇ ਪਿਤਾ ਨੂੰ ਅਕਾਲ ਚਲਾਣਾ ਕੀਤਿਆਂ ਛੇ ਕੁ ਮਹੀਨੇ ਹੋ ਗਏ ਸਨ । ਮਾਤਾ ਕਿਸ਼ਨ ਕੌਰ ਚਾਹੁੰਦੇ ਸਨ ਕਿ ਬੇਟੀ ਰੂਪ ਕੌਰ ਦੀ ਸ਼ਾਦੀ ਕਰ ਕੇ ਉਹ ਸੁਰਖ਼ਰੂ ਹੋ ਜਾਣ ।

ਗੁਰੂ ਹਰਿ ਰਾਇ ਸਾਹਿਬ ਨੇ ਅਕਾਲ ਚਲਾਣਾ ਕੀਰਤਪੁਰ ਸਾਹਿਬ ਕੀਤਾ ਸੀ । ਇਥੇ ਹੀ ਬਾਲ-ਗੁਰੂ ਹਰਿਕ੍ਰਿਸ਼ਨ ਜੀ ਦੇ ਦਰਸ਼ਨਾਂ ਨੂੰ ਸੰਗਤਾਂ ਦੂਰੋਂ-ਨੇੜਿਓਂ ਹੁੰਮ-ਹੁਮਾ ਕੇ ਆ ਰਹੀਆਂ ਸਨ । ਵਿਸਾਖੀ ਦੇ ਮੌਕੇ 'ਤੇ ਬੜਾ ਭਾਰੀ ਇਕੱਠ ਸੀ ਤੇ ਇਸੇ ਸ਼ੁਭ ਅਵਸਰ 'ਤੇ ਬੀਬੀ ਰੂਪ ਕੌਰ ਦੇ ਸਗਨ ਦਾ ਕਾਰਜ ਸੰਪੰਨ ਹੋਇਆ ਤੇ ਦਾਦੀ ਬੱਸੀ ਤੇ ਮਾਤਾ ਕਿਸ਼ਨ ਕੌਰ ਹੁਣ ਬਹੁਤ ਹੀ ਨਿਹਾਲ ਸਨ ।

ਦਰਅਸਲ, ਗੁਰੂ-ਘਰ ਵਿਚ ਵਿਸਾਖੀ ਦਾ ਪੁਰਬ ਬੜੀ ਸ਼ਾਨ-ਸ਼ੌਕਤ ਨਾਲ ਮਨਾਇਆ ਜਾਂਦਾ ਰਿਹਾ ਹੈ । ਇਸ ਅਵਸਰ 'ਤੇ ਜਿਥੇ ਘਰ ਦੇ ਜੀਅ ਤੇ ਹੋਰ ਰਿਸ਼ਤੇਦਾਰ ਉੱਦਮ ਕਰ ਕੇ ਪਹੁੰਚਦੇ ਸਨ । ਉਥੇ ਸੰਗਤ ਵੀ ਜ਼ਰੂਰ ਪੁੱਜਦੀ ਸੀ । ਇਸ ਵਾਰ ਵੀ ਪਸਰੂਰ, ਜ਼ਿਲ੍ਹਾ ਸਿਆਲਕੋਟ, ਉਦੋਂ ਪੱਛਮੀ ਪੰਜਾਬ, ਹੁਣ ਪਾਕਿਸਤਾਨ ਵਿਚ ਭਾਈ ਪੈੜਾ ਮੱਲ ਖੱਤਰੀ ਆਪਣੇ ਪਰਿਵਾਰ ਸਹਿਤ ਗੁਰੂ ਹਰਿਕ੍ਰਿਸ਼ਨ ਦੇ ਦਰਸ਼ਨਾਂ ਨੂੰ ਆਇਆ । ਉਸ ਦੇ ਨਾਲ ਉਨ੍ਹਾਂ ਦਾ ਬੇਟਾ ਖੇਮਕਰਨ ਵੀ ਸੀ । ਇਸ ਪੁਰਬ 'ਤੇ ਦੋਹਾਂ ਪਿਉ-ਪੁੱਤਰਾਂ ਨੇ ਬੜੀ ਲਗਨ ਨਾਲ ਸੇਵਾ ਕੀਤੀ ਤੇ ਗੁਰੂ-ਘਰ ਦੀਆਂ ਖੁਸ਼ੀਆਂ ਵੀ ਪ੍ਰਾਪਤ ਕੀਤੀਆਂ ।

ਉਨ੍ਹਾਂ ਦੀ ਸੇਵਾ ਤੋਂ ਮਾਤਾ ਬੱਸੀ ਤੇ ਮਾਤਾ ਕਿਸ਼ਨ ਕੌਰ ਬੜੀਆਂ ਪ੍ਰਭਾਵਿਤ ਹੋਈਆਂ । ਉਨ੍ਹਾਂ ਦੋਹਾਂ ਨੇ ਭਾਈ ਪੈੜਾ ਮੱਲ ਨਾਲ ਗੱਲ ਕਰ ਕੇ ਬੀਬੀ ਰੂਪ ਕੌਰ ਦੀ ਮੰਗਣੀ ਖੇਮਕਰਨ ਨਾਲ ਕਰ ਦਿੱਤੀ । ਇਸ ਸੁਭਾਗ ਜੋੜੀ ਦਾ ਆਨੰਦ ਕਾਰਜ 3 ਦਸੰਬਰ ਸੰਨ 1662 ਈਸਵੀ ਵਿਚ ਹੋਇਆ । ਉਦੋਂ ਬੀਬੀ ਦੀ ਉਮਰ ਲੱਗਭਗ 14 ਵਰ੍ਹੇ ਦੀ ਸੀ ।

ਮਾਤਾ ਬੱਸੀ ਨੇ ਆਪਣੀ ਪੋਤਰੀ ਬੀਬੀ ਰੂਪ ਕੌਰ ਦੀ ਡੋਲੀ ਤੋਰਨ ਵੇਲੇ ਗੁਰੂ-ਘਰ ਦੀਆਂ ਪੰਜ ਅਮੁੱਲ ਵਸਤਾਂ ਦੇ ਕੇ ਉਨ੍ਹਾਂ ਨੂੰ ਅੰਗ-ਸੰਗ ਰੱਖਣ ਦੀ ਤਾਕੀਦ ਕੀਤੀ ਸੀ । ਇਨ੍ਹਾਂ ਵਸਤਾਂ ਵਿਚ :

1. ਗੁਰੂ ਨਾਨਕ ਦੇਵ ਜੀ ਦੀ ਸੇਲੀ ਤੇ ਟੋਪੀ
2. ਗੁਰੂ ਹਰਿਗੋਬਿੰਦ ਜੀ ਦੇ ਗਾਤਰੇ ਦੀ ਕਟਾਰ
3. ਗੁਰੂ ਜੀ ਦੇ ਮੁਖਾਰਬਿੰਦ ਤੋਂ ਉਚਾਰਨ ਕੀਤੀਆਂ ਸਾਖੀਆਂ ਦੀ ਪੋਥੀ ਅਤੇ ਰੇਹਲ ਜਿਸ ਤੇ ਪੋਥੀ ਦਾ ਪ੍ਰਕਾਸ਼ ਕੀਤਾ ਜਾਂਦਾ ਸੀ ।

ਜ਼ਾਹਿਰ ਹੈ, ਇਨ੍ਹਾਂ ਪੰਜ ਵਸਤਾਂ ਵਿਚੋਂ ਦੋ ਚੀਜ਼ਾਂ ਗੁਰੂ ਨਾਨਕ ਸਾਹਿਬ ਦੀਆਂ, ਤਿੰਨ ਦਾਦੇ ਸਾਹਿਬ ਦੀਆਂ : ਕਟਾਰ, ਪੋਥੀ ਤੇ ਰੇਹਲ ਸਨ । ਇਹ ਪੰਜੇ ਵਸਤਾਂ ਬੀਬੀ ਰੂਪ ਕੌਰ ਨੇ ਦਿਲ-ਜਾਨ ਨਾਲ ਸੰਭਾਲ ਕੇ ਪੂਰੀ ਜ਼ਿੰਦਗੀ ਪੂਰੇ ਆਦਰ ਤੇ ਸਨਮਾਨ ਨਾਲ ਰੱਖੀਆਂ । ਇਨ੍ਹਾਂ ਦਾ ਦੀਦਾਰ ਅੱਜ ਵੀ ਕੀਰਤਪੁਰ ਸਾਹਿਬ ਕੀਤਾ ਜਾ ਸਕਦਾ ਹੈ ।

ਸ਼ਾਦੀ ਤੋਂ ਬਾਅਦ ਬੀਬੀ ਰੂਪ ਕੌਰ ਤੇ ਉਨ੍ਹਾਂ ਦੇ ਪਤੀ ਖੇਮਕਰਨ ਕੀਰਤਪੁਰ ਸਾਹਿਬ ਵਿਚ ਆ ਕੇ ਵੱਸ ਗਏ । ਇਨ੍ਹਾਂ ਦੇ ਘਰ ਇਕ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਮ ਅਮਰ ਚੰਦ ਰੱਖਿਆ ਗਿਆ । ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਲਹਿਰ ਚਲਾਈ ਤਾਂ ਅਮਰ ਚੰਦ ਅੰਮ੍ਰਿਤਪਾਨ ਕਰ ਕੇ ਅਮਰ ਸਿੰਘ ਬਣ ਗਿਆ । ਇਨ੍ਹਾਂ ਦੀ ਔਲਾਦ ਅੱਜਕਲ੍ਹ ਆਪਣੇ ਆਪ ਨੂੰ ਸੋਢੀ ਅਖਵਾਉਂਦੀ ਹੈ ।

ਬੜੇ ਅਰਸੇ ਬਾਅਦ ਬੀਬੀ ਰੂਪ ਕੌਰ ਆਪਣੇ ਪਤੀ ਸਮੇਤ ਬਠੂੜ ਦੇ ਨੇੜੇ ਦਿਆਲਪੁਰ ਆਣ ਵੱਸੀ ਸੀ । ਸਿੱਖ ਇਤਿਹਾਸ ਅਨੁਸਾਰ ਜਦੋਂ ਬਾਲ ਗੁਰੂ ਹਰਿਕ੍ਰਿਸ਼ਨ ਜੀ 1664 ਈਸਵੀ ਦੇ ਮਹੀਨੇ ਦਿੱਲੀ ਲਈ ਰਵਾਨਾ ਹੋਏ ਤਾਂ ਰਸਤੇ ਵਿਚ ਪਹਿਲਾ ਪੜਾਅ ਉਨ੍ਹਾਂ ਨੇ ਆਪਣੀ ਭੈਣ ਕੋਲ ਦਿਆਲਪੁਰ ਹੀ ਕੀਤਾ । ਬੀਬੀ ਭੈਣ ਜਿਥੇ ਨਿੱਕੇ ਵੀਰ ਨੂੰ ਮਿਲ ਕੇ ਬਹੁਤ ਪ੍ਰਸੰਨ ਹੋਈ ਉਥੇ ਹੀ ਉਸ ਨੂੰ ਅੰਦਰੋਂ ਹੀ ਅਹਿਸਾਸ ਹੋ ਗਿਆ ਕਿ ਇਹ ਵੀਰ ਦਾ ਅੰਤਿਮ ਦੀਦਾਰ ਹੈ । ਇਸ ਲਈ, ਉਹ ਬਹੁਤ ਹੀ ਉਦਾਸ ਹੋ ਗਈ ।

ਬੀਬੀ ਰੂਪ ਕੌਰ ਦਾ ਪੇਕੇ ਪਰਿਵਾਰ 'ਚ ਬਹੁਤ ਆਦਰ ਸੀ । ਉਹ ਹਰ ਦੁੱਖ-ਸੁਖ ਦੀ ਸਾਂਝੀਵਾਲ ਵੀ ਸੀ । ਜਦੋਂ ਬੀਬੀ ਦਾ ਅਨੁਮਾਨ ਸੱਚ ਨਿਕਲਿਆ ਤੇ ਵੀਰ ਹਰਿਕ੍ਰਿਸ਼ਨ ਦਿੱਲੀ ਵਿਚ ਹੀ ਅਕਾਲ ਚਲਾਣਾ ਕਰ ਗਏ ਤਾਂ ਉਨ੍ਹਾਂ ਦੀ ਮਾਤਾ ਕਿਸ਼ਨ ਕੌਰ ਤੇ ਦਾਦੀ ਬੱਸੀ ਦਿੱਲੀ ਹੀ ਸਨ । ਇਹ ਸੋਚ ਕੇ ਰਿਸ਼ਤੇਦਾਰ ਤੇ ਸ਼ਰਧਾਲੂ ਕੀਰਤਪੁਰ ਆਣ ਕੇ ਗੁਰੂ ਜੀ ਦੇ ਅਕਾਲ ਚਲਾਣੇ ਦਾ ਦੁੱਖ ਪ੍ਰਗਟ ਕਰਨਗੇ, ਤਾਂ ਉਹ ਦਿਆਲਪੁਰ ਤੋਂ ਆਪਣੇ ਪੇ ਕੇ ਕੀਰਤਪੁਰ ਪੁੱਜ ਗਈ । ਏਥੇ ਹੀ ਗੁਰੂ ਤੇਗ ਬਹਾਦਰ ਜੀ ਵੀ ਆਪਣੇ ਪੋਤੇ ਗੁਰੂ ਹਰਿਕ੍ਰਿਸ਼ਨ ਜੀ ਦੀ ਪਰਚਾਉਣੀ ਕਰਨ ਬੀਬੀ ਰੂਪ ਕੌਰ ਪਾਸ ਆਏ ।

ਫਿਰ ਸਮਾਂ ਆਇਆ ਗੁਰੂ ਤੇਗ ਬਹਾਦਰ ਜੀ ਵੀ ਅਨੰਦਪੁਰ ਤੋਂ ਦਿੱਲੀ ਸ਼ਹੀਦੀ ਲਈ ਰਵਾਨਾ ਹੋਏ । ਉਹ ਵੀ ਕੀਰਤਪੁਰ ਆ ਕੇ ਇਕ ਰਾਤ ਰੁਕੇ । ਇਸ ਵਾਰ ਫਿਰ ਬੀਬੀ ਰੂਪ ਕੌਰ ਜਿਥੇ ਅਤਿਅੰਤ ਖੁਸ਼ ਹੋਈ ਉਥੇ ਅੰਤਾਂ ਦੀ ਮਾਯੂਸ ਵੀ । ਇਸ ਵੇਰਾਂ ਵੀ ਉਨ੍ਹਾਂ ਏਹੋ ਜੇਹਾ ਹੀ ਪ੍ਰਤੀਤ ਕੀਤਾ ਜੋ ਉਨ੍ਹਾਂ ਗੁਰੂ ਹਰਿਕ੍ਰਿਸ਼ਨ ਜੀ ਸਮੇਂ ਕੀਤਾ ਸੀ, ਅਥਵਾ ਇਹ ਮਿਲਣੀ ਗੁਰੂ ਤੇਗ ਬਹਾਦਰ ਜੀ ਨਾਲ ਆਖਰੀ ਸੀ ।

ਹੁਣ ਉਹ ਦਿਨ ਵੀ ਆਇਆ ਜਦੋਂ ਦਸਮ ਪਾਤਸ਼ਾਹ ਨੂੰ ਗੁਰਿਆਈ ਦਾ ਤਿਲਕ ਲਗਾ ਕੇ ਬੀਬੀ ਰੂਪ ਕੌਰ ਆਪਣੀ ਮਾਤਾ ਕਿਸ਼ਨ ਕੌਰ ਨੂੰ ਨਾਲ ਲੈ ਕੇ ਅਨੰਦਪੁਰ ਪਹੁੰਚ ਕੇ ਦਸਮ ਗੁਰੂ ਨੂੰ ਵਧਾਈ ਦਿੱਤੀ ।

ਜਦੋਂ ਦਸਮ ਗੁਰੂ ਪਾਉਂਟੇ ਤੋਂ ਭੰਗਾਣੀ ਦੀ ਜੰਗ ਜਿੱਤ ਕੇ ਵਾਪਸ ਆਏ ਤਾਂ ਅਨੰਦਪੁਰ ਵਾਪਸ ਜਾਂਦੇ ਹੋਏ ਤਿੰਨ ਦਿਨਾਂ ਲਈ ਰਾਹ ਵਿਚ ਕੀਰਤਪੁਰ ਰੁਕੇ । ਉਦੋਂ ਵੀ ਬੀਬੀ ਰੂਪ ਕੌਰ ਨੇ ਰੱਜ-ਰੱਜ ਗੁਰਾਂ ਦੇ ਦਰਸ਼ਨ ਪਾਏ । ਦਸਮ ਗੁਰੂ ਦੂਸਰੀ ਵਾਰ ਜਦੋਂ ਧਮਧਾਨ ਨਗਰ ਤੋਂ ਵਾਪਸ ਅਨੰਦਪੁਰ ਜਾ ਰਹੇ ਸਨ ਤਾਂ ਵੀ ਬੀਬੀ ਰੂਪ ਕੌਰ ਨੂੰ ਕੀਰਤਪੁਰ ਆ ਕੇ ਮਿਲੇ ਸਨ । ਇਥੋਂ ਹੀ ਅਮਰਚੰਦ ਗੁਰੂ ਜੀ ਦੇ ਨਾਲ ਅਨੰਦਪੁਰ ਸਾਹਿਬ ਚਲਾ ਗਿਆ ਤੇ ਖਾਲਸਾ ਸਾਜਨਾ ਵੇਲੇ ਉਹ ਅੰਮ੍ਰਿਤ ਛਕ ਕੇ ਅਮਰਚੰਦ ਤੋਂ ਅਮਰ ਸਿੰਘ ਹੋ ਗਿਆ ।

ਮਾਤਾ ਜੀਤੋ ਜੀ ਦੇ ਅਕਾਲ ਚਲਾਣੇ 'ਤੇ ਵੀ ਬੀਬੀ ਰੂਪ ਕੌਰ ਆਪਣੀ ਮਾਤਾ ਕਿਸ਼ਨ

ਕੌਰ ਤੇ ਆਪਣੇ ਭਤੀਜੇ ਬਾਬਾ ਸੌਰਜਮਲ ਦੇ ਸਪੁੱਤਰਾਂ ਸਮੇਤ ਦਸਮ ਪਾਤਸ਼ਾਹ ਕੋਲ ਦੁੱਖ ਪ੍ਰਗਟ ਕਰਨ ਲਈ ਆਏ ਸਨ ।

ਬੀਬੀ ਰੂਪ ਕੌਰ ਦਾ ਨਾਮ ਗੁਰੂ-ਇਤਿਹਾਸ ਵਿਚ ਇਕ ਲੇਖਿਕਾ ਜਾਂ ਸੰਪਾਦਿਕਾ ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ । ਇਸ ਤੱਥ ਦਾ ਰਤਾ ਕੁ ਵਿਸਥਾਰ ਉਚਿਤ ਹੈ । ਇਸ ਤੋਂ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਬੀਬੀ ਰੂਪ ਕੌਰ ਨੂੰ ਉਨ੍ਹਾਂ ਦੀ ਸ਼ਾਦੀ ਵੇਲੇ ਦਾਦੀ ਬੱਸੀ ਨੇ ਇਕ ਪੋਥੀ ਵੀ ਦਿੱਤੀ ਸੀ । ਇਹ ਪੋਥੀ ਛੇਵੇਂ ਪਾਤਸ਼ਾਹ ਨੇ ਤਿਆਰ ਕਰਵਾਈ ਸੀ । ਇਸ ਪੋਥੀ ਦੇ ਕੁਲ 559 ਪੰਨੇ ਹਨ ਤੇ 491 ਪੰਨਿਆਂ ਵਿਚ ਜਪੁਜੀ ਸਾਹਿਬ ਤੇ ਹੋਰ ਬਾਣੀਆਂ ਦਰਜ ਹਨ । ਅਨੁਮਾਨ ਹੈ, ਇਹ ਪੋਥੀ ਛੇਵੇਂ ਗੁਰੂ ਨੇ ਬੀਬੀ ਵੀਰੋ ਨੂੰ ਗੁਰਬਾਣੀ ਦਾ ਪਾਠ ਸਹੀ ਢੰਗ ਨਾਲ ਸਿਖਾਉਣ ਲਈ ਤਿਆਰ ਕਰਵਾਈ ਸੀ । ਇਹ ਪੋਥੀ ਸੱਤਵੇਂ ਗੁਰੂ ਪਾਸ ਕਦੋਂ ਤੇ ਕਿਵੇਂ ਪੁੱਜੀ, ਇਹ ਖੋਜ ਦਾ ਮੁਹਤਾਜ ਹੈ । ਪਰ ਇਤਿਹਾਸ ਸਾਖੀ ਹੈ ਕਿ ਬੀਬੀ ਰੂਪ ਕੌਰ ਨੇ 492 ਤੋਂ ਸ਼ੁਰੂ ਕਰ ਕੇ 559 ਸਫ਼ੇ ਤਕ ਉਹ ਸਾਖੀਆਂ ਦਰਜ ਕੀਤੀਆਂ ਜੋ ਸੱਤਵੇਂ ਪਾਤਸ਼ਾਹ ਨੇ ਉਨ੍ਹਾਂ ਨੂੰ ਲਿਖਵਾਈਆਂ । ਇਹ ਪੋਥੀ ਅੱਜ ਵੀ ਕੀਤਰਪੁਰ ਮੰਜੀ ਸਾਹਿਬ ਗੁਰਦੁਆਰੇ ਵਿਚ ਬੀਬੀ ਦੀਆਂ ਹੋਰ ਵਸਤਾਂ ਸਮੇਤ ਸੰਭਾਲੀ ਪਈ ਹੈ । ਮਾਲੂਮ ਹੁੰਦਾ ਹੈ, ਦਾਦੀ ਅੰਮਾ ਇਸ ਗੱਲੋਂ ਸੁਚੇਤ ਸੀ ਕਿ ਇਹ ਪੋਥੀ ਬੇਟੀ ਨੂੰ ਸਿੱਖਿਅਤ ਕਰਨ ਲਈ ਹੀ ਤਿਆਰ ਕਰਵਾਈ ਗਈ ਸੀ । ਅੱਜਕਲ੍ਹ ਇਹ ਪੋਥੀ 'ਬੀਬੀ ਰੂਪ ਕੌਰ ਦੀਆਂ ਸਾਖੀਆਂ' ਕਰ ਕੇ ਪ੍ਰਸਿੱਧ ਹੈ ।

ਬੀਬੀ ਰੂਪ ਕੌਰ ਨੂੰ ਲੰਮਾ ਅਰਸਾ ਗੁਰੂ-ਪਰੰਪਰਾ, ਗੁਰੂ-ਪਰਿਵਾਰ ਨਾਲ ਰਹਿਣ ਤੇ ਜੁੜਨ ਦਾ ਸਮਾਂ ਮਿਲਿਆ ਹੈ । ਉਹ ਧੀ ਦੇ ਰੂਪ ਵਿਚ ਪਿਤਾ ਹਰਿ ਰਾਇ ਨਾਲ ਜੁੜੀ ਰਹੀ । ਭੈਣ ਰੂਪ ਵਿਚ ਗੁਰੂ ਹਰਿਕ੍ਰਿਸ਼ਨ ਨੂੰ ਲਡਿਆਇਆ ਤੇ ਸਤਿਕਾਰਿਆ । ਪਰਿਵਾਰਕ ਸੰਬੰਧਾਂ ਲਈ ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਨਿੱਘ-ਨੇੜਤਾ ਰੱਖਦੀ ਰਹੀ । ਇਹ ਬੀਬੀ ਸੁਰਤਿ ਕਰ ਕੇ ਉੱਚੀ ਅਵਸਥਾ ਨੂੰ ਪ੍ਰਾਪਤ ਸੀ ਤਾਂਹੀਉਂ ਤਾਂ ਦੋਵੇਂ ਵਾਰ ਅੱਠਵੇਂ ਤੇ ਨੌਵੇਂ ਗੁਰੂ ਦਾ ਅੰਤਿਮ ਦੀਦਾਰ ਸੋਚ ਕੇ ਵੈਰਾਗ ਵਿਚ ਆ ਗਈ । ਇਸ ਬੀਬੀ ਦਾ ਪਰਿਵਾਰਕ, ਸਮਾਜਿਕ ਤੇ ਗੁਰੂ-ਘਰ ਦੀ ਸੇਵਾ-ਸੰਭਾਲ ਵਿਚ ਬਹੁਤ ਵੱਡਾ ਯੋਗਦਾਨ ਹੈ । ਉਹ ਸਮੇਂ-ਸਮੇਂ ਪੇਕੇ ਪਰਿਵਾਰ ਵਿਚ ਪਹੁੰਚ ਕੇ ਦੁੱਖ-ਸੁਖ ਵੰਡਾਉਂਦੀ ਰਹੀ । ਗੁਰੂ-ਘਰ ਦੀ ਮਾਣ-ਮਰਿਆਦਾ ਨੂੰ ਦ੍ਰਿੜ੍ਹ ਕਰਵਾਉਂਦੀ ਰਹੀ । ਹੋਰ ਤਾਂ ਹੋਰ ਲਿਖਿਤ-ਸੰਸਾਰ ਵਿਚ ਵੀ ਆਪਣਾ ਯੋਗਦਾਨ ਪਾ ਗਈ ।

ਸੰਖੇਪ ਵਿਚ, ਇਹ ਕਿਹਾ ਜਾ ਸਕਦਾ ਹੈ, ਗੁਰੂ ਸਾਹਿਬਾਂ ਦੀਆਂ ਸਪੁੱਤਰੀਆਂ ਦਾ ਯੋਗਦਾਨ ਵੀ ਗੁਰੂ-ਘਰ ਦੇ ਵਿਸਥਾਰ ਵਿਚ ਘੱਟ ਨਹੀਂ । ਬੀਬੀ ਅਮਰੋ ਦੀ ਉਚੇਰੀ ਸੁਰਤਿ ਤੇ ਗੁਰਮੁਖਿ ਰਹਿਣੀ-ਬਹਿਣੀ ਕਰ ਕੇ ਹੀ ਗੁਰੂ ਅਮਰਦਾਸ ਜੀ ਤੇ ਗੁਰੂ ਅੰਗਦ ਦੇਵ ਜੀ ਦਾ ਸੁਮੇਲ ਹੋਇਆ । ਬੀਬੀ ਅਮਰੋ ਦੀ ਸੁਰੀਲੀ ਸੁਰ ਉਸ ਦਾ ਸਪੱਸ਼ਟ ਉਚਾਰਣ ਹੀ ਉਸ ਅਕਹਿ ਅਨੰਦ ਦਾ ਪ੍ਰਦਾਤਾ ਬਣਿਆ ਕਿ ਗੁਰੂ ਅਮਰਦਾਸ ਜੀ ਬਲਿਹਾਰ ਹੋਣੋਂ ਨਾ ਰਹਿ ਸਕੇ । ਬੀਬੀ ਅਮਰੋ ਦਾ ਜੀਵਨ ਇਕ ਹੋਰ ਸੰਦੇਸ਼ ਦੇਂਦਾ ਹੈ । ਹੱਥ ਨਾਲ ਕਿਰਤ ਕਰੋ । ਚਿੱਤ ਨਾਲ ਪ੍ਰਭੂ ਦਾ ਸਿਮਰਨ ਕਰੋ ।

ਬੀਬੀ ਅਣੋਖੀ ਦਾ ਜੀਵਨ-ਸੰਦੇਸ਼ ਖ਼ਾਮੋਸ਼ ਰਹਿ ਕੇ, ਆਪਾ ਭਾਵ ਨਾ ਜਣਾ ਕੇ, ਆਪਣੇ

ਬਜ਼ੁਰਗਾਂ ਦੀ ਸੇਵਾ ਵਿਚ ਰੱਤੇ ਰਹੋ। ਇਹ ਗੱਲ ਅੱਜ ਵੀ ਉਤਨੀ ਹੀ ਸਾਰਥਕ ਹੈ ਜਿਤਨੀ ਕਿ ਉਦੋਂ ਸੀ। ਬੀਬੀ ਅਣੋਖੀ ਸੰਜੀਦਗੀ ਦੀ ਮੂਰਤਿ ਹੈ। ਉਹ ਤਾਂ ਗੁਰੂ ਦੀ ਸੱਚੀ ਸਿਦਕਣ ਸੀ। ਉਹ ਆਪਣੇ ਪਿਤਾ ਦੀ ਉੱਚੀ ਸੁਰਤ ਅਤੇ ਲਗਨ ਤੋਂ ਵਾਕਿਫ਼ ਸੀ। ਉਹ ਵੀ ਆਪਣੀ ਭੈਣ ਵਾਂਗ ਬਾਣੀ-ਪਾਠ ਨਾਲ ਜੁੜੀ ਰਹੀ। ਇਹ ਗੱਲ ਵੱਖਰੀ ਹੈ ਕਿ ਇਤਿਹਾਸ ਦੇ ਪੰਨੇ ਉਸ ਪ੍ਰਤੀ ਮੂਕ ਹੀ ਰਹੇ। ਗੁਰੂ ਅਮਰਦਾਸ ਜੀ ਦੀਆਂ ਸਪੁੱਤਰੀਆਂ : ਬੀਬੀ ਦਾਨੀ ਅਤੇ ਬੀਬੀ ਭਾਨੀ, ਸੇਵਾ-ਸਿਮਰਨ ਦੀਆਂ ਮੂਰਤਾਂ ਸਨ। ਜਦੋਂ ਗੁਰੂ ਅਮਰਦਾਸ ਰੇਸ਼ਮ ਦਾ ਵਪਾਰ ਕਰਦੇ-ਕਰਦੇ ਘਰ-ਗ੍ਰਿਹਸਥੀ ਨੂੰ ਆਪਣੀ ਪਤਨੀ ਮਾਤਾ ਮਨਸਾ ਦੇਵੀ 'ਤੇ ਛੱਡ ਕੇ ਆਪ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਆ ਗਏ ਤਾਂ ਉਸ ਵੇਲੇ ਮਾਤਾ ਮਨਸਾ ਦੇਵੀ ਆਪਣੀਆਂ ਸਪੁੱਤਰੀਆਂ ਦੇ ਸਹਿਯੋਗ ਨਾਲ ਘਰ-ਬਾਰ ਚਲਾਉਂਦੇ ਰਹੇ। ਜਦੋਂ ਦੋਵੇਂ ਸਪੁੱਤਰੀਆਂ ਗ੍ਰਿਹਸਥੀ ਹੋ ਗਈਆਂ ਤਾਂ ਵੀ ਆਪਣੇ ਪਤੀਆਂ ਸਮੇਤ ਗੁਰੂ-ਘਰ ਦੀ ਸੇਵਾ ਨਾਲ ਜੁੜੀਆਂ ਰਹੀਆਂ। ਇਤਿਹਾਸ ਸਾਖੀ ਹੈ, ਜੇ ਬੀਬੀ ਭਾਨੀ ਦੇ ਪਤੀ ਜੇਠਾ ਜੀ, ਤੀਸਰੇ ਗੁਰੂ ਦੇ ਹੁਕਮ ਅਨੁਸਾਰ ਗੁਰੂ ਕੇ ਚੱਕ (ਅੰਮ੍ਰਿਤਸਰ) ਦੀ ਕਾਰ ਸੇਵਾ ਵਿਚ ਲੱਗੇ ਰਹੇ ਤਾਂ ਬੀਬੀ ਦਾਨੀ ਆਪਣੇ ਪਤੀ ਭਾਈ ਰਾਮਾ ਸਮੇਤ ਗੋਇੰਦਵਾਲ ਵਿਚ ਬਾਉਲੀ ਸਾਹਿਬ ਤੇ ਹੋਰ ਕਾਰ ਸੇਵਾ ਵਿਚ ਤੱਤਪਰ ਰਹੇ। ਬੀਬੀ ਦਾਨੀ ਮਾਤਾ ਨਾਲ ਘਰੇਗੀ ਜ਼ਿੰਮੇਵਾਰੀਆਂ ਪੂਰੀਆਂ ਕਰਦੀ ਰਹੀ ਤੇ ਬੀਬੀ ਭਾਨੀ ਪਿਤਾ-ਗੁਰੂ ਦੀ ਨਿੱਜੀ ਸੇਵਾ ਵਿਚ ਲੀਨ ਰਹੀ। ਦੋਹਾਂ ਬੱਚੀਆਂ ਨੇ ਘਰ-ਪਰਿਵਾਰ ਦੀ ਰੱਜਵੀਂ ਸੇਵਾ ਕੀਤੀ ਤੇ ਗੁਰੂ-ਮਿਸ਼ਨ ਵਿਚ ਵੀ ਅਮੁੱਲਾ ਯੋਗਦਾਨ ਪਾਇਆ।

ਗੁਰੂ ਹਰਿਗੋਬਿੰਦ ਜੀ ਦੀ ਸਪੁੱਤਰੀ ਬੀਬੀ ਵੀਰੋ ਨੇ ਗੁਰੂ-ਘਰ ਵਿਚ ਇਕ ਨਵਾਂ ਆਦਰਸ਼ ਕਾਇਮ ਕੀਤਾ। ਇਹ ਬੀਬੀ ਨਾ ਕੇਵਲ ਖ਼ੁਦ ਆਪ ਹੀ ਗੁਰੂ-ਪਿਤਾ ਨਾਲ ਜੁੜੀ ਰਹੀ ਸਗੋਂ ਇਸ ਦਾ ਪਤੀ ਤੇ ਸਹੁਰਾ ਪਰਿਵਾਰ ਵੀ ਸਦਾ ਗੁਰੂ ਜੀ ਦੀ ਸੇਵਾ ਵਿਚ ਰਹੇ। ਹੋਰ ਤਾਂ ਹੋਰ ਜੋ ਪੰਜਾਂ ਭਰਾਵਾਂ ਦੀ ਲਾਡਲੀ ਭੈਣ ਸੀ, ਤੇ ਜਿਹਨੇ ਖ਼ੁਦ ਆਪ ਵੀ ਪੰਜ ਬੀਰ ਪੁੱਤਰਾਂ ਨੂੰ ਜਨਮ ਦਿੱਤਾ। ਗੁਰੂ ਤੇਗ ਬਹਾਦਰ ਜੀ ਭੈਣ ਵੀਰੋ ਤੇ ਭਾਣਜਿਆਂ ਨੂੰ ਸੰਘਣਾ ਪਿਆਰ ਦੇਂਦੇ ਰਹੇ। ਗੁਰੂ ਗੋਬਿੰਦ ਸਿੰਘ ਜੀ ਦੇ ਜੰਗਾਂ-ਯੁੱਧਾਂ ਵਿਚ ਇਨ੍ਹਾਂ ਪੰਜਾਂ ਵੀਰਾਂ ਨੇ ਲਾਸਾਨੀ ਭੂਮਿਕਾ ਨਿਭਾਈ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਭੂਆ-ਪੁੱਤ ਭਰਾ ਗੁਰੂ ਜੀ ਦੇ ਜੰਗਾਂ-ਯੁੱਧਾਂ ਵਿਚ ਸ਼ਹੀਦ ਹੋ ਕੇ ਅਮਰ ਹੋ ਗਏ। ਗੁਰੂ ਸਾਹਿਬਾਨ ਦੇ ਧਰਮ-ਯੁੱਧਾਂ ਵਿਚ ਜੇ ਸਿੱਖ-ਸੰਗਤ ਦੇ ਗੱਭਰੂ ਕੁਰਬਾਨ ਹੋ ਸਕਦੇ ਸਨ ਤਾਂ ਆਪਣੇ ਵੀਰ-ਭਰਾ ਵੀ ਸ਼ਹੀਦੀ ਦਾ ਜਾਮ ਪੀ ਸਕਦੇ ਸਨ। ਗੁਰੂ ਗੋਬਿੰਦ ਸਿੰਘ ਦੀ ਇਕੋ-ਇਕ ਲਾਡਲੀ ਭੂਆ ਆਪਣੇ ਭਤੀਜੇ ਦਸਮ ਗੁਰੂ ਦਾ ਬਹੁਤ ਹੀ ਆਦਰ-ਮਾਣ ਕਰਦੀ ਰਹੀ ਤੇ ਇਥੋਂ ਤਕ ਆਪਣੇ ਪੁੱਤਰਾਂ ਨੂੰ ਤਿਆਰ ਕਰ ਦਿੱਤਾ ਕਿ ਉਹ ਸਾਰੇ ਹੀ ਗੁਰੂ ਦੇ ਨਾਮ ਤੋਂ ਆਪਾ ਨਿਛਾਵਰ ਕਰ ਗਏ ਪਰ ਗੁਰੂ ਦੇ ਨਾਮ ਨੂੰ ਵੱਟਾ ਨਹੀਂ ਲਾਇਆ।

ਗੁਰੂ ਹਰਿ ਰਾਇ ਦੀ ਸਪੁੱਤਰੀ ਬੀਬੀ ਰੂਪ ਕੌਰ ਨੇ ਪਰਿਵਾਰਕ ਭੂਮਿਕਾ ਨੇ ਨਾਲ-ਨਾਲ ਲੇਖਨ-ਸੰਸਾਰ ਵਿਚ ਬੀਬੀਆਂ ਦਾ ਨਾਮ ਗੁਰੂ-ਘਰ ਵਿਚ ਉੱਚਾ ਕੀਤਾ। ਇਸ ਤੋਂ ਵੱਡਾ ਆਦਰ ਕਿਸੇ ਬੀਬੀ ਨੂੰ ਹੋਰ ਕੀ ਮਿਲ ਸਕਦਾ ਹੈ ਕਿ ਜੋ ਪੋਥੀ ਤਿਆਰ ਕਰਵਾਈ ਛੇਵੇਂ ਪਾਤਸ਼ਾਹ ਨੇ, ਸੰਪੂਰਣ ਕਰਵਾਈ ਸੱਤਵੇਂ ਗੁਰੂ ਨੇ ਤੇ ਮਸ਼ਹੂਰ ਹੋਈ ਬੀਬੀ ਰੂਪ ਕੌਰ ਦੇ

ਨਾਮ 'ਤੇ। ਇਹ ਸਾਰੀਆਂ ਗੁਰੂ-ਪੁੱਤਰੀਆਂ ਧੰਨਤਾ ਦੇ ਯੋਗ ਹਨ। ਨਿਰਣੈ ਵਜੋਂ, ਇਹ ਕਿਹਾ ਜਾ ਸਕਦਾ ਹੈ ਕਿ ਗੁਰੂ-ਪੁੱਤਰੀਆਂ ਦੇ ਸੰਖੇਪ ਜੀਵਨ-ਇਤਿਹਾਸ ਤੋਂ ਕੁਝ ਅਮੁੱਲ ਤੇ ਸਾਰ ਗਰਭਿਤ ਅੰਤਰ-ਦ੍ਰਿਸ਼ਟੀਆਂ ਪ੍ਰਾਪਤ ਹੁੰਦੀਆਂ ਹਨ। ਬੇਟੀ ਨੂੰ ਬਹੁਤ ਹੀ ਪਿਆਰ ਤੇ ਮੁਹੱਬਤ ਨਾਲ ਪਾਲੋ, ਉਸ ਦੀ ਵਿਦਿਆ ਵੱਲ ਉਚੇਚਾ ਧਿਆਨ ਦਿਓ ਜੇਹਾ ਕਿ ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਹਰਿ ਰਾਇ ਜੀ ਨੇ ਆਪਣੀਆਂ ਸਪੁੱਤਰੀਆਂ ਲਈ ਕੀਤਾ। ਇਹ ਉਨ੍ਹਾਂ ਦੀ ਉਚੇਰੇ ਪਾਲਣ-ਪੋਸਣ ਦਾ ਹੀ ਪ੍ਰਤਾਪ ਸੀ ਕਿ ਉਨ੍ਹਾਂ ਦੋਹਾਂ ਨੇ ਆਪੋ-ਆਪਣੇ ਸਮਿਆਂ ਵਿਚ ਨਾਮ ਕਮਾਏ। ਬੀਬੀ ਵੀਰੋ ਦੇ ਪੰਜੇ ਪੁੱਤਰ ਗੁਰੂ-ਮਿਸ਼ਨ ਤੋਂ ਕੁਰਬਾਨ ਹੋ ਗਏ। ਪਰ ਬੀਬੀ ਨੇ ਮੱਥੇ 'ਤੇ ਸ਼ਿਕਨ ਨਹੀਂ ਪਾਈ। ਬੀਬੀ ਰੂਪ ਕੌਰ ਸੁਘੜ ਸਿਆਣੀ ਪੰਜਾਬੀ ਸਾਹਿਤ ਦੀ ਪਹਿਲੀ ਸੰਪਾਦਿਕਾ ਦੇ ਰੂਪ ਵਿਚ ਸਾਹਮਣੇ ਆਈ ਜੋ ਆਪਣੇ-ਆਪ ਵਿਚ ਬਹੁਤ ਵੱਡੀ ਪ੍ਰਾਪਤੀ ਹੈ। ਦੂਸਰੀ ਅੰਤਰ-ਦ੍ਰਿਸ਼ਟੀ ਹੈ, ਰਿਸ਼ਤੇ-ਨਾਤੇ ਕਰਨ ਵੇਲੇ, ਲੜਕਿਆਂ ਦੇ ਗੁਣਾਂ ਨੂੰ ਵੇਖੋ, ਮਿੱਠੀ ਸੀਰਤ ਨੂੰ ਜਾਚੋ, ਅਮੀਰੀ-ਗਰੀਬੀ ਤਾਂ ਆਉਣੀ-ਜਾਣੀ ਚੀਜ਼ ਹੈ। ਗੁਰੂ ਅਮਰਦਾਸ ਜੀ ਨੂੰ ਘੁੰਙਣੀਆਂ ਵੇਚਦਾ ਗੱਭਰੂ ਭਾਅ ਗਿਆ। ਉਹ ਉਸ ਦੀ ਮਿੱਠੀ ਸੀਰਤ ਤੇ ਗਹਿਰ-ਗੰਭੀਰ ਸੁਭਾਅ 'ਤੇ ਲੁਭਾਅ ਗਏ। ਸਮੇਂ ਨੇ ਰੰਗ ਲਾਇਆ ਤੇ ਉਹ ਭਵਿੱਖ ਵਿਚ ਗੁਰੂ ਰਾਮਦਾਸ ਅਖਵਾਏ। ਗੁਰੂ ਹਰਿਗੋਬਿੰਦ ਸਾਹਿਬ ਨੇ ਬੀਬੀ ਵੀਰੋ ਲਈ ਗਰੀਬ ਘਰ ਦਾ ਲੜਕਾ ਪਸੰਦ ਕਰ ਲਿਆ। ਉਹ ਆਉਣ ਵਾਲੇ ਸਮੇਂ ਵਿਚ ਸਿੱਖ ਧਰਮ ਦਾ ਸਾਹਿਤਕਾਰ ਤੇ ਪ੍ਰਚਾਰਕ ਬਣ ਨਿੱਬੜਿਆ। ਉਸ ਨੇ ਜਪੁਜੀ ਸਾਹਿਬ ਦੀ ਸਰਲ ਵਿਆਖਿਆ ਕੀਤੀ। ਤੀਸਰੀ ਅੰਤਰ-ਦ੍ਰਿਸ਼ਟੀ ਦਾ ਮੂਕ ਸੰਕੇਤ ਗੁਰੂ ਸਾਹਿਬਾਨ ਨੇ ਕੀਤਾ। ਸੰਜੋਗ ਤਾਂ ਧੁਰੋਂ ਲਿਖੇ ਆਉਂਦੇ ਹਨ। ਜਗਿਆਸੂ ਤਾਂ ਵਾਧੂ ਭਟਕਣਾ ਵਿਚ ਪਏ ਰਹਿੰਦੇ ਹਨ। ਸਿਦਕ-ਸ਼ੁਕਰ ਨਾਲ ਸਮਾਜਿਕ ਵਰਤੋਂ-ਵਿਹਾਰ ਕਰੋ। ਮਾਲਕ ਖੁਸ਼ੀਆਂ ਦੇ ਖ਼ਜ਼ਾਨੇ ਵੀ ਦੇਵੇਗਾ ਤੇ ਇੱਜ਼ਤ-ਮਾਣ ਵੀ। ਇਸ ਤਰ੍ਹਾਂ ਲੋਕ ਸੁਖੀ ਤੇ ਪ੍ਰਲੋਕ ਸੁਹੇਲੇ ਦਾ ਮਾਣ-ਮੁਰਾਤਬਾ ਪ੍ਰਾਪਤ ਹੋਵੇਗਾ।

ਗੁਰੂ ਸਾਹਿਬਾਨਾਂ ਦੀਆਂ ਭੈਣਾਂ

ਗੁਰੂ-ਇਤਿਹਾਸ ਵਿਚ ਜਦੋਂ ਬੀਬੀਆਂ ਦੀ ਅਨੇਕ ਮੁੱਖ ਘਾਲਣਾ ਨੂੰ ਵਾਚਿਆ ਜਾਵੇ ਤਾਂ ਪਤਾ ਲੱਗਦਾ ਹੈ ਗੁਰੂ-ਮਿਸ਼ਨ ਦੀ ਪ੍ਰਫੁੱਲਤਾ ਲਈ ਸਰਬ-ਪ੍ਰਥਮ ਜਿਸ ਬੀਬੀ ਨੇ ਅਦੁੱਤੀ ਭੂਮਿਕਾ ਨਿਭਾਈ ਉਹ ਗੁਰੂ ਨਾਨਕ ਦੀ ਵੱਡੀ ਭੈਣ ਸੀ। ਬੇਬੇ ਨਾਨਕੀ ਦਾ ਨਾਮ ਗੁਰੂ-ਇਤਿਹਾਸ ਵਿਚ ਬਹੁਤ ਆਦਰ ਨਾਲ ਲਿਆ ਜਾਂਦਾ ਹੈ। ਸਿੱਖ ਧਰਮ ਨੂੰ ਧਾਰਣ ਕਰਨ ਦਾ ਸਰਬ ਪ੍ਰਥਮ ਗੌਰਵ ਭੈਣ ਨਾਨਕੀ ਨੂੰ ਪ੍ਰਾਪਤ ਹੈ। ਇਸ ਤਰ੍ਹਾਂ ਬੀਬੀ ਨਾਨਕੀ ਇਕ ਪਾਸੇ, ਰਿਸ਼ਤੇ ਵਿਚ ਬਾਬੇ ਨਾਨਕ ਦੀ ਵੱਡੀ ਭੈਣ ਹੈ, ਦੂਜੇ ਪਾਸੇ, ਪ੍ਰਥਮ ਅਨੁਯਾਈ ਵੀ, ਜਾਂ ਕਹੋ ਭੈਣ ਨਾਨਕੀ ਗੁਰੂ ਨਾਨਕ ਦਾ ਸਰਬ ਪ੍ਰਥਮ ਸਿੱਖ ਵੀ ਹੈ।

ਗੁਰੂ-ਇਤਿਹਾਸ ਵਿਚੋਂ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਤੇ ਗੁਰੂ ਹਰਿਗੋਬਿੰਦ ਜੀ ਦੀਆਂ ਭੈਣਾਂ ਦੇ ਸੰਕੇਤ ਪ੍ਰਾਪਤ ਨਹੀਂ ਹੁੰਦੇ। ਬੀਬੀ ਰੂਪ ਕੌਰ ਗੁਰੂ ਹਰਿ ਰਾਇ ਜੀ ਦੀ ਬੇਟੀ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਸੁਭਾਗੀ ਭੈਣ ਹੈ। ਇਸੇ ਤਰ੍ਹਾਂ ਬੀਬੀ ਵੀਰੋ ਗੁਰੂ ਤੇਗ ਬਹਾਦਰ ਜੀ ਦੀ ਲਾਡਲੀ ਭੈਣ ਤੇ ਗੁਰੂ ਹਰਿਗੋਬਿੰਦ ਜੀ ਸਪੁੱਤਰੀ ਹੈ। ਕੁਲ ਮਿਲਾ ਕੇ ਗੁਰੂ-ਇਤਿਹਾਸ ਵਿਚ ਤਿੰਨ ਭੈਣਾਂ ਦੇ ਸੰਕੇਤ ਪ੍ਰਾਪਤ ਹੁੰਦੇ ਹਨ :

1. ਬੇਬੇ ਨਾਨਕੀ ਭੈਣ ਗੁਰੂ ਨਾਨਕ ਦੇਵ ਜੀ
2. ਬੀਬੀ ਰੂਪ ਕੌਰ ਭੈਣ ਗੁਰੂ ਹਰਿਕ੍ਰਿਸ਼ਨ ਜੀ
3. ਬੀਬੀ ਵੀਰੋ ਭੈਣ ਗੁਰੂ ਤੇਗ ਬਹਾਦਰ ਜੀ।

ਇਕ ਗੱਲ ਤਾਂ ਬਹੁਤ ਹੀ ਸਪੱਸ਼ਟ ਹੈ ਕਿ ਗੁਰੂ-ਘਰ ਵਿਚ ਇਨ੍ਹਾਂ ਤਿੰਨ ਬੀਬੀਆਂ ਦੀ ਆਪੋ-ਆਪਣੀ ਘਾਲਣਾ ਹੈ। ਤਿੰਨਾਂ ਦੇ ਯੋਗਦਾਨ ਦੀ ਆਪਣੀ ਨਿਵੇਕਲੀ ਨੁਹਾਰ ਹੈ। ਬੇਬੇ ਨਾਨਕੀ ਜੇ ਵੀਰ ਨਾਨਕ ਦੇ ਮਿਸ਼ਨ ਨੂੰ ਸਮਰਪਿਤ ਹੈ ਤਾਂ ਬੀਬੀ ਰੂਪ ਕੌਰ ਵੀਰ ਗੁਰੂ ਹਰਿਕ੍ਰਿਸ਼ਨ ਜੀ ਤੋਂ ਵਾਰੇ-ਬਲਿਹਾਰੇ ਜਾਂਦੀ ਹੈ। ਬੀਬੀ ਵੀਰੋ ਨੇ ਤਾਂ ਆਪਣੇ ਵੀਰੇ ਗੁਰੂ ਤੇਗ ਬਹਾਦਰ ਜੀ ਨਾਲ ਅਤਿ ਨਿੱਘ ਦਾ ਰਿਸ਼ਤਾ ਪਾਲਿਆ। ਹੋਰ ਤਾਂ ਹੋਰ ਆਪਣੇ ਪੰਜੇ ਪੁੱਤ ਭਤੀਜੇ ਗੁਰੂ ਗੋਬਿੰਦ ਸਿੰਘ ਜੀ ਦੇ ਧਰਮ-ਯੁੱਧਾਂ ਦੇ ਲੇਖੇ ਲਾ ਦਿੱਤੇ। ਬੀਬੀ ਰੂਪ ਕੌਰ ਤੇ ਬੀਬੀ ਵੀਰੋ ਨੂੰ ਗੁਰੂ-ਪੁੱਤਰੀਆਂ ਹੋਣ ਦਾ ਮਾਣ ਵੀ ਪ੍ਰਾਪਤ ਹੈ। ਇਸ ਤਰ੍ਹਾਂ ਬੇਬੇ ਨਾਨਕੀ ਵਾਹਿਦ ਗੁਰੂ-ਭੈਣ ਦਾ ਰੋਲ ਨਿਭਾਉਂਦੇ ਨਜ਼ਰ ਆਉਂਦੇ ਹਨ।

ਬੇਬੇ ਨਾਨਕੀ

ਗੁਰੂ-ਇਤਿਹਾਸ ਨੂੰ ਵਾਚਦਿਆਂ ਜੋ ਗੁਰੂ-ਪਰਿਵਾਰਾਂ ਨਾਲ ਸੰਬੰਧਿਤ ਇਸਤਰੀਆਂ ਵਿਚੋਂ ਬੇਬੇ ਨਾਨਕੀ ਦੀ ਦੇਣ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਜਾਵੇ ਤਾਂ ਇਹ ਮੁਲਾਂਕਣ ਅਧੂਰਾ ਰਹਿ

ਜਾਂਦਾ ਹੈ । ਬੇਬੇ ਨਾਨਕੀ ਦਾ ਗੁਰੂ ਨਾਨਕ ਦੇਵ ਜੀ ਦੇ ਜੀਵਨ ਇਤਿਹਾਸ ਵਿਚ ਮਹੱਤਵਪੂਰਨ ਰੋਲ ਹੈ । ਬੇਬੇ ਨਾਨਕੀ ਨੇ ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਹੋਣ ਕਰ ਕੇ ਗੁਰੂ ਨਾਨਕ ਦੇਵ ਜੀ ਦੇ ਪਰਿਵਾਰਕ ਮਸਲਿਆਂ ਨੂੰ ਸੁਲਝਾਇਆ ਹੀ ਨਹੀਂ, ਸਗੋਂ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਗਏ ਧਰਮ ਨੂੰ ਅਪਣਾਉਣ ਵਾਲੀ ਉਹ ਪਹਿਲੀ ਬੀਬੀ ਜਾਂ ਅਨੁਯਾਈ ਸੀ । ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਧਰਮ ਨੂੰ ਬੇਬੇ ਨਾਨਕੀ ਨੇ ਸਮਝਿਆ । ਬੇਬੇ ਨਾਨਕੀ ਨੇ ਗੁਰੂ ਨਾਨਕ ਦੇਵ ਜੀ ਨੂੰ ਧਰਮ ਪ੍ਰਚਾਰ ਕਰਨ ਵਿਚ ਮਹੱਤਵਪੂਰਣ ਯੋਗਦਾਨ ਦਿੱਤਾ । ਸਿੱਖ ਧਰਮ ਦਾ ਕੇਂਦਰੀ ਨੁਕਤਾ ਅਕਾਲ ਪੁਰਖ ਦਾ ਜੱਸ ਗਾਇਨ ਅਥਵਾ ਕੀਰਤਨ ਹੈ । ਇਸ ਨੂੰ ਪ੍ਰਫੁੱਲਿਤ ਕਰਨ ਤੇ ਸਹਿਯੋਗ ਦੇਣ ਦਾ ਸਿਹਰਾ ਵੀ ਬੀਬੀ ਨੂੰ ਹੀ ਪ੍ਰਾਪਤ ਹੈ । ਬੀਬੀ ਨਾਨਕੀ ਨੇ ਵੀਰ ਨਾਨਕ ਨੂੰ ਜਿਥੇ ਰਬਾਬ ਖ਼ਰੀਦਣ ਲਈ ਮਾਇਆ ਭੇਟ ਕੀਤੀ ਉਥੇ ਮਰਦਾਨੇ ਰਬਾਬੀ ਨੂੰ ਗੁਰੂ ਜੀ ਦੇ ਸੰਗ-ਸਾਥ ਵਿਚ ਰਹਿਣ ਦਾ ਮਸ਼ਵਰਾ ਦਿੱਤਾ । ਪਿਆਰੇ ਵੀਰ ਨੂੰ ਘਰ ਦੀ ਸਾਰ-ਸੰਭਾਲ ਤੋਂ ਸੁਰਖ਼ਰੂ ਕਰ ਕੇ ਧਰਮ-ਪ੍ਰਚਾਰ ਲਈ ਜਾਣ ਦਿੱਤਾ । ਜਿੰਨੀ ਦੇਰ ਵੀਰ ਨਾਨਕ ਉਦਾਸੀਆਂ 'ਤੇ ਰਹੇ, ਬੀਬੀ ਨਾਨਕੀ ਨੇ ਉਨ੍ਹਾਂ ਦੇ ਘਰ-ਪਰਿਵਾਰ ਦੀ ਆਪ ਦੇਖਭਾਲ ਕੀਤੀ ।

ਬੀਬੀ ਨਾਨਕੀ ਬਾਬੇ ਨਾਨਕ ਤੋਂ ਪੰਜ ਸਾਲ ਵੱਡੀ ਸੀ । ਉਸ ਦੀ ਭੂਮਿਕਾ ਬਾਲ-ਸਾਥੀਆਂ ਵਾਲੀ ਹੈ, ਵੱਡੀ ਭੈਣ ਵਾਲੀ, ਘਰ ਦੀ ਵੱਡੀ ਧੀ ਹੋਣ ਕਰ ਕੇ ਜ਼ਿੰਮੇਵਾਰੀ ਵਾਲੀ, ਤੇ ਮਾਪਿਆਂ ਦੀ ਥਾਂ 'ਤੇ ਸੁਰੱਖਿਆ, ਸਹਾਇਤਾ ਕਰਨ ਵਾਲੀ ਵੀ ।

ਬੀਬੀ ਨਾਨਕੀ ਦੇ ਰੋਲ ਦੀ ਤੁਲਨਾ ਇਕ ਪੁਲ ਵਾਂਗ ਹੈ । ਉਹ ਮਾਪਿਆਂ ਤੇ ਵੀਰ ਦੇ ਦਰਮਿਆਨ ਇਕ ਪੁਲ ਵਾਂਗ ਕੰਮ ਕਰਦੀ ਰਹੀ ਹੈ । ਉਹ ਵੀਰ ਦੇ ਪਰਿਵਾਰ ਤੇ ਵੀਰ ਦਰਮਿਆਨ ਇਕ ਪੁਲ ਵਾਂਗ ਖਲੋਤੀ ਰਹੀ । ਵੀਰ ਨਿਸ਼ਚਿੰਤ ਹੋ ਕੇ ਬਾਹਰ ਪ੍ਰਚਾਰ ਕਰਦੇ ਰਹੇ; ਭੈਣ, ਭਤੀਜਿਆਂ ਤੇ ਭਰਜਾਈ ਦੀ ਸਾਰ-ਸੰਭਾਲ ਕਰਦੀ ਰਹੀ । ਉਹ ਰਿਸ਼ਤੇਦਾਰਾਂ ਤੇ ਵੀਰ ਦੇ ਦਰਮਿਆਨ ਵੀ ਇਕ ਕੜੀ ਦਾ ਕੰਮ ਕਰਦੀ ਸੀ । ਵੀਰ ਦੇ ਮਿਸ਼ਨ ਦੀ ਗੱਲ ਉਨ੍ਹਾਂ ਨੂੰ ਸਮਝਾਉਂਦੀ ਸੀ । ਦੂਜੇ ਪਾਸੇ, ਵੀਰ ਨੂੰ ਇਹ ਤਸੱਲੀ ਦੇਂਦੀ ਸੀ ਕਿ ਉਸ ਦਾ ਪਰਿਵਾਰ ਹਰ ਤਰ੍ਹਾਂ ਸੁਖੀ ਰਹਿ ਕੇ ਸਮਾਂ ਬਿਤਾ ਰਿਹਾ ਹੈ । ਇਹੋ ਪ੍ਰੇਮ ਦੀ ਸਭ ਤੋਂ ਵੱਡੀ ਨਿਸ਼ਾਨੀ ਹੈ । ਬੇਬੇ ਨਾਨਕੀ ਵੀਰ ਦੇ ਕਾਰਣ ਦੁੱਖ ਸਹਾਰਦੀ ਰਹੀ ਪਰ ਵੀਰ ਤਕ ਸਦਾ ਸੁਖ ਦੀ ਖ਼ਬਰ ਹੀ ਪਹੁੰਚਾਈ ।

ਬੀਬੀ ਵੀਰੋ

ਬੀਬੀ ਵੀਰੋ ਛਠਮ ਗੁਰੂ ਦੀ ਪ੍ਰੱਤਰੀ ਤੇ ਪੰਜਾਂ ਭਰਾਵਾਂ ਦੀ ਭੈਣ ਸੀ । ਦੋ ਭਰਾ ਅਟਲ ਰਾਇ ਤੇ ਬਾਬਾ ਅਣੀ ਰਾਇ ਤਾਂ ਛੋਟੀ ਉਮਰ ਵਿਚ ਹੀ ਚੜ੍ਹਾਈ ਕਰ ਗਏ । ਬਾਬਾ ਗੁਰਦਿੱਤਾ ਜੀ ਦਾ ਲਾਡਲਾ ਗੁਰੂ ਹਰਿ ਰਾਇ ਛੇਵੇਂ ਗੁਰੂ ਤੋਂ ਬਾਅਦ ਗੁਰੂ-ਗੱਦੀ ਨੂੰ ਪ੍ਰਾਪਤ ਹੋਇਆ । ਬਾਬਾ ਸੂਰਜ ਮੱਲ ਵੱਡਾ ਹੋਣ ਕਰ ਕੇ ਆਪਣੇ ਛੋਟੇ ਵੀਰ ਨਾਲ ਈਰਖਾ ਕਰਦਾ ਸੀ । ਜ਼ਾਹਿਰ ਹੈ, ਬੀਬੀ ਹੀ ਛੇਵੇਂ ਗੁਰੂ ਸਾਹਿਬ ਦੇ ਬੱਚਿਆਂ ਵਿਚੋਂ ਅਜਿਹੀ ਸੀ, ਜੋ ਗੁਰੂ ਤੇਗ ਬਹਾਦਰ ਜੀ ਨੂੰ ਤਨੋਂ-ਮਨੋਂ ਪਿਆਰਦੀ ਸੀ । ਭੈਣ ਦੇ ਤੌਰ ਤੇ ਬੀਬੀ ਵੀਰੋ ਦੇ ਜੀਵਨ-ਬ੍ਰਿਤਾਂਤ ਉੱਪਰ ਜੇ ਝਾਤ ਮਾਰੀਏ ਤਾਂ ਇਸ ਬੀਬੀ ਦਾ ਜੋ ਬਿੰਬ ਉਜਾਗਰ ਹੁੰਦਾ ਹੈ, ਉਹ ਆਪਾ ਵਾਰਨ

ਵਾਲੀ ਭੈਣ ਦਾ ਹੈ । ਜਦੋਂ ਗੁਰੂ ਤੇਗ ਬਹਾਦਰ ਜੀ ਗੁਰੂ-ਰੂਪ ਵਿਚ ਉਜਾਗਰ ਹੋਏ ਤਾਂ ਗੁਰੂ ਨਾਨਕ ਨਾਮ ਲੇਵਾ ਤਾਂ ਸ਼ਰਧਾ ਵਿਚ ਪਰੁੱਚੇ ਗੁਰੂ-ਦਰਸ਼ਨਾਂ ਨੂੰ ਆਏ ਪਰ ਪਰਿਵਾਰ ਵਿਚੋਂ ਕਿਸੇ ਵੀਰੇ ਦਾ ਪਰਿਵਾਰ ਖੁਸ਼ ਨਹੀਂ ਹੋਇਆ । ਕੇਵਲ ਇਕੋ-ਇਕ ਭੈਣ ਵੀਰੋ ਹੀ ਸੀ, ਜਿਸ ਦਾ ਚਾਅ ਮਿਉਂਦਾ ਨਹੀਂ ਸੀ ।

ਗੁਰੂ ਸਾਹਿਬ ਧੀਰਮਲੀਆਂ ਦੀ ਈਰਖਾ ਤੋਂ ਕਿਨਾਰਾ ਕਰ ਕੇ ਜਿਵੇਂ ਹੀ ਮਾਖੋਵਾਲ ਨਾਨਕੀ ਚੱਕ ਆਏ, ਬੀਬੀ ਵੀਰੋ ਆਪਣੇ ਪੰਜਾਂ ਪੁੱਤਾਂ ਸਮੇਤ ਆਪਣੇ ਲਾਡਲੇ ਵੀਰ ਦੇ ਦਰਸ਼ਨਾਂ ਨੂੰ ਆਈ । ਪੰਜਾਂ ਭਾਣਜਿਆਂ ਨੇ ਨੌਵੇਂ ਗੁਰੂ ਜੀ ਨੂੰ ਆਣ ਨਮਸਕਾਰ ਕੀਤੀ । ਪੰਜੇ ਭਾਣਜੇ ਸੋਹਣੇ-ਸੁਨੱਖੇ, ਛੈਲ-ਛਬੀਲੇ ਤੇ ਆਗਿਆਕਾਰੀ ਸਨ । ਗੁਰੂ ਪਾਤਸ਼ਾਹ ਨੇ ਰੱਜ-ਰੱਜ ਅਸੀਸਾਂ ਦਿੱਤੀਆਂ । ਇਹ ਪੰਜੇ ਸੈਨਿਕ ਬਿਰਤੀ ਦੇ ਮਾਲਕ ਸਨ, ਪੰਜਾਂ ਨੂੰ ਨੌਵੇਂ ਗੁਰੂ ਦੀ ਥਾਪੀ ਮਿਲ ਗਈ । ਗੱਲਾਂ-ਗੱਲਾਂ ਵਿਚ ਹੀ ਗੁਰੂ ਨੇ ਅਜਿਹੇ ਦਾਅ-ਪੇਚ ਦੱਸ ਦਿੱਤੇ ਕਿ ਉਹ ਲਾਸਾਨੀ ਯੋਧੇ ਬਣ ਨਿੱਤਰੇ । ਬੀਬੀ ਵੀਰੋ ਭਾਈਚਾਰਕ ਤੌਰ ਤੇ ਅਸਰ-ਰਸੂਖ ਵਾਲੀ ਬੀਬੀ ਸੀ । ਉਸ ਨੇ ਆਪਣੇ ਵੀਰਨ ਨੂੰ ਗੁਰੂ-ਰੂਪ ਸਮਝ ਕੇ ਆਪ ਵੀ ਮੱਥਾ ਟੇਕਿਆ ਤੇ ਆਪਣੇ ਪਰਿਵਾਰ ਨੂੰ ਗੁਰੂ-ਘਰ ਨਾਲ ਇਤਨਾ ਡੂੰਘਾ ਜੋੜਿਆ ਕਿ ਬੀਬੀ ਦੇ ਪੰਜਾਂ ਪੁੱਤਾਂ ਨੂੰ ਨੌਵੇਂ ਗੁਰੂ ਜੀ ਨੇ ਆਪਣੇ ਦੁਲਾਰੇ ਗੁਰੂ ਗੋਬਿੰਦ ਸਿਘ ਨੂੰ ਸੈਨਿਕ ਵਿਦਿਆ ਦੇਣ ਲਈ ਉਤਸ਼ਾਹਿਤ ਕੀਤਾ । ਇਸ ਤਰ੍ਹਾਂ ਇਹ ਸਾਰੇ ਹੀ ਦਸਮ ਗੁਰੂ ਦੇ ਸੈਨਿਕ ਸਿਖਲਾਈ ਦੇ ਉਸਤਾਦ ਸਨ । ਇਹ ਪੰਜੇ ਆਪਣੇ ਮਾਮੇ ਗੁਰੂ ਦੇ ਸਮੇਂ ਤੋਂ ਗੁਰੂ-ਘਰ ਦੀ ਫ਼ੌਜ ਦਾ ਅੰਗ ਬਣ ਗਏ । ਤੇ ਜਦੋਂ ਸਮਾਂ ਆਇਆ ਤਾਂ ਇਹ ਦਸਮ ਗੁਰੂ ਦੀ ਫ਼ੌਜ ਵਿਚ ਚੰਗੀਆਂ ਪਦਵੀਆਂ 'ਤੇ ਸਨਮਾਨਿਤ ਹੋ ਕੇ ਯੋਧਿਆਂ ਵਾਂਗ ਲੜੇ ਤੇ ਸ਼ਹੀਦੀਆਂ ਪਾਈਆਂ । ਇਹ ਬੀਬੀ ਵੀਰੋ ਦਾ ਹੀ ਪ੍ਰਤਾਪ ਸੀ ਕਿ ਉਸ ਨੇ ਪਹਿਲਾਂ ਆਪਣੇ ਵੀਰਨ, ਤੇ ਫੇਰ ਭਤੀਜੇ ਗੁਰੂ ਨਾਲ ਮੇਲ-ਮਿਲਾਪ ਬਣਾਈ ਰੱਖਿਆ । ਬੀਬੀ ਦੇ ਹੋਣਹਾਰ ਸਪੁੱਤਰਾਂ ਨੇ ਸਦਾ ਆਪਣੀ ਮਾਤਾ ਦੀ ਆਗਿਆ ਅੱਗੇ ਸਿਰ ਨਿਵਾਇਆ । ਇਹ ਬੱਚੇ ਜਿਥੇ ਸੂਰਬੀਰ ਯੋਧੇ ਸਨ, ਉਥੇ ਗੁਰੂ-ਘਰ ਦੀ ਸੇਵਾ ਵਿਚ ਵੀ ਸਦਾ ਲੱਗੇ ਰਹਿੰਦੇ ।

ਬੀਬੀ ਦੇ ਵੀਰਨ ਜਦੋਂ ਬਕਾਲੇ ਤੋਂ ਆਏ ਤਾਂ ਪਹਿਲਾਂ ਕੀਰਤਪੁਰ ਗਏ । ਉਥੇ ਵੱਡੇ ਵੀਰ ਤੇ ਸੂਰਜ ਮਲ ਦਾ ਪਰਿਵਾਰ ਨਾਖ਼ੁਸ਼ ਦਿਸਿਆ । ਹੁਣ ਨੌਵੇਂ ਪਾਤਸ਼ਾਹ ਉਥੋਂ ਚਲ ਮਾਖੋਵਾਲ ਆ ਗਏ । ਇਹ ਨਵੀਂ ਥਾਂ ਆਬਾਦ ਕਰਨੀ ਸੀ । ਇਥੇ ਹੀ ਨਾਨਕੀ ਚੱਕ ਵਿਚ ਇਮਾਰਤ ਉਸਾਰੀ ਗਈ । ਗੁਰੂ ਕੇ ਮਹਿਲ ਤੇ ਸਤਿਸੰਗ ਦੇ ਸਥਾਨ ਬਣਾਏ ਗਏ । ਲੰਗਰ ਦਾ ਪ੍ਰਬੰਧ ਕੀਤਾ ਗਿਆ । ਮੁਗਲਾਂ ਦੇ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਲੋਕਾਂ ਨੂੰ ਜਾਗ੍ਰਿਤ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ । ਇਸ ਸਾਰੇ ਕੁਝ ਵਿਚ ਬੀਬੀ ਵੀਰੋ ਅਤੇ ਉਸ ਦੇ ਪਰਿਵਾਰ ਦੀ ਭੂਮਿਕਾ ਮਹੱਤਵਯੋਗ ਸੀ । ਬੀਬੀ ਵੀਰੋ ਦਾ ਪਰਿਵਾਰ, ਉਸ ਦਾ ਪਤੀ ਸਾਧੂ ਤੇ ਬੀਬੀ ਦਾ ਸਹੁਰਾ ਭਾਈ ਧਰਮਾ, ਵੀ ਇਨ੍ਹਾਂ ਕਾਰਜਾਂ ਨੂੰ ਤਨਦੇਹੀ ਨਾਲ ਕਰ ਰਹੇ ਸਨ । ਭੈਣ ਵੀਰੋ ਨੇ, ਵੀਰ ਗੁਰੂ ਤੇਗ ਬਹਾਦਰ ਦੁਆਰਾ ਸ਼ੁਰੂ ਕੀਤੇ ਗਏ ਸਾਰੇ ਕਾਰਜਾਂ ਵਿਚ ਮਹੱਤਵਪੂਰਣ ਸੀਰ ਵੀ ਪਾਇਆ ਤੇ ਆਪਣੇ ਸਪੁੱਤਰਾਂ ਨੂੰ ਗੁਰੂ-ਮਿਸ਼ਨ ਵਿਚ ਪੂਰੀ ਤਰ੍ਹਾਂ ਸਮਰਪਿਤ ਰਹਿਣ ਦਾ ਨਾ ਕੇਵਲ ਹੁਕਮ ਹੀ ਦਿੱਤਾ ਸਗੋਂ ਆਪਣਾ ਆਪ ਨਿਛਾਵਰ ਕਰਨ ਦਾ ਸਬਕ ਵੀ ਦ੍ਰਿੜ੍ਹ ਕਰਵਾ ਦਿੱਤਾ ।

ਬੀਬੀ ਰੂਪ ਕੌਰ

ਬੀਬੀ ਰੂਪ ਕੌਰ, ਸੱਤਵੇਂ ਗੁਰੂ ਹਰਿ ਰਾਇ ਜੀ ਦੀ ਸਪੁੱਤਰੀ ਹੋਣ ਕਰ ਕੇ ਇਨ੍ਹਾਂ ਦੀ ਗਿਣਤੀ ਗੁਰੂ-ਪੁੱਤਰੀਆਂ ਵਿਚ ਵੀ ਹੋ ਸਕਦੀ ਹੈ ਤੇ ਗੁਰੂ ਹਰਿਕ੍ਰਿਸ਼ਨ ਜੀ ਦੀ ਭੈਣ ਹੋਣ ਕਰ ਕੇ ਇਨ੍ਹਾਂ ਦੀ ਗਣਨਾ ਗੁਰੂ-ਭੈਣਾਂ ਵਿਚ ਵੀ ਕੀਤੀ ਜਾ ਸਕਦੀ ਹੈ। ਤੱਥਾਂ ਦੇ ਦੁਹਰਾਉ ਤੋਂ ਬਚਣ ਲਈ ਬੀਬੀ ਰੂਪ ਕੌਰ ਦੇ ਜੀਵਨ-ਬ੍ਰਿਤਾਂਤ ਦਾ ਵਰਣਨ ਗੁਰੂ-ਪੁੱਤਰੀਆਂ ਦੇ ਅਧੀਨ ਕੀਤਾ ਗਿਆ ਹੈ।

ਗੁਰੂ-ਭੈਣਾਂ ਦੇ ਅਧਿਆਇ ਵਿਚ ਇਤਨਾ ਕੁ ਸੰਕੇਤ ਹੀ ਕਾਫ਼ੀ ਹੈ ਕਿ ਬੀਬੀ ਰੂਪ ਕੌਰ ਅੱਠਵੇਂ ਗੁਰੂ ਬਾਲਾ ਪ੍ਰੀਤਮ ਦੀ ਵੱਡੀ ਭੈਣ ਸੀ।

ਅੰਤ ਵਿਚ, ਇਹ ਸੰਕੇਤ ਕਰਨਾ ਉਚਿਤ ਹੈ, ਉੱਪਰ ਸੰਕੇਤਕ ਤਿੰਨ ਭੈਣਾਂ : ਬੇਬੇ ਨਾਨਕੀ, ਬੀਬੀ ਵੀਰੋ ਤੇ ਬੀਬੀ ਰੂਪ ਕੌਰ ਵਿਚੋਂ ਕੇਵਲ ਬੇਬੇ ਨਾਨਕੀ ਹੀ ਅਜਿਹੇ ਹਨ, ਜਿਨ੍ਹਾਂ ਨੂੰ ਨਿਰੋਲ ਭੈਣ ਹੋਣ ਦਾ ਮੁਰਾਤਬਾ ਹਾਸਿਲ ਹੈ। ਬੀਬੀ ਵੀਰੋ ਤੇ ਬੀਬੀ ਰੂਪ ਕੌਰ ਨੂੰ ਗੁਰੂ-ਪੁੱਤਰੀਆਂ ਹੋਣ ਦਾ ਗੌਰਵ ਵੀ ਪ੍ਰਾਪਤ ਹੈ। ਚੂੰਕਿ ਕੇਵਲ ਭੈਣ ਹੋਣ ਦਾ ਫ਼ਖ਼ਰ ਬੇਬੇ ਨਾਨਕੀ ਜੀ ਨੂੰ ਹੈ। ਇਸ ਲਈ ਉਨ੍ਹਾਂ ਦਾ ਸੰਖੇਪ ਜੀਵਨ-ਬ੍ਰਿਤਾਂਤ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ।

ਬੇਬੇ ਨਾਨਕੀ

ਜਨਮ : ਸੰਮਤ 1521 ਬਿਕ੍ਰਮੀ
ਮਾਤਾ : ਸ੍ਰੀਮਤੀ ਤ੍ਰਿਪਤਾ ਜੀ
ਪਿਤਾ : ਸ੍ਰੀ ਕਾਲੂ ਜੀ
ਪਤੀ : ਭਾਈ ਜੈ ਰਾਮ ਜੀ
ਅਕਾਲ ਚਲਾਣਾ : ਸੰਮਤ 1572 ਬਿਕ੍ਰਮੀ

ਬੇਬੇ ਨਾਨਕੀ ਦਾ ਜਨਮ ਸੰਮਤ 1521 ਬਿਕ੍ਰਮੀ ਮੁਤਾਬਕ ਸੰਨ 1464 ਈਸਵੀ ਵਿਚ ਹੋਇਆ। ਆਪ ਦੇ ਪਿਤਾ ਦਾ ਨਾਮ ਕਾਲੂ ਰਾਮ ਸੀ ਤੇ ਮਾਤਾ ਦਾ ਨਾਮ ਤ੍ਰਿਪਤਾ ਜੀ ਸੀ। ਕਾਲੂ ਰਾਮ ਦੇ ਦੋ ਹੀ ਬੱਚੇ ਹੋਏ ਬੇਬੇ ਨਾਨਕੀ ਤੇ ਬਾਬਾ ਨਾਨਕ। ਬੇਬੇ ਨਾਨਕੀ ਗੁਰੂ ਨਾਨਕ ਦੇਵ ਜੀ ਤੋਂ ਪੰਜ ਵਰ੍ਹੇ ਵੱਡੀ ਸੀ। ਇਸ ਤਰ੍ਹਾਂ ਕਾਲੂ ਰਾਮ ਦਾ ਪਰਿਵਾਰ ਛੋਟਾ ਜੇਹਾ ਹੀ ਸੀ।

ਕਾਲੂ ਰਾਮ ਲਾਹੌਰ ਜ਼ਿਲੇ ਦੇ ਇਕ ਨਗਰ ਜਿਸ ਦਾ ਨਾਮ ਉਦੋਂ ਰਾਇ ਭੋਂਇ ਦੀ ਤਲਵੰਡੀ ਸੀ (ਜਿਸ ਨੂੰ ਅੱਜਕਲ੍ਹ ਨਨਕਾਣਾ ਸਾਹਿਬ ਕਹਿੰਦੇ ਹਨ) ਵਿਚ ਰਹਿੰਦੇ ਸਨ। ਕਾਲੂ ਰਾਮ ਦਾ ਇਕੋ ਇਕ ਛੋਟਾ ਭਰਾ ਸੀ ਲਾਲੂ ਰਾਮ। ਲਾਲੂ ਰਾਮ ਨੇ ਸ਼ਾਦੀ ਨਹੀਂ ਸੀ ਕਰਵਾਈ ਤੇ ਵੱਡੇ ਭਰਾ ਕਾਲੂ ਰਾਮ ਦੇ ਕੋਲ ਹੀ ਰਹਿੰਦਾ ਸੀ। ਜਦੋਂ ਕੰਨਿਆ ਨਾਨਕੀ ਜੰਮੀ ਤਾਂ ਮਾਪਿਆਂ ਨੂੰ ਪਿਆਰਾ ਜਿਹਾ ਖਿਡੌਣਾ ਮਿਲਿਆ ਹੀ, ਪਰ ਸਭ ਤੋਂ ਵੱਧ ਖੁਸ਼ੀ ਚਾਚੇ ਲਾਲੂ ਰਾਮ ਨੂੰ ਹੋਈ। ਚਾਚਾ ਭਤੀਜੀ ਦਿਨ ਭਰ ਇਕ ਦੂਜੇ ਨਾਲ ਪਰਚੇ ਰਹਿੰਦੇ। ਚਾਚਾ ਲਾਲੂ ਭਤੀਜੀ ਨਾਨਕੀ ਨੂੰ ਦੁਲਾਰਦਾ, ਪਿਆਰਦਾ, ਪੁਚਕਾਰਦਾ, ਘਰੋਂ ਬਾਹਰ ਖਿਡਾਉਣ ਲਈ ਲੈ ਜਾਂਦਾ, ਤੇ ਕਈ ਚੀਜ਼ਾਂ ਲੈ ਕੇ ਦੇਂਦਾ। ਇਸ ਤਰ੍ਹਾਂ ਬੱਚੀ ਨਾਨਕੀ ਆਪਣੇ ਚਾਚੇ ਨੂੰ ਬੜਾ ਪਿਆਰ ਕਰਦੀ ਸੀ। ਲਾਲੂ ਚਾਚਾ ਤੋਤਲੀਆਂ-ਤੋਤਲੀਆਂ ਗੱਲਾਂ ਸੁਣਦਾ ਤੇ ਖੁਸ਼ੀ ਵਿਚ ਫੁੱਲਿਆ ਨਾ ਸਮਾਉਂਦਾ। ਬਾਲੜੀ ਨਾਨਕੀ ਦੀ ਪਾਲਣਾ ਬੜੇ ਪਿਆਰ ਨਾਲ ਹੋਣ

ਲੱਗੀ । ਨਾਨਕੀ ਦੇ ਤਿੱਖੇ ਨੈਣ-ਨਕਸ਼, ਗੋਲ ਮੂੰਹ, ਗੋਰਾ ਰੰਗ, ਹਸੂੰ-ਹਸੂੰ ਕਰਦਾ ਚਿਹਰਾ ਵੇਖਣ ਵਾਲਿਆਂ ਦਾ ਮਨ ਮੋਹ ਲੈਂਦਾ ਸੀ । ਕਾਲੂ ਰਾਮ ਆਪ ਪਿੰਡ ਦੇ ਪਟਵਾਰੀ ਸਨ । ਘਰ ਵਿਚ ਖਾਣ-ਪੀਣ ਲਈ ਸਭ ਕੁਝ ਸੀ । ਪਰਿਵਾਰ ਵਿਚ ਸੁਖ-ਚੈਨ ਸੀ । ਬੇਬੇ ਨਾਨਕੀ ਆਪਣੇ ਮਾਤਾ-ਪਿਤਾ ਤੇ ਚਾਚੇ ਲਾਲੂ ਦੀ ਦੇਖ-ਰੇਖ ਵਿਚ ਵੱਡੀ ਹੋ ਰਹੀ ਸੀ ।

ਜਿਵੇਂ-ਜਿਵੇਂ ਬੱਚੀ ਨਾਨਕੀ ਵੱਡੀ ਹੋਣ ਲੱਗੀ ਤਿਵੇਂ ਤਿਵੇਂ ਮਾਤਾ ਨਾਲ ਘਰ ਦੇ ਕੰਮਾਂ ਵਿਚ ਹੱਥ ਵਟਾਉਣ ਲੱਗ ਪਈ । ਉਹ ਖੂਹ ਤੋਂ ਪਾਣੀ ਭਰ ਲਿਆਉਂਦੀ, ਕੱਪੜੇ ਧੋਂਦੀ, ਭਾਂਡੇ ਮਾਂਜਦੀ ਤੇ ਰਸੋਈ ਦਾ ਕੰਮ ਕਰਦੀ ਸੀ । ਮਾਂ ਤ੍ਰਿਪਤਾ ਜੇ ਕਦੇ ਬੀਮਾਰ ਹੋ ਜਾਵੇ ਤਾਂ ਘਰ ਦਾ ਸਾਰਾ ਕੰਮ ਸੰਭਾਲ ਲੈਂਦੀ ਸੀ । ਉਹ ਮਾਤਾ ਦੇ ਇਸ਼ਾਰੇ ਨੂੰ ਸਮਝ ਕੇ ਸਾਰੇ ਕੰਮ ਸਿਆਣਪ ਨਾਲ ਕਰਦੀ ਸੀ । ਪੁਰਾਣੇ ਸਮੇਂ ਵਿਚ ਮਾਤਾਵਾਂ ਆਪਣੀਆਂ ਲੜਕੀਆਂ ਨੂੰ ਸਾਰੇ ਘਰੇਲੂ ਕੰਮਾਂ ਦੀ ਸਿੱਖਿਆ ਦੇਂਦੀਆਂ ਸਨ । ਲੜਕੀਆਂ ਵੀ ਘਰ ਦੇ ਹਰ ਇਕ ਕੰਮ ਵਿਚ ਨਿਪੁੰਨ ਹੋਣਾ ਆਪਣਾ ਫ਼ਰਜ਼ ਸਮਝਦੀਆਂ ਸਨ । ਉਦੋਂ ਕੁੜੀਆਂ ਦਾ ਸੱਚਾ ਸ਼ਿੰਗਾਰ ਘਰ ਦੇ ਕੰਮ ਵਿਚ ਮਾਹਿਰ ਹੋਣਾ ਹੀ ਮੰਨਿਆ ਜਾਂਦਾ ਸੀ । ਇਸ ਪ੍ਰਕਾਰ ਬੇਬੇ ਨਾਨਕੀ ਹੁਣ ਬਾਲ-ਅਵਸਥਾ ਤੋਂ ਜਵਾਨੀ ਵੱਲ ਪੈਰ ਧਰ ਰਹੀ ਸੀ ਤੇ ਮਾਤਾ ਤ੍ਰਿਪਤਾ ਉਸ ਨੂੰ ਅਮਲੀ ਗਿਆਨ ਦੇ ਕੇ ਕੰਮਾਂ ਵਿਚ ਨਿਪੁੰਨ ਹੋਣ ਦੀ ਸਿੱਖਿਆ ਦੇ ਰਹੇ ਸਨ । ਹੱਥੀਂ ਕੰਮ ਕਰਨ ਨਾਲ ਸਰੀਰ ਤਕੜਾ ਰਹਿੰਦਾ ਹੈ । ਭੁੱਖ ਚੰਗੀ ਲੱਗਦੀ ਹੈ । ਕੰਮ-ਕਾਰ ਵਿਚ ਰੁੱਝਿਆ ਮਨ ਉਦਾਸ ਨਹੀਂ ਹੁੰਦਾ । ਅਜਿਹੀ ਸਿੱਖਿਆ ਦੇ ਨਾਲ ਨਾਲ ਦੂਰ-ਅੰਦੇਸ਼ ਮਾਤਾ ਤ੍ਰਿਪਤਾ ਆਪਣੀ ਬੱਚੀ ਨਾਨਕੀ ਨੂੰ ਘਰ ਦੇ ਕੰਮਾਂ ਵਿਚ ਸਿਆਣਾ ਬਣਾ ਰਹੀ ਸੀ । ਉਦੋਂ ਮਾਵਾਂ ਕਹਿੰਦੀਆਂ ਸਨ ਲੜਕੀਆਂ ਨੂੰ ਘਰ ਦਾ ਸਾਰਾ ਕੰਮ ਆਉਣਾ ਚਾਹੀਦਾ ਹੈ ਤਾਂ ਜੁ ਕਿਸੇ ਦੇ ਮੁਹਤਾਜ ਨਾ ਹੋਣ । ਮਾਤਾ ਤ੍ਰਿਪਤਾ ਨੇ ਆਪਣੀ ਬੱਚੀ ਨੂੰ ਘਰ ਦੇ ਸਾਰੇ ਕੰਮਾਂ ਦੀ ਸਿੱਖਿਆ ਦੇ ਕੇ ਹਰ ਤਰ੍ਹਾਂ ਮਾਹਿਰ ਕਰ ਦਿੱਤਾ ।

2

ਬੇਬੇ ਨਾਨਕੀ ਦੀ ਉਮਰ ਪੰਜਾਂ ਸਾਲਾਂ ਦੀ ਹੀ ਸੀ ਕਿ ਉਨ੍ਹਾਂ ਦੇ ਘਰ ਉਸ ਦਾ ਨਿੱਕਾ ਵੀਰ ਜੰਮਿਆ । ਇਹ ਗੱਲ ਸੰਮਤ 1526 ਮੁਤਾਬਕ ਸੰਨ 1469 ਈਸਵੀ ਦੀ ਹੈ । ਨਾਨਕੀ ਦੇ ਨਾਮ ਉਤੇ ਹੀ ਛੋਟੇ ਕਾਕੇ ਦਾ ਨਾਮ ਨਾਨਕ ਰੱਖਿਆ ਗਿਆ । ਬੇਬੇ ਨਾਨਕੀ ਦਿਨ ਭਰ ਆਪਣੇ ਨਿੱਕੇ ਵੀਰ ਨੂੰ ਖਿਡਾਂਦੀ । ਰੋਂਦੇ ਨੂੰ ਚੁੱਪ ਕਰਾਉਂਦੀ । ਉਹਦੇ ਕੱਪੜੇ ਬਦਲਦੀ । ਹੱਟੀ (ਉਦੋਂ ਪਿੰਡਾਂ ਵਿਚ ਬਾਜ਼ਾਰ ਨਹੀਂ ਸੀ ਹੁੰਦੇ, ਛੋਟੀਆਂ-ਛੋਟੀਆਂ ਦੁਕਾਨਾਂ ਹੀ ਹੁੰਦੀਆਂ ਸਨ ਤੇ ਉਹ ਵੀ ਸਾਰੇ ਪਿੰਡ ਵਿਚ ਦੋ ਜਾਂ ਤਿੰਨ) ਤੋਂ ਖਾਣ ਦੀਆਂ ਚੀਜ਼ਾਂ ਲੈ ਕੇ ਦੇਂਦੀ । ਨਿੱਕਾ ਵੀਰ ਭੈਣ ਨਾਲ ਰੁੱਸ ਜਾਂਦਾ । ਦੋਵੇਂ ਭੈਣ-ਭਰਾ ਆਪਣੇ ਚਾਚੇ ਲਾਲੂ ਦੇ ਵੀ ਬੜੇ ਲਾਡਲੇ ਸਨ । ਚਾਚੇ ਲਾਲੂ ਦੀ ਨਿੱਕੀ ਜਹੀ ਦੁਨੀਆ ਵਿਚ ਇਹ ਦੋਵੇਂ ਬੱਚੇ ਰੌਣਕ ਲਾਈ ਰੱਖਦੇ । ਚਾਚਾ ਲਾਲੂ ਬਹੁਤ ਹੀ ਦਿਆਲੂ ਤੇ ਹਸਮੁੱਖ ਸੁਭਾਅ ਦਾ ਸੀ । ਇਸ ਤੋਂ ਉਲਟ ਬੇਬੇ ਨਾਨਕੀ ਦੇ ਪਿਤਾ ਕਾਲੂ ਜੀ ਸੁਭਾਅ ਦੇ ਸਖ਼ਤ ਤੇ ਗੰਭੀਰ ਸਨ ।

ਬੇਬੇ ਨਾਨਕੀ ਦੇ ਪਿਤਾ ਚੰਗੇ ਸਰਦੇ-ਪੁੱਜਦੇ ਪਟਵਾਰੀ ਸਨ । ਘਰ ਵਿਚ ਬੜਾ ਰਿਜ਼ਕ ਸੀ । ਉਦੋਂ ਲੋਕੀਂ ਕੱਚੇ ਮਕਾਨਾਂ ਨੂੰ ਲਿੰਬ-ਪੋਚ ਕੇ ਰਹਿੰਦੇ ਸਨ । ਘਰ ਵਿਚ ਲਵੇਰੇ (ਦੁੱਧ

ਦੇਣ ਵਾਲੇ ਪਸ਼ੂ) ਜ਼ਰੂਰ ਰੱਖਦੇ ਸਨ। ਬੇਬੇ ਨਾਨਕੀ ਦੇ ਪਿਤਾ ਦੇ ਘਰ ਵੀ ਕਈ ਮੱਝਾਂ ਸਨ। ਦੁੱਧ ਪੀਣ ਨੂੰ ਸੀ, ਮੱਖਣ ਖਾਣ ਨੂੰ ਸੀ, ਦਹੀਂ ਲੱਸੀ ਆਮ ਸੀ। ਨਿੱਕੇ ਵੀਰ ਦੇ ਹੱਥ ਵਿਚ ਨਿੱਕੀ ਜਹੀ ਸੋਨੇ ਦੀ ਮੁੰਦਰੀ ਬਣਵਾ ਕੇ ਪਾਈ ਗਈ। ਬੇਬੇ ਨਾਨਕੀ ਵੀਰ ਦੇ ਨਿੱਕੇ ਨਿੱਕੇ ਹੱਥਾਂ ਨੂੰ ਚੁੰਮ ਕੇ ਬਲਿਹਾਰੇ ਜਾਂਦੀ। ਨਿੱਕਾ ਵੀਰ ਜਦੋਂ ਵੀ ਘਰੋਂ ਬਾਹਰ ਜਾਂਦਾ ਬੇਬੇ ਨਾਨਕੀ ਮਾਤਾ ਦੇ ਹੁਕਮ ਅਨੁਸਾਰ ਵੀਰ ਦੇ ਪਿੱਛੇ ਜਾਂਦੀ। ਵੀਰ ਦਾ ਖ਼ਿਆਲ ਰੱਖਦੀ। ਵੀਰ ਨੂੰ ਕਹਾਣੀਆਂ ਸੁਣਾਉਂਦੀ। ਬੇਬੇ ਨਾਨਕੀ ਦਾ ਨਿੱਕਾ ਵੀਰ ਸ਼ੁਰੂ ਤੋਂ ਹੀ ਗੰਭੀਰ ਸੀ। ਬੇਬੇ ਦੀਆਂ ਗੱਲਾਂ ਸੁਣ-ਸੁਣ ਮੁਸਕਰਾਉਂਦਾ ਰਹਿੰਦਾ। ਕਦੀ ਵੀ ਭੈਣ ਨਾਲ ਲੜਦਾ-ਝਗੜਦਾ ਨਾ। ਇਕ ਦਿਨ ਦੀ ਗੱਲ ਹੈ, ਬੇਬੇ ਨਾਨਕੀ ਦਾ ਵੀਰ ਬਾਹਰ ਸੁਚੇ ਤ ਹੋਣ ਗਿਆ। ਰਸਤੇ ਵਿਚ ਇਕ ਗਰੀਬ ਸਾਧੂ ਵੀਰ ਨਾਨਕ ਨੂੰ ਮਿਲ ਗਿਆ। ਉਹ ਖ਼ੈਰਾਤ ਮੰਗਣ ਲੱਗ ਪਿਆ। ਗਰੀਬ ਸਾਧੂ ਦੀ ਹਾਲਤ ਵੇਖ ਕੇ ਬਾਲਕ ਨਾਨਕ ਨੇ ਆਪਣੇ ਹੱਥੋਂ ਮੁੰਦਰੀ ਲਾਹ ਕੇ ਦਿੱਤੀ ਅਤੇ ਨਾਲ ਹੀ ਲੋਹੇ ਦਾ ਗੜਵਾ ਵੀ ਦੇ ਦਿੱਤਾ। ਪਰ ਜਿਵੇਂ ਹੀ ਬਾਲ ਨਾਨਕ ਨੂੰ ਪਿਤਾ ਦਾ ਧਿਆਨ ਆਇਆ ਤਾਂ ਡਰ ਗਏ। ਹੁਣ ਉਹ ਇਕ ਝਾੜੀ ਦੇ ਓਹਲੇ ਲੁਕ ਕੇ ਬੈਠ ਗਏ। ਜਦੋਂ ਦੇਰ ਹੋ ਗਈ ਤਾਂ ਪਿਤਾ ਕਾਲੂ ਨੂੰ ਫ਼ਿਕਰ ਹੋਇਆ। ਉਹ ਵੀ ਖੇਤਾਂ ਵਿਚ ਆਪਣੇ ਬਾਲ ਪੁੱਤਰ ਨੂੰ ਲੱਭਣ ਤੁਰ ਪਏ। ਪਿਤਾ ਨੂੰ ਗੁੱਸੇ ਵਿਚ ਜਾਂਦੇ ਵੇਖ ਕੇ ਬੇਬੇ ਨਾਨਕੀ ਵੀ ਪਿੱਛੇ-ਪਿੱਛੇ ਤੁਰ ਪਈ। ਪਿਤਾ ਕਾਲੂ ਨੇ ਆਸੇ-ਪਾਸੇ ਲੱਭਿਆ ਪਰ ਬਾਲ ਨਾਨਕ ਕਿਤੇ ਵਿਖਾਈ ਨਾ ਦਿੱਤੇ। ਪਰੇਸ਼ਾਨ ਹੋ ਕੇ ਜਦੋਂ ਉਹ ਮੁੜਨ ਲੱਗੇ ਤਾਂ ਇਕ ਝਾੜੀ ਹਿੱਲਦੀ ਹੋਈ ਵੇਖੀ। ਜਦੋਂ ਉਹ ਉਸ ਦੇ ਨੇੜੇ ਗਏ ਤਾਂ ਵੇਖਿਆ ਬਾਲ ਨਾਨਕ ਡਰਦੇ ਮਾਰੇ ਖਲੋਤੇ ਹੋਏ ਸੀ। ਪਿਤਾ ਨੇ ਬਾਂਹ ਤੋਂ ਫੜ ਕੇ ਪੁੱਛਿਆ—"ਏਥੇ ਕੀ ਕਰ ਰਿਹਾ ਸੈਂ ?" ਬਾਲ ਨਾਨਕ ਚੁੱਪ ਰਿਹਾ। ਇਤਨੇ ਵਿਚ ਪਿਤਾ ਦੀ ਨਜ਼ਰ ਬਾਲ ਨਾਨਕ ਦੇ ਹੱਥ ਉੱਪਰ ਪੈ ਗਈ। ਹੱਥ ਵਿਚ ਮੁੰਦਰੀ ਨਾ ਵੇਖ ਕੇ ਪੁੱਛਿਆ—"ਮੁੰਦਰੀ ਕਿੱਥੇ ਹੈ ?" ਬਾਲ ਨਾਨਕ ਚੁੱਪ ਰਿਹਾ। ਬਸ ਫਿਰ ਕੀ ਸੀ ਪਿਤਾ ਨੇ ਜ਼ੋਰ ਦੀ ਚਪੇੜ ਬਾਲ ਨਾਨਕ ਦੇ ਮੂੰਹ ਉਤੇ ਕੱਢ ਮਾਰੀ ਤੇ ਬਾਲ ਨਾਨਕ ਥੱਪੜ ਦੀ ਪੀੜ ਨਾਲ ਰੋਣਹਾਕੇ ਹੋ ਗਏ। ਹੁਣ ਬੇਬੇ ਨਾਨਕੀ ਵੀ ਉਥੇ ਪਹੁੰਚ ਗਈ। ਉਹ ਪਿਤਾ ਦੇ ਪੈਰਾਂ 'ਤੇ ਡਿੱਗ ਕੇ ਤਰਲੇ ਨਾਲ ਆਖਣ ਲੱਗ ਪਈ, "ਮੇਰੇ ਵੀਰ ਨੂੰ ਨਾ ਮਾਰੋ, ਮੇਰੇ ਵੀਰ ਨੂੰ ਨਾ ਮਾਰੋ। ਮੈਨੂੰ ਜਿੰਨਾ ਮਰਜ਼ੀ ਮਾਰ ਲਵੋ।" ਬੇਬੇ ਨਾਨਕੀ ਦੇ ਜੁੜੇ ਹੱਥਾਂ ਨੂੰ ਵੇਖ ਕੇ ਪਿਤਾ ਕਾਲੂ ਦਾ ਗੁੱਸਾ ਕੁਝ ਮੱਠਾ ਹੋ ਗਿਆ। ਬੇਬੇ ਨਾਨਕੀ ਨਿੱਕੇ ਵੀਰ ਨੂੰ ਮੋਢੇ ਨਾਲ ਲਾ ਕੇ ਘਰ ਨੂੰ ਲੈ ਆਈ ਤੇ ਘਰ ਆ ਕੇ ਸਾਰੀ ਗੱਲ ਮਾਤਾ ਤ੍ਰਿਪਤਾ ਨੂੰ ਦੱਸੀ। ਵੀਰ ਦਾ ਮੂੰਹ-ਹੱਥ ਧੁਆਇਆ। ਕੱਪੜੇ ਬਦਲਵਾਏ ਤੇ ਫਿਰ ਖੇਡਣ ਲਾ ਦਿੱਤਾ ਤਾਂ ਕਿ ਵੀਰ ਦਾ ਧਿਆਨ ਸਵੇਰ ਵਾਲੀ ਮਾਰ ਵੱਲੋਂ ਹਟ ਜਾਏ। ਬੇਬੇ ਨਾਨਕੀ ਵੀਰ ਦੀ ਗੱਲ੍ਹ ਨੂੰ ਬਾਰ ਬਾਰ ਪਲੋਸਦੀ। ਉਸ ਨੂੰ ਕੁਤਕੁਤਾੜੀਆਂ ਕਰਦੀ ਤੇ ਨਿੱਕਾ ਵੀਰ ਖੁਸ਼ ਹੋ ਜਾਂਦਾ।

3

ਹੁਣ ਬੇਬੇ ਨਾਨਕੀ ਮੁਟਿਆਰ ਹੋ ਗਈ ਸੀ। ਉਦੋਂ ਆਮ ਤੌਰ ਤੇ ਤੇਰ੍ਹਾਂ-ਚੌਦ੍ਹਾਂ ਸਾਲ ਦੀ ਲੜਕੀ ਦਾ ਵਿਆਹ ਮਾਪੇ ਕਰ ਦੇਂਦੇ ਸਨ। ਚਾਚੇ ਲਾਲੂ ਤੇ ਪਿਤਾ ਕਾਲੂ ਨੇ ਬੈਠ ਕੇ

ਆਪਸ ਵਿਚ ਸਲਾਹ ਕੀਤੀ ਕਿ ਬੇਬੇ ਨਾਨਕੀ ਦੇ ਵਰ-ਘਰ ਦੀ ਤਲਾਸ਼ ਕਰੀਏ। ਇਹ ਵਿਚਾਰ ਉਨ੍ਹਾਂ ਨੇ ਬਣਾਇਆ ਹੀ ਸੀ ਕਿ ਉਨ੍ਹਾਂ ਨੂੰ ਜੈ ਰਾਮ ਦੀ ਦੱਸ ਪੈ ਗਈ।

ਭਾਈ ਜੈ ਰਾਮ ਕਪੂਰਥਲੇ ਦੀ ਰਿਆਸਤ ਦੇ ਇਕ ਨਗਰ ਸੁਲਤਾਨਪੁਰ ਵਿਚ ਰਹਿੰਦਾ ਸੀ। ਇਸ ਦਾ ਪਿਤਾ ਪਰਮਾਨੰਦ ਪਟਵਾਰੀ ਸੀ। ਇਸ ਦੇ ਦੋ ਪੁੱਤਰ ਤੇ ਦੋ ਪੁੱਤਰੀਆਂ ਸਨ। ਇਹ ਸਾਰੇ ਅਜੇ ਛੋਟੇ ਹੀ ਸਨ ਕਿ ਪਰਮਾਨੰਦ ਦੇ ਪਿਤਾ ਦਾ ਦੇਹਾਂਤ ਹੋ ਗਿਆ। ਜੈ ਰਾਮ ਇਨ੍ਹਾਂ ਸਾਰਿਆਂ ਵਿਚੋਂ ਵੱਡਾ ਵੀ ਸੀ ਤੇ ਹੁਸ਼ਿਆਰ ਵੀ। ਇਸ ਨੇ ਪਿਤਾ ਦੀ ਮੌਤ ਤੋਂ ਬਾਅਦ ਸਾਰਾ ਘਰ ਸੰਭਾਲ ਲਿਆ। ਥੋੜ੍ਹੇ ਹੀ ਦਿਨਾਂ ਵਿਚ ਪਟਵਾਰ ਦਾ ਕੰਮ ਸਿੱਖ ਕੇ ਪਿਤਾ ਦੀ ਥਾਵੇਂ ਪਟਵਾਰੀ ਲੱਗ ਗਿਆ। ਭਾਈ ਜੈ ਰਾਮ ਬਹੁਤ ਮਿਲਣਸਾਰ ਲੜਕਾ ਸੀ। ਇਕ ਵਾਰ ਜਦੋਂ ਜ਼ਮੀਨ ਕੱਛਣ ਦਾ ਸਮਾਂ ਆਇਆ ਤਾਂ ਜੈ ਰਾਮ ਨੂੰ ਹਾਕਮਾਂ ਨੇ ਰਾਇ ਭੋਂਇ ਭੱਟੀ ਦੇ ਇਕ ਛੋਟੇ ਜਹੇ ਪਿੰਡ ਜਿਸ ਦਾ ਨਾਮ ਤਲਵੰਡੀ ਸੀ, ਵੱਲ ਜ਼ਮੀਨ ਮਾਪਣ ਲਈ ਭੇਜਿਆ। ਰਾਇ ਬੁਲਾਰ ਦਾ ਕਾਲੂ ਰਾਮ ਨਾਲ ਚੰਗਾ ਰਸੂਖ਼ ਸੀ। ਉਹ ਉਸ ਦੇ ਘਰ-ਬਾਰ ਬਾਰੇ ਪੂਰੀ ਤਰ੍ਹਾਂ ਜਾਣੂ ਸੀ। ਰਾਇ ਬੁਲਾਰ ਨੇ ਬੇਬੇ ਨਾਨਕੀ ਨੂੰ ਵੇਖਿਆ ਹੋਇਆ ਸੀ। ਉਸ ਨੂੰ ਜੈ ਰਾਮ ਬੇਬੇ ਨਾਨਕੀ ਦੇ ਵਰ ਲਈ ਠੀਕ ਜਾਪਿਆ। ਹੁਣ ਰਾਇ ਬੁਲਾਰ ਨੇ ਸਮਾਂ ਕੱਢ ਕੇ ਕਾਲੂ ਰਾਮ ਨੂੰ ਬੁਲਾ ਕੇ ਇਸ ਰਿਸ਼ਤੇ ਦੀ ਗੱਲ ਕੀਤੀ। ਕਾਲੂ ਰਾਮ ਨੂੰ ਜਦੋਂ ਲੜਕੇ ਦੇ ਖ਼ਾਨਦਾਨ, ਕਾਰੋਬਾਰ ਤੇ ਉਮਰ ਆਦਿ ਦੀ ਤਸੱਲੀ ਹੋ ਗਈ ਤਾਂ ਉਸ ਨੇ ਆਪਣੀ ਬੀਬੀ ਨਾਨਕੀ ਦੇ ਰਿਸ਼ਤੇ ਦਾ ਵਿਚਾਰ ਜੈ ਰਾਮ ਨਾਲ ਕਰਨ ਦਾ ਮਨ ਬਣਾ ਲਿਆ। ਥੋੜ੍ਹੇ ਹੀ ਮਹੀਨਿਆਂ ਵਿਚ ਬੀਬੀ ਨਾਨਕੀ ਦੀ ਸ਼ਾਦੀ ਜੈ ਰਾਮ ਨਾਲ ਹੋ ਗਈ। ਉਦੋਂ ਬੀਬੀ ਨਾਨਕੀ ਦੀ ਉਮਰ ਬਾਰ੍ਹਾਂ ਵਰ੍ਹਿਆਂ ਦੀ ਸੀ। ਇਹ ਗੱਲ ਸੰਮਤ 1532 ਬਿਕ੍ਰਮੀ ਦੀ ਹੈ। ਨਿੱਕਾ ਵੀਰ ਨਾਨਕ ਲਾੜੀ ਬਣੀ ਭੈਣ ਨੂੰ ਚਾਈਂ-ਚਾਈਂ ਮਿਲਿਆ। ਆਪਣੇ ਜੀਜੇ ਜੈ ਰਾਮ ਨੂੰ ਪਿਆਰ ਸਤਿਕਾਰ ਨਾਲ ਮੱਥਾ ਟੇਕਿਆ। ਵੀਰ ਨਾਨਕ ਨੇ ਆਪਣੀ ਭੈਣ ਦਾ ਹੁਣ ਨਵਾਂ ਰੂਪ ਵੇਖਿਆ ਸੀ। ਉਸ ਨੇ ਗਹਿਣੇ ਪਾਏ ਹੋਏ ਸਨ। ਲਾਲ ਸੂਹੇ ਕੱਪੜੇ ਪਹਿਨੇ ਸਨ। ਉਦੋਂ ਲੋਕੀਂ ਅੱਜ ਵਰਗਾ ਸ਼ਿੰਗਾਰ ਨਹੀਂ ਸੀ ਕਰਦੇ। ਰੱਜਵਾਂ ਗਹਿਣਾ-ਕੱਪੜਾ ਹੀ ਦੁਲਹਨ ਦੇ ਰੂਪ ਵਿਚ ਨਿਖਾਰ ਲੈ ਆਉਂਦਾ ਸੀ। ਵੀਰ ਨਾਨਕ ਨੂੰ ਕਦੀ ਭੈਣ ਨਾਨਕੀ ਚੰਗੀ ਲੱਗਦੀ ਤੇ ਕਦੀ ਕਦੀ ਬੜੀ ਅਜੀਬ!

ਕਾਲੂ ਰਾਮ ਤਲਵੰਡੀ ਦਾ ਪਟਵਾਰੀ ਸੀ। ਉਸ ਜ਼ਮਾਨੇ ਵਿਚ ਪਟਵਾਰੀਆਂ ਦੇ ਘਰ ਚੰਗੇ ਖਾਂਦੇ-ਪੀਂਦੇ ਸਨ। ਕਾਲੂ ਰਾਮ ਦੀ ਇਕੋ-ਇਕ ਧੀ ਬੀਬੀ ਨਾਨਕੀ ਹੀ ਸੀ।

ਕਾਲੂ ਰਾਮ ਨੇ ਆਪਣੀ ਇਕਲੌਤੀ ਧੀ ਦੀ ਸ਼ਾਦੀ ਗੱਜ-ਵੱਜ ਕੇ ਕੀਤੀ। ਜੰਞ ਦੀ ਚੰਗੀ ਸੇਵਾ ਕੀਤੀ। ਲੜਕੀ ਨੂੰ ਦਾਜ ਵਿਚ ਸਭ ਕੁਝ ਦਿੱਤਾ। ਆਪਣੇ ਜਵਾਈ ਜੈ ਰਾਮ ਨੂੰ ਸੋਹਣੇ ਕੱਪੜੇ ਆਦਿ ਦਿੱਤੇ। ਵਿਦਾਇਗੀ ਵੇਲੇ ਮਠਿਆਈ ਦੇ ਥਾਲ, ਜਿਸ ਵਿਚ ਲੱਡੂ ਸ਼ੱਕਰਪਾਰੇ ਤੇ ਮੱਠੀਆਂ ਆਦਿ ਸਨ, ਦਿੱਤੇ ਤੇ ਕੁਝ ਰੇਜੇ ਵੀ। ਰੇਜਾ ਕੋਰੇ ਖੱਦਰ ਦਾ ਇਕ ਕੱਪੜਾ ਹੁੰਦਾ ਹੈ, ਜਿਸ ਦੀ ਲੰਬਾਈ ਢਾਈ ਗਜ਼ ਦੇ ਕਰੀਬ ਹੁੰਦੀ ਹੈ। ਇਹ ਰੇਜ਼ੇ ਉਸ ਜ਼ਮਾਨੇ ਵਿਚ ਪਿੰਡ ਦੇ ਨਾਈ, ਤਖਾਣਾਂ, ਲੁਹਾਰ ਤੇ ਕੰਮੀ-ਕਮੀਨਾਂ ਨੂੰ ਦਿੱਤੇ ਜਾਂਦੇ ਸਨ। ਲੜਕੀ ਵਾਲੇ ਜਿਥੇ ਆਪਣੀ ਲੜਕੀ ਨੂੰ ਦਾਜ ਦੇਂਦੇ ਸਨ, ਉਥੇ ਸਹੁਰੇ ਪਿੰਡ ਦੇ ਕੰਮੀਆਂ ਦਾ ਹਿੱਸਾ ਵੀ ਭੇਜਦੇ ਸਨ। ਇਹ ਇਕ ਤਰ੍ਹਾਂ ਪਿੰਡ ਦੇ ਕੰਮੀਆਂ ਦਾ ਸਤਿਕਾਰ ਹੀ ਹੁੰਦਾ ਸੀ। ਉਦੋਂ

ਧੀ ਅਤੇ ਨੂੰਹ ਪਿੰਡ ਦੀ ਹੀ ਨੂੰਹ-ਧੀ ਮੰਨੀ ਜਾਂਦੀ ਸੀ। ਇਸ ਕਰ ਕੇ ਪਿੰਡ ਦੀ ਨੂੰਹ ਪਿੰਡ ਦੇ ਕੰਮੀਆਂ (ਕੰਮ ਕਰਨ ਵਾਲਿਆਂ) ਲਈ ਵੀ ਇਕ ਇਕ ਰੇਜ਼ਾ ਜ਼ਰੂਰ ਦਾਜ ਵਿਚ ਲਿਆਉਂਦੀ ਸੀ। ਹੌਲੀ-ਹੌਲੀ ਜੰਞ ਵਿਦਾ ਹੋਈ ਤੇ ਤਲਵੰਡੀ ਤੋਂ ਸੁਲਤਾਨਪੁਰ ਪੁੱਜੀ। ਜੈ ਰਾਮ ਦੀ ਮਾਤਾ ਨੇ ਨੂੰਹ-ਪੁੱਤਰ ਦੇ ਸ਼ਗਨ ਮਨਾਏ। ਸਾਰੇ ਪਿੰਡ ਵਿਚ ਭਾਜੀ ਵੰਡੀ ਗਈ। ਜਿਸ ਤਰ੍ਹਾਂ ਅੱਜਕਲ੍ਹ ਖੁਸ਼ੀ ਦੇ ਮੌਕੇ ਉਤੇ ਲੱਡੂ ਜਾਂ ਮਠਿਆਈ ਵੰਡੀ ਜਾਂਦੀ ਹੈ। ਉਦੋਂ ਇਸ ਨੂੰ ਭਾਜੀ ਕਹਿੰਦੇ ਸਨ। ਭਾਜੀ ਦਾ ਅਰਥ ਹੈ—ਭਾਜੀ ਲੈਣ ਵਾਲੇ ਵੀ ਇਸ ਦਾ ਮੋੜਾ ਮੋੜਨਗੇ ਅਥਵਾ ਜਦੋਂ ਉਨ੍ਹਾਂ ਦੇ ਘਰ ਵਿਚ ਕੋਈ ਖੁਸ਼ੀ ਦਾ ਮੌਕਾ ਆਵੇਗਾ, ਉਹ ਵੀ ਮਠਿਆਈ ਵੰਡਣਗੇ। ਇਸ ਤਰ੍ਹਾਂ ਪਿੰਡ ਦੇ ਇਕ ਘਰ ਦੀ ਖੁਸ਼ੀ ਸਾਰੇ ਪਿੰਡ ਵਿਚ ਮਨਾਈ ਜਾਂਦੀ ਸੀ। ਸਾਰੇ ਪਿੰਡ ਨੇ ਜੈ ਰਾਮ ਦੇ ਵਿਆਹ ਦੀ ਭਾਜੀ ਖਾਧੀ। ਸਾਰਾ ਪਿੰਡ ਜੈ ਰਾਮ ਦੀ ਮਾਤਾ ਨੂੰ ਵਧਾਈ ਦੇਣ ਆਇਆ। ਸਾਰੀਆਂ ਹੀ ਨਵੀਂ ਨੂੰਹ ਦੇ ਰੂਪ ਦੀ ਪ੍ਰਸੰਸਾ ਕਰਦੀਆਂ। ਅੰਤਾਂ ਦੀ ਆਕਰਸ਼ਕ ਸੀ ਬੀਬੀ ਨਾਨਕੀ। ਚਿਹਰੇ ਉਤੇ ਕੋਈ ਅਰਸ਼ੀ ਖੇੜਾ ਸੀ। ਹਸੂੰ-ਹਸੂੰ ਕਰਦੇ ਨੈਣ, ਵੇਖਣ ਵਾਲੇ ਦੇ ਮਨ ਵਿਚ ਠੰਢ ਪਾ ਦੇਂਦੇ। ਬੀਬੀ ਨਾਨਕੀ ਨੂੰ ਸਹੁਰੇ ਆਇਆਂ ਚਾਲ੍ਹੀ ਕੁ ਦਿਨ ਹੋ ਗਏ ਸਨ। ਉਸ ਨੇ ਆਪਣੇ ਮਿੱਠੇ ਸੁਭਾਅ ਨਾਲ ਸਾਰੇ ਘਰ ਨੂੰ ਜਿੱਤ ਲਿਆ। ਦੋਵੇਂ ਨਨਾਣਾਂ ਅਤੇ ਇਕ ਦਿਓਰ ਉਸ ਤੋਂ ਵਾਰੇ-ਵਾਰੇ ਜਾਂਦੇ ਸਨ। ਸਾਰੇ ਹੀ ਖੁਸ਼ੀ-ਖੁਸ਼ੀ ਨਵੀਂ ਆਈ ਭਰਜਾਈ ਨਾਲ ਗੱਲਾਂ ਕਰਦੇ, ਮਖ਼ੌਲ ਕਰਦੇ ਤੇ ਕੰਮ ਕਰਦੇ। ਬੀਬੀ ਨਾਨਕੀ ਦੀ ਸੱਸ ਆਪਣੇ ਧੀਆਂ-ਪੁੱਤਰਾਂ ਨੂੰ ਨਵੀਂ ਨੂੰਹ ਨਾਲ ਪਰਚਿਆਂ ਵੇਖ ਕੇ ਮਨ ਹੀ ਮਨ ਵਿਚ ਖੁਸ਼ ਹੁੰਦੀ।

4

ਉਧਰ ਬੀਬੀ ਨਾਨਕੀ ਦਾ ਵੀਰ ਨਾਨਕ ਉਦਾਸ ਹੋ ਗਿਆ। ਉਹ ਆਪਣੀ ਭੈਣ ਨੂੰ ਬੜਾ ਪਿਆਰ ਕਰਦਾ ਸੀ। ਭੈਣ ਤੋਂ ਬਿਨਾਂ ਉਸ ਨੂੰ ਘਰ ਸੁੰਞਾ-ਸੁੰਞਾ ਲੱਗਦਾ ਸੀ। ਅਖ਼ੀਰ ਪਿਤਾ ਕਾਲੂ ਰਾਮ ਨੇ ਬਰਖ਼ੁਰਦਾਰ ਨਾਨਕ ਜੀ ਨੂੰ ਕਿਹਾ, "ਜਾਉ, ਜਾ ਕੇ ਆਪਣੀ ਭੈਣ ਨਾਨਕੀ ਨੂੰ ਲੈ ਆਉ।" ਪਿਤਾ ਦੀ ਗੱਲ ਸੁਣਦਿਆਂ ਹੀ ਨਾਨਕ ਜੀ ਦੇ ਚਿਹਰੇ ਉਤੇ ਰੌਣਕ ਆ ਗਈ। ਉਹ ਆਪਣੀ ਭੈਣ ਨੂੰ ਲਿਆਉਣ ਲਈ ਤਿਆਰ ਹੋ ਪਏ ਤੇ ਸੁਲਤਾਨਪੁਰ ਜਾ ਪੁੱਜੇ। ਜੀਜੇ ਜੈ ਰਾਮ ਤੇ ਭੈਣ ਨਾਨਕੀ ਨੇ ਜਿਵੇਂ ਹੀ ਨਾਨਕ ਜੀ ਨੂੰ ਵੇਖਿਆ ਖੁਸ਼ੀ ਨਾਲ ਝੂਮ ਉੱਠੇ। ਭੈਣ ਨਾਨਕੀ ਦੇ ਵੀਰ ਨੂੰ ਜੈ ਰਾਮ ਚਾਈਂ-ਚਾਈਂ ਆਪਣੇ ਪਿੰਡ ਲੈ ਤੁਰਿਆ। ਆਪਣੇ ਰਿਸ਼ਤੇਦਾਰਾਂ ਨੂੰ ਆਪਣਾ ਸਾਲ਼ਾ ਮਿਲਾਇਆ। ਜੋ ਕੋਈ ਵੀ ਨਾਨਕ ਨੂੰ ਵੇਖਦਾ ਕੀਲਿਆ ਜਾਂਦਾ। ਗਹਿਰ-ਗੰਭੀਰ ਸ਼ਾਂਤੀ ਦਾ ਪੁਤਲਾ ਸੀ ਬੇਬੇ ਨਾਨਕੀ ਦਾ ਵੀਰ। ਚਿਹਰੇ ਉਤੇ ਖੇੜੇ ਦਾ ਰਾਜ। ਗੱਲ ਕਰਦੇ ਤਾਂ ਜਿਵੇਂ ਮੂੰਹੋਂ ਫੁੱਲ ਕਿਰਦੇ ਹੋਣ। ਜੈ ਰਾਮ ਦੇ ਮਿਲਣ ਵਾਲੇ ਲੋਕ ਉਸ ਦੇ ਸਾਲ਼ੇ ਨਾਨਕ ਜੀ ਨੂੰ ਵੇਖਦੇ ਹੀ ਮੋਹੇ ਜਾਂਦੇ। ਅਜੀਬ ਕਸ਼ਿਸ਼ ਸੀ ਨਾਨਕ ਦੇ ਚਿਹਰੇ ਵਿਚ।

ਦੋ-ਚਾਰ ਦਿਨ ਠਹਿਰ ਕੇ ਨਾਨਕ ਜੀ ਆਪਣੀ ਭੈਣ ਨਾਨਕੀ ਨੂੰ ਆਪਣੇ ਪਿੰਡ ਤਲਵੰਡੀ ਲੈ ਗਏ। ਤੁਰਨ ਤੋਂ ਪਹਿਲਾਂ ਜੈ ਰਾਮ ਦੀ ਮਾਤਾ ਨੇ ਨਾਨਕ ਜੀ ਨੂੰ ਵਿਦਾ ਕੀਤਾ। ਹੁਣ ਦੋਵੇਂ ਭੈਣ-ਭਰਾ ਜਾ ਰਹੇ ਸਨ। ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ, ਹੱਸਦੇ-ਖੇਡਦੇ, ਦੋਵੇਂ

ਇਕ ਦੂਜੇ ਨਾਲ ਏਨੇ ਪਰਚੇ ਹੋਏ ਸਨ ਕਿ ਰਸਤਾ ਮੁੱਕਦਿਆਂ ਪਤਾ ਵੀ ਨਾ ਲੱਗਾ। ਘਰ ਪੁੱਜਦਿਆਂ ਹੀ ਮਾਤਾ-ਪਿਤਾ ਨੇ ਦੋਹਾਂ ਬੱਚਿਆਂ ਨੂੰ ਗਲ਼ ਨਾਲ ਲਾਇਆ। ਨਾਨਕ ਜੀ ਨੇ ਮਾਤਾ-ਪਿਤਾ ਦੇ ਚਰਨਾਂ ਉਤੇ ਮੱਥਾ ਟੇਕਿਆ। ਘਰ ਵਿਚ ਖੁਸ਼ੀ ਦਾ ਹੜ੍ਹ ਆ ਗਿਆ। ਚਾਚਾ ਲਾਲੂ ਨਾਨਕ ਜੀ ਤੋਂ ਹਾਲ-ਚਾਲ ਪੁੱਛਣ ਲੱਗਾ। ਹੁਣ ਨਾਨਕ ਜੀ ਬੇਬੇ ਨਾਨਕੀ ਦੇ ਸਹੁਰਿਆਂ ਦਾ ਹਾਲ ਸੁਣਾ ਰਹੇ ਸਨ ਤੇ ਸਾਰਾ ਪਰਿਵਾਰ ਸੁਣ ਰਿਹਾ ਸੀ। ਨਾਨਕ ਜੀ ਦੇ ਚਿਹਰੇ ਉਤੇ ਠਰ੍ਹੰਮਾ ਸੀ। ਘਰ ਵਿਚ ਦੋਵੇਂ ਭੈਣ-ਭਰਾ ਨਵੀਂ ਰੌਣਕ ਲੈ ਕੇ ਆਏ। ਬੀਬੀ ਨਾਨਕੀ ਨੂੰ ਪਿੰਡ ਦੀਆਂ ਇਸਤਰੀਆਂ ਮਿਲਣ ਲਈ ਆਉਂਦੀਆਂ ਰਹਿੰਦੀਆਂ। ਬੰਦੇ ਵੀ ਆਉਂਦੇ, ਨਾਨਕ ਜੀ ਉਨ੍ਹਾਂ ਨੂੰ ਭੈਣ ਦੇ ਸਹੁਰਿਆਂ ਦਾ ਹਾਲ ਸੁਣਾਉਂਦੇ ਰਹਿੰਦੇ।

ਅੱਜਕਾਲ੍ਹ ਰਾਮ ਤੇ ਲਾਲੂ ਰਾਮ ਆਪਸ ਵਿਚ ਗੱਲਾਂ ਕਰ ਰਹੇ ਸਨ। ਨਾਨਕੀ ਦੇ ਜਾਣ ਤੋਂ ਬਾਅਦ ਨਾਨਕ ਕਿਵੇਂ ਕੁਮਲਾ ਗਿਆ ਸੀ। ਸਾਰਾ-ਸਾਰਾ ਦਿਨ ਚੁੱਪ ਤੇ ਉਦਾਸ ਰਹਿੰਦਾ ਸੀ। ਕੋਈ ਐਸਾ ਤਰੀਕਾ ਸੋਚੀਏ ਜੁ ਨਾਨਕ ਵੀ ਨਾਨਕੀ ਦੇ ਨਾਲ ਹੀ ਚਲਾ ਜਾਵੇ। ਉਥੇ ਸ਼ਾਇਦ ਇਸ ਦੀ ਉਦਾਸੀ ਜਾਂਦੀ ਰਹੇ। ਅਜੇ ਇਹ ਗੱਲਾਂ ਕਰ ਹੀ ਰਹੇ ਸਨ ਕਿ ਮਾਤਾ ਤ੍ਰਿਪਤਾ ਵੀ ਆਣ ਪੁੱਜੀ। ਮਾਂ ਦਿਲ ਪੁੱਤਰ ਦੇ ਵਿਯੋਗ ਨੂੰ ਚਿਤਵ ਕੇ ਤੜਪ ਉਠਿਆ। ਪਰ ਜਿਵੇਂ ਹੀ ਨਾਨਕ ਤੇ ਨਾਨਕੀ ਨੂੰ ਆਪਸ ਵਿਚ ਖੁਸ਼ ਬੈਠੇ ਵੇਖਿਆ ਤਾਂ ਮਾਂ ਨੇ ਪੁੱਤਰ ਦੇ ਸੁਖ ਲਈ ਮਨ ਹੀ ਮਨ ਵਿਚ ਆਪਣੇ ਆਪ ਨੂੰ ਤਿਆਰ ਕਰ ਲਿਆ। ਪਰ ਕੋਈ ਸਪੱਸ਼ਟ ਗੱਲ ਸਮਝ ਨਹੀਂ ਸੀ ਆ ਰਹੀ ਕਿ ਕਿਸ ਤਰੀਕੇ ਨਾਲ ਸੁਲਤਾਨਪੁਰ ਜਾਣਗੇ।

5

ਵੈਸਾਖ ਦੇ ਮਹੀਨੇ ਜੈ ਰਾਮ ਨੇ ਬੰਦੋਬਸਤ ਵਾਸਤੇ ਆਉਣਾ ਸੀ। ਹੁਣ ਜੈ ਰਾਮ ਪਟਵਾਰੀ ਤੋਂ ਆਮਲ ਬਣ ਚੁੱਕਾ ਸੀ। ਆਮਲ ਨੂੰ ਅੱਜਕਲ੍ਹ ਅਫ਼ਸਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਜੈ ਰਾਮ ਸਹੁਰੇ ਘਰ ਪੁੱਜ ਕੇ ਸਭ ਨੂੰ ਪਿਆਰ ਨਾਲ ਮਿਲਿਆ। ਸਭਨਾਂ ਨੂੰ ਮਿਲਣ ਤੋਂ ਬਾਅਦ ਜੈ ਰਾਮ ਰਾਇ ਬੁਲਾਰ ਨੂੰ ਵੀ ਮਿਲਣ ਲਈ ਗਿਆ। ਜੈ ਰਾਮ ਬੜਾ ਖੁਸ਼ ਸੀ। ਉਸ ਨੂੰ ਪ੍ਰਸੰਨ ਵੇਖ ਕੇ ਰਾਇ ਬੁਲਾਰ ਵੀ ਬਹੁਤ ਖੁਸ਼ ਹੋਇਆ। ਕੁਝ ਦੇਰ ਇੱਧਰ-ਉੱਧਰ ਦੀਆਂ ਗੱਲਾਂ ਕਰਨ ਤੋਂ ਬਾਅਦ ਜੈ ਰਾਮ ਘਰ ਵੱਲ ਪਰਤ ਆਇਆ।

ਜੈ ਰਾਮ ਨੂੰ ਆਇਆਂ ਦੋ-ਚਾਰ ਦਿਨ ਹੋ ਗਏ ਸਨ। ਉਹ ਮੁਕਲਾਵਾ ਲੈਣ ਲਈ ਆਇਆ ਸੀ। ਸ਼ਾਮ ਨੂੰ ਉਹ ਆਪਣੇ ਸਹੁਰੇ ਕਾਲੂ ਰਾਮ ਕੋਲ ਬੈਠਾ ਸੀ, ਪਰ ਸਹੁਰਾ ਕੁਝ ਦੁਖੀ-ਦੁਖੀ ਲੱਗਿਆ। ਜੈ ਰਾਮ ਨੇ ਕਾਲੂ ਰਾਮ ਤੋਂ ਉਸ ਦੇ ਦੁੱਖ ਦਾ ਕਾਰਣ ਪੁੱਛਿਆ। ਕਾਲੂ ਰਾਮ ਨੂੰ ਜੈ ਰਾਮ ਕੋਲ ਬੈਠਿਆਂ ਵੇਖ ਕੇ ਚਾਚਾ ਲਾਲੂ ਰਾਮ ਵੀ ਆ ਗਿਆ ਤੇ ਮਾਤਾ ਤ੍ਰਿਪਤਾ ਵੀ। ਸਾਰਿਆਂ ਦਾ ਦੁੱਖ ਇਕੋ ਹੀ ਸੀ।

ਬਰਖੁਰਦਾਰ ਨਾਨਕ ਹੁਣ ਵੱਡਾ ਹੋ ਗਿਆ ਸੀ ਪਰ ਉਹ ਕਿਸੇ ਵੀ ਕੰਮ-ਕਾਜ ਵਿਚ ਦਿਲਚਸਪੀ ਨਹੀਂ ਸੀ ਲੈਂਦਾ। ਬਸ ਹਰ ਵੇਲੇ ਚੁੱਪਚਾਪ ਬੈਠਾ ਰਹਿੰਦਾ ਸੀ ਤੇ ਪਤਾ ਨਹੀਂ ਕੀ ਸੋਚਦਾ ਰਹਿੰਦਾ ਸੀ। ਮਾਤਾ ਤ੍ਰਿਪਤਾ ਬੋਲੀ—"ਇਸ ਦਾ ਬੀਬੀ ਨਾਲ ਮੋਹ ਸੀ, ਉਹ ਜਦੋਂ ਦੀ ਸਹੁਰੇ ਘਰ ਗਈ ਹੈ, ਨਾਨਕ ਵੀ ਚੁੱਪ ਹੋ ਗਿਆ ਏ, ਨਾ ਦਿਲ ਨਾਲ ਖਾਂਦਾ-ਪੀਂਦਾ ਏ, ਨਾ ਖੁਸ਼ ਹੋ ਕੇ ਗੱਲਬਾਤ ਕਰਦਾ ਏ। ਇਸ ਨੂੰ ਕੁਝ ਸਮਝਾਓ। ਇਹ ਵੀ ਕਾਰ-

ਵਿਹਾਰ ਕਰੇ।" ਜੈ ਰਾਮ ਨੇ ਸੱਸ-ਸਹੁਰੇ ਦੀ ਗੱਲਬਾਤ ਨੂੰ ਧਿਆਨ ਨਾਲ ਸੁਣਿਆ ਤੇ ਉਨ੍ਹਾਂ ਨੂੰ ਇਕ ਭਰੋਸੇ ਵਾਲੀ ਆਵਾਜ਼ ਵਿਚ ਵਿਸ਼ਵਾਸ ਦੁਆਇਆ ਕਿ ਉਹ ਜ਼ਰੂਰ ਨਾਨਕ ਜੀ ਲਈ ਸੋਚੇਗਾ।

ਹੁਣ ਮਾਤਾ-ਪਿਤਾ ਨੇ ਬੇਬੇ ਨਾਨਕੀ ਨੂੰ ਮੁਕਲਾਵੇ ਲਈ ਤਿਆਰ ਕਰ ਦਿੱਤਾ। ਇਹ ਵਾਕਿਆ ਸੰਮਤ 1541 ਬਿਕ੍ਰਮੀ ਦਾ ਹੈ। ਵਿਦਾਇਗੀ ਲੈਣ ਤੋਂ ਪਹਿਲਾਂ ਬੇਬੇ ਨਾਨਕੀ ਦੇ ਪਤੀ ਜੈ ਰਾਮ ਰਾਇ ਬੁਲਾਰ ਨੂੰ ਮਿਲਣ ਗਿਆ। ਰਾਇ ਬੁਲਾਰ ਵੀ ਨਾਨਕ ਜੀ ਨੂੰ ਪ੍ਰਸੰਨ ਵੇਖਣਾ ਚਾਹੁੰਦਾ ਸੀ। ਜੈ ਰਾਮ ਨੂੰ ਰਾਇ ਬੁਲਾਰ ਨੇ ਪਿਆਰ ਨਾਲ ਬਿਠਾ ਕੇ ਆਖਿਆ : "ਜੈ ਰਾਮ, ਤੇਰਾ ਸਹੁਰਾ ਕਾਲੂ ਰਾਮ ਮਾਇਆ ਦਾ ਬੜਾ ਪਿਆਰਾ ਹੈ। ਇਸ ਦੇ ਉਲਟ ਤੇਰਾ ਸਾਲ਼ਾ ਨਾਨਕ ਰੱਬ ਦੀ ਭਗਤੀ ਕਰਨ ਵਾਲਾ ਮਹਾਪੁਰਖ ਹੈ। ਸੰਤਾਂ-ਮਹਾਤਮਾ ਨੂੰ ਮਿਲਦਾ ਹੈ। ਖ਼ੁਦਾ ਦੀ ਬੰਦਗੀ ਵਿਚ ਰਹਿੰਦਾ ਹੈ। ਕਾਲੂ ਰਾਮ ਇਹ ਸਭ ਵੇਖ ਕੇ ਜਾਂ ਤਾਂ ਇਸ ਨੂੰ ਗੁੱਸੇ ਹੁੰਦਾ ਹੈ ਜਾਂ ਫਿਰ ਆਪ ਖ਼ਫ਼ਾ ਹੁੰਦਾ ਹੈ। ਮੇਰੀ ਸਲਾਹ ਹੈ ਤੂੰ ਨਾਨਕ ਨੂੰ ਨਾਲ ਲੈ ਜਾ। ਉਥੇ ਕੋਈ ਕੰਮ ਵੀ ਸਿੱਖ ਲਵੇਗਾ ਤੇ ਨਾਲੇ ਪਿਓ ਦੀਆਂ ਝਿੜਕਾਂ ਤੋਂ ਵੀ ਬਚਿਆ ਰਹੇਗਾ।" ਜੈ ਰਾਮ ਨੇ ਖੁਸ਼ੀ ਨਾਲ ਕਿਹਾ, "ਮੈਨੂੰ ਕੋਈ ਇਤਰਾਜ਼ ਨਹੀਂ। ਮੈਂ ਨਾਲ ਹੀ ਲੈ ਜਾਂਦਾ ਹਾਂ।" ਪਰ ਰਾਇ ਬੁਲਾਰ ਕਹਿਣ ਲੱਗਾ, "ਤੇਰੇ ਨਾਲ ਨਾਨਕ ਦਾ ਜਾਣਾ ਠੀਕ ਨਹੀਂ। ਤੂੰ ਅਗਲੇ ਮਹੀਨੇ ਉਸ ਨੂੰ ਬੁਲਾ ਭੇਜੀਂ। ਮੈਂ ਕਾਲੂ ਰਾਮ ਨੂੰ ਆਖ ਕੇ ਨਾਨਕ ਨੂੰ ਸੁਲਤਾਨਪੁਰ ਭਿਜਵਾ ਦਿਆਂਗਾ। ਤੂੰ ਉਥੇ ਕੋਈ ਚੰਗਾ ਘਰ ਵੇਖ ਕੇ ਨਾਨਕ ਦੇ ਰਿਸ਼ਤੇ-ਨਾਤੇ ਦਾ ਵੀ ਖ਼ਿਆਲ ਰੱਖੀਂ।" ਜੈ ਰਾਮ ਰਾਇ ਬੁਲਾਰ ਤੋਂ ਵਿਦਾ ਲੈ ਕੇ ਘਰ ਪੁੱਜਾ। ਉਸ ਦਾ ਕਾਛੀਆਂ ਦਾ ਕੰਮ ਖ਼ਤਮ ਹੋ ਚੁੱਕਾ ਸੀ। ਸੋ ਆਪਣੀ ਪਤਨੀ ਨਾਨਕੀ ਸਮੇਤ ਸਹੁਰਿਆਂ ਤੋਂ ਵਿਦਾਇਗੀ ਲਈ। ਦੋਵੇਂ ਭੈਣ-ਭਰਾ ਇਕ ਦੂਜੇ ਤੋਂ ਵਿਛੜੇ। ਪਰ ਬੇਬੇ ਨਾਨਕੀ ਵੀਰ ਤੋਂ ਵਿੱਛੜਨਾ ਨਹੀਂ ਸੀ ਚਾਹੁੰਦੀ ਤੇ ਝੱਟ ਹੀ ਨਾਨਕ ਨੂੰ ਕਹਿਣ ਲੱਗੀ, "ਮੈਂ ਤੈਨੂੰ ਜਲਦੀ ਹੀ ਬੁਲਵਾ ਲਵਾਂਗੀ।"

ਇਥੇ ਨਾਨਕ ਦੇਵ ਜਿਥੇ ਜੀਅ ਕਰੇ ਤੁਰ ਜਾਂਦੇ। ਜਿਥੇ ਜੀਅ ਕਰੇ ਬੈਠੇ ਰਹਿੰਦੇ। ਉਹੀ ਸੰਤਾਂ-ਸਾਧਾਂ ਦੀ ਸੰਗਤ ਤੇ ਚੁੱਪ ਦੀ ਸਮਾਧੀ ਲਾਈ ਰੱਖਣਾ। ਨਾ ਕੋਈ ਕੰਮ ਕਰਨਾ ਤੇ ਨਾ ਹੀ ਕਿਸੇ ਕੰਮ ਵਿਚ ਉਤਸ਼ਾਹ ਵਿਖਾਉਣਾ। ਇਕ ਦਿਨ ਮਹਿਤਾ ਕਾਲੂ ਤੰਗ ਆ ਕੇ ਰਾਇ ਬੁਲਾਰ ਦੇ ਕੋਲ ਗਿਆ ਤੇ ਆਪਣਾ ਸਾਰਾ ਦੁੱਖ ਦੱਸਿਆ। ਰਾਇ ਬੁਲਾਰ ਤਾਂ ਪਹਿਲਾਂ ਹੀ ਸਾਰੀ ਗੱਲ ਸਮਝਦਾ ਸੀ। ਉਸ ਨੇ ਆਪਣੇ ਹੱਥੀਂ ਜੈ ਰਾਮ ਦੇ ਨਾਮ ਚਿੱਠੀ ਲਿਖੀ ਤੇ ਕਾਲੂ ਰਾਮ ਨੂੰ ਦੇਂਦਿਆਂ ਕਿਹਾ, "ਤੂੰ ਇਹ ਚਿੱਠੀ ਨਾਨਕ ਨੂੰ ਦੇ ਕੇ ਸੁਲਤਾਨਪੁਰ ਭੇਜ ਦੇ। ਮੈਂ ਜੈ ਰਾਮ ਨੂੰ ਲਿਖ ਦਿੱਤਾ ਹੈ, ਉਹ ਨਾਨਕ ਦੇਵ ਨੂੰ ਕਿਸੇ ਕੰਮ ਲਾ ਦੇਵੇਗਾ। ਤੂੰ ਨਾਨਕ ਨੂੰ ਕੁਝ ਦੇਰ ਉਥੇ ਹੀ ਰਹਿਣ ਦੇ।" ਮਹਿਤਾ ਕਾਲੂ ਚਿੱਠੀ ਲੈ ਕੇ ਘਰ ਪੁੱਜਾ ਤੇ ਨਾਨਕ ਦੇਵ ਨੂੰ ਸੁਲਤਾਨਪੁਰ ਜਾਣ ਨੂੰ ਕਿਹਾ। ਜਦੋਂ ਮਾਤਾ ਤ੍ਰਿਪਤਾ ਨੂੰ ਪਤਾ ਲੱਗਾ ਤਾਂ ਉਹ ਬਹੁਤ ਵੈਰਾਗ ਵਿਚ ਆਈ। ਆਪਣੇ ਪੁੱਤਰ ਦਾ ਮੱਥਾ ਚੁੰਮਿਆ। ਤਰਲੇ ਲੈ ਕੇ ਆਪਣੇ ਪਤੀ ਨੂੰ ਆਖਣ ਲੱਗੀ, "ਇਸ ਨੂੰ ਘਰੋਂ ਬਾਹਰ ਨਾ ਭੇਜੋ। ਇਹ ਘਰ ਦੀ ਰੌਣਕ ਹੈ। ਅਸੀਂ ਦੋਵੇਂ ਇਕੱਲੇ ਕੀ ਕਰਾਂਗੇ ?" ਪਰ ਕੌਣ ਜਾਣੇ ਮਾਂ ਦੀ ਮਮਤਾ ? ਓੜਕ ਨਾਨਕ ਦੇਵ ਘਰੋਂ ਸੁਲਤਾਨਪੁਰ ਲਈ ਰਵਾਨਾ ਹੋ ਗਏ।

6

ਬੇਬੇ ਨਾਨਕੀ ਆਪਣੇ ਵੀਰ ਨੂੰ ਨਿਰਾ ਜ਼ੀਰ ਹੀ ਨਹੀਂ ਸੀ ਜਾਣਦੀ, ਰਾਇ ਬੁਲਾਰ ਵਾਂਗ ਉਹ ਵੀ ਨਾਨਕ ਦੇਵ ਨੂੰ ਮਹਾਪੁਰਖ ਸਮਝਦੀ ਸੀ । ਜਦ ਕਦੀ ਵੀ ਉਸ ਨੂੰ ਮਿਲਿਆ ਆਪਣੇ ਪਤੀ ਨਾਲ ਆਪਣੇ ਵੀਰ ਦੀਆਂ ਅਲੌਕਿਕ ਗੱਲਾਂ ਕਰਦੀ । ਬੇਬੇ ਨਾਨਕੀ ਦੀ ਵੀਰ ਵਿਚ ਬੜੀ ਸ਼ਰਧਾ ਸੀ । ਇਕ ਦਿਨ ਬੇਬੇ ਨਾਨਕੀ ਕੀ ਵੇਖਦੀ ਹੈ, ਉਸ ਦਾ ਪਿਆਰਾ ਵੀਰ ਉਸ ਦੀ ਦਹਿਲੀਜ਼ ਉੱਪਰ ਖਲੋਤਾ ਹੈ ਵੇਖਦਿਆਂ ਹੀ ਭੱਜ ਕੇ ਵੀਰ ਨੂੰ ਜਾ ਮਿਲੀ । ਉਸ ਨੂੰ ਅੰਦਰ ਲਿਆਈ । ਮੰਜੇ ਉਤੇ ਸੋਹਣਾ ਜਿਹਾ ਖੇਸ ਵਿਛਾ ਦਿੱਤਾ । ਵੀਰ ਨਾਨਕ ਮੰਜੇ 'ਤੇ ਬੈਠ ਗਏ । ਇਤਨੇ ਵਿਚ ਨਾਨਕ ਦੇਵ ਦੇ ਜੀਜਾ ਜੀ ਵੀ ਆ ਗਏ । ਦੋਵੇਂ ਬੜੇ ਪ੍ਰੇਮ ਨਾਲ ਇਕ-ਦੂਜੇ ਨੂੰ ਮਿਲੇ । ਜੈ ਰਾਮ ਤੇ ਬੇਬੇ ਨਾਨਕੀ ਨੇ ਸਾਰਿਆਂ ਦੀ ਸੁੱਖਸਾਂਦ ਪੁੱਛੀ । ਨਾਨਕ ਦੇਵ ਨੇ ਆਪਣੇ ਜੀਜੇ ਨੂੰ ਰਾਇ ਬੁਲਾਰ ਦੀ ਚਿੱਠੀ ਦਿੱਤੀ । ਜੈ ਰਾਮ ਤਾਂ ਪਹਿਲਾਂ ਹੀ ਇਸ ਤਰ੍ਹਾਂ ਦੀ ਗੱਲ ਸੋਚ ਰਿਹਾ ਸੀ । ਬੇਬੇ ਨਾਨਕੀ ਨੇ ਵੀ ਆਪਣੇ ਵੀਰ ਦੇ ਕਾਰੋਬਾਰ ਦਾ ਖ਼ਿਆਲ ਰੱਖਣ ਲਈ ਜੈ ਰਾਮ ਨੂੰ ਪੱਕੀ ਕੀਤੀ ।

ਦੋ-ਚਾਰ ਦਿਨਾਂ ਵਿਚ ਹੀ ਜੈ ਰਾਮ ਨੇ ਨਵਾਬ ਦੌਲਤ ਖ਼ਾਂ ਨਾਲ ਗੱਲਬਾਤ ਕਰ ਕੇ ਨਾਨਕ ਦੇਵ ਨੂੰ ਨਵਾਬ ਦੌਲਤ ਖ਼ਾਂ ਦੇ ਮੋਦੀਖਾਨੇ ਵਿਚ ਮੋਦੀ ਲਗਵਾ ਦਿੱਤਾ । ਰਾਸ਼ਨ ਦੀ ਦੁਕਾਨ ਜਿਥੋਂ ਸਰਕਾਰੀ ਕਰਮਚਾਰੀਆਂ ਨੂੰ ਰਾਸ਼ਨ ਪਹੁੰਚਾਇਆ ਜਾਂਦਾ ਸੀ । ਗੁਰੂ ਨਾਨਕ ਦੇਵ ਜੀ ਸੰਮਤ 1542 ਬਿਕ੍ਰਮੀ ਵਿ ਮੋਦੀ ਲੱਗੇ । ਹੁਣ ਇਸ ਮੋਦੀਖਾਨੇ ਦਾ ਸਾਰਾ ਹਿਸਾਬ-ਕਿਤਾਬ ਬੇਬੇ ਨਾਨਕੀ ਦੇ ਵੀਰ ਦੇ ਹੱਥ ਵਿਚ ਸੀ । ਵੀਰ ਨਾਨਕੀ ਪਾਸ ਹੀ ਰਹਿੰਦੇ ਸਨ । ਦਿਨ ਭਰ ਮੋਦੀਖਾਨਾ ਚਲਾਉਂਦੇ । ਸਵੇਰੇ ਅੰਮ੍ਰਿਤ ਵੇਲੇ ਉਠ ਕੇ ਵੇਈਂ ਨਦੀ ਦੇ ਕਿਨਾਰੇ ਜਾਂਦੇ । ਸੁਲਤਾਨਪੁਰ ਵੇਈਂ ਨਦੀ ਦੇ ਕਿਨਾਰੇ ਉਪਰ ਹੀ ਸਮਾਧੀ ਲਗਾ ਕੇ ਭਗਤੀ ਕਰਦੇ । ਦਿਨ ਚੜ੍ਹੇ ਘਰ ਆਉਂਦੇ । ਅੱਗੇ ਬੇਬੇ ਨਾਨਕੀ ਵੀਰ ਦਾ ਇੰਤਜ਼ਾਰ ਕਰ ਰਹੀ ਹੁੰਦੀ । ਵੀਰ ਲਈ ਪਰਾਉਂਠੀ ਬਣਾਉਂਦੀ । ਵੀਰ ਨੂੰ ਮੱਖਣ, ਦਹੀਂ ਤੇ ਲੱਸੀ ਨਾਲ ਪਰੌਂਠੀ ਖੁਆ ਕੇ ਕੰਮ ਉੱਪਰ ਭੇਜਦੀ । ਸੰਧਿਆ ਵੇਲੇ ਵੀਰ ਜੀ ਫਿਰ ਪਾਠ ਨਿੱਤਨੇਮ ਵਿਚ ਜੁੜ ਜਾਂਦੇ । ਪਾਠ ਤੋਂ ਵਿਹਲੇ ਹੋ ਕੇ ਸਾਰੇ ਪਰਿਵਾਰ ਨਾਲ ਮਿਲ ਕੇ ਪ੍ਰਸ਼ਾਦ ਛਕਦੇ । ਇਸੇ ਤਰ੍ਹਾਂ ਦਿਨ ਬੀਤਣ ਲੱਗੇ । ਬੇਬੇ ਨਾਨਕੀ ਬੜੀ ਖੁਸ਼ ਸੀ । ਉਸ ਦਾ ਨਿੱਕਾ ਵੀਰ ਕੰਮ ਕਰਨ ਲੱਗ ਪਿਆ ਸੀ । ਉਸ ਨੇ ਆਪਣੇ ਮਾਤਾ-ਪਿਤਾ ਨੂੰ ਖ਼ਬਰ ਭੇਜੀ । ਉਹ ਵੀ ਬਹੁਤ ਖੁਸ਼ ਹੋਏ । ਸ਼ੁਕਰ ਹੈ ਜੋ ਨਾਨਕ ਵੀ ਕੰਮ ਕਰਨ ਲੱਗਾ ਹੈ । ਕਾਲੂ ਰਾਮ ਨੇ ਆਪਣੀ ਪਤਨੀ ਤ੍ਰਿਪਤਾ ਜੀ ਨੂੰ ਕਿਹਾ ।

ਹੁਣ ਬੇਬੇ ਨਾਨਕੀ ਸੋਚਦੀ ਵੀਰ ਕੰਮ ਤਾਂ ਕਰਨ ਲੱਗ ਗਿਆ ਹੈ ਜੇ ਇਹ ਗ੍ਰਿਹਸਥੀ ਵਿਚ ਪੈ ਜਾਵੇ ਤਾਂ ਹੋਰ ਵੀ ਚੰਗਾ ਹੋਵੇ । ਜੈ ਰਾਮ ਆਪਣੀ ਪਤਨੀ ਦੀ ਗੱਲ ਨਹੀਂ ਸੀ ਮੋੜਦਾ । ਨਾਲੇ ਬੇਬੇ ਨਾਨਕੀ ਨੇ ਵੀ ਸਹੁਰੇ ਘਰ ਦਾ ਕੰਮ-ਕਾਜ ਸੰਭਾਲ ਲਿਆ ਹੋਇਆ ਸੀ । ਉਸ ਦੀਆਂ ਨਨਾਣਾਂ ਤੇ ਦੇਵਰ ਸਾਰੇ ਖੁਸ਼ ਸਨ । ਬੇਬੇ ਨਾਨਕੀ ਸਾਰਿਆਂ ਨੂੰ ਥਾਂ-ਪਰ-ਥਾਂ ਸੰਭਾਲ ਰਹੀ ਸੀ । ਇਕ ਦਿਨ ਜੈ ਰਾਮ ਨੇ ਬੇਬੇ ਨਾਨਕੀ ਨੂੰ ਦੱਸਿਆ ਗੁਰਦਾਸਪੁਰ ਜ਼ਿਲ੍ਹੇ ਦੇ ਇਕ ਪਿੰਡ ਪੱਖੋਕਿਆਂ ਦਾ ਪਟਵਾਰੀ ਹੈ ਜਿਸ ਦਾ ਨਾਮ ਹੈ ਮੂਲ ਚੰਦ । ਇਹ ਜਾਤ ਦਾ ਖੱਤਰੀ ਹੈ । ਉਹ ਆਪਣੀ ਲੜਕੀ ਦਾ ਨਾਤਾ ਆਪਣੇ ਨਾਨਕ ਨਾਲ ਕਰਨ ਲਈ

ਤਿਆਰ ਹੈ। ਬੀਬੀ ਨਾਨਕੀ ਬਹੁਤ ਖੁਸ਼ ਹੋਈ। ਇਹ ਖ਼ਬਰ ਤਲਵੰਡੀ ਉਸ ਨੇ ਆਪਣੇ ਮਾਪਿਆਂ ਨੂੰ ਭਿਜਵਾ ਦਿੱਤੀ।

ਇੱਧਰ ਜੈ ਰਾਮ ਖੁਸ਼ੀ-ਖੁਸ਼ੀ ਸਾਰੇ ਕੰਮ ਕਰ ਰਿਹਾ ਸੀ ਕਿ ਇਕ ਆਦਮੀ ਨੇ ਜੈ ਰਾਮ ਨੂੰ ਆ ਕੇ ਕਿਹਾ, ਸੁਣ ਭਾਈ ਜੈ ਰਾਮ ਤੇਰਾ ਸਾਲ਼ਾ ਮੋਦੀ ਤਾਂ ਫ਼ਕੀਰਾਂ ਨੂੰ ਅੰਨ ਦੀ ਰਸਦ ਮੁਫ਼ਤ ਹੀ ਦੇ ਦੇਂਦਾ ਹੈ। ਜੇ ਮੋਦੀਖਾਨੇ ਵਿਚ ਕੁਝ ਘਟ ਗਿਆ ਤਾਂ ਸਾਰੀ ਚੱਟੀ ਤੈਨੂੰ ਹੀ ਭਰਨੀ ਪਵੇਗੀ। ਤੂੰ ਆਪਣੇ ਸਾਲ਼ੇ ਨਾਨਕ ਮੋਦੀ ਨੂੰ ਸਮਝਾ। ਰਾਤੀਂ ਜੈ ਰਾਮ ਨੇ ਸਾਰੀ ਗੱਲ ਪਤਨੀ ਨਾਲ ਕੀਤੀ। ਬੇਬੇ ਨਾਨਕੀ ਨਹੀਂ ਸੀ ਚਾਹੁੰਦੀ ਕਿ ਉਸ ਦਾ ਪਤੀ ਉਹਦੇ ਵੀਰ ਉਤੇ ਕਿਸੇ ਤਰ੍ਹਾਂ ਦਾ ਸ਼ੱਕ ਕਰੇ। ਸੋ ਉਸ ਨੇ ਵੀਰ ਨਾਨਕ ਨੂੰ ਬੁਲਾਵਾ ਭਿਜਵਾ ਕੇ ਉਸੇ ਵੇਲੇ ਸੱਦ ਲਿਆ। ਦੋ-ਚਾਰ ਦਿਨਾਂ ਵਿਚ ਹੀ ਮੋਦੀਖਾਨੇ ਦਾ ਹਿਸਾਬ ਹੋ ਗਿਆ। ਤਿੰਨ ਮਹੀਨਿਆਂ ਦਾ ਹਿਸਾਬ ਹੋਇਆ ਤਾਂ ਖਾ-ਪੀ ਕੇ ਤੇ ਦੇ-ਦਿਵਾ ਕੇ ਗੁਰੂ ਨਾਨਕ ਜੀ ਦੇ ਨਵਾਬ ਵੱਲ 135 ਰੁਪਏ ਨਿਕਲੇ। ਬੇਬੇ ਨਾਨਕੀ ਬਹੁਤ ਹੀ ਖੁਸ਼ ਸੀ। ਤੇ ਵੀਰ ਦੀ ਪ੍ਰਸੰਸਾ ਕਰਦੀ ਨਹੀਂ ਸੀ ਰੱਜਦੀ। ਗੁਰੂ ਨਾਨਕ ਜੀ ਉਸੇ ਤਰ੍ਹਾਂ ਮੋਦੀਖਾਨਾ ਚਲਾਉਂਦੇ ਰਹੇ। ਗ਼ਰੀਬ-ਗੁਰਬੇ ਦੀ ਸਹਾਇਤਾ ਕਰਦੇ ਰਹਿੰਦੇ। ਭੁੱਖੇ ਦੀ ਮਦਦ ਕਰਦੇ ਰਹਿੰਦੇ। ਲੋਕੀਂ ਮਨ ਹੀ ਮਨ ਹੈਰਾਨ ਹੁੰਦੇ ਕਿ ਇਤਨੀ ਖ਼ੈਰਾਤ ਦੇਣ ਵਾਲਾ ਮੋਦੀ ਕਿਵੇਂ ਪੈਸਾ ਬਚਾ ਲੈਂਦਾ ਹੈ ? ਇਹਦੇ ਹੱਥ ਵਿਚ ਕੋਈ ਰੱਬੀ ਬਰਕਤ ਹੈ।

7

ਅਖ਼ੀਰ ਉਹ ਦਿਨ ਵੀ ਆ ਗਿਆ। ਬੇਬੇ ਨਾਨਕੀ ਦੇ ਵੀਰ ਦੀ ਕੁੜਮਾਈ ਹੋ ਗਈ। ਮਾਂ-ਪਿਓ ਤਲਵੰਡੀ ਤੋਂ ਸੁਲਤਾਨਪੁਰ ਆ ਗਏ। ਨਾਨਕ ਜੀ ਦੇ ਵਿਆਹ ਦੀਆਂ ਖੁਸ਼ੀਆਂ ਮਨਾਈਆਂ ਗਈਆਂ, ਸ਼ਗਨ ਕੀਤੇ ਗਏ, ਖ਼ੈਰਾਤ ਵੰਡੀ ਗਈ। ਅੱਜਕਲ੍ਹ ਸਭ ਤੋਂ ਵਧੀਕ ਬੇਬੇ ਨਾਨਕੀ ਖ਼ੁਸ਼ ਸੀ। ਉਸ ਦਾ ਵੀਰ ਉਸ ਦੇ ਕਹਿਣੇ ਵਿਚ ਸੀ। ਕਿਰਤ ਕਰ ਰਿਹਾ ਸੀ। ਵਿਆਹ ਕਰਵਾਉਣ ਲਈ ਮੰਨ ਗਿਆ ਸੀ। ਨਾਨਕ ਜੀ ਦੀ ਸ਼ਾਦੀ 24 ਜੇਠ ਸੰਮਤ 1544 ਬਿਕ੍ਰਮੀ ਨੂੰ ਹੋਈ। ਉਦੋਂ ਬੇਬੇ ਨਾਨਕੀ ਦੇ ਵੀਰ ਦੀ ਉਮਰ ਅਠਾਰ੍ਹਾਂ ਕੁ ਵਰ੍ਹਿਆਂ ਦੀ ਸੀ। ਹੁਣ ਸੁੱਖਾਂ-ਲੱਧਾ ਉਹ ਦਿਨ ਵੀ ਆ ਗਿਆ ਜਦੋਂ ਬੇਬੇ ਨਾਨਕੀ ਦਾ ਵੀਰ ਘੋੜੀ ਚੜ੍ਹਿਆ, ਸਿਹਰੇ ਬੱਧੇ, ਹਸੂੰ-ਹਸੂੰ ਕਰਦੇ ਮੁਖੜੇ ਦੇ ਮਾਂ ਨੇ ਕਈ ਸ਼ਗਨ ਕੀਤੇ। ਬਰਾਤ ਬੜੇ ਉਤਸ਼ਾਹ ਨਾਲ ਵਟਾਲੇ ਗਈ। ਇਸ ਬਰਾਤ ਵਿਚ ਰਾਇ ਬੁਲਾਰ ਵੀ ਸੀ ਤੇ ਨਵਾਬ ਦੌਲਤ ਖ਼ਾਂ ਵੀ ਸੀ। ਪਿਤਾ ਕਾਲੂ ਰਾਮ ਪਟਵਾਰੀ ਵੀ ਸੀ। ਜੀਜਾ ਜੈ ਰਾਮ ਪਟਵਾਰੀ ਸੀ ਤੇ ਅੱਗੋਂ ਮੂਲ ਚੰਦ ਪਟਵਾਰੀ ਦੇ ਘਰ ਜੰਞ ਢੁੱਕ ਰਹੀ ਸੀ। ਸਜੇ ਘੋੜਿਆਂ ਨਾਲ ਸਜੀ ਜੰਞ ਦੀ ਸ਼ਾਨ ਅਨੋਖੀ ਹੀ ਸੀ। ਦੋ-ਚਾਰ ਦਿਨ ਬਰਾਤ ਠਹਿਰ ਕੇ ਬੀਬੀ ਸੁਲੱਖਣੀ ਦੀ ਡੋਲੀ ਲੈ ਕੇ ਵਾਪਸ ਮੁੜੀ। ਹੁਣ ਵਿਚਾਰ ਆਇਆ ਕਿ ਡੋਲੀ ਕਿਥੇ ਲਿਆਂਦੀ ਜਾਵੇ। ਬੇਬੇ ਨਾਨਕੀ ਚਾਹੁੰਦੀ ਸੀ ਕਿ ਡੋਲੀ ਸੁਲਤਾਨਪੁਰ ਚੱਲੇ। ਪਰ ਮਾਤਾ-ਪਿਤਾ ਦਾ ਖ਼ਿਆਲ ਕਰ ਕੇ ਡੋਲੀ ਪਹਿਲਾਂ ਤਲਵੰਡੀ ਗਈ। ਨਗਰ ਦੇ ਇਸਤਰੀ-ਮਰਦ ਖੁਸ਼ ਹੋਏ। ਮੁਬਾਰਕਾਂ ਦਾ ਹੜ੍ਹ ਆ ਗਿਆ। ਰਾਇ ਬੁਲਾਰ ਵੀ ਬਹੁਤ ਖੁਸ਼ ਹੋਇਆ। ਕੁਝ ਦਿਨਾਂ ਬਾਅਦ ਮਾਤਾ ਸੁਲੱਖਣੀ ਪੇਕੇ ਗਈ ਤੇ ਨਾਨਕ ਜੀ ਸੁਲਤਾਨਪੁਰ ਪੁੱਜ ਕੇ ਪਹਿਲਾਂ ਵਾਂਗ ਮੋਦੀਖਾਨਾ

ਚਲਾਉਣ ਲੱਗੇ। ਪੰਜਾਂ ਸਾਲਾਂ ਬਾਅਦ ਗੁਰੂ ਨਾਨਕ ਦੇਵ ਜੀ ਦਾ ਮੁਕਲਾਵਾ ਆਇਆ। ਹੁਣ ਸੁਲੱਖਣੀ ਜੀ ਵੀ ਸੁਲਤਾਨਪੁਰ ਆ ਗਈ। ਬੇਬੇ ਨਾਨਕੀ ਨੇ ਭਰਾ-ਭਰਜਾਈ ਨੂੰ ਵੱਖਰਾ ਘਰ ਦਿੱਤਾ। ਮਸਤ ਮਲੰਗ ਵੀਰ ਨਾਨਕ ਨੂੰ ਘਰ ਦਾ ਸਾਮਾਨ ਬਣਾਉਂਦਿਆਂ ਵੇਖ ਭੈਣ ਨਾਨਕੀ ਮਨ ਹੀ ਮਨ ਬਲਿਹਾਰੇ ਜਾਂਦੀ। ਹੁਣ ਉਸ ਦਾ ਵੀਰ ਗ੍ਰਹਿਸਥੀ ਬਣ ਗਿਆ ਸੀ। ਮੋਦੀਖਾਨਾ ਚਲਾ ਰਿਹਾ ਸੀ। ਹਰ ਸੁਆਲੀ ਦਾ ਸੁਆਲ ਪੂਰਾ ਕਰਦਾ ਸੀ। ਜਦੋਂ ਹਿਸਾਬ ਕਰੋ ਨਫ਼ਾ ਵਿਖਾਉਂਦਾ ਸੀ। ਹੋਰ ਕੀ ਚਾਹੀਦਾ ਸੀ ਉਸ ਨੂੰ ? ਰੱਬ ਨੇ ਉਹਨੂੰ ਦੋ ਭਤੀਜੇ ਦਿੱਤੇ। ਬਾਬਾ ਸ੍ਰੀ ਚੰਦ ਦਾ ਜਨਮ ਸੰਮਤ 1551 ਬਿਕ੍ਰਮੀ ਤੇ ਲਖਮੀ ਦਾਸ ਦਾ ਜਨਮ 1553 ਬਿਕ੍ਰਮੀ ਵਿਚ ਹੋਇਆ। ਉਹ ਉਨ੍ਹਾਂ ਨੂੰ ਚਾਈਂ-ਚਾਈਂ ਚੁੱਕਦੀ, ਲਾਡ-ਪਿਆਰ ਕਰਦੀ। ਵੀਰ ਦਾ ਘਰ ਆਬਾਦ ਵੇਖ ਕੇ ਸ਼ੁਕਰ-ਸ਼ੁਕਰ ਕਰਦੀ ਸੀ ਭੈਣ ਨਾਨਕੀ।

ਇਕ ਦਿਨ ਬੇਬੇ ਨਾਨਕੀ ਬੈਠੀ ਸੀ ਕਿ ਉਸ ਦੀ ਭਰਜਾਈ ਸੁਲੱਖਣੀ ਆ ਗਈ। ਨਾਲ ਉਸ ਦੀ ਮਾਂ ਚੰਦੋ ਰਾਣੀ ਵੀ ਸੀ। ਮਾਵਾਂ-ਧੀਆਂ ਆ ਕੇ ਲੜਨ ਲੱਗ ਪਈਆਂ। ਸੁਲੱਖਣੀ ਜੀ ਨੇ ਕਿਹਾ ਕਿ ਮੇਰਾ ਪਤੀ ਤਾਂ ਕਈ-ਕਈ ਦਿਨ ਘਰ ਹੀ ਨਹੀਂ ਵੜਦਾ। ਜੇ ਕਦੀ ਆ ਜਾਵੇ ਤਾਂ ਮੂੰਹੋਂ ਨਹੀਂ ਬੋਲਦਾ। ਚੁੱਪ ਕਰ ਕੇ ਬੈਠਾ ਰਹਿੰਦਾ ਏ। ਬੇਬੇ ਨਾਨਕੀ ਨੇ ਸਾਰੀ ਗੱਲ ਸੁਣ ਕੇ ਸਹਿਜ-ਭਾਅ ਆਖਿਆ, "ਮਾਸੀ ਜੀ, ਜੇ ਤੁਹਾਡੀ ਧੀ ਨੂੰ ਖਾਣ-ਪੀਣ ਦੀ, ਕਪੜੇ ਦੀ, ਕਿਸੇ ਹੋਰ ਚੀਜ਼ ਦੀ ਕੋਈ ਕਮੀ ਨਹੀਂ। ਮੈਂ ਹਰ ਵੇਲੇ ਜੀ-ਜੀ ਪਈ ਕਰਨੀ ਆਂ। ਜੇ ਉਹ ਘਰ ਆ ਕੇ ਚੁੱਪ ਕਰ ਰਹਿੰਦਾ ਏ—ਇਹ ਉਸ ਦੀ ਆਦਤ ਏ। ਉਹ ਮੰਦਾ ਤਾਂ ਨਹੀਂ ਬੋਲਦਾ, ਦੁਖੀ ਤਾਂ ਨਹੀਂ ਕਰਦਾ, ਲੋੜ ਦੀ ਥੋੜ ਤਾਂ ਨਹੀਂ ਦੇਂਦਾ।" ਬੇਬੇ ਨਾਨਕੀ ਦੀ ਗੱਲ ਸੁਣ ਕੇ ਮਾਵਾਂ-ਧੀਆਂ ਚੁੱਪ ਹੋ ਰਹੀਆਂ ਤੇ ਆਪਣੇ ਘਰ ਪਰਤ ਗਈਆਂ।

8

ਬੇਬੇ ਨਾਨਕੀ ਦਾ ਵੀਰ ਹੁਣ ਦਿਨੋ-ਦਿਨ ਉਦਾਸ ਹੋ ਰਿਹਾ ਸੀ। ਬੇਬੇ ਨਾਨਕੀ ਨੂੰ ਅਚੇਤ ਹੀ ਇਕ ਤੌਖ਼ਲਾ ਪਿਆ ਰਹਿੰਦਾ, ਵੀਰ ਨਾਨਕ ਕਿਧਰੇ ਘਰੋਂ ਨਾ ਚਲਾ ਜਾਵੇ। ਉਸ ਭਾਵੇਂ ਮੇਰੇ ਆਖਣ 'ਤੇ ਵਿਆਹ ਕਰਾ ਲਿਆ ਹੈ। ਬੱਚੇ ਹੋ ਗਏ ਹਨ। ਕਾਰ-ਵਿਹਾਰ ਕਰ ਰਿਹਾ ਹੈ ਪਰ ਉਸ ਦਾ ਚਿੱਤ ਅੰਦਰੋਂ ਕਿਸੇ ਹੋਰ ਪਾਸੇ ਹੈ। ਨਾਨਕ ਵੀਰ ਦੇ ਮਨ ਦੀ ਅਵਸਥਾ ਦਾ ਅੰਦਾਜ਼ਾ ਸਿਰਫ਼ ਭੈਣ ਨਾਨਕੀ ਨੂੰ ਹੀ ਸੀ। ਉਹੀ ਹੋਇਆ, ਵੀਰ ਨਾਨਕ ਸਵੇਰੇ ਵੇਈਂ ਦਾ ਇਸ਼ਨਾਨ ਕਰਨ ਗਏ ਤੇ ਵਾਪਸ ਨਾ ਪਰਤੇ। ਰੌਲਾ ਪੈ ਗਿਆ। ਨਾਨਕ ਮੋਦੀ ਘਾਟਾ ਖਾ ਕੇ ਦੌੜ ਗਿਆ ਹੈ। ਨਵਾਬ ਦੌਲਤ ਖਾਂ ਨੇ ਜੈ ਰਾਮ ਨੂੰ ਸੱਦ ਮੰਗਾਇਆ। ਪਰ ਜੈ ਰਾਮ ਦਾ ਇਕੋ ਹੀ ਜਵਾਬ ਸੀ, ਆਪ ਨਾਨਕ ਨੂੰ ਸੱਦੋ, ਉਹ ਆਪੇ ਆ ਕੇ ਹਿਸਾਬ ਦੇਵੇਗਾ। ਨਵਾਬ ਨੇ ਕੁਝ ਆਦਮੀ ਮੋਦੀ ਨੂੰ ਲੱਭਣ ਲਈ ਭੇਜੇ, ਉਹ ਨਾਨਕ ਨੂੰ ਲੱਭ ਲਿਆਏ। ਹਿਸਾਬ ਹੋਇਆ, 760 ਰੁਪਏ ਨਾਨਕ ਜੀ ਦੇ ਵੱਧ ਨਿਕਲੇ। ਹੁਣ ਨਵਾਬ ਨੇ 760 ਰੁਪਏ ਨਾਨਕ ਜੀ ਨੂੰ ਦੇਣੇ ਚਾਹੇ ਪਰ ਉਨ੍ਹਾਂ ਨੇ ਕਿਹਾ, ਇਹ ਰੁਪਏ ਫ਼ਕੀਰਾਂ ਵਿਚ ਵੰਡ ਦਿਓ। ਇਹ ਮੇਰੇ ਕਿਸੇ ਕੰਮ ਨਹੀਂ। ਨਾਲੇ ਮੋਦੀਖਾਨੇ ਦਾ ਕੰਮ ਕਿਸੇ ਹੋਰ ਨੂੰ ਸੌਂਪ ਦਿਓ। ਹੁਣ ਮੈਂ ਇਹ ਨਹੀਂ ਕਰ ਸਕਦਾ। ਇਹ ਆਖ ਗੁਰੂ ਨਾਨਕ ਉਥੋਂ ਤੁਰ ਪਏ। ਗੁਰੂ ਨਾਨਕ ਕਾਰੋਬਾਰ ਛੱਡ ਫ਼ਕੀਰ ਹੋ ਗਏ।

ਹੁਣ ਇਹ ਖ਼ਬਰ ਮਾਤਾ ਸੁਲੱਖਣੀ ਤੇ ਉਸ ਦੇ ਮਾਪਿਆਂ ਨੂੰ ਮਿਲੀ। ਸਾਰੇ ਬੇਬੇ ਨਾਨਕੀ ਨੂੰ ਬੁਰਾ-ਭਲਾ ਆਖਣ। ਜੈ ਰਾਮ ਵੀ ਲੋਕਾਂ ਦੀਆਂ ਗੱਲਾਂ ਸੁਣ-ਸੁਣ ਕੇ ਬੇਬੇ ਨਾਨਕੀ ਨਾਲ ਹੀ ਦੁਖੀ ਹੋਵੇ। ਭਾਬੀ ਸੁਲੱਖਣੀ ਤਾਂ ਪਹਿਲੇ ਹੀ ਨਨਾਣ ਨਾਨਕੀ ਨੂੰ ਕਈ ਤਰ੍ਹਾਂ ਦੀਆਂ ਗੱਲਾਂ ਆਖਦੀ ਰਹਿੰਦੀ ਸੀ। ਹੁਣ ਸਾਰੇ ਲੋਕ ਇਕ ਪਾਸੇ ਸਨ ਤੇ ਬੇਬੇ ਨਾਨਕੀ ਇਕੱਲੀ ਇਕ ਪਾਸੇ। ਉਸ ਨੇ ਆਪਣੇ ਵੀਰ ਤੋਂ ਸਿਦਕ ਨਹੀਂ ਹਾਰਿਆ। ਉਸ ਦਾ ਪੂਰਾ ਭਰੋਸਾ ਸੀ ਕਿ ਨਾਨਕ ਵੀਰ ਕੋਈ ਵੱਡਾ ਮਹਾਪੁਰਖ ਹੈ।

ਨਾਨਕ ਜੀ ਨਵਾਬ ਦਾ ਹਿਸਾਬ ਕਰ ਕੇ ਫਿਰ ਵੈਰਾਗ ਦੀ ਅਵਸਥਾ ਵਿਚ ਆ ਗਏ। ਇਤਨੇ ਨੂੰ ਮਰਦਾਨਾ ਰਬਾਬ ਲੈ ਕੇ ਆ ਗਿਆ। ਮਰਦਾਨਾ ਰਬਾਬ ਵਜਾਉਂਦਾ ਸੀ ਤੇ ਬੇਬੇ ਨਾਨਕੀ ਦੇ ਵੀਰ ਇਲਾਹੀ ਸੁਰ ਵਿਚ ਬਾਣੀ ਦਾ ਸ਼ਬਦ ਗਾਉਂਦੇ ਸੀ। ਬੇਬੇ ਨਾਨਕੀ ਨੂੰ ਹੁਣ ਸਮਝ ਆ ਗਈ ਸੀ ਕਿ ਨਾਨਕ ਹੁਣ ਵੈਰਾਗੀ ਹੋ ਗਿਆ ਹੈ। ਉਸ ਨੂੰ ਰੋਕਿਆ ਨਹੀਂ ਜਾ ਸਕਦਾ। ਇਕ ਦਿਨ ਬੇਬੇ ਦਾ ਵੀਰ ਮਰਦਾਨੇ ਸਮੇਤ ਭੈਣ ਨੂੰ ਮਿਲਣ ਆ ਗਿਆ। ਬੇਬੇ ਨੇ ਬੜੇ ਧੀਰਜ ਨਾਲ ਆਖਿਆ, "ਤੁਸੀਂ ਜੇ ਬਾਹਰ ਜਾਣਾ ਚਾਹੁੰਦੇ ਹੋ ਤਾਂ ਜਾਓ, ਮੈਂ ਭਰਜਾਈ ਤੇ ਭਤੀਜਿਆਂ ਦੀ ਪੂਰੀ ਤਰ੍ਹਾਂ ਰਾਖੀ ਕਰਾਂਗੀ। ਤੁਸੀਂ ਪਰਦੇਸ ਵਿਚ ਜਾ ਕੇ ਪਰਿਵਾਰ ਦੀ ਚਿੰਤਾ ਨਾ ਕਰਨੀ। ਪਰ ਵੀਰ ਜੀ, ਭੈਣ ਦੀ ਇਕ ਬੇਨਤੀ ਹੈ ਕਿ ਸਾਨੂੰ ਮਨੋਂ ਨਾ ਭੁਲਾਇਓ ਜੇ।" ਵੀਰ ਨਾਨਕ ਭੈਣ ਦਾ ਬੜਾ ਸਤਿਕਾਰ ਕਰਦਾ ਸੀ, ਬੋਲਿਆ, "ਜਦੋਂ ਤੁਸੀਂ ਯਾਦ ਕਰੋਗੇ, ਅਸੀਂ ਪਹੁੰਚ ਜਾਵਾਂਗੇ।" ਵਿਛੋੜੇ ਨੂੰ ਚਿਤਵ ਕੇ ਬੇਬੇ ਨਾਨਕੀ ਦੀਆਂ ਅੱਖਾਂ ਵਿਚ ਹੰਝੂ ਵਗ ਆਏ। ਕਾਫੀ ਦੇਰ ਹੰਝੂ ਵਗਦੇ ਰਹੇ। ਵੀਰ ਨਾਨਕ ਭੈਣ ਦਾ ਉਦਾਸ ਮੁਖੜਾ ਵੇਖਦੇ ਰਹੇ। ਫਿਰ ਦਿਲਾਸਾ ਦੇ ਕੇ ਕਿਹਾ, "ਬੀਬੀ ਭੈਣ ਫਿਕਰ ਨਾ ਕਰ। ਸਭ ਦਾ ਰਾਖਾ ਕਰਤਾਰ ਹੈ। ਤੁਸੀਂ ਸਾਰੇ ਪਰਿਵਾਰ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਹੈ। ਰੱਬ ਦੀ ਤੁਹਾਡੇ ਉੱਪਰ ਖੁਸ਼ੀ ਹੈ।"

ਅਖੀਰ ਗੁਰੂ ਨਾਨਕ ਆਪਣੇ ਉਦੇਸ਼ ਅਨੁਸਾਰ ਦੇਸਾਂ-ਪਰਦੇਸਾਂ ਨੂੰ ਉਪਦੇਸ਼ ਕਰਨ ਲਈ ਚਲੇ ਗਏ। ਬੇਬੇ ਨਾਨਕੀ ਪਿਆਰ ਨਾਲ ਭਰਜਾਈ ਤੇ ਭਤੀਜਿਆਂ ਦੀ ਸਾਰ-ਸੰਭਾਲ ਕਰਦੀ ਰਹੀ। ਗੁਰੂ ਨਾਨਕ ਨੇ ਆਪਣੀ ਜ਼ਿੰਦਗੀ ਦਾ ਲੰਬਾ ਅਰਸਾ ਬਾਹਰ ਪ੍ਰਚਾਰ ਕਰਨ ਵਿਚ ਲਾਇਆ। ਬੇਬੇ ਨਾਨਕੀ ਜਿਤਨੀ ਦੇਰ ਜੀਵੀ ਵੀਰ ਦੇ ਪਰਿਵਾਰ ਦੀ ਸਾਰ-ਸੰਭਾਲ ਕਰਦੀ ਰਹੀ।

9

ਬੇਬੇ ਨਾਨਕੀ ਆਪਣੇ ਸੁਭਾਅ ਵਿਚ ਬਹੁਤ ਮਿੱਠੀ ਸੀ ਤੇ ਬਾਲਾਂ ਦੀ ਬੜੀ ਪਿਆਰੀ ਸੀ। ਭਾਵੇਂ ਰੱਬ ਨੇ ਉਸ ਨੂੰ ਆਪਣਾ ਬੱਚਾ ਨਹੀਂ ਸੀ ਦਿੱਤਾ। ਉਹ ਬਾਲਾਂ ਦੀ ਦਵਾ-ਦਾਰੂ ਕਰ ਕੇ ਬੜੀ ਖੁਸ਼ ਹੁੰਦੀ। ਸਾਰੇ ਸੁਲਤਾਨਪੁਰ ਵਿਚ ਕਿਸੇ ਬੱਚੇ ਨੂੰ ਕੁਝ ਹੁੰਦਾ ਪਰਉਪਕਾਰੀ ਬੇਬੇ ਉਥੇ ਪਹੁੰਚ ਜਾਂਦੀ। ਬੇਬੇ ਨਾਨਕੀ ਵੀਰ ਦੇ ਜਾਣ ਤੋਂ ਬਾਅਦ ਵੈਰਾਗੀ ਜੇਹੀ ਹੋ ਗਈ। ਦਿਨ ਭਰ ਕੰਮ-ਕਾਜ ਕਰਦੀ ਪਰ ਹਰ ਵੇਲੇ ਵੀਰ ਨੂੰ ਯਾਦ ਕਰਦੀ। ਪਹਿਲੀ ਉਦਾਸੀ ਤੋਂ ਬਾਅਦ ਬਾਬਾ ਨਾਨਕ ਵਾਪਸ ਪਰਤੇ ਤਾਂ ਸਭ ਤੋਂ ਪਹਿਲਾਂ ਭੈਣ ਨਾਨਕੀ ਨੂੰ

ਮਿਲਣ ਆਏ । ਭੈਣ ਨੂੰ ਬਹੁਤ ਖੁਸ਼ੀ ਹੋਈ । ਭੈਣ ਦੇ ਕਹਿਣ 'ਤੇ ਗੁਰੂ ਸਾਹਿਬ ਮਾਤਾ-ਪਿਤਾ ਨੂੰ ਵੀ ਮਿਲਣ ਗਏ ।

ਗੁਰੂ ਨਾਨਕ ਦੇਵ ਜੀ ਨੂੰ ਜਿਸ ਨੇ ਸਭ ਤੋਂ ਪਹਿਲਾਂ ਪਛਾਣਿਆ ਉਹ ਬੇਬੇ ਨਾਨਕੀ ਹੀ ਸੀ। ਨਿੱਕੇ ਹੁੰਦੇ ਹੀ ਵੀਰ ਦੀ ਸਮਰੱਥਾ ਨੂੰ ਬੀਬੀ ਭੈਣ ਪਛਾਣਦੀ ਸੀ । ਭੈਣ ਨਾਨਕੀ ਨੇ ਕਈ ਵਾਰ ਵੀਰ ਪਿੱਛੇ ਮਾਰ ਵੀ ਖਾਧੀ ਪਰ ਵੀਰ ਨੂੰ ਸਦਾ ਹੀ ਪਿਤਾ ਦੇ ਗੁੱਸੇ ਤੋਂ ਬਚਾ ਲਿਆ । ਭੈਣ ਨਾਨਕੀ ਦੇ ਆਖਣ 'ਤੇ ਹੀ ਵੀਰ ਨਾਨਕ ਨੇ ਸੁਲਤਾਨਪੁਰ ਮੋਦੀ ਬਣ ਕੇ ਕੰਮ ਕੀਤਾ । ਭੈਣ ਦੀ ਪ੍ਰੇਰਨਾ ਨਾਲ ਹੀ ਸ਼ਾਦੀ ਲਈ ਮੰਨ ਗਏ । ਗ੍ਰਹਿਸਥੀ ਬਣੇ । ਬੱਚਿਆਂ ਦੇ ਬਾਪ ਬਣੇ ਤੇ ਭੈਣ ਦੇ ਸ਼ਹਿਰ ਹੀ ਰਹੇ । ਜਦੋਂ ਪ੍ਰਚਾਰ ਕਰਨ ਲਈ ਬਾਹਰ ਗਏ ਤਾਂ ਬੇਬੇ ਨਾਨਕੀ ਹੀ ਪਰਿਵਾਰ ਦਾ ਸਹਾਰਾ ਸੀ । ਗੁਰੂ ਨਾਨਕ ਭਾਵੇਂ ਪਰਿਵਾਰ ਨੂੰ ਛੱਡ ਕੇ ਕਈ ਸਾਲ ਜੰਗਲਾਂ, ਪਹਾੜਾਂ, ਦੇਸਾਂ, ਪਰਦੇਸਾਂ ਵਿਚ ਉਪਦੇਸ਼ ਕਰਦੇ ਰਹੇ ਪਰ ਉਨ੍ਹਾਂ ਨੇ ਪਰਿਵਾਰ ਨੂੰ ਤਿਆਗਿਆ ਨਹੀਂ ਸੀ । ਸਗੋਂ ਜਿਤਨਾ ਨਿਸ਼ਚਿੰਤ ਹੋ ਕੇ ਉਹ ਬਾਹਰ ਰਹੇ, ਉਸ ਵਿਚ ਬੇਬੇ ਨਾਨਕੀ ਦਾ ਬਹੁਤ ਵੱਡਾ ਹੱਥ ਹੈ । ਅਖ਼ੀਰਲੀ ਉਮਰੇ ਜਦੋਂ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਨਗਰ ਵਸਾਇਆ ਤਾਂ ਉਨ੍ਹਾਂ ਦੀ ਪਤਨੀ ਮਾਤਾ ਸੁਲੱਖਣੀ ਤੇ ਦੋਵੇਂ ਪੁੱਤਰ ਉਨ੍ਹਾਂ ਕੋਲ ਹੀ ਰਹੇ । ਇਥੋਂ ਵੀ ਇਹੀ ਸਾਬਤ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਪਰਿਵਾਰ ਦੇ ਸੁਖਾਂ ਵਿਚ ਨਾ ਫਸ ਕੇ ਕੁਲ ਦੁਨੀਆ ਦੇ ਦੁੱਖ ਦੂਰ ਕਰਨ ਵਿਚ ਭਲਾ ਮਨਾਇਆ ।

ਬੇਬੇ ਨਾਨਕੀ ਨੇ ਆਪਣੇ ਬਚਪਨ ਤੋਂ ਲੈ ਕੇ ਆਪਣੇ ਜੀਵਨ ਦੇ ਅੰਤ ਤਕ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚ ਬੜਾ ਮਹੱਤਵਪੂਰਨ ਰੋਲ ਨਿਭਾਇਆ । ਬਚਪਨ ਵਿਚ ਬਚਪਨ ਦੇ ਬਾਲ-ਸਾਥੀਆਂ ਵਾਂਗ ਮਨ ਪਰਚਾਉਂਦੀ ਰਹੀ । ਵੀਰ ਨੂੰ ਪਿਤਾ ਦੇ ਗੁੱਸੇ ਤੋਂ ਬਚਾਉਂਦੀ ਰਹੀ । ਵਿਆਹੀ ਗਈ ਤਾਂ ਸਭ ਤੋਂ ਵੱਧ ਉਸ ਨੇ ਵੀਰ ਨਾਨਕ ਲਈ ਸੋਚਿਆ । ਵੀਰ ਨੂੰ ਆਪਣੇ ਕੋਲ ਸੁਲਤਾਨਪੁਰ ਹੀ ਬੁਲਾ ਲਿਆ । ਨੌਕਰੀ ਲੈ ਕੇ ਦਿੱਤੀ । ਵੀਰ ਦਾ ਵਿਆਹ ਕਰਵਾਇਆ । ਹੋਰ ਤਾਂ ਹੋਰ ਰਵਾਇਤ ਅਨੁਸਾਰ ਵੀਰ ਨਾਨਕ ਨੂੰ ਪਹਿਲੀ ਰਬਾਬ ਖ਼ਰੀਦਣ ਲਈ ਪੈਸੇ ਵੀ ਬੇਬੇ ਨਾਨਕੀ ਨੇ ਹੀ ਦਿੱਤੇ । ਇਸ ਦਾ ਅਰਥ ਇਹ ਬਿਲਕੁਲ ਨਹੀਂ ਕਿ ਵੀਰ ਨਾਨਕ ਕੋਲ ਪੈਸੇ ਨਹੀਂ ਸਨ, ਸਗੋਂ ਇਸ ਦਾ ਭਾਵ ਹੈ, ਬੇਬੇ ਨਾਨਕੀ ਨੇ ਹੀ ਸਭ ਤੋਂ ਪਹਿਲਾਂ ਵੀਰ ਨਾਨਕ ਦੀ ਰੱਬੀ ਲਗਨ ਨੂੰ ਪਛਾਣਿਆ । ਵੀਰ ਨੂੰ ਕੀਰਤਨ ਲਈ ਉਤਸ਼ਾਹ ਦਿੱਤਾ । ਮਰਦਾਨੇ ਰਬਾਬੀ ਦਾ ਮਾਣ ਰੱਖਿਆ ਤਾਂ ਕਿ ਉਹ ਵੀਰ ਦੀ ਸੰਗਤ ਵਿਚ ਰਹੇ । ਗੁਰੂ ਨਾਨਕ ਤੇ ਰਬਾਬੀ ਮਰਦਾਨਾ ਲੱਗਭਗ ਜੀਵਨ ਭਰ ਇਕੱਠੇ ਹੀ ਰਹੇ । ਬੇਬੇ ਨਾਨਕੀ ਨੇ ਆਪਣੇ ਵੀਰ ਦੇ ਨਾਲ-ਨਾਲ ਉਸ ਦੇ ਜੋਟੀਦਾਰ ਦਾ ਵੀ ਪੂਰਾ ਪੂਰਾ ਮਾਣ ਰੱਖਿਆ । ਗੁਰੂ ਨਾਨਕ ਜਦੋਂ ਉਦਾਸੀਆਂ 'ਤੇ ਗਏ ਤਾਂ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਉਨ੍ਹਾਂ ਦੇ ਸਾਰੇ ਪਰਿਵਾਰ ਦੀ ਸੰਭਾਲ ਕੀਤੀ । ਉਹ ਜਦੋਂ ਉਦਾਸੀ ਤੋਂ ਵਾਪਸ ਆਏ ਤਾਂ ਮਾਤਾ-ਪਿਤਾ ਨੂੰ ਮਿਲਣ ਦੀ ਪ੍ਰੇਰਨਾ ਦਿੱਤੀ । ਇਸ ਤਰ੍ਹਾਂ ਘਰ-ਪਰਿਵਾਰ ਤੇ ਗੁਰੂ ਨਾਨਕ ਦੇਵ ਦੇ ਸਮਾਜਿਕ ਸੰਬੰਧਾਂ ਨੂੰ ਸੁਖਾਵਾਂ ਬਣਾਉਣ ਵਿਚ ਬੇਬੇ ਨਾਨਕੀ ਨੇ ਬਹੁਤ ਵੱਡਾ ਹਿੱਸਾ ਪਾਇਆ ।

ਬੇਬੇ ਨਾਨਕੀ ਦੇ ਅੰਤ ਸਮੇਂ ਗੁਰੂ ਨਾਨਕ ਦੇਵ ਜੀ ਉਨ੍ਹਾਂ ਦੇ ਕੋਲ ਹੀ ਸੁਲਤਾਨਪੁਰ

ਰਹੇ। ਬੇਬੇ ਨਾਨਕੀ ਦਾ ਦੇਹਾਂਤ ਕੱਤਕ ਦੇ ਮਹੀਨੇ ਸੰਮਤ 1575 ਮੁਤਾਬਕ ਬਿਕ੍ਰਮੀ ਸੰਨ 1518 ਈਸਵੀ ਵਿਚ ਹੋਇਆ। ਦੂਸਰੇ ਸ਼ਬਦਾਂ ਵਿਚ ਨਵੰਬਰ ਦੇ ਮਹੀਨੇ ਸੰਨ 1518 ਈਸਵੀ ਵਿਚ ਹੋਇਆ। ਗੁਰੂ ਨਾਨਕ ਦੇਵ ਜੀ ਨੇ ਸੰਨ 1539 ਈਸਵੀ ਵਿਚ ਅਕਾਲ ਚਲਾਣਾ ਕੀਤਾ, ਯਾਨੀ ਕਿ ਬੇਬੇ ਨਾਨਕੀ ਤੋਂ 18 ਸਾਲਾਂ ਬਾਅਦ। ਬੇਬੇ ਨਾਨਕੀ ਦਾ ਕ੍ਰਿਆ-ਕਰਮ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਕੀਤਾ। ਦੋਵੇਂ ਭੈਣ-ਭਰਾ ਨਿਰਮਲ ਮੋਹ ਵਿਚ ਭਿੱਜੇ ਰਹੇ। ਦੋਵੇਂ ਇਕ-ਦੂਜੇ ਦੇ ਵਿਚਾਰਾਂ ਦੀ ਕਦਰ ਕਰਦੇ ਸਨ। ਭੈਣ ਨਾਨਕੀ ਤਾਂ ਗੁਰੂ ਨਾਨਕ ਨੂੰ ਰੱਬ ਪੂਜ ਕਰ ਕੇ ਮੰਨਦੀ ਸੀ।

ਇਸ ਕਰ ਕੇ ਅੰਤ ਸਮੇਂ ਉਸ ਦੇ ਚਿਹਰੇ ਉਤੇ ਅੰਤਾਂ ਦੀ ਸ਼ਾਂਤੀ ਸੀ। ਰੱਬੀ ਰਜ਼ਾ ਨੂੰ ਮੰਨਣ ਵਾਲੀ ਬੇਬੇ ਨੇ ਦੁਨੀਆ ਤੋਂ ਵਿਛੜਨ ਵੇਲੇ ਕੁਝ ਨਹੀਂ ਮੰਗਿਆ। ਸਰੋਂ ਵੀਰ ਰਚਿਤ ਪਾਠ ਸੁਣਦਿਆਂ ਸੁਣਦਿਆਂ ਰੱਬ ਨੂੰ ਪਿਆਰੀ ਹੋ ਗਈ। ਗੁਰੂ ਨਾਨਕ ਦੇਵ ਜੀ ਦੇ ਧਰਮ ਨੂੰ ਪ੍ਰਚਾਰਨ ਤੇ ਫੈਲਾਉਣ ਵਿਚ ਬੇਬੇ ਨਾਨਕੀ ਦਾ ਯੋਗਦਾਨ ਬੇਜੋੜ ਹੈ।

ਗੁਰੂ ਸਾਹਿਬਾਨ ਦੀਆਂ ਨੂੰਹਾਂ

ਗੁਰੂ ਸਾਹਿਬਾਨ ਗ੍ਰਹਿਸਥੀ ਸਨ ਪਰ ਹੈਰਤ ਤਾਂ ਉਦੋਂ ਹੁੰਦੀ ਹੈ ਕਿ ਗੁਰੂ ਨਾਨਕ ਦੇਵ ਜੀ ਦੁਨਿਆਵੀ ਤੌਰ ਤੇ ਕੁੜਮਾਚਾਰੀ ਦੇ ਚੱਕਰ ਵਿਚ ਨਹੀਂ ਪਏ । ਉਹ ਗੁਰੂ ਨਾਨਕ ਮਿਸ਼ਨ ਨੂੰ ਚਲਾਉਣ ਵਿਚ ਇਤਨੇ ਖੁੱਭੇ ਰਹੇ ਕਿ ਦੁਨਿਆਵੀ ਪਾਸਾ ਉਡੀਕਦਾ ਹੀ ਰਿਹਾ ਕਿ ਉਹ ਕਦੋਂ ਮੇਹਰ ਦੇ ਘਰ ਆਉਣਗੇ ? ਇਤਿਹਾਸ ਸਾਖੀ ਹੈ, ਬਾਬਾ ਸ੍ਰੀ ਚੰਦ ਜੀ ਜੋ ਗੁਰੂ ਨਾਨਕ ਪਾਤਸ਼ਾਹ ਦੇ ਵੱਡੇ ਸਹਿਬਜ਼ਾਦੇ ਹਨ, ਵਿਰੱਕਤੀ ਹੀ ਰਹੇ । ਬਾਬਾ ਲਖਦੀ ਦਾਸ ਜੋ ਉਨ੍ਹਾਂ ਦੇ ਛੋਟੇ ਅਤੇ ਦੂਸਰੇ ਸਪੁੱਤਰ ਹਨ, ਗੁਰੂ ਨਾਨਕ ਦੇਵ ਜੀ ਦੇ ਜੀਵਨ-ਕਾਲ ਵਿਚ ਗ੍ਰਹਿਸਥੀ ਨਹੀਂ ਬਣੇ, ਸਗੋਂ 40-45 ਸਾਲ ਦੀ ਉਮਰ ਵਿਚ ਲਖਮੀ ਦਾਸ ਜੀ ਆਪਣੇ ਵੱਡੇ ਵੀਰ ਦੇ ਕਹਿਣ ਅਨੁਸਾਰ ਸ਼ਾਦੀ ਲਈ ਰਜ਼ਾਮੰਦ ਹੋ ਗਏ ਤੇ ਲਖਮੀ ਦਾਸ ਜੀ ਦਾ ਇਕ ਸਪੁੱਤਰ ਵੀ ਹੋਇਆ ਜਿਸ ਤੋਂ ਬਾਬਾ ਨਾਨਕ ਦੀ ਵੇਲ ਵਧੀ । ਪਰ ਲਖਮੀ ਦਾਸ ਦੀ ਸੁਪਤਨੀ ਤੇ ਬਾਬੇ ਨਾਨਕ ਦੀ ਨੂੰਹ ਬਾਰੇ ਇਤਿਹਾਸ ਲੱਗਭਗ ਖ਼ਾਮੋਸ਼ ਹੀ ਰਿਹਾ ਹੈ । ਬਾਬਾ ਲਖਮੀ ਦਾਸ ਜੀ ਦੀ ਸ਼ਾਦੀ ਹੋਈ ਸੀ । ਇਸ ਦਾ ਅਰਥ ਹੈ : ਗੁਰੂ ਨਾਨਕ ਦੇਵ ਜੀ ਦੀ ਇਕ ਨੂੰਹ ਹੈ ।

ਗੁਰੂ ਅੰਗਦ ਦੇਵ ਜੀ ਦੇ ਦੋ ਸਪੁੱਤਰ : ਬਾਬਾ ਦਾਸੂ ਜੀ ਤੇ ਬਾਬਾ ਦਾਤੂ ਜੀ ਹੋਏ ਹਨ । ਦੋਹਾਂ ਨੇ ਸ਼ਾਦੀਆਂ ਕਰਵਾਈਆਂ, ਦੋਵੇਂ ਗ੍ਰਹਿਸਥੀ ਸਨ ਪਰ ਉਨ੍ਹਾਂ ਦੀ ਪਰਿਵਾਰਕ ਜਾਣਕਾਰੀ ਲਈ ਇਤਿਹਾਸ ਚੁੱਪ ਹੈ ।

ਗੁਰੂ ਅਮਰਦਾਸ ਜੀ ਦੇ ਦੋ ਸਪੁੱਤਰ ਹੋਏ ਹਨ ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ । ਗੁਰੂ ਅਮਰਦਾਸ ਜੀ ਦੇ ਪੋਤਰੇ ਬਾਬਾ ਅਨੰਦ ਦਾ ਜ਼ਿਕਰ ਤਾਂ ਮਿਲਦਾ ਹੈ ਪਰ ਨੂੰਹ ਬਾਰੇ ਇਤਿਹਾਸ ਖ਼ਾਮੋਸ਼ ਹੈ । ਇਤਨਾ ਤਾਂ ਨਿਸ਼ਚਿਤ ਹੀ ਹੈ ਕਿ ਗੁਰੂ ਅਮਰਦਾਸ ਜੀ ਦੀ ਇਕ ਨੂੰਹ ਹੈ । ਬਾਬਾ ਮੋਹਨ ਵਿਰੱਕਤ ਹੀ ਰਹੇ । ਨੂੰਹ ਦੇ ਬਿਰਤਾਂਤ ਬਾਰੇ ਇਤਿਹਾਸ ਨੇ ਚੁੱਪ ਸਾਧ ਰੱਖੀ ਹੈ ।

ਗੁਰੂ ਰਾਮਦਾਸ ਜੀ ਦੇ ਤਿੰਨ ਸਪੁੱਤਰ ਹੋਏ : ਬਾਬਾ ਪ੍ਰਿਥੀ ਚੰਦ, ਬਾਬਾ ਮਹਾਂਦੇਵ ਤੇ ਗੁਰੂ ਅਰਜਨ ਦੇਵ ਜੀ । ਬਾਬਾ ਪ੍ਰਿਥੀ ਚੰਦ ਦੇ ਸਹੁਰੇ ਪਿੰਡ ਹੇਅਰੀ ਸਨ । ਨੂੰਹ ਈਰਖਾਲੂ ਸੀ, ਇਸ ਦਾ ਜ਼ਿਕਰ ਹੈ । ਬਾਬਾ ਮਹਾਂਦੇਵ ਅਲੂਮਸਤ ਸੁਭਾਅ ਦੇ ਸਨ । ਉਨ੍ਹਾਂ ਸ਼ਾਦੀ ਨਹੀਂ ਕੀਤੀ । ਗੁਰੂ ਅਰਜਨ ਦੇਵ ਜੀ ਦੇ ਪਹਿਲੇ ਮਹਿਲ ਮਾਤਾ ਰਾਮਦੇਈ ਚੜ੍ਹਾਈ ਕਰ ਗਏ । ਦੂਸਰੇ ਮਹਿਲ ਮਾਤਾ ਗੰਗਾ ਜੀ ਦਾ ਜ਼ਿਕਰ ਇਤਿਹਾਸ ਵਿਚ ਹੈ । ਸਾਫ਼ ਹੈ, ਚੌਥੇ ਗੁਰੂ ਦੀਆਂ ਦੋ ਨੂੰਹਾਂ ਸਨ । ਗੁਰੂ ਅਰਜਨ ਦੇਵ ਜੀ ਦੇ ਇਕਲੌਤੇ ਨੌਨਿਹਾਲ ਗੁਰੂ ਹਰਿਗੋਬਿੰਦ ਜੀ ਹਨ । ਇਨ੍ਹਾਂ ਦੇ ਤਿੰਨ ਮਹਿਲ ਹੋਏ :

1. ਮਾਤਾ ਦਮੋਦਰੀ

2. ਮਾਤਾ ਨਾਨਕੀ
3. ਮਾਤਾ ਮਹਾਂਦੇਵੀ ।

ਇਸ ਦਾ ਅਰਥ ਹੈ ਗੁਰੂ ਅਰਜਨ ਦੇਵ ਜੀ ਦੀਆਂ ਤਿੰਨ ਸੁਭਾਗੀਆਂ ਨੂੰਹਾਂ ਸਨ । ਇਨ੍ਹਾਂ ਵਿਚੋਂ ਮਾਤਾ ਨਾਨਕੀ ਨੂੰ ਗੁਰੂ-ਮਾਤਾ ਹੋਣ ਦਾ ਫ਼ਖ਼ਰ ਪ੍ਰਾਪਤ ਹੈ । ਆਪ ਗੁਰੂ ਤੇਗ ਬਹਾਦਰ ਜੀ ਦੀ ਅੰਮੀ ਸਨ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਦਾਦੀ ਅੰਮੀ । ਮਾਤਾ ਨਾਨਕੀ ਜੀ ਦੀ ਦੇਣ ਗੁਰੂ-ਮਹਿਲ ਦੇ ਤੌਰ ਤੇ ਆਂਕੀ ਗਈ ਹੈ । ਸਾਫ਼ ਹੈ ਗੁਰੂ ਅਰਜਨ ਦੇਵ ਜੀ ਦੀਆਂ ਨੂੰਹਾਂ ਵਿਚੋਂ ਕੋਈ ਅਜਿਹਾ ਨਾਮ ਨਹੀਂ ਜੋ ਨੂੰਹ ਦੇ ਤੌਰ ਤੇ ਵਿਚਾਰਿਆ ਜਾਵੇ । ਮਾਤਾ ਦਮੋਦਰੀ ਤੇ ਮਾਤਾ ਮਹਾਂਦੇਵੀ ਗੁਰੂ ਮਹਿਲ ਦੇ ਤੌਰ ਤੇ ਵਿਚਾਰੀਆਂ ਗਈਆਂ ਹਨ । ਗੁਰੂ ਹਰਿਗੋਬਿੰਦ ਜੀ ਦੇ ਪੰਜ ਸਪੁੱਤਰ ਹੋਏ : ਬਾਬਾ ਗੁਰਦਿੱਤਾ ਜੀ, ਬਾਬਾ ਅਣੀ ਰਾਇ, ਬਾਬਾ ਅਟਲ ਰਾਇ, (ਗੁਰੂ) ਤੇਗ ਬਹਾਦਰ ਜੀ, ਬਾਬਾ ਸੂਰਜ ਮੱਲ ਜੀ । ਇਨ੍ਹਾਂ ਵਿਚੋਂ ਤਿੰਨਾਂ ਦੀ ਸ਼ਾਦੀ ਹੋਈ । ਬਾਬਾ ਗੁਰਦਿੱਤਾ ਜੀ, ਗੁਰੂ ਤੇਗ ਬਹਾਦਰ ਜੀ ਤੇ ਬਾਬਾ ਸੂਰਜ ਮੱਲ ਜੀ ਨੇ ਸ਼ਾਦੀਆਂ ਕੀਤੀਆਂ । ਬਾਬਾ ਅਣੀ ਰਾਇ ਦੀ ਸ਼ਾਦੀ ਬਾਰੇ ਵਿਵਾਦ ਹੈ । ਗਿਆਨੀ ਗਿਆਨ ਸਿੰਘ ਅਨੁਸਾਰ ਇਕ ਬਹੁਤ ਹੀ ਰੂਪਵਾਨ ਬੱਚੀ ਆਪਣੇ ਪਿਤਾ ਸਮੇਤ ਸਤਿਗੁਰਾਂ ਦੇ ਦਰਸ਼ਨਾਂ ਨੂੰ ਆਈ । ਉਸ ਦੇ ਰੂਪ ਨੂੰ ਨਿਹਾਰਦੇ ਹੋਏ ਗੁਰੂ ਸਾਹਿਬ ਰੱਬੀ ਰਹਿਮਤ ਬਾਰੇ ਸੋਚਣ ਲੱਗ ਪਏ ਕਿ ਰੱਬ ਨੇ ਇਸ ਬੱਚੀ ਨੂੰ ਰੂਪ ਦੀ ਦੌਲਤ ਨਾਲ ਕਿੰਨਾ ਮਾਲੋ-ਮਾਲ ਕਰ ਰੱਖਿਆ ਹੈ । ਪਰ ਉਸ ਦੇ ਪਿਤਾ ਨੇ ਸੋਚਿਆ ਸ਼ਾਇਦ ਇਹ ਬੱਚੀ ਸਤਿਗੁਰਾਂ ਨੂੰ ਪਸੰਦ ਆ ਗਈ ਹੈ—ਉਸ ਨੇ ਕਿਹਾ ਮਹਾਰਾਜ ਜੇ ਬੱਚੀ ਤੁਹਾਨੂੰ ਪਸੰਦ ਆ ਗਈ ਹ ਤਾਂ ਇਸ ਨੂੰ ਬਾਂਦੀ ਬਣਾ ਕੇ ਰੱਖ ਲਉ । ਪਰ ਗੁਰੂ ਜੀ ਨੇ ਕਿਹਾ ਨਹੀਂ, ਅਸੀਂ ਤਾਂ ਇਸ ਨੂੰ ਆਪਣੀ ਬੇਟੀ ਵਾਂਗ ਵੇਖ ਕੇ ਇਸ ਦੇ ਰੂਪ ਦੀ ਸਲਾਹੁਤਾ ਕੀਤੀ ਹੈ । ਬਾਬਾ ਅਣੀ ਰਾਇ ਗੁਰੂ ਹਰਿਗੋਬਿੰਦ ਸਾਹਿਬ ਦੇ ਦੂਸਰੇ ਸਪੁੱਤਰ ਜੋ ਉਸ ਸਮੇਂ ਉਥੇ ਮੌਜੂਦ ਸਨ, ਉਹ ਉਸ ਬੱਚੀ 'ਤੇ ਮੋਹਿਤ ਹੋ ਗਏ ਤੇ ਗੁਰੂ ਜੀ ਨੂੰ ਦੱਸੇ ਬਿਨਾਂ ਉਸ ਨਾਲ ਵਿਆਹ ਦਾ ਸੰਕਲਪ ਕਰ ਲਿਆ । ਜਦੋਂ ਛੇਵੇਂ ਪਾਤਸ਼ਾਹ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਬਹੁਤ ਨਾਰਾਜ਼ਗੀ ਕੀਤੀ । ਇਸ ਤੇ ਸਪੁੱਤਰ ਬਾਬਾ ਅਣੀ ਰਾਇ ਨੇ ਪੁੱਛਿਆ, ਮੈਨੂੰ ਇਸ ਅਪਰਾਧ ਲਈ ਕੀ ਸਜ਼ਾ ਹੈ ? ਸਤਿਗੁਰਾਂ ਕਿਹਾ—ਉਸ ਬੱਚੀ ਨੂੰ ਮੈਂ ਆਪਣੀ ਬੇਟੀ ਕਿਹਾ ਹੈ ਤੇ ਤੂੰ ਉਸ ਨਾਲ ਸ਼ਾਦੀ ਦੀ ਗੱਲ ਸੋਚੀ ਹੈ । ਤੈਨੂੰ ਇਹੋ ਸਜ਼ਾ ਹੈ—ਸਰੀਰ ਦਾ ਤਿਆਗ ਕਰੋ । ਪੁੱਤਰ ਅਣੀ ਰਾਇ ਨੇ ਪਿਤਾ ਦਾ ਹੁਕਮ ਸਿਰ-ਮੱਥੇ 'ਤੇ ਰੱਖਦਿਆਂ ਆਪਣੀ ਦੇਹ ਦਾ ਤਿਆਗ ਕਰ ਦਿੱਤਾ । ਇਸ ਤਰ੍ਹਾਂ ਭਾਵੇਂ ਅਣੀ ਰਾਇ ਨੇ ਸ਼ਾਦੀ ਤਾਂ ਕਰ ਲਈ ਸੀ ਪਰ ਉਹ ਬੱਚੀ ਤਾਂ ਪਵਿੱਤਰਤਾ ਦੀ ਮੂਰਤ ਸੀ ਤੇ ਉਨ੍ਹਾਂ ਦੀ ਨੂੰਹ ਬਣਨ ਤੋਂ ਪਹਿਲਾਂ ਹੀ ਉਸ ਦੇ ਪਤੀ ਬਾਬਾ ਅਣੀ ਰਾਇ ਸਰੀਰ ਦਾ ਤਿਆਗ ਕਰ ਗਏ ਸਨ ।

ਇਤਿਹਾਸ ਗਵਾਹ ਹੈ, ਬਾਬਾ ਅਟਲ ਰਾਇ ਨੇ ਵੀ ਬਾਲਪਨ ਵਿਚ ਹੀ ਸਰੀਰ ਦਾ ਤਿਆਗ ਕਰ ਦਿੱਤਾ ਸੀ । ਜ਼ਾਹਿਰ ਹੈ, ਗੁਰੂ ਹਰਿਗੋਬਿੰਦ ਸਾਹਿਬ ਦੀਆਂ ਤਿੰਨ ਨੂੰਹਾਂ ਹੋਈਆਂ ਹਨ : ਬਾਬਾ ਗੁਰਦਿੱਤਾ ਜੀ ਦੀ ਪਤਨੀ; ਗੁਰੂ ਤੇਗ ਬਹਾਦਰ ਜੀ ਦੀ ਸੁਪਤਨੀ, ਮਾਤਾ ਗੁਜਰੀ, ਬਾਬਾ ਸੂਰਜ ਮੱਲ ਜੀ ਦੀ ਸੁਪਤਨੀ ।

ਬਾਬਾ ਗੁਰਦਿੱਤਾ ਜੀ ਦੀ ਪਤਨੀ ਨੂੰ ਗੁਰੂ ਹਰਿ ਰਾਇ ਜੀ ਦੀ ਗੁਰੂ-ਮਾਤਾ ਹੋਣ ਦਾ

ਗੌਰਵ ਪ੍ਰਾਪਤ ਹੈ। ਮਾਤਾ ਗੁਜਰੀ ਜੀ ਗੁਰੂ-ਮਹਿਲ ਕਰ ਕੇ ਸਰਬ ਸ੍ਰੇਸ਼ਟ ਪ੍ਰਸਿੱਧੀ ਦੇ ਸੁਆਮੀ ਹਨ। ਬਾਬਾ ਸੂਰਜ ਮੱਲ ਦੀ ਸੁਪਤਨੀ ਬਹੁਤਾ ਕਰ ਕੇ ਸਾਹਮਣੇ ਨਹੀਂ ਆਏ। ਮਾਤਾ ਗੁਜਰੀ ਜੀ ਦਾ ਜੀਵਨ-ਬ੍ਰਿਤਾਂਤ ਗੁਰੂ-ਮਹਿਲ ਕਰ ਕੇ ਆਂਕਿਆ ਜਾ ਚੁੱਕਾ ਹੈ। ਇਸ ਲਈ ਗੁਰੂ-ਨੂੰਹ ਰੂਪ ਵਿਚ ਆਂਕਣ ਦਾ ਅਰਥ ਤੱਥਾਂ ਦਾ ਦੁਹਰਾਉ ਕਰਨਾ ਹੈ। ਗੁਰੂ ਹਰਿ ਰਾਇ ਜੀ ਦੇ ਦੋ ਸਪੁੱਤਰ ਹੋਏ : ਬਾਬਾ ਰਾਮ ਰਾਇ ਤੇ ਗੁਰੂ ਹਰਿ ਕ੍ਰਿਸ਼ਨ ਜੀ। ਗੁਰੂ ਹਰਿ ਕ੍ਰਿਸ਼ਨ ਜੀ ਤਾਂ ਬਾਲ-ਅਵਸਥਾ ਵਿਚ ਹੀ ਅਕਾਲ ਚਲਾਣਾ ਕਰ ਗਏ। ਬਾਬਾ ਰਾਮ ਰਾਇ ਦੀਆਂ ਦੋ ਪਤਨੀਆਂ ਸਨ : ਬੀਬੀ ਰਾਜ ਕੌਰ ਤੇ ਪੰਜਾਬ ਕੌਰ। ਬੀਬੀ ਰਾਜ ਕੌਰ ਵੀ ਬਾਬਾ ਰਾਮ ਰਾਇ ਵਾਂਗ ਰਿੱਧੀਆਂ-ਸਿੱਧੀਆਂ ਦੀ ਮਾਲਕ ਸੀ। ਉਹ ਵੀ ਆਪਣਾ ਵੱਖਰਾ ਦਰਬਾਰ ਲਗਾ ਕੇ ਸੰਗਤਾਂ ਵਿਚ ਗੁਰੂ-ਘਰ ਦਾ ਪ੍ਰਚਾਰ ਕਰਦੀ ਸੀ। ਕਮਾਲ ਅਚਰਜ ਤਾਂ ਇਹ ਹੈ, ਦੋਵੇਂ ਦੰਪਤੀ ਗੁਰੂ ਮਿਸ਼ਨ ਨੂੰ ਸਮਰਪਿਤ ਸਨ। ਗੁਰੂ-ਘਰ ਦੇ ਜੀਅ ਸਨ। ਦੋਵੇਂ ਧਾਰਮਿਕ ਬਿਰਤੀ ਦੇ ਸੁਆਮੀ ਸਨ। ਦੋਵੇਂ ਅਨੇਕ ਤਰ੍ਹਾਂ ਦੀਆਂ ਸ਼ਕਤੀਆਂ ਦੇ ਸੁਆਮੀ ਸਨ। ਪਰ ਦੋਵਾਂ ਦੇ ਸੁਭਾਅ ਵਿਚਲੀ ਵੱਖਰਤਾ ਇਕ-ਦੂਜੇ ਲਈ ਤਣਾਅ ਦਾ ਕਾਰਣ ਬਣ ਗਈ।

ਨਾਲੇ, ਗੁਰੂ ਮਹਾਰਾਜ ਨੇ ਜੀਵਨ ਦੀਆਂ ਅਨੇਕਮੁਖ ਵੰਨਗੀਆਂ ਵੀ ਤਾਂ ਪੈਦਾ ਕਰਨੀਆਂ ਸਨ। ਇਹ ਤਾਂ ਸਭ ਨੂੰ ਪਤਾ ਹੈ, ਸੰਸਾਰ ਦੀ ਹਰ ਛੋਟੀ-ਮੋਟੀ, ਨਿੱਕੀ-ਨੰਨ੍ਹੀ ਵਸਤ ਜਾਂ ਵੰਨਗੀ ਦਾ ਕਰਤਾ ਉਹ ਆਪ ਹੀ ਹੈ। ਸੋ, ਬੀਬੀ ਰਾਜ ਕੌਰ ਦਾ ਤਣਾਅ ਪਤੀ ਬਾਬਾ ਰਾਮ ਰਾਇ ਨਾਲ ਇਥੋਂ ਤਕ ਵਧ ਗਿਆ ਕਿ ਇਕ ਦਿਨ ਉਹ ਬਾਬਾ ਜੀ ਨੂੰ ਕਹਿਣ ਲੱਗੀ, ਮੈਂ ਤੁਹਾਡੇ ਨਾਲ ਹੋਰ ਨਹੀਂ ਰਹਿ ਸਕਦੀ। ਧੀਰਜਵਾਨ ਬਾਬਾ ਰਾਮ ਰਾਇ ਕਹਿਣ ਲੱਗੇ—ਤੁਸੀਂ ਜਿਥੇ ਵੀ ਜਾ ਕੇ ਰਹਿਣਾ ਚਾਹੋ, ਜਾ ਕੇ ਰਹਿ ਲਉ, ਮੇਰੇ ਸੇਵਕ ਉਥੇ ਹੀ ਤੁਹਾਡੀ ਦੇਖਭਾਲ ਕਰ ਦਿਆ ਕਰਨਗੇ। ਪਰ ਉਹ ਏਡੀ ਗੁੱਸੇ 'ਚ ਸੀ, ਕਹਿਣ ਲੱਗੀ—ਜਿਥੇ ਵੀ ਤੁਹਾਡੀ ਸਿੱਖੀ-ਸੇਵਕੀ ਹੋਵੇਗੀ, ਮੈਂ ਉਥੇ ਨਹੀਂ ਰਹਾਂਗੀ। ਇਹ ਕਹਿ ਕੇ ਉਨ੍ਹਾਂ ਨੇ ਆਪਣਾ ਡੋਲਾ ਚੁਕਵਾਇਆ ਤੇ ਤੁਰ ਪਏ। ਜਿਥੇ ਵੀ ਕੋਈ ਪਿੰਡ ਆਏ ਪਹਿਲਾਂ ਬੀਬੀ ਰਾਜ ਕੌਰ ਦੇ ਸੇਵਕ ਉਸ ਪਿੰਡ ਜਾਂ ਨਗਰ ਵਿਚ ਜਾ ਕੇ ਪਤਾ ਕਰਦੇ ਕਿ ਇਥੇ ਬਾਬਾ ਰਾਮ ਰਾਇ ਦੇ ਸ਼ਰਧਾਲੂ ਤਾਂ ਨਹੀਂ ਰਹਿੰਦੇ। ਜੇ ਇਹ ਪਤਾ ਲੱਗਦਾ ਕਿ ਇਸ ਵਿਚ ਉਨ੍ਹਾਂ ਦੇ ਸ਼ਰਧਾਲੂ ਵੱਸਦੇ ਹਨ ਤਾਂ ਉਹ ਬੀਬੀ ਰਾਜ ਕੌਰ ਦਾ ਡੋਲਾ ਚੁੱਕ ਕੇ ਅਗਾਂਹ ਤੁਰ ਪੈਂਦੇ। ਇਸ ਤਰ੍ਹਾਂ ਦੇਹਰਾਦੂਨ ਤੋਂ ਤੁਰਦਿਆਂ ਤੁਰਦਿਆਂ ਅੱਜਕਲ੍ਹ ਚੰਡੀਗੜ੍ਹ ਦੇ ਲਾਗੇ ਪਿੰਡ ਜਾਂ ਕਸਬਾ ਹੈ, ਮਨੂਮਾਜਰਾ। ਜਦੋਂ ਉਥੇ ਪੁੱਜ ਕੇ ਪੁੱਛਿਆ ਤੇ ਪਤਾ ਲੱਗਾ ਕਿ ਇਸ ਪਿੰਡ ਵਿਚ ਬਾਬਾ ਰਾਮ ਰਾਇ ਦੇ ਸ਼ਰਧਾਲੂ ਨਹੀਂ ਹਨ। ਸੋ ਉਸ ਨੇ ਇਸ ਪਿੰਡ ਵਿਚ ਆਪਣਾ ਉਤਾਰਾ ਕਰ ਕੇ ਡੇਰਾ ਬਣਾ ਲਿਆ। ਇਥੇ ਰਹਿ ਕੇ ਉਹ ਆਪਣਾ ਦੀਵਾਨ ਸਜਾ ਕੇ ਲੋਕਾਂ ਵਿਚ ਪ੍ਰਚਾਰ ਕਰਦੀ ਰਹੀ। ਇਸ ਪਿੰਡ ਵਿਚ ਅੱਜ ਵੀ ਬੀਬੀ ਦੀ ਮੜ੍ਹੀ ਬਣੀ ਹੋਈ ਹੈ। ਬੀਬੀ ਪੰਜਾਬ ਕੌਰ ਪਤੀ ਦੀ ਆਗਿਆਕਾਰੀ ਸੀ। ਉਸ ਨੇ ਗੁਰੂ-ਨੂੰਹ ਦੇ ਰੂਪ ਵਿਚ ਬੜੀ ਸੁੰਦਰ ਭੂਮਿਕਾ ਨਿਭਾਈ।

ਗੁਰੂ ਤੇਗ ਬਹਾਦਰ ਜੀ ਦਾ ਇਕਲੌਤਾ ਲਾਲ ਗੁਰੂ ਗੋਬਿੰਦ ਸਿੰਘ ਜੀ ਹੈ। ਦਸਮ ਗੁਰੂ ਦੀਆਂ ਗੁਰੂ-ਇਤਿਹਾਸ ਅਨੁਸਾਰ ਤਿੰਨ ਸ਼ਾਦੀਆਂ ਹੋਈਆਂ। ਇਸ ਦਾ ਅਰਥ ਹੈ, ਗੁਰੂ ਤੇਗ ਬਹਾਦਰ ਜੀ ਦੀਆਂ ਤਿੰਨ ਸੁਭਾਗੀਆਂ ਨੂੰਹਾਂ ਹਨ :

1. ਮਾਤਾ ਸੁੰਦਰੀ ਜੀ
2. ਮਾਤਾ ਜੀਤੋ ਜੀ
3. ਮਾਤਾ ਸਾਹਿਬ ਦੇਵਾਂ ਜੀ ।

ਇਨ੍ਹਾਂ ਤਿੰਨਾਂ ਦੀ ਗਣਨਾ ਗੁਰੂ-ਮਹਿਲ ਕਰ ਕੇ ਵੀ ਕੀਤੀ ਜਾਂਦੀ ਹੈ । ਜ਼ਾਹਿਰ ਹੈ ਇਥੇ ਨੂੰਹ-ਰੂਪ ਦਾ ਵਰਣਨ ਕਰਨ ਵਿਚ ਤੱਥਾਂ ਦਾ ਦੁਹਰਾਉ ਕਰਨਾ ਪਵੇਗਾ । ਹਾਲ ਦੀ ਘੜੀ ਇਸ ਦੁਹਰਾਉ ਤੋਂ ਗੁਰੇਜ਼ ਕਰਨਾ ਹੀ ਉਚਿਤ ਪ੍ਰਤੀਤ ਹੋ ਰਿਹਾ ਹੈ ।

ਗੁਰੂ ਗੋਬਿੰਦ ਜੀ ਦੇ ਚਾਰ ਲਾਸਾਨੀ ਬੇਟੇ ਹੋਏ । ਸਿੱਖ-ਸੰਗਤ ਤੇ ਆਮ ਲੋਕ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਾਕੇ ਤੇ ਵੱਡੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਭਰੀ ਸ਼ਹੀਦੀ ਤੋਂ ਜਾਣੂ ਹੈ । ਸਾਫ਼ ਹੈ, ਇਹ ਸਾਹਿਬਜ਼ਾਦੇ ਗ੍ਰਿਹਸਥ ਆਸ਼ਰਮ ਵਿਚ ਪਰਵਿਰਤ ਹੀ ਨਹੀਂ ਹੋ ਸਕੇ, ਇਸ ਲਈ ਦਸਮ ਪਾਤਸ਼ਾਹ ਜੀ ਦੀ ਨੂੰਹ ਕੋਈ ਨਹੀਂ ਸੀ ।

ਉੱਪਰ ਅੰਕਿਤ ਬਿਓਰੇ ਅਨੁਸਾਰ :

1. ਗੁਰੂ ਨਾਨਕ ਦੇਵ ਜੀ ਦੀ	:	ਇਕ ਨੂੰਹ
2. ਗੁਰੂ ਅੰਗਦ ਦੇਵ ਜੀ ਦੀਆਂ	:	ਦੋ ਨੂੰਹਾਂ
3. ਗੁਰੂ ਅਮਰਦਾਸ ਜੀ ਦੀ	:	ਇਕ ਨੂੰਹ
4. ਗੁਰੂ ਰਾਮਦਾਸ ਜੀ ਦੀਆਂ	:	ਦੋ ਨੂੰਹਾਂ
5. ਗੁਰੂ ਅਰਜਨ ਦੇਵ ਜੀ ਦੀਆਂ	:	ਤਿੰਨ ਨੂੰਹਾਂ
6. ਗੁਰੂ ਹਰਿਗੋਬਿੰਦ ਜੀ ਦੀਆਂ	:	ਤਿੰਨ ਨੂੰਹਾਂ
7. ਗੁਰੂ ਹਰਿ ਰਾਇ ਜੀ ਦੀ	:	ਇਕ ਨੂੰਹ
8. ਗੁਰੂ ਤੇਗ ਬਹਾਦਰ ਜੀ ਦੀਆਂ	:	ਤਿੰਨ ਨੂੰਹਾਂ ਹੋਈਆਂ ਹਨ ।

ਸੰਖੇਪ ਵਿਚ, ਗੁਰੂ ਸਾਹਿਬਾਨ ਦੀਆਂ ਨੂੰਹਾਂ ਦੀ ਗਿਣਤੀ ਸੋਲ੍ਹਾਂ ਹੈ ਜਿਸ ਵਿਚੋਂ ਗੁਰੂ ਨਾਨਕ ਦੇਵ ਜੀ ਦੀ ਇਕ ਨੂੰਹ, ਗੁਰੂ ਅੰਗਦ ਦੇਵ ਜੀ ਦੀਆਂ ਦੋ ਨੂੰਹਾਂ, ਗੁਰੂ ਅਮਰਦਾਸ ਜੀ ਦੀ ਇਕ ਨੂੰਹ, ਗੁਰੂ ਰਾਮਦਾਸ ਜੀ ਦੀ ਇਕ ਨੂੰਹ, ਗੁਰੂ ਹਰਿਗੋਬਿੰਦ ਜੀ ਦੀਆਂ ਦੋ ਨੂੰਹਾਂ, ਯਾਨੀ ਸੱਤਾਂ ਬਾਰੇ ਇਤਿਹਾਸਕ ਸਾਮੱਗਰੀ ਪ੍ਰਾਪਤ ਨਹੀਂ, ਬਸ ਇਤਨਾ ਹੀ ਪਤਾ ਲੱਗਦਾ ਹੈ ਕਿ ਉੱਪਰ ਸੰਕੇਤਕ ਸੱਤ ਬੀਬੀਆਂ ਨੂੰ ਗੁਰੂ ਸਾਹਿਬਾਨ ਦੀਆਂ ਨੂੰਹਾਂ ਹੋਣ ਦਾ ਸਵਾਬ ਪ੍ਰਾਪਤ ਹੈ ।

ਇਸੇ ਤਰ੍ਹਾਂ ਗੁਰੂ ਰਾਮਦਾਸ ਜੀ ਦੀ ਨੂੰਹ ਮਾਤਾ ਗੰਗਾ, ਬੀਬੀ ਕਰਮੋ; ਗੁਰੂ ਅਰਜਨ ਦੇਵ ਜੀ ਦੀਆਂ ਤਿੰਨ ਨੂੰਹਾਂ : ਮਾਤਾ ਦਮੋਦਰੀ, ਮਾਤਾ ਨਾਨਕੀ ਜੀ, ਮਾਤਾ ਮਹਾਂਦੇਵੀ; ਛੇਵੇਂ ਗੁਰੂ ਦੀ ਇਕ ਨੂੰਹ ਮਾਤਾ ਗੁਜਰੀ ਤੇ ਨੌਵੇਂ ਗੁਰੂ ਜੀ ਦੀਆਂ ਤਿੰਨ ਨੂੰਹਾਂ : ਮਾਤਾ ਸੁੰਦਰੀ ਜੀ, ਮਾਤਾ ਜੀਤੋ ਜੀ, ਮਾਤਾ ਸਾਹਿਬ ਦੇਵਾਂ ਜੀ ਅਥਵਾ ਅੱਠਾਂ ਨੂੰ ਗੁਰੂ-ਮਹਿਲ ਦੀ ਪਦਵੀ ਪ੍ਰਾਪਤ ਹੈ ।

ਗੁਰੂ ਹਰਿ ਰਾਇ ਜੀ ਦੀ ਇਕਲੌਤੀ ਨੂੰਹ ਜੋ ਬਾਬਾ ਰਾਮ ਰਾਇ ਦੀ ਸੁਪਤਨੀ ਸੀ, ਨੂੰ ਕੇਵਲ ਗੁਰੂ-ਨੂੰਹ ਹੋਣ ਦਾ ਮਰਾਤਬਾ ਪ੍ਰਾਪਤ ਹੈ । ਇਸ ਦਾ ਨਾਮ ਹੈ, ਪੰਜਾਬ ਕੌਰ । ਇਹ ਇਕ ਅਜਿਹੀ ਹਸਤੀ ਹੈ, ਜਿਸ ਨੇ ਗੁਰੂ-ਘਰ ਵਿਚ ਬਹੁਤ ਹੀ ਮਹੱਤਵਪੂਰਨ ਰੋਲ ਅਦਾ ਕੀਤਾ । ਚਿਰੀਂ-ਵਿਛੁੰਨੇ ਚਾਚੇ-ਭਤੀਜੇ, ਗੁਰੂ ਗੋਬਿੰਦ ਤੇ ਬਾਬਾ ਰਾਮ ਰਾਇ ਦੇ ਮੇਲ-ਮਿਲਾਪ

ਦੀ ਪ੍ਰਮੁੱਖ ਪ੍ਰੇਰਨਾ-ਸ੍ਰੋਤ ਬੀਬੀ ਪੰਜਾਬ ਕੌਰ ਹੈ। ਇਸ ਨੇ ਗੁਰੂ-ਘਰ ਦੇ ਧ੍ਰੋਹੀਆਂ ਜਾਂ ਮਸੰਦਾਂ ਦਾ ਸੰਘਾਰ ਕਰਾ ਕੇ ਗੁਰੂ-ਘਰ ਵਿਚ ਅਦਲ ਦਾ ਜੈਗਾਨ ਕਰਵਾਇਆ। ਇਕਲੌਤੀ ਗੁਰੂ-ਨੂੰਹ ਦਾ ਜੀਵਨ-ਬ੍ਰਿਤਾਂਤ ਅਨੇਕ ਮੁੱਖ ਵੇਰਵੇ ਸਨਮੁਖ ਕਰਦਾ ਹੈ। ਇਸ ਲਈ ਚੰਗਾ ਰਹੇਗਾ ਕਿ ਉਨ੍ਹਾਂ ਬਾਰੇ ਸੰਖੇਪ ਵਿਚਾਰ ਕਰ ਲਈ ਜਾਵੇ। ਨਾਲੇ, ਇਹ ਤਾਂ ਸਪੱਸ਼ਟ ਹੀ ਹੈ ਕਿ ਗੁਰੂ-ਇਤਿਹਾਸ ਜੀਵਨੀ-ਆਤਮਕ ਵੇਰਵਿਆਂ ਵੱਲ ਰੁਚਿਤ ਨਹੀਂ। ਇਹ ਤਾਂ ਘਟਨਾ-ਵਿਸ਼ੇਸ਼ ਦੇ ਸੰਦਰਭ ਵਿਚ ਹੀ ਵਿਅਕਤੀ ਦਾ ਜ਼ਿਕਰ ਕਰਦਾ ਹੈ। ਇਹੋ ਹਾਲ ਪੰਜਾਬ ਕੌਰ ਦੇ ਜੀਵਨ-ਬ੍ਰਿਤਾਂਤ ਬਾਰੇ ਹੈ। ਪੰਜਾਬ ਕੌਰ ਦੇ ਮਾਪੇ ਕੌਣ ਸਨ ? ਉਨ੍ਹਾਂ ਦਾ ਪਾਲਣ-ਪੋਸਣ ਕਿਵੇਂ ਹੋਇਆ ? ਉਨ੍ਹਾਂ ਦੀ ਵਿਦਿਆ ਦਾ ਕੀ ਪ੍ਰਬੰਧ ਸੀ ? ਉਨ੍ਹਾਂ ਦੀ ਸ਼ਾਦੀ ਆਦਿ ਕਿਸ ਸਥਾਨ 'ਤੇ ਹੋਈ ?—ਇਸ ਸਭ ਕੁਝ ਬਾਰੇ ਇਤਿਹਾਸ ਖ਼ਾਮੋਸ਼ ਹੈ।

ਪੰਜਾਬ ਕੌਰ ਨੂੰ ਗੁਰੂ ਹਰਿ ਰਾਇ ਸਾਹਿਬ ਦੀ ਨੂੰਹ ਹੋਣ ਕਰ ਕੇ ਮਾਤਾ ਅਖਵਾਉਣ ਦਾ ਫ਼ਖ਼ਰ ਹਾਸਿਲ ਨਹੀਂ ਹੋ ਸਕਦਾ ਕਿਉਂਕਿ ਬਾਬਾ ਰਾਮ ਰਾਇ ਜੋ ਇਨ੍ਹਾਂ ਦੇ ਪਤੀ ਸਨ, ਨੂੰ ਤਾਂ ਸੱਤਵੇਂ ਗੁਰੂ ਨੇ ਆਪ ਹੀ ਗੁਰੂ-ਘਰ ਤੋਂ ਛੇਕ ਦਿੱਤਾ ਸੀ। ਉਨ੍ਹਾਂ ਦਾ ਗੁਨਾਹ ਬਾਣੀ ਦਾ ਇਕ ਸ਼ਬਦ ਬਦਲਾਉਣ ਦਾ ਸੀ। ਇਹ ਪ੍ਰਸੰਗ ਸਭ ਨੂੰ ਪਤਾ ਹੈ। ਪਰ ਇਸ ਦਾ ਗੁਨਾਹ ਦਸਵੇਂ ਗੁਰੂ ਨੇ ਮੁਆਫ਼ ਕਰ ਕੇ ਇਨ੍ਹਾਂ ਦੀ ਟੁੱਟੀ ਗੰਢ ਲਈ ਸੀ। ਇਸ ਕਰ ਕੇ ਪੰਜਾਬ ਕੌਰ ਨੂੰ 'ਮਾਤਾ' ਅਖਵਾਉਣ ਦਾ ਗੌਰਵ ਪ੍ਰਾਪਤ ਹੋ ਜਾਂਦਾ ਹੈ।

ਗੁਰੂ-ਪੁੱਤਰ ਹੋਣ ਕਰ ਕੇ ਬਾਬਾ ਰਾਮ ਰਾਇ ਵੀ ਤੇਜ-ਪ੍ਰਤਾਪ ਵਾਲੇ ਸਨ। ਉਨ੍ਹਾਂ ਨੇ ਦੋ ਸ਼ਾਦੀਆਂ ਕੀਤੀਆਂ ਤੇ ਪੰਜਾਬ ਕੌਰ ਉਨ੍ਹਾਂ ਵਿਚੋਂ ਸਭ ਤੋਂ ਛੋਟੀ ਸੀ ਤੇ ਪਤੀ ਦੀ ਆਗਿਆਕਾਰੀ ਵੀ। ਉਹ ਡੇਰੇ ਦਾ ਸਾਰਾ ਪ੍ਰਬੰਧ ਕਰਦੀ ਸੀ ਤੇ ਸਿੱਖ-ਸੰਗਤਾਂ ਵਿਚ ਉਸ ਦਾ ਬੜਾ ਮਾਣ-ਮਰਾਤਬਾ ਸੀ। ਬਾਬਾ ਰਾਮ ਰਾਇ ਤੇ ਦਸਮ ਗੁਰੂ ਦਾ ਮੇਲ-ਮਿਲਾਪ ਕਰਵਾਉਣ ਵਿਚ ਮਾਤਾ ਪੰਜਾਬ ਕੌਰ ਦਾ ਬਹੁਤ ਵੱਡਾ ਹੱਥ ਸੀ। ਦਰਅਸਲ, ਬਾਬਾ ਰਾਮ ਰਾਇ ਆਮ ਤੌਰ ਤੇ ਭਗਤੀ ਸਾਧਨਾ ਵਿਚ ਲਿਵਲੀਨ ਰਹਿੰਦੇ ਸਨ ਤੇ ਡੇਰੇ ਦਾ ਕੰਮ ਮਾਤਾ ਪੰਜਾਬ ਕੌਰ ਹੀ ਸੰਭਾਲਦੀ। ਇਸ ਲਈ ਬਾਬਾ ਰਾਮ ਰਾਇ ਦੀ ਦੂਸਰੀ ਪਤਨੀ ਦੀ ਉਸ ਨਾਲ ਬਹੁਤ ਈਰਖਾ ਸੀ। ਬਾਬਾ ਰਾਮ ਰਾਇ ਦੀ ਉਮਰ ਵੀ ਵਡੇਰੀ ਹੋ ਰਹੀ ਸੀ ਤੇ ਮਸੰਦਾਂ ਦੇ ਹੌਸਲੇ ਵਧ ਰਹੇ ਸਨ। ਮਾਤਾ ਪੰਜਾਬ ਕੌਰ ਹਾਲਾਤ ਵੱਸ ਚਾਹੁੰਦੀ ਸੀ ਕਿ ਉਨ੍ਹਾਂ ਦੀ ਸੁਲਾਹ ਦਸਮ ਗੁਰੂ ਨਾਲ ਹੋ ਜਾਵੇ ਤੇ ਉਹ ਉਨ੍ਹਾਂ ਦੀ ਬਹੁਤ ਵੱਡੀ ਤਾਕਤ ਹੋਣਗੇ। ਫਲਸਰੂਪ ਦੋਹਾਂ ਦੰਪਤੀ ਸਲਾਹ ਕਰ ਕੇ ਇਤਬਾਰੀ ਮਸੰਦਾਂ ਨੂੰ ਦਸਮ ਗੁਰੂ ਜੀ ਵਲ ਮੇਲ-ਮਿਲਾਪ ਕਰਨ ਦਾ ਸੰਦੇਸ਼ਾ ਭੇਜਿਆ ਸੀ।

ਦੂਜੇ ਪਾਸੇ, ਬੀਬੀ ਰਾਜ ਕੌਰ ਜੋ ਬਾਬਾ ਰਾਮ ਰਾਇ ਦੀ ਵੱਡੀ ਪਤਨੀ ਸੀ, ਈਰਖਾ-ਵੱਸ ਆਪਣੇ ਨਿੱਜੀ ਸੇਵਕਾਂ ਤੇ ਮਸੰਦਾਂ ਨੂੰ ਮਾਤਾ ਪੰਜਾਬ ਕੌਰ ਦੇ ਖ਼ਿਲਾਫ਼ ਕਾਫ਼ੀ ਚੁੱਕਿਆ ਹੋਇਆ ਸੀ, ਕਿਉਂਕਿ ਉਹ ਸਮਝਦੀ ਸੀ ਕਿ ਦਸਮ ਗੁਰੂ ਦੇ ਮਿਲਾਪ ਨਾਲ ਹੁਣ ਡੇਰਾ ਉਸ ਦੇ ਹੱਥੋਂ ਖੁੱਸ ਜਾਵੇਗਾ। ਫਲਸਰੂਪ, ਸਮਾਧੀਲੀਨ ਬਾਬੇ ਰਾਮ ਰਾਇ ਨੂੰ ਰਾਜ ਕੌਰ ਦੇ ਬੰਦਿਆਂ ਨੇ ਜੀਉਂਦਾ ਹੀ ਜਲਾ ਦਿੱਤਾ।

ਦੁਖੀ ਹੋ ਕੇ ਮਾਤਾ ਪੰਜਾਬ ਕੌਰ ਨੇ ਦਸਮ ਗੁਰੂ ਜੀ ਨੂੰ ਇਕ ਚਿੱਠੀ ਭੇਜੀ। ਦਸਮ ਗੁਰੂ ਜੀ ਜਿਸ ਦਿਨ ਬਾਬਾ ਰਾਮ ਰਾਇ ਦੀ ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਲਈ

ਆਏ ਤਾਂ ਸਾਰਾ ਹਾਲ ਜਾਣ ਕੇ ਗੁਨਾਹਗਾਰ ਮਸੰਦਾਂ ਨੂੰ ਭਾਰੀ ਸਜ਼ਾ ਦਿੱਤੀ ਤੇ ਮਾਤਾ ਪੰਜਾਬ ਕੌਰ ਦਾ ਸਨਮਾਨ ਆਪਣੀ ਨੂੰਹ ਤੁੱਲ ਕੀਤਾ।

ਇਥੇ ਹੀ ਸਤਿਗੁਰਾਂ ਨੇ ਸੰਤ ਬਾਲੂ ਹਸਨਾ ਨੂੰ ਮਹੰਤੀ ਵੀ ਬਖ਼ਸ਼ੀ ਤੇ ਮਾਤਾ ਪੰਜਾਬ ਕੌਰ ਦਾ ਧਿਆਨ ਰੱਖਣ ਦੀ ਤਾਕੀਦ ਵੀ ਕੀਤੀ।

ਮਸੰਦਾਂ ਨੂੰ ਤੇਲ 'ਚ ਤਲਣ ਵਾਲੀ ਘਟਨਾ ਨੇ ਜਿਥੇ ਗੁਰੂ ਜੀ ਦੇ ਇਨਸਾਫ਼ ਨੂੰ ਸਿਖਰ 'ਤੇ ਪਹੁੰਚਾਇਆ ਉਥੇ ਪਹਾੜੀ ਰਾਜਿਆਂ ਦੇ ਮਨ ਵਿਚ ਡਰ ਤੇ ਅਸੁਰੱਖਿਆ ਦੀ ਭਾਵਨਾ ਵੀ ਵਧਾ ਦਿੱਤੀ। ਮਸੰਦ ਹੁਣ ਗੁਰੂ-ਘਰ ਦਾ ਵਿਰੋਧ ਕਰਨ ਲੱਗੇ ਤੇ ਪਹਾੜੀ ਰਾਜੇ ਵੀ।

ਧਿਆਨ ਰਹੇ, ਜਿਥੇ ਦਸਮ ਗੁਰੂ ਨੇ ਗੁਨਾਹਗਾਰਾਂ ਨੂੰ ਸਜ਼ਾ ਦਿੱਤੀ ਉਥੇ ਸੁਚੱਜੇ ਜੀਵਨ ਵਾਲਿਆਂ ਨੂੰ ਮਸੰਦਾਂ ਦੀ ਪਦਵੀ ਦੇ ਕੇ ਅੱਗੇ ਤੋਂ ਸਹੀ ਰਸਤੇ 'ਤੇ ਚੱਲਣ ਦੀ ਤਾਕੀਦ ਵੀ ਕੀਤੀ।

ਕੁਲ ਮਿਲਾ ਕੇ, ਗੁਰੂ-ਪੁੱਤਰ ਨੂੰ ਗੁਰੂ-ਘਰ ਨਾਲ ਜੋੜਨ ਦਾ ਸਿਹਰਾ ਮਾਤਾ ਪੰਜਾਬ ਕੌਰ ਨੂੰ ਜਾਂਦਾ ਹੈ। ਗੁਰੂ-ਘਰ ਨੂੰ ਉਨ੍ਹਾਂ ਦੀ ਇਹ ਦੇਣ ਅਸਲੋਂ ਅਦੁੱਤੀ ਹੈ। ਇਹ ਤਾਂ ਸਪੱਸ਼ਟ ਹੀ ਹੈ, ਗੁਰੂ-ਇਤਿਹਾਸ ਵਿਚ ਜਿਸ ਨੇ ਨਿਰੋਲ ਨੂੰਹ ਰੂਪ ਵਿਚ ਗੌਰਵਸ਼ਾਲੀ ਭੂਮਿਕਾ ਨਿਭਾਈ ਉਹ ਬੀਬੀ ਪੰਜਾਬ ਕੌਰ ਹੀ ਹੈ।

ਮਾਤਰਾ ਵਿਚ ਜ਼ਿਆਦਾ ਨਾ ਹੋਣ ਕਰ ਕੇ ਸਾਡੇ ਪਾਸ ਇਕੋ-ਇਕ ਨੂੰਹ ਦਾ ਬ੍ਰਿਤਾਂਤ ਮੌਜੂਦ ਹੈ, ਇਸ ਲਈ ਉਸ ਨੂੰ ਜਾਣਨਾ ਉਚਿਤ ਹੋਵੇਗਾ।

ਪੰਜਾਬ ਕੌਰ (ਮਾਤਾ)

ਗੁਰੂ-ਘਰ ਵਿਚ ਮਾਤਾ ਦਾ ਲਕਬ ਆਮ ਕਰ ਕੇ ਗੁਰੂ-ਮਹਿਲਾਂ ਲਈ ਵਰਤਿਆ ਜਾਂਦਾ ਹੈ। ਪੰਜਾਬ ਕੌਰ ਸੱਤਵੇਂ ਪਾਤਸ਼ਾਹ ਗੁਰੂ ਹਰਿ ਰਾਇ ਜੀ ਦੀ ਨੂੰਹ ਸੀ, ਜੋ ਬਾਬਾ ਰਾਮ ਰਾਇ ਨਾਲ ਵਿਆਹੀ ਹੋਈ ਸੀ। ਬਾਬਾ ਰਾਮ ਰਾਇ ਪਾਸੋਂ ਭੁੱਲ ਹੋਣ ਕਾਰਣ, ਉਨ੍ਹਾਂ ਨੂੰ ਗੁਰੂ-ਘਰ ਤੋਂ ਪਿੱਛੇ ਹਟਣਾ ਪਿਆ। ਬਾਬਾ ਰਾਮ ਰਾਇ ਦੀ ਪਤਨੀ ਹੋਣ ਕਾਰਣ ਪੰਜਾਬ ਕੌਰ ਨੂੰ ਮਾਤਾ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਨ੍ਹਾਂ ਦੇ ਪਤੀ ਨੂੰ ਤਾਂ ਗੁਰੂ ਸਾਹਿਬ ਨੇ ਆਪ ਹੀ ਛੇਕ ਦਿੱਤਾ ਸੀ। ਪਰ ਦੂਸਰੇ ਪਾਸੇ, ਜਦੋਂ ਬਾਬਾ ਰਾਮ ਰਾਇ ਜੀ ਦਾ ਦਸਮ ਗੁਰੂ ਨਾਲ ਮੇਲ ਹੋ ਗਿਆ ਤੇ ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਖ਼ੁਦ ਦਸਮ ਪਾਤਸ਼ਾਹ ਨੇ ਬਾਬਾ ਰਾਮ ਰਾਇ ਦੀ ਤੇਰ੍ਹਵੀਂ ਵਾਲੇ ਦਿਨ ਪੰਜਾਬ ਕੌਰ ਦਾ 'ਸਿਰ ਬੰਨ੍ਹਣਾ' ਦੀ ਰਸਮ ਅਦਾ ਕਰ ਕੇ ਇਹ ਸ਼ਾਬਤ ਕਰ ਦਿੱਤਾ ਕਿ ਉਨ੍ਹਾਂ ਨੇ ਆਪਣੀ ਭਤੀਜ-ਨੂੰਹ ਤੇ ਉਸ ਦੇ ਪਤੀ ਬਾਬਾ ਰਾਮ ਰਾਇ ਜੋ ਦਸਮ ਗੁਰੂ ਦੇ ਭਤੀਜੇ ਲੱਗਦੇ ਸਨ, ਨੂੰ ਮੁਆਫ਼ ਕਰ ਕੇ, ਆਪਣਾ ਬਿਰਦ ਪਛਾਣ ਕੇ ਗਲ਼ ਨਾਲ ਲਾ ਲਿਆ ਹੈ। ਜ਼ਾਹਿਰ ਹੈ, ਹੁਣ ਪੰਜਾਬ ਕੌਰ ਦੀ ਹਸਤੀ ਪੰਥ ਵਿਚ ਸਨਮਾਨਿਤ ਹੋ ਗਈ। ਗੁਰੂ-ਨੂੰਹ ਹੋਣ ਕਰ ਕੇ ਉਸ ਨੂੰ ਮਾਤਾ ਦੇ ਸੰਬੋਧਨ ਨਾਲ ਮੁਖਾਤਿਬ ਵੀ ਕੀਤਾ ਜਾ ਸਕਦਾ ਹੈ। ਅੱਗੋਂ ਇਸ ਲੇਖ ਵਿਚ ਉਨ੍ਹਾਂ ਨੂੰ ਮਾਤਾ ਪੰਜਾਬ ਕੌਰ ਕਰ ਕੇ ਸੰਬੋਧਿਤ ਕਰਨਾ ਮੁਨਾਸਿਬ ਪ੍ਰਤੀਤ ਹੋ ਰਿਹਾ ਹੈ।

ਸ੍ਰੀ ਗੁਰੂ ਹਰਿ ਰਾਇ ਜੀ ਦੇ ਵੱਡੇ ਸਾਹਿਬਜ਼ਾਦਾ ਰਾਮ ਰਾਇ ਜੀ ਦਾ ਨਾਮ ਵੀ ਜਗਤ-

ਪ੍ਰਸਿੱਧ ਹੋਇਆ ਹੈ, ਭਾਵੇਂ ਰਾਮ ਰਾਇ ਨੇ ਪਿਤਾ-ਸਤਿਗੁਰੂ ਦੀ ਆਗਿਆ ਅਨੁਸਾਰ ਦਿੱਲੀ ਪਹੁੰਚ ਕੇ ਬਾਦਸ਼ਾਹ ਔਰੰਗਜ਼ੇਬ ਦੇ ਦਰਬਾਰ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਬਾਰੇ ਵਿਚਾਰ ਕਰਨੀ ਸੀ। ਪਰ ਗੋਸ਼ਟੀ ਵਿਚ ਹਿੱਸਾ ਲੈਂਦੇ ਹੋਏ, ਬਾਦਸ਼ਾਹ ਨੂੰ ਖੁਸ਼ ਕਰਨ ਲਈ ਉਨ੍ਹਾਂ ਨੇ ਬਾਣੀ ਦੀ ਤੁਕ ਵਿਚ ਇਕ ਅੱਖਰ ਬਦਲਾ ਕੇ ਸੁਣਾ ਦਿੱਤਾ। ਇਹ ਤੁਕ ਸੀ :

'ਮਿੱਟੀ ਮੁਸਲਮਾਨ ਕੀ'

ਉਨ੍ਹਾਂ ਨੇ ਸੁਣਾਇਆ : 'ਮਿੱਟੀ ਬੇਈਮਾਨ ਕੀ'

ਉਥੇ ਸਭਾ ਵਿਚ ਬਾਣੀ ਸੁਣ ਕੇ ਔਰੰਗਜ਼ੇਬ ਬਾਦਸ਼ਾਹ ਤਾਂ ਖੁਸ਼ ਹੋ ਗਿਆ ਪਰ ਜਦੋਂ ਪਿਤਾ-ਸਤਿਗੁਰੂ ਨੂੰ ਪਤਾ ਲੱਗਾ ਤਾਂ ਉਨ੍ਹਾਂ ਬਹੁਤ ਦੁੱਖ ਮਨਾਇਆ। ਤੇ, ਨਾਲ ਹੀ ਬਾਬਾ ਰਾਮ ਰਾਇ ਨੂੰ ਆਦੇਸ਼ ਦਿੱਤਾ ਕਿ ਅੱਜ ਤੋਂ ਤੁਸੀਂ ਸਾਡੇ ਮੱਥੇ ਨਹੀਂ ਲੱਗਣਾ। ਗੁਰੂ-ਘਰ ਦੇ ਦਰਵਾਜ਼ੇ ਤੁਹਾਡੇ ਲਈ ਬੰਦ ਹਨ। ਸਰੂਪ ਦਾਸ ਭੱਲਾ ਨੇ 'ਮਹਿਮਾ ਪ੍ਰਕਾਸ਼' ਵਿਚ ਲਿਖਿਆ ਹੈ :

ਬਡ ਅਸਚਰਜ ਹੇਠ ਕਰ ਫੂਲਾ।
ਆਸ਼ੈ ਸਤਿਗੁਰ ਉਰ ਤੇ ਭੂਲਾ॥
ਅਬ ਹਮਰੈ ਮੁਖ ਲਾਗਹਿ ਨਾਹੀ।
ਰਹਹੁ ਆਪ ਤੁਰਕਾਸ਼ਰ ਮਾਹੀ॥
ਦਰਸਹਿ ਨਹਿ ਦਰਸਾਵਹਿ ਦਰਸਨ।
ਕਰਹਿ ਤੁਰਕ ਲਛਮੀ ਜੁ ਸਪਰਸਨ॥

(ਸਾਖੀ-18, ਪਾਤਸ਼ਾਹੀ ਸਤਵੀਂ)

ਬਾਬਾ ਰਾਮ ਰਾਇ ਗੁਰੂ ਹਰਿ ਰਾਇ ਜੀ ਦੇ ਸਭ ਤੋਂ ਵੱਡੇ ਸਪੁੱਤਰ ਸਨ। ਜ਼ਾਹਿਰ ਹੈ, ਉਨ੍ਹਾਂ ਪਾਸੋਂ ਗੁਰੂਗੱਦੀ ਦਾ ਹੱਕ ਖੁੱਸ ਗਿਆ।

ਬਾਦਸ਼ਾਹ ਔਰੰਗਜ਼ੇਬ ਨੂੰ ਇਸ ਸਾਰੀ ਵਾਰਦਾਤ ਦਾ ਪਤਾ ਲੱਗਾ ਤਾਂ ਉਸ ਨੇ ਰਾਮ ਰਾਇ ਦਾ ਹੌਸਲਾ ਡਿੱਗਣ ਨਹੀਂ ਦਿੱਤਾ ਸਗੋਂ ਬਾਬਾ ਰਾਮ ਰਾਇ ਦੀਆਂ ਕਰਾਮਾਤਾਂ ਉਤੇ ਖੁਸ਼ ਹੋ ਕੇ ਬਹੁਤ ਸਾਰੀ ਜਾਗੀਰ, ਧਨ, ਦੌਲਤ ਅਤੇ ਬਹੁਤ ਵੱਡਾ ਡੇਰਾ ਬਣਵਾ ਕੇ ਉਨ੍ਹਾਂ ਨੂੰ ਡੇਹਰਾਦੂਨ ਵਸਾ ਦਿੱਤਾ। ਇਸ ਸੰਬੰਧ ਵਿਚ ਡਾ. ਗੋਪਾਲ ਸਿੰਘ ਦਾ ਕਥਨ ਹੈ :

"One of these days (Guru Gobind Singh) heard that Ram Rai son of Guru Har Rai and cousin of Guru Gobind Singh (who as we have seen had fallen out with his father on minisinterpreting a verse of Guru Nanak to the Emperor Aurangzeb in order to seek his favour and had set up a gaddi of his at (Dera Doon) had been cremated by his deputies, the massands, while he was in trance, and yet not dead, the massands, wanted to usurp his huge property themselves and the more ambitions even sought to claim succession to him, This tragedy was reported to Guru at Paunta and his assistance was saught by Punjab Kaur, The widow of Ram Rai to curb the massands, The

Guru forgetting his differences immediately set out to Dera Doon, when he heard the lasivious life of massands, and their other crimes he geve them suitable punishment, Some escaped those that had stood loyal to Punjab Kaur, be rewarded."

ਜ਼ਾਹਿਰ ਹੈ, ਗੁਰੂ-ਪੁੱਤਰ ਹੋਣ ਕਰ ਕੇ ਰਾਮ ਰਾਇ ਬੜੇ ਤੇਜ ਪ੍ਰਤਾਪ ਵਾਲਾ ਸੀ, ਧਨ-ਦੌਲਤ ਵੀ ਬਹੁਤ ਸੀ। ਉਸ ਨੇ ਤਿੰਨ ਵਿਆਹ ਕੀਤੇ। ਸਭ ਤੋਂ ਛੋਟੀ ਪਤਨੀ ਦਾ ਨਾਮ ਪੰਜਾਬ ਕੌਰ ਸੀ। ਸਭ ਤੋਂ ਵੱਡੀ ਪਤਨੀ ਦਾ ਨਾਮ ਰਾਜ ਕੌਰ ਸੀ। ਰਾਜ ਕੌਰ ਵੀ ਆਪਣੇ ਪਤੀ ਵਾਂਗ ਬੜੀਆਂ ਰਿੱਧੀਆਂ-ਸਿੱਧੀਆਂ ਦੀ ਮਾਲਕ ਸੀ ਅਤੇ ਆਪਣਾ ਵੱਖਰਾ ਦਰਬਾਰ ਲਾਇਆ ਕਰਦੀ ਸੀ। ਇਸ ਤੋਂ ਉਲਟ ਪੰਜਾਬ ਕੌਰ ਹਮੇਸ਼ਾ ਆਪਣੇ ਪਤੀ ਦੀ ਆਗਿਆਕਾਰ ਸੀ ਤੇ ਸਦਾ ਸੇਵਾ ਵਿਚ ਲੱਗੀ ਰਹਿੰਦੀ ਸੀ। ਪੰਜਾਬ ਕੌਰ ਹੀ ਮਸੰਦਾਂ ਨਾਲ ਮਿਲ ਕੇ ਡੇਰੇ ਦਾ ਕਾਰੋਬਾਰ ਅਤੇ ਪ੍ਰਬੰਧ ਸੰਭਾਲਦੀ ਸੀ। ਰਾਜ ਕੌਰ ਰਾਮ ਰਾਇ ਦੀ ਪਤਨੀ ਪੰਜਾਬ ਕੌਰ ਦੇ ਹੱਥ ਵਿਚ ਸਾਰਾ ਧਨ-ਮਾਲ ਸੌਂਪੇ ਜਾਣ ਨਾਲ ਈਰਖਾ ਕਰਦੀ ਸੀ ਅਤੇ ਹਮੇਸ਼ਾ ਰਾਮ ਰਾਇ ਨਾਲ ਦੁਖੀ-ਦੁਖੀ ਰਹਿੰਦੀ ਸੀ। ਘਰ ਦੀ ਲੜਾਈ ਏਥੋਂ ਤਕ ਵਧ ਗਈ ਕਿ ਇਕ ਦਿਨ ਰਾਜ ਕੌਰ ਨੇ ਰਾਮ ਰਾਇ ਨੂੰ ਸਾਫ-ਸਾਫ ਕਹਿ ਦਿੱਤਾ ਕਿ ਮੈਂ ਤੇਰੇ ਡੇਰੇ ਵਿਚ ਹੋਰ ਨਹੀਂ ਰਹਿ ਸਕਦੀ। ਮੈਂ ਛੱਡ ਕੇ ਜਾਣਾ ਚਾਹੁੰਦੀ ਹਾਂ। ਰਾਮ ਰਾਇ ਨੇ ਉਸ ਨੂੰ ਸਪੱਸ਼ਟ ਕਹਿ ਦਿੱਤਾ ਕਿ ਜੇ ਤੂੰ ਜਾਣਾ ਚਾਹੇਂ ਤਾਂ ਜਾ ਸਕਦੀ ਹੈਂ। ਮੈਂ ਆਪਣੇ ਸੇਵਕਾਂ ਨੂੰ ਤੇਰੀ ਸੇਵਾ-ਸੰਭਾਲ ਵਾਸਤੇ ਜ਼ਰੂਰੀ ਸੰਦੇਸ਼ ਭੇਜ ਦੇਵਾਂਗਾ। ਰਾਜ ਕੌਰ ਨੇ ਗੁੱਸੇ ਨਾਲ ਆਖਿਆ, ਕਿ ਜਿਥੇ ਜਿਥੇ ਵੀ ਤੇਰੀ ਸੰਗਤ ਹੈ, ਮੈਂ ਉਥੇ ਰਹਿਣਾ ਪਸੰਦ ਨਹੀਂ ਕਰਦੀ। ਦੇਹਰਾਦੂਨ ਤੋਂ ਉਹ ਪੰਜਾਬ ਦੇਸ਼ ਵੱਲ ਆਪਣਾ ਡੋਲਾ ਲੈ ਕੇ ਤੁਰ ਪਈ। ਜਿਸ ਵੀ ਨਗਰ ਵਿਚ ਪਹੁੰਚਦੀ ਉਥੇ ਡੋਲਾ ਉਤਾਰਨ ਤੋਂ ਪਹਿਲਾਂ ਪੁਛਵਾ ਲਿਆ ਜਾਂਦਾ ਕਿ ਏ ਥੇ ਰਾਮ ਰਾਇ ਦੀ ਸਿੱਖ-ਸੰਗਤ ਹੈ ? ਜੇ ਉੱਤਰ ਹਾਂ ਵਿਚ ਮਿਲਦਾ ਤਾਂ ਉਹ ਆਪਣਾ ਡੋਲਾ ਉਠਵਾ ਕੇ ਅੱਗੇ ਲੈ ਜਾਂਦੀ। ਇਸ ਤਰ੍ਹਾਂ ਕਰਦਿਆਂ ਉਹ ਵਰਤਮਾਨ ਚੰਡੀਗੜ੍ਹ ਦੇ ਪਾਸ 'ਮਨੂ ਮਾਜਰਾ' ਪਹੁੰਚੀ ਤਾਂ ਉਸ ਨੂੰ ਪਤਾ ਲੱਗਾ ਕਿ ਇਸ ਨਗਰ ਵਿਚ ਬਾਬਾ ਰਾਮ ਰਾਇ ਦਾ ਕੋਈ ਸਿੱਖ ਨਹੀਂ ਹੈ। ਉਸ ਨੇ ਆਪਣਾ ਡੇਰਾ ਇਥੇ ਕੀਤਾ ਅਤੇ ਉਸ ਦੀ ਸਮਾਧ ਵੀ ਇਸ ਪਿੰਡ ਵਿਚ ਹੈ।

ਪੰਜਾਬ ਕੌਰ ਦੇ ਹੱਥਾਂ ਵਿਚ ਡੇਰੇ ਦਾ ਪ੍ਰਬੰਧ ਆਉਣ ਨਾਲ ਸਾਰੇ ਮਸੰਦ ਅਤੇ ਰਾਜ ਕੌਰ ਦੇ ਸਮਰਥਕ ਹੋਰ ਵੀ ਉਤੇਜਿਤ ਹੋ ਗਏ। ਪੰਜਾਬ ਕੌਰ ਨੇ ਰਾਮ ਰਾਇ ਨੂੰ ਪ੍ਰੇਰਨਾ ਦਿੱਤੀ ਕਿ ਤੁਹਾਡੀ ਉਮਰ ਵਡੇਰੀ ਹੋ ਗਈ ਅਤੇ ਤੁਸੀਂ ਤਾਂ ਜ਼ਿਆਦਾ ਸਮਾਂ ਸਮਾਧੀ ਵਿਚ ਲੀਨ ਰਹਿੰਦੇ ਹੋ ਇਸ ਲਈ ਮੇਰੇ ਵਾਸਤੇ ਸਾਰੇ ਵਿਰੋਧੀਆਂ ਦਾ ਮੁਕਾਬਲਾ ਕਰਨਾ ਕਠਿਨ ਹੁੰਦਾ ਜਾ ਰਿਹਾ ਹੈ ਕਿਉਂ ਨਾ ਸ੍ਰੀ ਗੁਰੂ ਗੋਬਿੰਦ ਜੀ ਨਾਲ ਮੇਲ-ਮਿਲਾਪ ਦਾ ਉਪਰਾਲਾ ਕੀਤਾ ਜਾਵੇ। ਪੰਜਾਬ ਕੌਰ ਦੀ ਪ੍ਰੇਰਨਾ ਸਦਕਾ ਰਾਮ ਰਾਇ ਨੇ ਆਪਣੇ ਭਰੋਸੇ ਵਾਲੇ ਦੋ ਮਸੰਦਾਂ ਇਕ ਦਾ ਨਾਮ 'ਗੁਰਦਾਸ' ਸੀ ਅਤੇ ਦੂਜੇ ਦਾ ਨਾਮ ਤਾਰਾ ਚੰਦ ਇਨ੍ਹਾਂ ਨੂੰ 'ਪਾਉਂਟਾ' ਨਗਰ ਜਿਥੇ ਗੁਰੂ ਗੋਬਿੰਦ ਸਿੰਘ ਨਿਵਾਸ ਰੱਖਦੇ ਸਨ, ਉਚੇਚਾ ਸੰਦੇਸ਼ ਦੇ ਕੇ ਭੇਜਿਆ, ਜਿਸ ਦੁਆਰਾ ਦਰਸ਼ਨ ਕਰਨ ਦੀ ਬੇਨਤੀ ਕੀਤੀ। ਇਹ ਘਟਨਾ ਸੰਨ 1685 ਦੀ ਹੈ। ਜਿਥੇ

ਸਮੇਂ ਅਨੁਸਾਰ ਰਾਮ ਰਾਇ ਆਪਣੇ ਸਾਥੀਆਂ ਨੂੰ ਲੈ ਕੇ ਨਿਰਧਾਰਿਤ ਅਸਥਾਨ ਉਤੇ ਜਮਨਾ ਨਦੀ ਦੇ ਕੰਢੇ ਮਿਲੇ । ਧੰਨ ਦਿਆਲੂ ਸਤਿਗੁਰਾਂ ਨੇ ਰਾਮ ਰਾਇ ਨੂੰ ਬਖ਼ਸ਼ ਕੇ ਆਪਣੀ ਪ੍ਰਸੰਨਤਾ ਦਿੱਤੀ । ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਵੀ ਗੁਰ-ਪਰਿਵਾਰ ਦੇ ਉਘੇ-ਉਘੇ ਵਿਅਕਤੀ ਜਿਨ੍ਹਾਂ ਵਿਚ ਸਤਿਗੁਰਾਂ ਦੇ ਪੰਜ ਭਰਾ : ਸੰਗੋ ਸ਼ਾਹ ਜੀ, ਜੀਤ ਮਲ ਜੀ, ਗੰਗਾ ਰਾਮ ਜੀ, ਮਾਹਰੀ ਚੰਦ ਜੀ ਅਤੇ ਗੁਲਾਬ ਚੰਦ ਜੀ (ਇਹ ਸਾਰੇ ਬੀਬੀ ਵੀਰੋ ਦੇ ਪੁੱਤਰ ਸਨ) । ਮਾਮਾ ਕ੍ਰਿਪਾਲ ਚੰਦ ਜੀ ਦੇ ਨਾਲ ਮੁਨਸ਼ੀ ਨੰਦ ਚੰਦ ਜੀ ਵੀ ਇਸ ਮੁਲਾਕਾਤ ਵਿਚ ਸ਼ਾਮਲ ਸਨ । ਇਹ ਮੁਲਾਕਾਤ ਇਕ ਤਰ੍ਹਾਂ ਘਰੇਗੀ ਮੁਲਾਕਾਤ ਸੀ ਤੇ ਇਸ ਵਿਚ ਕੇਵਲ ਰਿਸ਼ਤੇਦਾਰ ਹੀ ਸ਼ਾਮਲ ਸਨ । ਇਸ ਮਿਲਣੀ ਦਾ ਰਾਮ ਰਾਇ ਦੀ ਗੱਦੀ ਅਤੇ ਉਸ ਦੀ ਜਾਨ ਉੱਪਰ ਬਹੁਤ ਅਸਰ ਪਿਆ ।

ਰਾਜ ਕੌਰ ਦੇ ਸਮਰਥਕਾਂ ਨੇ ਅਤੇ ਰਾਮ ਰਾਇ ਦੇ ਚੇਲੇ ਮਸੰਦਾਂ ਨੇ ਚੰਗੀ ਤਰ੍ਹਾਂ ਸਮਝ ਲਿਆ ਕਿ ਹੁਣ ਡੇਰੇ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਸਰਪ੍ਰਸਤੀ ਮਿਲ ਜਾਣ ਕਰ ਕੇ ਉਨ੍ਹਾਂ ਦਾ ਭਵਿੱਖ ਖ਼ਤਮ ਹੋ ਗਿਆ ਹੈ । ਇਸ ਲਈ ਉਹ ਮੌਕੇ ਦੀ ਤਾਕ ਵਿਚ ਰਹਿਣ ਲੱਗ ਪਏ ਕਿ ਰਾਮ ਰਾਇ ਨੂੰ ਕਿਸੇ ਤਰ੍ਹਾਂ ਖ਼ਤਮ ਕਰ ਕੇ ਡੇਰੇ ਦਾ ਕਬਜ਼ਾ ਲੈ ਲਿਆ ਜਾਵੇ । ਗੁਰੂ ਗੋਬਿੰਦ ਸਿੰਘ ਜੀ ਨਾਲ ਮੁਲਾਕਾਤ ਪਿੱਛੋਂ ਰਾਮ ਰਾਇ ਵੀ ਆਪਣੇ ਆਪ ਨੂੰ ਸੁਰੱਖਿਅਤ ਸਮਝਣ ਲੱਗ ਪਏ ਸਨ ।

ਹੁਣ ਬਾਬਾ ਰਾਮ ਰਾਇ ਤੇ ਮਾਤਾ ਪੰਜਾਬ ਕੌਰ ਪਹਿਲਾਂ ਵਾਂਗ ਡੇਰੇ ਦਾ ਕਾਰ-ਵਿਹਾਰ ਕਰਨ ਲੱਗੇ । ਡੇਹਰਾਦੂਨ ਪਹੁੰਚ ਕੇ ਬਾਬਾ ਰਾਮ ਰਾਇ ਨੇ ਇਕ ਦਿਨ ਸਮਾਧੀ-ਧਿਆਨ ਅੰਦਰ ਆਪਣੇ ਕਿਸੇ ਭਗਤ ਨੂੰ ਸੰਕਟ ਵਿਚ ਵੇਖ ਕੇ ਆਪਣੀ ਧਰਮ ਪਤਨੀ ਪੰਜਾਬ ਕੌਰ ਨੂੰ ਕਿਹਾ ਕਿ ਮੈਨੂੰ 7 ਦਿਨ ਸਮਾਧੀ ਵਿਚ ਹੀ ਰਹਿਣ ਦੇਣਾ । ਮੈਂ ਕਿਸੇ ਭਗਤ ਦੀ ਸਹਾਇਤਾ ਲਈ ਦੂਰ ਜਾਣਾ ਹੈ । ਕਮਰਾ ਬੰਦ ਕਰਵਾ ਕੇ ਪ੍ਰਾਣਾਯਾਮ ਦੀ ਕਿਰਿਆ ਦੁਆਰਾ ਪ੍ਰਾਣ ਦਸਵੇਂ ਦੁਆਰ ਲੈ ਗਏ ਅਤੇ ਆਪ ਮੂਰਛਿਤ ਅਵਸਥਾ ਵਿਚ ਸਰੀਰ ਛੱਡ ਕੇ ਸਮਾਧੀ-ਲੀਨ ਹੋ ਗਏ । ਮਸੰਦਾਂ ਅਜਿਹਾ ਸੁਨਹਿਰੀ ਮੌਕਾ ਵੇਖ ਕੇ ਉਨ੍ਹਾਂ ਦਾ ਸਸਕਾਰ ਕਰਨ ਦਾ ਫ਼ੈਸਲਾ ਕਰ ਲਿਆ । ਪੰਜਾਬ ਕੌਰ ਨੇ ਬਹੁਤ ਰੋਕਿਆ ਪਰ ਉਸ ਦੀ ਉਨ੍ਹਾਂ ਇਕ ਨਾ ਚੱਲਣ ਦਿੱਤੀ । ਅੰਗੀਠਾ ਬਣਾ ਕੇ ਉਸੇ ਅਵਸਥਾ ਅੰਦਰ ਹੀ ਉਨ੍ਹਾਂ ਦਾ ਦਾਹ-ਸਸਕਾਰ ਕਰ ਦਿੱਤਾ ।

ਗਿਆਨੀ ਗਿਆਨ ਸਿੰਘ ਵੀ ਇਸ ਕਥਨ ਦੀ ਪ੍ਰੋੜ੍ਹਤਾ ਕਰਦਾ ਹੈ :

ਗੁਰੂ ਪ੍ਰਤਾਪ ਸੁਨ ਆਏ ਮਿਲਿਓ ਆਪ ਗੁਨ
ਰਾਮ ਰਾਏ ਸ੍ਰਮਧ ਸੁਨ ਬਿਨੇ ਕੈ ਹਟਾਏ ਹੈਂ
ਮਿਲ ਜੁਲ ਧਾਮ ਜਾਏ ਪੈਰ ਦਿਓ ਸਮਾਧ ਲਾਇ
ਮੁਰਦਾ ਲਿਖਾਇਕੇ ਮਸੰਦਨ ਜਲਾਏ ਹੈਂ ।
ਰਾਮ ਰਾਇ ਜੂ ਕੀਤੀਆ ਗੁਰੂ ਕੋ ਬੁਲਾਇ ਲਿਆ ।
ਮੰਦਨ ਮਸੰਦਨ ਕੋਂ ਪਕੜ ਜਲਾਏ ਹੈਂ
ਗਾਦੀ ਦੇ ਪੰਜਾਬ ਕੌਰ ਤਾਈਂ ਆਇਉ ਪਾਉਟੇ ਮੈਂ
ਧੁੰਮ ਪਰੀ ਗੁਰੂ ਕੀ ਬਸੇਸੇ ਏਸੋ ਭਾਉ ਹੈ ।

ਪੰਜਾਬ ਕੌਰ ਨੇ ਬਹੁਤ ਦੁਖੀ ਹੋ ਕੇ ਆਪਣੀ ਦਰਦ ਭਰੀ ਕਹਾਣੀ ਲਿਖ ਕੇ ਗੁਰੂ ਗੋਬਿੰਦ ਸਿੰਘ ਜੀ ਪਾਸ ਭੇਜੀ ਅਤੇ ਸਤਿਗੁਰਾਂ ਪਾਸੋਂ ਜਾਨ-ਮਾਲ ਦੀ ਰਾਖੀ ਦੀ ਸਹਾਇਤਾ ਮੰਗੀ।

ਭਾਈ ਸੰਤੋਖ ਸਿੰਘ ਜੀ ਨੇ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਪੰਨਾ 2365 ਉਤੇ ਇਸ ਦੀ ਚਰਚਾ ਵਿਸਥਾਰ ਸਹਿਤ ਕੀਤੀ ਹੈ :

ਗੁਰ ਕੇ ਤਰਫ ਲਿਖੀ ਤਬਿ ਅਰਜ਼ੀ।
ਘਰ ਰਾਵਹਿ ਕੋ, ਹਮ ਇਹ ਅਰਜ਼ੀ।
ਹੁਤੇ ਭਤੀਜਾ, ਆਪ ਬਡੇਰੇ।
ਤੁਮ ਮਾਲਿਕ ਸਾਂਭਹੁ ਇਸ ਡੇਰੇ।
ਦੁਸ਼ਟ ਮਸੰਦਨ ਕੀਨਿ ਬਿਗਾਰਾ।
ਤਨਕ ਨ ਤ੍ਰਾਸ ਕਿਸਹੁ ਤੇ ਧਾਰਾ।
ਅਬਿ ਨਇੰਤ ਧਰਿ ਗਰਬ ਬਿਮਾਲੇ।
ਜਿਤ ਕਿਤ ਦਰਬ ਚੁਰਾਇ ਸੰਭਾਲੇ।
ਮੁਝ ਕੋ ਭਨੇ-ਤਿਯਾ ਤਨ ਤੋਹੇ।
ਲਖਹਿ ਮਹਾਂ ਅਮ ਪਾਵ ਬਡੇਰੇ।
ਕ੍ਰਿਪਾ ਧਾਰਿ ਆਵਹੁ ਜੇ ਆਪ।
ਦਿਹ ਫਲ ਇਨਹੁ ਦਿਯੋ ਜਿਮ ਪਾਪ।
ਦੰਡ ਉਚਿਤ ਜੇ ਦੰਡ ਨਾ ਪਾਯੋ।
ਉਲਟੇ ਮਿਲਿ ਸਭਿ ਗਰਬ ਬਢਾਯੋ।
ਭਾਵਤਿ ਕ੍ਰਿਤ ਕੋ ਸਭਿ ਕਰੋਂ।
ਵਸਤੁ ਦਰਾਣੇ ਲੇ ਲੇ ਧਰੇ।
.....
ਅਬ ਤੁਮ ਬਿਨ ਨਹਿੰ ਕੋਇ ਹਮਾਰਾ।
ਦੁਖ ਸਮੁੰਦ੍ ਤੇ ਕਰਹੁ ਉਧਾਰਾ।
ਹੁਤੋ ਜੁ ਬਹਿਲੋ ਦੋ ਗੁਰਿਦੁਆਰੇ।
ਮਿਲਿ ਪੰਜਾਬ ਕਵਰ ਕੇ ਪਾਸ ॥
ਸਕਲ ਸਮੰਦਨ ਤੇ ਛਪਿ ਕੰਰਿਕੈ।
ਇਹ ਪਤ੍ਰੀ ਸਭਿ ਲਿਖੀ ਬਿਰ ਬਿਚਾਰਿਕੈ ॥
ਸਭਿਹਿਨਿ ਤੇ ਦੁਰਾਇ ਪਹੁਚਾਈ।
ਕਲਗੀਧਰ ਸਮੀਪ ਤਬ ਆਈ।
ਨੰਦ ਚੰਦੇ ਲੈ ਕਾਰੇ ਢਿਰਾਸ ਗਯੋ।
ਸਰਬ ਪ੍ਰਸੰਗ ਮਲਾਵਤਿ ਭਯੋ।
ਤਿਸ ਨਰ ਕੋ ਭੀ ਨਿਕੜ ਤਕਾਰਾ।
ਬੂਝਯੋ, ਤਾਂਹਿ ਬਿਤੰਤ ਉਚਾਰਾ।

ਬਰਜ ਰਹੀ ਸਭਿ ਦੋ ਬਹੁ ਬਾਰੀ ।
ਨਹਿੰ ਮਾਨੀ ਕਾਯਾਂ ਮਿਲਿ ਜਾਰੀ ।
ਭੈ ਨਿਰਭੈ ਮਨ ਭਾਵਤਿ ਕਰੈਂ ।
ਦਰਬ ਚੁਗਵਾਹੇ ਨਿਦ ਨਿਜ ਧਰੈਂ ।
ਇਕ ਗੁਰਦਾਸ ਕੁਛਕ ਅਨੁਸਾਰੀ ।
ਅਪਰਸ਼ ਬਿਰਾਹੇ ਹੁਇੰ ਹੰਕਾਰੀ ।
ਅਬਿ ਸਹਾਇਤਾ ਚਹੈਤ ਮਾਰੀ ।
ਅਹੰ ਅਲੰਬ ਏਕ ਨਿਰਧਾਰੀ ।
ਸ੍ਰੀ ਕਲਗੀਧਰ ਸੁਨਤਿ ਬਿਚਾਰੇ ।
ਡਰਾਤੇ ਨ ਰਾਮਰਾਇ ਤੇ ਜੇਈ ,
ਦਯੋਂ ਨ ਬੁਰਾ ਚਾਨਹਿ ਅਬਿ ਤੋਈ ।
ਸ੍ਰੀ ਗੁਰ ਨਾਨਕ ਕੇ ਘਰ ਸਾਰੇ ।
ਧਨੀ ਮਸੰਦ ਅਧਿਕ ਹੰਕਾਰੇ ।
ਅਦਬ ਨ ਕਰਹਿੰ ਨ ਸ਼ਰਧਾ ਧਾਰਹਿੰ ।
ਅਪਰ ਨਰਿਨ ਸਮ ਗੁਰੂ ਬਿਚਾਰਹਿ ।
ਗਨ ਸਿੱਖਨ ਕੇ ਮਹਿਦ ਸੰਤਾਪੀ ।
ਧਨ ਲੇ ਬਨਹਿੰ ਸਰਾਪੀ ਪਾਪੀ ।
ਬੇਮਯਾ ਭੋਗਨਿ ਆਦਿ ਬਿਕਾਰਾ ।
ਸਭ ਮਹਿੰ ਫਸਹਿੰ ਪਨਹਿ ਹੰਕਾਰਾ ।
ਜਬਿ ਕਬਿ ਸਿੱਖੀ ਰੀਤਿ ਬਿਚਾਰੇ ।
ਕਰਹਿੰ ਅਨਾਦਰ ਸਿੱਖਨ ਤਾਰੇ ।
ਇਨ ਕੋ ਮਲ ਉਖਾਰਿ ਨ ਹੋਇ ।
ਸੁਖ ਪ੍ਰਾਪਤ ਸਤਿਸੰਗ ਨ ਸੋਇ ।
ਇਤਯਾਦਿਕ ਗੁਰ ਰਿਦੇ ਬਿਚਾਰੀ ।
ਪੱਤ੍ਰੀ ਲਿਖਣੀ ਹੈਤ ਉਚਾਰੀ ।

ਸਪੱਸ਼ਟ ਹੈ, ਜਦੋਂ ਕਲਗੀਧਰ ਪਾਤਸ਼ਾਹ ਨੂੰ ਖ਼ਬਰ ਮਿਲੀ ਕਿ ਮਸੰਦਾਂ ਨੇ ਬਾਬਾ ਰਾਮ ਰਾਇ ਨੂੰ ਜੀਊਂਦੇ-ਜੀਅ ਹੀ ਜਲਾ ਦਿੱਤਾ ਹੈ ਤਾਂ ਉਨ੍ਹਾਂ ਬਹੁਤ ਅਫ਼ਸੋਸ ਕੀਤਾ । ਇਸ ਦੇ ਨਾਲ ਹੀ ਉਨ੍ਹਾਂ ਨੇ ਡੇਹਰਾਦੂਨ ਪੁੱਜਣ ਦਾ ਭਰੋਸਾ ਵੀ ਦਿੱਤਾ ਤੇ ਪੰਜਾਬ ਕੌਰ ਨੂੰ ਸੰਦੇਸ਼ਾ ਭਿਜਵਾ ਦਿੱਤਾ । ਤੇਰ੍ਹਵੀਂ ਵਾਲੇ ਦਿਨ ਦਸਮ ਗੁਰੂ ਆਪਣੇ ਨਾਲ ਇਕ ਮਜ਼ਬੂਤ ਜੱਥਾ ਲੈ ਕੇ ਡੇਹਰਾਦੂਨ ਜਾ ਪੁੱਜੇ । ਇਸ ਮੌਕੇ 'ਤੇ ਰਾਮ ਰਾਇ ਦੇ ਸਾਰੇ ਭਗਤ ਅਤੇ ਸਕੇ-ਸੰਬੰਧੀ ਪਹੁੰਚੇ ਹੋਏ ਸਨ । ਪੰਜਾਬ ਕੌਰ ਬਹੁਤ ਹੀ ਦੁਖੀ ਸੀ । ਉਹ ਆਪਣੇ ਚਾਚੇ-ਸਹੁਰੇ, ਗੁਰੂ ਗੋਬਿੰਦ ਸਿੰਘ ਪਾਸ ਫੁੱਟ-ਫੁੱਟ ਕੇ ਰੋਈ । ਸਤਿਗੁਰੂ ਜਾਣੀਜਾਣ ਮਸੰਦਾਂ ਦੀ ਕਾਲੀ ਕਰਤੂਤ ਨੂੰ ਜਾਣਦੇ ਸਨ । ਉਨ੍ਹਾਂ ਪੰਜਾਬ ਕੌਰ ਨੂੰ ਦਿਲਾਸਾ ਦਿੱਤਾ ਅਤੇ ਸਭ ਤੋਂ ਪਹਿਲਾਂ 'ਸਿਰ ਬੰਨ੍ਹਣਾਂ' ਦੀ ਰਸਮ ਪੂਰੀ ਕੀਤੀ ('ਸਿਰ ਬੰਨ੍ਹਣਾਂ' ਉਹ ਰਸਮ ਹੈ ਜੋ ਕਿਸੇ ਇਸਤਰੀ ਦੇ ਪਤੀ

ਦੇ ਮਰ ਜਾਣ ਉਤੇ ਕੀਤੀ ਜਾਂਦੀ ਹੈ) । ਇਸ ਰਸਮ ਨੂੰ ਕਰਦੇ ਸਮੇਂ ਸਤਿਗੁਰੂ ਜੀ ਨੇ ਕਈ ਸਾਰੇ ਕੀਮਤੀ ਬਸਤਰ ਤੇ ਢੇਰ ਸਾਰੀ ਨਕਦੀ ਪੰਜਾਬ ਕੌਰ ਤੇ ਉਸ ਦੀ ਸੌਂਕਣ ਰਾਜ ਕੌਰ ਜੋ ਰਾਮ ਰਾਇ ਦੀ ਦੂਸਰੀ ਪਤਨੀ ਸੀ, ਦੀ ਝੋਲੀ ਭਰ ਦਿੱਤੀ । ਇਹ ਰਸਮ ਆਪਣੇ ਆਪ ਵਿਚ ਇਕ ਸੁਨੇਹਾ ਵੀ ਦੇ ਰਹੀ ਸੀ ਕਿ ਇਨ੍ਹਾਂ ਦੇ ਸਿਰ 'ਤੇ ਦਸਮ ਗੁਰੂ ਦਾ ਹੱਥ ਹੈ । ਇਹ ਰਸਮ ਖੁੱਲ੍ਹੇਆਮ ਸਭ ਦੇ ਸਾਹਮਣੇ ਕੀਤੀ ਗਈ ਤਾਂ ਜੋ ਸਭ ਨੂੰ ਪਤਾ ਲੱਗ ਜਾਏ ਕਿ ਇਨ੍ਹਾਂ ਬੀਬੀਆਂ ਨੂੰ ਦਸਮ ਗੁਰੂ ਦਾ ਸਹਾਰਾ ਪ੍ਰਾਪਤ ਹੈ ।

ਹੁਣ ਸਤਿਗੁਰੂ ਜੀ ਨੇ ਇਥੋਂ ਦੇ ਉਦਾਸੀ ਸੰਤ ਬਾਲੂ ਹਸਨਾ ਨੂੰ ਸਿਰੋਪਾਉ ਵੀ ਦਿੱਤਾ ਤੇ ਮਹੰਤੀ ਵੀ ਬਖ਼ਸ਼ੀ । ਦਸਮ ਗੁਰੂ ਨੇ ਬਾਲੂ ਹਸਨਾ ਨੂੰ ਵੀ ਦੋਹਾਂ ਬੀਬੀਆਂ ਦੀ ਸਹਾਇਤਾ ਕਰਨ ਦੀ ਤਾਕੀਦ ਕੀਤੀ । ਹੁਣ 'ਬਾਲੂ ਹਸਨਾ' ਦਸਮ ਗੁਰੂ ਦੀ ਬਖ਼ਸ਼ਿਸ਼ ਨਾਲ ਡੇਰੇ ਦਾ ਯੋਗ ਪ੍ਰਬੰਧ ਕਰਨ ਲੱਗਾ । ਇਥੇ ਇਹ ਨਿਖੇੜਾ ਕਰਨਾ ਉਚਿਤ ਹੈ, 'ਬਾਲੂ ਹਸਨਾ' ਛੇ ਬਖ਼ਸ਼ਿਸ਼ਾਂ ਵਿਚੋਂ ਇਕ ਹੈ । ਉਦਾਸੀਆਂ ਦੇ ਚਾਰ ਧੂਣੇ ਤੇ ਛੇ ਬਖ਼ਸ਼ਿਸ਼ਾਂ ਪ੍ਰਸਿੱਧ ਹਨ । ਬਾਲੂ ਹਸਨਾ ਉੱਪਰ ਸੱਤਵੇਂ ਗੁਰੂ ਨੇ ਬਖ਼ਸ਼ਿਸ਼ ਕੀਤੀ ਸੀ ਤੇ ਦਸਮ ਪਾਤਸ਼ਾਹ ਨੇ ਇਸ ਨੂੰ ਮਹੰਤੀ ਬਖ਼ਸ਼ੀ ।

ਗਿਆਨੀ ਈਸ਼ਰ ਸਿੰਘ ਨਾਰਾ ਨੇ ਆਪਣੀ ਪੁਸਤਕ 'ਜ਼ਫ਼ਰਨਾਮਾ ਸਫ਼ਰਨਾਮਾ' ਵਿਚ ਇਸ ਪ੍ਰਸੰਗ ਦੀ ਵਿਚਾਰ ਖ਼ਾਸੇ ਵਿਸਥਾਰ ਨਾਲ ਕੀਤੀ ਹੈ । ਗਿਆਨੀ ਜੀ ਨੇ ਇਸ ਪ੍ਰਸੰਗ ਨੂੰ 'ਸ੍ਰੀ ਰਾਮ ਰਾਇ ਦਾ ਅੰਤਿਮ ਚਲਾਣਾ' ਦੇ ਨਾਮ ਹੇਠ ਪੰਨਾ 56-57 ਉੱਪਰ ਆਂਕਿਆ ਹੈ । ਏਸ ਲਾਲਚ ਵਿਚ ਕਿ ਪਾਠਕਾਂ ਨੂੰ ਵੱਧ ਤੋਂ ਵੱਧ ਸਮੱਗਰੀ ਮੁਹੱਈਆ ਕੀਤੀ ਜਾ ਸਕੇ । ਇਹ ਪੂਰੇ ਦਾ ਪੂਰਾ ਪ੍ਰਸੰਗ ਇਥੇ ਫੁਟਨੋਟ ਵਾਂਗ ਅੰਕਿਤ ਕੀਤਾ ਜਾ ਰਿਹਾ ਹੈ ।

ਭਾਈ ਸੰਤੋਖ ਸਿੰਘ ਨੇ 'ਮਸੰਦਾਂ ਨੂੰ ਦੰਡ' ਪ੍ਰਸੰਗ ਵਿਚ ਬਹੁਤ ਵਿਸਥਾਰ ਨਾਲ ਇਸ ਬਾਰੇ ਲਿਖਿਆ ਹੈ । ਦਸਮ ਗੁਰੂ ਨੇ ਕਿਵੇਂ ਮਸੰਦਾਂ ਨੂੰ ਇਕ ਉਚੇਚੇ ਕਮਰੇ ਵਿਚ ਮਿਲਣ ਲਈ ਸੱਦਿਆ ਤੇ ਫਰਾਸ਼ਾਂ ਨੂੰ ਕਹਿ ਕੇ ਤੰਬੂ-ਕਨਾਤਾਂ ਤਣਵਾਏ :

ਕਹਯੋ ਫਾਸ਼ਨ ਕੋ ਤਬੇ ।
ਤਨਹੁ ਕਨਾਤ ਬਨਾਇ ।
ਦੂਰ ਦੂਰ ਥਲ ਘੇਰੀਏ ।
ਅੰਤਰ ਕੋਇ ਨ ਜਾਇ ॥1॥ਚੌਪਈ॥
ਬ੍ਰਿੰਦ ਕਰਾਹੇ ਤਹਿੰ ਧਰਵਾਏ ।
ਬੰਦੁਬਸਤ ਨਰ ਗਨ ਕੋ ਭਯੋ ।
ਅੰਤਰ ਪ੍ਰਸ਼ਿਨਿ ਕੋ ਨਹਿ ਦਯੋ ॥2॥
ਈਂਧਨ ਅਧਿਕ ਮੰਗਾਇ ਧਰਾਏ ।
ਰਸਰਨਿ ਬਿੰਦ੍ ਭਾਰੁ ਅਨਵਾਏ ।
ਇਹ ਨਿਸ ਮਹਿ ਸਭਿ ਕੀਨਸਿ ਤਯਾਰੀ ।
ਉਤ ਮਸੰਦ ਹਰਖਤਿ ਉਰ ਭਾਰੀ ॥3॥
ਭੋਰ ਹੋਤਿ ਲੇ ਕਰਿ ਸਿਰੁਪਾਉ ।
ਨਿਜ ਨਿਜ ਸੰਗਤਿ ਬਿਖੈ ਸਿਧਾਉ ॥ (ਪੰਨਾ 2365)

ਹੁਣ ਪੰਜਾਬ ਕੌਰ ਵੀ ਉਸ ਪਾਸੇ ਆ ਬੈਠੀ ਜਿੱਧਰ ਸਤਿਗੁਰੂ ਜੀ ਬਿਰਾਜੇ ਹੋਏ ਸਨ। ਦੂਸਰੇ ਪਾਸੇ, ਸਤਿਗੁਰੂ ਨੇ ਸਾਰੇ ਪ੍ਰਬੰਧਾਂ ਨੂੰ ਧਿਆਨ ਨਾਲ ਵਾਚਣ ਤੋਂ ਬਾਅਦ ਭਰੋਸੇਯੋਗ ਵਿਅਕਤੀ ਆਪਣੀ ਸੱਕੀਮ ਅਨੁਸਾਰ ਤੈਨਾਤ ਕਰ ਦਿੱਤੇ ਸਨ। ਪੰਜਾਬ ਕੌਰ ਦੇ ਨਾਲ ਉਸ ਦੇ ਦੋ ਭਰੋਸਯੋਗ ਮਸੰਦ ਭਾਈ ਬਹਿਲੋ ਤੇ ਭਾਈ ਗੁਰਦਾਸ ਵੀ ਜੁੜ ਬੈਠੇ। ਮਾਲੂਮ ਹੁੰਦਾ ਹੈ, ਦਸਮ ਗੁਰੂ ਮਸੰਦਾਂ ਨੂੰ ਜੋ ਵੀ ਦੰਡ ਦੇਣਾ ਚਾਹੁੰਦੇ ਸਨ, ਉਹ ਬੀਬੀ ਪੰਜਾਬ ਕੌਰ ਦੇ ਸਾਹਮਣੇ ਦੇਣਾ ਚਾਹੁੰਦੇ ਸਨ, ਤਾਂ ਜੋ ਉਸ ਦੇ ਮਨ ਦਾ ਰੰਜ ਸ਼ਾਂਤ ਹੋ ਸਕੇ। ਮਸੰਦਾਂ ਨੇ ਬਹੁਤ ਬੇਦਰਦੀ ਨਾਲ ਮਾਤਾ ਪੰਜਾਬ ਕੌਰ ਦੇ ਪਤੀ ਬਾਬਾ ਰਾਮ ਰਾਇ ਨੂੰ ਜੀਉਂਦੇ-ਜੀਅ ਸਾੜ ਦਿੱਤਾ ਸੀ। ਮਾਤਾ ਨੇ ਉਨ੍ਹਾਂ ਨੂੰ ਬਹੁਤ ਰੋਕਿਆ ਸੀ। ਹਾਲ-ਪਾਹਰਿਆ ਕੀਤੀ ਸੀ ਪਰ ਬੇਦਰਦਾਂ ਨੇ ਇਕ ਨਾ ਸੁਣੀ। ਇਹੋ ਕਾਰਣ ਹੈ, ਗੁਰੂ ਸਾਹਿਬ ਉਨ੍ਹਾਂ ਨੂੰ ਸਖ਼ਤੀ ਨਾਲ ਤੇ ਆਪਣੀ ਸੂਝ-ਬੂਝ ਨਾਲ ਇਸ ਤਰ੍ਹਾਂ ਫੜ ਕੇ ਬੰਨ੍ਹ ਰਹੇ ਸਨ ਕਿ ਰੌਲਾ ਵੀ ਨਾ ਪਵੇ ਤੇ ਉਹ ਫੜੇ ਵੀ ਜਾਣ :

ਅਪਰ ਸਨ ਸਵਧਾਨ ਬਨਾਈ।
ਸਗਰੇ ਦਵਾਰਨਿ ਥਾਨ ਟਿਕਾਈ।
ਪਰਦਾ ਕਰਿ ਸਤਿਗੁਰੁ ਕੇ ਨੇਰੇ।
ਥਿਰੀ ਪੰਜਾਬ ਕੁਇਰ ਤਿਸ ਬੇਰੇ ॥7॥
ਭਾਈ ਬਹਿਲੋ ਕੇ ਗੁਰਦਾਸੇ
ਤਾਂਹਿ ਬੁਲਾਇ ਬਿਠਾਯੋ ਪਾਸ।
ਇਸ ਤੇ ਆਦਿ ਜਿਤਿਕ ਅਨੁਸਾਰ।
ਸੋ ਸਗਰੇ ਢਿਗ ਲੀਨਿ ਹਕਾਰੀ ॥8॥
ਪਕੜਨਿ ਹੇਤੁ ਬਲੀ ਕੁਛ ਬੀਰ।
ਕਰੇ ਹਕਾਰਨਿ ਰਾਖੇ ਤੀਰ।
ਇਤਯਾਦਿਕ ਸਭ ਕਰਿ ਤਕਰਾਈ।
ਜੋ ਮਸੰਦ ਮਹਿੰ ਬਡਿਆਈ ॥9॥
ਪਠਿ ਨਰ ਤਿਸਕੋ ਪ੍ਰਥਮ ਬੁਲਾਯੋ।
ਸਿਰੋਪਾਉ ਹਿਤ ਬਾਕ ਸੁਨਾਯੋ।
ਸੁਨਿ ਅਨੰਦ ਕਰਿ ਪਹੁੰਚਯੋ ਜਾਈ।
ਬੈਠੇ ਕਲਗੀਧਰ ਤਿਸ ਠਾਂਈ ॥10॥
ਬਿਰਯੋ ਆਨ ਕਰਿ ਨਿਕੜੀ ਜਬੈ।
ਸ਼ਾਰਤ ਕਰੀ ਭੜਨ ਕੋ ਤਬੈ।
ਗਹਿ ਲੀਨੇ ਸਿਰ ਪਾਗਿ ਉਤਾਰੀ।
ਕਰ ਪਗ ਤੇ ਜੂੜਯੋ ਦ੍ਰਿੜ ਭਾਰੀ ॥11॥
ਤਿਮ ਹੀ ਦੁਤੀ ਮਸੰਦ ਹਕਾਰਾ।
ਕਰ ਪਗ ਜੂੜਿ ਤਿਸੀ ਢਿਗ ਡਾਰੇ।
ਨਹਿ ਬੋਲਨ ਦੀਨੋ ਕਹਿ ਤ੍ਰਾਸੇ।

ਕੋਸ੍ਠ ਬਿਖਚੈ ਬਿਠਾਯੋ ਤਾਸ ॥12॥
ਪੁਨ ਤੀਸਰ ਕੋ ਲੀਆ ਬੁਲਾਇ ।
ਕਰ ਦਰ ਬਾਂਧੇ ਦੇਤਿ ਬਿਠਾਇ ।
ਵਹਿਰ ਸਭਿਨਿ ਮਹਿ ਇਮ ਬਿਦਤਾਏ ।
'ਦੇਬੋ ਕਰਹਿ ਬ੍ਰਿੰਦ ਸਿਰੁਪਾਏ' ॥13॥
ਪਹਿਰਿ ਪਹਿਰਿ ਤਨ ਮਹਿ ਪੜ ਆਛੇ ।
ਹਰਖ ਧਰਤਿ ਅੰਦਰ ਕੋ ਗਾਛੇ ।
ਇਕ ਦੁਇ ਤ੍ਰੈ ਮਿਲਿ ਨਿਕਲ ਸਿਧਾਏ ।
ਪਕਰਹਿ ਅੰਤਰ ਦਇ ਗਿਰਾਏ ॥14॥
ਆਵਤਿ ਹੋਤ ਪ੍ਰਵੇਸ਼ੇ ਅਨੇਕ ।
ਹੜਿ ਕਰਿ ਨਿਕੈ ਨਾਹਿ ਨ ਏਕ ।
ਬਾਂਧਿ ਬਾਂਧਿ ਕੋਸ਼ਟ ਮਹਿ ਗੇਰਹਿ ।
ਖਰੇ ਨਿਕੜ ਕਯੋ ਹੂੰ ਨਹਿ ਝੇਰਹਿ ॥15॥
ਜਬਿ ਗਹਿ ਮੁਸ਼ਕਹਿ ਤੇਤਿ ਗਿਰਾਵਹਿ ।
ਤਬਿ ਪਕਰਨਿ ਕੀ ਸੁਧ ਕੋ ਪਾਵਹਿ ।
ਜਾਤਿ ਵਹਿਰ ਤੇ ਹਰਖ ਉਦੋਤਿ ।
ਅੰਤਰ ਪ੍ਰਵਿਸ਼ਹਿ ਬੰਧਨ ਹੋਤਿ ॥16॥
ਜਬਹਿ ਪੰਚਸੇ ਪਕਰੈ ਗਏ ।
ਕਛੁ ਸੰਸੈ ਸ਼ੇਖਨ ਕੋ ਭਏ ।
ਸਭਿ ਢਿਗ ਪਹੁੰਚੇ ਭੜ ਸਾਵਧਾਨ ।
'ਤੂਰਨ ਚਲੀਅਹਿ' ਕਰਤਿ ਬਖਾਨਿ ॥17॥
ਘੇਰਿ ਘੇਰਿ ਸਭਿ ਅੰਤਰ ਕਰੇ ।
ਰਸਰਨਿ ਸੰਗ ਬੱਧ ਤਹਿ ਤਹਿ ਧਰੇ ।
ਕਹੋਂ ਕਹਾਂ ਲਗਿ ਕਥਾ ਅਗੇਰੀ ।
ਰਾਹੇ ਇਕਾਦਸ਼ ਸੋ ਤਿਸ ਬੇਰੀ ॥18॥
ਬਹੁ ਕੋਠਨਿ ਮਹਿ ਗਹਿ ਪਾਏ ।
ਦਵਾਰ ਕਿਵਾਰਨ ਕੁਲਫ ਲਗਾਏ ।

ਜਦੋਂ ਪੰਜ ਸੌ ਦੇ ਕਰੀਬ ਬੰਦੇ ਫੜ ਲਏ ਗਏ । ਉੱਪਰੋਂ ਦੁਪਹਿਰ ਹੋ ਗਈ । ਹੁਣ ਕਲਗੀਧਰ ਉਸ ਤੰਬੂ ਵਿਚੋਂ ਉਠੇ । ਪੰਜਾਬ ਕੌਰ ਨੇ ਦੋਹਾਂ ਮਸੰਦਾਂ : ਭਾਈ ਬਹਿਲੋ ਤੇ ਭਾਈ ਗੁਰਦਾਸ ਨੂੰ ਉਸ ਥਾਂ 'ਤੇ ਰਹਿਣ ਦਾ ਹੁਕਮ ਦਿੱਤਾ ਤੇ ਡੇਰੇ ਆਣ ਕੇ ਗੁਰੂ ਸਾਹਿਬ ਦੇ ਖਾਣ-ਪੀਣ ਤੇ ਰਹਿਣ-ਠਹਿਰਨ ਦਾ ਇੰਤਜ਼ਾਮ ਕੀਤਾ । ਗੁਰੂ ਸਾਹਿਬ ਦੇ ਹੁਕਮ ਅਨੁਸਾਰ ਤੇਲ ਦੇ ਕੜਾਹੇ ਤਪਣ ਲੱਗੇ ਤੇ ਬੰਨ੍ਹ ਕੇ ਰੱਖੇ ਗਏ ਮਸੰਦਾਂ ਨੂੰ ਤਲ ਦਿੱਤਾ ਗਿਆ :

ਦਿਨ ਮੱਧਯਾਲ ਭਯੋ ਗੁਰੂ ਜਾਨਾ ।
ਉਠਿ ਕਲਗੀਧਰ ਕੀਨਿ ਪਯਾਨਾ ॥19॥

ਸੁਭੜ ਸੈਂਕਰੇ ਤਹਿ ਠਹਿਰਾਏ ।
ਗਈ ਪੰਜਾਬ ਕੁਇਰ ਨਿਜ ਥਾਏ ।
ਖਾਨ ਪਾਨ ਕਰਿ ਗੁਰ ਬਿਸਰਾਮੈ ।
ਸਿਹਜਾ ਮਾਂਹਿ ਬਿਸਦ ਅਭਿਰਾਮੇ ॥20॥
ਜਾਮ ਦਿਵਸ਼ ਉਠਿ ਹੁਕਮ ਬਖਾਨਾ ।
ਕਰਹੁ ਮਸੰਦਨ ਤਾੜ ਮਹਾਨਾ ।
ਤਬਿ ਪੰਜਾਬ ਕੁਇਰ ਸੋ ਭਾਖਾ ।
ਨਿਹੁ ਪਲੜਾ ਜਿਮ ਉਰ ਅਭਿਲਾਖਾ ॥21॥
ਤਪਨ ਲਵੇ ਤਬਿ ਤੇਲ ਕੜਾਹੇ ।
ਲਯਾਇ ਮਸੰਦਨ ਕੋ ਤਿਨ ਪਾਹੇ ।
ਕਰਛੇ ਭਰਿ ਭਰਿ ਸਿਰ ਮਹਿ ਪਾਵੈਂ ।
ਸੰਕੜ ਪਰੇ ਅਧਿਕ ਬਿਲਲਾਵੈਂ ॥22॥
ਕਿਸਹੂੰ ਪਰ ਹੁਇ ਬੈਂਤਨਮਾਰ ।
ਹਨਿਤਿ ਹਨਤਿ ਭੇ ਪ੍ਰਾਨ ਸੰਘਾਰਿ ।
ਬਡੇ ਮਸੰਦ ਬਡੇ ਅਪਰਾਧੀ ।
ਬਡੀ ਸਜਾਇ ਪਾਇ ਮ੍ਰਿਤੁ ਲਾਧੀ ॥23॥

ਸਾਰੇ ਇਲਾਕੇ ਵਿਚ ਹਾਹਾਕਾਰ ਮੱਚ ਗਈ । ਲੋਕ ਤ੍ਰਾਸ-ਤ੍ਰਾਸ ਵੀ ਕਰ ਰਹੇ ਸਨ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਇਨਸਾਫ਼ ਅੱਗੇ ਨਤਮਸਤਕ ਵੀ ਹੋ ਰਹੇ ਸਨ । ਗੁਰੂ ਜੀ ਦੇ ਇਨਸਾਫ਼-ਪਸੰਦ ਬੋਲ ਲੋਕਾਂ ਵਿਚ ਦਲੇਰੀ ਵੀ ਪੈਦਾ ਕਰ ਰਹੇ ਸੀ ਤੇ ਡਰ ਵੀ । ਲੋਕ ਮਨੋ-ਮਨ ਗੁਨਾਹ ਕਰਨ ਤੋਂ ਤੋਬਾ ਕਰ ਰਹੇ ਸਨ । ਗੁਰੂ ਜੀ ਦਾ ਉਦੇਸ਼ ਤਾਂ ਲੋਕਾਂ ਨੂੰ ਸਿੱਧੇ ਰਾਹ ਪਾਉਣ ਦਾ ਸੀ । ਨਾ ਕਿ ਲੋਕਾਂ ਨੂੰ ਡਰਾਉਣਾ ਧਮਕਾਉਣਾ ਸੀ । ਗੁਰੂ ਜੀ ਨੇ ਪੰਜਾਬ ਕੌਰ ਦੇ ਅਨੁਸਾਰੀ ਧਰਮੀ ਬੰਦਿਆਂ ਨੂੰ ਬੁਲਾਇਆ । ਉਨ੍ਹਾਂ ਨੂੰ ਮਸੰਦਾਂ ਦੀ ਉਪਾਧੀ 'ਤੇ ਸਸ਼ੋਭਿਤ ਕੀਤਾ ਤੇ ਅੱਗੇ ਤੋਂ ਧਰਮ-ਕਰਮ ਕਰਨ ਦਾ ਹੁਕਮ ਦਿੱਤਾ । ਮੂਲ-ਪਾਠ ਹਾਜ਼ਰ ਹੈ :

ਹੁਤੇ ਪੰਜਾਬ ਕੁਵਰ ਅਨੁਸਾਰੀ ।
ਤਿਨਹੁੰ ਮਸੰਦੀ ਦੇ ਤਿਸ ਬਾਰੀ ।
ਦੇਸ਼ ਬਿਦੇਸ਼ਨਿ ਬਿਖੈ ਪਠਾਏ ।
ਪਹੁੰਚਿ ਜਹਾਂ ਕਹਿ ਗੁਰ ਧਨ ਲਯਾਏ ॥31॥
ਇਮ ਸਭਿ ਰੀਤਿ ਸੁਧਾਰਨਿ ਕੀਨੀ ।
ਨਿਸੰਕੈੜਕ ਤਿਸਕੋਂ ਕਰਿ ਦੀਨੀ ।
ਮਨਭਾਵਤ ਕਰਿ ਹਰਖਤਿ ਹੋਈ ।
ਕਾਰ ਕਰਨਿ ਲਾਗੇ ਸਬਿ ਕੋਈ ॥32॥
ਸੰਦੁਬ ਸਤ ਸਭਿ ਕਰ ਕੋ ਕਰਯੋ ।
ਮਾਨਵ ਦੁਸ਼ੜ ਨਿਕਾਰਨਿ ਕਰਯੋ ।
ਚਿਤ ਕੀ ਚਿੰਤਾ ਦੂਰ ਬਿਦਾਰੀ ।

ਪੁਨ ਕਲਗੀਧਰ ਕੀਨਸਿ ਤਯਾਰੀ ॥33॥
ਦੁਸ਼ਟ ਮਸੰਦ ਪ੍ਰਹਾਰ ਸੰਘਾਰੇ ।
ਅੰਤਰ ਸਤਿਗੁਰ ਬੈਠਿ ਉਚਾਰੇ ।
ਅਬਿ ਤੁਮ ਭਯੋ ਮਨੋਰਥ ਪੂਰਾ ।
ਨਿਰਬਾਹਹੁ ਘਰ ਕਾਰਜ ਰੂਰਾ ॥34॥
ਬਿਨੈ ਪੰਜਾਬ ਕੁਇਰ ਬਹੁ ਕਹੀ ।
ਤੁਮ ਬਿਨ ਕੋ ਕਰਿ ਸਕਿ ਇਮ ਨਹੀਂ ।
ਬਡੇ ਆਪ ਸਦਾ ਸੰਭਾਰਤਿ ਰਹੀਅਹਿ ।
ਮੋਂ ਵਿਧਵਾ ਕੀ ਕਾਰ ਨਿਬਹੀਅਹਿ ।
ਸੁਨਿ ਕਲਗੀਧਰ ਧੀਰਜ ਦੀਨਿ ।
ਨਿਜ ਅਨੁਸਾਰਿ ਸਕ਼ਅਲਬਿ ਕੀਨਿ ॥36॥
ਜਥਾ ਕਹੇ ਤਿਮ ਕਾਰਜ ਕਰੇਂ ।
ਤ੍ਰਾਸ ਲਹੇਂ, ਨਹਿੰ ਬਿੱਪ੍ਰੇ ਧਰੈਂ ।
ਕਹਿ ਇਤਯਾਦਿ ਉਠ ਤਿਸ ਕਾਲਾ ।
ਸ੍ਰੀ ਗੋਬਿੰਦ ਸਿੰਘ ਬਾਹੁ ਬਿਸਾਲਾ ॥37॥
ਤਬਿ ਪੰਜਾਬ ਕੁਵਰ ਕਰ ਬੰਦੇ ।
ਬੰਦਨ ਕਰੀ ਚਰਨ ਅਰਬਿੰਦੇ ।
ਹੁਇ ਰੁਖ਼ਸਦ ਬਾਹਰ ਕੋ ਆਏ ।
ਕਰਯੋ ਕੂਚ ਦੁੰਦੁਭਿ ਬਜਵਾਏ ॥38॥

ਸੰਖੇਪ ਵਿਚ, ਕਿਹਾ ਜਾ ਸਕਦਾ ਹੈ, ਇਹ ਮਹਿਜ਼ ਇਤਫ਼ਾਕ ਹੀ ਨਹੀਂ ਸੀ ਕਿ ਮਾਈ ਭਾਗੋ ਨੇ ਸਿੰਘਾਂ ਦੀ ਟੁੱਟੀ ਗੰਢਵਾਈ ਸਗੋਂ ਇਹ ਤਾਂ ਉਸ ਦੀ ਵਿਰਾਸਤ ਸੀ ਤੇ ਇਸ ਦੀ ਨੀਂਹ ਮਾਤਾ ਪੰਜਾਬ ਕੌਰ ਨੇ ਰੱਖੀ ਸੀ । ਮਾਤਾ ਪੰਜਾਬ ਕੌਰ ਸੱਤਵੇਂ ਪਾਤਸ਼ਾਹ ਦੀ ਨੂੰਹ ਸੀ ਤੇ ਇਸ ਦੀ ਪ੍ਰੇਰਨਾ ਸਦਕਾ ਹੀ ਇਨ੍ਹਾਂ ਦਾ ਪਤੀ ਬਾਬਾ ਰਾਮ ਰਾਇ ਦਸਮ ਗੁਰੂ ਪਾਸ ਗਿਆ ਤੇ ਆਪਣੀ ਭੁੱਲ ਬਖਸ਼ਵਾਈ ਤੇ 'ਵਿਛੜਿਆ ਮੇਲੇ ਪ੍ਰਭੂ' ਦਾ ਬਿਰਦ ਪਾਲਣ ਵਾਲੇ ਦਸਮ ਗੁਰੂ ਨੇ ਨਾ ਕੇਵਲ ਉਨ੍ਹਾਂ ਨੂੰ ਬਖ਼ਸ਼ਿਆ ਹੀ, ਸਗੋਂ ਉਨ੍ਹਾਂ ਨੂੰ ਗਲ਼ ਨਾਲ ਲਾ ਲਿਆ । ਜ਼ਾਹਿਰ ਹੈ, ਮਾਤਾ ਪੰਜਾਬ ਕੌਰ ਗੁਰੂ-ਘਰ ਤੋਂ ਵਿਛੜੇ ਪਤੀ ਨੂੰ ਮਿਲਾਉਣ ਦਾ ਸਾਧਨ ਬਣੇ । ਇਸ ਦੇ ਨਾਲ ਇਕ ਹੋਰ ਆਦਰਸ਼ ਵੀ ਦ੍ਰਿੜ੍ਹ ਹੋ ਗਿਆ । 'ਵੇਖ ਕੇ ਅਣਡਿੱਠ ਕਰੋ' । ਬਾਬਾ ਰਾਮ ਰਾਇ ਬਾਣੀ ਦੇ ਪਾਠ-ਬਦਲਣ ਦੇ ਪ੍ਰਭਾਵ ਤੋਂ ਪੂਰੀ ਤਰ੍ਹਾਂ ਸੁਚੇਤ ਸਨ । ਏਸੇ ਕਾਰਣ ਗੁਰੂ-ਪੁੱਤਰ ਅੱਠਵੇਂ ਤੇ ਨੌਵੇਂ ਗੁਰੂ ਪਾਸ ਨਹੀਂ ਗਏ । ਪਰ ਦਸਮ ਗੁਰੂ ਤਾਂ ਨਵੀਂ ਉਸਰ ਰਹੀ ਕੌਮ ਵਾਸਤੇ ਆਦਰਸ਼ ਬਣ ਰਹੇ ਸਨ । ਸੋ ਬਿਰਦ ਪਾਲਕ ਦਸਮ ਪਿਤਾ ਨੇ ਬਾਬਾ ਰਾਮ ਰਾਇ ਰਾਹੀਂ ਦੋ ਆਦਰਸ਼ ਸਥਾਪਿਤ ਕਰ ਦਿੱਤੇ । ਭੁੱਲ ਕਰਨ ਵਾਲਿਆਂ ਦੇ ਬੱਜਰ ਗੁਨਾਹ ਵੀ ਗੁਰੂ-ਘਰ ਵਿਚ ਬਖ਼ਸ਼ੇ ਜਾ ਸਕਦੇ ਹਨ । ਇਸ ਲਈ ਤਾਂ 'ਗੁਰੂ ਬਖ਼ਸ਼ਿੰਦ' ਹੈ । ਇਲਾਹੀ ਬਾਣੀ ਸਾਧਾਰਣ ਵਸਤੂ ਨਹੀਂ ਸੀ । ਚਾਹੇ ਉਹ ਗੁਰੂ-ਪੁੱਤਰ ਹੀ ਕਿਉਂ ਨਾ ਹੋਵੇ । ਇਸੇ ਗੱਲ 'ਤੇ ਸੱਤਵੇਂ ਗੁਰੂ ਨੇ ਪਹਿਰਾ ਦਿੱਤਾ । ਦਸਮ

ਪਾਤਸ਼ਾਹ ਨੇ ਵੇਖ ਕੇ ਅਣਡਿੱਠ ਕਰਨ ਦੇ ਆਦਰਸ਼ ਨੂੰ ਦ੍ਰਿੜ੍ਹ ਕਰਵਾਇਆ । ਨਹੀਂ ਤਾਂ ਉਸਰ ਰਹੀ ਕੌਮ ਵਿਚ ਏਕਤਾ ਵਰਗਾ ਉੱਤਮ ਗੁਣ ਪ੍ਰਫੁੱਲਤ ਨਹੀਂ ਹੋ ਸਕੇਗਾ । ਨਾਲੇ 'ਖਿਮਾਂ-ਗਰੀਬੀ' ਦੇ ਗੁਣ ਤਾਂ ਸਿੱਖ ਧਰਮ ਦੀ ਜਿੰਦ-ਜਾਨ ਹਨ ।

ਮਾਤਾ ਪੰਜਾਬ ਕੌਰ ਇਕ ਹਸਰ ਆਦਰਸ਼ ਦ੍ਰਿੜ੍ਹ ਕਰਾਉਣ ਦੀ ਵੀ ਮਾਧਿਅਮ ਬਣੀ :

ਅਦਲ ਇਹ ਆਖਦਾ ਸੀ, ਆਪਣਾ ਵੀ ਪਾਪੀ ਹੋਵੇ,
ਜ਼ਿੰਦਾ ਹੀ ਮਸੰਦਾਂ ਵਾਂਗ ਉਸ ਨੂੰ ਜਲਾਇਆ ਜਾਵੇ ।

ਦਸਮ ਗੁਰੂ ਨਿਆਂਕਾਰ ਸਨ । ਮਸੰਦ-ਪ੍ਰਥਾ ਦੀ ਸਥਾਪਨਾ ਚੌਥੇ ਗੁਰੂ ਰਾਮ ਦਾਸ ਜੀ ਨੇ ਕੀਤੀ ਸੀ । ਇਹ ਉੱਚੀ ਰਹਿਤ-ਬਹਿਤ ਵਾਲੇ ਗੁਰੂ-ਘਰ ਦੇ ਪ੍ਰਚਾਰਕ ਸਨ । ਮਸੰਦ ਸ਼ਬਦ ਦਾ ਮੂਲ 'ਮਸਨਦ' ਹੈ । ਜਿਸ ਦਾ ਅਰਥ ਹੈ 'ਗੱਦੀ' । ਇਸੇ ਕਰ ਕੇ ਚੌਥੇ ਗੁਰੂ ਤੋਂ ਲੈ ਕੇ ਦਸਵੇਂ ਗੁਰੂ ਤਕ ਪੀੜ੍ਹੀ-ਦਰ-ਪੀੜ੍ਹੀ ਮਸੰਦ-ਪ੍ਰਥਾ ਤੁਰੀ ਰਹੀ ਪਰ ਜਦੋਂ ਮਸੰਦ ਆਪਣੇ ਸਹੀ ਉਦੇਸ਼ ਤੋਂ ਭਟਕ ਗਏ ਤੇ ਬਾਬਾ ਰਾਮ ਰਾਇ ਨੂੰ ਜੀਉਂਦੇ-ਜੀਅ ਹੀ ਜਲਾ ਦਿੱਤਾ ਤਾਂ ਇਹ ਉਨ੍ਹਾਂ ਦੇ ਭ੍ਰਿਸ਼ਟਾਚਾਰ ਦੀ ਹੱਦ ਸੀ । ਦਸਮ ਗੁਰੂ ਇਨਸਾਫ਼-ਪਸੰਦ ਸਨ ਤੇ ਏਸੇ ਕਰ ਕੇ ਆਪਣੇ ਗੁਰੂ-ਘਰ ਨਾਲ ਜੁੜੇ ਹੋਏ ਬੰਦੇ ਜਦੋਂ ਸੱਚ ਨਾਲ ਨਾ ਖਲੋਤੇ ਤਾਂ ਦਸਮ ਗੁਰੂ ਨੇ ਉਨ੍ਹਾਂ ਨੂੰ ਤੇਲ ਦੇ ਤਪਦੇ ਕੜਾਹਿਆਂ ਵਿਚ ਤਲਵਾ ਦਿੱਤਾ ਪਰ ਇਸ ਦਾ ਮੂਲ ਕਾਰਣ, ਮਾਤਾ ਪੰਜਾਬ ਕੌਰ ਬਣੀ ।

ਸਾਫ਼ ਹੈ, ਮਾਤਾ ਪੰਜਾਬ ਕੌਰ ਗੁਰੂ-ਘਰ ਦੀਆਂ ਮੂਲ ਮਾਨਤਾਵਾਂ ਨੂੰ ਪ੍ਰਚਾਰਨ ਤੇ ਪ੍ਰਸਾਰਨ ਦਾ ਸਾਧਨ ਬਣੀ ਰਹੀ । ਆਖ਼ਰਕਾਰ ਮਸੰਦ ਡੇਹਰਾਦੂਨ ਦੇ ਆਸ-ਪਾਸ ਦੇ ਇਲਾਕਿਆਂ ਦੇ ਵਸਨੀਕ ਹੀ ਸਨ । ਜਦੋਂ ਉਹ ਦੰਡਿਤ ਹੋਏ ਤਾਂ ਇਨ੍ਹਾਂ ਇਲਾਕਿਆਂ ਵਿਚ ਵਾਦ-ਅਪਵਾਦ ਵੀ ਪੈਦਾ ਹੋਇਆ ਹੋਵੇਗਾ । ਗੁਰੂ-ਘਰ ਬਾਰੇ ਅਨੇਕ ਤਰ੍ਹਾਂ ਦੇ ਸ਼ੰਕੇ ਵੀ ਪੈਦਾ ਹੋਏ ਹੋਣਗੇ । ਉਸ ਸਥਿਤੀ ਨੂੰ ਸੰਭਾਲਣ ਵਾਲੀ ਮਾਤਾ ਪੰਜਾਬ ਕੌਰ ਹੀ ਸੀ । ਸੰਦੇਹ ਨਹੀਂ, ਦਸਮ ਗੁਰੂ ਨੇ 'ਉਦਾਸੀ ਬਾਲੂ ਹਸਨਾ' ਨੂੰ ਥਾਪੀ ਦਿੱਤੀ ਸੀ ਤੇ ਉਹ ਵੀ ਗੁਰੂ-ਘਰ ਦਾ ਵੱਡਾ ਪ੍ਰਚਾਰਕ ਬਣ ਕੇ ਸਾਹਮਣੇ ਆਇਆ । ਉਹ ਮਾਤਾ ਜੀ ਦਾ ਸਹਿਯੋਗੀ ਵੀ ਰਿਹਾ । ਇਸ ਤਰ੍ਹਾਂ ਇਕ ਖ਼ਾਸ ਤਰ੍ਹਾਂ ਦੀਆਂ ਸਥਿਤੀਆਂ ਵਿਚ ਗੁਰੂ-ਘਰ ਦੇ ਪ੍ਰਚਾਰ ਦਾ ਸਿਹਰਾ ਮਾਤਾ ਪੰਜਾਬ ਕੌਰ ਨੂੰ ਜਾਂਦਾ ਹੈ । ਉਨ੍ਹਾਂ ਦੇ ਕਰ ਕੇ ਹੀ, ਵਿਛੜੇ ਮਿਲ ਗਏ, ਉਨ੍ਹਾਂ ਦੇ ਕਰ ਕੇ ਹੀ ਵਿਪੱਖ ਹੁੰਦੇ ਸਿੱਖ ਦੁਬਾਰਾ ਸਹੀ ਰਸਤੇ 'ਤੇ ਆ ਗਏ ।

ਗੁਰੂ ਘਰ ਦੀਆਂ ਪ੍ਰੇਮਣਾਂ

ਗੁਰੂ ਘਰ ਦੇ ਇਤਿਹਾਸ ਨੂੰ ਫਰੋਲਦਿਆਂ ਜਿਥੇ ਗੁਰੂ-ਮਹਿਲਾਂ, ਗੁਰੂ-ਭੈਣਾਂ, ਗੁਰੂ-ਪੁੱਤਰੀਆਂ, ਗੁਰੂ-ਨੂੰਹਾਂ ਦੇ ਯੋਗਦਾਨ ਨੂੰ ਆਂਕਿਆ ਜਾਂਦਾ ਹੈ ਉਥੇ ਜੇ ਗੁਰੂ-ਘਰ ਦੀਆਂ ਪ੍ਰੇਮਣਾਂ ਦੇ ਜੀਵਨ-ਬ੍ਰਿਤਾਂਤ ਨੂੰ ਅੱਖੋਂ ਓਹਲੇ ਕਰ ਦੇਈਏ ਤਾਂ ਗੁਰੂ ਘਰ ਦਾ ਇਕ ਅਧਿਆਇ ਅੱਖੋਂ ਪਰੋਖੇ ਰਹਿ ਜਾਂਦਾ ਹੈ। ਇਹ ਉਹ ਬੀਬੀਆਂ ਹਨ, ਜਿਨ੍ਹਾਂ ਨੇ ਆਪਣੀ ਜਾਨ ਹੂਲ ਕੇ ਗੁਰੂ ਘਰ ਦੀ ਸੇਵਾ ਨਿਭਾਈ ਹੈ। ਇਹ ਸਾਰੀਆਂ ਕਿਸੇ ਨਾ ਕਿਸੇ ਰੂਪ ਵਿਚ ਗੁਰੂ ਘਰ ਨਾਲ ਜੁੜੀਆਂ ਰਹੀਆਂ ਹਨ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਜੀ ਤਕ ਤੇ ਉਨ੍ਹਾਂ ਤੋਂ ਬਾਅਦ ਵੀ ਗੁਰੂ ਘਰ ਦੇ ਉਚੇਰੇ ਮਿਸ਼ਨ ਵਿਚ ਇਨ੍ਹਾਂ ਨੇ ਆਪੋ-ਆਪਣੀ ਸਮਰੱਥਾ ਅਨੁਸਾਰ ਸੀਰ ਪਾਇਆ ਹੈ। ਇਨ੍ਹਾਂ ਬੀਬੀਆਂ ਦੇ ਨਾਮ ਹਨ :

1. ਬੀਬੀ ਸਭਰਾਈ
2. ਬੀਬੀ ਕਉਲਾਂ
3. ਬੇਗਮ ਨੂਰਜਹਾਂ
4. ਮਾਈ ਭਾਗੋ
5. ਮਾਈ ਸੁਲੱਖਣੀ
6. ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਮਾਤਾ।

ਮਾਈ ਸਭਰਾਈ

ਮਾਈ ਸਭਰਾਈ ਇਤਿਹਾਸ ਦੇ ਪੰਨੇ ਪਲਟਦਿਆਂ ਇਕ ਗੱਲ ਬੜੇ ਸਪੱਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਇਹ ਇਤਿਹਾਸ ਸੰਤਾਂ ਤੇ ਸਿਪਾਹੀਆਂ ਦਾ ਇਤਿਹਾਸ ਹੈ ਪਰ ਨਾ ਤਾਂ ਸੰਤਤਾਈ ਤੇ ਨਾ ਹੀ ਵੀਰਤਾਈ ਇਸ ਕੌਮ ਦੇ ਕੇਵਲ ਪੁਰਸ਼ ਵਰਗ ਤਕ ਸੀਮਤ ਹੈ ਸਗੋਂ ਇਸ ਕੌਮ ਦੀ ਔਰਤ ਵੀ ਦੋਹਾਂ ਖੇਤਰਾਂ ਵਿਚ ਓਨੀ ਹੀ ਕਾਰਜਸ਼ੀਲ ਹੈ ਜਿੰਨਾ ਕੁ ਪੁਰਸ਼ ਵਰਗ। ਇਕ ਪਾਸੇ ਜੇ ਮਾਤਾ ਸੁਲੱਖਣੀ, ਮਾਤਾ ਖੀਵੀ ਤੇ ਮਾਤਾ ਭਾਨੀ ਜਿਹੀਆਂ ਸੰਤ ਸਰੂਪ ਦੈਵੀ ਔਰਤਾਂ ਦਾ ਸ਼ਾਂਤ ਤਿਆਗ ਹੈ ਤਾਂ ਦੂਜੇ ਪਾਸੇ ਮਾਤਾ ਭਾਗੋ ਤੇ ਬੀਬੀ ਅਨੂਪ ਕੌਰ ਵਰਗੀਆਂ ਵੀਰਾਂਗਣਾਂ ਹਨ ਜਿਨ੍ਹਾਂ ਦਾ ਕਾਰਜ-ਖੇਤਰ ਘਰ ਤੋਂ ਉਠ ਕੇ ਰਣ ਦਾ ਮੈਦਾਨ ਬਣ ਜਾਂਦਾ ਰਿਹਾ ਹੈ।

ਜਦੋਂ ਵੀ ਕਿਸੇ ਕੌਮ ਦੇ ਇਤਿਹਾਸ ਦੀ ਗੱਲ ਹੁੰਦੀ ਹੈ ਤਾਂ ਇਕ ਹੋਰ ਤੱਥ ਵੀ ਸਾਹਮਣੇ ਆਉਂਦਾ ਹੈ ਕਿ ਇਤਿਹਾਸ ਨੇ ਆਪਣੀ ਬੁੱਕਲ ਵਿਚ ਹਜ਼ਾਰਾਂ ਨਾਵਾਂ, ਥਾਵਾਂ ਅਤੇ ਵਿਅਕਤੀਆਂ ਦਾ ਵੇਰਵਾ ਸੰਭਾਲਿਆ ਹੁੰਦਾ ਹੈ, ਜਿਨ੍ਹਾਂ ਵਿਚੋਂ ਕੁਝ ਨਾਂ, ਥਾਂ ਤੇ ਵੇਰਵੇ ਬੜੇ ਵੱਡੇ ਅੱਖਰਾਂ ਵਿਚ ਲਿਖੇ ਹੁੰਦੇ ਹਨ, ਕਿਉਂਕਿ ਉਨ੍ਹਾਂ ਦੀ ਦੇਣ ਬੜੀ ਵੱਡੀ ਤੇ ਸਪੱਸ਼ਟ ਹੁੰਦੀ

ਹੈ ਪਰ ਕੁਝ ਵਿਅਕਤੀ ਅਜਿਹੇ ਹੁੰਦੇ ਹਨ ਜਿਨ੍ਹਾਂ ਦਾ ਮਹਿਜ਼ ਜ਼ਿਕਰ ਮਾਤਰ ਹੀ ਹੁੰਦਾ ਹੈ। ਅਸਲ ਵਿਚ ਇਹ ਵਿਅਕਤੀ ਨਾ ਤਾਂ ਇਤਨੇ ਸਾਧਾਰਨ ਹੁੰਦੇ ਹਨ ਕਿ ਇਨ੍ਹਾਂ ਦਾ ਇਤਿਹਾਸ ਵਿਚ ਨਾਮ ਹੀ ਨਾ ਸ਼ਾਮਲ ਕੀਤਾ ਜਾਵੇ ਤੇ ਨਾ ਹੀ ਉਨ੍ਹਾਂ ਦੀ ਦੇਣ ਇਤਨੀ ਉੱਘੜਵੀਂ ਤੇ ਵਿਲੱਖਣ ਹੁੰਦੀ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਬਾਰੇ ਬਹੁਤ ਕੁਝ ਜਾਣਦੀਆਂ ਹੋਣ। ਇਹ ਗੱਲ ਖ਼ਾਸ ਕਰ ਕੇ ਸਿੱਖ ਇਤਿਹਾਸ ਦੀਆਂ ਔਰਤ ਪਾਤਰਾਂ ਬਾਰੇ ਜ਼ਿਆਦਾ ਦਾਅਵੇ ਨਾਲ ਕਹੀ ਜਾ ਸਕਦੀ ਹੈ। ਕੁਝ ਗਿਣੇ-ਚੁਣੇ ਗੁਰੂ-ਮਹਿਲਾਂ ਤੇ ਦੋ-ਚਾਰ ਹੋਰ ਔਰਤ ਪਾਤਰਾਂ ਤੋਂ ਬਿਨਾਂ ਹੋਰ ਕਿਸੇ ਵੀ ਸਿੱਖ ਔਰਤ ਦਾ ਨਾਮ ਇਤਿਹਾਸਕ ਪਾਤਰ ਵਜੋਂ ਅਸੀਂ ਨਹੀਂ ਜਾਣਦੇ।

ਮਾਤਾ ਸਭਰਾਈ ਜੀ ਅਜਿਹੀ ਹੀ ਇਕ ਸਿੱਖ ਇਤਿਹਾਸਕ ਪਾਤਰ ਹਨ, ਜਿਨ੍ਹਾਂ ਦਾ ਸਿੱਖ ਇਤਿਹਾਸ ਵਿਚ ਜ਼ਿਕਰ ਨਾ-ਮਾਤਰ ਹੀ ਹੋਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਕਰਤਾ 'ਮਹਾਨ ਕੋਸ਼' ਅਨੁਸਾਰ :

> "ਸਭਰਾਈ ਖਹਿਰਾ ਗੋਤ ਦੇ ਜੱਟ ਮਹਿਮਾ ਦੀ ਪਤਨੀ ਸੀ, ਜੋ ਸਤਿਗੁਰੂ ਨਾਨਕ ਦੇਵ ਜੀ ਦੀ ਅਨਿੰਨ ਸੇਵਕਾ ਸੀ। ਇਹ ਗੁਰੂ ਅੰਗਦ ਦੇਵ ਜੀ ਦੀ ਸੇਵਾ ਵੀ ਬਹੁਤ ਪਿਆਰ ਨਾਲ ਕਰਦੀ ਰਹੀ ਹੈ। ਸਤਿਗੁਰੂ ਦੀ ਆਗਿਆ ਅਨੁਸਾਰ ਪਾਉ ਕੱਚੇ ਦੀ ਅਲੂਣੀ ਅਣਚੋਪੜੀ ਰੋਟੀ ਨਿਤ ਗੁਰੂ ਅੰਗਦ ਦੇਵ ਜੀ ਨੂੰ ਅਰਪਦੀ ਸੀ, ਜਿਸ ਦੇ ਆਧਾਰ ਗੁਰੂ ਸਾਹਿਬ ਅੱਠ ਪਹਿਰ ਨਿਰਬਾਹ ਕਰਦੇ ਸਨ। ਕਈ ਲੇਖਕਾਂ ਨੇ ਇਸ ਦਾ ਨਾਮ ਸਭਰਾਈ ਤੇ ਵਿਰਾਈ ਕਰ ਕੇ ਵੀ ਲਿਖਿਆ ਹੈ।"

'ਸਭਰਾਈਂ' ਨਾਮ ਵੀ ਆਪਣੇ ਆਪ ਵਿਚ ਬੜਾ ਭਾਵਸ਼ੀਲ ਹੈ। ਭਾਰਤੀ ਤੇ ਖ਼ਾਸ ਕਰ ਪੰਜਾਬੀ ਸਭਿਆਚਾਰ ਵਿਚ ਬੱਚੀਆਂ ਦੇ ਨਾਮ ਅਜਿਹੇ ਰੱਖੇ ਜਾਂਦੇ ਰਹੇ ਹਨ, ਜਿਨ੍ਹਾਂ ਤੋਂ ਉਨ੍ਹਾਂ ਦੀ ਭਾਵੀ ਜ਼ਿੰਦਗੀ ਦੀ ਖ਼ੁਸ਼ਹਾਲੀ, ਸੰਪੰਨਤਾ ਤੇ ਦਿਵਯ ਗੁਣਾਂ ਦੇ ਪ੍ਰਕਾਸ਼ ਦਾ ਝਲਕਾਰਾ ਪਵੇ। ਮਾਤਾ ਸੁਲੱਖਣੀ—ਸ਼ੁਭ ਲੱਛਣਾਂ ਵਾਲੀ, ਮਾਤਾ ਖੀਵੀ—ਪਤੀ ਪਿਆਰ ਤੇ ਸੇਵਾ ਵਿਚ ਖੀਵੀ ਰਹਿਣ ਵਾਲੀ, ਮਾਤਾ ਭਾਨੀ—ਪਰਮੇਸ਼ਵਰ ਦੇ ਭਾਣੇ ਵਿਚ ਭਲਾ ਮਨਾਉਣ ਵਾਲੀ ਆਦਿ ਸਭ ਅਜਿਹੀਆਂ ਹੀ ਉਦਾਹਰਣਾਂ ਹਨ। ਇਵੇਂ ਹੀ ਸਭਰਾਈ ਜਾਂ ਸਤਭਰਾਈ ਨਾਂ ਆਪਣੇ ਆਪ ਵਿਚ ਸ਼ੁਭ ਹੈ।

ਇਕ ਵਿਅਕਤੀ-ਵਿਸ਼ੇਸ਼ ਦੇ ਤੌਰ ਤੇ ਭਾਈ ਕਾਨ੍ਹ ਸਿੰਘ ਨਾਭਾ 'ਸਤਭਰਾਈਂ' ਤੇ 'ਸਭਰਾਈਂ' ਦੋ ਨਾਂਵਾਂ ਥੱਲੇ ਇਸ ਦੀ ਵਿਆਖਿਆ ਇਵੇਂ ਕਰਦੇ ਹਨ :

> "ਸ੍ਰੀ ਗੁਰੂ ਅੰਗਦ ਦੇਵ ਜੀ ਦੀ ਭੂਆ, ਬਾਬਾ ਫੇਰੂ ਜੀ ਦੀ ਭੈਣ, ਜਿਸ ਨੂੰ 'ਫਿਰਾਈਂ' ਵੀ ਕਹਿੰਦੇ ਹਨ। ਇਸ ਦਾ ਵਿਆਹ ਖਡੂਰ ਪਿੰਡ ਵਿਚ ਹੋਇਆ।"

ਪਰ ਵਿਸ਼ੇਸ਼ਣ ਦੇ ਤੌਰ ਤੇ ਜਿਵੇਂ ਕਿ ਪਹਿਲਾਂ ਵੀ ਕਿਹਾ ਜਾ ਚੁੱਕਾ ਹੈ ਇਹ ਸ਼ਬਦ ਖ਼ਾਸ ਭਾਵਪੂਰਨ ਅਰਥ ਸਿਰਜਦਾ ਹੈ। 'ਸਭਰਾਈਂ' ਸ਼ਬਦ ਦਾ ਜ਼ਿਕਰ ਬਾਣੀ ਵਿਚ ਵੀ ਇਕ ਵਿਸ਼ੇਸ਼ਣ ਦੇ ਤੌਰ ਤੇ ਕਈ ਥਾਈਂ ਆਉਂਦਾ ਹੈ :

— ਆਪਣੇ ਕੰਤ ਪਿਆਰੀ ਸਾ ਸੋਹਾਗਣ ਨਾਨਕ ਸਾ ਸਭਰਾਈ ॥
— ਸਾ ਕੁਲਵੰਤੀ ਸਾ ਸਭਰਾਈ ਜੋ ਪਿਰ ਕੇ ਰੰਗ ਸਵਾਰੀ ਜੀਉ ॥

ਇਨ੍ਹਾਂ ਅਰਥਾਂ ਵਿਚ ਭਾਈ ਸਾਹਿਬ ਨੇ ਇਸ ਸ਼ਬਦ ਦਾ ਅਰਥ 'ਸਭਨਾਂ' ਵਿਚੋਂ ਵਧੇਰੇ ਪ੍ਰਕਾਸ਼ ਕਰਨ ਵਾਲੀ, ਪ੍ਰਧਾਨ ਰਾਣੀ ਦੇ ਰੂਪ ਵਿਚ ਕੀਤਾ ਹੈ। ਉਪਰੋਕਤ ਤੁਕਾਂ ਵਿਚ ਵੀ ਇਸ ਸ਼ਬਦ ਦਾ ਅਜਿਹਾ ਹੀ ਪ੍ਰਭਾਵ ਪੇਸ਼ ਹੋਇਆ ਹੈ। ਇਕ ਪਾਸੇ ਪਤੀ ਦਾ ਘਰ ਹੈ ਤੇ ਔਰਤ ਸੁਹਾਗਣ ਹੈ, ਰਾਣੀ ਹੈ, ਕੰਤ ਨੂੰ ਭਾਣੀ ਹੈ। ਸਤਭਰਾਣੀ ਜਾਂ ਸਤੋਗੁਣ ਭਰਪੂਰ ਹੈ ਤੇ ਦੂਜੇ ਪਾਸੇ 'ਸਤਭਰਾਈ' ਦਾ ਅਰਥ ਸਮੇਂ ਦੇ ਚਲਨ ਅਨੁਸਾਰ 'ਸਤ ਜਾਂ ਬਹੁਤੇ ਭਰਾਵਾਂ ਵਾਲੀ' ਤੋਂ ਵੀ ਲਿਆ ਜਾ ਸਕਦਾ ਹੈ ਜੋ ਭਰੇ-ਪੂਰੇ ਪੇਕੇ ਘਰ ਦੀ ਖ਼ੁਸ਼ਹਾਲੀ ਤੇ ਬਾਹੂਬਲ ਦੇ ਪ੍ਰਤੀਕ ਹਨ। ਗੁਰਬਾਣੀ ਵਿਚ ਇਹ ਪਤੀ ਤੇ ਸਹੁਰਾ-ਪੇਕਾ ਘਰ ਭਾਵੇਂ ਪਾਰਲੌਕਿਕ ਹਨ ਪਰ ਪ੍ਰਤੀਕ ਰੂਪ ਵਿਚ ਇਸ ਨਾਮ ਦੇ ਲੌਕਿਕ ਅਰਥ ਵਲ ਬੜਾ ਵੱਡਾ ਇਸ਼ਾਰਾ ਕਰ ਜਾਂਦੇ ਹਨ।

ਮਾਤਾ ਸਭਰਾਈ ਦੇ ਜੀਵਨ, ਜਨਮ ਜਾਂ ਜਨਮ ਸਥਾਨ ਆਦਿ ਬਾਰੇ ਸਿੱਖ ਇਤਿਹਾਸ ਵਿਚ ਕੋਈ ਖ਼ਾਸ ਜ਼ਿਕਰ ਨਹੀਂ ਮਿਲਦਾ। 'ਤਵਾਰੀਖ਼ ਗੁਰੂ ਖਾਲਸਾ' ਦੇ ਕਰਤਾ ਗਿਆਨੀ ਗਿਆਨ ਸਿੰਘ ਗੁਰੂ ਨਾਨਕ ਦੇਵ ਜੀ ਦਾ ਚਰਿੱਤਰ ਲਿਖਦਿਆਂ ਮਾਤਾ ਜੀ ਦਾ ਕੋਈ ਜ਼ਿਕਰ ਨਹੀਂ ਕਰਦੇ। ਗੁਰੂ ਅੰਗਦ ਦੇਵ ਜੀ ਦੇ ਅਲੋਪ ਹੋ ਜਾਣ ਵਾਲੀ ਸਾਖੀ ਵਿਚ ਮਾਤਾ ਜੀ ਦਾ ਜ਼ਿਕਰ ਆਇਆ ਹੈ, ਜਿਸ ਨੂੰ ਅੱਗੇ ਚੱਲ ਕੇ ਵਿਚਾਰਿਆ ਜਾਵੇਗਾ। ਗੁਰੂ ਅੰਗਦ ਦੇਵ ਜੀ ਦੇ ਪਿਤਾ ਬਾਬਾ ਫੇਰੂ ਜੀ ਦੀ ਭੈਣ ਹੋਣ ਦੇ ਨਾਤੇ ਮਾਤਾ ਜੀ ਦੇ ਪੇਕੇ ਘਰ ਬਾਰੇ ਥੋੜ੍ਹੀ ਜਿਹੀ ਜਾਣਕਾਰੀ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਮਾਤਾ ਜੀ ਦਾ ਜਨਮ ਵੀ ਆਪਣੇ ਵਡਿੱਕਿਆਂ ਦੇ ਇਸੇ ਪਿੰਡ ਵਿਚ ਹੋਇਆ ਹੋਵੇਗਾ ਜੋ ਕਿ ਮੁਕਤਸਰ ਤਹਿਸੀਲ, ਜ਼ਿਲ੍ਹਾ ਫਿਰੋਜ਼ਪੁਰ ਵਿਚ ਹੈ। ਗੁਰੂ ਅੰਗਦ ਦੇਵ ਜੀ ਦੇ ਜਨਮ ਤੋਂ ਬਾਅਦ ਇਹ 'ਮਤੇ ਦੀ ਸਰਾਂ' ਉੱਜੜ ਕੇ ਥੇਹ ਹੋ ਗਈ ਸੀ। ਲਾਗੇ ਹੀ ਨਵੇ ਵੱਸੇ ਪਿੰਡ ਦਾ ਨਾਮ 'ਨਾਂਗੇ ਦੀ ਸਰਾਂ' ਪੈ ਗਿਆ[1]।

ਭਾਈ ਫੇਰੂ ਮਲ ਜੀ ਜੋ ਆਪ ਦੇ ਭਰਾ ਸਨ। ਬਾਰੇ ਇਹੀ ਲੇਖਕ ਲਿਖਦਾ ਹੈ :

> "ਭਾਈ ਫੇਰੂ ਚੰਗੇ ਧਨਾਢ ਤੇ ਉੱਘੇ ਬੰਦੇ ਸਨ। ਉਹ ਉਸ ਪਿੰਡ ਵਿਚ ਰਹੇ ਇਲਾਕੇ ਦੇ ਚੌਧਰੀ ਦੇ ਮੁਨਸ਼ੀ ਅਤੇ ਫਿਰੋਜ਼ਪੁਰ ਮੁਸਲਮਾਨ ਹਾਕਮ ਦੇ ਖ਼ਜ਼ਾਨਚੀ ਸਨ ਤੇ ਨਾਲੇ ਪਿੰਡ ਵਿਚ ਦੁਕਾਨਦਾਰੀ ਵੀ ਕਰਦੇ ਸਨ। ਸੁਭਾਅ ਦੇ ਮਿੱਠੇ ਤੇ ਕਾਰ-ਵਿਹਾਰ ਵਿਚ ਖਰੇ ਸਨ। ਵਿਹਾਰ ਚੰਗਾ ਤੁਰਿਆ ਹੋਇਆ ਸੀ। ਉਹ ਦੇਵੀ ਦੇ ਭਗਤ ਸਨ। ਹਰ ਸਾਲ ਦੇਵੀ ਭਗਤਾਂ ਦਾ ਸੰਗ ਲੈ ਕੇ ਦੇਵੀ ਦੇ ਦਰਸ਼ਨਾਂ ਲਈ ਜਾਇਆ ਕਰਦੇ ਸਨ।"[2]

ਬਾਬਾ ਜੀ ਬਾਰੇ ਉਪਰੋਕਤ ਵੇਰਵੇ ਤੋਂ ਮਾਤਾ ਸਭਰਾਈ ਜੀ ਬਾਰੇ ਕੁਝ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਪਿਛੋਕੜ ਵਜੋਂ ਉਨ੍ਹਾਂ ਨੂੰ ਵੀ ਦੇਵੀ-ਭਗਤੀ ਵਿਰਸੇ ਵਿਚ ਮਿਲੀ ਹੋਵੇਗੀ। ਪਰ ਜਦੋਂ ਆਪ ਦੀ ਸ਼ਾਦੀ 'ਖਡੂਰ' ਦੇ ਖਹਿਰਾ ਗੋਤ ਦੇ ਜੱਟ ਮਹਿਮਾ ਨਾਲ ਹੋਈ ਹੋਵੇਗੀ ਤਾਂ ਆਪ ਸਿੱਖ ਗੁਰੂ ਸਾਹਿਬਾਨ ਖ਼ਾਸ ਕਰ ਗੁਰੂ ਨਾਨਕ ਦੇਵ ਜੀ ਦੇ ਨਾਮ ਤੋਂ ਜਾਣੂ ਹੋਏ ਹੋਣਗੇ। ਇਸੇ ਧਰਤੀ 'ਤੇ ਉਨ੍ਹਾਂ ਨੂੰ ਗੁਰੂ-ਪ੍ਰੇਮ ਦੀ ਜਾਗ

1. ਧਰਮ ਪੋਥੀ ਨੰਬਰ 7, 8 ਪ੍ਰੋ. ਕਰਤਾਰ ਸਿੰਘ ਐਮ. ਏ.. ਪੰਨਾ 53
2. ਧਰਮ ਪੋਥੀ ਨੰਬਰ 7, 8 ਪ੍ਰੋ. ਕਰਤਾਰ ਸਿੰਘ ਐਮ. ਏ.. ਪੰਨਾ 54

ਲੱਗੀ ਹੋਵੇਗੀ ਤੇ ਗੁਰੂ ਜੀ ਦੇ ਦਰਸ਼ਨਾਂ ਉਪਰੰਤ ਉਹ ਉਨ੍ਹਾਂ ਦੀ ਸੇਵਿਕਾ ਬਣ ਗਈ ਹੋਵੇਗੀ।

ਬਾਅਦ ਵਿਚ ਬਾਬਾ ਫੇਰੂ ਜੀ ਵੀ ਫਿਰੋਜ਼ਪੁਰ ਦੇ ਮੁਸਲਮਾਨ ਹਾਕਮ ਦੇ ਵਤੀਰੇ ਤੋਂ ਤੰਗ ਆ ਕ 'ਮਤੇ ਦੀ ਸਰਾਂ' ਛੱਡ ਕੇ ਖਡੂਰ ਆ ਵੱਸੇ।[3] ਇਵੇਂ ਸਮਾਂ ਪਾ ਕੇ ਪੂਰੇ ਪਰਿਵਾਰ ਦੀ ਸਾਂਝ ਗੁਰੂ-ਘਰ ਨਾਲ ਜੁੜ ਗਈ। ਗੁਰੂ ਅੰਗਦ ਦੇਵ ਜੀ ਦੀ ਗੁਰੂ-ਰੂਪ ਉਸਾਰੀ ਵਿਚ ਮਾਤਾ ਜੀ ਦਾ ਬਹੁਤ ਹੱਥ ਰਿਹਾ ਹੈ। ਪ੍ਰਿੰ. ਸਤਿਬੀਰ ਸਿੰਘ ਨੇ ਆਪ ਨੂੰ ਤਖ਼ਤ ਮਲ ਜੀ ਦੀ ਬੇਟੀ ਤੇ ਬਾਬਾ ਫੇਰੂਮਲ ਜੀ ਦੀ ਮੂੰਹ-ਬੋਲੀ ਭੈਣ ਕਰ ਕੇ ਲਿਖਿਆ ਹੈ। ਇਨ੍ਹਾਂ ਦੀ ਸ਼ਾਦੀ 1504 ਵਿਚ ਦੱਸੀ ਹੈ[4]।

ਇਸ ਸੰਖੇਪ ਜਿਹੀ ਪਰਿਵਾਰਕ ਜਾਣਕਾਰੀ ਤੋਂ ਬਾਅਦ ਅਸੀਂ ਮੁੜ ਭਾਈ ਕਾਨ੍ਹ ਸਿੰਘ ਨਾਭਾ ਵਲ ਪਰਤਦੇ ਹਾਂ। ਜਿਨ੍ਹਾਂ ਦੀ ਦਿੱਤੀ ਗਈ ਮੁੱਢਲੀ ਜਾਣ-ਪਛਾਣ ਨੂੰ ਅਸੀਂ ਆਧਾਰ ਰੂਪ ਵਿਚ ਵਰਤ ਰਹੇ ਹਾਂ। ਉਨ੍ਹਾਂ ਨੇ ਜਿਸ ਅਲੂਣੀ ਤੇ ਅਣਚੋਪੜੀ ਰੋਟੀ ਦਾ ਜ਼ਿਕਰ ਕੀਤਾ ਹੈ, ਜੋ ਮਾਤਾ ਜੀ ਆਪਣੇ ਭਤੀਜੇ ਅੰਗਦ ਦੇਵ ਨੂੰ ਭਤੀਜਾ ਨਾ ਸਮਝ ਕੇ, ਸਗੋਂ ਦੂਜਾ ਗੁਰੂ ਨਾਨਕ ਜਾਂ ਨਾਨਕ ਦੀ ਗੱਦੀ ਦਾ ਵਾਰਸ ਸਮਝ ਕੇ ਅਰਪਦੇ ਰਹੇ, ਉਥੋਂ ਉਨ੍ਹਾਂ ਦੀ ਸੇਵਾ-ਭਾਵ ਦਾ ਪਤਾ ਲੱਗਦਾ ਹੈ। ਉਸ ਸਮੇਂ ਦੇ ਖੁੱਲ੍ਹੇ ਦੁੱਧ-ਘਿਉ ਦੇ ਵਕਤਾਂ ਵਿਚ ਭਰਾ ਦੇ ਪੁੱਤਰ ਭਤੀਜੇ ਨੂੰ ਘਿਉ-ਗੁੱਥੀ ਚੂਰੀ ਖਵਾਉਣ ਦੀ ਥਾਂ (ਜਿਵੇਂ ਕਿ ਆਮ ਤੌਰ ਤੇ ਹਰ ਭੂਆ ਭਤੀਜਿਆਂ ਲਈ ਮੋਹ-ਵੱਸ ਕਰਦੀ ਹੈ), ਸੁੱਕੀ ਅਲੂਣੀ ਅਣਚੋਪੜੀ ਰੋਟੀ ਭੇਟ ਕਰਨਾ ਜ਼ਰੂਰ ਕਿਸੇ ਮਹਾਨ ਕਾਰਜ ਵੱਸ ਰਿਹਾ ਹੋਵੇਗਾ। ਜੇ ਗੁਰੂ ਅੰਗਦ ਦੇਵ ਜੀ ਆਪਣੀ 'ਸਾਧਨਾ' ਆਪਣੀ 'ਘਾਲ-ਕਮਾਈ' ਦੇ ਦਿਨਾਂ ਵਿਚ ਜੀਭ ਦੇ ਸਵਾਦ ਤੋਂ ਉੱਪਰ ਉਠ ਕੇ 'ਅਣਚੋਪੜੀ' ਖਾਣਾ ਚਾਹੁੰਦੇ ਹਨ ਤਾਂ ਮਾਤਾ ਜੀ ਨੇ 'ਮਮਤਾ' ਦਾ ਰੋੜਾ ਨਹੀਂ ਅਟਕਾਇਆ। ਗੁਰੂ ਦੇ ਬਚਨਾਂ ਤੇ ਫੁੱਲ ਚੜ੍ਹਾਉਂਦੇ ਰਹੇ। ਅਸਲ ਵਿਚ ਇਹ ਆਉਣ ਵਾਲੇ ਗੁਰੂ ਦੀ ਤਿਆਰੀ ਦਾ ਸਮਾਂ ਸੀ, ਜਿਸ ਵਿਚ ਇਹ ਮਾਤਾ ਜੀ ਦਾ 'ਚੁੱਪ ਯੋਗਦਾਨ' ਸੀ।

ਗੁਰੂ ਨਾਨਕ ਦੇਵ ਜੀ ਨਾਲ ਮਿਲਾਪ ਮਗਰੋਂ ਬਾਬਾ ਲਹਿਣਾ ਜੀ ਨੇ ਕਰਤਾਰਪੁਰ ਹੀ ਰਹਿਣਾ ਸ਼ੁਰੂ ਕਰ ਦਿੱਤਾ। ਉਥੇ ਕਈ ਸਾਲ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿਚ ਰਹੇ ਤੇ ਅਨੇਕਾਂ ਕਰੜੀਆਂ ਪ੍ਰੀਖਿਆਵਾਂ ਉਪਰੰਤ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਉਂਦੇ-ਜੀਅ ਹੀ ਗੁਰਿਆਈ ਗੱਦੀ ਗੁਰੂ ਅੰਗਦ ਦੇਵ ਜੀ ਨੂੰ ਸੌਂਪ ਦਿੱਤੀ। ਇਹ ਅਨੋਖੀ ਘਟਨਾ ਜਿਸ ਵਿਚ ਗੁਰੂ-ਚੇਲੇ ਨੂੰ ਰਹਿਰਾਸ ਕਰ ਕੇ ਤੇ ਨਮਸਕਾਰ ਕਰ ਕੇ ਆਪਣੇ ਜੀਉਂਦੇ-ਜੀਅ ਹੀ ਟਿੱਕਾ ਦੇ ਦੇਂਦਾ ਹੈ, ਸੱਤੇ ਬਲਵੰਡ ਦੀ ਵਾਰ ਵਿਚ ਆਪਣੀ ਪੂਰੀ ਵਿਲੱਖਣਤਾ ਸਮੇਤ ਦਰਜ ਹੈ। ਪਰ ਉਸ ਵਕਤ ਜੋ ਹੋਰ ਮਹਾਨ ਵਿਅਕਤੀ ਵੀ ਹਾਜ਼ਰ ਸਨ, ਉਨ੍ਹਾਂ ਦਾ ਜ਼ਿਕਰ ਇਸ ਵਾਰ ਵਿਚ ਨਹੀਂ। ਪ੍ਰੋ. ਸਾਹਿਬ ਸਿੰਘ ਅਨੁਸਾਰ ਗੁਰਿਆਈ ਗੱਦੀ ਦੀ ਇਹ ਰਸਮ 2 ਅੱਸੂ ਸੰਮਤ 1596, ਮੁਤਾਬਿਕ 2 ਸਤੰਬਰ 1539 ਨੂੰ ਅਦਾ ਕੀਤੀ ਗਈ। ਉਸ ਵਕਤ ਗੁਰੂ ਅੰਗਦ ਦੇਵ ਜੀ ਦੀ ਉਮਰ ਲੱਗਭਗ ਸਾਢੇ ਪੈਂਤੀ ਸਾਲ ਸੀ।[5] ਪਰ ਪ੍ਰੋ. ਸਾਹਿਬ

3. ਉਹੀ, ਪੰਨਾ 53
4. 'ਕੁਦਰਤੀ ਨੂਰ' ਪ੍ਰਿੰ. ਸਤਿਬੀਰ ਸਿੰਘ, ਪੰਨਾ 11
5. 'ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅੰਗਦ ਦੇਵ ਜੀ' ਪ੍ਰੋ. ਸਾਹਿਬ ਸਿੰਘ, ਪੰਨਾ 16

ਸਿੰਘ ਅਨੁਸਾਰ ਗੁਰਿਆਈ ਦੀ ਰਸਮ ਹਾੜ ਵਦੀ ਤੇਰਾਂ (17 ਸਤਾਰਾਂ ਹਾੜ ਸੰਮਤ 1596) ਮੁਤਾਬਕ ਜੂਨ, 1539 ਨੂੰ ਕੀਤੀ ਗਈ[6]।

ਬਾਅਦ ਵਿਚ 7 ਸਤੰਬਰ 1539 ਨੂੰ ਗੁਰੂ ਨਾਨਕ ਦੇਵ ਜੀ ਜੋਤੀ-ਜੋਤਿ ਸਮਾਏ ਜਿਸ ਬਾਰੇ ਦੋਨੋਂ ਲੇਖਕ ਇਕ ਮਤ ਹਨ। ਗੁਰਿਆਈ ਦੀ ਰਸਮ ਕਦੋਂ ਅਦਾ ਕੀਤੀ ਗਈ, ਇਹ ਲੇਖਾ-ਜੋਖਾ ਇਸ ਕਾਰਨ ਕੀਤਾ ਜਾ ਰਿਹਾ ਹੈ ਕਿਉਂਕਿ ਗੁਰਤਾ ਮਿਲਣ ਤੋਂ ਗੁਰਤਾ ਸੰਭਾਲਣ ਤਕ ਦਾ ਵਿਚਲਾ ਸਮਾਂ ਗੁਰੂ ਅੰਗਦ ਦੇਵ ਜੀ ਮਾਤਾ ਸਭਰਾਈ ਜੀ ਕੋਲ ਹੀ ਰਹੇ ਹਨ ਤੇ ਇਹ ਸਮਾਂ ਕਿੰਨੇ ਮਹੀਨੇ ਦਾ ਬਣਦਾ ਹੈ, ਇਸ ਲਈ ਗੁਰਿਆਈ ਮਿਲਣ ਦਾ ਸਮਾਂ ਆਂਕਣਾ ਅਹਿਮ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਬਾਬਾ ਬੁੱਢਾ ਜੀ ਦੀ ਮੌਜੂਦਗੀ ਵਿਚ ਗੁਰਗੱਦੀ ਦਿੱਤੀ। ਉਸ ਵਕਤ ਮਾਤਾ ਸਭਰਾਈ ਜੀ ਵੀ ਉਥੇ ਹਾਜ਼ਰ ਸਨ। ਮਾਤਾ ਜੀ ਅਕਸਰ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਨ ਕਰਤਾਰਪੁਰ ਜਾਇਆ ਕਰਦੇ ਸਨ, ਤੇ ਹੁਣ ਜਦੋਂ ਗੁਰੂ ਅੰਗਦ ਦੇਵ ਜੀ ਨੇ ਆਪਣਾ ਟਿਕਾਣਾ ਕਰਤਾਰਪੁਰ ਨੂੰ ਹੀ ਬਣਾ ਲਿਆ ਸੀ ਤਾਂ ਮਾਤਾ ਜੀ ਨੂੰ 'ਖਡੂਰ' ਰਹਿਣਾ ਸ਼ਾਇਦ ਔਖਾ ਜਾਪਦਾ ਹੋਵੇਗਾ ਤੇ ਉਹ ਅਕਸਰ ਗੁਰੂ ਸਾਹਿਬ ਦੇ ਦਰਸ਼ਨ ਕਰਨ ਕਰਤਾਰਪੁਰ ਆਉਂਦੇ ਹੋਣਗੇ।

ਮਾਤਾ ਜੀ ਨੂੰ ਆਪਣੀ ਅਨਿੰਨ ਸ਼ਰਧਾ ਤੇ ਭਗਤੀ ਕਾਰਨ ਗੁਰੂ ਨਾਨਕ ਸਾਹਿਬ ਤੋਂ ਇਹ ਵਰ ਪ੍ਰਾਪਤ ਹੋ ਚੁੱਕਾ ਸੀ ਕਿ ਗੁਰੂ ਅੰਗਦ ਸਦਾ ਮਾਤਾ ਜੀ ਪਾਸ ਹੀ ਰਹਿਣਗੇ।

ਇਹ ਵਰ ਮਾਤਾ ਜੀ ਨੂੰ ਗੁਰੂ ਨਾਨਕ ਸਾਹਿਬ ਨੇ ਕਦੋਂ ਦਿੱਤਾ ਭਾਵੇਂ ਇਸ ਦਾ ਇਤਿਹਾਸ ਵਿਚ ਜ਼ਿਕਰ ਨਹੀ ਪਰ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਗੁਰਗੱਦੀ ਦੀ ਰਸਮ ਵੇਲੇ ਹੀ ਅਜਿਹਾ ਸੰਭਵ ਹੋ ਸਕਦਾ ਹੈ। ਮਾਤਾ ਜੀ ਨੇ ਆਪਣੇ ਭਤੀਜੇ ਲਹਿਣਾ ਜੀ ਜੋ ਕਿ ਹੁਣ ਗੁਰੂ ਅੰਗਦ ਦੇਵ ਜੀ ਬਣ ਚੁੱਕੇ ਹਨ, ਤੋਂ ਨਾ ਵਿੱਛੜਨਾ ਚਾਹਿਆ ਹੋਵੇ ਤੇ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਦੀ ਅਨਿੰਨ ਸ਼ਰਧਾ ਤੇ ਭਗਤੀ ਵੇਖਦੇ ਹੋਏ ਇਹ ਵਰ ਦਿੱਤਾ ਹੋਵੇ। ਸ਼ਾਇਦ ਇਸੇ ਕਾਰਨ ਹੀ ਉਨ੍ਹਾਂ ਨੇ ਗੁਰੂ ਅੰਗਦ ਦੇਵ ਨੂੰ ਗੁਰਿਆਈ ਉਪਰੰਤ ਖਡੂਰ ਵਾਪਸ ਪਰਤ ਜਾਣ ਦਾ ਹੁਕਮ ਦਿੱਤਾ ਹੋਵੇ। ਕਾਰਨ ਕੁਝ ਵੀ ਰਿਹਾ ਹੋਵੇ, ਇਕ ਗੱਲ ਤਾਂ ਸਪੱਸ਼ਟ ਹੈ ਕਿ ਗੁਰੂ ਅੰਗਦ ਦੇਵ ਜੀ ਦੇ ਖਡੂਰ ਵਾਪਸ ਪਰਤਣ ਨਾਲ ਹੁਣ 'ਖਡੂਰ ਸਾਹਿਬ' ਸਿੱਖੀ ਦਾ ਕੇਂਦਰ ਬਣ ਗਿਆ।

ਗੁਰੂ ਨਾਨਕ ਜੀ ਤੋਂ ਵਿਦਾਇਗੀ ਲੈ ਕੇ ਜਦੋਂ ਮਾਤਾ ਜੀ ਤੇ ਗੁਰੂ ਅੰਗਦ ਦੇਵ ਜੀ ਵਾਪਸ ਖਡੂਰ ਪਰਤਦੇ ਹਨ ਤਾਂ ਗੁਰੂ ਅੰਗਦ ਦੇਵ ਜੀ ਅੱਤਿ ਵਿਯੋਗ ਦੀ ਅਵਸਥਾ ਵਿਚ ਸਨ। ਗੁਰੂ ਤੋਂ ਵਿਛੋੜੇ ਦਾ ਦਰਦ ਉਨ੍ਹਾਂ ਲਈ ਅਸਹਿ ਹੋ ਜਾਂਦਾ ਹੈ। ਉਹ ਮਾਤਾ ਜੀ ਪਾਸ ਜਾ ਕੇ ਆਪਣੇ ਚਿੱਤ ਦੀ ਅਵਸਥਾ ਬਿਆਨ ਕਰਦੇ ਹਨ ਕਿ ਮੈਂ ਬਹੁਤ ਦਿਨ ਇਕਾਂਤ ਵਿਚ ਰਹਿਣਾ ਚਾਹੁੰਦਾ ਹਾਂ। ਕਿਸੀ ਨਾਲ ਬੋਲਣ ਜਾਂ ਮਿਲਣ ਨੂੰ ਮੇਰਾ ਚਿਤ ਨਹੀਂ ਕਰਦਾ। ਮੈਂ ਤੁਹਾਡੇ ਇਸ ਕੋਠੜੇ ਵਿਚ ਬਹੁਤ ਦਿਨ ਰਹਿਣਾ ਚਾਹੁੰਦਾ ਹਾਂ। ਤੁਸੀਂ ਦੁਆਰ ਨੂੰ ਬਾਹਰੋਂ ਬੰਦ ਕਰ ਦਿਉ। ਕਿਸੇ ਨੂੰ ਸਾਡੀ ਮੌਜੂਦਗੀ ਦਾ ਪਤਾ ਨਾ ਲੱਗੇ। ਗੁਰੂ ਸਾਹਿਬ ਕਈ ਮਹੀਨੇ ਸੁੰਨ-ਸਮਾਧ ਦੀ ਦਸ਼ਾ ਵਿਚ ਮਾਤਾ ਜੀ ਪਾਸ ਰਹੇ।[7]

---

6. ਧਰਮ ਪੋਥੀ ਨੰਬਰ 7, 8 ਪ੍ਰੋ. ਕਰਤਾਰ ਸਿੰਘ ਐਮ. ਏ.. ਪੰਨਾ 52
7. 'ਮਹਿਮਾ ਪ੍ਰਕਾਸ਼', ਸਰੂਪ ਦਾਸ ਭੱਲਾ, ਜਿਲਦ ਦੂਜੀ, ਪੰਨਾ 6

ਲੱਗਭਗ ਛੇ ਮਹੀਨੇ ਬੀਤ ਜਾਂਦੇ ਹਨ। ਉੱਧਰ ਗੁਰੂ ਨਾਨਕ ਦੇਵ ਜੀ ਜੋਤੀ-ਜੋਤਿ ਸਮਾ ਗਏ ਹਨ। ਬਾਬਾ ਬੁੱਢਾ ਜੀ ਦੀ ਅਗਵਾਈ ਵਿਚ ਸਿੱਖ-ਸੰਗਤਾਂ ਗੁਰੂ ਅੰਗਦ ਦੇਵ ਜੀ ਨੂੰ ਢੂੰਡ-ਢੂੰਡ ਥੱਕ ਗਈਆਂ। ਫਿਰ ਅਚਾਨਕ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਵਲੋਂ ਮਾਤਾ ਭਿਰਾਈ ਜੀ ਨੂੰ ਦਿੱਤੇ ਵਰ ਦੀ ਯਾਦ ਆਉਂਦੀ ਹੈ। ਉਹ ਮਾਤਾ ਜੀ ਵੱਲ ਚੱਲ ਪੈਂਦੇ ਹਨ :

"ਤਬ ਇਨ ਸਭਨ ਬਿਚਾਰਿਆ, ਚਲੋ ਭਿਰਾਈ ਪਾਸ,
ਬਾਬਾ ਤਾਕੋ ਬਰ ਦੀਆ, ਸਦਾ ਰਹੁ ਤੁਹ ਪਾਸ।"[8]

ਮਾਤਾ ਜੀ ਗੁਰੂ ਅੰਗਦ ਸਾਹਿਬ ਦਾ ਹੁਕਮ ਪਾਲਦੇ ਚੁੱਪ ਰਹਿੰਦੇ ਹਨ, ਪਰ ਬਾਬਾ ਬੁੱਢਾ ਜੀ ਨੂੰ ਅੰਦਾਜ਼ਾ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਇਸੇ ਕੋਠੜੀ ਵਿਚ ਹਨ। ਉਹ ਵੀ ਗੁਰੂ ਅੰਗਦ ਦੇਵ ਜੀ ਦੇ ਬਚਨਾਂ ਦੀ ਉਲੰਘਣਾ ਨਾ ਕਰਦੇ ਹੋਏ ਪਿਛਲੇ ਪਾਸਿਓਂ ਸੰਨ੍ਹ ਲਾ ਕੇ ਅੰਦਰ ਜਾ ਕੇ ਗੁਰੂ ਸਾਹਿਬ ਨੂੰ ਪ੍ਰਗਟ ਕਰ ਦੇਂਦੇ ਹਨ। ਇਸ ਤੋਂ ਮਗਰੋਂ ਗੁਰੂ ਅੰਗਦ ਦੇਵ ਜੀ ਨੇ ਗੁਰਤਾ ਦੀ ਜ਼ਿੰਮੇਵਾਰੀ ਫੱਗਣ ਵਦੀ 5, ਸੰਮਤ 1596 ਨੂੰ ਸੰਭਾਲੀ।

'ਗੁਰ ਪ੍ਰਤਾਪ ਸੂਰਜ ਗ੍ਰੰਥ' ਦੇ ਕਰਤਾ ਕਵੀ ਸੰਤੋਖ ਸਿੰਘ ਨੇ ਵੀ ਮਾਤਾ ਜੀ ਦਾ ਜ਼ਿਕਰ ਇਸੇ ਸਾਖੀ ਦੇ ਪ੍ਰਸੰਗ ਵਿਚ ਕੀਤਾ ਹੈ। ਗੁਰੂ ਨਾਨਕ ਦੇਵ ਜੀ ਤੋਂ ਵਿਛੜਨ ਉਪਰੰਤ ਗੁਰੂ ਅੰਗਦ ਦੇਵ ਜੀ ਨੇ ਜੋ ਇਕਾਂਤ ਚਾਹੀ, ਉਹ ਮਾਤਾ ਭਿਰਾਈ ਦੇ ਘਰ ਹੀ ਉਨ੍ਹਾਂ ਨੂੰ ਪ੍ਰਾਪਤ ਹੋਈ :

"ਸ੍ਰੀ ਗੁਰੂ ਅੰਗਦ ਬੀਚ ਖਡੂਰ ਕੇ
ਆਇ ਪ੍ਰਵੇਸ਼ ਭਏ ਨਿਜ ਥਾਈ।
ਮੋਨ ਧਰੇ ਨਹਿ ਕੌਨ ਮਿਲੇ ਬਿਚ
ਭੋਨ ਬਰੇ, ਪਿਖ ਮਾਈ ਭਿਰਾਈ।[9]

ਇਥੇ ਹੀ ਮਾਤਾ ਭਿਰਾਈ ਜੀ ਦੇ ਮੂੰਹੋਂ ਹੀ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਨਾਨਕ ਦੇਵ ਜੀ ਦੇ ਅਕਾਲ ਚਲਾਣੇ ਬਾਰੇ ਪਤਾ ਲੱਗਦਾ ਹੈ। ਗੁਰੂ ਜੀ ਬਾਹਰੋਂ ਦੀਵਾਰ ਇੱਟਾਂ ਨਾਲ ਚਿਣਨ ਦਾ ਹੁਕਮ ਮਾਤਾ ਜੀ ਨੂੰ ਦੇਂਦੇ ਹਨ। ਗੁਰੂ ਹੁਕਮ ਦੀ ਪਾਲਣਾ ਕਰਦੇ ਹੋਏ ਮਾਤਾ ਜੀ ਇਵੇਂ ਹੀ ਕਰਦੇ ਹਨ :

ਸ੍ਰੀ ਗੁਰ ਕੋ ਰੁਖ ਜਾਨਿ ਤਬੈ,
ਦਰ ਕੋ ਚੀਨਿ ਕੀਨੋ ਹੈ ਬੰਦ ਭਿਰਾਈ।
ਫਿਰ ਕਰਯੋ ਇਕ ਸਾਰ ਭਲੇ,
ਬਹੁ ਪੱਕ ਲਗਾਇ ਕੇ ਕੀਨ ਲਿਪਾਈ।[10]

ਅੱਗੋਂ ਸਾਰਾ ਵਰਣਨ 'ਮਹਿਮਾ ਪ੍ਰਕਾਸ਼' ਵਾਲਾ ਹੀ ਹੈ। ਇਥੇ ਇਹ ਸ਼ੰਕਾ ਖੜ੍ਹਾ ਹੋ ਸਕਦਾ ਹੈ ਕਿ ਕੀ ਕਿਸੇ ਹੱਡ-ਮਾਸ ਦੇ ਪੁਤਲੇ ਜਾਂ ਮਾਨਵ ਸਰੀਰ ਲਈ ਇਤਨੇ ਲੰਬੇ ਸਮੇਂ ਠੀਕ ਅਜਿਹੀ ਹਾਲਤ ਵਿਚ ਰਹਿਣਾ ਸੰਭਵ ਹੈ। ਇਹ ਗੱਲ ਕੁਦਰਤੀ ਨੇਮਾਂ ਦੇ

8. 'ਮਹਿਮਾ ਪ੍ਰਕਾਸ਼', ਸਰੂਪ ਦਾਸ ਭੱਲਾ, ਜਿਲਦ ਦੂਜੀ, ਪੰਨਾ 6
9. 'ਗੁਰ ਪ੍ਰਤਾਪ ਸੂਰਜ ਗ੍ਰੰਥ' ਜਿਲਦ ਪੰਜਵੀਂ, ਰਾਸ ਪਹਿਲੀ, ਪੰਨੇ 1340-41
10. 'ਗੁਰ ਪ੍ਰਤਾਪ ਸੂਰਜ ਗ੍ਰੰਥ' ਜਿਲਦ ਪੰਜਵੀਂ, ਰਾਸ ਪਹਿਲੀ, ਪੰਨਾ 1341

ਵਿਰੁੱਧ ਜਾਪਦੀ ਹੈ ਕਿ ਚਾਰੋਂ ਪਾਸੇ ਚਿਣੇ ਹੋਏ, ਬਿਨਾਂ ਹਵਾ ਦੀ ਕਿਸੇ ਕੋਠੜੀ ਵਿਚ ਕੋਈ ਇੰਨਾ ਲੰਬਾ ਸਮਾਂ ਜੀਉਂਦਿਆਂ ਰਹਿ ਸਕਦਾ ਹੈ। ਇਥੇ ਲੇਖਿਕਾ ਦਾ ਇਹ ਅਨੁਮਾਨ ਹੈ ਕਿ ਬਾਹਰੋਂ ਕਿਸੇ ਪ੍ਰਕਾਰ ਦਾ ਖਲਲ ਗੁਰੂ ਸਾਹਿਬ ਦੀ ਸਮਾਧੀ ਵਿਚ ਨਾ ਪਵੇ ਤੇ ਨਾ ਹੀ ਕਿਸੇ ਨੂੰ ਉਥੇ ਉਨ੍ਹਾਂ ਦੀ ਮੌਜੂਦਗੀ ਦਾ ਪਤਾ ਚੱਲੇ, ਇਸ ਲਈ ਮਾਤਾ ਜੀ ਨੇ ਗੁਰੂ ਹੁਕਮ ਅਨੁਸਾਰ ਬਾਹਰੋਂ ਦਰਵਾਜ਼ੇ ਨੂੰ ਚਿਣ ਕੇ ਲਿੰਬ-ਪੋਚ ਦਿੱਤਾ ਹੋਵੇਗਾ। ਪਰ ਇਹ ਭੋਰੇ-ਨੁਮਾ ਕੋਠੜੀ ਹੋਵੇਗੀ ਜਿਸ ਦੇ ਬਾਹਰ-ਅੰਦਰ ਜਾਣ ਲਈ ਜ਼ਰੂਰ ਕੋਈ ਸਾਧਨ ਹੋਵੇਗਾ ਜਿਸ ਰਾਹੀਂ ਗੁਰੂ ਸਾਹਿਬ ਸਰੀਰ ਦੀ ਨਿੱਤ ਕਿਰਿਆ ਸਾਧਣ ਤੇ ਇਸ਼ਨਾਨ ਆਦਿ ਲਈ ਬਾਹਰ ਨਿਕਲਦੇ ਹੋਣਗੇ। ਨਾਲੇ ਜਿਸ 'ਪਾਉ ਕੱਚੇ ਦੀ ਅਲੂਣੀ ਅਣਚੋਪੜੀ ਰੋਟੀ' ਤੇ ਗੁਰੂ ਸਾਹਿਬ ਅੱਠ ਪਹਿਰ ਨਿਰਬਾਹ ਕਰਦੇ ਸਨ ਉਹ ਨਿਰਸੰਦੇਹ ਇਸੇ ਸਮੇਂ ਨਾਲ ਸੰਬੰਧਿਤ ਹੈ, ਭਾਵੇਂ ਭਾਈ ਕਾਨ੍ਹ ਸਿੰਘ ਨਾਭਾ ਨੇ ਵਿਸ਼ੇਸ਼ ਰੂਪ ਵਿਚ ਇਸ ਘਟਨਾ ਵਲ ਇਸ਼ਾਰਾ ਨਹੀਂ ਕੀਤਾ।

ਪ੍ਰੋ: ਸਤਿਬੀਰ ਸਿੰਘ ਨੇ ਇਸ ਘਟਨਾ ਨੂੰ ਪਿਛੋਕੜ ਸਮੇਤ ਬਿਆਨ ਕੀਤਾ ਹੈ।[11] ਉਨ੍ਹਾਂ ਅਨੁਸਾਰ :

> "ਜਦ ਗੁਰੂ ਨਾਨਕ ਜੀ ਮਾਈ ਵਿਰਾਈ ਦੇ ਪਿੰਡ ਸੰਘਰ (ਖਡੂਰ ਸਾਹਿਬ ਦੇ ਬਿਲਕੁਲ ਨਾਲ) ਪਹਿਲੀ ਉਦਾਸੀ ਵੇਲੇ ਆਏ ਸਨ ਤਾਂ ਮਾਈ ਨੇ ਬੇਨਤੀ ਕੀਤੀ ਸੀ ਕਿ ਉਸ ਦੇ ਗ੍ਰਿਹ ਚਰਨ ਪਾਉ ਤਾਂ ਆਪ ਨੇ ਕਿਹਾ ਸੀ ਕਿ ਸਮਾਂ ਪਾ ਕੇ ਉਸ ਦੇ ਗ੍ਰਿਹ ਬਹੁਤ ਦੇਰ ਟਿਕਾਂਗੇ। ਹੁਣ ਗੁਰੂ ਅੰਗਦ ਦੇਵ ਜੀ ਦੇ ਮਾਈ ਵਿਰਾਈ ਦੇ ਘਰ ਹੀ ਆਏ ਤੇ ਇਹ ਕਹਿ ਦਿੱਤਾ ਕਿ ਗੱਲ ਬਾਹਰ ਨਹੀਂ ਕਰਨੀ। ਮਾਈ ਵਿਰਾਈ ਨੇ ਹੁਕਮ ਮੰਨ ਕਿਸੇ ਨੂੰ ਨਾਂਹ ਦੱਸਿਆ। ਮਾਈ ਵਿਰਾਈ ਹੁਕਮੀ ਬੰਦਾ ਸੀ। ਮਾਈ ਦੀ ਸ਼ਖ਼ਸੀਅਤ ਵੀ ਨਾਮ ਨਾਲ ਸਵਾਰੀ ਸੀ। ਜੋ ਸਤਿਗੁਰੂ ਨਾਨਕ ਦੇਵ ਜੀ ਨੇ ਮਾਈ ਨੂੰ ਸਿੱਖਿਆ ਦਿੱਤੀ ਸੀ ਕਿ ਜਗ ਵਿਚ ਵੱਸੋ, ਵੈਰਾਗ ਵਿਚ ਰੱਸੋ, ਜਾਣੋ ਗਿਆਨ ਨਾਲ, ਜੁੜੋ ਪ੍ਰੇਮ ਨਾਲ ਤੇ ਰਹੋ ਸਦਾ ਖਿੜੇ ਮੱਥੇ। ਹਰ ਇਕ ਨੂੰ ਮਾਈ ਇਹ ਹੀ ਕਹਿੰਦੀ ਸੀ ਕਿ ਕਦੇ ਬਣੀ ਨਾ ਵਿਸਰੇ, ਨਾਮ ਨਾ ਭੁੱਲੇ, ਪਿਆਸ ਰਹੇ ਸਦਾ ਗੁਰ ਚਰਨਾਂ ਦੀ, ਤੇ ਰਜ਼ਾ ਲੱਗੇ ਮਿੱਠੀ ਤਾਂ ਕਦੇ ਵਿਛੋੜਾ ਨਹੀਂ ਹੋਣ ਲੱਗਾ।"

ਅੱਗੇ ਜਾ ਕੇ ਆਪ ਨੇ ਮਾਤਾ ਵਿਰਾਈ ਦਾ ਅਕਾਲ ਚਲਾਣਾ ਗੁਰੂ ਜੀ ਦੇ ਪ੍ਰਗਟ ਹੋਣ ਵਾਲੇ ਦਿਨ ਹੀ ਦੱਸਿਆ ਹੈ। ਗੁਰੂ ਅੰਗਦ ਦੇਵ ਜੀ ਨੇ ਆਪ ਦੀ ਯਾਦ ਵਿਚ ਖਡੂਰ ਵਿਖੇ ਮਿੱਠੇ ਪਾਣੀ ਦਾ ਖੂਹ ਵੀ ਲਗਵਾਇਆ।[12]

ਹੁਣ ਵੇਖਣ ਦੀ ਗੱਲ ਇਹ ਹੈ ਕਿ ਇਸ ਸਾਰੀ ਘਟਨਾ ਪਿੱਛੇ ਮਾਤਾ ਜੀ ਦੀ ਕੀ ਦੇਣ ਹੈ ? ਇਕ ਪਾਸੇ ਗੁਰੂ ਅੰਗਦ ਦੇਵ ਜੀ ਦੀ ਗੁਰਿਆਈ ਸਮੇਂ ਉਨ੍ਹਾਂ ਦੀ ਮੌਜੂਦਗੀ, ਉਨ੍ਹਾਂ ਨੂੰ ਮਿਲਿਆ ਹੋਇਆ ਵਰ ਆਪਣੇ-ਆਪ ਵਿਚ ਉਨ੍ਹਾਂ ਦੀ ਸ਼ਖ਼ਸੀਅਤ ਦੀ ਉੱਚਤਾ

11. 'ਕੁਦਰਤੀ ਨੂਰ' ਜੀਵਨੀ ਸ੍ਰੀ ਗੁਰੂ ਅੰਗਦ ਦੇਵ ਜੀ, ਪੰਨੇ 55-56
12. 'ਕੁਦਰਤੀ ਨੂਰ' ਜੀਵਨੀ ਸ੍ਰੀ ਗੁਰੂ ਅੰਗਦ ਦੇਵ ਜੀ, ਪੰਨੇ 56-58

ਨੂੰ ਸਿੱਧ ਕਰਦਾ ਹੈ ਤੇ ਦੂਜੇ ਪਾਸੇ, ਗੁਰਿਆਈ ਮਿਲਣ ਤੋਂ ਬਾਅਦ ਗੁਰੂ ਜੀ ਦੇ ਖੜੂਰ ਅਲੋਪ ਹੋਣ ਤੋਂ ਮੁੜ ਪ੍ਰਗਟ ਹੋਣ ਦਾ ਸਮਾਂ ਅਸਲ ਵਿਚ ਗੁਰੂ ਅੰਗਦ ਦੇਵ ਜੀ ਦੇ ਇਕ ਪ੍ਰਕਾਰ ਰੂਪਾਂਤਰਣ ਹੋਣ ਦਾ ਸਮਾਂ ਹੈ। ਗੁਰੂ ਤੋਂ ਵਿਛੜ ਕੇ ਆਤਮਕ ਤੌਰ ਤੇ ਸਿੱਖ ਦੀ ਜੋ ਹਾਲਤ ਹੁੰਦੀ ਹੈ, ਉਹ ਉਸ ਨੂੰ ਅਕਸਰ ਉੱਚੇ ਰੂਹਾਨੀ ਮੰਡਲਾਂ ਵਿਚ ਲੈ ਜਾਂਦੀ ਹੈ। ਇਹ ਸਮਾਂ ਸੱਚੇ ਸਾਧਕ ਲਈ ਇਕ ਪ੍ਰਕਾਰ ਦੀ ਭੱਠੀ ਵਰਗਾ ਹੁੰਦਾ ਹੈ ਜਿਸ ਵਿਚੋਂ ਉਹ ਕੁੰਦਨ ਬਣ ਕੇ ਨਿਕਲਦਾ ਹੈ। ਇਸ ਸਮੇਂ ਜਿਸ ਪ੍ਰਕਾਰ ਦੇ ਇਕਾਂਤ ਤੇ ਖ਼ਾਸ ਮਾਹੌਲ ਦੀ ਗੁਰੂ ਅੰਗਦ ਦੇਵ ਜੀ ਨੂੰ ਲੋੜ ਸੀ, ਉਹ ਮਾਤਾ ਭਿਰਾਈ ਜੀ ਨੇ ਪੂਰੀ ਤਰ੍ਹਾਂ ਸਿਰਜਿਆ ਤੇ ਗੁਰਿਆਈ ਪ੍ਰਾਪਤ ਕਰਨ ਤੋਂ ਬਾਅਦ ਅਸਲ ਵਿਚ ਇਹ ਜ਼ਿੰਮੇਵਾਰੀ ਸੰਭਾਲਣ ਤਕ ਜਿਸ ਤਿਆਰੀ ਦੀ ਲੋੜ ਸੀ, ਉਸ ਵਿਚ ਮਾਤਾ ਜੀ ਦਾ ਇਹ ਬੜਾ ਵੱਡਾ ਯੋਗਦਾਨ ਹੈ।

ਬੀਬੀ ਕਉਲਾਂ

ਬੀਬੀ ਕਉਲਾਂ ਲਾਹੌਰ ਦੇ ਕਾਜ਼ੀ ਰੁਸਤਮ ਖ਼ਾਨ ਦੀ ਬੇਟੀ ਸੀ ਜਾਂ ਜ਼ਰ-ਖ਼ਰੀਦ ਦਾਸੀ, ਇਸ ਸੰਬੰਧ ਵਿਚ ਇਤਿਹਾਸਕਾਰ ਇਕ ਮਤ ਨਹੀਂ ਹਨ। ਕੋਈ ਉਸ ਨੂੰ ਰੁਸਤਮ ਖ਼ਾਨ ਦੀ ਬੇਟੀ ਦੱਸਦਾ ਹੈ ਤੇ ਕੋਈ ਜ਼ਰ-ਖ਼ਰੀਦ ਹਿੰਦੂ ਲੜਕੀ।

ਕਉਲਾਂ ਹਿੰਦੂ ਸੀ ਜਾਂ ਮੁਸਲਮਾਨ ਇਸ ਸੰਬੰਧ ਵਿਚ ਕੋਈ ਪ੍ਰਮਾਣਿਕ ਤੱਥ ਸਾਡੇ ਸਾਹਮਣੇ ਨਹੀਂ ਆਉਂਦਾ। ਉਸ ਦਾ ਨਾਂ ਕਮਲਾ ਸੀ ਜਾਂ ਕਉਲਾਂ, ਇਸ ਸੰਬੰਧ ਵਿਚ ਅਸੀਂ ਕੇਵਲ ਅਨੁਮਾਨ ਹੀ ਲਗਾ ਸਕਦੇ ਹਾਂ।

ਬੀਬੀ ਕਉਲਾਂ ਮੀਆਂ ਮੀਰ ਜੀ ਦੇ ਚੇਲੇ ਅਬਕੁਲ ਯਾਰ ਸ਼ਾਹ ਪਾਸੋਂ ਕਈ ਵਾਰੀ ਗੁਰਬਾਣੀ ਅਤੇ ਗੁਰੂ ਜਸ ਸੁਣ ਚੁੱਕੀ ਸੀ। ਉਸ ਸਮੇਂ ਮੀਆਂ ਮੀਰ ਜੀ ਬਾਦਸ਼ਾਹਾਂ ਤਕ ਮੰਨੇ-ਦੰਨੇ ਹੋਏ ਰਿੱਧੀਆਂ-ਸਿੱਧੀਆਂ ਦੇ ਮਾਲਕ ਸੰਤ-ਫ਼ਕੀਰ ਸਨ। ਉਹ ਗੁਰੂ ਪਾਤਸ਼ਾਹ ਪਾਸ ਆ ਕੇ ਗਿਆਨ ਚਰਚਾ ਕਰਿਆ ਕਰਦੇ ਸਨ। ਗੁਰੂ ਹਰਿਗੋਬਿੰਦ ਜੀ ਵੀ ਕਦੇ-ਕਦੇ ਉਨ੍ਹਾਂ ਪਾਸ ਚਲੇ ਜਾਇਆ ਕਰਦੇ ਸਨ। ਇਕ ਦਿਨ ਗੁਰੂ ਜੀ ਮੀਆਂ ਮੀਰ ਨੂੰ ਮਿਲਣ ਲਈ ਪਧਾਰੇ। ਗੁਰੂ ਪਾਤਸ਼ਾਹ ਦਾ ਅਲੌਕਿਕ ਰੂਪ ਅਤੇ ਅਪਾਰ ਮਹਿਮਾ ਦਾ ਵਰਣਨ ਸੁਣ ਕੇ ਕਉਲਾਂ ਗੁਰੂ ਜੀ ਤੋਂ ਬਲਿਹਾਰ ਹੋ ਗਈ।

ਇਹ ਵੇਖ ਕੇ ਕਾਜ਼ੀ ਲੋਹਾ-ਲਾਖਾ ਹੋ ਗਿਆ ਕਿ ਮੋਮਨ ਦੀ ਧੀ ਕਾਫ਼ਰਾਂ ਦੀ ਬਾਣੀ ਕਿਉਂ ਪੜ੍ਹੇ ? ਕਉਲਾਂ ਨੇ ਬਾਣੀ ਤੋਂ ਇਲਾਵਾ ਸਤਿਗੁਰੂ ਜੀ ਅਤੇ ਉਨ੍ਹਾਂ ਦੇ ਸਿੱਖਾਂ ਵਿਚ ਇਕ ਹੋਰ ਗੱਲ ਵੀ ਵੇਖ ਲਈ ਸੀ, ਜਿਸ ਦਾ ਅੰਸ਼-ਮਾਤਰ ਭੀ ਉਸ ਨੂੰ ਆਪਣੇ ਪਿਉ ਵਿਚ ਨਹੀਂ ਦਿਸਿਆ। ਲਾਹੌਰ ਦੀ ਗਰੀਬ ਜਨਤਾ ਉਤੇ ਗਿਲਟੀ ਤਾਪ ਦੇ ਕਹਿਰ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਅਤੇ ਉਨ੍ਹਾਂ ਦੇ ਸਿੱਖ ਜਾਨ ਤਲੀ ਉਤੇ ਰੱਖ ਕੇ, ਦੁਨੀਆ ਦਾ ਦਰਦ ਵੰਡਦੇ ਵੇਖ ਕੇ, ਗੁਰੂ-ਘਰ ਪ੍ਰਤੀ ਉਸ ਦੀ ਸ਼ਰਧਾ ਹੋਰ ਵੀ ਦ੍ਰਿੜ੍ਹ ਹੋ ਗਈ। ਉਸ ਨੇ ਕਾਜ਼ੀ ਪਿਉ ਦੇ ਡਰਾਵਿਆਂ ਦੀ ਪਰਵਾਹ ਨਾ ਕੀਤੀ। ਰੁਸਤਮ ਖ਼ਾਨ ਨੇ ਕਉਲਾਂ ਨੂੰ ਅਨੇਕ ਪ੍ਰਕਾਰ ਦੇ ਕਸ਼ਟ ਵੀ ਦਿੱਤੇ। ਕਉਲਾਂ ਦੇ ਨਾ ਮੰਨਣ 'ਤੇ ਸ਼ਰ੍ਹਾ ਮੁਹੰਮਦੀ ਦੇ ਅਨੁਸਾਰ ਉਸ ਨੂੰ ਕਤਲ ਹੋਣ ਦੇ ਲਾਇਕ ਕਿਹਾ। ਕਿਉਂਕਿ ਸ਼ਰ੍ਹਾ ਦਾ ਹੁਕਮ ਹੈ ਕਿ ਜੋ ਕੋਈ ਹਿੰਦੂ ਦੀ

ਬਾਣੀ ਪੜ੍ਹਦਾ ਹੈ, ਉਹ ਕਤਲ ਕਰਨ ਦੇ ਲਾਇਕ ਹੈ।

ਅੰਤ ਰੁਸਤਮ ਖ਼ਾਨ ਨੇ ਦੂਸਰੇ ਕਾਜ਼ੀਆਂ ਪਾਸੋਂ ਕਉਲਾਂ ਨੂੰ ਮਾਰਨ ਦਾ ਫ਼ਤਵਾ ਦਿਵਾ ਦਿੱਤਾ।

ਕਉਲਾਂ ਦੀ ਮਾਤਾ ਨੇ ਕਾਜ਼ੀ ਦੀਆਂ ਗੱਲਾਂ ਸੁਣ ਕੇ ਆਪਣੀ ਪੁੱਤਰੀ ਨੂੰ ਬਚਾਉਣ ਦਾ ਮਨ ਬਣਾ ਲਿਆ ਅਤੇ ਕਾਜ਼ੀ ਤੋਂ ਚੋਰੀ-ਚੋਰੀ ਮੀਆਂ ਮੀਰ ਜੀ ਪਾਸ ਭੇਜ ਦਿੱਤਾ। ਕਉਲਾਂ ਨੇ ਮੀਆਂ ਮੀਰ ਜੀ ਨੂੰ ਸਾਰਾ ਬ੍ਰਿਤਾਂਤ ਸੁਣਾਇਆ।

ਮੀਆਂ ਮੀਰ ਨੇ ਆਪਣੇ ਚੇਲੇ ਅਬਦੁੱਲਾ ਸ਼ਾਹ ਨਾਲ ਕਉਲਾਂ ਨੂੰ ਗੁਰੂ ਹਰਿਗੋਬਿੰਦ ਜੀ ਪਾਸ ਭੇਜ ਦਿੱਤਾ ਤੇ ਆਖਿਆ ਕਿ "ਕਉਲਾਂ ਆਪ ਦੀ ਸ਼ਰਨ ਆਈ ਹੈ, ਇਸ ਦੀ ਜਾਨ ਬਚਾਉਣੀ ਤੁਹਾਡਾ-ਸਾਡਾ ਧਰਮ ਹੈ। ਮੈਂ ਤਾਂ ਇਸ ਨੂੰ ਆਪਣੇ ਪਾਸ ਨਹੀਂ ਰੱਖ ਸਕਦਾ, ਕਿਉਂਕਿ ਕਾਜ਼ੀਆਂ ਦਾ ਫ਼ਤਵਾ ਲੱਗ ਚੁੱਕਾ ਹੈ ਤੇ ਮੇਰੇ ਕੋਲੋਂ ਬਾਦਸ਼ਾਹੀ ਆਦਮੀ ਇਸ ਨੂੰ ਲੈ ਜਾਣਗੇ। ਆਪ ਦੇ ਨਾਲ ਸ਼ਾਹ ਦਾ ਵੀ ਕੋਈ ਵੱਸ ਨਹੀਂ ਚੱਲੇਗਾ। ਸੋ ਸ਼ਰਨ ਆਈ ਦੀ ਲੱਜਾ ਰੱਖ ਕੇ ਏਸ ਦੀ ਜਾਨ ਬਚਾਉ।"

ਉਸ ਵਕਤ ਗੁਰੂ ਪਾਤਸ਼ਾਹ ਅੰਮ੍ਰਿਤਸਰ ਜਾਣ ਨੂੰ ਤਿਆਰ ਸਨ। ਕਉਲਾਂ ਵੀ ਅਬਦੁੱਲੇ ਸ਼ਾਹ ਨਾਲ ਅੰਮ੍ਰਿਤਸਰ ਹੀ ਆ ਗਈ। ਉਸ ਨੇ ਵੀ ਗੁਰੂਚਰਣਾਂ ਵਿਚ ਰੱਖਿਆ ਕਰਨ ਦੀ ਬੇਨਤੀ ਕੀਤੀ। ਕਉਲਾਂ ਦੇ ਦੀਨ ਬਚਨ ਤੇ ਮੀਆਂ ਮੀਰ ਦਾ ਸੁਨੇਹਾ ਸੁਣ ਕੇ ਤੇ ਕਉਲਾਂ ਨੂੰ ਕੇਵਲ ਸਤਿਸੰਗ ਦੀ ਪਿਆਰੀ ਤੇ ਗਿਆਨ ਦੀ ਰਾਹਕ ਵੇਖ ਕੇ ਗੁਰੂ ਜੀ ਨੇ ਲੰਗਰੋਂ ਰੋਟੀ, ਕੱਪੜਾ ਮਿਲਣ ਦਾ ਹੁਕਮ ਦੇ ਦਿੱਤਾ। ਆਪਣੇ ਮਹਿਲਾਂ ਤੋਂ ਥੋੜ੍ਹੀ ਵਿੱਥ ਤੇ ਇਕ ਕੋਠਾ ਉਸ ਦੇ ਰਹਿਣ ਲਈ ਦੇ ਦਿੱਤਾ ਅਤੇ ਉਸ ਨੂੰ ਧੀਰਜ ਦਿੱਤਾ। ਆਖਿਆ, ਹੁਣ ਤੈਨੂੰ ਕੋਈ ਫੜ ਕੇ ਨਹੀਂ ਲਿਜਾ ਸਕਦਾ। ਤੂੰ ਬੇਫ਼ਿਕਰ ਹੋ ਕੇ ਭਜਨ ਕਰਿਆ ਕਰ। ਇਹ ਸੁਣ ਕੇ ਕਉਲਾਂ ਨੂੰ ਧੀਰਜ ਹੋ ਗਿਆ ਅਤੇ ਉਹ ਉਥੇ ਬੈਠ ਕੇ ਭਜਨ ਕਰਨ ਲੱਗੀ।

ਗੁਰੂ-ਕ੍ਰਿਪਾ ਸਦਕਾ ਕਉਲਾਂ ਨਿਰਭੈ ਹੋ ਕੇ ਵਿਚਰਣ ਲੱਗੀ, ਨਿੱਤ ਗੁਰੂ ਜਸ ਗਾਇਨ ਕਰਦੀ। ਕੁਝ ਸਮੇਂ ਬਾਅਦ ਕਉਲਾਂ ਦਾ ਮਨ ਗੁਰੂ-ਪੁੱਤਰਾਂ ਨੂੰ ਵੇਖਣ ਲਈ ਲਲਚਾਇਆ। ਇਕ ਦਿਨ ਸੁਭਾਵਕ ਹੀ ਗੁਰੂ ਮਹਿਲਾਂ ਵਿਚ ਚਲੀ ਗਈ। ਗੁਰਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ "ਕਉਲਾਂ ਗ੍ਰਿਹਿ ਗੁਰ ਕੀਨ ਪਿਆਨਾ।" ਮਾਤਾ ਗੰਗਾ ਨੂੰ ਪ੍ਰਣਾਮ ਕਰ ਆਸ਼ੀਰਵਾਦ ਲਿਆ। ਗੁਰੂ ਮਹਿਲਾਂ ਨੇ ਕਉਲਾਂ ਨੂੰ ਆਪਣੇ ਪਾਸ ਬਿਠਾਇਆ। ਬੀਬੀ ਕਉਲਾਂ ਖੇਡਦੇ ਚੌਹਾਂ ਗੁਰੂ-ਪੁੱਤਰਾਂ ਨੂੰ ਵੇਖ ਵੇਖ ਪ੍ਰਸੰਨ ਹੁੰਦੀ ਰਹੀ। ਉਨ੍ਹਾਂ ਨੂੰ ਗੋਦ ਵਿਚ ਲੈ ਕੇ ਬਾਰ ਬਾਰ ਅਸੀਸਾਂ ਦੇਂਦੀ। ਗੁਰੂ-ਪੁੱਤਰਾਂ ਦਾ ਸੁੰਦਰ ਰੂਪ ਵੇਖ ਕੇ ਬਲਿਹਾਰ ਜਾਂਦੀ। ਕਹਿੰਦੇ ਨੇ ਇਕ ਦਿਨ ਉਸ ਨੇ ਗੁਰੂ ਜੀ ਪਾਸੋਂ ਪੁੱਤਰ ਦੀ ਦਾਤ ਮੰਗ ਹੀ ਲਈ।

ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਕਉਲਾਂ ਦੀ ਗੱਲ ਸੁਣ ਕੇ ਉਸ ਨੂੰ ਸਮਝਾਇਆ— "ਮੀਆਂ ਮੀਰ ਜੀ ਵਰਗੇ ਉਪਦੇਸ਼ ਧਾਰਨ ਕਰਨ ਵਾਲੀ, ਸਾਡੀ ਸੰਗਤ ਵਿਚ ਰਹਿ ਕੇ ਜਤ ਸਤ ਨਾਲ ਜੀਵਨ ਜੀਉਣ ਵਾਲੀ, ਕੈਵਲਯ ਮੁਕਤੀ ਦੀ ਅਧਿਕਾਰਣੀ ਹੋ ਕੇ ਤੈਨੂੰ ਝੂਠੇ ਪਦਾਰਥਾਂ ਦੀ ਕਾਮਨਾ ਕਰਨਾ ਸ਼ੋਭਾ ਨਹੀਂ ਦੇਂਦਾ।

"ਸੰਸਾਰ ਵਿਚ ਕਿਸੇ ਦਾ ਨਾਮ ਸਦਾ ਨਹੀਂ ਰਹਿੰਦਾ। ਜਿਸ ਪੁੱਤਰ ਦੀ ਤੈਨੂੰ ਆਸ ਹੈ ਉਸ ਦੇ ਹੋਣ ਤੇ ਅਨੇਕ ਪ੍ਰਕਾਰ ਦੇ ਸੰਸਾਰਕ ਕਸ਼ਟ ਤੇ ਸੰਬੰਧ ਜੁੜ ਜਾਂਦੇ ਹਨ। ਉਸ ਦੇ

ਨਾ ਹੋਣ ਦਾ ਕੇਵਲ ਇਕ ਦੁੱਖ ਹੀ ਹੁੰਦਾ ਹੈ। ਪੁੱਤਰ ਦੇ ਨਾਮ ਨਾਲ ਵੀ ਥੋੜ੍ਹਾ ਸਮਾਂ ਹੀ ਚੱਲਦਾ ਹੈ। ਭਲਾ ਕੌਣ ਆਪਣੇ ਵਡ-ਵਡੇਰਿਆਂ ਦਾ ਨਾਮ ਜਾਣਦਾ ਹੈ।" ਗੁਰੂ ਜੀ ਨੇ ਕਉਲਾਂ ਨੂੰ ਸਮਝਾਉਂਦਿਆਂ ਹੋਇਆਂ ਫਰਮਾਇਆ, "ਅਸੀਂ ਤੈਨੂੰ ਐਸਾ ਪੁੱਤ ਬਖਸ਼ਾਂਗੇ ਜੋ ਸਭ ਦਾ ਕਲਿਆਣ ਕਰਨ ਵਾਲਾ ਹੋਵੇਗਾ। ਜਿਸ ਦੇ ਨਾਮ ਨਾਲ ਤੇਰਾ ਨਾਮ ਸਦੀਵੀ ਕਾਲ ਲਈ ਅਮਰ ਹੋ ਜਾਵੇਗਾ।"

ਇਹ ਬਚਨ ਸੁਣ ਕੇ ਕਉਲਾਂ ਨੇ ਗੁਰੂ ਚਰਨਾਂ ਵਿਚ ਬੇਨਤੀ ਕੀਤੀ, "ਮਹਾਰਾਜ, ਮੈਂ ਭੁੱਲ ਗਈ। ਮੇਰੇ ਤੇ ਮਿਹਰ ਕਰੋ। ਮੇਰੇ ਮਨ ਵਿਚ ਇਕੋ ਹੀ ਇੱਛਾ ਸੀ ਕਿ ਇਸ ਸੰਸਾਰ ਵਿਚ ਮੇਰਾ ਨਾਮ ਵੀ ਅਮਰ ਹੋ ਜਾਵੇ।"

ਗੁਰੂ ਜੀ ਨੇ ਕਿਹਾ, "ਇਹ ਤੈਨੂੰ ਸੰਗਤ ਦਾ ਫਲ ਪ੍ਰਾਪਤ ਹੋਇਆ ਹੈ। ਹੁਣ ਭਾਵੇਂ ਤੇਰੀ ਵਾਸਨਾ ਦੂਰ ਹੋ ਗਈ ਹੈ ਤਾਂ ਭੀ ਉਸ ਨੂੰ ਨਿਰਮੂਲ ਕਰਨ ਲਈ ਅਸੀਂ ਤੈਨੂੰ ਐਸਾ ਪੁੱਤਰ ਬਖਸ਼ਾਂਗੇ ਜਿਸ ਨਾਲ ਤੇਰਾ ਨਾਮ ਜਗਤ ਵਿਚ ਅਮਰ ਹੋ ਜਾਵੇਗਾ।"

ਕਉਲਾਂ ਇਹ ਸੁਣ ਕੇ ਅਤਿ ਪ੍ਰਸੰਨ ਹੋਈ ਅਤੇ ਜੋ ਕੁਝ ਉਸ ਦੇ ਪਾਸ ਸੀ, ਉਸ ਨੇ ਗੁਰੂ ਚਰਨਾਂ ਵਿਚ ਰੱਖ ਦਿੱਤਾ ਤੇ ਆਖਿਆ ਇਸ ਨੂੰ ਜਿਥੇ ਚਾਹੋ, ਜਿਵੇਂ ਚਾਹੋ ਖ਼ਰਚ ਕਰੋ। ਗੁਰੂ ਜੀ ਨੇ ਉਹ ਰੁਪਿਆ ਕੋਟਮਲ ਸ਼ਾਹੂਕਾਰ ਕੋਲ ਜਮ੍ਹਾਂ ਕਰਵਾ ਕੇ ਬਾਬਾ ਬੁੱਢਾ ਜੀ ਨੂੰ 'ਕੌਲਸਰ' ਨਾਂ ਦਾ ਸਰੋਵਰ ਬਣਾਉਣ ਦਾ ਕੰਮ ਸੌਂਪ ਦਿੱਤਾ। ਉਨ੍ਹਾਂ ਨੇ ਬਚਨ ਕੀਤੇ, "ਜੋ ਕੋਈ ਕਾਰ ਸੇਵਾ ਕਰੇਗਾ, ਉਸ ਨੂੰ ਮਨ-ਇੱਛਿਤ ਫਲ ਪ੍ਰਾਪਤ ਹੋਵੇਗਾ।"

ਗੁਰੂ ਜੀ ਦੀ ਆਗਿਆ ਅਨੁਸਾਰ ਬਾਬਾ ਬੁੱਢਾ ਜੀ ਨੇ ਅਰਦਾਸ ਕਰ ਕੇ ਬਹੁਤ ਸਾਰੇ ਸਿੱਖ ਸੇਵਕ ਤੇ ਮਜ਼ਦੂਰ ਲਗਾ ਕੇ ਸਰੋਵਰ ਦੀ ਪੁਟਾਈ ਆਰੰਭ ਕਰ ਦਿੱਤੀ। ਜਦੋਂ ਸਰੋਵਰ ਤਿਆਰ ਹੋ ਗਿਆ ਤਾਂ ਸ੍ਰੀ ਅੰਮ੍ਰਿਤ ਸਰੋਵਰ ਵਿਚੋਂ ਇਕ ਖਾਲ ਕੱਢ ਕੇ ਕੌਲਸਰ ਵਿਚ ਉਸ ਦਾ ਜਲ ਪਾ ਦਿੱਤਾ ਅਤੇ ਅੱਗੇ ਤੋਂ ਅੰਮ੍ਰਿਤ ਸਰੋਵਰ ਦਾ ਜਲ ਸਰੋਵਰ ਵਿਚ ਜਾਣ ਵਾਸਤੇ ਪੱਕਾ ਪ੍ਰਬੰਧ ਕਰ ਦਿੱਤਾ।

ਗੁਰੂ ਪਾਤਸ਼ਾਹ ਮਿਹਰ ਕਰਦੇ ਹੋਏ ਬਚਨ ਕੀਤਾ, ਇਹ ਸਰੋਵਰ ਕਰੋੜਾਂ ਤੀਰਥਾਂ ਦਾ ਫਲ ਦੇਣ ਵਾਲਾ ਹੋਵੇਗਾ। ਇਸ ਦੇ ਕੰਢੇ ਦੇ ਰੁੱਖ ਅਕਸ਼ੇ ਵਟ ਵਾਂਗੂੰ ਅਤੇ ਕਲਪਤਰੂ ਵਾਂਗ ਮਨ-ਇੱਛਿਤ ਫਲ ਪ੍ਰਦਾਨ ਕਰਨ ਵਾਲੇ ਹਨ।

ਕੁਝ ਸਮੇਂ ਬਾਅਦ ਬੀਬੀ ਕਉਲਾਂ ਨੂੰ ਕਰਤਾਰਪੁਰ ਭੇਜ ਦਿੱਤਾ ਗਿਆ। ਹੁਕਮ ਦੀ ਬੱਧੀ ਕਉਲਾਂ ਕਰਤਾਰਪੁਰ ਚਲੀ ਤਾਂ ਗਈ ਪਰ ਅੰਦਰੋਂ ਬਹੁਤ ਵਿਆਕੁਲ ਰਹਿੰਦੀ ਤੇ ਹਰ ਵੇਲੇ ਦਰਸ਼ਨਾਂ ਲਈ ਜੋਦੜੀ ਕਰਦੀ ਰਹਿੰਦੀ।

ਗੁਰੂ ਹਰਿਗੋਬਿੰਦ ਸਾਹਿਬ ਬੀਬੀ ਵੀਰੋ ਦਾ ਵਿਆਹ ਕਰ ਕੇ ਤਰਨਤਾਰਨ ਦੇ ਰਸਤੇ ਪਰਿਵਾਰ ਸਹਿਤ ਗੋਇੰਦਵਾਲ ਪੁੱਜੇ। ਕੁਝ ਦਿਨ ਉਥੇ ਰਹੇ। ਬਾਬਾ ਸੁੰਦਰ ਦਾਸ ਤੇ ਨੰਦ-ਚੰਦ ਆਦਿ ਮਸੰਦਾਂ ਨੇ ਬੜੇ ਪਿਆਰ ਅਤੇ ਆਦਰ-ਸਤਿਕਾਰ ਨਾਲ ਗੁਰੂ ਜੀ ਦੀ ਸੇਵਾ ਕੀਤੀ। ਉਨ੍ਹਾਂ ਦੀਆਂ ਇਸਤਰੀਆਂ ਦਾ ਪ੍ਰੇਮ-ਭਾਵ ਵੇਖ ਕੇ ਗੁਰੂ ਜੀ ਨੇ ਪਰਿਵਾਰ ਨੂੰ ਉਥੇ ਹੀ ਛੱਡਿਆ ਅਤੇ ਆਪ ਕਰਤਾਰਪੁਰ ਚਲੇ ਗਏ।

ਗੁਰੂ ਜੀ ਦੇ ਦਰਸ਼ਨ ਕਰ ਕੇ ਉਸ ਦੇ ਨੇਤਰ ਕੌਲ ਵਾਂਗ ਖਿੜ ਗਏ। ਗੁਰੂ ਚਰਨਾਂ 'ਤੇ ਮੱਥਾ ਟੇਕਿਆ ਤੇ ਹੰਝੂਆਂ ਨਾਲ ਗੁਰੂ ਚਰਨ ਧੋ ਦਿੱਤੇ। ਅੱਜ ਵੈਰਾਗੀ ਹੋਈ ਕਉਲਾਂ

ਹੰਝੂ ਵਹਾਈ ਜਾ ਰਹੀ ਸੀ। ਜਨਮਾਂ-ਜਨਮਾਂਤਰਾਂ ਦੀ ਮੈਲ ਉਤਰ ਰਹੀ ਸੀ। ਮਨ ਨਿਰਮਲ ਹੋ ਰਿਹਾ ਸੀ। ਜਿਸ ਪਰਮਪਦ ਨੂੰ ਵੱਡੇ-ਵੱਡੇ ਰਿਖੀ-ਮੁਨੀ, ਜਤੀ, ਬ੍ਰਹਮਚਾਰੀ ਨਹੀਂ ਪ੍ਰਾਪਤ ਕਰ ਸਕੇ, ਉਹ ਪਦ ਉਸ ਨੂੰ ਪ੍ਰਾਪਤ ਹੋ ਗਿਆ ਸੀ।

ਗੁਰੂ ਸਾਹਿਬ ਨੇ ਉਸ ਨੂੰ ਧੀਰਜ ਦੇ ਕੇ ਗੰਗਸਰ ਨਾਮ ਖੂਹ ਉਤੇ ਇਸ਼ਨਾਨ ਕਰਾ ਕੇ ਥੰਮ੍ਹ ਸਾਹਿਬ ਦੀਵਾਨ ਵਿਚ ਬੁਲਾਇਆ ਤੇ ਸੰਗਤਾਂ ਨੂੰ ਦਰਸ਼ਨ ਉਪਦੇਸ਼ ਦੇ ਕੇ ਨਿਹਾਲ ਕੀਤਾ। ਉਸ ਤੋਂ ਬਾਅਦ ਮਹਿਲਾਂ ਵਿਖੇ ਗਏ ਅਤੇ ਕਉਲਾਂ ਨੂੰ ਆਖਿਆ, "ਹੁਣ ਤੂੰ ਅਕਾਲ ਪੁਰਖ ਦੇ ਚਰਨਾਂ ਵਿਚ ਧਿਆਨ ਰੱਖ, ਤੇਰੀ ਦੇਹ ਕੱਲ੍ਹ ਪਹਿਰ ਦਿਨ ਚੜ੍ਹੇ ਛੁੱਟੇਗੀ।"

ਗੁਰ-ਬਚਨਾਂ ਨੂੰ ਸੁਣ ਕੇ ਬੀਬੀ ਕਉਲਾਂ ਨੇ ਕਿਹਾ, "ਮਹਾਰਾਜ! ਆਪ ਜੀ ਨੇ ਬੜੀ ਕਿਰਪਾ ਕਰ ਕੇ ਮੈਨੂੰ ਮੇਰੇ ਅੰਤ ਸਮੇਂ ਦਰਸ਼ਨ ਦਿੱਤੇ ਹਨ। ਆਪ ਜੀ ਦੇ ਦਰਸ਼ਨ ਕਰ ਕੇ ਮੇਰਾ ਜਨਮ ਸਫਲਾ ਹੋ ਗਿਆ ਹੈ।" ਬੀਬੀ ਕਉਲਾਂ ਉੱਚੀ ਸੁਰਤ ਵਾਲੀ ਤੇ ਉਚੇਰੀ ਸਾਧਨਾ ਵਾਲੀ ਤੇ ਗੁਰੂ-ਘਰ ਦੀ ਅਗਾਧ ਪ੍ਰੇਮਣ ਸੀ। ਉਹ ਗੁਰੂ ਪ੍ਰੇਮ-ਰੂਪ ਹੋ ਕੇ ਸੰਸਾਰ-ਸਾਗਰ ਤੋਂ ਤਰ ਗਈ ਤੇ ਆਪਣਾ ਨਾਮ ਕਉਲ ਸਰ ਦੇ ਰੂਪ ਵਿਚ ਸਦਾ ਲਈ ਅਮਰ ਕਰ ਗਈ।

ਬੇਗਮ ਨੂਰਜਹਾਂ

ਨੂਰਜਹਾਂ ਮੁਗਲ ਬਾਦਸ਼ਾਹ ਜਹਾਂਗੀਰ ਦੀ ਪਤਨੀ ਸੀ। ਜਹਾਂਗੀਰ ਨਾਲ ਇਸ ਦੀ ਸ਼ਾਦੀ ਸੰਨ 1611 ਈਸਵੀ ਵਿਚ ਹੋਈ। ਇਸ ਸ਼ਾਦੀ ਦੇ ਪਿੱਛੇ ਜਹਾਂਗੀਰ ਦੇ ਰੁਮਾਂਸ ਦੀਆਂ ਕਈ ਕਹਾਣੀਆਂ ਜੁੜੀਆਂ ਹੋਈਆਂ ਹਨ। ਇਨ੍ਹਾਂ ਪਿਆਰ-ਕਹਾਣੀਆਂ ਦੇ ਵਿਵਾਦ ਵਿਚ ਪੈਣਾ ਇਸ ਪਰਚੇ ਦਾ ਵਿਸ਼ਾ ਨਹੀਂ। ਪਰ 1611 ਤੋਂ ਬਾਅਦ ਸੰਨ 1627 ਈਸਵੀ ਤਕ ਜਿਸ ਢੰਗ ਨਾਲ ਨੂਰਜਹਾਂ ਨੇ ਜਹਾਂਗੀਰ ਦੇ ਜੀਵਨ, ਚਰਿਤਰ ਅਤੇ ਦੇਸ਼ ਦੀ ਰਾਜਨੀਤੀ ਨੂੰ ਆਪਣੀ ਸਿਆਣਪ ਅਤੇ ਸੂਝ ਨਾਲ ਪ੍ਰਭਾਵਿਤ ਕੀਤਾ, ਉਹ ਮੱਧਕਾਲੀਨ ਇਤਿਹਾਸ ਦਾ ਇਕ ਖੂਬਸੂਰਤ ਅਧਿਆਇ ਹੈ। ਉਦੋਂ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਛੇਵੇਂ ਨਾਨਕ ਗੁਰੂ ਹਰਿਗੋਬਿੰਦ ਜੀ ਬਿਰਾਜਮਾਨ ਸਨ।

ਨੂਰਜਹਾਂ ਦਾ ਬਚਪਨ ਦਾ ਨਾਮ ਮਿਹਰਉ-ਨਿਸਾ ਸੀ। ਇਸ ਦਾ ਦਾਦਾ ਖੁਆਜਾ ਮੁਹੰਮਦ ਸ਼ਰੀਫ਼ ਅਤੇ ਪਿਤਾ ਮਿਰਜ਼ਾ ਗਿਆਸ ਬੇਗ ਈਰਾਨ ਦੇ ਸ਼ਾਸਕਾਂ ਕੋਲ ਉੱਚੇ ਪਦਾਂ ਉਤੇ ਰਹੇ ਸਨ। ਪਰ ਸੁਲਤਾਨ ਦੀ ਮੌਤ ਅਤੇ ਬਦਲੇ ਹੋਏ ਹਾਲਾਤ ਨੇ ਇਸ ਪਰਿਵਾਰ ਨੂੰ ਗਹਿਰੇ ਸੰਕਟ ਵਿਚ ਪਾ ਦਿੱਤਾ। ਮਾਇਕ ਪਰੇਸ਼ਾਨੀਆਂ ਅਤੇ ਰੋਜ਼ੀ ਦੀ ਤਲਾਸ਼ ਖ਼ਾਤਰ ਮਿਰਜ਼ਾ ਗਿਆਸ ਬੇਗ ਆਪਣੀ ਪਤਨੀ ਅਸਮਤ ਬੇਗਮ ਅਤੇ ਬੱਚਿਆਂ ਸਮੇਤ ਹਿੰਦੁਸਤਾਨ ਲਈ ਚਲ ਪਿਆ। ਇਹ ਪਰਿਵਾਰ ਅਜੇ ਕੰਧਾਰ ਹੀ ਪਹੁੰਚਿਆ ਸੀ ਕਿ ਅਸਮਤ ਬੇਗਮ ਨੇ ਇਕ ਬੱਚੀ ਨੂੰ ਜਨਮ ਦਿੱਤਾ (1577 ਈਸਵੀ)। ਜੋ ਅੱਗੇ ਚਲ ਕੇ ਨੂਰਜਹਾਂ ਦੇ ਨਾਮ ਨਾਲ ਪ੍ਰਸਿੱਧ ਹੋਈ। 1594 ਵਿਚ ਮਿਹਰਉ-ਨਿਸਾ ਦੀ ਸ਼ਾਦੀ ਅਲੀ ਕੁਲੀ ਬੇਗ ਇਸਤਾਗਲੂ (ਸ਼ੇਰ ਅਫ਼ਗਨ) ਨਾਲ ਹੋਈ। ਕੁਝ ਸਮੇਂ ਬਾਅਦ ਇਨ੍ਹਾਂ ਦੇ ਘਰ ਇਕ ਬੱਚੀ ਨੇ ਜਨਮ ਲਿਆ ਜਿਸ ਦਾ ਨਾਮ ਲਾਡਲੀ ਬੇਗਮ ਰਖਿਆ ਗਿਆ। ਕਿਹਾ ਜਾਂਦਾ ਹੈ ਕਿ ਸ਼ਹਿਜ਼ਾਦਾ ਸਲੀਮ (ਜਹਾਂਗੀਰ) ਮਿਹਰਉ-ਨਿਸਾ ਨੂੰ ਆਪਣੀ ਪਤਨੀ ਬਣਾਉਣਾ ਚਾਹੁੰਦਾ

ਸੀ । ਪਰ ਉਸ ਦੇ ਪਿਤਾ ਅਕਬਰ ਨੇ ਇਸ ਗੱਲ ਦੀ ਪ੍ਰਵਾਨਗੀ ਨਹੀਂ ਸੀ ਦਿੱਤੀ । ਪਰ 1605 ਵਿਚ ਅਕਬਰ ਦੀ ਮੌਤ ਮਗਰੋਂ ਜਦੋਂ ਸ਼ਹਿਜ਼ਾਦਾ ਸਲੀਮ ਜਹਾਂਗੀਰ ਬਾਦਸ਼ਾਹ ਦੇ ਨਾਂ ਨਾਲ ਹਿੰਦੁਸਤਾਨ ਦਾ ਸ਼ਾਸਕ ਬਣਿਆ ਤਾਂ ਉਸ ਨੇ ਭੇਦ ਭਰੇ ਹਾਲਾਤ ਵਿਚ ਸ਼ੇਰ ਅਫ਼ਗਨ ਦਾ ਕਤਲ ਕਰਵਾ ਕੇ ਮਿਹਰਉ-ਨਿਸਾ (ਨੂਰਜਹਾਂ) ਨੂੰ ਆਗਰਾ ਸੱਦ ਲਿਆ ਅਤੇ 4 ਸਾਲ ਮਗਰੋਂ ਸੰਨ 1611 ਈਸਵੀ ਵਿਚ ਸ਼ਾਦੀ ਕਰ ਕੇ ਪਹਿਲਾਂ-ਪਹਿਲਾਂ ਉਸ ਨੂੰ ਨੂਰ ਮਹੱਲ ਅਤੇ ਮਗਰੋਂ ਨੂਰਜਹਾਂ ਦਾ ਖ਼ਿਤਾਬ ਬਖ਼ਸ਼ ਕੇ ਉਸ ਨੂੰ ਬਾਦਸ਼ਾਹ ਬੇਗਮ (Ist Lady of the Realm) ਬਣਾ ਦਿੱਤਾ । 1611 ਈਸਵੀ ਤੋਂ ਲੈ ਕੇ 1627 ਵਿਚ ਜਹਾਂਗੀਰ ਦੀ ਮੌਤ ਤਕ ਨੂਰਜਹਾਂ ਰਾਜਨੀਤੀ 'ਤੇ ਇਕ ਸ਼ਾਸਕ ਦੀ ਤਰ੍ਹਾਂ ਛਾਈ ਰਹੀ । ਜਹਾਂਗੀਰ ਦੇ ਸੁਭਾਅ ਅਤੇ ਨੈਤਿਕ-ਕਦਰਾਂ ਕੀਮਤਾਂ ਵਿਚ ਬਦਲਾਉ ਅਤੇ ਕੁਝ ਹੱਦ ਤਕ ਸਹਿਨਸ਼ੀਲਤਾ ਲਿਆਉਣ ਵਾਲੀ ਨੂਰਜਹਾਂ ਹੀ ਸੀ, ਜਿਸ ਬਾਰੇ ਜਹਾਂਗੀਰ ਅਕਸਰ ਕਿਹਾ ਕਰਦਾ ਸੀ ਮੈਂ ਤਾਂ ਕੁਝ ਬੋਟੀਆਂ ਕਬਾਬ ਅਤੇ ਕੁਝ ਪਿਆਲੇ ਸ਼ਰਾਬ ਬਦਲੇ ਹਿੰਦੁਸਤਾਨ ਦੀ ਬਾਦਸ਼ਾਹੀ ਨੂਰਜਹਾਂ ਨੂੰ ਸੌਂਪ ਦਿੱਤੀ ਹੈ ।

1605 ਵਿਚ ਤਖ਼ਤ 'ਤੇ ਬੈਠਣ ਮਗਰੋਂ ਬਾਗ਼ੀ ਸ਼ਹਿਜ਼ਾਦੇ ਖੁਸਰੋ ਨੂੰ ਮਦਦ ਕਰਨ ਦਾ ਫਰਜ਼ੀ ਦੋਸ਼ ਮੜ੍ਹ ਕੇ ਜਦੋਂ ਉਸ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ, ਉਨ੍ਹਾਂ ਦੀ ਜ਼ਮੀਨ-ਜਾਇਦਾਦ ਜ਼ਬਤ ਕਰਨ ਅਤੇ ਉਨ੍ਹਾਂ ਦੇ ਬੱਚੇ (ਗੁਰੂ ਹਰਿਗੋਬਿੰਦ ਜੀ) ਨੂੰ ਮੁਰਤਜ਼ਾ ਖ਼ਾਂ ਦੇ ਹਵਾਲੇ ਕਰ ਦੇਣ ਦਾ ਹੁਕਮ ਜਾਰੀ ਕੀਤਾ ਤਾਂ ਉਦੋਂ ਤਕ ਮਲਿਕਾ ਨੂਰਜਹਾਂ ਨੇ ਉਸ ਦੇ ਜੀਵਨ ਵਿਚ ਪ੍ਰਵੇਸ਼ ਨਹੀਂ ਸੀ ਕੀਤਾ । ਜਹਾਂਗੀਰ ਸਿੱਖ ਧਰਮ ਅਤੇ ਗੁਰੂ ਅਰਜਨ ਦੇਵ ਜੀ ਦੀ ਪੰਜਾਬ ਵਿਚ ਵਧ ਰਹੀ ਲੋਕਪ੍ਰਿਯਤਾ ਤੋਂ ਘਬਰਾ ਗਿਆ ਸੀ । ਉਹ ਗੁਰੂ ਅਰਜਨ ਦੇਵ ਅਤੇ ਉਨ੍ਹਾਂ ਤੋਂ ਪਹਿਲੇ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਕੀਤੀ ਇਸ ਅਧਿਆਤਮਕ ਬਾਦਸ਼ਾਹੀ (ਜਿਸ ਨੂੰ ਉਹ ਝੂਠ ਦੀ ਦੁਕਾਨ ਕਹਿੰਦਾ ਹੈ) ਨੂੰ ਕਿਸੇ ਵੀ ਕੀਮਤ 'ਤੇ ਬੰਦ ਕਰਨ ਦਾ ਮਨ ਬਣਾ ਚੁੱਕਾ ਸੀ । ਉਹ ਆਪਣੀ ਸਵੈ-ਜੀਵਨੀ (ਤੁਜ਼ਕੇ ਜਹਾਂਗੀਰੀ) ਵਿਚ ਲਿਖਦਾ ਹੈ—"...ਉਸ ਨੂੰ ਆਪਣੀ ਇਹ ਮਨਸ਼ਾ ਪੂਰੀ ਕਰਨ ਦਾ ਅਵਸਰ ਉਦੋਂ ਮਿਲ ਗਿਆ ਜਦੋਂ ਬਾਗ਼ੀ ਸ਼ਹਿਜ਼ਾਦਾ ਖੁਸਰੋ ਆਗਰਾ, ਮਥਰਾ ਤੋਂ ਭੱਜਦਾ ਹੋਇਆ ਪੰਜਾਬ ਪਹੁੰਚਿਆ । ਗੁਰੂ ਅਰਜਨ ਵਰਗੇ ਸੰਤ ਅਤੇ ਮਹਾਪੁਰਸ਼ ਦੇ ਦਰਬਾਰ ਵਿਚ ਮੱਥਾ ਟੇਕਣ ਦੀ ਘਟਨਾ ਨੂੰ ਜਹਾਂਗੀਰ ਨੇ ਰਾਜਸੀ-ਰੰਗਣ ਦੇ ਕੇ ਕਹਿ ਦਿੱਤਾ ਕਿ ਉਸ ਨੇ (ਗੁਰੂ ਨੇ) ਮੁਗ਼ਲ ਹਕੂਮਤ ਦੇ ਵਿਰੁੱਧ ਇਕ ਬਾਗ਼ੀ ਸ਼ਹਿਜ਼ਾਦੇ ਦੀ ਮਦਦ ਕਰ ਕੇ ਘੋਰ ਰਾਜਸੀ ਅਪਰਾਧ ਕੀਤਾ ਹੈ ।" ਬਸ ਇਸੇ ਬਹਾਨੇ ਦੀ ਆੜ ਵਿਚ ਉਸ ਨੇ ਗੁਰੂ ਜੀ ਨੂੰ ਸ਼ਹੀਦ ਕਰਨ ਅਤੇ ਉਨ੍ਹਾਂ ਦੀ ਜ਼ਮੀਨ-ਜਾਇਦਾਦ ਜ਼ਬਤ ਕਰਨ ਦਾ ਹੁਕਮ ਜਾਰੀ ਕਰ ਦਿੱਤਾ ।

ਮੁਹਸਿਨ ਫ਼ਾਨੀ ਲਿਖਦਾ ਹੈ ਕਿ "ਇਸ ਦੇ ਬਾਅਦ ਕਾਫ਼ੀ ਸਮੇਂ ਤਕ ਜਹਾਂਗੀਰ ਦਾ ਵਤੀਰਾ ਗੁਰੂ ਹਰਿਗੋਬਿੰਦ ਜੀ ਪ੍ਰਤੀ ਸਖ਼ਤੀ ਅਤੇ ਦੁਸ਼ਮਣੀ ਵਾਲਾ ਬਣਿਆ ਰਿਹਾ । ਉਸ ਨੇ ਗੁਰੂ ਹਰਿਗੋਬਿੰਦ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ । ਜਿਥੇ ਉਨ੍ਹਾਂ ਨੂੰ ਨਮਕ ਤੋਂ ਬਗ਼ੈਰ ਸਬਜ਼ੀ ਅਤੇ ਭੋਜਨ ਦਿੱਤਾ ਜਾਂਦਾ ਸੀ ।

ਸਿੱਖ ਇਤਿਹਾਸਕ ਗ੍ਰੰਥਾਂ ਵਿਚ ਇਹੋ ਜਿਹੇ ਸੰਕੇਤ ਮਿਲਦੇ ਹਨ ਕਿ ਉਨ੍ਹਾਂ ਨੂੰ

ਗਵਾਲੀਅਰ ਕਿਲ੍ਹੇ ਤੋਂ ਨਿਸ਼ਚਿਤ ਸਮੇਂ ਤੋਂ ਬਹੁਤ ਪਹਿਲਾਂ ਰਿਹਾਅ ਕੀਤਾ ਗਿਆ। ਜਿਥੇ ਉਨ੍ਹਾਂ ਦੀ ਰਿਹਾਈ ਪਿੱਛੇ ਲਾਹੌਰ ਦੇ ਸੂਫ਼ੀ ਸੰਤ ਮੀਆਂ ਮੀਰ ਅਤੇ ਵਜ਼ੀਰ ਖ਼ਾਨ ਦਾ ਪ੍ਰਭਾਵ ਕੰਮ ਕਰ ਰਿਹਾ ਸੀ ਉਥੇ ਜਹਾਂਗੀਰ ਦਾ ਮਨ ਬਦਲਣ, ਉਸ ਦੀ ਧਾਰਮਿਕ ਕੱਟੜਤਾ ਘਟਾਉਣ ਅਤੇ ਗੁਰੂ ਜੀ ਦੀ ਰਿਹਾਈ ਦਾ ਹੁਕਮ ਜਾਰੀ ਕਰਵਾਉਣ ਵਿਚ ਵਿਚ ਨੂਰਜਹਾਂ ਦਾ ਕਾਫੀ ਹੱਥ ਹੈ। ਨੂਰਜਹਾਂ ਗੁਰੂ ਹਰਿਗੋਬਿੰਦ ਜੀ ਪ੍ਰਤੀ ਸ਼ਰਧਾ ਅਤੇ ਸਤਿਕਾਰ ਦੀ ਭਾਵਨਾ ਰਖਦੀ ਸੀ। 'ਬੰਸਾਵਲੀਨਾਮਾ' ਦਾ ਕਰਤਾ ਕੇਸਰ ਸਿੰਘ ਛਿੱਬਰ ਤਾਂ ਸਪੱਸ਼ਟ ਲਿਖਦਾ ਹੈ ਕਿ :

ਨੂਰ ਜਹਾਂ ਬੇਗਮ ਖਾਂਵਦ ਨੂੰ ਕਹਿਆ ਐਸੇ
ਫਕੀਰ ਜਾਤ ਹੈ ਸਾਈਂ ਦੀ ਸਾਈਂ ਜੈਸੇ।
ਕੈਦ ਨਹੀਂ ਕਰੀਏ ਕਹੇ ਕਹਾਏ
ਫਕੀਰ ਦੀ ਮਾਰੀ ਕੋਈ ਨਹੀਂ ਹਟਾਏ ॥70॥

ਇਤਿਹਾਸ ਇਸ ਮੱਤ ਦਾ ਗਵਾਹ ਹੈ ਕਿ ਗੁਰੂ ਹਰਿਗੋਬਿੰਦ ਜੀ ਦੀ ਰਿਹਾਈ ਤੋਂ ਬਾਅਦ ਜਹਾਂਗੀਰ ਦੇ ਸੰਬੰਧ ਗੁਰੂ ਜੀ ਨਾਲ ਸੁਖਾਵੇਂ ਅਤੇ ਮਿੱਤਰਤਾਪੂਰਨ ਹੋ ਗਏ। ਇਹ ਚੰਗੇ ਸੰਬੰਧ ਜਹਾਂਗੀਰ ਦੀ ਮੌਤ ਤਕ ਬਣੇ ਰਹੇ। ਇਨ੍ਹਾਂ ਚੰਗੇ ਸੰਬੰਧਾਂ ਪਿੱਛੇ ਅਪ੍ਰਤੱਖ ਰੂਪ ਵਿਚ ਨੂਰਜਹਾਂ ਦਾ ਵਿਅਕਤਿਤਵ ਕੰਮ ਕਰ ਰਿਹਾ ਸੀ, ਬੇਸ਼ੱਕ ਇਸ ਤੱਥ ਦਾ ਉਲੇਖ ਸਾਨੂੰ ਸਮਕਾਲੀ ਫਾਰਸੀ ਸਰੋਤਾਂ ਵਿਚ ਦਿਖਾਈ ਨਹੀਂ ਦੇਂਦਾ।

ਜਹਾਂਗੀਰ ਨੇ ਨੂਰਜਹਾਂ ਦੀ ਗੱਲ ਨੂੰ ਵਜ਼ਨ ਦੇਂਦੇ ਹੋਏ ਗੁਰੂ ਹਰਿਗੋਬਿੰਦ ਜੀ ਨੂੰ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਅ ਕਰ ਦਿੱਤਾ।

ਨੂਰਜਹਾਂ ਨੇ ਪਹਿਲੀ ਵਾਰ ਗੁਰੂ ਹਰਿਗੋਬਿੰਦ ਜੀ ਦੇ ਕਦੋਂ ਦਰਸ਼ਨ ਕੀਤੇ ? ਇਸ ਬਾਰੇ ਵੱਖੋ-ਵੱਖ ਇਤਿਹਾਸਕਾਰਾਂ ਦੇ ਆਪੋ-ਆਪਣੇ ਮੱਤ ਹਨ। ਕੁਝ ਇਤਿਹਾਸਕਾਰ ਇਹ ਘਟਨਾ ਗਵਾਲੀਅਰ ਦੇ ਕਿਲ੍ਹੇ ਵਿਚ ਹੋਈ ਲਿਖਦੇ ਹਨ, ਕੁਝ ਗੋਇੰਦਵਾਲ ਸਾਹਿਬ ਦੇ ਨੇੜੇ ਬਿਆਸਾ ਦਰਿਆ ਦੇ ਕੰਢੇ ਤੇ ਅਤੇ ਕੁਝ ਕਸ਼ਮੀਰ ਜਾਂਦੇ ਹੋਏ ਰਾਹ ਵਿਚ ਕਿਸੇ ਥਾਂ 'ਤੇ ਜਦੋਂ ਨੂਰਜਹਾਂ ਨੇ ਪਹਿਲੀ ਵਾਰ ਗੁਰੂ ਹਰਿਗੋਬਿੰਦ ਜੀ ਨੂੰ ਸ਼ਾਹੀ ਕਾਫ਼ਲੇ ਦੇ ਨਾਲ ਤੁਰਦੇ ਵੇਖਿਆ ਸੀ। ਨੂਰਜਹਾਂ ਨੇ ਦੋ ਵਾਰ ਫਿਰ ਗੁਰੂ ਹਰਿਗੋਬਿੰਦ ਜੀ ਦੇ ਦਰਸ਼ਨ ਕੀਤੇ ਸਨ। ਇਸ ਵਾਰ ਮਿਲਣੀ ਦਾ ਇਹ ਸਥਾਨ ਅੰਮ੍ਰਿਤਸਰ ਅਤੇ ਲਾਹੌਰ ਸੀ। ਕੁਲ ਮਿਲਾ ਕੇ, ਨੂਰਜਹਾਂ ਗੁਰੂ ਜੀ ਨੂੰ ਦੋ-ਤਿੰਨ ਵਾਰ ਮਿਲੀ ਹੋਵੇਗੀ ਪਰ ਇਨ੍ਹਾਂ ਮੇਂਕਿਆਂ ਨੂੰ ਇਤਿਹਾਸਕਾਰਾਂ ਨੇ ਇਸ ਤਰ੍ਹਾਂ ਰਲਗੱਡ ਕਰ ਦਿੱਤਾ ਹੈ ਕਿ ਉਨ੍ਹਾਂ ਦਾ ਸਹੀ ਸਮਾਂ ਨਿਸ਼ਚਿਤ ਕਰਨਾ ਕਾਫ਼ੀ ਹੱਦ ਤਕ ਧੁੰਦਲਾ ਜਿਹਾ ਹੋ ਗਿਆ ਹੈ।

ਭੱਟ ਵਹੀ ਤਲਉਂਡਾ ਪਰਗਣਾ ਜੀਂਦ ਦੀ ਇਕ ਟੂਕ ਅਨੁਸਾਰ ਗੁਰੂ ਜੀ ਦੀ ਰਿਹਾਈ ਸੰਮਤ 1676 (ਸੰਨ 1619 ਈਸਵੀ) ਵਿਚ ਹੋਈ। ਗਵਾਲੀਅਰ ਤੋਂ ਰਿਹਾਅ ਹੋਣ ਮਗਰੋਂ ਗੁਰੂ ਜੀ ਪਹਿਲਾਂ ਆਗਰਾ ਆਏ। ਇਥੋਂ ਗੁਰੂ ਜੀ ਸਿੱਧੇ ਅੰਮ੍ਰਿਤਸਰ ਜਾਣਾ ਚਾਹੁੰਦੇ ਸਨ ਕਿਉਂਕਿ ਗੁਰੂ-ਘਰ ਦਾ ਪਰਿਵਾਰ ਅਤੇ ਸੰਗਤਾਂ ਉਨ੍ਹਾਂ ਦਾ ਬੜੀ ਬੇਸਬਰੀ ਨਾਲ ਇੰਤਜ਼ਾਰ ਕਰ ਰਹੀਆਂ ਸਨ। ਜਹਾਂਗੀਰ ਉਨ੍ਹਾਂ ਦਿਨਾਂ ਵਿਚ ਕੁਝ ਬੀਮਾਰ ਸੀ। ਉਹ ਪੰਜਾਬ ਦੇ ਰਸਤੇ ਕਸ਼ਮੀਰ ਜਾਣਾ ਚਾਹੁੰਦਾ ਸੀ। ਇਸ ਲਈ ਉਹ ਵੀ ਗੁਰੂ ਜੀ ਦੇ ਨਾਲ ਹੀ ਪੰਜਾਬ

ਲਈ ਰਵਾਨਾ ਹੋ ਪਿਆ । ਵੈਸੇ ਵੀ 1607-08 ਤੋਂ ਬਾਅਦ ਉਹ ਪੰਜਾਬ ਨਹੀਂ ਸੀ ਆਇਆ । 1608 ਤੋਂ ਬਾਅਦ ਉਹ ਭਾਰਤ ਦੇ ਵੱਖ-ਵੱਖ ਪ੍ਰਾਂਤਾ ਵਿਚ ਬੇਚੈਨੀ ਅਤੇ ਗੜਬੜੀ ਨੂੰ ਦਬਾਉਣ ਵਿਚ ਰੁੱਝਾ ਰਿਹਾ ਸੀ । ਕੁਲਦੀਪ ਸਿੰਘ ਧੀਰ ਲਿਖਦਾ ਹੈ ਕਿ ਨੂਰਜਹਾਂ ਨੇ ਪਹਿਲੀ ਵਾਰ ਗੁਰੂ ਜੀ ਦੇ ਦਰਸ਼ਨ ਦਿੱਲੀ ਵਿਖੇ ਕੀਤੇ ਸਨ । ਜਿਥੇ ਗੁਰੂ ਜੀ ਨੇ ਉਸ ਨੂੰ ਸੱਚਾ ਸ਼ਿੰਗਾਰ ਕਰਨ ਦਾ ਉਪਦੇਸ਼ ਦੇਂਦਿਆਂ ਕਿਹਾ ਸੀ :

ਐਸੇ ਸਾਚ ਸਿੰਗਾਰ ਕਰ, ਪੁਤਰੀ, ਪਾਇ ਖੁਦਾਇ ॥

ਪ੍ਰਿੰਸੀਪਲ ਗੰਗਾ ਸਿੰਘ ਲਿਖਦੇ ਹਨ ਕਿ ਸ਼ਾਹੀ ਲਸ਼ਕਰ ਤੇ ਸਤਿਗੁਰਾਂ ਦਾ ਵਹੀਰ ਇਕੱਠੇ ਹੀ ਦਿੱਲੀਉਂ ਰਵਾਨਾ ਹੋਏ । ਜਗ੍ਹਾ-ਜਗ੍ਹਾ 'ਤੇ ਸੰਗਤਾਂ ਗੁਰੂ ਹਿਤ ਆਉਂਦੀਆਂ ਰਹੀਆਂ ਅਤੇ ਨਾਮ ਬਾਣੀ ਦੇ ਪ੍ਰਵਾਹ ਚਲਦੇ ਰਹੇ । ਸਤਿਗੁਰਾਂ ਦੇ ਇਸ ਭਾਰੀ ਪ੍ਰਤਾਪ ਨੂੰ ਤੱਕ ਜਿਥੇ ਸ਼ਾਹੀ ਲਸ਼ਕਰ ਅਤੇ ਬਾਦਸ਼ਾਹ ਤੇ ਸਤਿਗੁਰਾਂ ਦੇ ਦੈਵੀ ਤੇਜ ਦਾ ਪ੍ਰਭਾਵ ਪੈ ਰਿਹਾ ਸੀ, ਉਥੇ ਬੇਗਮਾਂ ਭੀ ਇਸ ਸਤਿਸੰਗ ਦੇ ਪ੍ਰਵਾਹ ਨੂੰ ਤੱਕ, ਗੁਰੂ-ਚਰਨਾਂ 'ਤੇ ਸ਼ਰਧਾ ਲਿਆ ਰਹੀਆਂ ਸਨ । ਓੜਕ ਉਨ੍ਹਾਂ ਇਕ ਦਿਨ, ਜਦ ਕਿ ਡੇਰੇ ਦਰਿਆ ਬਿਆਸ ਦੇ ਕਿਨਾਰੇ 'ਤੇ ਸਨ । ਬਾਦਸ਼ਾਹ ਕੋਲੋਂ ਆਗਿਆ ਲੈ ਗੁਰੂ-ਦਰਸ਼ਨਾਂ ਹਿੱਤ ਆਉਣ ਦਾ ਸੁਭਾਗ ਪ੍ਰਾਪਤ ਕਰ ਹੀ ਲਿਆ । ਮਹਾਰਾਣੀ ਨੂਰਜਹਾਂ, ਹੋਰ ਰਾਣੀਆਂ, ਉਨ੍ਹਾਂ ਦੇ ਮੁਸਾਹਿਬਾਂ ਅਤੇ ਦਾਸੀਆਂ ਦਾ ਸੰਗ ਗੁਰੂ-ਚਰਨਾਂ ਵਿਚ ਹਾਜ਼ਰ ਹੋਇਆ ਅਤੇ ਨਮਸ਼ਕਾਰ ਕਰ ਕੇ ਬੈਠ ਗਿਆ । ਸਤਿਗੁਰਾਂ ਨੇ ਆਪਣੀ ਅੰਮ੍ਰਿਤ ਬਾਣੀ ਦੁਆਰਾ ਉਨ੍ਹਾਂ ਨੂੰ ਨਿਹਾਲ ਕੀਤਾ । ਮਹਾਰਾਜ ਨੇ ਖ਼ਾਸ ਤੌਰ ਤੇ ਮਹਾਰਾਣੀ ਨੂੰ ਫਰਮਾਇਆ, "ਜਿਸ ਪ੍ਰਭੂ ਨੇ ਤੈਨੂੰ ਸੁੰਦਰਤਾ ਦਿੱਤੀ ਹੈ ਅਤੇ ਹੋਰ ਗੁਣ ਬਖ਼ਸ਼ੇ ਹਨ, ਉਸ ਨੂੰ ਸਦਾ ਚੇਤੇ ਰੱਖ । ਯਾਦੇ-ਇਲਾਹੀ ਵਿਚ ਲੱਗੇ ਰਹਿਣਾ ਅਤੇ ਖਾਵੰਦ ਦੀ ਵਫ਼ਾਦਾਰ ਇਸਤਰੀ ਹੋਣਾ ਹੀ ਜੰਨਤ ਦਾ ਅਧਿਕਾਰੀ ਬਣਾਉਂਦਾ ਹੈ । ਪ੍ਰਮੇਸ਼ਰ ਦਾ ਭੈਅ ਦਿਲ ਵਿਚ ਰੱਖ ਤੇ ਗੁਨਾਹਾਂ ਤੋਂ ਬਚੋ ।" ਬੇਗਮਾਂ ਅਤੇ ਉਨ੍ਹਾਂ ਦੀਆਂ ਸਾਥਣਾਂ ਇਹ ਜੀਵਨ-ਦਾਤਾ ਉਪਦੇਸ਼ ਸੁਣ, ਪ੍ਰੇਮ ਅਨੰਦ ਹੋ, ਵਾਪਸ ਆਈਆਂ ਅਤੇ ਨੂਰਜਹਾਂ ਨੇ ਸਾਰੀ ਗੱਲ ਬਾਦਸ਼ਾਹ ਕੋਲ ਕੀਤੀ ।

ਨੂਰਜਹਾਂ ਦੇ ਮਨ ਵਿਚ ਸ਼ੱਕ ਸੀ ਕਿ ਇਤਨੀ ਸੁਹਣੀ ਡੀਲ-ਡੌਲ ਤੇ ਭਰ-ਜੁਆਨੀ ਵਿਚ ਕੋਈ 'ਪੀਰ' ਸੁੰਦਰ ਇਸਤਰੀਆਂ ਨੂੰ ਵੇਖ ਕੇ ਆਪਣੇ ਮਨ 'ਤੇ ਕਿਵੇਂ ਕਾਬੂ ਰੱਖ ਸਕਦਾ ਹੈ ? ਪਰ ਜਦੋਂ ਆਪਣੇ ਤੋਂ ਵਡੇਰੀ ਅਤੇ ਹਿੰਦੁਸਤਾਨ ਦੀ ਖ਼ੂਬਸੂਰਤ ਮਲਿਕਾ ਨੂਰਜਹਾਂ ਨੂੰ ਗੁਰੂ ਜੀ 'ਪੁੱਤ੍ਰੀ' ਕਹਿ ਕੇ ਸੰਬੋਧਨ ਕੀਤਾ ਅਤੇ ਉਪਦੇਸ਼ ਦਿੱਤਾ ਤਾਂ 'ਪੀਰ' ਗੁਰੂ ਹਰਿਗੋਬਿੰਦ ਜੀ ਦੀ ਅਜ਼ਮਤ ਅੱਗੇ ਉਸ ਨੇ ਸਿਰ ਨਿਵਾ ਦਿੱਤਾ । ਗੁਰਬਿਲਾਸ ਪਾਤਸ਼ਾਹੀ ਛੇਵੀਂ ਦਾ ਕਰਤਾ ਲਿਖਦਾ ਹੈ :

ਹਾਵ ਭਾਵ ਬਹੁ ਬੇਗਮ ਕੀਨੇ ।
ਕੀ ਗੁਰੁ ਦ੍ਰਿਸ਼ਟ ਕਬਹੂ ਨਹਿ ਚੀਨੇ ।
ਐਸੇ ਤਬੈ ਸ੍ਰੀ ਗੁਰ ਬਚਨ ਅਲਾਇ ।
ਐਸੇ ਸਾਚ ਸਿੰਗਾਰ ਕਰ ਪੁਤ੍ਰੀ ਪਾਇ ਖੁਦਾਇ ॥ਚੌਪਈ॥
ਤਾਤੇ ਪੁਤ੍ਰੀ ਸਾਚ ਅਲਾਵੋ ।
ਨਿਸ ਦਿਨ ਸਾਚ ਸਿੰਗਾਰ ਬਨਾਵੋ ।

ਅਪਨਾ ਭਰਤਾ ਸਮਝ ਖੁਦਾਇ ।
ਅਹਿਨਿਸਿ ਤਾਕੀ ਸੇਵ ਕਮਾਇ ।।ਚੌਪਈ।।
ਯੌਂ ਸਮ ਔਰ ਜਗਤ ਫਲ ਨਾਹੀ ।
ਨਾਰ ਜਲੰਧਰ ਸਨਮੁਖ ਪਾਂਹੀ ।
ਐਸੇ ਗੁਰ ਕੇ ਬਚਨ ਸੁਨਾਇ ।
ਔਰ ਦਰਸ ਸ੍ਰੀ ਗੁਰ ਕਉ ਪਾਇ ।।ਦੋਹਰਾ।।
ਕਾਮ ਭਾਵਨਾ ਛਾਡ ਸਭ ਰਿਦੈ ਧਿਆਨ ਕੋ ਪਾਇ ।
ਸੱਮ ਪੀਰ ਗੁਰੂ ਜਾਨਕੇ ਪਰੀ ਚਰਨ ਲਪਟਾਇ ।।ਚੌਪਈ।।
ਸਾਡੋ ਪੁਤ੍ਰੀ ਗੁਰੂ ਅਲਾਯੋ ।
ਸਾਤੋ ਬੇਗਮ ਪਜਾਨ ਕਰਾਯੋ ।
ਆਇ ਸਾਹਿ ਕੋ ਬਾਤ ਅਲਾਈ ।
ਸਤਿ ਗੁਰੂ ਹੈ ਰੂਪ ਖੁਦਾਈ ।।

ਇਸ ਵਿਚ ਕੋਈ ਸ਼ੱਕ ਨਹੀਂ ਕਿ ਨੂਰਜਹਾਂ ਦੇ ਮਨ 'ਤੇ ਗੁਰੂ ਜੀ ਦੇ ਬਚਨਾਂ ਦਾ ਬਹੁਤ ਗਹਿਰਾ ਅਸਰ ਹੋਇਆ ਹੋਵੇਗਾ । ਨੂਰਜਹਾਂ ਦੇ ਸਭ ਜੀਵਨੀਕਾਰ ਇਹ ਗੱਲ ਕਰਦੇ ਹਨ ਕਿ ਜਿਸ ਤਰ੍ਹਾਂ ਉਸ ਨੇ ਆਪਣੇ ਪਤੀ ਜਹਾਂਗੀਰ ਦੀ ਸੇਵਾ ਕੀਤੀ ਉਹੋ ਜਹੀ ਸੇਵਾ ਵਿਰਲਿਆਂ ਦੇ ਹਿੱਸੇ ਹੀ ਆਉਂਦੀ ਹੈ । ਉਹ ਜਹਾਂਗੀਰ ਦੇ ਦੁੱਖ-ਸੁਖ ਵਿਚ ਇਸ ਤਰ੍ਹਾਂ ਸ਼ਰੀਕ ਹੁੰਦੀ ਰਹੀ ਜਿਵੇਂ ਉਸ ਦਾ ਸਵਰਗ ਹੀ ਉਸ ਦੇ ਕਦਮਾਂ ਵਿਚ ਹੋਵੇ । ਉਸ ਦੇ ਜੀਵਨ ਦੀ ਸਭ ਤੋਂ ਵੱਡੀ ਖੁਸ਼ੀ ਆਪਣੇ ਪ੍ਰੇਮੀ ਅਤੇ ਪਤੀ ਜਹਾਂਗੀਰ ਦੀ ਸੇਵਾ ਕਰਨੀ ਅਤੇ ਉਸ ਨੂੰ ਖੁਸ਼ ਰੱਖਣਾ ਸੀ । ਜਹਾਂਗੀਰ ਵੀ ਆਪਣੇ-ਆਪ ਨੂੰ ਹਮੇਸ਼ਾ ਉਸ ਦੇ ਹੱਥਾਂ ਵਿਚ ਮਹਿਫੂਜ਼ ਸਮਝਦਾ ਸੀ । ਨੂਰਜਹਾਂ ਉਸ ਦੀ ਪਤਨੀ ਸੀ, ਉਸ ਦੀ ਦੋਸਤ ਅਤੇ ਉਸ ਦੀ ਹਮਦਰਦ ਸੀ । ਉਸ ਨੇ ਗੋਇੰਦਵਾਲ ਰਹਿ ਕੇ ਜੋ ਉਪਦੇਸ਼ ਗੁਰੂ ਜੀ ਤੋਂ ਸੁਣਿਆ, ਉਸ ਨੂੰ ਉਸ ਨੇ ਆਪਣੇ ਜੀਵਨ ਦਾ ਇਕ ਅੰਗ ਬਣਾ ਲਿਆ ਸੀ ।

ਜਹਾਂਗੀਰ ਦਾ ਇਹ ਸ਼ਾਹੀ ਕਾਫ਼ਲਾ ਅਤੇ ਗੁਰੂ ਜੀ ਦੇ ਸੇਵਕਾਂ ਦਾ ਡੇਰਾ ਗੋਇੰਦਵਾਲ ਤੋਂ ਚਲ ਕੇ ਅੰਮ੍ਰਿਤਸਰ ਪਹੁੰਚਿਆ । ਗੁਰੂ ਜੀ ਦੇ ਆਉਣ ਦੀ ਖੁਸ਼ੀ ਵਿਚ ਨਗਰ ਵਿਚ ਦੀਪਮਾਲਾ ਕੀਤੀ ਗਈ । ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਨੂੰ ਬੜੀ ਖ਼ੂਬਸੂਰਤੀ ਨਾਲ ਸਜਾਇਆ ਗਿਆ । ਜਹਾਂਗੀਰ ਨੇ ਅੰਮ੍ਰਿਤ-ਸਰੋਵਰ ਦੀ ਪਰਿਕਰਮਾ ਕੀਤੀ ਅਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਵੀ ਕੀਤੇ । ਉਸ ਨੇ ਅਕਾਲ ਤਖਤ ਦੀ ਉਸਾਰੀ ਲਈ ਕੁਝ ਧਨ ਵੀ ਦੇਣਾ ਚਾਹਿਆ । ਪਰ ਗੁਰੂ ਜੀ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਸਾਡੇ ਸਿੱਖ ਸਮਾਂ ਪਾ ਕੇ ਇਸ ਨੂੰ ਆਪਣੇ ਆਪ ਬਣਾ ਲੈਣਗੇ । ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿਚ ਲਿਖਿਆ ਹੈ :

ਕਹਾ ਗੁਰੂ ਅਬ ਨਾਹਿ ਸੋਹਾਵੈ ।
ਸਮਾਂ ਪਾਇ ਇਹ ਅਧਿਕ ਬਣਾਵੈ ।

ਅੰਮ੍ਰਿਤਸਰ ਠਹਿਰਨ ਦੌਰਾਨ ਜਹਾਂਗੀਰ ਅਤੇ ਉਸ ਦੇ ਲਸ਼ਕਰ ਦਾ ਸਾਰਾ ਖ਼ਰਚ ਗੁਰੂ ਜੀ ਨੇ ਆਪਣੇ ਕੋਲੋਂ ਕੀਤਾ । ਆਪਣੇ ਅੰਮ੍ਰਿਤਸਰ ਦੇ ਨਿਵਾਸ ਸਮੇਂ ਜਹਾਂਗੀਰ ਅਤੇ

ਨੂਰਜਹਾਂ ਮਾਤਾ ਰੀਗਾ ਅਤੇ ਗੁਰੂ ਕੇ ਮਹਿਲਾਂ ਨੂੰ ਵੀ ਮਿਲੇ । ਜਹਾਂਗੀਰ ਨੇ ਆਪਣੀਆਂ ਪਹਿਲੀਆਂ ਭੁੱਲਾਂ ਦੀ ਮਾਫ਼ੀ ਮੰਗੀ :

ਜਾਇ ਮਾਤ ਚਰਨੀ ਲਮਾ ਮੁਹਰ ਪਾਂਚ ਸੈ ਧਾਰ ।
ਖਿਮਾਂ ਮਾਤ ਸਸ ਕੀਜੀਏ, ਮੁਖ ਸੋਂ ਕੀਨ ਉਚਾਰ ।

ਜਦੋਂ ਨੂਰਜਹਾਂ ਮਾਤਾ ਰੀਗਾ ਅਤੇ ਮਾਤਾ ਦਮੋਦਰੀ ਜੀ ਨੂੰ ਮਿਲੀ ਤਾਂ ਉਨ੍ਹਾਂ ਨੇ ਵੀ ਨੂਰਜਹਾਂ ਨੂੰ ਉਸੇ ਤਰ੍ਹਾਂ ਦਾ ਉਪਦੇਸ਼ ਦਿੱਤਾ ਜਿਸ ਤਰ੍ਹਾਂ ਦਾ ਗੁਰੂ ਹਰਿਗੋਬਿੰਦ ਜੀ ਨੇ ਉਸ ਨੂੰ ਦਿੱਤਾ ਸੀ :

ਜਾਇ ਮਾਤ ਕਾ ਦਰਸ ਕਰ ਲੇ ਪੂਰਾ ਨਿਜ ਸੰਗ
ਸਭ ਬੇਗਮ ਜਾਵਤ ਭਈ ਮਨ ਸੋਂ ਧਾਰ ਉਮੰਗ ॥ਚੌਪਈ॥
ਦਮੋਦਰੀ ਰੀਗ ਮਾਤ ਪਹਿ ਆਇ ।
ਬੇਗਮ ਪੂਜਾ ਧਰੀ ਮਹਾਇ ।
ਬਿਨੈ ਭਾਖ ਗੁਰੂ ਉਸਤਤਿ ਗਾਈ ।
ਕਹਾ ਮਾਤ ਗੁਰੂ ਐਸੇ ਆਈ ।
ਨਾਰ ਧਰਮ ਪਤਿ ਸੇਵਾ ਕਰੋ ।
ਦਮੋਦਰੀ ਕੇ ਇਮ ਬਚਨ ਸੁਨਾਇ ।
ਬੇਗਮ ਗਈ ਹਰਖ ਮਨ ਪਾਇ ॥

ਕੁਝ ਦਿਨ ਜਹਾਂਗੀਰ ਇਥੇ ਠਹਿਰ ਕੇ ਲਾਹੌਰ ਲਈ ਚੱਲ ਪਿਆ । ਉਥੋਂ ਉਸ ਨੇ ਕਸ਼ਮੀਰ ਜਾਣਾ ਸੀ । ਭੱਟ ਵਹੀ ਤਲਉਂਡਾ ਅਨੁਸਾਰ ਜਹਾਂਗੀਰ ਸੰਮਤ 1677 (ਸੰਨ 1620 ਈਸਵੀ) ਨੂੰ ਅੰਮ੍ਰਿਤਸਰ ਆਇਆ ਸੀ । ਡਾਕਟਰ ਬੈਨੀ ਪ੍ਰਸਾਦਿ ਵੀ ਜਹਾਂਗੀਰ ਦੇ ਲਾਹੌਰੋਂ ਚੱਲਣ ਦਾ ਸਾਲ ਵੀ 1620 ਹੀ ਦੇਂਦਾ ਹੈ । ਸਿੱਖ ਇਤਿਹਾਸਕਾਰ ਗੁਰੂ ਜੀ ਦਾ ਵੀ ਜਹਾਂਗੀਰ ਨਾਲ ਕਸ਼ਮੀਰ ਜਾਣਾ ਲਿਖਦੇ ਹਨ ।

ਇਨ੍ਹਾਂ ਹੀ ਦਿਨਾਂ ਵਿਚ ਇਕ ਹੋਰ ਬਖੇੜਾ ਹੋ ਗਿਆ । ਲਾਹੌਰ ਦੇ ਕਿਸੇ ਕਾਜ਼ੀ ਰੁਸਤਮ ਖ਼ਾਂ ਦੀ ਧੀ ਬੀਬੀ ਕੌਲਾਂ ਪਿਤਾ ਦੇ ਕੱਟੜ-ਪੰਥੀ ਅਤੇ ਨਿਰਦਈ ਸੁਭਾਅ ਕਾਰਨ ਮੀਆਂ ਮੀਰ ਜੀ ਦੇ ਕਹਿਣ ਤੇ ਗੁਰੂ ਹਰਿਗੋਬਿੰਦ ਜੀ ਦੀ ਸ਼ਰਨ ਵਿਚ ਆ ਗਈ । ਲਾਹੌਰ ਦੇ ਸ਼ਰੱਈ ਮੁਸਲਮਾਨ ਇਸ ਘਟਨਾ ਨੂੰ ਲੈ ਕੇ ਇਕ ਵੱਡਾ ਵਾਵਰੋਲਾ ਖੜ੍ਹਾ ਕਰਨਾ ਚਾਹੁੰਦੇ ਸਨ । ਉਨ੍ਹਾਂ ਬਾਦਸ਼ਾਹ ਪਾਸ ਇਸ ਦੀ ਸ਼ਿਕਾਇਤ ਕੀਤੀ ਕਿ ਮੁਸਲਮਾਨਾਂ ਦੀ ਇਹ ਧੀ ਸਿੱਖ ਗੁਰੂ ਦੀ ਸ਼ਰਨ ਵਿਚ ਚਲੀ ਗਈ ਹੈ । ਉਸ ਨੂੰ ਸ਼ਾਹੀ ਹੁਕਮ ਦੁਆਰਾ ਵਾਪਸ ਲਾਹੌਰ ਬੁਲਾਇਆ ਜਾਵੇ ਜਾਂ ਗੁਰੂ ਦੇ ਵਿਰੁੱਧ ਫ਼ੌਜੀ ਕਾਰਵਾਈ ਕਰ ਕੇ ਉਸ ਨੂੰ ਦੰਡ ਦਿੱਤਾ ਜਾਵੇ ਕਿ ਅਜਿਹਾ ਕਰ ਕੇ ਉਨ੍ਹਾਂ ਨੇ ਇਸਲਾਮ ਧਰਮ ਨੂੰ ਚੁਣੌਤੀ ਦਿੱਤੀ ਹੈ । ਜਹਾਂਗੀਰ ਬਾਦਸ਼ਾਹ ਅਤੇ ਨੂਰਜਹਾਂ ਜੋ ਗੁਰੂ ਜੀ ਦੀ ਸਦਾਚਾਰਣੇ ਉੱਚਤਾ ਦੇ ਪਹਿਲਾਂ ਹੀ ਕਾਇਲ ਹੋ ਚੁੱਕੇ ਸਨ, ਉਨ੍ਹਾਂ ਕਾਜ਼ੀ ਦੀਆਂ ਗੱਲਾਂ ਵੱਲ ਕੋਈ ਧਿਆਨ ਨਾ ਦਿੱਤਾ । ਇਹ ਇਕ ਅਜਿਹਾ ਮੌਕਾ ਸੀ ਜਦ ਜਹਾਂਗੀਰ ਦੇ ਗੁਰੂ-ਘਰ ਨਾਲ ਸੰਬੰਧ ਵਿਗੜ ਸਕਦੇ ਸਨ । ਪ੍ਰਿੰਸੀਪਲ ਰੀਗਾ ਸਿੰਘ ਅਨੁਸਾਰ ਨੂਰਜਹਾਂ ਅਤੇ ਮੀਆਂ ਮੀਰ ਨੇ ਇਸ ਘਟਨਾ ਨੂੰ ਮਾੜਾ ਰੂਪ ਧਾਰਨ ਕਰਨ ਤੋਂ ਬਚਾ ਲਿਆ ।

ਨੂਰਜਹਾਂ ਬੜੀ ਸੁਘੜ, ਸਿਆਣੀ ਅਤੇ ਦੂਰ-ਅੰਦੇਸ਼ ਔਰਤ ਸੀ। ਉਹ ਬੜੀ ਸਾਹਸੀ, ਨਿਡਰ ਅਤੇ ਸਰੀਰਕ ਤੌਰ ਤੇ ਬਲਵਾਨ ਸੀ। ਕਠਿਨ ਤੋਂ ਕਠਿਨ ਔਕੜ ਵਿਚ ਵੀ ਆਪਣਾ ਸੰਤੁਲਨ ਬਣਾਏ ਰੱਖਣਾ ਅਤੇ ਹਰ ਮੁਸੀਬਤ ਦਾ ਦ੍ਰਿੜ੍ਹਤਾ ਨਾਲ ਮੁਕਾਬਲਾ ਕਰ ਸਕਣ ਦੀ ਉਸ ਵਿਚ ਜੁਰੱਅਤ ਸੀ। ਜਦੋਂ ਮਹਾਬਤ ਖ਼ਾਂ ਨੇ ਉਸ ਦੇ ਪਤੀ ਨੂੰ ਗ੍ਰਿਫ਼ਤਾਰ ਕਰ ਲਿਆ ਤਾਂ ਇਹ ਨੂਰਜਹਾਂ ਹੀ ਸੀ ਜੋ ਆਪਣੀ ਬਹਾਦਰੀ ਅਤੇ ਸਿਆਣਪ ਨਾਲ ਆਪਣੇ ਪਤੀ ਨੂੰ ਛੁਡਾਉਣ ਵਿਚ ਕਾਮਯਾਬ ਹੋ ਸਕੀ ਸੀ। ਆਮ ਤੌਰ ਤੇ ਮਹਾਬਤ ਖ਼ਾਂ ਅਤੇ ਸ਼ਹਿਜ਼ਾਦਾ ਖੁਰਮ ਦੀ ਬਗਾਵਤ ਦਾ ਦੋਸ਼ ਉਸ ਦੇ ਸਿਰ ਮੜ੍ਹਿਆ ਜਾਂਦਾ ਹੈ। ਪਰ ਇਥੇ ਇਸ ਪ੍ਰਸ਼ਨ ਦੇ ਵਿਸਥਾਰ ਵਿਚ ਜਾਣਾ ਇਸ ਲੇਖ ਦਾ ਮਨੋਰਥ ਨਹੀਂ। ਜਿਤਨੀ ਦੇਰ ਜਹਾਂਗੀਰ ਬਾਦਸ਼ਾਹ ਜ਼ਿੰਦਾ ਰਿਹਾ ਨੂਰਜਹਾਂ ਨੇ ਆਪਣੀ ਪਦਵੀ ਅਤੇ ਸ਼ਕਤੀ ਨੂੰ ਪੂਰੀ ਤਰ੍ਹਾਂ ਨਾਲ ਇਸਤੇਮਾਲ ਕੀਤਾ ਪਰ 1627 ਵਿਚ ਜਹਾਂਗੀਰ ਦੀ ਮੌਤ ਹੋ ਜਾਣ ਮਗਰੋਂ ਉਹ ਦੇਸ਼ ਦੀ ਸਰਗਰਮ ਸਿਆਸਤ ਵਿਚੋਂ ਆਪਣੇ ਆਪ ਹੀ ਬਾਹਰ ਹੋ ਗਈ। ਆਪਣੀ ਜ਼ਿੰਦਗੀ ਦਾ ਬਾਕੀ ਸਮਾਂ ਉਸ ਨੇ ਗਰੀਬ ਬੱਚੀਆਂ ਦੀਆਂ ਸ਼ਾਦੀਆਂ, ਦੁਖੀ ਅਤੇ ਮਜ਼ਲੂਮਾਂ ਦੀ ਸਹਾਇਤਾ ਅਤੇ ਭਜਨ-ਬੰਦਗੀ ਵਿਚ ਬਿਤਾਉਣਾ ਸ਼ੁਰੂ ਕਰ ਦਿੱਤਾ। ਨੂਰਜਹਾਂ ਦੀ ਮੌਤ ਸੰਨ 1645 ਈਸਵੀ ਵਿਚ ਹੋਈ। ਉਸ ਦਾ ਮਕਬਰਾ ਲਾਹੌਰ ਵਿਚ ਸ਼ਾਹਦਰਾ ਦੇ ਮੁਕਾਮ 'ਤੇ ਬਣਿਆ ਹੋਇਆ ਹੈ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਜਹਾਂਗੀਰ ਅਤੇ ਗੁਰੂ ਹਰਿਗੋਬਿੰਦ ਸਾਹਿਬ ਵਿਚ ਪ੍ਰਸਪਰ ਮਿੱਤਰਤਾ ਅਤੇ ਸੁਖਾਵੇਂ ਸੰਬੰਧਾਂ ਪਿੱਛੇ ਨੂਰਜਹਾਂ ਦਾ ਬਹੁਤ ਵੱਡਾ ਹੱਥ ਸੀ। ਇਨ੍ਹਾਂ ਹਾਲਾਤ ਵਿਚ ਗੁਰੂ ਜੀ ਨੂੰ ਆਪਣੇ ਸਿੱਖਾਂ ਨੂੰ ਸੈਨਿਕ ਤੌਰ ਤੇ ਜਥੇਬੰਦ ਕਰਨ ਦਾ ਚੰਗਾ ਅਵਸਰ ਮਿਲ ਗਿਆ। ਇਹੋ ਸੈਨਿਕ ਸ਼ਕਤੀ ਅੱਗੇ ਚਲ ਕੇ ਮੁਗ਼ਲਾਂ ਨਾਲ ਦੋ-ਦੋ ਹੱਥ ਕਰਨ ਅਤੇ ਆਪਣੀ ਹੋਂਦ ਨੂੰ ਬਚਾਈ ਰੱਖਣ ਲਈ ਬੜੀ ਲਾਹੇਵੰਦ ਸਾਬਤ ਹੋਈ।

ਮਾਈ ਭਾਗੋ

ਬੀਬੀ ਭਾਗੋ ਦਾ ਬਚਪਨ ਦਾ ਨਾਮ ਭਾਗ ਭਰੀ ਸੀ ਜੋ ਲਾਡ-ਪਿਆਰ ਨਾਲ ਬੁਲਾਉਣ ਕਰ ਕੇ ਭਾਗੋ ਦੇ ਨਾਮ ਨਾਲ ਪ੍ਰਸਿੱਧ ਹੋਇਆ। ਸਿੱਖ ਇਤਿਹਾਸ ਵਿਚ ਉਹ ਮਾਈ ਭਾਗੋ ਦੇ ਨਾਮ ਨਾਲ ਹੀ ਜਾਣੀ ਜਾਂਦੀ ਹੈ। ਮਾਈ ਭਾਗੋ ਲੰਮੀ, ਉੱਚੀ ਤੇ ਭਰਵੇਂ ਚਿਹਰੇ ਵਾਲੀ ਬੀਬੀ ਸੀ। ਸੱਚ, ਸਿਦਕ ਅਤੇ ਨਿਰਭੈਤਾ ਉਸ ਦੇ ਗਹਿਣੇ ਸਨ। ਉਹ ਔਖੇ ਸਮੇਂ ਜੰਗ ਦੇ ਮੈਦਾਨ ਵਿਚ ਨਿੱਤਰੀ ਅਤੇ ਆਪਣੇ ਭਰਾਵਾਂ ਨੂੰ ਵੀ ਨਿੱਤਰਨ ਦੀ ਪ੍ਰੇਰਨਾ ਦਿੱਤੀ।

ਉਸ ਦੀ ਮੁੱਢਲੀ ਸਿੱਖਿਆ ਬਾਰੇ ਬਹੁਤਾ ਕੁਝ ਪਤਾ ਨਹੀਂ ਲੱਗਦਾ। ਪਰ ਇਸ ਕਿਸਮ ਦਾ ਉਲੇਖ ਜ਼ਰੂਰ ਮਿਲਦਾ ਹੈ ਕਿ ਉਸ ਨੂੰ ਵੀ ਆਪਣੇ ਸੂਰਬੀਰ ਪਿਤਾ ਵਾਂਗ ਸ਼ਸਤਰਾਂ ਦਾ ਅਭਿਆਸ ਕਰਨ ਦਾ ਸ਼ੌਕ ਸੀ। ਭਾਈ ਕਾਨ੍ਹ ਸਿੰਘ ਨਾਭਾ, ਭਾਈ ਸੰਤੋਖ ਸਿੰਘ, ਭਾਈ ਵੀਰ ਸਿੰਘ ਅਤੇ ਅਜੋਕਾ ਇਤਿਹਾਸਕਾਰ ਸ਼ਿੰਗਾਰਾ ਸਿੰਘ ਇਹ ਮੰਨਦੇ ਹਨ ਕਿ ਉਹ ਆਪਣੇ ਕੋਲ ਇਕ ਲੰਬੀ ਸਾਂਗ ਰੱਖਿਆ ਕਰਦੀ ਸੀ। ਸਾਂਗ ਇਕ ਕਿਸਮ ਦਾ ਨੇਜ਼ਾ ਸੀ, ਜਿਸ ਨਾਲ ਉਹ ਰੁੱਖਾਂ, ਬੂਟਿਆਂ ਤੇ ਝਾੜੀਆਂ ਨੂੰ ਵਿੰਨ੍ਹ ਕੇ ਭੇਗ ਦੇਣ ਦਾ ਅਭਿਆਸ ਕਰਿਆ

ਕਰਦੀ ਸੀ। ਬੇਸ਼ੱਕ ਪਿੰਡ ਵਾਲਿਆਂ ਵਾਸਤੇ ਇਹ ਇਕ ਅਜੀਬ ਜਿਹੀ ਗੱਲ ਸੀ ਕਿ ਕੋਈ ਕੁੜੀ ਹੱਥ ਵਿਚ ਸ਼ਸਤਰ ਧਾਰਨ ਕਰ ਕੇ ਕਿਸੇ ਨੌਜਵਾਨ ਵਾਂਗ ਸੈਨਿਕ ਅਭਿਆਸ ਕਰਦੀ ਫਿਰੇ। ਪਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖ ਧਰਮ ਵਿਚ ਆ ਰਿਹਾ ਪਰਿਵਰਤਨ ਇਹੋ ਜਿਹੀ ਇਕ ਮਾਤਰ ਘਟਨਾ ਨਾਲ ਪ੍ਰਤੱਖ ਦਿਖਾਈ ਦੇ ਰਿਹਾ ਸੀ ਕਿ ਹੁਣ ਇਸ ਖਿੱਤੇ (ਪੰਜਾਬ) ਦੇ ਲੋਕ ਹਰ ਜ਼ੁਲਮ ਦਾ ਮੁਕਾਬਲਾ ਤਲਵਾਰ ਨਾਲ ਕਰਨ ਦੇ ਯੋਗ ਹੋ ਗਏ ਹਨ।

ਬੀਬੀ ਭਾਗੋ ਕਈ ਵਾਰ ਅਨੰਦਪੁਰ ਸਾਹਿਬ ਗਈ ਸੀ। ਉਸ ਦਾ ਮੁਕਤਸਰ ਦੀ ਲੜਾਈ ਤੋਂ ਪਹਿਲਾਂ ਕਿਸੇ ਹੋਰ ਜੰਗ ਵਿਚ ਸ਼ਾਮਲ ਹੋਣ ਦਾ ਕੋਈ ਜ਼ਿਕਰ ਨਹੀਂ ਮਿਲਦਾ।

ਬੀਬੀ ਭਾਗੋ ਬਾਰੇ ਮਿਲਦੇ ਬਿਰਤਾਂਤ ਇਸ ਗੱਲ ਬਾਰੇ ਇਕ ਮੱਤ ਨਹੀਂ ਕਿ ਉਹ ਵਿਆਹੀ ਹੋਈ ਸੀ ਜਾਂ ਉਮਰ ਭਰ ਕੁਆਰੀ ਹੀ ਰਹੀ। 'ਗੁਰੂ ਪ੍ਰਤਾਪ ਸੂਰਜ ਗ੍ਰੰਥ' ਵਿਚ ਦਰਜ ਮਹਾਕਵੀ ਭਾਈ ਸੰਤੋਖ ਸਿੰਘ ਦੀਆਂ ਇਨ੍ਹਾਂ ਸਤਰਾਂ ਤੋਂ ਲੱਗਦਾ ਹੈ ਕਿ ਉਹ ਵਿਆਹੀ ਹੋਈ ਸੀ।

ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਕਿਤੇ ਵੀ ਮਾਈ ਭਾਗੋ ਦੇ ਵਿਆਹ ਦਾ ਜ਼ਿਕਰ ਨਹੀਂ ਕੀਤਾ। ਪਰ ਇਸ ਤੋਂ ਇਹ ਅੰਦਾਜ਼ਾ ਲਗਾ ਲੈਣਾ ਵੀ ਸਹੀ ਨਹੀਂ ਹੋਵੇਗਾ ਕਿ ਉਹ ਵਿਆਹੀ ਹੋਈ ਨਹੀਂ ਸੀ। ਸਾਖੀ ਪੋਥੀ ਅਨੁਸਾਰ ਉਹ ਗੁਰੂ ਜੀ ਪਾਸੋਂ ਪੁੱਤਰ ਦਾ ਵਰ ਮੰਗਣ ਆਈ ਸੀ, ਪਰ ਸਿੰਘਾਂ ਨੂੰ ਲੜਾਈ ਦੇ ਮੈਦਾਨ ਵਿਚ ਜੂਝਦੇ ਵੇਖ ਕੇ ਉਸ ਨੇ ਆਪਣਾ ਇਸਤਰੀ ਬਾਣਾ ਤਿਆਗ ਕੇ ਫ਼ਕੀਰੀ ਧਾਰਨ ਕਰ ਲਈ।

ਪੁੱਤਾਂ ਕਾਰਨ ਆਈ ਵੇ ਪੀਰੀ।
ਸੁੱਥਣ ਲਾਹ ਲਈ ਫਕੀਰੀ ॥

ਇਨ੍ਹਾਂ ਪੰਕਤੀਆਂ ਤੋਂ ਉਸ ਦੇ ਵਿਆਹੇ ਹੋਣ ਵਾਲੀ ਧਾਰਨਾ ਨੂੰ ਤਾਂ ਬਲ ਮਿਲਦਾ ਹੈ ਅਤੇ ਇਹ ਵੀ ਸੰਕੇਤ ਮਿਲਦਾ ਹੈ ਕਿ ਉਹ ਨਿਰਸੰਤਾਨ ਸੀ ਪਰ ਉਸ ਦੇ ਪਤੀ ਬਾਰੇ ਕੁਝ ਵੀ ਜਾਣਕਾਰੀ ਨਹੀਂ ਮਿਲਦੀ ਕਿ ਉਹ ਮੁਕਤਸਰ ਦੀ ਲੜਾਈ ਵਿਚ ਲੜਿਆ ਅਥਵਾ ਸ਼ਹੀਦ ਹੋਇਆ ਸੀ ਕਿ ਨਹੀਂ ? ਮੁਕਤਸਰ ਦੀ ਲੜਾਈ ਤੋਂ ਬਾਅਦ ਮਾਈ ਭਾਗੋ ਦੇ ਹੀ ਗੁਰੂ ਗੋਬਿੰਦ ਜੀ ਦੇ ਨਾਲ ਦੱਖਣ ਜਾਣ ਦੇ ਪ੍ਰਮਾਣ ਮਿਲਦੇ ਹਨ ਪਰ ਉਸ ਦੇ ਪਤੀ ਨਾਲ ਕੀ ਵਾਪਰੀ ਇਸ ਬਾਰੇ ਇਤਿਹਾਸ ਬਿਲਕੁਲ ਚੁੱਪ ਹੈ।

ਜਦੋਂ ਅਨੰਦਪੁਰ ਦੀ ਲੜਾਈ ਚਲ ਰਹੀ ਸੀ ਤਾਂ ਮਾਝੇ ਦੇ ਕਈ ਪਿੰਡਾਂ ਦੇ ਕੁਝ ਸਿੱਖ ਗੁਰੂ ਜੀ ਨੂੰ ਬੇਦਾਵਾ ਲਿਖ ਕੇ, ਦੇ ਕੇ, ਆਪਣੇ ਘਰਾਂ ਨੂੰ ਵਾਪਸ ਪਰਤ ਆਏ ਕਿ ਅੱਜ ਤੋਂ ਤੁਸੀਂ ਨਾ ਸਾਡੇ ਗੁਰੂ ਹੋ ਅਤੇ ਨਾ ਹੀ ਅਸੀਂ ਤੁਹਾਡੇ ਸਿੱਖ ਕਿਲ੍ਹੇ ਵਿਚ ਆਏ ਦਿਨ ਸਿੱਖਾਂ ਦੀ ਗਿਣਤੀ ਘਟਦੀ ਚਲੀ ਜਾ ਰਹੀ ਸੀ। ਬਹੁਤੇ ਸਿੰਘ ਸ਼ਹੀਦ ਹੋ ਚੁੱਕੇ ਸਨ, ਕਿਲ੍ਹੇ ਵਿਚ ਰਾਸ਼ਨ, ਪਾਣੀ ਦਾ ਵੀ ਗੰਭੀਰ ਸੰਕਟ ਪੈਦਾ ਹੋ ਗਿਆ ਸੀ। ਉੱਧਰ ਮੁਗ਼ਲ ਅਤੇ ਪਹਾੜੀ ਰਾਜੇ ਕਸਮਾਂ ਚੁੱਕ ਰਹੇ ਸਨ ਕਿ ਜੇ ਗੁਰੂ ਜੀ ਕਿਲ੍ਹਾ ਛੱਡ ਕੇ ਹੋਰ ਕਿਤੇ ਚਲੇ ਜਾਣ ਤਾਂ ਉਹ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਣਗੇ। ਕਿਲ੍ਹੇ ਵਿਚ ਬਚੇ ਹੋਏ ਸਿੰਘ ਵੀ ਇਸ ਗੱਲ 'ਤੇ ਜ਼ੋਰ ਦੇ ਰਹੇ ਸਨ ਕਿ ਉਨ੍ਹਾਂ ਨੂੰ ਮੁਗ਼ਲਾਂ ਅਤੇ ਪਹਾੜੀਆਂ ਦੀਆਂ ਕਸਮਾਂ 'ਤੇ

ਯਕੀਨ ਕਰ ਕੇ ਇਹ ਕਿਲ੍ਹਾ ਛੱਡ ਦੇਣਾ ਚਾਹੀਦਾ ਹੈ। ਆਖ਼ਰ 20 ਦਸੰਬਰ ਸੰਨ 1704 ਈਸਵੀ ਨੂੰ ਗੁਰੂ ਜੀ ਨੇ ਅਨੰਦਪੁਰ ਦਾ ਕਿਲ੍ਹਾ ਛੱਡਣ ਦਾ ਫ਼ੈਸਲਾ ਕਰ ਲਿਆ। ਗੁਰੂ ਜੀ ਦੁਆਰਾ ਕਿਲ੍ਹਾ ਛੱਡਣ ਦੀ ਦੇਰ ਸੀ ਕਿ ਵੈਰੀ ਸੈਨਾ ਆਪਣੀਆਂ ਕਸਮਾਂ ਨੂੰ ਛਿੱਕੇ 'ਤੇ ਟੰਗ ਕੇ ਗੁਰੂ ਜੀ ਦੇ ਪਰਿਵਾਰ ਅਤੇ ਸਿੱਖਾਂ 'ਤੇ ਟੁੱਟ ਕੇ ਪੈ ਗਏ। ਗੁਰੂ ਜੀ ਕੀਰਤਪੁਰ ਦੇ ਰਸਤੇ ਰੋਪੜ ਵੱਲ ਵਧੇ। ਸਿਰਸੇ ਪਹੁੰਚ ਕੇ ਉਨ੍ਹਾਂ ਦਾ ਸਾਰਾ ਪਰਿਵਾਰ ਉਨ੍ਹਾਂ ਤੋਂ ਵਿਛੜ ਗਿਆ। ਗੁਰੂ ਜੀ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘਾਂ ਸਮੇਤ ਚਮਕੌਰ ਦੀ ਗੜ੍ਹੀ ਵਿਖੇ ਪਹੁੰਚੇ। ਇਸ ਲੜਾਈ ਵਿਚ ਉਨ੍ਹਾਂ ਦੇ ਦੋਵੇਂ ਵੱਡੇ ਸਪੁੱਤਰ ਅਤੇ ਸਾਰੇ ਸਿੰਘ ਸ਼ਹੀਦ ਹੋ ਗਏ। ਗੁਰੂ ਜੀ ਚਮਕੌਰ ਤੋਂ ਚਲ ਕੇ ਮਾਛੀਵਾੜੇ ਪੁੱਜੇ ਅਤੇ ਇਥੋਂ ਪਿੰਡ ਲਲੀ, ਰਾਮਪੁਰ, ਆਲਮਗੀਰ, ਜੋਧ, ਮੋਹੀ, ਲੰਮੇ ਜੱਟਪੁਰੇ, ਸਲਿਆਣੀ, ਤਖ਼ਤਪੁਰਾ ਤੇ ਮਸੇਲ ਪਿੰਡਾਂ ਵਿਚੋਂ ਹੁੰਦੇ ਹੋਏ ਦੀਨੇ ਪਹੁੰਚੇ। ਇਥੋਂ ਹੀ ਗੁਰੂ ਜੀ ਨੇ ਔਰੰਗਜ਼ੇਬ ਦੇ ਨਾਮ ਉਹ ਇਤਿਹਾਸਕ ਚਿੱਠੀ ਲਿਖੀ ਜਿਸ ਨੂੰ 'ਜ਼ਫ਼ਰਨਾਮਾ' (ਭਾਗ ਵਿਜੈ ਪੱਤਰ) ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਚਿੱਠੀ ਵਿਚ ਜਿਥੇ ਗੁਰੂ ਜੀ ਨੇ ਔਰੰਗਜ਼ੇਬ ਦੇ ਫਰੇਬਾਂ ਦੀ ਲੰਮੀ ਕਹਾਣੀ ਲਿਖੀ ਹੈ, ਉਥੇ ਨਾਲ ਇਹ ਵੀ ਲਿਖਿਆ ਹੈ ਕਿ ਉਨ੍ਹਾਂ (ਗੁਰੂ ਗੋਬਿੰਦ ਸਿੰਘ ਜੀ) ਨੂੰ ਤਲਵਾਰ ਕਿਉਂ ਚੁੱਕਣੀ ਪਈ। ਉਨ੍ਹਾਂ ਲਿਖਿਆ ਕਿ ਜਦੋਂ ਸਾਰੇ ਹੀਲੇ ਕ੍ਰਮ ਕਰਨੋਂ ਰਹਿ ਜਾਣ ਤਾਂ ਤਲਵਾਰ ਚੁੱਕਣੀ 'ਧਰਮ' ਹੈ, ਜਾਇਜ਼ ਹੈ।

ਦੀਨੇ ਤੋਂ ਚਲ ਕੇ ਗੁਰੂ ਜੀ ਮਾਨਾਂ ਦੇ ਬੁਰਜ, ਭਦੌੜ, ਜਲਾਲ, ਦੀਪਾਲਪੁਰਾ, ਭਗਤਾ, ਪੱਤੋ, ਜੈਤੋ, ਢਿਨਵਾਂ ਅਤੇ ਕੋਟਕਪੂਰੇ ਆਦਿ ਥਾਵਾਂ ਤੋਂ ਹੁੰਦੇ ਹੋਏ ਖਿਦਰਾਣੇ ਦੀ ਢਾਬ (ਮੁਕਤਸਰ) ਪਹੁੰਚੇ। ਹੁਣ ਤਕ ਗੁਰੂ ਜੀ ਕੋਲ ਫਿਰ ਇਕ ਤਕੜੀ ਸੈਨਾ ਇਕੱਠੀ ਹੋ ਗਈ ਸੀ। ਗੁਰੂ ਜੀ ਨੂੰ ਪਤਾ ਲੱਗ ਚੁੱਕਾ ਸੀ ਕਿ ਬਾਦਸ਼ਾਹੀ ਹੁਕਮ ਨਾਲ ਸੂਬਾ ਸਰਹੰਦ ਦੀਆਂ ਫ਼ੌਜਾਂ ਬੜੀ ਤੇਜ਼ੀ ਨਾਲ ਉਨ੍ਹਾਂ ਦਾ ਪਿੱਛਾ ਕਰਦੀਆਂ ਉਧੱਰ ਹੀ ਆ ਰਹੀਆਂ ਹਨ। ਗੁਰੂ ਜੀ ਨੇ ਢਾਬ ਦੇ ਨੇੜੇ ਹੀ ਉਨ੍ਹਾਂ ਨਾਲ ਜੰਗ ਕਰਨ ਦਾ ਫੈਸਲਾ ਕਰ ਲਿਆ। ਇਹ ਗੁਰੂ ਜੀ ਦੀ ਮੁਗਲਾਂ ਵਿਰੁੱਧ ਆਖ਼ਰੀ ਲੜਾਈ ਸੀ। ਸਿੱਖ ਇਤਿਹਾਸ ਵਿਚ ਇਹ ਲੜਾਈ ਮੁਕਤਸਰ ਦੀ ਜੰਗ ਕਰ ਕੇ ਪ੍ਰਸਿੱਧ ਹੈ। ਮਾਈ ਭਾਗੋ ਇਸੇ ਜੰਗ ਵਿਚ ਬੜੀ ਬਹਾਦਰੀ ਨਾਲ ਲੜੀ ਅਤੇ ਗੰਭੀਰ ਰੂਪ ਵਿਚ ਫੱਟੜ ਹੋਈ। ਇਹ ਜੰਗ 20 ਮਈ ਸੰਨ 1705 ਨੂੰ ਹੋਈ ਸੀ।

ਪ੍ਰਿੰਸੀਪਲ ਸ਼ਿੰਗਾਰਾ ਸਿੰਘ ਨੇ 'ਇਤਿਹਾਸਕ ਬ੍ਰਿਤਾਂਤ ਪਿੰਡ ਝਬਾਲ ਤੇ ਮਾਈ ਭਾਗੋ' ਵਿਚ ਜੰਗ ਦਾ ਵੇਰਵਾ ਦੇਂਦਿਆਂ ਲਿਖਿਆ ਹੈ ਕਿ ਜਦੋਂ ਇਹ ਲੋਕ (ਜੋ ਬੇਦਾਵਾ ਲਿਖ ਕੇ ਆਏ ਸਨ) ਘਰ ਪਹੁੰਚੇ ਤਾਂ ਘਰੋਂ ਫਿਟਕਾਰਾਂ ਪਈਆਂ। ਆਖ਼ਰ ਇਸ ਕਾਲਖ ਨੂੰ ਧੋਣ ਲਈ ਮਾਈ ਭਾਗੋ ਨੇ ਘੋੜੇ 'ਤੇ ਚੜ੍ਹ ਕੇ ਪੱਲੂ ਫੇਰਿਆ। ਇਹ ਵਹੀਰ ਝਬਾਲ ਜਾਂ ਪੱਟੀ ਦੀ ਰੱਖ ਵਿਚ ਇਕੱਠੀ ਹੋਈ ਅਤੇ ਮਾਲਵੇ ਵਲ ਨੂੰ ਚਲ ਪਈ। ਇਨ੍ਹਾਂ ਸਿੰਘਾਂ ਵਿਚ ਕੁਝ ਬੇਦਾਵੇ ਵਾਲੇ ਵੀ ਸਨ ਅਤੇ ਕੁਝ ਨਵੇਂ। ਇਨ੍ਹਾਂ ਨੂੰ ਪਤਾ ਲੱਗਾ ਕਿ ਮੁਗਲ ਫ਼ੌਜ ਨੇੜੇ ਹੀ ਹੈ ਤਾਂ ਇਨ੍ਹਾਂ ਨੇ ਰਸਤੇ ਵਿਚ ਰੋਕਣ ਅਤੇ ਸ਼ਹੀਦੀਆਂ ਪਾਉਣ ਦਾ ਫ਼ੈਸਲਾ ਕਰ ਲਿਆ। ਇਸ ਜਥੇ ਦੀ ਕਮਾਨ ਮਾਈ ਭਾਗੋ ਅਤੇ ਪਿੰਡ ਰਟੌਲਾਂ (ਜ਼ਿਲ੍ਹਾ ਅੰਮ੍ਰਿਤਸਰ) ਦੇ ਸ: ਮਹਾਂ ਸਿੰਘ ਕਰ ਰਹੇ ਸਨ। ਸਿੰਘ ਥੋੜ੍ਹੇ ਹੀ ਸਨ, ਇਸ ਲਈ ਇਨ੍ਹਾਂ ਨੇ ਸੁੱਕੇ ਝਾੜਾਂ

'ਤੇ ਕਛਹਿਰੇ ਅਤੇ ਚਾਦਰਾਂ ਪਾ ਦਿੱਤੀਆਂ ਤਾਂ ਕਿ ਸਿੰਘਾਂ ਦੀ ਇਹ ਇਕ ਤਕੜੀ ਛਾਉਣੀ ਲੱਗੇ। ਗੁਰੂ ਜੀ ਵੀ ਖਿਦਰਾਣੇ ਦੀ ਢਾਬ ਦੇ ਲਾਗੇ ਹੀ ਇਕ ਉੱਚੀ ਟਿੱਬੀ 'ਤੇ ਬੈਠੇ ਮੁਗਲ ਸੈਨਾ ਉੱਪਰ ਤੀਰਾਂ ਦੀ ਵਰਖਾ ਕਰ ਰਹੇ ਸਨ। ਸ: ਮਹਾਂ ਸਿੰਘ ਅਤੇ ਉਸ ਦੇ ਸਾਥੀ ਬੀਰਤਾ ਨਾਲ ਲੜੇ। ਮਾਈ ਭਾਗੋ ਜੋ ਕਿ ਮਰਦਾਨੇ ਭੇਸ ਵਿਚ ਘੋੜੇ 'ਤੇ ਸਵਾਰ ਇਸ ਜੰਗ ਵਿਚ ਸ਼ਰੀਕ ਹੋਈ ਸੀ, ਮੰਨੋ ਜਿਵੇਂ 'ਚੰਡੀ' ਦਾ ਰੂਪ ਬਣੀ ਹੋਈ ਸੀ। ਉਹ ਬੜੀ ਬਹਾਦਰੀ ਨਾਲ ਲੜੀ, ਤੇ ਉਸ ਨੇ ਕਈ ਮੁਗਲਾਂ ਨੂੰ ਆਪਣੀ ਸਾਂਗ ਨਾਲ ਪਰੋ ਕੇ ਧਰਤੀ 'ਤੇ ਲਿਟਾ ਦਿੱਤਾ। ਆਖ਼ਰ ਉਹ ਵੀ ਲਹੂ-ਲੁਹਾਣ ਹੋ ਕੇ ਮੈਦਾਨੇ-ਜੰਗ ਵਿਚ ਡਿੱਗ ਪਈ। ਮੁਗਲ ਸਿਪਾਹੀਆਂ ਨੂੰ ਆਸ ਨਹੀਂ ਸੀ ਕਿ ਚਮਕੌਰ ਦੀ ਜੰਗ ਵਿਚ ਸਭ ਕੁਝ ਗੁਆ ਕੇ ਆਏ ਗੁਰੂ ਕੋਲ ਫਿਰ ਇਤਨੀ ਜਲਦੀ ਧਰਮ ਤੋਂ ਕੁਰਬਾਨ ਹੋਣ ਵਾਲੇ ਸਿਰਲੱਥ ਸੂਰਮਿਆਂ ਦੀ ਇਕ ਭਾਰੀ ਸੈਨਾ ਇਕੱਠੀ ਹੋ ਜਾਵੇਗੀ। ਉਹ ਬਠਿੰਡੇ ਦੇ ਇਲਾਕੇ ਦੀ ਗਰਮੀ, ਪਾਣੀ ਦੀ ਤੰਗੀ ਅਤੇ ਸਿੱਖਾਂ ਦੀ ਬਹਾਦਰੀ ਅੱਗੇ ਬਹੁਤੀ ਦੇਰ ਨਾਂ ਟਿਕ ਸਕੇ ਅਤੇ ਮੈਦਾਨ ਛੱਡ ਕੇ ਭੱਜ ਗਏ। ਖਿਦਰਾਣੇ ਦੀ ਇਸ ਜੰਗ ਨੂੰ ਸਿੱਖ ਇਤਿਹਾਸ ਵਿਚ ਮੁਕਤਸਰ ਦੀ ਜੰਗ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਥੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਹੀਦ ਸਿੰਘਾਂ ਨੂੰ ਮੁਕਤਿਆਂ ਦਾ ਵਰ ਦੇ ਕੇ ਬੇਦਾਵੇ ਵਾਲਾ ਕਾਗ਼ਜ਼ ਫਾੜਿਆ ਅਤੇ ਫਿਰ ਟੁੱਟੀ ਗੰਢੀ। ਟੁੱਟੇ ਹੋਏ ਸਿੰਘਾਂ ਨੂੰ ਫਿਰ ਗੁਰੂ ਨਾਲ ਜੋੜਨ ਵਿਚ ਸਭ ਤੋਂ ਅਹਿਮ ਰੋਲ ਮਾਈ ਭਾਗੋ ਦਾ ਸੀ, ਜਿਹੜੀ ਆਪ ਉਨ੍ਹਾਂ ਨਾਲ ਰਲ ਕੇ ਲੜਾਈ ਦੇ ਮੈਦਾਨ ਵਿਚ ਸ਼ੇਰਾਂ ਵਾਂਗ ਗਰਜੀ ਤੇ ਸ਼ਰੀਕ ਹੋਈ ਸੀ।

ਜਦੋਂ ਗੁਰੂ ਜੀ ਸ਼ਹੀਦ ਹੋਏ ਸਿੰਘਾਂ ਨੂੰ ਪੰਜ ਹਜ਼ਾਰੀ, ਦਸ ਹਜ਼ਾਰੀ ਅਤੇ 'ਮੁਕਤ' ਹੋਏ ਦਾ ਵਰਦਾਨ ਦੇ ਰਹੇ ਸਨ ਤਾਂ ਕਿਸੇ ਸਿੱਖ ਨੇ ਆ ਕੇ ਦੱਸਿਆ ਕਿ ਗੰਭੀਰ ਰੂਪ ਵਿਚ ਜ਼ਖ਼ਮੀ ਹੋਏ ਸਿੰਘਾਂ ਵਿਚਕਾਰ ਇਕ ਬੀਬੀ ਵੀ ਬੇਸੁਰਤ ਪਈ ਹੈ। ਗੁਰੂ ਜੀ ਉਸ ਨੂੰ ਲੜਾਈ ਦੇ ਮੈਦਾਨ ਵਿਚੋਂ ਚੁਕਵਾ ਕੇ ਡੇਰੇ ਲੈ ਆਏ। ਇਥੇ ਉਸ ਦੇ ਜ਼ਖ਼ਮਾਂ ਦਾ ਇਲਾਜ ਕੀਤਾ ਗਿਆ। ਹੋਸ਼ ਆਉਣ ਤੇ ਉਸ ਨੇ ਆਪਣੀ ਸਾਰੀ ਵਿਥਿਆ ਗੁਰੂ ਜੀ ਨੂੰ ਕਹਿ ਸੁਣਾਈ ਕਿ ਕਿਸ ਤਰ੍ਹਾਂ ਉਹ ਪਿੰਡਾਂ ਵਿਚੋਂ ਸਿੰਘਾਂ ਦਾ ਜੱਥਾ ਜੋੜ ਕੇ ਖਿਦਰਾਣੇ ਪਹੁੰਚੀ ਸੀ। ਸਾਖੀ ਪੋਥੀ ਵਾਲਾ ਲਿਖਦਾ ਹੈ ਕਿ "ਗੁਰੂ ਜੀ ਕੀ ਵਡੀ ਖੁਸ਼ੀ ਸੀ ਓਸ ਉਤੇ। ਤਿਸੀ ਦਿਨ ਤੇ ਗੁਰੂ ਜੀ ਕੇ ਬਹੀਰ ਕੇ ਸਾਥ ਰਹਿੰਦੀ। ਗੁਰੂ ਜੀ ਕੇ ਪਲੰਘ ਕਾ ਪਹਿਰਾ ਦੇਂਦੀ ਦਸਾਂ ਸਿੰਘਾਂ ਨਾਲ। ਸਭ ਕੋਈ ਤਿਸਕਾ ਅਦਬ ਕਰਦਾ, ਦੇਵੀ ਜਾਣਕੇ। ਸਵਾ ਮਣ ਕੀ ਸਾਂਗ ਰਖਦੀ... (ਉਸ) ਵੱਡਾ ਕੰਮ ਕੀਤਾ, ਟੁੱਟੀ ਮੇਲੀ..."

ਬੇਸ਼ੱਕ ਮੁਕਤਸਰ ਵਿਖੇ ਮਾਈ ਭਾਗੋ ਦੇ ਨਾਮ ਨਾਲ ਸੰਬੰਧਿਤ ਕੋਈ ਵੱਖਰਾ ਗੁਰਦੁਆਰਾ ਨਹੀਂ ਬਣਿਆ ਹੋਇਆ ਪਰ ਗੁਰਦੁਆਰਾ ਸ਼ਹੀਦ ਗੰਜ, ਟੁੱਟੀ ਗੰਢੀ ਅਤੇ ਟਿੱਬੀ ਸਾਹਿਬ ਉਸ ਜੰਗ ਦੀ ਯਾਦ ਤਾਜ਼ਾ ਕਰਾਉਂਦੇ ਹਨ ਜਿਸ ਵਿਚ ਭਾਈ ਮਹਾਂ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਿੰਘ ਸ਼ਹੀਦ ਹੋਏ ਸਨ ਅਤੇ ਮਾਈ ਭਾਗੋ ਨੇ ਬੜੀ ਵੀਰਤਾ ਤੇ ਸਾਹਸ ਨਾਲ ਜੰਗ ਵਿਚ ਭਾਗ ਲਿਆ ਸੀ। ਹਰ ਸਾਲ ਮਾਘੀ ਦੇ ਮੌਕੇ 'ਤੇ ਇਥੇ ਬੜਾ ਭਾਰੀ ਦੀਵਾਨ ਸਜਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼ ਵਿਚ ਲਿਖਦੇ ਹਨ ਕਿ ਮਾਈ ਭਾਗੋ ਦਾ ਇਕ

ਬੁੰਗਾ ਅਬਚਲ ਨਗਰ (ਹਜ਼ੂਰ ਸਾਹਿਬ) ਵਿਚ ਵੀ ਹੈ। ਹੁਣ ਇਸ ਬੁੰਗੇ ਦੇ ਨਾਲ ਇਕ ਨਵੀਂ ਇਮਾਰਤ ਤਾਮੀਰ ਹੋ ਚੁੱਕੀ ਹੈ ਅਤੇ ਪੂਰਾ ਗੁਰਦੁਆਰਾ ਸੰਗਮਰਮਰ ਦਾ ਬਣਿਆ ਹੋਇਆ ਹੈ। ਇਸ ਵਿਚ ਤਿੰਨ ਥੜ੍ਹੇ ਹਨ। ਇਕ ਥੜ੍ਹਾ ਭਾਈ ਦਇਆ ਸਿੰਘ, ਦੂਜਾ ਭਾਈ ਧਰਮ ਸਿੰਘ ਦਾ ਅਤੇ ਤੀਜਾ ਥੜ੍ਹਾ ਮਾਈ ਭਾਗੋ ਦਾ ਹੈ। ਗੁਰਦੁਆਰਾ ਸਾਹਿਬ ਦਾ ਨਾਮ 'ਸਮਾਧਾਂ ਮਾਈ ਭਾਗੋ, ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਹੈ। ਇਹ ਗੁਰਦੁਆਰਾ ਹਰਿਮੰਦਰ ਸਾਹਿਬ (ਸੱਚਖੰਡ) ਦੇ ਸੱਜੇ ਪਾਸੇ ਹੈ। ਬੁੰਗੇ ਦਾ ਕਬਜ਼ਾ ਜੱਦੀ-ਪੁਸ਼ਤੀ ਚਲੇ ਆ ਰਹੇ ਮਹੰਤਾਂ ਕੋਲ ਹੈ। ਇਨ੍ਹਾਂ ਮਹੰਤਾਂ ਨੂੰ (ਬੁੰਗਈ) ਆਖਦੇ ਹਨ।

ਮਾਈ ਭਾਗੋ ਦਾ ਚਰਿੱਤਰ

ਮਾਈ ਭਾਗੋ ਉੱਚੇ ਕੱਦ ਅਤੇ ਭਰਵੇਂ ਚਿਹਰੇ ਵਾਲੀ ਬੀਬੀ ਸੀ। ਉਸ ਦੀ ਆਵਾਜ਼ ਵਿਚ ਸ਼ੇਰਾਂ ਵਰਗੀ ਗਰਜ ਅਤੇ ਜ਼ਿਹਨ ਵਿਚ ਅਜਿਹੇ ਤਬਕ ਭਰੇ ਪਏ ਸਨ ਜਿਨ੍ਹਾਂ ਸਦਕਾ ਉਹ ਰਾਹ ਤੋਂ ਭਟਕੇ ਵੀਰਾਂ ਨੂੰ ਮੁੜ ਗੁਰੂ ਦੀ ਸ਼ਰਨ ਵਿਚ ਲੈ ਆਈ ਸੀ। ਉਹ ਸੂਰਬੀਰਤਾ ਅਤੇ ਨਿਡਰਤਾ ਵਿਚ ਬੇਸਿਮਾਲ ਸੀ। ਉਸ ਦੀਆਂ ਬਾਂਹਵਾਂ ਵਿਚ ਕਿਸੇ ਵੀ ਫੌਲਾਦੀ ਪੁਰਸ਼ ਵਰਗੀ ਸ਼ਕਤੀ ਭਰੀ ਹੋਈ ਸੀ। ਇਸੇ ਕਰ ਕੇ ਉਸ ਨੇ ਆਪਣੀ ਸਾਂਗ (ਨੇਜ਼ੇ) ਨਾਲ ਕਈ ਮੁਗਲ ਵੈਰੀਆਂ ਨੂੰ ਪਰੋ ਕੇ ਮੈਦਾਨੇ-ਜੰਗ ਵਿਚ ਜ਼ਮੀਨ 'ਤੇ ਲਿਟਾ ਦਿੱਤਾ ਸੀ। ਇਸ ਸ਼ਕਤੀ ਦਾ ਆਧਾਰ ਉਹ ਗੁਰੂ ਦੀ ਬਖ਼ਸ਼ਿਸ਼ ਨੂੰ ਸਮਝਦੀ ਸੀ। ਉਸ ਦੇ ਜੀਵਨ ਉੱਪਰ ਗੁਰੂ ਹਰਿਗੋਬਿੰਦ ਜੀ ਦੇ ਯੁੱਧਾਂ, ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਬੀਰ-ਰਸੀ ਰੂਪ ਅਤੇ ਕੁਰਬਾਨੀਆਂ ਦਾ ਬੜਾ ਪ੍ਰਭਾਵ ਪਿਆ ਸੀ। ਇਸੇ ਕਰ ਕੇ ਉਹ ਘਰ ਦਾ ਮੋਹ-ਪਿਆਰ ਤਿਆਗ ਕੇ ਹਮੇਸ਼ਾ ਲਈ ਗੁਰੂ ਦੀ ਸ਼ਰਨ ਵਿਚ ਆ ਗਈ ਸੀ। ਉਹ ਇਕ ਚੰਗੀ ਘੋੜਸਵਾਰ ਅਤੇ ਸ਼ਸਤਰ-ਵਿਦਿਆ ਵਿਚ ਨਿਪੁੰਨ ਸੀ। ਸਿੱਖ ਬੀਬੀਆਂ ਵਿਚ ਸਿਰ 'ਤੇ ਜੂੜਾ ਕਰਨ ਅਤੇ ਦਸਤਾਰ ਸਜਾਉਣ ਦੀ ਪਰੰਪਰਾ ਦੀ ਸ਼ੁਰੂਆਤ ਉਸ ਤੋਂ ਹੀ ਹੋਈ ਜਾਪਦੀ ਹੈ। ਜਦੋਂ ਉਹ ਮਰਦਾਂ ਵਾਲੇ ਵਸਤਰ ਧਾਰਨ ਕਰ ਕੇ, ਹੱਥ ਵਿਚ ਲੰਮੀ ਤੇ ਭਾਰੀ ਸਾਂਗ ਲੈ ਕੇ ਜੰਗ ਦੇ ਮੈਦਾਨ ਵਿਚ ਨਿੱਤਰਦੀ ਸੀ ਤਾਂ ਵੈਰੀ ਉਸ ਦੀ ਬੀਰਤਾ ਵੇਖ ਕੇ ਦੰਗ ਰਹਿ ਜਾਂਦੇ ਸਨ। ਗੁਰੂ ਗੋਬਿੰਦ ਸਿੰਘ ਜੀ ਦੀ ਉਸ 'ਤੇ ਅਪਾਰ ਬਖ਼ਸ਼ਿਸ਼ ਸੀ। ਆਪ ਨੇ ਉਸ ਨੂੰ ਜੀਵਨ-ਮੁਕਤ ਹੋਣ ਦਾ ਵਰ ਦੇ ਕੇ 'ਜੀਵਨ-ਮੁਕਤ' ਕਰ ਦਿੱਤਾ ਸੀ।

ਉਹ ਸਦਾ ਤਿਆਰ-ਬਰ-ਤਿਆਰ ਹੋ ਕੇ ਗੁਰੂ ਜੀ ਦੀ ਅਰਦਲ ਵਿਚ ਰਹੀ ਅਤੇ ਜਿਤਨੀ ਦੇਰ ਤਕ ਜੀਵਿਤ ਰਹੀ ਇਕ ਨਿਸ਼ਕਾਮ ਮਿਸ਼ਨਰੀ ਦੀ ਤਰ੍ਹਾਂ ਸਿੱਖੀ ਦਾ ਪ੍ਰਚਾਰ ਕਰਦੀ ਰਹੀ।

ਮਾਈ ਭਾਗੋ ਦੀ ਮਿਸਾਲ ਅੱਜ ਤਕ ਸਿੱਖ ਬੀਬੀਆਂ ਲਈ ਪ੍ਰੇਰਨਾ ਦਾ ਸ੍ਰੋਤ ਬਣੀ ਹੋਈ ਹੈ। ਅਠਾਰ੍ਹਵੀਂ ਸਦੀ ਦੇ ਸੰਕਟਮਈ ਕਾਲ, ਸਿੱਖ ਮਿਸਲਾਂ ਦੀ ਚੜ੍ਹਤ, ਰਾਣੀ ਸਦਾ ਕੌਰ, ਰਾਣੀ ਸਾਹਿਬ ਕੌਰ, ਮਹਾਰਾਜਾ ਰਣਜੀਤ ਸਿੰਘ ਤੋਂ ਮਗਰੋਂ ਮਹਾਰਾਣੀ ਜਿੰਦਾਂ ਦਾ ਅੰਗਰੇਜ਼ੀ ਸਾਮਰਾਜ ਵਿਰੁੱਧ ਘੋਲ, 1947 ਦੇ ਘੱਲੂਘਾਰੇ ਸਮੇਂ ਮੁਸਲਿਮ ਲੀਗੀਆਂ ਵਿਰੁੱਧ ਸਿੱਖ ਬੀਬੀਆਂ ਦੀਆਂ ਕੁਰਬਾਨੀਆਂ ਅਤੇ ਅਜੋਕੇ ਸਿੱਖ ਸੰਘਰਸ਼ (1984) ਦੌਰਾਨ ਅਨੇਕ

ਬੱਚੀਆਂ, ਬਿਰਧ ਅਤੇ ਨੌਜਵਾਨ ਬੀਬੀਆਂ ਦੀਆਂ ਸ਼ਹੀਦੀਆਂ ਪਿੱਛੇ ਮਾਈ ਭਾਗੋ ਦੀ ਹੀ ਸੋਚ ਕੰਮ ਕਰ ਰਹੀ ਹੈ।

ਮਾਈ ਭਾਗੋ ਆਉਣ ਵਾਲੀਆਂ ਸਦੀਆਂ ਵਿਚ ਵੀ ਸਿੱਖ ਇਤਿਹਾਸ ਨੂੰ ਪ੍ਰਭਾਵਿਤ ਕਰਦੀ ਰਹੇਗੀ ਅਤੇ ਅਣਖ ਨਾਲ ਜੀਉਣ ਵਾਲੇ ਗੁਰਸਿੱਖਾਂ ਨੂੰ ਗੁਰੂ ਦੇ ਆਦਰਸ਼ਾਂ ਤੋਂ ਕੁਰਬਾਨ ਹੋਣ ਦੀ ਪ੍ਰੇਰਨਾ ਦੇਂਦੀ ਰਹੇਗੀ।

ਮਾਈ ਸੁਲੱਖਣੀ

ਮਾਈ ਸੁਲੱਖਣੀ ਚੱਬੇ ਪਿੰਡ ਦੀ ਰਹਿਣ ਵਾਲੀ ਸੀ। ਅੰਮ੍ਰਿਤਸਰ ਤੋਂ ਜੇ ਤਰਨਤਾਰਨ ਵਲ ਜਾਈਏ ਤਾਂ ਅੰਮ੍ਰਿਤਸਰ ਤੋਂ ਤਰਨਤਾਰਨ ਵਲ ਜਾਣ ਵਾਲੀ ਰੇਲਵੇ ਲਾਈਨ ਦਾ ਇਹ ਦੂਸਰਾ ਸਟੇਸ਼ਨ ਹੈ। ਇਸ ਰੇਲਵੇ ਸਟੇਸ਼ਨ ਦਾ ਨਾਮ ਸੰਗਰਾਣਾ ਹੈ। ਇਥੇ ਗੁਰੂ ਹਰਿਗੋਬਿੰਦ ਜੀ ਦੀ ਯਾਦ ਵਿਚ ਇਕ ਗੁਰਦੁਆਰਾ ਹੈ। ਅੱਜਕਲ੍ਹ ਇਥੇ ਇਕ ਸਰੋਵਰ ਵੀ ਹੈ ਤੇ ਇਹ ਬੜੀ ਸੋਹਣੀ ਪੱਕੀ ਇਮਾਰਤ ਵਾਲਾ ਗੁਰਧਾਮ ਹੈ। ਇਸ ਦਾ ਨਾਮ 'ਗੁਰਦੁਆਰਾ ਸੰਗਰਾਣਾ ਸਾਹਿਬ' ਹੈ। ਇਹ ਉਹੀ ਅਸਥਾਨ ਹੈ ਜਿਥੇ ਮਾਈ ਸੁਲੱਖਣੀ ਨੇ ਛੇਵੇਂ ਗੁਰੂ ਪਾਸੋਂ ਪੁੱਤਰਾਂ ਦੀ ਦਾਤ ਮੰਗੀ ਸੀ।

ਅਸਲ ਵਿਚ ਇਹ ਗੁਰਧਾਮ ਇਸਤਰੀ ਦੀ ਬੱਚੇ ਲਈ ਤੀਬਰ ਲੋਚਾ ਤੇ ਮਹਾਪੁਰਖਾਂ ਦੀ ਦਿਆਲੂ ਦ੍ਰਿਸ਼ਟੀ ਦੀ ਯਾਦ ਦਿਵਾਉਂਦਾ ਹੈ। ਇਸਤਰੀ ਜੀਵਨ ਦੀ ਸੰਪੂਰਨਤਾ ਭੀ ਤਦ ਹੈ ਜੇ ਉਸ ਦੀ ਗੋਦ ਹਰੀ ਹੋ ਕੇ ਉਸ ਦੀ ਝੋਲੀ ਵਿਚ ਬਾਲ ਖੇਡਦਾ ਹੈ। ਇਹ ਲੋਚਾ ਇਸਤਰੀ ਜੀਵਨ ਵਿਚ ਬੜੀ ਵਿਆਪਕ ਹੈ। ਚਾਹੇ ਇਸਤਰੀ ਦਾ ਸੰਬੰਧ ਕਿਸੇ ਵੀ ਫ਼ਿਰਕੇ, ਵਰਗ ਜਾਂ ਧਰਮ ਨਾਲ ਹੋਵੇ। ਜੇ ਮਨੋਵਿਗਿਆਨ ਦੀ ਦ੍ਰਿਸ਼ਟੀ ਤੋਂ ਵੇਖੀਏ ਤਾਂ ਔਰਤ ਦੀ ਸਹਿਜ ਲੋਚਾ ਪੁੱਤਰ ਜਣਨ ਦੀ ਹੁੰਦੀ ਹੈ। ਨਾਲੇ ਪੁਰਖ-ਪ੍ਰਧਾਨ ਸਮਾਜ ਵਿਚ 'ਮਰਦ' ਨੂੰ ਵਧੇਰੇ ਮਹੱਤਵ ਵੀ ਤਾਂ ਹੈ। ਇਹ ਮਹੱਤਵ ਪੰਜਾਬੀ ਸਭਿਆਚਾਰ ਦੇ ਡੂੰਘ ਵਿਚ ਹੈ। ਇਸੇ ਲਈ ਬਾਂਝ ਮਾਵਾਂ ਨੇ ਜਦ ਕਦੀ ਵੀ ਬਾਲ-ਕਾਮਨਾ ਕੀਤੀ ਹੈ ਤਾਂ ਪੁੱਤਰ ਲਈ ਇੱਛਾ ਦੀ ਹੀ ਕੀਤੀ ਹੈ। ਪੁੱਤਰ ਦਾ ਸੰਬੰਧ ਬੰਸ-ਪਰੰਪਰਾ, ਅੱਗੇ ਚਲ ਕੇ ਧਨ-ਸੰਪਤੀ ਦੇ ਰੱਖਿਅਕ ਦੇ ਤੌਰ ਤੇ ਵੀ ਸਵੀਕਾਰ ਕੀਤਾ ਗਿਆ ਹੈ। ਆਪਣੇ ਬਜ਼ੁਰਗਾਂ ਦੀ ਧਨ-ਦੌਲਤ ਜਾਂ ਸੰਪਤੀ ਦੀ ਰੱਖਿਆ ਪੁੱਤਰ ਰਾਹੀਂ ਹੀ ਸੰਭਵ ਮੰਨੀ ਜਾਂਦੀ ਰਹੀ ਹੈ।

ਮਾਈ ਸੁਲੱਖਣੀ ਵੀ ਬਾਲ-ਵਿਹੂਣੀ ਸੀ। ਬਾਲ-ਲੋਚਾ ਨੇ ਉਸ ਨੂੰ ਭਟਕਾ ਦਿੱਤਾ ਸੀ। ਉਹ ਹਰ ਹੀਲੇ ਬਾਲ ਚਾਹੁੰਦੀ ਸੀ।

ਇਸੇ ਲੋਚਾ ਅਧੀਨ ਇਹ ਕਦੀ ਕਿਸੇ ਸਾਈਂ ਫਕੀਰ ਕੋਲ ਜਾਂਦੀ, ਕਦੀ ਕੋਈ ਜਾਦੂ ਤਵੀਤ ਕਰਾਉਂਦੀ ਪਰ ਨਾ ਕੋਈ ਆਸ਼ੀਰਵਾਦ ਪੂਰੀ ਹੋਈ ਤੇ ਨਾ ਹੀ ਟੂਣਾ ਆਦਿ। ਲਾਚਾਰ ਮਾਈ ਸੁਲੱਖਣੀ ਜ਼ਿੰਦਗੀ ਦੇ ਦਿਨ ਪੂਰੇ ਕਰ ਰਹੀ ਸੀ।

ਇਸ ਦੇ ਸਹੁਰੇ ਘਰ ਵਿਚ ਇਹ ਆਪ ਜਿਠਾਣੀ ਸੀ ਤੇ ਇਕ ਇਸ ਦੀ ਦਰਾਣੀ ਸੀ। ਨਾ ਕੋਈ ਸੱਸ ਸੀ ਤੇ ਨਾ ਸਹੁਰਾ। ਸੁਲੱਖਣੀ ਦੇ ਪਤੀ ਦੀ ਜ਼ਮੀਨ ਦੀ ਢੇਰੀ ਚੰਗੀ ਵੱਡੀ ਸੀ। ਹਵੇਲੀ ਸੀ, ਡੰਗਰ ਸੀ। ਲਵੇਰੇ ਸੀ। ਘਰ ਵਿਚ ਸਭ ਕੁਝ ਸੁਖ ਚੈਨ ਸੀ।

ਜੇ ਕਮੀ ਸੀ ਤਾਂ ਕੇਵਲ ਬਾਲ ਦੀ ਸੀ। ਵਿਆਹੋਂ ਸਾਲ ਕੁ ਬਾਅਦ ਦਰਾਣੀ ਦੇ ਘਰ ਸੋਹਣਾ-ਸੁਨੱਖਾ ਪੁੱਤਰ ਜੰਮ ਪਿਆ ਸੀ। ਮਾਈ ਸੁਲੱਖਣੀ ਉਸ ਨਾਲ ਲਾਲ-ਪਲਾਲ ਕਰਨ ਲੱਗ ਪਈ। ਦੋ ਕੁ ਸਾਲਾਂ ਵਿਚ ਦਰਾਣੀ ਦੇ ਘਰ ਇਕ ਹੋਰ ਪੁੱਤਰ ਜੰਮ ਪਿਆ। ਉਹ ਹੁਣ ਜੋੜੀ ਦੀ ਮਾਂ ਸੀ। ਉਹਦੇ ਪੁੱਤਰ ਘਰ ਦੀ ਰੌਣਕ ਸਨ। ਸ਼ਾਮ ਨੂੰ ਜਦੋਂ ਉਹਦਾ ਖਾਵੰਦ ਤੇ ਦਿਉਰ ਘਰ ਆਉਂਦੇ ਤਾਂ ਨਿੱਕਿਆਂ ਬਾਲਾਂ ਨਾਲ ਪਰਚ ਜਾਂਦੇ। ਕੋਈ ਦਿਨ-ਦਿਹਾਰ ਆਉਂਦਾ ਤਾਂ ਦੋਵੇਂ ਭਰਾ ਇਕ ਇਕ ਮੁੰਡਾ ਮੋਢੇ ਲਾ ਕੇ ਬਾਲਾਂ ਨੂੰ ਮੇਲਾ ਵਿਖਾਉਣ ਤੁਰ ਜਾਂਦੇ। ਘਰ ਵਿਚ ਸਬਰ-ਸ਼ੁਕਰ ਦਾ ਰਾਜ ਸੀ। ਸੁਲੱਖਣੀ ਦਾ ਪਤੀ ਬੜਾ ਭਲਾਮਾਣਸ ਤੇ ਨੇਕ ਬੰਦਾ ਸੀ। ਕਦੀ ਕਿਸੇ ਨਾਲ ਵੱਧ-ਘੱਟ ਨਾ ਬੋਲਦਾ। ਕਿਸੇ ਨਾਲ ਵੈਰ-ਵਿਰੋਧ ਨਾ ਰੱਖਦਾ। ਹਰ ਇਕ ਦੇ ਦੁੱਖ-ਸੁਖ ਵਿਚ ਕੰਮ ਆਉਂਦਾ। ਉਸ ਦੇ ਮਨ ਵਿਚ ਆਪਣੇ ਭਰਾ ਦੇ ਟੱਬਰ ਲਈ ਕਦੀ ਈਰਖਾ ਨਹੀਂ ਸੀ ਜਾਗੀ।

2

ਪਰ ਕੁਦਰਤ ਦਾ ਨੇਮ ਹੈ ਕਿ ਸਮਾਂ ਇਕਸਾਰ ਨਹੀਂ ਤੁਰਦਾ। ਅੱਜ ਸ਼ਾਮੀਂ ਜਦ ਉਹ ਖੇਤਾਂ ਤੋਂ ਘਰ ਪਰਤਿਆ ਤਾਂ ਸੁਲੱਖਣੀ ਦੀਆਂ ਅੱਖਾਂ ਰੋ ਰੋ ਕੇ ਸੁੱਜੀਆਂ ਹੋਈਆਂ ਸਨ। ਉਹ ਚੁੱਪਚਾਪ ਅਲਾਣੀ ਮੰਜੀ ਉਤੇ ਵਿਹੜੇ ਵਿਚਕਾਰ ਪਈ ਹੋਈ ਸੀ। ਪਤੀ ਨੂੰ ਵੇਖ ਕੇ ਵੀ ਨਾ ਹਿੱਲੀ ਨਾ ਬੋਲੀ। ਪਤੀ ਨੇ ਮੋਢੇ ਤੋਂ ਹਲ ਲਾਹੁੰਦਿਆਂ ਦੀਵਾਰ ਨਾਲ ਟਿਕਾਉਂਦਿਆਂ ਸੁਲੱਖਣੀ ਨੂੰ ਆਖਿਆ—"ਮਖੇਂ ਅੱਜ ਕੀ ਗੱਲ ਏ, ਤੂੰ ਕੂੰਦੀ (ਬੋਲਦੀ) ਨਹੀਂ।" ਸੁਲੱਖਣੀ ਨੂੰ ਜਿਵੇਂ ਇਹ ਬੋਲ ਸੁਣਾਈ ਹੀ ਨਹੀਂ ਸਨ ਦਿੱਤੇ। ਉਹ ਤੌਖਲੇ ਵਿਚ ਉਹਦੀ ਮੰਜੀ ਦੇ ਕੋਲ ਆ ਕੇ ਉਹਦੀ ਬਾਂਹ ਟਟੋਲਣ ਲੱਗਾ ਕਿਤੇ ਤਾਪ ਤਾਂ ਨਹੀਂ ਚੜ੍ਹ ਗਿਆ। ਫਿਰ ਆਪੇ ਹੀ ਉਹਦੇ ਮੱਥੇ ਉਤੇ ਹੱਥ ਰੱਖ ਕੇ ਪਿਆਰ ਭਰੇ ਅੰਦਾਜ਼ ਵਿਚ ਪੁੱਛਿਆ, "ਕੀ ਗੱਲ ਏ ? ਤੂੰ ਬੋਲਦੀ ਕਿਉਂ ਨਹੀਂ ?" ਪਤੀ ਦੇ ਸ਼ੁੱਧ ਸਨੇਹ ਅੱਗੇ ਸੁਲੱਖਣੀ ਫੁੱਟ ਕੇ ਰੋ ਪਈ। ਪਤੀ ਹੋਰ ਹੈਰਾਨ ਹੋਇਆ। ਰੋਂਦੀ ਸੁਲੱਖਣੀ ਨੂੰ ਪਿਆਰ ਨਾਲ ਚੁੱਪ ਕਰਾਉਣ ਲੱਗਾ, "ਆਖ਼ਰ ਦੱਸੇਂ ਵੀ ਹੋਇਆ ਕੀ ?" ਅੱਜ ਤਾਂ ਜਿਵੇਂ ਸੁਲੱਖਣੀ ਦਾ ਕੜ ਹੀ ਪਾਟ ਗਿਆ ਸੀ। ਬਿਨਾਂ ਕੁਝ ਕਹੇ ਕਿੰਨੀ ਦੇਰ ਰੋਂਦੀ ਰਹੀ। ਆਖ਼ਰ ਕੁਝ ਦੇਰ ਪਿੱਛੋਂ ਉਹਦਾ ਮਨ ਧੀਰਜ ਵਿਚ ਆਇਆ। ਉਹਦਾ ਪਤੀ ਅਜੇ ਵੀ ਹੈਰਾਨੀ ਵਿਚ ਉਹਦੇ ਕੋਲ ਹੀ ਬੈਠਾ ਸੀ। ਅਖ਼ੀਰ ਉਸ ਨੇ ਦੱਸਿਆ "ਅੱਜ ਨਿਆਣਿਆਂ ਨੇ ਮੇਰੇ ਚਰਖੇ ਦੀ ਮਾਹਲ ਤੋੜ ਸੁੱਟੀ। ਮੈਂ ਉਨ੍ਹਾਂ ਨੂੰ ਝਿੜਕਿਆ ਤਾਂ ਤੇਰੀ ਲਾਡਲੀ ਭਰਜਾਈ ਦੌੜਦੀ ਆਈ। ਦੋਹਾਂ ਮੁੰਡਿਆਂ ਨੂੰ ਮੇਰੇ ਕੋਲੋਂ ਖੋਹ ਲਿਆ। ਨਾਲੇ ਕਹਿਣ ਲੱਗੀ ਕਮਜ਼ਾਤੇ ! ਤੂੰ ਜੰਮ ਲੈ ਕੋਈ ਸੂਰਮਾ, ਅੱਗੇ-ਪਿੱਛੇ ਇਨ੍ਹਾਂ ਨੇ ਹੀ ਸਭ ਕੁਝ ਸਾਂਭਣੈਂ, ਖ਼ਬਰਦਾਰ ਜੇ ਮੇਰੇ ਜੁਆਕਾਂ ਨੂੰ ਕੁਆਇਆ (ਬੁਲਾਇਆ) ਜਾਂ ਹੱਥ ਲਾਇਆ।" ਗੱਲ ਕਰਦਿਆਂ-ਕਰਦਿਆਂ ਸੁਲੱਖਣੀ ਦੀਆਂ ਅੱਖਾਂ ਵਿਚੋਂ ਫਿਰ ਪਰਲ-ਪਰਲ ਹੰਝੂ ਵਗਣ ਲੱਗ ਪਏ। "ਆਖ਼ਰ ਕੀਤੀ ਨਾ ਸ਼ਰੀਕਾਂ ਵਾਲੀ ਗੱਲ ਹਜ਼ਾਰਾ ਸਿੰਘ ਸੁਲੱਖਣੀ ਦਾ ਪਤੀ ਦੁੱਖ ਨਾਲ ਬੁੱਲ੍ਹਾਂ ਵਿਚ ਫੁਸਫੁਸਾਉਣ ਲੱਗਾ। ਕਾਫੀ ਦੇਰ ਪਤੀ-ਪਤਨੀ ਇਸ ਵਿਗੋਚੇ ਦਾ ਝੋਰਾ ਕਰਦੇ ਰਹੇ। ਪਰ ਅਖ਼ੀਰ ਦੋਹਾਂ ਨੇ ਇਕੋ ਗੱਲ ਦੁਹਰਾਈ ਜੇ ਰੱਬ ਇਕ ਪੁੱਤ ਦੇ ਦੇਂਦਾ ਤਾਂ ਕਾਹਨੂੰ

ਇਹ ਤੱਤੇ ਬੋਲ ਸੁਣਦੇ । ਇਨ੍ਹਾਂ ਹੀ ਗੱਲਾਂ ਵਿਚ ਜਿਵੇਂ ਦੋਹਾਂ ਦੀ ਭੁੱਖ ਮਰ ਗਈ । ਚੰਗੇ ਮੁੰਨ੍ਹੇਰੇ ਹੋਏ ਅਖ਼ੀਰ ਹਜਾਰਾ ਸਿੰਘ ਮਹੀਆਂ ਚੋਅ ਕੇ ਲੈ ਆਇਆ । ਦੋਹਾਂ ਦੋ ਦੋ ਕਟੋਰੇ ਦੁੱਧ ਦੇ ਪੀਤੇ ਤੇ ਚੁੱਪਚਾਪ ਰਾਤ ਦੇ ਹਨੇਰੇ ਨੂੰ ਵੇਖਦੇ ਹੋਏ ਸੌਂ ਗਏ ।

3

ਅੱਜ ਸੁਲੱਖਣੀ ਬੜੀ ਖੁਸ਼-ਖੁਸ਼ ਨਜ਼ਰ ਆ ਰਹੀ ਸੀ । ਪਤੀ ਨੇ ਦੂਰੋਂ ਸਿਰ ਉਤੇ ਗੜਵਾ ਤੇ ਰੋਟੀਆਂ ਚੁੱਕੀ ਆਉਂਦੀ ਆਪਣੀ ਪਤਨੀ ਵੱਲ ਵੇਖਿਆ । ਰੋਜ਼ ਦੀ ਤਰ੍ਹਾਂ ਉਹ ਖੂਹ ਦੇ ਲਾਗੇ ਬੋਹੜ ਦੀ ਛਾਵੇਂ ਬਹਿ ਕੇ ਪਤੀ ਨੂੰ ਉਡੀਕਣ ਲੱਗੀ । ਏਨੇ ਵਿਚ ਹਜਾਰਾ ਸਿੰਘ ਖੂਹ ਤੋਂ ਮੂੰਹ-ਹੱਥ ਧੋ ਕੇ ਆ ਗਿਆ ਅਤੇ ਅਚਾਰ ਨਾਲ ਰੋਟੀ ਖਾਣ ਲੱਗ ਪਿਆ । ਅੰਦਰੋਂ ਉਹ ਸੁਲੱਖਣੀ ਦੀ ਖੁਸ਼ੀ ਦਾ ਰਾਜ਼ ਜਾਣਨਾ ਚਾਹੁੰਦਾ ਸੀ । ਪਰ ਚੁੱਪਚਾਪ ਰੋਟੀ ਖਾਂਦਾ ਰਿਹਾ ਤੇ ਮੂੰਹੋਂ ਕੁਝ ਨਾ ਪੁੱਛਿਆ । ਅਖ਼ੀਰ ਸੁਲੱਖਣੀ ਨੇ ਹੀ ਚੁੱਪ ਨੂੰ ਤੋੜਿਆ । "ਵੇਖੋ ਨਾ ਅੱਜ ਬੇਬੇ ਨੂਪੀ ਨੇ ਦਸਿਐ ਜੋ ਕੋਈ ਗੁਰੂ ਕੇ ਚੱਕ ਮਨਸ਼ਾ ਧਾਰ ਕੇ ਜਾਂਦੈ ਉਹਦੀ ਭਾਵਨਾ ਪੂਰੀ ਹੁੰਦੀ ਏ । ਉਹਦੀ ਵੱਡੀ ਕੁੜੀ ਨੂੰ ਵਿਆਹਿਆਂ ਨੌਂ ਵਰ੍ਹੇ ਹੋ ਗਏ ਸੀ ਤੇ ਸਾਡੇ ਵਾਂਗ ਬਾਲ ਨੂੰ ਤਰਸਦੀ ਸੀ । ਉਹ ਦੋਵੇਂ ਤੀਵੀਂ-ਮਰਦ ਨਿਹਚੇ ਨਾਲ 'ਗੁਰ ਕੇ ਚੱਕ' ਗੁਰੂ ਜੀ ਦੇ ਦਰਸ਼ਨਾਂ ਨੂੰ ਜਾਂਦੇ ਰਹੇ । ਸੇਵਾ ਕਰ ਕੇ ਅਰਦਾਸ ਕਰਦੇ ਰਹੇ । ਹੁਣ ਸੁਖ ਨਾਲ ਉਨ੍ਹਾਂ ਦੇ ਘਰ ਲਾਲ ਖੇਡਦੈ । ਬੇਬੇ ਨੂਪੀ ਆਂਹਦੀ ਸੀ ਤੇਰੀ ਕਿਹੜੀ ਉਮਰ ਵਿਹਾ ਗਈ ਏ । ਦੋਵੇਂ ਗੁਰੂ ਕੇ ਚੱਕ ਜਾਉ । ਗੁਰੂ ਦੇ ਘਰ ਸਭ ਕੁਝ ਏ । ਪਰ ਜਾਇਓ ਨਿਹਚੇ ਨਾਲ", ਸੁਲੱਖਣੀ ਬਾਲਾਂ ਵਾਂਗ ਪਤੀ ਦਾ ਹੱਥ ਫੜ ਕੇ ਕਹਿਣ ਲੱਗੀ, "ਆਪਾਂ ਵੀ ਚੱਲੀਏ । ਕੀ ਪਤਾ ਰੱਬ ਦੇ ਹੀ ਦੇਵੇ । ਦੱਸ ਫਿਰ ਚੱਲੇਂਗਾ ?" ਪਤਨੀ ਦੀ ਅਧੀਰਤਾ ਤੇ ਭੋਲੇਪਨ ਨੂੰ ਵੇਖ ਕੇ ਹਜਾਰਾ ਸਿੰਘ ਕਹਿਣ ਲੱਗਿਆ, "ਚਲਿਆ ਚਲਾਂਗਾ ।" ਬਸ ਫਿਰ ਕੀ ਸੀ ! ਸੁਲੱਖਣੀ ਖਾਲੀ ਗੜਵਾ ਤੇ ਪੋਣਾ ਸਿਰ ਉਤੇ ਰੱਖੀ ਖੁਸ਼ੀ-ਖੁਸ਼ੀ ਘਰ ਵਾਪਸ ਮੁੜ ਆਈ । ਅੱਜ ਖੁਸ਼ੀ ਨਾਲ ਉਹਦੀ ਭੁੱਖ ਵੀ ਮਰ ਗਈ ਸੀ । ਉਹ ਭਾਂਡੇ ਰੱਖ ਕੇ ਰਵਾਂ-ਰਵੀਂ ਬੇਬੇ ਨੂਪੀ ਦੇ ਘਰ ਵੱਲ ਤੁਰ ਪਈ । ਅੱਗੇ ਬੇਬੇ ਨੂਪੀ ਡਿਉੜੀ ਵਿਚ ਮੰਜੀ ਡਾਹ ਕੇ ਬੈਠੀ ਸੀ । ਸੁਲੱਖਣੀ ਨੇ ਜਾ ਮੱਥਾ ਟੇਕਿਆ । "ਠੰਠੜੀ ਰਹੁ, ਸੁਹਾਗ ਮਾਣੇ, ਸਾਈਂ ਤੈਨੂੰ ਪੁੱਤਰ ਦਏ । ਆ ਜਾ ਬਹਿ ਜਾ । ਕਿਵੇਂ ਆਈ ਏਂ ?" ਸੁਲੱਖਣੀ ਨੇ ਪਤੀ ਨਾਲ ਹੋਈ ਸਾਰੀ ਗੱਲ ਆਖ ਸੁਣਾਈ ਕਿ ਉਹ ਗੁਰੂ ਕੇ ਚੱਕ ਜਾਣ ਲਈ ਮੰਨ ਗਿਆ ਏ । "ਅੱਛਾ !" ਬੇਬੇ ਨੂਪੀ ਪ੍ਰਸੰਨ ਹੋ ਗਈ ਤੇ ਨਾਲੇ ਕਹਿਣ ਲੱਗੀ, "ਸੁਣ ਕੁੜੀਏ, ਗੁਰੂਆਂ ਦੇ ਜਾਈਏ, ਹੱਥੋਂ ਪੁੰਨ-ਦਾਨ ਕਰੀਏ, ਜਾਂਦੀ ਵਾਰੀ ਕੋਈ ਗੁੜ ਲੈ ਜਾਈਂ, ਕੋਈ ਚੌਲ ਜਾਂ ਛੋਲੇ ਗੁਰੂ ਦਰਬਾਰ ਅੱਗੇ ਰੱਖ ਮੱਥਾ ਟੇਕਿਓ । ਨਾਲ ਅਰਦਾਸ ਕਰਿਓ । ਕੁਝ ਦਿਨ ਹੱਥੀਂ ਦੋਵੇਂ ਜੀਅ ਸੇਵਾ ਕਰਿਓ ।" "ਅੱਛਾ !" ਬੇਬੇ ਸੁਲੱਖਣੀ ਨੇ ਸ਼ਰਧਾ ਭਾਵ ਨਾਲ ਆਖਿਆ । "ਉਥੇ ਗੁਰੂ ਕਾ ਸਰੋਵਰ ਏ, ਨਾਲੇ ਦੁਖਭੰਜਨੀ ਬੇਰੀ, ਪਹਿਲਾਂ ਇਸ਼ਨਾਨ ਕਰਿਓ, ਫਿਰ ਦਰਬਾਰ ਵੱਲ ਜਾਇਓ" ਬੇਬੇ ਨੂਪੀ ਫਿਰ ਸਮਝਾਉਤੀ ਕਰਨ ਦੇ ਸੁਰ 'ਚ ਬੋਲੀ । "ਅੱਛਾ ਬੇਬੇ" ਆਖਦਿਆਂ ਸੁਲੱਖਣੀ ਉਠ ਖਲੋਤੀ । "ਮੈਂ ਜਾ ਕੇ ਚੌਲ ਛੜ ਲਵਾਂ" ਸੁਲੱਖਣੀ ਨੇ ਉਤਸ਼ਾਹ ਨਾਲ ਆਖਿਆ । "ਚੰਗਾ ਧੀਏ" ਰੱਬ ਤੇਰੀਆਂ ਮੁਰਾਦਾਂ ਪੂਰੀਆਂ ਕਰੇ ।"

ਸੁਲੱਖਣੀ ਘਰ ਆਈ। ਚੌਂਕੇ ਵਿਚ ਗੋਹੇ ਦਾ ਪੋਚਾ ਮਾਰਿਆ ਤੇ ਨਹਾ ਕੇ ਚੌਲ ਛੜਨ ਲੱਗ ਪਈ। ਦਸੇਰੀ (ਦਸ ਸੇਰ) ਜਿੰਨੇ ਚੌਲ ਛਟ ਕੇ ਨਵੇਂ ਰੇਜੇ (ਖੱਦਰ ਦੇ ਕੱਪੜੇ) ਵਿਚ ਬੰਨ੍ਹ ਕੇ ਰੱਖ ਲਏ। ਹੁਣ ਉਸ ਗੁੜ ਦੀ ਭੜੋਲੀ ਨੂੰ ਖੋਲ੍ਹਿਆ। ਰੇਜਾ ਵਿਛਾਇਆ, ਵਿਚ ਗੁੜ ਦੀਆਂ ਰੋੜੀਆਂ ਪਾਉਣ ਲੱਗੀ। ਜਦੋਂ ਅੰਦਾਜ਼ਨ ਦਸ-ਯਾਰਾਂ ਸੇਰ ਜਿੰਨਾ ਹੋ ਗਿਆ ਤਾਂ ਉਸ ਦੀ ਵੀ ਰੀਢ ਬੰਨ੍ਹ ਕੇ ਰੱਖ ਲਈ। ਦਿਨ ਢਲੇ ਹਜਾਰਾ ਸਿੰਘ ਵੀ ਆ ਗਿਆ। ਬੜੇ ਚਾਅ ਨਾਲ ਉਸ ਪਤੀ ਦਾ ਮੂੰਹ ਹੱਥ ਧੁਆਇਆ। ਰੋਟੀ ਖੁਆਈ ਤੇ ਆਪ ਵੀ ਖਾਧੀ। ਰੋਟੀ ਖਾ ਕੇ ਹਜਾਰਾ ਸਿੰਘ ਮਹੀਆਂ ਚੋਣ ਚਲਾ ਗਿਆ। ਏਨੇ ਵਿਚ ਸੁਲੱਖਣੀ ਨੇ ਚੌਂਕਾ ਸਾਂਭ ਲਿਆ। ਦੁੱਧ ਨੂੰ ਸਾਂਭ ਕੇ ਉਹ ਬੜੇ ਉਤਸ਼ਾਹ ਨਾਲ ਆਪਣੇ ਮੰਜੇ ਉੱਪਰ ਜਾ ਲੇਟੀ। ਉਸ ਦਾ ਪਤੀ ਵੀ ਲੇਟ ਗਿਆ। ਹੁਣ ਲੇਟੀ-ਲੇਟੀ ਸੁਲੱਖਣੀ ਪਤੀ ਨੂੰ ਕਹਿਣ ਲੱਗੀ ਸਵੇਰੇ ਪਹਿਰ ਰਾਤ ਰਹਿੰਦਿਆਂ ਹੀ ਟੁਰ ਚੱਲਾਂਗੇ। ਇਹ ਕਿਹੜਾ ਪੈਂਡਾ ਏ ? ਸੁਲੱਖਣੀ ਆਪਣੀ ਹੀ ਰਉਂ ਵਿਚ ਆਖ ਰਹੀ ਸੀ। ਚੰਗਾ ਹਜਾਰਾ ਸਿੰਘ ਨੇ ਕਿਹਾ ਤੇ ਪਾਸਾ ਪਰਤ ਕੇ ਸੌਂ ਗਿਆ।

4

ਅੱਜ ਸੁਲੱਖਣੀ ਨੂੰ ਨੀਂਦ ਨਹੀਂ ਸੀ ਆ ਰਹੀ। ਕਾਲੀ ਰਾਤ ਦੇ ਗੂੜ੍ਹੇ ਹਨੇਰੇ ਵਿਚ ਉਹ ਝਿਲਮਿਲ ਕਰਦੇ ਤਾਰਿਆਂ ਵਲ ਝਾਕ ਰਹੀ ਸੀ। ਕਦੀ-ਕਦੀ ਉਹਨੂੰ ਇੰਜ ਲੱਗਦਾ ਜਿਵੇਂ ਕੋਈ ਤਾਰਾ ਅਸਮਾਨੋਂ ਉਤਰ ਕੇ ਉਹਦੇ ਵਿਹੜੇ ਵਿਚ ਆਣ ਖਲੋਤਾ ਏ ਤੇ ਵੇਂਹਦੇ-ਵੇਂਹਦੇ ਨਿੱਕਾ ਜਿਹਾ ਬਾਲ ਬਣ ਕੇ ਵਿਹੜੇ ਵਿਚ ਰਿੜ੍ਹਨ ਲੱਗ ਪਿਆ ਏ। ਕਦੇ ਉਹਨੂੰ ਲੱਗਦਾ ਉਹ ਵੱਡਾ ਸਾਰਾ ਹੋ ਕੇ ਉਹਦੇ ਨਾਲ ਖੇਤਾਂ ਵਲ ਜਾ ਰਿਹਾ ਏ। ਪਿਉ ਨਾਲ ਕਿਆਰੇ ਮੁੜਵਾ ਰਿਹਾ ਏ। ਅਜੀਬ ਉਤਸ਼ਾਹ ਸੀ ਸੁਲੱਖਣੀ ਦੇ ਮਨ ਵਿਚ। ਸੁਲੱਖਣੀ ਨੇ ਕਈ ਵਾਰ ਸੌਣ ਦੀ ਕੋਸ਼ਿਸ਼ ਕੀਤੀ ਪਰ ਬਿਰਥਾ। ਉਹ ਸਾਰੀ ਰਾਤ ਤਾਰਿਆਂ ਦੀਆਂ ਖਿੱਤੀਆਂ ਵਲ ਵੇਂਹਦੀ ਰਹੀ। ਜੇ ਇਕ ਪਲ ਅੱਖ ਲੱਗਦੀ ਵੀ ਤਾਂ ਉਹ ਇਹ ਕਹਿ ਕੇ ਜਾਗ ਪੈਂਦੀ ਕਿਧਰੇ ਉਹਨੂੰ ਉਠਣ ਵਿਚ ਦੇਰ ਨਾ ਹੋ ਜਾਵੇ। ਅੱਜ ਉਹ ਕੁੱਕੜ ਦੀ ਬਾਂਗ ਨੂੰ ਉਡੀਕ ਰਹੀ ਸੀ। ਅਖੀਰ ਉਸ ਦੇ ਕੰਨਾਂ ਵਿਚ ਕੁੱਕੜ ਦੀ ਬਾਂਗ ਪਈ। ਉਹ ਕਾਹਲੀ ਨਾਲ ਮੰਜੇ ਤੋਂ ਉਠ ਖਲੋਤੀ। ਪਹਿਲੇ ਵੇਲਿਆਂ ਵਿਚ ਲੋਕ ਕੁੱਕੜ ਦੀ ਪਹਿਲੀ ਬਾਂਗ ਸੁਣ ਕੇ ਵਕਤ ਦਾ ਅੰਦਾਜ਼ਾ ਲਾ ਲੈਂਦੇ ਸਨ ਕਿ ਹੁਣ ਦਿਨ ਚੜ੍ਹਨ ਵਿਚ ਪਹਿਰ ਕੁ ਰਾਤ ਰਹਿੰਦੀ ਏ। ਅੱਜਕਲ੍ਹ ਇਸ ਨੂੰ ਤਿੰਨ ਕੁ ਵਜੇ ਦਾ ਵਕਤ ਮਿਥਿਆ ਜਾ ਸਕਦਾ ਏ। ਸੁਲੱਖਣੀ ਨੇ ਪਤੀ ਨੂੰ ਉਠਾਇਆ। ਵਿਹੜੇ ਵਿਚ ਲੱਗੀ ਖੂਹੀ ਤੋਂ ਪਾਣੀ ਦੀਆਂ ਬਾਲਟੀਆਂ ਕੱਢੀਆਂ। ਪਹਿਲੇ ਹਜਾਰਾ ਸਿੰਘ ਨੇ ਇਸ਼ਨਾਨ ਕੀਤਾ ਮਗਰੋਂ ਸੁਲੱਖਣੀ ਨੇ ਆਪ। ਦੋਹਾਂ ਨੇ ਸਾਫ-ਸੁਥਰੇ ਕੱਪੜੇ ਪ੍ਰਹਿਨੇ। ਇਕ ਰੀਢ ਸੁਲੱਖਣੀ ਦੇ ਪਤੀ ਨੇ ਸਿਰ ਉਤੇ ਰੱਖੀ ਤੇ ਦੂਜੀ ਸੁਲੱਖਣੀ ਨੇ ਆਪ ਚੁੱਕ ਲਈ। ਦੋਵੇਂ ਰਵਾਂ-ਰਵੀਂ ਅੱਗੜ-ਪਿੱਛੜ ਤੁਰੇ ਜਾ ਰਹੇ ਸੀ, ਗੁਰੂ ਕੇ ਚੱਕ ਕਿਸੇ ਗੁੱਝੀ ਆਸ ਨਾਲ।

ਭਾਵੇਂ 'ਗੁਰੂ ਕਾ ਚੱਕ' ਚੱਬੇ ਪਿੰਡ ਤੋਂ ਕਈ ਮੀਲ ਦੇ ਫ਼ਾਸਲੇ ਉੱਪਰ ਸੀ। ਪਰ ਦੋਹਾਂ ਦੇ ਉਤਸ਼ਾਹ ਅੱਗੇ ਇਹ ਫਾਸਲਾ ਕੁਝ ਵੀ ਨਹੀਂ ਸੀ। ਅਜੇ ਉਹ ਦੂਰ ਹੀ ਸਨ ਕਿ ਅੰਮ੍ਰਿਤ

ਵੇਲੇ ਦੇ ਟਿਕਵੇਂ ਵਾਤਾਵਰਣ ਵਿਚ ਕੀਰਤਨ ਦੀ ਆਵਾਜ਼ ਸੁਣਾਈ ਦੇਣ ਲੱਗੀ। ਦੋਹਾਂ ਨੇ 'ਦੁਖਭੰਜਨੀ ਬੇਰੀਂ' ਦਾ ਰੁਖ ਕੀਤਾ। ਬੇਬੇ ਨੂਪੀ ਦੇ ਦੱਸੇ ਅਨੁਸਾਰ ਪਹਿਲਾਂ ਸਰੋਵਰ ਉਤੇ ਦੋਹਾਂ ਜੀਆਂ ਨੇ ਇਸ਼ਨਾਨ ਕੀਤਾ ਫਿਰ ਆਪੋ-ਆਪਣੀਆਂ ਗੰਢਾਂ ਲੈ ਕੇ ਦਰਸ਼ਨੀ ਡਿਉੜੀ ਵੱਲ ਆਏ। ਦਰਵਾਜ਼ੇ ਉਤੇ ਮਸੰਦ ਖੜ੍ਹੇ ਸਨ। ਦੋਹਾਂ ਨੇ ਹੱਥ ਜੋੜ ਕੇ ਅੱਖਾਂ ਬੰਦ ਕਰ ਕੇ ਗੁਰੂ ਮਹਾਰਾਜ ਅੱਗੇ ਅਰਦਾਸ ਕੀਤੀ ਫਿਰ ਅਦਬ ਨਾਲ ਮੱਥਾ ਟੇਕਿਆ। ਮਸੰਦਾਂ ਦੇ ਕਹਿਣ ਅਨੁਸਾਰ ਉਹ ਆਪਣੀਆਂ ਗੰਢਾਂ ਲੰਗਰ ਵੱਲ ਲੈ ਟੁਰੇ। ਲੰਗਰ ਵਿਚ ਗੁੜ ਅਤੇ ਚੌਲ ਦੇ ਕੇ ਦੋਵੇਂ ਵਾਪਸ ਹਰਿਮੰਦਰ ਸਾਹਿਬ ਵਲ ਆਏ। ਰਾਗੀ ਸਿੰਘ ਕੀਰਤਨ ਕਰ ਰਹੇ ਸਨ। ਦੋਵਾਂ ਨੇ ਪ੍ਰੇਮ ਨਾਲ ਮੱਥਾ ਟੇਕਿਆ ਤੇ ਸ਼ਰਧਾ ਤੇ ਵਿਸ਼ਵਾਸ ਨਾਲ ਦੀਵਾਨ ਵਿਚ ਬੈਠ ਗਏ। ਦੀਵਾਨ ਦੀ ਸਮਾਪਤੀ ਉਪਰੰਤ ਹਾਜ਼ਰੀ (ਨਾਸ਼ਤਾ) ਕਰਨ ਲਈ ਲੰਗਰ ਸਾਹਿਬ ਵਲ ਗਏ। ਇਨ੍ਹਾਂ ਨੇ ਸਾਰੀ ਪੰਗਤ ਨਾਲ ਇਕੋ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ ਤੇ ਫਿਰ ਬਾਕੀ ਦਿਆਂ ਲੋਕਾਂ ਨੂੰ ਵੇਖ ਕੇ ਸੇਵਾ ਕਰਨ ਲੱਗ ਪਏ। ਮਾਈ ਸੁਲੱਖਣੀ ਦੀ ਸੂਰਤ ਗੁਰੂ ਸਾਹਿਬ ਦਾ ਪਿੱਛਾ ਕਰ ਰਹੀ ਸੀ, ਉਸ ਨੇ ਤਾਂ ਬੇਨਤੀ ਕਰਨੀ ਸੀ। ਉਸ ਨੇ ਇਕ ਸਿੱਖ ਤੋਂ ਪੁੱਛਿਆ, "ਗੁਰੂ ਸਾਹਿਬ ਦੇ ਦਰਸ਼ਨ ਕਿੱਥੇ ਹੋ ਸਕਦੇ ਹਨ?" ਉਸ ਨੇ ਦੱਸਿਆ, "ਸ੍ਰੀ ਅਕਾਲ ਤਖ਼ਤ।"

ਮਾਈ ਸੁਲੱਖਣੀ ਕਾਹਲੀ-ਕਾਹਲੀ ਪਤੀ ਨੂੰ ਨਾਲ ਲੈ ਕੇ ਸ੍ਰੀ ਅਕਾਲ ਤਖਤ ਪੁੱਜੀ। ਗੁਰੂ ਹਰਿਗੋਬਿੰਦ ਜੀ ਤਖ਼ਤ ਉੱਪਰ ਬਿਰਾਜਮਾਨ ਸਨ। ਦਗ-ਦਗ ਕਰਦੇ ਨੂਰਾਨੀ ਚਿਹਰੇ ਉੱਪਰ ਅੰਤਾਂ ਦਾ ਠਰ੍ਹੰਮਾ ਸੀ। ਅੱਖਾਂ ਮਸ਼ਾਲ ਵਾਂਗ ਲਟ ਲਟ ਬਲਦੀਆਂ ਪਈਆਂ ਸਨ। ਗੁਰੂ ਜੀ ਨੇ ਦਸਤਾਰ ਉੱਪਰ ਚੱਕਰ ਸਜਾਏ ਹੋਏ ਸਨ। ਗੋਰੇ ਮੁਖੜੇ 'ਤੇ ਲੰਬੀ ਭਾਰੀ ਦਾੜ੍ਹੀ ਆਪ ਦੀ ਸ਼ੋਭਾ ਵਧਾ ਰਹੀ ਸੀ। ਉੱਚਾ-ਲੰਮਾ ਕੱਦ ਸੋਹਣਾ ਸਿਹਤਮੰਦ ਸਰੀਰ ਵੇਖਣ ਵਾਲੇ ਨੂੰ ਮੋਹਿਤ ਕਰ ਲੈਂਦਾ ਸੀ। ਸਤਿਗੁਰੂ ਦੀ ਦਿਲ ਨੂੰ ਹਿਲਾ ਦੇਣ ਵਾਲੀ ਦਿਆਲੂ ਤੱਕਣੀ ਸ਼ਰਧਾਲੂਆਂ ਨੂੰ ਸਹਿਜੇ ਹੀ ਇਹ ਵਿਸ਼ਵਾਸ ਦੇ ਜਾਂਦੀ ਸੀ ਕਿ ਹੱਥ ਬੰਨ੍ਹ ਕੇ ਆਪਣੀ ਅਰਜ਼ ਆਪੇ ਹੀ ਗੁਰੂ ਜੀ ਦੇ ਸਨਮੁਖ ਕਹਿ ਦੇਂਦੇ। ਅੱਜ ਤੀਬਰ ਬਾਲ-ਲੋਚਾ ਦੀ ਮਾਰੀ ਬਾਲ-ਵਿਹੂਣੀ ਮਾਂ ਨੇ ਹੱਥ ਬੰਨ੍ਹ ਕੇ ਗਲ਼ ਵਿਚ ਪੱਲਾ ਪਾ ਕੇ ਅਰਜ਼ ਕੀਤੀ। ਦਿਆਲੂ ਸਤਿਗੁਰੂ ਸੁਣ ਰਹੇ ਸਨ। "ਮਹਾਰਾਜ! ਰੱਬ ਦਾ ਦਿੱਤਾ ਹੋਰ ਸਭ ਕੁਝ ਏ। ਬਸ! ਬਾਲਕ ਦੀ ਰੌਣਕ ਘਰ ਵਿਚ ਚਾਹੀਦੀ ਏ।" ਸਤਿਗੁਰੂ ਬੇਨਤੀ ਸੁਣ ਕੇ ਮੁਸਕਰਾਏ ਤੇ ਹੱਥ ਨਾਲ ਮਸੰਦ ਨੂੰ ਇਸ਼ਾਰਾ ਕੀਤਾ। ਉਸੇ ਵੇਲੇ ਮਸੰਦ ਨੇ ਮਾਤਾ ਸੁਲੱਖਣੀ ਤੇ ਹਜਾਰਾ ਸਿੰਘ ਨੂੰ ਕਿਹਾ, "ਜਾਓ ਸੇਵਾ ਕਰੋ।"

ਸੇਵਾ ਤਾਂ ਉਨ੍ਹਾਂ ਨੇ ਕੀ ਕਰਨੀ ਸੀ। ਮਨ ਹੋਰ ਉਦਾਸ ਹੋ ਗਏ। ਦੋਵੇਂ ਸੋਚਦੇ ਸਾਨੂੰ ਪੁੱਤਰ ਦੀ ਦਾਤ ਕਿਥੋਂ ਮਿਲਣੀ ਏ? ਸਾਡੇ ਕਰਮਾਂ ਵਿਚ ਕਿੱਥੇ? ਨਹੀਂ ਤਾਂ ਸਤਿਗੁਰੂ ਵਰ ਨਾ ਦੇ ਦੇਂਦੇ। ਇਨ੍ਹਾਂ ਹੀ ਸੋਚਾਂ ਵਿਚ ਬੈਠੇ ਸਨ ਕਿ ਮਾਈ ਸੁਲੱਖਣੀ ਦੇ ਮਨ ਵਿਚ ਆਇਆ ਕਿ ਕੀ ਪਤਾ ਇਹ ਇਥੋਂ ਦੀ ਮਰਿਆਦਾ ਹੋਵੇ ਪਹਿਲਾਂ ਸਤਿਗੁਰੂ ਸੇਵਾ ਕਰਨ ਦੀ ਜਾਚ ਸਿਖਾਉਂਦੇ ਹੋਣ ਤੇ ਫਿਰ ਬਖ਼ਸ਼ਿਸ਼ਾਂ ਕਰਦੇ ਹੋਣ। ਖ਼ਿਆਲ ਆਉਂਦਿਆਂ ਹੀ ਉਸ ਪਤੀ ਨੂੰ ਕਿਹਾ, "ਆਓ ਗੁਰੂ ਜੀ ਦਾ ਬਚਨ ਮੰਨੀਏ—ਆਪਾਂ ਸੇਵਾ ਕਰੀਏ।" ਹਜਾਰਾ ਸਿੰਘ ਵੀ ਨਿੰਮੋਝੂਣਾ ਹੋ ਕੇ ਤੁਰ ਪਿਆ। ਹੁਣ ਇਹ ਆਪੋ ਵਿਚ ਤੁਰੇ ਜਾਂਦੇ ਗੱਲਾਂ ਕਰ ਰਹੇ

ਸਨ । "ਬੇਬੇ ਨੂਪੀ ਤਾਂ ਆਖਦੀ ਸੀ ਕਿ ਸਤਿਗੁਰੂ ਸਾਰਿਆਂ ਦੀ ਆਸ-ਮੁਰਾਦ ਪੂਰੀ ਕਰਦੇ ਹਨ । ਫਿਰ ਸਾਨੂੰ ਤਾਂ ਸਤਿਗੁਰੂ ਨੇ ਬਚਨ ਹੀ ਕੋਈ ਨਹੀਂ ਕੀਤਾ ।" ਉਹਦਾ ਪਤੀ ਬੋਲਿਆ, "ਇਹਦਾ ਮਤਲਬ ਤਾਂ ਸਾਫ਼ ਨਾਂਹ-ਏ ।" ਇਨ੍ਹਾਂ ਦੋਹਾਂ ਦੇ ਪਿੱਛੇ ਆ ਰਹੇ ਇਕ ਸਿੱਖ ਦੇ ਕੰਨੀਂ ਇਨ੍ਹਾਂ ਦੀ ਆਵਾਜ਼ ਪਈ, ਅਚਾਨਕ ਹੀ ਇਨ੍ਹਾਂ ਦੇ ਬਰਾਬਰ ਆ ਕੇ ਕਹਿਣ ਲੱਗਾ, "ਗੁਰੂ ਨਾਨਕ ਦੇ ਘਰ ਵਿਚ ਦੇਰ ਹੋ ਸਕਦੀ ਏ । ਅੰਧੇਰ ਨਹੀਂ । ਤੁਸੀਂ ਸਤਿਨਾਮ ਜਪੋ ਤੇ ਸੇਵਾ ਕਰੋ । ਸਤਿਗੁਰੂ ਜ਼ਰੂਰ ਬਚਨ ਕਰ ਦੇਣਗੇ ।" ਸੁਲੱਖਣੀ ਬਜ਼ੁਰਗ ਸਿੱਖ ਦੇ ਮੂੰਹ ਵੱਲ ਝਾਕਣ ਲੱਗ ਪਈ ਤੇ ਕੁਦਰਤੀ ਹੀ ਉਨ੍ਹਾਂ ਨੂੰ ਭਰੋਸਾ ਹੋ ਗਿਆ ਕਿ ਸਤਿਗੁਰੂ ਇਕ ਦਿਨ ਜ਼ਰੂਰ ਬਚਨ ਕਰ ਦੇਣਗੇ । ਹੁਣ ਇਹ ਦੋਵੇਂ ਨਿੱਤਨੇਮ ਨਾਲ ਆਉਂਦੇ, ਸਤਿਸੰਗ ਕਰਦੇ ਤੇ ਸੇਵਾ ਕਰਦੇ । ਸਤਿਗੁਰੂ ਇਨ੍ਹਾਂ ਵੱਲ ਵੇਖ ਕੇ ਮੁਸਕਰਾਉਂਦੇ ਪਰ ਮੂੰਹੋਂ ਕੁਝ ਨਾ ਬੋਲਦੇ । ਅੱਜ ਮਾਤਾ ਸੁਲੱਖਣੀ ਨਾਲੇ ਸੇਵਾ ਕਰਦੀ ਸੀ ਨਾਲੇ ਗੱਚ ਭਰਦੀ ਸੀ । ਸਤਿਗੁਰੂ ਕੋਈ ਬਚਨ ਹੀ ਨਹੀਂ ਕਰਦੇ । ਇਤਨੀ ਦੇਰ ਵਿਚ ਸਤਿਗੁਰੂ ਉਧੱਰ ਆ ਗਏ । ਮਾਈ ਸੁਲੱਖਣੀ ਵਾਹੋ-ਦਾਹੀ ਦੌੜੀ ਗਈ ਤੇ ਸਤਿਗੁਰੂ ਅੱਗੇ ਜਾ ਮੱਥਾ ਟੇਕਿਆ । "ਮਹਾਰਾਜ ! ਇਕ ਬੇਨਤੀ ਹੈ ।" ਸੁਲੱਖਣੀ ਨੇ ਹੱਥ ਜੋੜ ਕੇ ਕਿਹਾ ।

"ਕਹੋ ਮਾਤਾ !" ਸਤਿਗੁਰੂ ਨੇ ਦਿਆਲਤਾ ਨਾਲ ਕਿਹਾ । "ਇਕ ਪੁੱਤਰ ਦੀ ਦਾਤ ਦਿਓ", ਸੁਲੱਖਣੀ ਨੇ ਬੜੀ ਆਜਜ਼ੀ ਨਾਲ ਕਿਹਾ ।

"ਮਾਤਾ ! ਪਰਮੇਸ਼ਰ ਨੇ ਤੇਰੇ ਭਾਗਾਂ ਵਿਚ ਪੁੱਤਰ ਦੀ ਦਾਤ ਨਹੀਂ ਲਿਖੀ" ਸਤਿਗੁਰੂ ਨੇ ਉੱਤਰ ਦਿੱਤਾ । "ਫਿਰ ਤੁਸੀਂ ਮੇਰੇ ਵਰਗੀ ਨਿਕਰਮਣ ਨੂੰ ਮਾਤਾ ਕਿਉਂ ਕਿਹਾ ?" ਸੁਲੱਖਣੀ ਨੇ ਰੋ ਕੇ ਕਿਹਾ । ਸਤਿਗੁਰੂ ਪਲ ਭਰ ਚੁੱਪ ਰਹੇ ਤੇ ਫਿਰ ਬੋਲੇ, "ਸੇਵਾ ਕਰੋ" ਤੇ ਆਪ ਅੱਗੇ ਤੁਰ ਗਏ ।

ਹੁਣ ਸੁਲੱਖਣੀ ਨੂੰ ਆਸ ਬੱਝ ਗਈ ਜ਼ਰੂਰ ਉਹਦੀ ਸੇਵਾ ਨੂੰ ਫਲ ਲੱਗੇਗਾ । ਨਾਲੇ ਸਤਿਗੁਰਾਂ ਦੇ ਮੂੰਹੋਂ ਉਸ ਲਈ 'ਮਾਤਾ' ਸ਼ਬਦ ਨਿਕਲਿਆ ਹੈ, ਉਹ ਜ਼ਰੂਰ ਮਾਤਾ ਬਣੇਗੀ ।

ਹੁਣ ਉਹ ਪਤੀ ਨਾਲ ਕੁਝ ਦਿਨਾਂ ਲਈ ਗੁਰੂ ਕੇ ਚੱਕ ਹੀ ਟਿਕ ਗਈ । ਸੋਚਿਆ ਉਹ ਦਿਨ-ਰਾਤ ਸੇਵਾ ਕਰਨਗੇ । ਇਕ ਦਿਨ ਉਹ ਦੋਵੇਂ ਜੀਅ ਸੇਵਾ ਕਰ ਰਹੇ ਸਨ ਤਾਂ ਉਹੀ ਬਜ਼ੁਰਗ ਸਿੱਖ ਉਨ੍ਹਾਂ ਦੇ ਕੋਲ ਆ ਖਲੋਤੇ ਤੇ ਪੁੱਛਣ ਲੱਗੇ, "ਮਾਤਾ, ਅਰਜ਼ ਕੀਤੀ ਸੀ ?" ਸੁਲੱਖਣੀ ਨੇ ਬੜੀ ਉਦਾਸੀ ਨਾਲ ਕਿਹਾ, "ਮਹਾਰਾਜ ਕੀਤੀ ਤਾਂ ਸੀ ।"

"ਫਿਰ ?" ਉਸ ਬਜ਼ੁਰਗ ਨੇ ਪੁੱਛਿਆ ।

ਸਤਿਗੁਰੂ ਕਹਿਣ ਲੱਗੇ, "ਮਾਤਾ, ਤੇਰੇ ਭਾਗਾਂ ਵਿਚ ਪੁੱਤਰ ਦੀ ਦਾਤ ਹੀ ਨਹੀਂ ।" ਮਾਈ ਸੁਲੱਖਣੀ ਨੇ ਬਜ਼ੁਰਗ ਨੂੰ ਦੱਸਿਆ ।

ਬਜ਼ੁਰਗ ਗੱਲ ਸੁਣ ਕੇ ਮੁਸਕਰਾਏ ਤੇ ਕਿਹਾ, "ਤੂੰ ਕਹਿਣਾ ਸੀ ਨਾ, ਮਹਾਰਾਜ ਉਥੇ ਵੀ ਤੁਸੀਂ ਲਿਖਣਾ ਸੀ, ਇਥੇ ਵੀ ਤੁਸੀਂ, ਹੁਣ ਲਿਖ ਦਿਓ ।" ਗੱਲ ਸੁਣ ਕੇ ਸੁਲੱਖਣੀ ਦਾ ਮੂੰਹ ਫੁੱਲ ਗਿਆ, "ਅੱਛਾ ਮਹਾਰਾਜ, ਇਥੇ ਵੀ ਲਿਖਿਆ ਜਾ ਸਕਦੈ ?"

"ਹੋਰ ਕੀ ?" ਬਜ਼ੁਰਗ ਬਾਬੇ ਨੇ ਕਿਹਾ ।

"ਪਰ ਕਾਹਦੇ ਉਤੇ ਲਿਖਾਵਾਂ ? ਮੇਰੇ ਕੋਲ ਤਾਂ ਨਾ ਕਾਗਤ ਹੈ ਅਤੇ ਨਾ ਕਲਮ-

ਦੁਆਤ ।" ਮਾਈ ਸੁਲੱਖਣੀ ਨੇ ਬੜੀ ਲਾਚਾਰੀ ਨਾਲ ਕਿਹਾ ।

"ਅੱਛਾ, ਮੈਥੋਂ ਲੈ ਜਾਵੀਂ" ਕਹਿ ਕੇ ਬਜ਼ੁਰਗ ਅੱਗੇ ਤੁਰ ਗਏ ।

ਸੁਲੱਖਣੀ ਦਾ ਮੂੰਹ ਖੁਸ਼ੀ ਨਾਲ ਫੁੱਲ ਗਿਆ । ਪਲ ਕੁ ਪਿੱਛੋਂ ਉਹਨੂੰ ਹੋਸ਼ ਆਈ ਪਰ ਉਹ ਬਜ਼ੁਰਗ ਤਾਂ ਕਿਧਰੇ ਵਿਖਾਈ ਨਹੀਂ ਸੀ ਦੇਂਦੇ । ਅਖੀਰ ਉਹਨੇ ਇਕ ਸਿੱਖ ਵੇਖਿਆ ਜੋ ਬੜੀ ਗੌਰ ਨਾਲ ਉਹਦੇ ਵਲ ਵੇਖ ਰਿਹਾ ਸੀ । ਮਾਈ ਸੁਲੱਖਣੀ ਨੇ ਬੇਵੱਸੀ ਜਹੀ ਹੋ ਕੇ ਉਹਨੂੰ ਪੁੱਛਿਆ, "ਵੇ ਵੀਰਾ ! ਉਹ ਬਜ਼ੁਰਗ ਕਿਧਰ ਗਏ । ਜੋ ਹੁਣੇ ਇਥੇ ਖੜ੍ਹੇ ਸੀ ।"

"ਕਿਹੜੇ ? ਉਹ ਜਿਨ੍ਹਾਂ ਦੀ ਲੰਮੀ ਚਿੱਟੀ ਦਾੜ੍ਹੀ ਸੀ । ਬਜ਼ੁਰਗ ਜੇਹੇ, ਚਿੱਟੇ ਕੱਪੜਿਆਂ ਵਾਲੇ ?" ਉਸ ਸਿੱਖ ਨੇ ਕਿਹਾ ।

"ਹਾਂ, ਹਾਂ ਉਹੀ ।" ਉਹ ਖੁਸ਼ੀ ਨਾਲ ਪੁਕਾਰੀ । ਉਹ ਭਾਈ ਗੁਰਦਾਸ ਜੀ ਨੇ, ਇਨ੍ਹਾਂ ਪਾਸੋਂ ਹੀ ਤਾਂ ਪੰਚਮ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ ਸੀ । "ਅੱਛਾ !" ਉਸ ਖੁਸ਼ੀ ਨਾਲ ਕਿਹਾ ।

"ਹੁਣ ਕਿੱਥੇ ਨੇ ?" ਮਾਈ ਸੁਲੱਖਣੀ ਨੇ ਪੁੱਛਿਆ । "ਔਹ ਸਾਹਮਣੇ ਜਿਹੜੇ ਤੰਬੂ ਦਿਸਦੇ ਨੇ ਉਹ ਭਾਈ ਗੁਰਦਾਸ ਦਾ ਈ ਏ", ਉਸ ਸਿੱਖ ਨੇ ਦੱਸਿਆ ।

ਮਾਈ ਸੁਲੱਖਣੀ ਆਪਣੇ ਪਤੀ ਸਮੇਤ ਭਾਈ ਗੁਰਦਾਸ ਜੀ ਦੇ ਡੇਰੇ ਪਹੁੰਚੀ । ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ ! ਦਿਓ ਫਿਰ ਕਾਗਤ ਤੇ ਕਲਮ-ਦਵਾਤ", ਮਾਈ ਸੁਲੱਖਣੀ ਨੇ ਕਿਹਾ ।

ਭਾਈ ਗੁਰਦਾਸ ਨਿਰਛਲ, ਅਭੋਲ ਚਿਹਰੇ ਦੀ ਸਾਦਗੀ ਨੂੰ ਵੇਖ ਕੇ ਮਨ ਹੀ ਮਨ ਮੁਸਕਰਾਏ । "ਲੈ ਫੜ ਬੀਬੀ ! ਕਾਗਤ ਤੇ ਕਲਮ-ਦਵਾਤ । ਜਦੋਂ ਤੇਰਾ ਕੰਮ ਹੋ ਜਾਵੇ ਤਿੰਨੇ ਚੀਜ਼ਾਂ ਮੋੜ ਜਾਈਂ ।" ਭਾਈ ਸਾਹਿਬ ਨੇ ਕਿਹਾ । "ਬਹੁਤ ਅੱਛਾ ਬਾਬਾ ਜੀ", ਮਾਈ ਸੁਲੱਖਣੀ ਨੇ ਭਾਈ ਗੁਰਦਾਸ ਜੀ ਵਲ ਵੇਖਦਿਆਂ ਕਿਹਾ । ਮਾਈ ਸੁਲੱਖਣੀ ਨੂੰ ਇਹ ਤਿੰਨੇ ਚੀਜ਼ਾਂ ਕੀ ਮਿਲੀਆਂ ਮਾਨੋਂ ਰੱਬ ਮਿਲ ਗਿਆ । ਉਹ ਵਾਹੋਦਾਹੀ ਭੱਜੀ ਜਾ ਰਹੀ ਸੀ, ਗੁਰੂ ਜੀ ਨੂੰ ਲੱਭਣ । ਹਜਾਰਾ ਸਿੰਘ ਸੁਲੱਖਣੀ ਦਾ ਪਤੀ ਭਾਵੇਂ ਇਨ੍ਹਾਂ ਦਿਨਾਂ ਵਿਚ ਹਮੇਸ਼ਾ ਹੀ ਆਪਣੀ ਪਤਨੀ ਦਾ ਸਾਥ ਦੇਂਦਾ ਆ ਰਿਹਾ ਸੀ । ਪਰ ਹੁਣ ਉਸ ਨੂੰ ਬਿਨਾਂ ਸੋਚੇ-ਸਮਝੇ ਭੱਜਿਆਂ ਜਾਂਦੇ ਵੇਖ ਕੇ ਖਿਝ ਪਿਆ ਤੇ ਪਿੱਛੋਂ ਆਵਾਜ਼ ਦੇ ਕੇ ਬੋਲਿਆ— "ਓ ਕਿਧਰ ਭੱਜੀ ਜਾਂਦੀ ਏਂ ? ਤੈਨੂੰ ਪਤਾ ਵੀ ਹੈ ਸਤਿਗੁਰੂ ਕਿਧਰ ਨੇ ?" ਗੱਲ ਸੁਣ ਕੇ ਉਹ ਜਿਵੇਂ ਹੋਸ਼ ਵਿਚ ਪਰਤ ਆਈ ਹੋਵੇ । ਉਹ ਤਾਂ ਸੱਚਮੁੱਚ ਐਵੇਂ ਹੀ ਭੱਜੀ ਜਾ ਰਹੀ ਸੀ । ਉਹ ਖਲੋ ਕੇ ਸੋਚਣ ਲੱਗ ਪਈ । ਏਨੇ ਨੂੰ ਇਕ ਸਿੱਖ ਘੋੜੇ ਉੱਪਰ ਆਉਂਦਾ ਦਿੱਸਿਆ । ਸੁਲੱਖਣੀ ਨੇ ਖੁਸ਼ੀ ਨਾਲ ਆਪਣੇ ਘਰ ਵਾਲੇ ਨੂੰ ਕਿਹਾ, "ਅੱਗੇ ਹੋ ਕੇ ਇਹਨੂੰ ਪੁੱਛੋ ।"

ਪਤੀ ਨੇ ਪਤਨੀ ਦੀ ਗੱਲ ਸੁਣ ਕੇ ਅੱਗੇ ਹੋ ਕੇ ਘੋੜੇ ਵਾਲੇ ਸਿੱਖ ਨੂੰ ਰੁਕਣ ਦਾ ਇਸ਼ਾਰਾ ਕੀਤਾ । ਸਿੱਖ ਨੇ ਘੋੜੇ ਨੂੰ ਰੋਕ ਕੇ ਪੁੱਛਿਆ, "ਕੀ ਗੱਲ ਏ ?" ਸੁਲੱਖਣੀ ਫੱਟ ਬੋਲ ਪਈ, "ਵੇ ਵੀਰਾ, ਤੈਂ ਕਿਤੇ ਗੁਰੂ ਜੀ ਨਹੀਂ ਵੇਖੇ ?"

ਸਿੱਖ ਨੇ ਉੱਤਰ ਦਿੱਤਾ, "ਆਹੋ, ਉਹ ਚਾਟੀਵਿੰਡ ਦੀ ਜੂਹ ਵਿਚ ਸ਼ਿਕਾਰ ਖੇਡ ਰਹੇ ਨੇ । ਉਹ ਘੋੜੇ ਉਤੇ ਸਵਾਰ ਸਨ..." ਕਹਿਦਿਆਂ ਸਿੱਖ ਤੁਰ ਪਿਆ ।

"ਅੱਛਾ, ਅਸੀਂ ਉੱਧਰ ਹੀ ਚਲਦੇ ਹਾਂ", ਮਾਈ ਸੁਲੱਖਣੀ ਨੇ ਪਤੀ ਨੂੰ ਕਿਹਾ ਤੇ ਦੋਵੇਂ ਚਾਟੀਵਿੰਡ ਦੀ ਸੇਧੇ ਹੋ ਤੁਰੇ। ਪਰ ਉਹਨੂੰ ਕੁਝ ਸ਼ੱਕ ਪਿਆ ਕਿ ਗੁਰੂ ਜੀ ਤੇ ਕੁਝ ਹੋਰ ਸਿੱਖ ਘੋੜੇ ਉਤੇ ਸਵਾਰ ਹੋ ਕੇ ਉਥੋਂ ਅੱਗੇ ਨਿਕਲ ਗਏ ਹਨ। ਸੁਲੱਖਣੀ ਦੀ ਤੋਰ ਪਤੀ ਤੋਂ ਕਾਹਲੀ ਸੀ ਤੇ ਉਹ ਨੰਗੇ ਪੈਰੀਂ ਉੱਧਰ ਨੂੰ ਹੋ ਤੁਰੀ ਜਿਧਰੋਂ ਦਾ ਉਹਨੂੰ ਸ਼ੱਕ ਪਿਆ ਸੀ।

ਅਖ਼ੀਰ ਉਹ ਭਾਗੀਂ ਭਰੀ ਘੜੀ ਆ ਗਈ ਜਿਥੇ ਬਾਂਝ ਸੁਲੱਖਣੀ ਨੇ ਪੁੱਤਰਾਂ ਵਾਲੀ ਬਣਨਾ ਸੀ। ਉਹਨੂੰ ਦੂਰੋਂ ਹੀ ਗੁਰੂ ਜੀ ਘੋੜੇ ਉੱਪਰ ਆਉਂਦੇ ਦਿਸੇ। ਸੁਲੱਖਣੀ ਘੋੜੇ ਵੱਲ ਨੱਸਣ ਲੱਗ ਪਈ ਤੇ ਮੂੰਹੋਂ ਉੱਚੀ-ਉੱਚੀ ਪੁਕਾਰਨ ਲੱਗ ਪਈ—'ਗੁਰੂ ਜੀ, ਗੁਰੂ ਜੀ' ! ਸਤਿਗੁਰਾਂ ਨੇ ਦੂਰੋਂ ਇਕ ਇਸਤਰੀ ਨੂੰ ਆਪਣੇ ਵੱਲ ਭੱਜੀ ਆਉਂਦੀ ਵੇਖਿਆ ਤਾਂ ਉਨ੍ਹਾਂ ਘੋੜਾ ਮੱਠਾ ਕਰ ਲਿਆ। ਜਦੋਂ ਨੇੜੇ ਆ ਗਏ ਤਾਂ ਘੋੜਾ ਖਲ੍ਹਾਰ ਕੇ ਇਸਤਰੀ ਵੱਲ ਵੇਖਣ ਲੱਗ ਪਏ। ਇਹ ਬੀਬੀ ਸੁਲੱਖਣੀ ਸੀ ਜੋ ਦੌੜ-ਦੌੜ ਕੇ ਹਫੀ ਪਈ ਸੀ। ਸਾਹ ਨਾਲ ਸਾਹ ਨਹੀਂ ਸੀ ਰਲਦਾ। ਸਤਿਗੁਰਾਂ ਦੇ ਚਰਨਾਂ ਉੱਪਰ ਸਿਰ ਧਰ ਕੇ ਵਿਲਕਣ ਲੱਗ ਪਈ। "ਮਹਾਰਾਜ ਆਪ ਦੇ ਦਰੋਂ ਕੋਈ ਖਾਲੀ ਨਹੀਂ ਗਿਆ। ਸਾਡੇ ਉਤੇ ਰਹਿਮ ਕਰੋ। ਉਥੇ ਵੀ ਤੁਸੀਂ ਲਿਖਣਾ ਸੀ। ਇਥੇ ਵੀ ਤੁਸੀਂ ਲਿਖਣਾ ਹੈ। ਇਹ ਲਓ ਕਾਗਜ਼ ਤੇ ਕਲਮ-ਦਵਾਤ ਫੜੋ। ਹਾੜੇ-ਹਾੜੇ, ਬਸ ਇਕ ਪੁੱਤਰ ਲਿਖ ਦਿਓ। ਸਾਨੂੰ ਨਿਰਾਸ ਨਾ ਕਰੋ। ਗੁਰੂ-ਘਰ ਵਿਚ ਸਭ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਨੇ। ਮੇਰੀ ਝੋਲੀ ਖੈਰ ਪਾਓ।" ਮਾਈ ਸੁਲੱਖਣੀ ਨੇ ਆਪਣੀ ਝੋਲੀ ਫੈਲਾ ਦਿੱਤੀ। ਅੱਖਾਂ ਵਿਚੋਂ ਹੰਝੂ ਵਹਿ ਤੁਰੇ। ਇਸ ਸਮੇਂ ਸੁਲੱਖਣੀ ਦਾ ਪਤੀ ਵੀ ਹੱਥ ਜੋੜੀ ਰੋ ਰਿਹਾ ਸੀ।

ਸਤਿਗੁਰੂ ਮਾਈ ਸੁਲੱਖਣੀ ਦੀ ਸਾਦਗੀ ਤੇ ਸੱਚੇ ਹਿਰਦੇ ਨੂੰ ਵੇਖ ਕੇ ਦਇਆ ਦੇ ਘਰ ਵਿਚ ਆ ਗਏ। ਮਾਈ ਸੁਲੱਖਣੀ ਦੀ ਸ਼ਰਧਾ ਨੇ ਸਤਿਗੁਰੂ ਨੂੰ ਲਿਖਣ ਲਈ ਮਜਬੂਰ ਕਰ ਦਿੱਤਾ। ਸਤਿਗੁਰੂ ਪਿਆਰ ਨਾਲ ਬੋਲੇ, "ਲਿਆ ਮਾਤਾ ਕਾਗਜ਼, ਲਿਖ ਦੇਈਏ।"

ਸੁਲੱਖਣੀ ਨੇ ਚਾਅ ਨਾਲ ਤਿੰਨੇ ਚੀਜ਼ਾਂ ਕਾਗਜ਼, ਕਲਮ ਤੇ ਦਵਾਤ ਅੱਗੇ ਕਰ ਦਿੱਤੇ। ਸਤਿਗੁਰੂ ਨੇ ਮਿਹਰ ਭਰੀ ਨਿਗਾਹ ਨਾਲ ਇਸ ਮਾਈ ਵਲ ਵੇਖਿਆ ਤੇ ਕਿਹਾ, "ਮਾਤਾ ਕਿੰਨੇ ਲਿਖਾਂ ?" ਸੁਲੱਖਣੀ ਭੋਲੇ-ਭਾਅ ਬੋਲੀ, "ਮਹਾਰਾਜ ਇਕ।"

"ਅੱਛਾ" ਸਤਿਗੁਰੂ ਜੀ ਬੋਲੇ।

ਇਹ ਉਹ ਘੜੀ ਸੀ, ਜਿਥੇ ਮੀਰੀ-ਪੀਰੀ ਦੇ ਮਾਲਕ ਮਿਹਰਾਂ ਦੇ ਘਰ ਆਏ ਹੋਏ ਸਨ। ਉਹ ਕਲਮ ਸਿਆਹੀ ਵਿਚੋਂ ਡੋਬ ਕੇ ਜਿਵੇਂ ਹੀ ਏਕਾ ਪਾਉਣ ਲੱਗੇ ਇਤਨੇ ਵਿਚ ਘੋੜੇ ਨੇ ਧੌਣ ਹਿਲਾ ਦਿੱਤੀ ਤੇ ਏਕੇ ਦੀ ਥਾਂ ਸਾਤਾ ਪੈ ਗਿਆ। "ਹੁਣ ਤੇਰੇ ਘਰ ਸੱਤ ਪੁੱਤਰ ਹੋਣਗੇ।" ਸਤਿਗੁਰੂ ਬੋਲੇ।

ਖੁਸ਼ੀ ਵਿਚ ਝੱਲੀ ਹੋਈ ਸੁਲੱਖਣੀ ਸਤਿਗੁਰੂ ਦੇ ਘੋੜੇ ਦੀ ਰਕਾਬ ਚੁੰਮੀ ਜਾਏ। ਸਤਿਗੁਰੂ ਦੇ ਘੋੜੇ ਦੀ ਲਗਾਮ ਨੂੰ ਚੁੰਮੀ ਜਾਏ। ਘੋੜੇ ਨੂੰ ਚੁੰਮੀ ਜਾਏ। ਸਤਿਗੁਰੂ ਨਾਰੀ ਦੇ ਮਾਂ ਹੋਣ ਦੇ ਭਾਵ ਨੂੰ ਚੁੱਪਚਾਪ ਨਿਹਾਰਦੇ ਰਹੇ। ਖੁਸ਼ ਹੁੰਦੇ ਰਹੇ। ਅਖੀਰ ਕਹਿਣ ਲੱਗੇ, "ਮਾਤਾ ਹੁਣ ਤਾਂ ਮੇਰੇ ਘੋੜੇ ਦੀ ਲਗਾਮ ਛੱਡ ਦੇ।"

ਸੁਲੱਖਣੀ ਜੋ ਹੁਣ ਤਕ ਸਭ ਕੁਝ ਭੁੱਲੀ ਪਈ ਸੀ, ਨੇ ਇਕ ਵਾਰ ਫਿਰ ਕਾਗਜ਼ ਵਲ

ਵੇਖਿਆ ਤੇ ਸਤਿਗੁਰੂ ਜੀ ਤੋਂ ਪੱਕ ਕੀਤਾ ਕਿ ਕੀ ਸਚੀ-ਮੁਚੀਂ ਏਕੇ ਦੀ ਥਾਂ ਸਾਤਾ ਲਿਖਿਆ ਗਿਆ ਸੀ। ਮਿਹਰਵਾਨ ਦਾਤੇ ਨੇ 'ਹਾਂ' ਵਿਚ ਸਿਰ ਹਿਲਾਇਆ ਤੇ ਮੁਗਧ ਹੋਈ ਮਾਂ ਦੇ ਸ਼ੁੱਧ ਸਵੱਛ ਚਿਹਰੇ ਵਲ ਵੇਖਦੇ ਰਹੇ। ਸੁਲੱਖਣੀ ਨੇ ਫਿਰ ਮੱਥਾ ਟੇਕਿਆ। ਘੋੜੇ ਨੂੰ ਚੁੰਮਿਆ ਤੇ ਘੋੜੇ ਦੀ ਲਗਾਮ ਛੱਡ ਦਿੱਤੀ। ਹੁਣ ਸਤਿਗੁਰੂ ਮੰਦ-ਚਾਲ ਭਾਵੇਂ ਭਿੰਨੇ ਗੁਰੂ ਕੇ ਚੱਕ ਵਲ ਤੁਰਨ ਲੱਗੇ। ਉਨ੍ਹਾਂ ਨੇ ਆਪਣੀ ਜਨਮਸਾਖੀ ਸੁਣੀ ਹੋਈ ਸੀ। ਕਿਵੇਂ ਉਨ੍ਹਾਂ ਦੀ ਪਿਆਰੀ ਅੰਮੀ ਮਾਤਾ ਰੰਗਾ ਨੇ ਬਾਬਾ ਬੁੱਢਾ ਜੀ ਪਾਸੋਂ ਵਰ ਪ੍ਰਾਪਤ ਕੀਤਾ ਸੀ। ਕੀ ਮੇਰੀ ਅੰਮੀ ਵੀ ਖੁਸ਼ੀ ਨਾਲ ਇਸੇ ਤਰ੍ਹਾਂ ਖਿੜ ਉਠੀ ਸੀ ? ਕੀ ਮੇਰੀ ਮਾਂ ਦੇ ਰੋਮ-ਰੋਮ ਵਿਚੋਂ ਵੀ ਖੁਸ਼ੀ ਦੇ ਫੁਹਾਰੇ ਛੁੱਟ ਪਏ ਸਨ ? ਵਿਚਾਰ ਮਗਨ ਸਤਿਗੁਰੂ ਮਾਤਾ ਰੰਗਾ ਦੇ ਚਿਹਰੇ ਨੂੰ ਚਿਤਾਰ ਰਹੇ ਸਨ।

ਇੱਧਰ ਮਾਤਾ ਸੁਲੱਖਣੀ ਸਤਿਗੁਰੂ ਜੀ ਤੋਂ ਵਰ ਪ੍ਰਾਪਤ ਕਰ ਕੇ ਕਾਗਜ਼ ਨੂੰ ਸਿੱਧ-ਪੁੱਠਾ ਕਰ ਕੇ ਵੇਖਦੀ ਤੁਰੀ ਜਾ ਰਹੀ ਸੀ। ਕਲਮ-ਦਵਾਤ ਉਹਨੇ ਆਪਣੇ ਪਤੀ ਨੂੰ ਫੜਾ ਦਿੱਤੀ ਸੀ। ਦੋਵੇਂ ਜੀਅ ਕਿਸੇ ਅਗੰਮੀ ਖੁਸ਼ੀ ਨਾਲ ਤੁਰ ਨਹੀਂ, ਉਡ ਰਹੇ ਸਨ। ਦੋਵੇਂ ਜੀਅ ਸ਼ੁਕਰ-ਸ਼ੁਕਰ ਕਰਦੇ ਭਾਈ ਗੁਰਦਾਸ ਜੀ ਦੇ ਡੇਰੇ ਪੁੱਜ ਗਏ।

"ਲਓ ਮਹਾਰਾਜ, ਆਪਣੀ ਕਲਮ-ਦਵਾਤ", ਮਾਤਾ ਸੁਲੱਖਣੀ ਨੇ ਭਾਈ ਗੁਰਦਾਸ ਜੀ ਨੂੰ ਆਖਿਆ।

ਭਾਈ ਗੁਰਦਾਸ ਜੀ ਮਾਤਾ ਸੁਲੱਖਣੀ ਦੇ ਖਿੜੇ ਚਿਹਰੇ ਤੋਂ ਹੀ ਭਾਂਪ ਗਏ ਸਨ ਕਿ ਇਨ੍ਹਾਂ ਉੱਪਰ ਸਤਿਗੁਰੂ ਜੀ ਨੇ ਬਖ਼ਸ਼ਿਸ਼ ਕਰ ਦਿੱਤੀ ਹੈ, ਤਾਂ ਵੀ ਪੁੱਛਿਆ, "ਮਾਤਾ ਲਿਖ ਦਿੱਤਾ ?"

"ਹਾਂ ਬਾਬਾ ਜੀ, ਮਹਾਰਾਜ ਜਦ ਏਕਾ ਪਾਉਣ ਲੱਗੇ ਤਾਂ ਘੋੜੇ ਨੇ ਧੌਣ ਹਿਲਾ ਦਿੱਤੀ ਤੇ ਇਸ ਤਰ੍ਹਾਂ ਏਕੇ ਦਾ ਸਾਤਾ ਬਣ ਗਿਆ।" ਫੁੱਟ-ਫੁੱਟ ਪੈਂਦੀ ਖੁਸ਼ੀ ਨਾਲ ਮਾਤਾ ਸੁਲੱਖਣੀ ਨੇ ਕਾਗਜ਼ ਭਾਈ ਗੁਰਦਾਸ ਜੀ ਅੱਗੇ ਕਰ ਦਿੱਤਾ। ਭਾਈ ਗੁਰਦਾਸ ਜੀ ਵੀ ਕਾਗਜ਼ ਨੂੰ ਵੇਖ ਕੇ ਬੜੇ ਪ੍ਰਸੰਨ ਹੋਏ। "ਮਾਤਾ ਤੈਨੂੰ ਤਾਂ ਸਤਿਗੁਰੂ ਜੀ ਨੇ ਸੱਤ-ਪੁੱਤਰੀ ਬਣਾ ਦਿੱਤਾ" ਭਾਈ ਗੁਰਦਾਸ ਜੀ ਨੇ ਸਨੇਹ ਨਾਲ ਮਾਤਾ ਸੁਲੱਖਣੀ ਨੂੰ ਕਿਹਾ।

ਹੁਣ ਭਾਈ ਗੁਰਦਾਸ ਜੀ ਵੀ ਮਾਤਾ ਸੁਲੱਖਣੀ ਦੇ ਭੋਲੇਪਨ ਤੇ ਸਰਲਤਾ ਨੂੰ ਵੇਖ ਕੇ ਪਿਆਰ ਦੇ ਘਰ ਵਿਚ ਆ ਗਏ।

"ਵੇਖ ਮਾਤਾ ! ਕਰਤਾਰ ਨੂੰ ਸਦਾ ਚੇਤੇ ਰੱਖਣਾ। ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਰਹਿਣਾ। ਗੁਰੂ ਜੀ ਦੇ ਲੰਗਰ ਲਈ ਜੋ ਸਰੇ-ਬਣੇ, ਅਨਾਜ, ਗੁੜ, ਘਿਓ ਆਦਿ ਲਿਆਉਂਦੇ ਰਹਿਣਾ। ਜਿਹੜਾ ਵੀ ਬੱਚਾ ਹੋਵੇ, ਗੁਰੂ ਮਹਾਰਾਜ ਦੇ ਦਰ ਉਤੇ ਮੱਥਾ ਟਿਕਾਉਣ ਲਈ ਲਿਆਉਣਾ। ਹੁਣ ਘਰ ਜਾਣ ਤੋਂ ਪਹਿਲਾਂ ਸਰੋਵਰ ਵਿਚੋਂ ਇਸ਼ਨਾਨ ਕਰੋ, ਹਰਿਮੰਦਰ ਵਿਚ ਜਾ ਕੇ ਮੱਥਾ ਟੇਕੋ। ਸਤਿਗੁਰੂ ਆਪ ਮਿਹਰ ਕਰਨਗੇ।"

ਮਾਤਾ ਸੁਲੱਖਣੀ ਚਾਈਂ-ਚਾਈਂ ਘਰ ਆਈ। ਹੱਥਾਂ ਨਾਲ ਭਾਵੇਂ ਉਹ ਕਾਰ-ਵਿਹਾਰ ਕਰਦੀ ਰਹਿੰਦੀ ਪਰ ਸੁਰਤ ਹਮੇਸ਼ਾ ਉਸ ਦੀ ਪ੍ਰਭੂ-ਚਰਨਾਂ ਨਾਲ ਜੁੜੀ ਰਹਿੰਦੀ। ਉੱਧਰ ਮਾਤਾ ਸੁਲੱਖਣੀ ਦੀ ਦਰਾਣੀ ਦੇ ਮਨ ਵਿਚ ਈਰਖਾ ਜਾਗ ਪਈ। ਉਹ ਵੈਰ-ਵਿਰੋਧ ਦੀਆਂ ਗੱਲਾਂ ਕਰਦੀ ਰਹਿੰਦੀ। ਪਰ ਮਾਤਾ ਸੁਲੱਖਣੀ ਜਾਂ ਤਾਂ ਸਤਿਗੁਰੂ ਦਾ ਧਿਆਨ ਧਰਦੀ ਜਾਂ

ਸਤਿਨਾਮ ਵਾਹਿਗੁਰੂ ਜਪਦੀ ਰਹਿੰਦੀ। ਅਖ਼ੀਰ ਉਹ ਸੁਭਾਗਾ ਵੇਲਾ ਆਇਆ। ਸੁਲੱਖਣੀ ਦੇ ਘਰ ਸੋਹਣਾ-ਸੁਨੱਖਾ ਪੁੱਤਰ ਜੰਮਿਆ। ਉਹਦੇ ਪਤੀ ਨੇ ਪਿੰਡ ਵਿਚ ਗੁੜ ਵੰਡਿਆ। ਖੁਸ਼ੀਆਂ ਕੀਤੀਆਂ। ਸੁਲੱਖਣੀ ਖੁਸ਼ੀ-ਖੁਸ਼ੀ ਪੁੱਤ ਨੂੰ ਗੋਦੀ ਲੈ ਕੇ ਗੁਰੂ ਮਹਾਰਾਜ ਦੇ ਦਰਬਾਰ ਪੁੱਜੀ। ਭਾਈ ਗੁਰਦਾਸ ਜੀ ਤੋਂ ਅਸੀਸ ਲਈ। ਹੌਲੀ-ਹੌਲੀ ਮਾਤਾ ਸੁਲੱਖਣੀ ਨੇ ਸੱਤਾਂ ਪੁੱਤਰਾਂ ਨੂੰ ਜਨਮ ਦਿੱਤਾ। ਮਹਾਰਾਜ ਦਾ ਵਰ ਸੱਚਾ ਹੋਇਆ। ਨਿਪੁੱਤੀ ਸੁਲੱਖਣੀ ਪੁੱਤਰਾਂ ਵਾਲੀ ਹੋ ਗਈ। ਉਹ ਹਰ ਵਾਰ ਨਵੇਂ ਜੰਮੇ ਪੁੱਤਰ ਨੂੰ ਗੁਰੂ ਮਹਾਰਾਜ ਦੇ ਹਜ਼ੂਰ ਲੈ ਕੇ ਜਾਂਦੀ। ਸਰੋਵਰ ਵਿਚ ਇਸ਼ਨਾਨ ਕਰਾਉਂਦੀ। ਉਹ ਸ਼ੁਕਰ-ਸ਼ੁਕਰ ਕਰ ਕੇ ਪੁੱਤਰਾਂ ਦੀ ਸੇਵਾ ਕਰਦੀ ਤੇ ਪਾਲਦੀ ਰਹੀ।

ਮਾਤਾ ਸੁਲੱਖਣੀ ਜਿੰਨੀ ਦੇਰ ਜੀਵੀ ਗੁਰੂ-ਘਰ ਉਤੇ ਅਥਾਹ ਸ਼ਰਧਾ ਰੱਖਦੀ ਰਹੀ। ਉਸ ਦੀ ਔਲਾਦ ਵੀ ਗੁਰੂ-ਘਰ ਦੀ ਸ਼ਰਧਾਲੂ ਬਣੀ ਰਹੀ। ਉਹ ਜਿੰਨੀ ਦੇਰ ਜੀਵੀ ਯਥਾਜੋਗ ਗੁਰੂ ਦੇ ਲੰਗਰ ਵਿਚ ਰਸਦ ਪਾਉਂਦੀ ਰਹੀ। ਮਾਤਾ ਸੁਲੱਖਣੀ ਦੇ ਪੁੱਤਰ ਜਿਵੇਂ-ਜਿਵੇਂ ਵੱਡੇ ਹੁੰਦੇ ਗਏ ਪਿਤਾ ਦੀ ਬਾਂਹ ਬਣਦੇ ਗਏ। ਪਿਤਾ ਨਾਲ ਕੰਮਾਂ ਵਿਚ ਹੱਥ ਵਟਾਉਂਦੇ ਰਹੇ। ਗੁਰੂ ਦਰਾਬਰ ਦੀ ਹਾਜ਼ਰੀ ਭਰਦੇ ਰਹੇ।

ਉਹ ਥਾਂ ਜਿਥੇ ਮਾਤਾ ਸੁਲੱਖਣੀ ਨੇ ਛੇਵੇਂ ਪਾਤਸ਼ਾਹ ਦੇ ਘੋੜੇ ਦੀ ਲਗਾਮ ਫੜੀ ਸੀ, ਅੱਜਕਲ੍ਹ ਗੁਰਦੁਆਰਾ ਸੰਗਰਾਣਾ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੈ। ਅੱਜ ਵੀ ਲੋਕ ਉਥੇ ਜਾ ਕੇ ਮਾਤਾ ਸੁਲੱਖਣੀ ਦਾ ਪ੍ਰਸੰਗ ਸੁਣਦੇ ਹਨ। ਗੁਰੂ ਅੱਗੇ ਅਰਦਾਸਾਂ ਕਰਦੇ ਹਨ ਤੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਦੇ ਹਨ।

ਸ. ਜੱਸਾ ਸਿੰਘ ਆਹਲੂਵਾਲੀਆ ਦੀ ਮਾਤਾ

(ਜਿਨ੍ਹਾਂ ਦਾ ਇਤਿਹਾਸ ਵਿਚ ਜ਼ਿਕਰ ਤਾਂ ਹੈ ਪਰ ਨਾਮ ਪਤਾ ਨਹੀਂ)

ਇਤਿਹਾਸ ਵਿਚ ਵੱਡੇ ਵੱਡੇ ਯੋਧਿਆਂ, ਸੂਰਬੀਰਾਂ, ਦਾਨੀਆਂ, ਮਹਾਪੁਰਸ਼ਾਂ ਦੇ ਜੀਵਨ ਚਰਿੱਤਰ ਵਾਚੀਏ ਤਾਂ ਪਤਾ ਲੱਗਦਾ ਹੈ ਕਿ ਕੁਝ ਮਹਾਨ ਹਸਤੀਆਂ ਹਨ ਜੋ ਆਪਣੇ ਮਾਂ-ਬਾਪ ਕਰ ਕੇ ਜਾਣੀਆਂ ਜਾਂਦੀਆਂ ਹਨ ਅਤੇ ਕੁਝ ਮਾਂ-ਬਾਪ ਅਜਿਹੇ ਹਨ ਜੋ ਆਪਣੀ ਔਲਾਦ ਦੇ ਕਾਰਨਾਮਿਆਂ ਕਾਰਨ ਇਤਿਹਾਸ ਦੇ ਪੰਨਿਆਂ 'ਤੇ ਥਾਂ ਪਾ ਲੈਂਦੇ ਹਨ।

ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਵਿਚ ਸ. ਜੱਸਾ ਸਿੰਘ ਆਹਲੂਵਾਲੀਆ ਅਜਿਹਾ ਹੀ ਇਕ ਨਾਂ ਹੈ, ਜਿਸ ਨੇ ਨਾ ਕੇਵਲ ਆਪਣੇ ਮਾਪਿਆਂ ਦਾ ਸਗੋਂ ਸਮੁੱਚੇ ਆਹਲੂਵਾਲੀਆ ਬੰਸ ਦਾ ਨਾਂ ਰੌਸ਼ਨ ਕੀਤਾ। ਉਸ ਨੇ ਅਹਿਮਦਸ਼ਾਹ ਅਬਦਾਲੀ ਵਰਗੇ ਜ਼ਾਲਮ ਹਮਲਾਵਰ ਦਾ ਅਨੇਕਾਂ ਵਾਰ ਬਹਾਦਰੀ ਨਾਲ ਮੁਕਾਬਲਾ ਕੀਤਾ। ਇਹ ਮਹਾਨ ਯੋਧਾ ਇਕ ਕੌਮੀ ਨਾਇਕ ਬਣ ਕੇ ਉਭਰਿਆ। 'ਸੁਲਤਾਨੁਲ-ਕੌਮ' ਅਤੇ ਬਾਦਸ਼ਾਹ ਦੀ ਪਦਵੀ ਹਾਸਲ ਕੀਤੀ। ਅਬਦਾਲੀ ਵੱਲੋਂ ਢਾਹੇ ਜਾ ਚੁੱਕੇ ਪਵਿੱਤਰ ਸ੍ਰੀ ਹਰਿਮੰਦਰ ਸਾਹਿਬ ਦੀ ਮੁੜ ਉਸਾਰੀ ਕਰਵਾਈ, ਸਿੱਖ ਮਿਸਲਾਂ ਦਾ ਪੂਰਾ-ਪੂਰਾ ਰਿਕਾਰਡ ਤਿਆਰ ਕਰਵਾ ਕੇ ਅਕਾਲ ਬੁੰਗੇ ਵਿਖੇ ਰਖਵਾਇਆ, ਗਊ-ਗਰੀਬ ਦੀ ਰੱਖਿਆ ਲਈ ਆਪਣੀ ਜਾਨ ਤਕ ਦੀ ਬਾਜ਼ੀ ਲਾ ਦਿੱਤੀ, ਅਬਦਾਲੀ ਹੱਥੋਂ 2000 ਭਾਰਤੀ ਹਿੰਦੂ ਮਰਾਠਾ ਇਸਤਰੀਆਂ ਨੂੰ ਛੁਡਾ ਕੇ ਘਰੋ-ਘਰੀ ਪਹੁੰਚਾ ਕੇ 'ਬੰਦੀ ਛੋੜ' ਦੀ ਪਦਵੀ ਹਾਸਲ ਕੀਤੀ। ਅੱਜ ਵੀ ਮਰਾਠਾ ਗੀਤਾਂ ਵਿਚ ਇਸ

ਯੋਧੇ ਦਾ ਨਾਂ ਗੂੰਜਦਾ ਹੈ। ਭਾਰਤ ਦੇ ਪ੍ਰਸਿੱਧ ਇਤਿਹਾਸਕਾਰ ਸ੍ਰੀ ਐਨ. ਕੇ. ਸਿਨਹਾ ਨੂੰ ਇਸ ਮਹਾਨ ਯੋਧੇ ਦੀ ਪ੍ਰਸੰਸਾ ਲਈ ਆਪਣੀ ਪੁਸਤਕ 'ਦੀ ਰਾਈਜ਼ ਆਫ਼ ਦੀ ਸਿੱਖ ਪਾਵਰ' ਵਿਚ ਕਈ-ਕਈ ਪੰਨੇ ਲਗਾਉਣੇ ਪਏ ਹੋਣ। ਜਿਸ ਅੱਗੇ ਹਿੰਦੂ, ਮੁਸਲਮਾਨ, ਸਿੱਖ ਹਰ ਇਤਿਹਾਸਕਾਰ ਨੇ ਸ਼ਰਧਾ ਨਾਲ ਸਿਰ ਝੁਕਾਇਆ ਹੋਵੇ ਅਤੇ ਜਿਸ ਯੋਧੇ ਨੇ ਦੇਸ਼, ਕੌਮ ਦੀ ਖ਼ਾਤਰ ਲੜਦੇ 22 ਵੱਡੇ ਫੱਟ ਆਪਣੀ ਛਾਤੀ 'ਤੇ ਸਹਾਰੇ ਹੋਣ, ਬਾਬਾ ਆਲਾ ਸਿੰਘ ਤੇ ਉਸ ਦੀ ਔਲਾਦ (ਮਹਾਰਾਜਾ ਪਟਿਆਲਾ) ਜਿਸ ਤੋਂ ਅੰਮ੍ਰਿਤ ਛਕਣਾ ਆਪਣਾ ਸੁਭਾਗ ਸਮਝਦੀ ਹੋਵੇ, ਅਜਿਹੇ ਯੋਧੇ ਨੂੰ ਜਨਮ ਦੇਣ ਵਾਲੀ ਮਾਤਾ ਕਿੰਨੀ ਕੁ ਮਹਾਨ ਹੋਵੇਗੀ। ਇਤਿਹਾਸ ਨੇ ਬਹੁਤਾ ਕਰ ਕੇ ਇਸ ਵੱਲੋਂ ਚੁੱਪੀ ਸਾਧੀ ਹੋਈ ਹੈ।

ਹੈਰਾਨੀ ਦੀ ਗੱਲ ਹੈ ਡਾ. ਗੰਡਾ ਸਿੰਘ ਵਰਗੇ ਸਿੱਖ ਇਤਿਹਾਸਕਾਰਾਂ ਨੇ, ਜਿਨ੍ਹਾਂ ਨੇ ਆਹਲੂਵਾਲੀਆ ਖ਼ਾਨਦਾਨ ਦੀ ਪੂਰੀ ਬੰਸਾਵਲੀ ਆਪਣੀ ਪੁਸਤਕ 'ਸਰਦਾਰ ਜੱਸਾ ਸਿੰਘ ਆਹਲੂਵਾਲੀਆ' ਵਿਚ ਦੇ ਕੇ ਇਨ੍ਹਾਂ ਦਾ ਸੰਬੰਧ ਜੈਸਲਮੇਰ ਦੇ ਰਾਜਪੂਤ ਰਾਣਿਆਂ ਨਾਲ ਜੋੜਿਆ ਹੈ, ਉਹ ਵੀ ਸ. ਜੱਸਾ ਸਿੰਘ ਦੀ ਮਾਤਾ ਦਾ ਨਾਂ ਤਕ ਨਹੀਂ ਜਾਣ ਸਕੇ। ਇਸ ਮਹਾਨ ਯੋਧੇ ਨੂੰ ਜਨਮ ਦੇਣ ਵਾਲੀ ਮਾਤਾ ਦਾ ਨਾਂ ਕੀ ਸੀ, ਇਸ ਵਲੋਂ ਇਤਿਹਾਸ ਚੁੱਪ ਹੈ, ਪਰ ਉਨ੍ਹਾਂ ਦੀ ਪ੍ਰਸੰਸਾ ਵਿਚ ਕਾਫੀ ਕੁਝ ਕਿਹਾ ਗਿਆ ਹੈ।

ਸ. ਬਾਘ ਸਿੰਘ ਆਪਣੇ ਸਮੇਂ ਦੇ ਪ੍ਰਸਿੱਧ ਜਥੇਦਾਰ ਹੋਏ ਹਨ ਜੋ ਸਿੱਖਾਂ ਦੇ ਅਤਿ ਕਰੜੇ ਸੰਘਰਸ਼ਮਈ ਸਮੇਂ ਜਾਨ ਹੂਲ ਕੇ ਸਿੱਖ ਮਿਸਲਾਂ ਨਾਲ ਰਹੇ ਅਤੇ ਜੰਗਾਂ-ਯੁੱਧਾਂ ਦੀਆਂ ਮੁਹਿੰਮਾਂ 'ਤੇ ਜਾਂਦੇ ਰਹੇ। ਸ. ਜੱਸਾ ਸਿੰਘ ਦੀ ਮਾਤਾ ਇਨ੍ਹਾਂ ਦੀ ਭੈਣ ਸੀ, ਜੋ ਸ. ਬਦਰ ਸਿੰਘ ਨਾਲ ਵਿਆਹੀ ਗਈ ਅਤੇ ਜੱਸਾ ਸਿੰਘ ਦੀ ਮਾਂ ਬਣੀ।

ਇਸ ਮਾਤਾ ਦਾ ਸਹੁਰਾ ਪਰਿਵਾਰ 'ਆਹਲੂ' ਨਾਂ ਦੇ ਪਿੰਡ ਵਿਚ ਨਿਵਾਸ ਕਰਦਾ ਸੀ ਜਦ ਕਿ ਇਹ ਆਪ 'ਹੋਲ' ਪਿੰਡ ਦੇ ਸਨ। ਇਨ੍ਹਾਂ ਪਿੰਡਾਂ ਦਾ ਵਸੇਬਾ ਇਸ ਖ਼ਾਨਦਾਨ ਦੇ ਆਪਣੇ ਵਡੇਰਿਆਂ ਨੇ ਹੀ ਕੀਤਾ ਸੀ। ਇਸ 'ਆਹਲੂ' ਪਿੰਡ ਵਿਖੇ ਬਾਲਕ ਜੱਸਾ ਸਿੰਘ ਦਾ ਜਨਮ 3 ਮਈ 1718 ਨੂੰ ਹੋਇਆ। ਇਹ ਪਿੰਡ ਲਾਹੌਰ ਦੇ ਨੇੜੇ ਸੀ ਅਤੇ ਇਸ ਨੂੰ 'ਕਲਾਲ' ਜਾਤੀ ਦੇ ਲੋਕਾਂ ਨੇ ਵਸਾਇਆ ਸੀ। ਕਲਾਲਾਂ ਦੇ ਵੱਡੇ-ਵਡੇਰੇ ਸ਼ੁਰੂ ਵਿਚ ਯੂ.ਪੀ. ਦੇ ਇਕ 'ਸ਼ੇਰਗੜ੍ਹ' ਵਿਚ ਰਹਿੰਦੇ ਸਨ ਅਤੇ ਸ਼ੇਰ ਗੜ੍ਹੀਏ ਕਹਿਵਾਂਦੇ ਸਨ। ਮੁਗਲ ਸਮਰਾਟ ਬਾਬਰ ਦੇ ਸਮੇਂ ਇਨ੍ਹਾਂ ਕਲਾਲਾਂ ਵਿਚੋਂ ਕਈ ਜਵਾਨ ਮਰਦ ਮੁਗਲ ਫ਼ੌਜ ਵਿਚ ਭਰਤੀ ਹੋ ਗਏ। ਕੁਝ ਸਮਾਂ ਇਹ ਉਨ੍ਹਾਂ ਨਾਲ ਮਿਲ-ਜੁਲ ਕੇ ਕੰਮ ਕਰਦੇ ਰਹੇ ਪਰ ਬਾਅਦ ਵਿਚ ਮੁਗਲਾਂ ਦੇ ਹਿੰਦੂਆਂ ਉਤੇ ਹੁੰਦੇ ਜ਼ੁਲਮ ਵੇਖ ਕੇ ਇਨ੍ਹਾਂ ਵਿਚੋਂ ਕੁਝ ਗੁਰੂ-ਘਰ ਦੀ ਸ਼ਰਨ ਵਿਚ ਚਲੇ ਗਏ। ਇਹ ਲੋਕ ਮੂਲ ਰੂਪ ਵਿਚ ਸ਼ਰਾਬ ਦਾ ਧੰਦਾ ਕਰਦੇ ਸਨ। ਇਸ ਜਾਤੀ ਦਾ ਮੁੱਖ ਕਿੱਤਾ ਅੰਨ ਦਾ ਵਪਾਰ, ਅੰਨ ਰਸ ਬਣਾਉਣਾ ਤੇ ਵੇਚਣਾ, ਗੰਨੇ ਦੀ ਖੇਤੀ ਕਰਨਾ ਤੇ ਗੰਨੇ ਦੇ ਰਸ ਤੋਂ ਗੁੜ, ਸ਼ੱਕਰ ਤੇ ਸ਼ਰਾਬ ਬਣਾਉਣਾ ਸੀ।

ਜੱਸਾ ਸਿੰਘ ਦੇ ਵੱਡੇ-ਵਡੇਰਿਆਂ ਵਿਚੋਂ ਰਾਣਾ ਕਪੂਰ ਨੇ ਕਪੂਰਥਲਾ ਨਗਰ ਵਸਾ ਲਿਆ ਸੀ। ਉਸ ਦੀ ਪੰਜਵੀਂ ਪੀੜ੍ਹੀ ਵਿਚ ਰਾਣਾ ਤੁਲਸੀ ਸੀ, ਜਿਸ ਦੀ ਅਕਬਰ ਦੇ ਸਮੇਂ ਮੁਗਲਾਂ ਨਾਲ ਅਣਬਣ ਹੋ ਗਈ ਤੇ ਸਿੱਟੇ ਵਜੋਂ ਉਸ ਦੀ ਜਾਗੀਰ ਜ਼ਬਤ ਕਰ ਲਈ ਗਈ। ਇਸ ਦੇ ਵਾਰਸਾਂ ਨੇ ਬਹੁਤ ਯਤਨ ਕੀਤੇ, ਪਰ ਅਸਫ਼ਲ ਰਹੇ। ਇਸੇ ਖ਼ਾਨਦਾਨ ਦੇ ਇਕ

ਵਿਅਕਤੀ ਸਦਾਉ ਸਿੰਘ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਬੜੀ ਸੇਵਾ ਕੀਤੀ। ਉਸ ਦੇ ਪੁੱਤਰ ਸਧਾਵਾ ਸਿੰਘ ਤੇ ਸ਼ਹਿਦਾਦ ਸਿੰਘ ਨੇ ਇਸ ਤੋਂ ਵੀ ਵੱਧ ਉੱਨੱਤੀ ਕੀਤੀ। ਇਹ ਲਾਹੌਰ ਰਹਿੰਦੇ ਸਨ ਤੇ ਖੁੱਸੀ ਜਾਗੀਰ ਦੇ ਰੋਸ ਵਜੋਂ ਨਿੱਤ ਲੁੱਟਾਂ-ਮਾਰਾਂ ਕਰਦੇ ਰਹਿੰਦੇ ਸਨ। ਇਨ੍ਹਾਂ ਤੋਂ ਤੰਗ ਆ ਕੇ ਲਾਹੌਰ ਦੇ ਸੂਬੇ ਨੇ ਉਨ੍ਹਾਂ ਨਾਲ ਸੰਧੀ ਕਰ ਲਈ ਤੇ ਆਪਣੇ ਕੋਲ ਨੌਕਰੀ ਦੀ ਪੇਸ਼ਕਸ਼ ਕੀਤੀ। ਪਰ ਇਨ੍ਹਾਂ ਅਣਖੀਲੇ ਜੱਟਾਂ ਨੇ ਅਧੀਨਗੀ ਪ੍ਰਵਾਨ ਨਾ ਕਰਦੇ ਹੋਏ ਨਿੱਜੀ ਖੇਤੀ ਲਈ ਜ਼ਮੀਨ ਦੀ ਫਰਮਾਇਸ਼ ਕੀਤੀ। ਸੂਬੇ ਨੇ ਲਾਹੌਰ ਦੇ ਚੜ੍ਹਦੇ ਪਾਸੇ ਪੰਜ ਕੋਹ ਦੀ ਵਿੱਥ 'ਤੇ ਕਾਫ਼ੀ ਸਾਰੀ ਜ਼ਮੀਨ ਨੂੰ ਦੇ ਦਿੱਤੀ। ਇਸ ਵਿਚ ਉਨ੍ਹਾਂ ਨੇ ਪੰਜ ਪਿੰਡ ਹਲੋ, ਆਹਲੂ, ਸਾਧੋ, ਤੌਰ ਤੇ ਚੱਕ ਵਸਾਏ। ਸ਼ਹਿਦਾਦ ਸਿੰਘ ਦੇ ਵੰਸ਼ ਵਿਚੋਂ ਸ. ਦੇਵਾ ਸਿੰਘ ਤੇ ਤਿੰਨ ਪੁੱਤਰਾਂ ਵਿਚੋਂ ਇਕ ਪੁੱਤਰ ਬਦਰ ਸਿੰਘ ਦਾ ਵਿਆਹ ਹਲੋਵਾਲੀਏ ਜਥੇਦਾਰ ਬਾਘ ਸਿੰਘ ਦੀ ਭੈਣ ਨਾਲ ਹੋਇਆ। ਬਦਰ ਸਿੰਘ ਦੇ ਘਰ ਕਈ ਬੱਚੇ ਪੈਦਾ ਹੋਏ ਪਰ ਉਹ ਛੋਟੀ ਉਮਰ ਵਿਚ ਹੀ ਮਰ ਜਾਂਦੇ ਰਹੇ।

ਜਥੇਦਾਰ ਬਾਘ ਸਿੰਘ ਕਈ ਵਾਰ ਗੁਰੂ ਗੋਬਿੰਦ ਸਿੰਘ ਦੇ ਦਰਸ਼ਨ ਕਰ ਚੁੱਕਾ ਸੀ। ਅੰਤ ਉਹ ਆਪਣੀ ਭੈਣ ਤੇ ਭਣਵਈਏ ਨੂੰ ਨਾਲ ਲੈ ਕੇ ਗੁਰੂ ਦੇ ਦਰਬਾਰ ਜਾ ਹਾਜ਼ਰ ਹੋਇਆ। ਉਥੇ ਉਨ੍ਹਾਂ ਭਰੇ ਮਨ ਨਾਲ ਇਕ ਲੰਬੀ ਆਯੂ ਵਾਲੇ ਬੱਚੇ ਦੀ ਦਾਤ ਲਈ ਅਰਦਾਸ ਕਰਵਾਈ। ਗੁਰੂ ਜੀ ਨੇ ਤੁੱਠ ਕੇ ਵਰ ਦਿੱਤਾ ਕਿ ਇਕ ਭੁਝੰਗੀ ਪੈਦਾ ਹੋਵੇਗਾ ਜਿਸ ਦੀ ਉਮਰ ਲੰਬੀ ਹੋਵੇਗੀ। ਉਪਰੰਤ ਗੁਰੂ ਜੀ 1708 ਵਿਚ ਜੋਤੀ ਜੋਤ ਸਮਾ ਗਏ।

ਵਾਪਸ ਪਿੰਡ 'ਆਹਲੂ' ਪਰਤਣ ਤੋਂ ਕਈ ਸਾਲ ਬਾਅਦ ਬਾਲਕ ਜੱਸਾ ਸਿੰਘ ਦਾ ਜਨਮ ਹੋਇਆ। 1722 ਵਿਚ ਮਾਤਾ-ਪਿਤਾ ਨੇ ਇਨ੍ਹਾਂ ਦੀ ਮੁੱਢਲੀ ਪੜ੍ਹਾਈ ਲਈ ਮਸੀਤ ਭੇਜ ਦਿੱਤਾ। ਜਿਥੇ ਮੌਲਵੀ ਜੀ ਕੋਲੋਂ ਜੱਸਾ ਸਿੰਘ ਨੇ ਫ਼ਾਰਸੀ ਅੱਖਰ ਸਿੱਖੇ। 1723 ਈਸਵੀ ਵਿਚ ਜਦੋਂ ਜੱਸਾ ਸਿੰਘ ਅਜੇ ਪੰਜ ਸਾਲ ਦਾ ਬੱਚਾ ਹੀ ਸੀ, ਇਨ੍ਹਾਂ ਦੇ ਪਿਤਾ ਸ. ਬਦਰ ਸਿੰਘ ਚਲ ਵੱਸੇ। ਜੱਸਾ ਸਿੰਘ ਦੇ ਮਾਮਾ ਜਥੇਦਾਰ ਬਾਘ ਸਿੰਘ ਹੁਣ ਵਿਧਵਾ ਭੈਣ ਤੇ ਬਾਲਕ ਜੱਸਾ ਸਿੰਘ ਨੂੰ ਨਾਲ ਲੈ ਕੇ ਦਿੱਲੀ ਮਾਤਾ ਸੁੰਦਰੀ ਜੀ ਵਲ ਚਲ ਪਏ। ਮਾਤਾ ਸੁੰਦਰੀ ਜੀ ਇਸ ਪਿਆਰੇ ਬੱਚੇ ਨੂੰ ਵੇਖ ਕੇ ਤੇ ਇਹ ਜਾਣ ਕੇ ਕਿ ਇਹ ਦਸਮ ਗੁਰੂ ਦੀ ਬਖ਼ਸ਼ਿਸ਼ ਤੇ ਰਹਿਮਤ ਦਾ ਵਰੋਸਾਇਆ ਹੈ, ਤਾਂ ਬਹੁਤ ਪ੍ਰਸੰਨ ਹੋਏ ਤੇ ਬੱਚੇ ਨੂੰ ਤੇ ਉਸ ਦੀ ਮਾਤਾ ਨੂੰ ਆਪਣੇ ਕੋਲ ਹੀ ਰੱਖ ਲਿਆ।

ਮਾਤਾ ਸੁੰਦਰੀ ਜੀ ਨੇ ਆਪਣੀ ਨਿਗਰਾਨੀ ਵਿਚ ਬੱਚੇ ਦਾ ਲਾਲਨ-ਪਾਲਨ ਆਰੰਭਿਆ ਤੇ ਉਸ ਨੂੰ ਮਦਰੱਸੇ ਵਿਚ ਫ਼ਾਰਸੀ ਦੀ ਵਿਦਿਆ ਹਾਸਲ ਕਰਨ ਲਈ ਭੇਜ ਦਿੱਤਾ। ਮਾਤਾ ਜੀ ਨੇ ਆਪ ਉਨ੍ਹਾਂ ਨੂੰ ਗੁਰਮੁਖੀ ਅੱਖਰ ਸਿਖਾਏ। ਜੱਸਾ ਸਿੰਘ ਦੀ ਮਾਤਾ ਨੇ ਵੀ ਗੁਰਬਾਣੀ ਕੀਰਤਨ ਸਿੱਖ ਲਿਆ। ਦੋਨੋਂ ਮਾਤਾ ਜੀ ਦੇ ਦਰਬਾਰ ਵਿਚ ਇਕ ਤਾਰੇ ਨਾਲ ਬੜਾ ਰਸ-ਭਿੰਨਾ ਕੀਰਤਨ ਕਰਿਆ ਕਰਦੇ ਸਨ।

1729 ਵਿਚ ਸ. ਬਾਘ ਸਿੰਘ ਆਪਣੀ ਭੈਣ ਤੇ ਭਣੇਵੇਂ ਨੂੰ ਵਾਪਸ ਲਿਆਉਣ ਲਈ ਮਾਤਾ ਜੀ ਕੋਲ ਪੁੱਜਾ। ਮਾਤਾ ਜੀ ਨੇ ਦੋਹਾਂ ਨੂੰ ਤਿਆਰ ਕੀਤਾ। ਜੱਸਾ ਸਿੰਘ ਨੂੰ ਸੁਨਹਿਰੀ ਪੋਸ਼ਾਕ ਪੁਆਈ। ਮਾਤਾ ਸੁੰਦਰੀ ਜੀ ਨੇ ਜੱਸਾ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਕਰ-ਕਮਲਾਂ ਦੁਆਰਾ ਵਰਤੇ ਜਾਂਦੇ ਸ਼ਸਤਰ—ਤਲਵਾਰ, ਤੀਰਾਂ ਦਾ ਭੱਥਾ, ਗੁਰਜ, ਇਕ ਚਾਂਦੀ

ਦਾ ਡੰਡਾ ਅਥਵਾ ਆਸਾ ਆਦਿ ਬਖ਼ਸ਼ਿਆ । ਤੇ ਅਸੀਸਾਂ ਦਿੱਤੀਆਂ, "ਗੁਰੂ ਆਪ ਦੇ ਅੰਗ-ਸੰਗ ਹੋਣ । ਤੇਰੀ ਤੇ ਤੇਰੀ ਸੰਤਾਨ ਅੱਗੇ ਆਸਿਆਂ ਵਾਲੇ ਚੋਬਦਾਰ ਚੱਲਿਆ ਕਰਨਗੇ । ਤੂੰ ਇਸਤਰੀ ਜਾਤੀ ਦੀ ਪੱਤ ਤੇ ਆਬਰੂ ਦਾ ਰਾਖਾ ਹੋਵੇਂਗਾ । ਤੂੰ ਭਗਤ, ਸੂਰਮਾ ਤੇ ਦਾਨੀ ਹੋਵੇਂਗਾ । ਹੁਣ ਜਾਹ ! ਅਕਾਲ ਪੁਰਖ ਤੇਰਾ ਰਾਖਾ ਹੋਵੇ ।" ਇਸ ਤੋਂ ਇਲਾਵਾ ਮਾਤਾ ਜੀ ਨੇ ਨਵਾਬ ਕਪੂਰ ਸਿੰਘ ਦੇ ਨਾਂ ਇਕ ਲਿਖਤੀ ਹੁਕਮਨਾਮਾ ਵੀ ਭੇਜਿਆ, "ਇਹ ਬੱਚਾ ਸਾਡਾ ਆਪਣਾ ਬੱਚਾ ਹੈ । ਇਸ ਹੋਣਹਾਰ ਬੱਚੇ ਨੂੰ ਗੁਰੂ-ਘਰ ਨੇ ਨਿਵਾਜਿਆ ਹੈ । ਇਸ ਨੂੰ ਆਪਣੇ ਹੱਥਾਂ ਨਾਲ ਅੰਮ੍ਰਿਤ ਛਕਾਉਣਾ । ਗੁਰਬਾਣੀ ਤੇ ਸ਼ਸਤਰ-ਵਿਦਿਆ ਵਿਚ ਪ੍ਰਬੀਨ ਕਰਨਾ ।"

ਇਵੇਂ ਮਾਤਾ ਸੁੰਦਰੀ ਜੀ ਤੋਂ ਵਿਦਾਇਗੀ ਲੈ ਕੇ ਬਾਲਕ ਆਪਣੀ ਮਾਤਾ ਸਮੇਤ 1729 ਈਸਵੀ ਵਿਚ ਅੰਮ੍ਰਿਤਸਰ ਪੁੱਜਾ । ਉਸ ਸਮੇਂ ਹਰਿਮੰਦਰ ਸਾਹਿਬ ਦੇ ਗ੍ਰੰਥੀ ਭਾਈ ਮਨੀ ਸਿੰਘ ਜੀ ਸਨ । ਉਥੇ ਕੁਝ ਚਿਰ ਟਿਕ ਕੇ ਆਪ ਨੇ ਗੁਰਮੁਖੀ ਦੀ ਉਚੇਰੀ ਵਿਦਿਆ ਤੇ ਗੁਰਬਾਣੀ ਦਾ ਸ਼ੁੱਧ ਪਾਠ ਸਿੱਖਿਆ । ਫਿਰ ਬਾਘ ਸਿੰਘ ਇਨ੍ਹਾਂ ਨੂੰ ਜਲੰਧਰ ਜ਼ਿਲ੍ਹੇ ਦੇ ਕਰਤਾਰਪੁਰ ਲੈ ਗਏ ਜਿਥੇ ਉਨ੍ਹਾਂ ਦਿਨਾਂ ਵਿਚ 'ਦਲ ਖਾਲਸਾ' ਸਮੇਤ ਨਵਾਬ ਕਪੂਰ ਸਿੰਘ ਡੇਰੇ ਲਗਾਏ ਹੋਏ ਸਨ । ਨਵਾਬ ਸਾਹਿਬ ਨੇ ਮਾਤਾ ਸੁੰਦਰੀ ਜੀ ਦਾ ਹੁਮਕਨਾਮਾ ਮੱਥੇ ਨਾਲ ਲਗਾਇਆ ਅਤੇ ਬੜੇ ਧੰਨਭਾਗ ਸਮਝੇ ਕਿ ਮਾਤਾ ਜੀ ਨੇ ਉਨ੍ਹਾਂ ਨੂੰ ਯਾਦ ਕੀਤਾ ਹੈ । ਉਨ੍ਹਾਂ ਆਪ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਜੱਸਾ ਸਿੰਘ ਨੂੰ ਅੰਮ੍ਰਿਤ ਛਕਾਇਆ, ਸ਼ਸਤਰ-ਵਿਦਿਆ ਆਰੰਭ ਕੀਤੀ । ਇਥੇ ਵੀ ਦੋਨੋਂ ਮਾਂ-ਪੁੱਤ ਕੀਰਤਨ ਦੀ ਸੇਵਾ ਨਿਭਾਂਦੇ ਰਹੇ । ਕੁਝ ਸਮੇਂ ਬਾਅਦ ਜੱਸਾ ਸਿੰਘ ਫ਼ੌਜੀ ਟਰੇਨਿੰਗ ਲੈ ਕੇ ਆਪਣੀ ਮਾਤਾ ਸਮੇਤ ਪਿੰਡ ਪਰਤ ਆਏ ।

ਇਤਿਹਾਸ ਵਿਚ ਇਥੋਂ ਤਕ ਹੀ ਉਨ੍ਹਾਂ ਦੀ ਮਾਤਾ ਜੀ ਦਾ ਜ਼ਿਕਰ ਹੈ । ਇਸ ਉਪਰੰਤ ਸਿੱਖਾਂ 'ਤੇ ਸਮੇਂ ਦੀ ਹਕੂਮਤ ਨੇ ਜੋ ਦਿਲ-ਕੰਬਾਊ ਜ਼ੁਲਮ ਢਾਹੇ, ਕਿਵੇਂ ਉਨ੍ਹਾਂ ਦੇ ਘਰ-ਬਾਰ, ਫ਼ਸਲਾਂ, ਖੇਤਾਂ ਨੂੰ ਸਵਾਹ ਕੀਤਾ ਗਿਆ, ਉਹ ਪਿੰਡਾਂ ਸ਼ਹਿਰਾਂ ਵਿਚੋਂ ਨਿਕਲ ਕੇ ਜੰਗਲਾਂ, ਪਹਾੜਾਂ ਦੀਆਂ ਕੁੰਦਰਾਂ ਵਿਚ ਜਾ ਛਿਪੇ । ਉਨ੍ਹਾਂ ਦੇ ਸਿਰਾਂ ਦੇ ਮੁੱਲ ਪਏ ਤੇ ਜੱਸਾ ਸਿੰਘ ਆਹਲੂਵਾਲੀਆ ਨੇ ਜੋ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ, ਇਸ ਸਮੇਂ ਦੌਰਾਨ ਉਨ੍ਹਾਂ ਦੇ ਮਾਤਾ ਜੀ ਕਿੱਥੇ ਰਹੇ, ਕਿਵੇਂ ਰਹੇ, ਉਨ੍ਹਾਂ ਦਾ ਦੇਹਾਂਤ ਕਿਵੇਂ ਹੋਇਆ, ਇਸ ਬਾਰੇ ਕਿਧਰੇ ਵੀ ਕੋਈ ਸੰਕੇਤ ਨਹੀਂ ਮਿਲਦਾ । ਹਾਂ, ਇੰਨਾ ਜ਼ਰੂਰ ਹੈ ਕਿ ਦੈਵੀ-ਸੂਰਤ ਤੇ ਸੀਰਤ ਦੀ ਮਾਲਕ, ਪਤੀ ਦੀ ਮੌਤ ਸਮੇਂ ਵੀ ਪੂਰੇ ਹੌਸਲੇ ਵਿਚ ਰਹਿ ਕੇ ਪੁੱਤਰ ਦੀ ਪਾਲਨਾ ਕਰਨ ਵਾਲੀ, ਇਸ ਮਹਾਨ ਔਰਤ ਦੇ ਚਰਿੱਤਰ ਦਾ ਪੂਰਾ-ਪੂਰਾ ਪ੍ਰਭਾਵ ਆਪਣੇ ਪੁੱਤਰ ਦੀ ਚਰਿੱਤਰ-ਉਸਾਰੀ 'ਤੇ ਪਿਆ । ਡਾ. ਗੰਡਾ ਸਿੰਘ ਆਪਣੀ ਪੁਸਤਕ 'ਸਰਦਾਰ ਜੱਸਾ ਸਿੰਘ ਆਹਲੂਵਾਲੀਆ' ਦੇ ਪੰਨਾ 21 'ਤੇ ਜੱਸਾ ਸਿੰਘ ਦੀ ਮਾਤਾ ਬਾਰੇ ਲਿਖਦੇ ਹਨ :

"ਭਾਈ ਬਦਰ ਸਿੰਘ ਦੀ ਸ਼ਾਦੀ ਪਿੰਡ ਹਲੋ-ਸਾਧੋ ਦੇ ਸਰਦਾਰ ਬਾਘ ਸਿੰਘ ਦੀ ਭੈਣ ਨਾਲ ਹੋਈ । ਇਹ ਬੀਬੀ ਜੀ ਸਿੱਖੀ ਵਿਚ ਬੜੇ ਪਰਿਪੱਕ ਅਤੇ ਤਿਆਰ-ਬਰ-ਤਿਆਰ ਸਨ । ਆਪ ਗੁਰਮੁਖੀ ਪੜ੍ਹੇ ਹੋਏ ਸਨ ਅਤੇ ਸਿੱਖ ਧਾਰਮਿਕ ਗ੍ਰੰਥਾਂ ਦੀ ਆਪ ਨੂੰ ਚੰਗੀ ਵਾਕਫ਼ੀ ਸੀ । ਬਹੁਤ ਸਾਰੀ ਗੁਰਬਾਣੀ ਆਪ ਨੂੰ ਜ਼ਬਾਨੀ ਯਾਦ ਸੀ । ਫਿਰ ਵੀ ਗੁਰਬਾਣੀ

ਦੀ ਪੋਥੀ ਆਪ ਗਾਤਰੇ ਨਾਲ ਸਜਾਈ ਰੱਖਦੇ ਸਨ। ਕੀਰਤਨ ਨਾਲ ਆਪ ਨੂੰ ਖ਼ਾਸ ਪ੍ਰੇਮ ਸੀ ਅਤੇ ਦੂਤਾਰਾ ਅੱਛਾ ਵਜਾਉਂਦੇ ਸਨ। ਸਵੇਰੇ-ਸ਼ਾਮ ਗੁਰਬਾਣੀ ਦਾ ਪਾਠ ਕਰਨਾ ਅਤੇ ਕੀਰਤਨ ਚੌਂਕੀ ਲਗਾਉਣਾ ਆਪ ਦਾ ਸਦਾ ਦਾ ਨਿੱਤਨੇਮ ਸੀ। ਆਪ ਦਾ ਜੀਵਨ ਸੱਚਮੁੱਚ ਪੁਰਾਤਨ ਸਿੰਘਣੀਆਂ ਦੇ ਜੀਵਨ ਦਾ ਇਕ ਨਮੂਨਾ ਸੀ। ਇਸ ਅਨੁਸਾਰ ਹੀ ਉਨ੍ਹਾਂ ਦੇ ਸਪੁੱਤਰ ਜੱਸਾ ਸਿੰਘ ਦਾ ਜੀਵਨ ਬਣਿਆ ਸੀ ਅਤੇ ਇਹ ਨਿਰਮਲ-ਬੁੱਧ, ਉਜੱਲ ਦੀਦਾਰ ਅਤੇ ਸਿਦਕਵਾਨ ਮਾਤਾ ਦਾ ਜੀਵਨ ਸੱਚਾ (ਸਾਂਚਾ) ਸੀ ਜਿਸ ਵਿਚ ਪੰਜਾਬ ਦੇ ਇਕ ਸੱਚੇ ਸਪੂਤ, ਖਾਲਸਾ ਦਲ ਦੇ ਪ੍ਰਮੁੱਖ ਆਗੂ ਅਤੇ ਪੰਥ ਦੇ ਟਿੱਕੇ ਪਾਤਸ਼ਾਹ, ਸੁਲਤਾਨੁਲ ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦਾ ਭਵਿੱਖ ਢਲਿਆ ਸੀ।"

ਇਸੇ ਪੁਸਤਕ ਦੇ ਪੰਨਾ 23 'ਤੇ ਡਾ. ਗੰਡਾ ਸਿੰਘ ਫਿਰ ਇਸ ਮਹਾਨ ਮਾਤਾ ਦੀ ਭਰਪੂਰ ਪ੍ਰਸੰਸਾ ਕਰਦੇ ਹਨ :

"ਮਾਤਾ ਨੇ ਜੱਸਾ ਸਿੰਘ ਨੂੰ ਛੋਟੀ ਉਮਰ ਵਿਚ ਹੀ ਗੁਰਬਾਣੀ ਅਤੇ ਕੀਰਤਨ ਦੀ ਸਿੱਖਿਆ ਦੇਣੀ ਸ਼ੁਰੂ ਕਰ ਦਿੱਤੀ। ਉਸ ਦੀ ਤੀਵਰ ਬੁੱਧ ਨੂੰ ਵੇਖ ਕੇ ਮਾਤਾ-ਪਿਤਾ ਦੋਨੋਂ ਬੜੇ ਅਚਰਜ ਹੋ ਰਹੇ ਸਨ ਕਿ ਅਚਾਨਕ ਹੀ ਸੰਨ 1779 ਵਿਚ ਜੱਸਾ ਸਿੰਘ ਦੇ ਪਿਤਾ ਬਦਰ ਸਿੰਘ ਚੜ੍ਹਾਈ ਕਰ ਗਏ। ਮਾਤਾ ਵਾਸਤੇ ਇਹ ਸਮਾਂ ਬੜਾ ਕਰੜਾ ਸੀ। ਇਕ ਪਾਸੇ ਤਾਂ ਪਤੀ ਦਾ ਸਾਇਆ ਸਿਰ ਤੋਂ ਉਠ ਗਿਆ, ਦੂਸਰੇ ਪਾਸੇ, ਸਰਕਾਰ ਸਿੱਖਾਂ ਦੇ ਲਹੂ ਦੀ ਤ੍ਰਿਹਾਈ ਹੋ ਰਹੀ ਸੀ। ਪਰ ਮਾਤਾ ਜੀ ਘਬਰਾਏ ਨਹੀਂ। ਉਨ੍ਹਾਂ ਪਤੀ ਦਾ ਅਕਾਲ ਚਲਾਣਾ ਵਾਹਿਗੁਰੂ ਦੇ ਭਾਣੇ ਵਿਚ ਪ੍ਰਵਾਨ ਕੀਤਾ ਅਤੇ ਉਸ ਦੀ ਰਜ਼ਾ ਅਤੇ ਯਾਦ ਵਿਚ ਦਿਨ ਬਤੀਤ ਕਰਨ ਲੱਗੇ।"

ਇਸ ਤਰ੍ਹਾਂ ਡਾ. ਗੰਡਾ ਸਿੰਘ ਦੇ ਉਪਰੋਕਤ ਸ਼ਬਦਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਮਾਤਾ ਜੀ ਕਿਤਨੇ ਉੱਚ-ਗੁਣਾਂ ਦੇ ਧਾਰਨੀ ਸਨ ਅਤੇ ਉਨ੍ਹਾਂ ਦਾ ਹੀ ਸੰਚਾਰ ਉਨ੍ਹਾਂ ਜੱਸਾ ਸਿੰਘ ਵਿਚ ਕੀਤਾ।

ਕਿਹਾ ਜਾਂਦਾ ਹੈ ਕਿ ਜਨਨੀ ਜਨਮ ਦੇਵੇ ਜਾਂ ਭਗਤ ਨੂੰ ਜਨਮ ਦੇਵੇ, ਜਾਂ ਸੂਰਮੇ ਨੂੰ ਜਾਂ ਦਾਨੀ ਨੂੰ, ਪਰ ਧੰਨ ਹੈ ਇਹ ਮਾਤਾ ਜਿਸ ਇਕ ਹੀ ਬੱਚੇ ਵਿਚ ਇਹ ਸਾਰੇ ਗੁਣ ਸੰਚਾਰ ਕੀਤੇ। ਜੱਸਾ ਸਿੰਘ ਦਾ ਕੀਰਤਨ ਤੇ ਗੁਰਬਾਣੀ ਪ੍ਰੇਮ, ਉਨ੍ਹਾਂ ਜੰਗਾਂ-ਯੁੱਧਾਂ ਵਿਚ ਵੀ 'ਆਸਾ ਦੀ ਵਾਰ' ਦੇ ਕੀਰਤਨ ਦੇ ਨੇਮ ਨੂੰ ਬਣਾਈ ਰੱਖਣਾ, ਅੰਮ੍ਰਿਤ ਵੇਲੇ ਆਪਣੇ ਦਲ ਵਿਚ ਚੱਕਰ ਕੱਟ ਕੇ ਇਹ ਵੇਖਣਾ ਕਿ ਸਿੱਖ ਪਾਠ ਕਰ ਰਹੇ ਹਨ ਜਾਂ ਨਹੀਂ (ਉਸੇ ਸਮੇਂ ਮੁਸਲਮਾਨ ਸੈਨਿਕਾਂ ਨੂੰ ਨਮਾਜ਼ ਪੜ੍ਹਨ ਲਈ ਪ੍ਰੇਰਦੇ), ਇਹ ਸਭ ਉਨ੍ਹਾਂ ਦੀ ਭਗਤੀ ਦਾ ਨਮੂਨਾ ਹਨ। ਦਾਨੀ ਇਤਨੇ ਕਿ ਜਦੋਂ ਹਰਿਮੰਦਰ ਸਾਹਿਬ ਦੀ ਉਸਾਰੀ ਲਈ ਮਾਇਆ ਇਕੱਠੀ ਕਰਨ ਲਈ ਚਾਦਰ ਵਿਛਾਈ ਗਈ ਤਾਂ ਆਪਣੇ ਹਿੱਸੇ ਦੇ ਸਾਰੇ ਦੇ ਸਾਰੇ ਨੌਂ ਲੱਖ ਰੁਪਏ ਚਾਦਰ ਵਿਚ ਪਾ ਦਿੱਤੇ। ਸੂਰਮੇ ਏਡੇ ਕਿ ਦੁੱਰਾਨੀ ਇਨ੍ਹਾਂ ਦੇ ਨਾਂ ਤੋਂ ਹੀ ਕੰਬ ਜਾਂਦੇ। ਸੋ ਮਾਂ ਨੇ ਦਾਨੀ ਦੇ, ਭਗਤ ਦੇ ਤੇ ਸੂਰਮੇ ਦੇ ਤਿੰਨੇਂ ਹੀ ਗੁਣ ਇਨ੍ਹਾਂ ਨੂੰ ਦਿੱਤੇ।

'ਗੁਰੂ ਤੇਰੇ ਅੰਗ ਸੰਗ ਹੈਂ', 'ਅਕਾਲ ਪੁਰਖ ਤੇਰਾ ਸਾਥੀ ਹੈਂ', ਇਹ ਭਰੋਸਾ ਮਾਂ ਨੇ ਜੱਸਾ ਸਿੰਘ ਵਿਚ ਬਚਪਨ ਵਿਚ ਹੀ ਅਜਿਹਾ ਭਰਿਆ ਸੀ ਕਿ ਮੈਦਾਨੇ-ਜੰਗ ਵਿਚ ਵੀ ਜੱਸਾ ਸਿੰਘ

ਨੇ ਕਦੀ ਲੋਹੇ ਦੇ ਭਾਰੀ ਜ਼ਰਾਹ-ਬਖ਼ਤਰ, ਖੋਦ, ਸੰਜੋਅ ਅਤੇ ਚਿੱਲਤਾਂ ਆਦਿ ਨਹੀਂ ਪਹਿਨੀਆਂ। ਉਨ੍ਹਾਂ ਦਾ ਖ਼ਿਆਲ ਸੀ ਕਿ ਇਸ ਤਰ੍ਹਾਂ ਦੀ ਭਾਰੀ ਵਰਦੀ ਨਾਲ ਸਵਾਰ ਪੂਰੀ ਤੇਜ਼ੀ ਤੇ ਚੁਸਤੀ ਨਾਲ ਨਾ ਤਾਂ ਵੈਰੀ 'ਤੇ ਹੱਲਾ ਹੀ ਕਰ ਸਕਦਾ ਹੈ ਅਤੇ ਨਾ ਹੀ ਆਪ ਬਚ ਕੇ ਨਿਕਲ ਸਕਦਾ ਹੈ। ਆਪਣੇ ਬਚਾਉ ਲਈ ਉਹ ਬਹੁਤਾ ਭਰੋਸਾ 'ਅਕਾਲ ਪੁਰਖ ਦੀ ਰੱਛਿਆ' ਪਰ ਹੀ ਕਰਦੇ ਸਨ।

ਇਤਿਹਾਸ ਦੇ ਪੰਨਿਆਂ ਵਿਚ ਜ਼ਿਕਰ ਪ੍ਰਾਪਤ ਪਰ 'ਨਾਮ ਰਹਿਤ' ਇਸ ਮਹਾਨ ਮਾਤਾ ਨੂੰ ਕੌਮ ਦਾ ਸ਼ਤ-ਸ਼ਤ ਪ੍ਰਣਾਮ !

ਗਿਆਨੀ ਸੋਹਣ ਸਿੰਘ ਸੀਤਲ ਜੀ ਦੇ ਸ਼ਗਿਰਦ
ਇੰਟਰਨੈਸ਼ਨਲ ਪੰਥਕ ਢਾਡੀ ਜੱਥਾ
ਗਿ: ਸਰੂਪ ਸਿੰਘ ਕਡਿਆਣਾ
(ਗੋਲਡ ਮੈਡਲਿਸਟ)
98150-03075
ਸਾਥੀ : ਲਖਵੀਰ ਸਿੰਘ ਤਲਵਣ - 98155-42247
ਸਾਥੀ : ਰਛਪਾਲ ਸਿੰਘ ਮੁੱਲਾਪੁਰੀ - 99140-00127
ਸਾਰੰਗੀ ਮਾ.: ਹਰਦੀਪ ਸਿੰਘ ਤਲਵਣ - 98141-51218

ਪਿੰਡ-ਕਡਿਆਣਾ ਤਹਿ. ਫਿਲੌਰ-144410 ਜਿਲ੍ਹਾ ਜਲੰਧਰ
E-mail. dhadikadiana@hotmail.com
www. dhadikadiana.com

ਗੁਰੂ ਘਰ ਦੀਆਂ ਬੇਨਾਮ ਸ਼ਹੀਦ ਸਿੰਘਣੀਆਂ

ਗੁਰੂ-ਘਰ ਅਨੇਕ ਪਰੰਪਰਾਵਾਂ ਦਾ ਮਜਮੂਆਂ ਹੈ। ਮਸਲਨ ਇਸ ਵਿਚ ਕੀਰਤਨ ਪਰੰਪਰਾ, ਸੇਵਾ ਪਰੰਪਰਾ, ਲੰਗਰ ਪਰੰਪਰਾ ਤੇ ਬੀਰ-ਰਸ ਪਰੰਪਰਾ ਆਪੋ-ਆਪਣਾ ਇਤਿਹਾਸ ਰੱਖਦੀਆਂ ਹਨ। ਇਹ ਗੱਲ ਸਿੱਖ ਧਰਮ ਦੀ ਨਿਵੇਕਲੀ ਨਹੀਂ ਸਗੋਂ ਹਰ ਧਰਮ ਵਿਚ ਇਸ ਤਰ੍ਹਾਂ ਦੀਆਂ ਪਰੰਪਰਾਵਾਂ ਇਕ ਤੋਂ ਵਧੀਕ ਹੁੰਦੀਆਂ ਹਨ।

ਗੁਰੂ-ਘਰ ਵਿਚ ਸ਼ਹੀਦੀ ਪਰੰਪਰਾ ਦਾ ਆਪਣਾ ਵਿਲੱਖਣ ਮੁਹਾਂਦਰਾ ਹੈ। ਗੁਰੂ-ਘਰ ਵਿਚ ਉਹ ਸ਼ਹੀਦ ਵੀ ਹਨ ਜਿਨ੍ਹਾਂ ਦਾ ਨਾਮ ਬੜੀ ਸ਼ਰਧਾ ਨਾਲ ਲਿਆ ਜਾਂਦਾ ਹੈ। ਜੇਹਾ ਕਿ ਬਾਬਾ ਦੀਪ ਸਿੰਘ ਸ਼ਹੀਦ। ਬਾਬਾ ਦੀਪ ਸਿੰਘ ਜੀ ਨੂੰ ਤਾਂ ਲੋਕ ਪੂਜਦੇ ਵੀ ਹਨ। ਦੂਸਰੀ ਤਰ੍ਹਾਂ ਦੇ ਉਹ ਸ਼ਹੀਦ ਹਨ ਜੇਹਾ ਕਿ ਭਾਈ ਮਨੀ ਸਿੰਘ, ਭਾਈ ਮਤੀਦਾਸ, ਭਾਈ ਤਾਰੂ ਸਿੰਘ, ਭਾਈ ਸੁਬੇਗ ਸਿੰਘ, ਸ਼ਹਿਬਾਜ਼ ਸਿੰਘ, ਭਾਈ ਬਚਿੱਤਰ ਸਿੰਘ ਤੇ ਭਾਈ ਗੁਰਬਖਸ਼ ਸਿੰਘ ਆਦਿ ਜਿਨ੍ਹਾਂ ਦੇ ਕਾਰਨਾਮੇ ਸਿੱਖ ਕੌਮ ਦਾ ਗੌਰਵ ਹਨ। ਇਨ੍ਹਾਂ ਨੇ ਜ਼ੁਲਮ ਦਾ ਮੁਕਾਬਲਾ ਸਿੱਖੀ-ਸਿਦਕ ਨਾਲ ਕੀਤਾ। ਬਾਬਾ ਬੰਦਾ ਬਹਾਦਰ ਦਾ ਤਾਂ ਮਾਸ ਜੰਮੂਰ ਨਾਲ ਖਿੱਚਿਆ ਗਿਆ। ਉਸ ਦੇ ਚਾਰ ਸਾਲ ਦੇ ਲੜਕੇ ਦਾ ਕਲੇਜਾ ਉਸ ਦੇ ਮੂੰਹ ਵਿਚ ਤੁੰਨਿਆ ਗਿਆ। ਪਰ ਉਹ ਸਿੱਖੀ ਸਿਦਕ ਤੋਂ ਨਾ ਡੋਲਿਆ। ਇਨ੍ਹਾਂ ਸ਼ਹੀਦਾਂ ਨਾਲ ਜੋ ਵੀ ਹੋਇਆ, ਇਤਿਹਾਸਕ ਤੱਥਾਂ ਦੇ ਰੂਪ ਵਿਚ ਸਾਹਮਣੇ ਆ ਗਿਆ। ਲੋਕ ਉਨ੍ਹਾਂ ਤੋਂ ਜਾਣੂ ਵੀ ਹੋ ਗਏ ਤੇ ਨਾਲ ਹੀ ਉਹ ਇਤਿਹਾਸ ਵਿਚ ਮਾਡਲ ਰੂਪ ਸਥਾਪਤ ਵੀ ਹੋ ਗਏ। ਕਮਾਲ ਗੱਲ ਤਾਂ ਇਹ ਹੈ ਇਕ ਸ਼ਹੀਦ ਨੇ ਦੂਸਰੇ ਸ਼ਹੀਦ ਸਿੰਘ ਦੀ ਸ਼ੈਲੀ ਦਾ ਦੁਹਰਾਉ ਨਹੀਂ ਕੀਤਾ। ਇਹ ਸਾਰੇ ਪ੍ਰਚੰਡ ਸਿਦਕ, ਸਬਰ-ਸ਼ੁਕਰ ਦਾ ਪੈਗਾਮ ਆਉਣ ਵਾਲੀਆਂ ਨਸਲਾਂ ਨੂੰ ਦੇ ਗਏ। ਗੁਰੂ-ਘਰ ਵਿਚ ਕੁਝ ਅਜਿਹੀਆਂ ਸ਼ਹੀਦ ਸਿੰਘਣੀਆਂ ਵੀ ਹੋਈਆਂ ਹਨ ਜਿਨ੍ਹਾਂ ਨੇ ਅਕਹਿ ਤੇ ਅਸਹਿ ਕਸ਼ਟ ਸਹਾਰੇ। ਜ਼ਾਲਮ ਨਾਲ ਤਕਰਾਰ ਕੀਤਾ। ਅਣਖ ਨੂੰ ਬਰਕਰਾਰ ਰੱਖਿਆ। ਧਰਮ ਨਹੀਂ ਹਾਰਿਆ। ਅਜਿਹੀਆਂ ਸਿੰਘਣੀਆਂ ਸਿੱਖ ਪੰਥ ਦੇ ਮਸਤਕ ਵਿਚ ਸ਼ਰਧਾ ਦਾ ਨੁਕਤਾ ਬਣ ਕੇ ਟਿਕ ਗਈਆਂ ਹਨ। ਏਹੋ ਕਾਰਣ ਹੈ, ਉਨ੍ਹਾਂ ਦੀ ਘਾਲ ਕਮਾਈ ਦਾ ਜ਼ਿਕਰ ਸਾਡੀ ਨਿੱਤ ਦੀ ਅਰਦਾਸ ਦਾ ਹਿੱਸਾ ਹੈ। ਇਸ ਦੇ ਦੁਹਰਾਉ ਦਾ ਪਹਿਲਾ ਕਾਰਣ, ਆਪਣੀ ਪਰੰਪਰਾ ਨਾਲ ਜੁੜੇ ਰਹਿਣ ਦਾ ਹੈ। ਦੂਜਾ, ਆਪਣੀ ਵਿਰਾਸਤ ਨੂੰ ਜਾਣ ਕੇ, ਉਸ ਵਿਚੋਂ ਪ੍ਰੇਰਨਾ ਗ੍ਰਹਿਣ ਕਰਨੀ। ਤੀਸਰਾ, ਆਪਣੇ ਪੁਰਖਿਆਂ ਦਾ ਜਸ ਗਾਇਨ ਕਰਨਾ, ਖ਼ਾਸ ਕਰ ਕੇ ਉਦੋਂ ਜਦੋਂ ਉਹ ਗੁਰੂ-ਧਰਮ ਦੇ ਰਾਹ 'ਤੇ ਕੁਰਬਾਨ ਹੋ ਗਏ। ਸ਼ਹੀਦ ਸਿੰਘਣੀਆਂ ਦੇ ਕਾਰਨਾਮਿਆਂ ਨੂੰ ਸਾਡੀ ਨਿੱਤ ਅਰਦਾਸ ਵਿਚ ਇਸ ਤਰ੍ਹਾਂ ਦੁਹਰਾਇਆ ਗਿਆ ਹੈ :

ਜਿਨ੍ਹਾਂ ਗੁਰਮੁਖਿ ਪਿਆਰਿਆਂ, ਤੇਰਾ ਨਾਮ ਜਪਿਆ, ਵੰਡ ਛਕਿਆ

ਤੇਗ ਚਲਾਈ ਦੇਗ ਵਾਹੀ, ਧਰਮ ਹੇਤ ਸੀਸ ਦਿੱਤੇ ਬੰਦ ਬੰਦ ਕਟਵਾਏ
ਆਰਿਆਂ ਨਾਲ ਚੀਰੇ ਗਏ,
ਉਬਲਦੀਆਂ ਦੇਗਾਂ ਵਿਚ ਉਬਾਲੇ ਗਏ,
ਚਰਖੜੀਆਂ 'ਤੇ ਚੜ੍ਹੇ, ਨੇਜ਼ਿਆਂ ਤੇ ਟੰਗੇ ਗਏ
ਬੱਚਿਆਂ ਦੇ ਟੁਕੜੇ ਕਰਵਾ ਕੇ ਗਲਾਂ 'ਚ ਪਾਏ,
ਕੀਮਾ ਕੀਮਾ ਕੀਤੇ ਗਏ ਖੰਨੀ ਖੰਨੀ ਰੋਟੀ ਤੇ ਗੁਜ਼ਾਰਾ ਕੀਤਾ
ਸਵਾ ਸਵਾ ਮਣ ਪੀਸਣੇ ਪੀਸੇ,
ਆਪ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਿਆ, ਸਿਦਕ ਨਹੀਂ ਹਾਰਿਆ
ਤਿਨਾ ਸਿੰਘਾਂ ਸਿੰਘਣੀਆਂ ਦੀ ਪਵਿੱਤਰ ਕਮਾਈ ਵਲ ਧਿਆਨ ਧਰ ਕੇ
ਬੋਲਨਾ ਜੀ ਸਤਿਨਾਮ ਸ੍ਰੀ ਵਾਹਿਗੁਰੂ ।

ਜ਼ਾਹਿਰ ਹੈ, ਸਿੱਖੀ ਵਿਚ ਸਿਦਕ ਵੱਡਾ ਹੈ । ਸਿਦਕਵਾਨਾਂ ਦੀ ਘਾਲ ਕਮਾਈ ਨੂੰ ਪਰੰਪਰਾ ਤੋਂ ਹੀ ਪ੍ਰਵਾਨਗੀ ਰਹੀ ਹੈ । ਨਿੱਤ ਦੀ ਅਰਦਾਸ ਸਿੱਖ-ਇਤਿਹਾਸ ਵਿਚ ਵਾਪਰਦੇ ਜ਼ੁਲਮਾਂ ਦਾ ਇਕ ਤਰ੍ਹਾਂ ਤਫ਼ਸਰਾ ਹੈ । ਇਹ ਉਨ੍ਹਾਂ ਸੂਰਬੀਰਾਂ ਦਾ ਜ਼ਿਕਰ ਵੀ ਕਰਦੀ ਹੈ ਜਿਨ੍ਹਾਂ ਦੇ ਨਾਮ-ਧਾਮ ਤੇ ਇਤਿਹਾਸਕ ਵੇਰਵੇ ਸਮੇਂ ਦੀ ਧੂੜ ਹੇਠ ਲੁਕੇ ਪਏ ਹਨ । ਇਹ ਇਸ ਤਰ੍ਹਾਂ ਦਾ ਤਫ਼ਸਰਾ ਹੈ ਜੋ ਇਤਿਹਾਸਕ ਘਟਨਾਵਾਂ ਦੇ ਤੱਥਾਂ ਦੇ ਸੱਚ ਨੂੰ ਉਜਾਗਰ ਕਰਦਾ ਹੈ ਪਰ ਵਿਅਕਤੀ ਵਿਸ਼ੇਸ਼ ਦੇ ਵੇਰਵਿਆਂ ਤੋਂ ਬੇਨਿਆਜ਼ ਹੈ । ਬਹੁਤ ਵੇਰਾਂ ਇੰਜ ਹੀ ਲੱਗਦਾ ਹੈ, ਸਾਡੇ ਇਤਿਹਾਸਕ ਸੰਕੇਤ ਤਾਂ ਹਨ ਪਰ ਉਨ੍ਹਾਂ ਨਾਲ ਜੁੜੇ ਹੋਏ ਵੇਰਵੇ ਨਹੀਂ । ਇਸ ਲਈ ਉਨ੍ਹਾਂ ਵੇਰਵਿਆਂ ਦੇ ਲਾਗੇ-ਚਾਗੇ ਪਹੁੰਚਣ ਦਾ ਹੀ ਉਪਰਾਲਾ ਹੈ ਇਹ ਲੇਖ । ਉਂਜ ਇਸ ਦੇ ਇਤਿਹਾਸਕ ਬਿਰਤਾਂਤ ਨੂੰ ਕਾਲਪਨਿਕ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ ਤਾਂ ਜੋ ਅਰਦਾਸ ਵਿਚ ਸੰਕੇਤਕ ਸਿੰਘਣੀਆਂ ਨਾਲ ਹੋਏ ਤਸ਼ੱਦਦ ਨੂੰ ਸ਼ਿੱਦਤ ਨਾਲ ਅਨੁਭਵਿਆ ਜਾ ਸਕੇ । ਨਾਲੇ, ਅੱਜ ਦੀ ਪਨੀਰੀ ਨੂੰ ਆਪਣੀਆਂ ਬਜ਼ੁਰਗ ਬੀਬੀਆਂ ਨਾਲ ਹੋਏ ਕਹਿਰ ਤੇ ਉਨ੍ਹਾਂ ਦੇ ਸਬਰ-ਸ਼ੁਕਰ ਵਾਲੇ ਵਿਹਾਰ ਦਾ ਹਲਕਾ ਜਿਹਾ ਅੰਦਾਜ਼ਾ ਹੋ ਸਕੇ । ਇਸੇ ਮਨਸ਼ਾ ਅਧੀਨ ਇਹ ਪਰਚਾ ਇਥੇ ਸ਼ਾਮਲ ਕੀਤਾ ਜਾ ਰਿਹਾ ਹੈ ।

1

ਇਹ ਸਮਾਂ ਜੁਗਗਰਦੀ ਦਾ ਸੀ । ਦੇਸ਼ ਵਿਚ ਕੋਈ ਕਾਨੂੰਨ ਪ੍ਰਬੰਧ ਨਹੀਂ ਸੀ । ਕਾਬਲ ਵਿਚੋਂ ਹਮਲਾਵਰ ਜਦੋਂ ਵੀ ਭਾਰਤ ਆਉਂਦੇ ਅਤੇ ਵਾਪਸ ਆਪਣੇ ਵਤਨ ਵੱਲ ਜਾਂਦੇ ਤਾਂ ਪੰਜਾਬ ਪ੍ਰਾਂਤ ਰਾਹ ਵਿਚ ਪੈਂਦਾ ਸੀ । ਇਸ ਲਈ ਉਨ੍ਹਾਂ ਦਿਨਾਂ ਵਿਚ ਸਭ ਤੋਂ ਵੱਧ ਕਸ਼ਟ ਪੰਜਾਬ ਦੇ ਲੋਕ ਹੀ ਸਹਿ ਰਹੇ ਸਨ । ਹੋਰ ਤਾਂ ਹੋਰ ਘਰਾਂ ਵਿਚ ਬੈਠੀਆਂ ਪੰਜਾਬਣਾਂ ਨੂੰ ਹਮਲਾਵਰਾਂ ਦੇ ਸਿਪਾਹੀ ਬਦੋਬਦੀ ਚੁੱਕ ਕੇ ਲੈ ਜਾਂਦੇ । ਉਨ੍ਹਾਂ ਦੀ ਇੱਜ਼ਤ ਲੁੱਟਦੇ ਤੇ ਉਨ੍ਹਾਂ ਨਾਲ ਪਸ਼ੂਆਂ ਵਰਗਾ ਵਿਹਾਰ ਕਰਦੇ ਸਨ । ਘਰਾਂ ਦਾ ਮਾਲ-ਅਸਬਾਬ ਉਹ ਲੁੱਟ ਲੈ ਜਾਂਦੇ । ਉਨ੍ਹਾਂ ਦਿਨਾਂ ਵਿਚ ਜੇ ਕੋਈ ਪੰਜਾਬੀ ਪਰਿਵਾਰ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਵਲ ਜਾ ਰਿਹਾ ਹੁੰਦਾ ਤਾਂ ਰਾਹ ਵਿਚ ਕੋਈ ਵੀ ਜਰਵਾਣਾ ਉਨ੍ਹਾਂ ਦੀ ਇੱਜ਼ਤ ਨੂੰ ਹੱਥ ਪਾ ਲੈਂਦਾ । ਇਸ ਜ਼ਿਆਦਤੀ ਦੀ ਕਿਧਰੇ ਵੀ ਫ਼ਰਿਆਦ ਨਹੀਂ ਸੀ ਸੁਣੀ ਜਾਂਦੀ ।

ਇਕ ਦਿਨ ਇਕ ਪੰਜਾਬੀ ਨੌਜਵਾਨ ਤੇ ਉਸ ਦੇ ਬਰਾਤੀ ਵਿਆਹ ਕੇ ਆਂਦੀ ਇਕ ਡੋਲੀ ਲਈ ਜਾ ਰਹੇ ਸਨ। ਰਸਤੇ ਵਿਚ ਮੁਗ਼ਲ ਸਿਪਾਹੀਆਂ ਨੇ ਉਸ ਦੀ ਨਵ-ਵਿਆਹੁਤਾ ਨਾਰ ਖੋਹ ਲਈ ਤੇ ਦਾਜ ਦਾ ਸਮਾਨ ਵੀ ਲੁੱਟ ਲਿਆ। ਇਸ ਨੇ ਸ਼ਹਿਰ ਦੇ ਹਾਕਮ ਕੋਲ ਜਾ ਕੇ ਪੁਕਾਰ ਕੀਤੀ। ਗੱਲ ਸੁਣ ਕੇ ਹਾਕਮ ਨੇ ਅੱਗੋਂ ਮਖ਼ੌਲ ਨਾਲ ਕਿਹਾ, "ਤੇਰੀ ਵਹੁਟੀ ਦਾ ਕੀ ਘਸ ਜਾਏਗਾ ਜੇ ਚਾਰ ਦਿਨ ਸਾਡੇ ਕੋਲ ਵੀ ਰਹਿ ਜਾਏਗੀ। ਤੂੰ ਘਬਰਾ ਨਾ ਮੈਂ ਜਲਦੀ ਹੀ ਪਤਾ ਕਰ ਕੇ ਤੈਨੂੰ ਖ਼ਬਰ ਭਿਜਵਾਵਾਂਗਾ।" ਇਸ ਨੌਜਵਾਨ ਦਾ ਮਨ ਹਾਕਮ ਦੀ ਗੱਲ ਸੁਣ ਕੇ ਬਹੁਤ ਦੁਖੀ ਹੋਇਆ। ਉਹ ਬਾਰ-ਬਾਰ ਸੋਚਦਾ, ਇੰਨਾ ਹਨੇਰ ! ਇੰਨੀ ਜ਼ਿਆਦਤੀ !! ਉਸ ਦਾ ਲਹੂ ਅੰਦਰੋਂ ਉਬਾਲੇ ਖਾਣ ਲੱਗ ਪੈਂਦਾ ਪਰ ਬਦਲਾ ਲੈਣ ਦਾ ਰਾਹ ਉਸ ਨੂੰ ਕੋਈ ਨਾ ਸੁੱਝਦਾ। ਨਿਰਾਸ ਹੋਇਆ ਸਿਰ ਨੀਵਾਂ ਕਰ ਕੇ ਇਕ ਦਿਨ ਉਹ ਇਕ ਦਰਖ਼ਤ ਦੀ ਛਾਂ ਥੱਲੇ ਬੈਠਾ ਸੀ ਕਿ ਉਸ ਦੀ ਰੋਣੀ ਸੂਰਤ ਵੇਖ ਕੇ ਇਕ ਸਿੰਘ ਨੇ ਉਸ ਦੇ ਦੁੱਖ ਦਾ ਕਾਰਣ ਪੁੱਛਿਆ। ਤੇਜ ਰਾਮ ਨੇ ਆਪਣੀ ਹੱਡ-ਬੀਤੀ ਕਹਿ ਸੁਣਾਈ। ਸਿੰਘ ਨੇ ਤੇਜ ਰਾਮ ਨੂੰ ਹੌਂਸਲਾ ਦਿੱਤਾ ਤੇ ਆਪਣੇ ਨਾਲ ਜੰਗਲ ਵਿਚ ਚੱਲਣ ਲਈ ਕਿਹਾ। ਉਥੇ ਉਹ ਬਾਕੀ ਸਿੰਘਾਂ ਨਾਲ ਗੱਲ ਕਰ ਕੇ ਉਸ ਦੀ ਵਹੁਟੀ ਨੂੰ ਮੋੜਨ ਦਾ ਬੰਦੋਬਸਤ ਕਰਾਏਗਾ।

ਤੇਜ ਰਮ ਨੂੰ ਤਾਂ ਜਿਵੇਂ ਰੱਬ ਮਿਲ ਗਿਆ ਹੋਵੇ। ਉਸੇ ਵੇਲੇ ਸਿੰਘ ਦੇ ਘੋੜੇ ਪਿੱਛੇ ਬੈਠ ਕੇ ਕਾਹਨੂੰਵਾਣ ਦੇ ਛੰਭ ਪਹੁੰਚ ਗਿਆ। ਛੰਭ ਕਿਸੇ ਦਰਿਆ ਦੇ ਲਾਗੇ ਉਹ ਨੀਵੀਂ ਥਾਂ ਹੁੰਦੀ ਹੈ ਜਿੱਥੇ ਦਰਿਆ ਦਾ ਪਾਣੀ ਠਹਿਰ ਜਾਂਦਾ ਹੈ। ਇਸ ਛੰਭ ਦੁਆਲੇ ਇਕ ਸੰਘਣਾ ਜੰਗਲ ਸੀ। ਸਿੰਘ ਨੇ ਤੇਜ ਰਾਮ ਦੇ ਦੁੱਖ ਦੀ ਸਾਰੀ ਗੱਲ ਜਥੇਦਾਰ ਨੂੰ ਦੱਸੀ। ਜਥੇਦਾਰ ਨੇ ਪਹਿਲਾਂ ਤਾਂ ਤੇਜਰਾਮ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ। ਅੰਮ੍ਰਿਤ ਛਕਾਉਣਾ ਇਕ ਤਰ੍ਹਾਂ ਦਾ ਮਨੋਵਿਗਿਆਨਕ ਝਟਕਾ ਹੁੰਦਾ ਸੀ, ਜਿਸ ਨਾਲ ਬੰਦੇ ਦੀ ਅੰਦਰਲੀ ਜੁਰੱਅਤ ਨੂੰ ਹਲੂਣਨਾ ਹੁੰਦਾ ਸੀ। ਉਸ ਵਿਚ ਸਵੈ-ਵਿਸ਼ਵਾਸ ਜਗਾਉਣਾ ਹੁੰਦਾ ਸੀ ਕਿ ਉਹ ਕਿਸੇ ਦੂਸਰੇ ਆਦਮੀ ਨਾਲੋਂ ਕਿਸੇ ਤਰ੍ਹਾਂ ਘੱਟ ਨਹੀਂ। ਉਹ ਹਰ ਆਦਮੀ ਦਾ ਮੁਕਾਬਲਾ ਕਰ ਸਕਦਾ ਹੈ। ਉਹ ਕਿਸੇ ਨਾਲੋਂ ਨੀਵਾਂ ਨਹੀਂ। ਉਹ ਵੀ ਇੱਜ਼ਤ ਤੇ ਅਣਖ ਨਾਲ ਜੀਵਨ ਜਿਉਂ ਸਕਦਾ ਹੈ। ਇਸ ਭਾਵਨਾ ਦੇ ਜਾਗਣ ਨਾਲ ਹੀ ਅੰਮ੍ਰਿਤਧਾਰੀ ਸਾਧਾਰਣ ਬੰਦੇ ਨਾਲੋਂ ਵੱਖਰਾ ਜਾਪਣ ਲੱਗ ਪੈਂਦਾ ਸੀ। ਨਾਲੇ, ਉਸ ਦੇ ਨਾਲ ਜੁੜਿਆ ਸਿੰਘ ਜਾਂ ਕੌਰ ਮਨੋਵਿਗਿਆਨਕ ਤੌਰ ਤੇ ਉਸ ਵਿਚ ਸ਼ੇਰ ਵਰਗੀ ਬਹਾਦਰੀ ਦੀ ਭਾਵਨਾ ਭਰ ਦਿੰਦਾ। ਅੰਮ੍ਰਿਤ ਛਕਦਿਆਂ ਹੀ ਤੇਜ ਰਾਮ ਦੀ ਸੁੱਤੀ ਅਣਖ ਜਾਗ ਪਈ। ਕੁਝ ਕਰਨ ਲਈ ਉਹ ਸੋਚਣ ਲੱਗ ਪਿਆ। ਅਖ਼ੀਰ ਉਹ ਦਿਨ ਵੀ ਆ ਗਿਆ ਜਿਸ ਦਿਨ ਤੇਜ ਰਾਮ ਨੇ ਕੁਝ ਸਿੰਘਾਂ ਦਾ ਦਸਤਾ ਨਾਲ ਲੈ ਕੇ ਲੁਟੇਰਿਆਂ ਦੇ ਨਗਰ ਉਤੇ ਧਾਵਾ ਕਰ ਦਿੱਤਾ। ਮੁਗਲ ਸਿਪਾਹੀਆਂ ਤੋਂ ਉਸ ਦੀ ਵਹੁਟੀ ਨੂੰ ਜ਼ਾਲਮਾਂ ਤੋਂ ਛੁਡਾ ਕੇ ਕਾਹਨੂੰਵਾਣ ਦੇ ਛੰਭ ਲੈ ਆਏ। ਉਸ ਦੀ ਵਹੁਟੀ ਆਤਮਘਾਤ ਕਰਨਾ ਚਾਹੁੰਦੀ ਸੀ ਪਰ ਜਥੇਦਾਰ ਦੇ ਹੁਕਮ ਨਾਲ ਉਸ ਨੂੰ ਅੰਮ੍ਰਿਤ ਛਕਾ ਕੇ ਸਿੰਘਣੀ ਬਣਾ ਦਿੱਤਾ ਗਿਆ ਤੇ ਉਸ ਦਾ ਨਾਮ ਰੱਖਿਆ ਗਿਆ ਬਘੇਲ ਕੌਰ। ਜਥੇਦਾਰ ਨੇ ਬੜੇ ਪਿਆਰ ਤੇ ਅਦਬ ਨਾਲ ਬਘੇਲ ਕੌਰ ਨੂੰ ਕਿਹਾ, "ਅੱਜ ਤੋਂ ਤੇਰਾ ਨਵਾਂ ਜਨਮ ਹੋਇਆ ਹੈ। ਤੇਰਾ ਨਾਂ ਵੀ ਨਵਾਂ ਹੋਵੇਗਾ। ਤੂੰ ਪੁਰਾਣੇ ਜਨਮ ਦੀਆਂ

ਜਾ ਪਿਛਲੀਆਂ ਗੱਲਾਂ ਭੁੱਲ ਜਾਹ। ਬਾਣੀ ਦਾ ਪਾਠ ਹੌਲੀ-ਹੌਲੀ ਯਾਦ ਕਰ। ਸੇਵਾ ਕਰ। ਦੂਜੇ ਦੇ ਦੁੱਖ-ਸੁੱਖ ਵਿਚ ਸਾਥ ਦੇ। ਇਹੀ ਤੇਰੇ ਨਵੇਂ ਜਨਮ ਦਾ ਉਦੇਸ਼ ਹੋਣਾ ਚਾਹੀਦਾ ਹੈ। ਇਹ ਜੋ ਤੂੰ ਆਪਣੀ ਦੁਰਗਤੀ ਦੀ ਗੱਲ ਕਰਦੀ ਏਂ, ਇਸ ਵਿਚ ਤੇਰੀ ਕੋਈ ਮਰਜ਼ੀ ਨਹੀਂ ਸੀ ਸੋ ਤੂੰ ਇਸ ਕੁਕਰਮ ਦੀ ਭਾਗੀ ਨਹੀਂ ਬਣਦੀ। ਪਾਪ ਉਹ ਹੁੰਦਾ ਹੈ ਜੋ ਬੰਦਾ ਚਾਹ ਕੇ ਕਰੇ। ਤੇਰੇ ਨਾਲ ਜ਼ਬਰਦਸਤੀ ਹੋਈ ਹੈ ਤੇ ਇਸ ਗੱਲ ਦੀ ਸਜ਼ਾ ਵੀ ਤੈਨੂੰ ਮਿਲੇ, ਇਹ ਕਿਥੋਂ ਦਾ ਇਨਸਾਫ਼ ਹੋਇਆ ? ਤੂੰ ਸਾਡੇ ਸਾਰਿਆਂ ਦੀ ਧਰਮ-ਭੈਣ ਏਂ, ਤੈਨੂੰ ਪੂਰਾ-ਪੂਰਾ ਆਦਰ ਮਿਲੇਗਾ।"

ਬਘੇਲ ਕੌਰ ਨੇ ਅੰਮ੍ਰਿਤ ਕੀ ਛਕਿਆ ਉਸ ਦਾ ਸੁਭਾਅ ਹੀ ਬਦਲ ਗਿਆ। ਉਸ ਵਿਚ ਹਮਦਰਦੀ ਤੇ ਦਲੇਰੀ ਦੇ ਗੁਣ ਅਜਿਹੇ ਜਾਗੇ ਕਿ ਉਹ ਆਪਣੇ ਆਪ ਨੂੰ ਕਿਸੇ ਮਰਦ ਨਾਲੋਂ ਘਟ ਨਾ ਸਮਝਦੀ। ਹਰ ਇਕ ਦੇ ਕੰਮ ਆਉਂਦੀ। ਭੱਜ-ਭੱਜ ਕੇ ਸਾਰਿਆਂ ਦੀ ਸੇਵਾ ਕਰਦੀ। ਔਖੇ ਤੋਂ ਔਖੇ ਕੰਮ ਨੂੰ ਕਰਨ ਤੋਂ ਨਾ ਡਰਦੀ। ਹੌਲੀ-ਹੌਲੀ ਉਸ ਨੂੰ ਬਾਣੀ ਯਾਦ ਹੋਣ ਲੱਗ ਪਈ। ਉਹ ਵੀ ਦੂਸਰੇ ਸਿੰਘਾਂ ਵਾਂਗ ਅੰਮ੍ਰਿਤ ਵੇਲੇ ਜਾਗਦੀ, ਬਾਣੀ ਦਾ ਪਾਠ ਕਰਦੀ ਤੇ ਸੁਣਦੀ। ਹੁਣ ਉਹ ਕਦੇ-ਕਦੇ ਕਾਹਨੂੰਵਾਣ ਦੇ ਛੰਭ ਤੋਂ ਬਾਹਰ ਜਾਣ ਲੱਗ ਪਈ। ਪੰਜ-ਦਸ ਮੁਗਲਾਂ ਸਿਪਾਹੀਆਂ ਨਾਲ ਝੜਪ ਲੈਣਾ ਉਸ ਲਈ ਆਮ ਗੱਲ ਸੀ। ਉਹ ਕਈ ਵਾਰ ਮੁਗਲ ਸਿਪਾਹੀਆਂ ਦੇ ਘੇਰੇ ਵਿਚ ਆ ਜਾਂਦੀ। ਪਰ ਅਜਿਹੀ ਫੁਰਤੀ ਨਾਲ ਤਲਵਾਰ ਚਲਾਉਂਦੀ ਕਿ ਮੁਗਲ ਸਿਪਾਹੀ ਵੇਖਦੇ ਹੀ ਰਹਿ ਜਾਂਦੇ, ਉਹ ਭੱਜ ਕੇ ਜੰਗਲ ਵਿਚ ਵੜ ਜਾਂਦੀ।

ਬਘੇਲ ਕੌਰ ਨੇ ਜ਼ਾਲਮਾਂ ਦੇ ਪੰਜੇ ਵਿਚ ਰਹਿ ਕੇ ਦੁੱਖ ਭੋਗਿਆ ਸੀ। ਮੁਗਲ ਕਿਵੇਂ ਫੜੀਆਂ ਹੋਈਆਂ ਔਰਤਾਂ ਨਾਲ ਪਸ਼ੂਆਂ ਵਰਗਾ ਵਿਹਾਰ ਕਰਦੇ ਸਨ, ਉਹ ਜਾਣਦੀ ਸੀ। ਇਸੇ ਲਈ ਉਹਨੂੰ ਜਦੋਂ ਵੀ ਕਿਸੇ ਪਰਿਵਾਰ ਦੇ ਸੰਕਟ-ਗ੍ਰਸਤ ਹੋਣ ਦਾ ਪਤਾ ਲੱਗਦਾ ਤਾਂ ਉਹ ਸਹਾਇਤਾ ਕਰਨ ਲਈ ਤਿਆਰ ਹੋ ਜਾਂਦੀ।

ਤੇਜ ਰਾਮ ਬਘੇਲ ਕੌਰ ਦਾ ਪਤੀ ਅੰਮ੍ਰਿਤ ਛਕਣ ਤੋਂ ਬਾਅਦ ਤੇਜਾ ਸਿੰਘ ਹੋ ਗਿਆ ਸੀ। ਰਾਮ ਲਾਲ ਇਸ ਦੇ ਚਾਚੇ ਦਾ ਪੁੱਤਰ ਸੀ। ਉਹ ਮੁਸਲੱਕੇ ਪਿੰਡ ਵਿਚ ਵਸਦਾ ਸੀ। ਉਸ ਦੀ ਭੈਣ ਤੇ ਪਤਨੀ ਹਰ ਵੇਲੇ ਡਰਦੀਆਂ ਰਹਿੰਦੀਆਂ ਸਨ। ਉਨ੍ਹਾਂ ਨੂੰ ਕਿਸੇ ਵੇਲੇ ਵੀ ਚੁੱਕਿਆ ਜਾ ਸਕਦਾ ਸੀ। ਮੁਗਲ ਹਾਕਮਾਂ ਦੀਆਂ ਆਪ-ਹੁਦਰੀਆਂ ਗੱਲਾਂ ਪਿੰਡਾਂ ਦੇ ਗ਼ੈਰ-ਹਿੰਦੂ ਚੌਧਰੀ ਹਿੰਦੂਆਂ ਦੀਆਂ ਧੀਆਂ-ਭੈਣਾਂ ਬਦੋਬਦੀ ਚੁਕਵਾ ਕੇ ਆਪਣੇ ਘਰਾਂ ਵਿਚ ਲੈ ਜਾਂਦੇ ਸੀ। ਰਾਮ ਲਾਲ ਨੂੰ ਇਸ ਗੱਲ ਦਾ ਸ਼ੱਕ ਪੈ ਗਿਆ ਤੇ ਇਸੇ ਕਰ ਕੇ ਉਹ ਆਪਣੇ ਤਾਏ ਦੇ ਪੁੱਤ-ਭਰਾ ਤੇਜ ਸਿੰਘ ਨੂੰ ਮਿਲਣ ਲਈ ਗਿਆ ਹੋਇਆ ਸੀ। ਰਾਮ ਲਾਲ ਤੇ ਤੇਜ ਸਿੰਘ ਦੋਵੇਂ ਭਰਾ ਜਥੇਦਾਰ ਨੂੰ ਜਾ ਮਿਲੇ ਤੇ ਰਾਮ ਲਾਲ ਨੇ ਆਪਣਾ ਸਾਰਾ ਹਾਲ ਉਸ ਨੂੰ ਦੱਸਿਆ। ਜਥੇਦਾਰ ਨੇ ਪਹਿਲਾਂ ਤਾਂ ਰਾਮ ਲਾਲ ਨੂੰ ਅੰਮ੍ਰਿਤ ਛਕਾਇਆ ਤੇ ਉਸ ਦੀ ਮਾਨਸਿਕਤਾ ਵਿਚ ਇਕ ਨਵਾਂ ਰੰਗ, ਸਵੈ-ਵਿਸ਼ਵਾਸ ਤੇ ਸਵੈਮਾਨ ਭਰ ਦਿੱਤਾ। ਹੁਣ ਉਹ ਹਰ ਖ਼ਤਰੇ ਦਾ ਮੁਕਾਬਲਾ ਕਰਨ ਲਈ ਤਿਆਰ ਸੀ। ਉਸ ਨੇ ਦਿਨ ਢਲੇ ਹੋਏ ਚਾਰ ਸਿੰਘ ਨਾਲ ਭੇਜੇ। ਸੰਧਿਆ ਵੇਲੇ ਇਹ ਸਾਰੇ ਰਾਮ ਲਾਲ ਜੋ ਹੁਣ ਰਾਮ ਸਿੰਘ ਬਣ ਗਿਆ ਸੀ, ਦੇ ਪਿੰਡ ਜਿਸ ਦਾ ਨਾਮ ਨਡਾਲੀ ਸੀ, ਜਾ ਪੁੱਜੇ।

ਰਾਮ ਲਾਲ ਤਾਂ ਪਿੰਡ ਦੇ ਚੌਧਰੀ ਦੀ ਭੈਣੀ ਨੀਅਤ ਤਾੜ ਕੇ ਸਿੰਘਾਂ ਦੀ ਮਦਦ ਲੈਣ ਲਈ ਚਲਿਆ ਗਿਆ ਸੀ। ਪਰ ਪਿੰਡ ਦੇ ਚੌਧਰੀ ਨੇ ਮਰਦ ਦੀ ਅਣਹੋਂਦ ਦਾ ਪੂਰਾ ਲਾਭ ਉਠਾਉਣਾ ਚਾਹਿਆ। ਉਸ ਦੀ ਸਕੀਮ ਅਨੁਸਾਰ ਸ਼ਾਮ ਨੂੰ ਸੰਧਿਆ ਵੇਲੇ ਚੌਧਰੀ ਆਪ ਪੰਜ-ਸੱਤ ਬੰਦਿਆਂ ਨੂੰ ਨਾਲ ਲੈ ਕੇ ਰਾਮ ਲਾਲ ਦੇ ਘਰ ਜਾਵੇਗਾ ਤੇ ਉਹ ਰਾਮ ਲਾਲ ਦੀ ਭੈਣ ਤੇ ਬੀਵੀ ਨੂੰ ਡਰਾ-ਧਮਕਾ ਕੇ ਜ਼ਬਰਦਸਤੀ ਚੁੱਕ ਕੇ ਲੈ ਆਵੇਗਾ। ਚੌਧਰੀ ਦੀ ਇਸ ਸਕੀਮ ਦੀ ਸੂਹ ਬਿਮਲਾ, ਰਾਮ ਲਾਲ ਦੀ ਭੈਣ ਤੇ ਉਸ ਦੀ ਵਹੁਟੀ ਨੂੰ ਵੀ ਮਿਲ ਗਈ। ਨਨਾਣ ਨੇ ਭਰਜਾਈ ਨੂੰ ਸਾਰੀ ਗੱਲ ਤਾਂ ਦੱਸ ਦਿੱਤੀ। ਪਰ ਜੇ ਉਹ ਭੱਜਦੀਆਂ ਸਨ ਤਾਂ ਵੀ ਰਾਹ ਵਿਚ ਚੌਧਰੀ ਦੇ ਬੰਦੇ ਫੜ ਸਕਦੇ ਸਨ ਤੇ ਜੇ ਘਰ ਵਿਚ ਰਹਿੰਦੀਆਂ ਤਾਂ ਵੀ ਖ਼ਤਰਾ ਸੀ। ਉਹ ਕੀ ਕਰਨ ? ਕੁਝ ਸਮਝ ਨਹੀਂ ਸੀ ਆ ਰਹੀ। ਡਰ ਨਾਲ ਦੋਹਾਂ ਦੀ ਭੁੱਖ ਮਰ ਗਈ। ਹੈਰਾਨ ਹੋਈਆਂ ਬਾਰ-ਬਾਰ ਕਹਿਣ, "ਏਨਾ ਹਨ੍ਹੇਰ ਭੱਲਾ ? ਆਪਣੇ ਘਰ ਵਿਚ ਵੀ ਕੋਈ ਨਹੀਂ ਰਹਿ ਸਕਦਾ, ਜੇ ਵੀਰ ਜੀ ਨਾ ਆਏ ਤਾਂ ਕੀ ਬਣੇਗਾ ?" ਬਿਮਲਾ ਪਰੇਸ਼ਾਨੀ ਵਿਚ ਘੜੀ-ਮੁੜੀ ਆਪਣੀ ਭਰਜਾਈ ਨੂੰ ਪੁੱਛਦੀ। ਭਰਜਾਈ ਵਿਚਾਰੀ ਨੂੰ ਵੀ ਕੋਈ ਹੱਲ ਨਹੀਂ ਸੀ ਸੁੱਝ ਰਿਹਾ। ਸੋਚਾਂ ਦੇ ਭਾਰ ਨਾਲ ਲੱਦੀਆਂ ਦੋਵੇਂ ਬਾਹਰ ਦੀ ਬਿੜਕ ਲੈ ਰਹੀਆਂ ਸਨ।

ਗੱਲ ਇੰਜ ਹੋਈ ਕਿ ਬਿਮਲਾ ਦੀ ਇਕ ਹਿੰਦੂ ਸਹੇਲੀ ਸੀ ਜੋ ਗ਼ੈਰ-ਹਿੰਦੂ ਸੀ, ਗੁਆਂਢਣ ਵੀ। ਉਦੋਂ ਹਿੰਦੂ ਅਤੇ ਮੁਸਲਮਾਨ ਦਾ ਅਪਸੀ ਵਿਰੋਧ ਅਸਲ ਵਿਚ ਹਾਕਮ ਤੇ ਪਰਜਾ ਵਾਲਾ ਸੀ। ਅੱਜ ਵੀ ਜੇ ਪਰਜਾ ਹਾਕਮਾਂ ਦੇ ਵਿਰੁੱਧ ਹੋ ਜਾਵੇ ਤਾਂ ਹਾਕਮ ਸ਼੍ਰੇਣੀ ਪਰਜਾ ਨੂੰ ਕੁਚਲਣੋਂ ਬਾਜ਼ ਨਹੀਂ ਆਉਂਦੀ। ਸਿੱਖ ਤੇ ਹਿੰਦੂ ਉਦੋਂ ਇਕੋ ਸ਼੍ਰੇਣੀ ਦੇ ਬੰਦੇ ਸਨ ਅਥਵਾ ਪਰਜਾ ਸੀ। ਹਾਕਮ ਸ਼੍ਰੇਣੀ ਵਿਦੇਸ਼ੀ ਹਮਲਾਵਰ ਸਨ। ਉਨ੍ਹਾਂ ਦੀ ਹਮਾਇਤੀ ਸੀ ਪੰਜਾਬ ਵਿਚ ਵਸਦੀ ਮੁਸਲਮਾਨੀ ਵੱਸੋਂ। ਹਿੰਦੂ ਤੇ ਸਿੱਖ ਵਿਚ ਫ਼ਰਕ ਕੇਵਲ ਇਤਨਾ ਸੀ, ਪੰਜਾਬ ਦੀ ਸਾਂਝੀ ਵੱਸੋਂ ਵਿਚੋਂ ਇਕ ਤਬਕਾ ਅਜਿਹਾ ਉੱਭਰ ਰਿਹਾ ਸੀ ਜੋ ਹਾਕਮ ਸ਼੍ਰੇਣੀ ਦਾ ਡਟ ਕੇ ਵਿਰੋਧ ਕਰ ਰਿਹਾ ਸੀ। ਇਸ ਤਬਕੇ ਵਿਚ ਦਲੇਰੀ, ਬਹਾਦਰੀ, ਅਣਖ, ਸਵੈਮਾਨ ਆਦਿ ਦਾ ਅੰਸ਼ ਰਤਾ ਉਭੱਰਵਾਂ ਸੀ। ਦੂਜੇ ਪਾਸੇ, ਹਾਕਮ ਸ਼੍ਰੇਣੀ ਇਨ੍ਹਾਂ ਦਾ ਦਮਨ ਕਰਨ ਲਈ ਦੋ ਤਰੀਕੇ ਵਰਤ ਰਹੀ ਸੀ। ਪਹਿਲਾ, ਇਨ੍ਹਾਂ ਦੀਆਂ ਧੀਆਂ, ਭੈਣਾਂ ਤੇ ਇਸਤਰੀਆਂ ਨਾਲ ਬੁਰਾ ਵਿਹਾਰ ਕਰ ਕੇ ਇਨ੍ਹਾਂ ਦੀ ਇਖ਼ਲਾਕੀ ਮੌਤ ਕਰ ਰਹੀ ਸੀ। ਦੂਜਾ, ਤਾਕਤ ਵਿਚ ਹੋਣ ਕਰ ਕੇ ਇਨ੍ਹਾਂ ਦੇ ਘਰ ਆਦਿ ਲੁੱਟ ਕੇ ਇਨ੍ਹਾਂ ਨੂੰ ਘਰੋਂ ਬੇਘਰ ਕਰ ਕੇ ਖਾਨਾਬਦੋਸ਼ਾਂ ਵਰਗਾ ਜੀਵਨ ਦੇਣ ਲਈ ਜ਼ਿੰਮੇਵਾਰ ਸੀ। ਉਂਜ ਪੰਜਾਬ ਵਿਚ ਆਪਣਾ ਸਭਿਆਚਾਰ ਅਜਿਹਾ ਸੀ ਜਿਸ ਵਿਚ ਹਿੰਦੂ, ਸਿੱਖ ਤੇ ਮੁਸਲਮਾਨ ਸਭ ਭਾਈ-ਭਾਈ ਬਣ ਕੇ ਰਹਿ ਰਹੇ ਸਨ। ਇਨ੍ਹਾਂ ਵਿਚ ਇਕ ਦੂਜੇ ਪ੍ਰਤੀ ਸਨੇਹ ਦੀ ਭਾਵਨਾ ਸੀ। ਇਹ ਇਕ ਦੂਜੇ ਦੇ ਦੁੱਖ-ਸੁੱਖ ਵਿਚ ਸ਼ਾਮਲ ਹੁੰਦੇ ਸਨ। ਪਰ ਬਾਹਰਲੇ ਹਮਲਾਵਰਾਂ ਨੇ ਮੁਸਲਮਾਨੀ ਵੱਸੋਂ ਦੇ ਦਿਮਾਗ਼ ਵਿਚ ਇਹ ਗੱਲ ਪਾ ਦਿੱਤੀ ਕਿ ਉਹ ਧਰਮ ਦੇ ਨਾਮ ਉਤੇ ਉਨ੍ਹਾਂ ਦਾ ਸਾਥ ਨਾ ਦੇਣ। ਪਰ ਤਾਂ ਵੀ ਪੰਜਾਬ ਦੀ ਵੱਸੋਂ ਦੇ ਮਾਨਸਿਕ ਡੂੰਘ ਵਿਚ ਭਰਾਤਰੀ-ਭਾਵ ਸਦਾ ਹੀ ਕਾਇਮ ਰਿਹਾ ਹੈ, ਇਹੀ ਕਾਰਣ ਸੀ ਕਿ ਭਾਵੇਂ ਧਰਮ ਪੱਖੋਂ ਬਿਮਲਾ ਦੀ ਗੁਆਂਢਣ ਸਹੇਲੀ ਮੁਸਲਮਾਨ ਸੀ, ਪਰ ਤਾਂ ਵੀ ਉਹ ਬਿਮਲਾ ਦੀ ਸ਼ੁਭਚਿੰਤਕ ਸੀ, ਉਸ ਨੇ ਆਪਣੇ ਆਪ ਨੂੰ ਖ਼ਤਰੇ ਵਿਚ ਪਾ ਕੇ

ਵੀ ਚੌਧਰੀ ਦੀ ਨੀਅਤ ਬਾਰੇ ਬਿਮਲਾ ਨੂੰ ਦੱਸ ਦਿੱਤਾ ਤੇ ਨਾਲ ਹੀ ਇਹ ਵੀ ਦੱਸਿਆ ਕਿ ਅੱਜ ਰਾਤੀਂ ਚੌਧਰੀ ਇਹ ਕਾਰਾ ਕਰਵਾਏਗਾ । ਸੋ ਉਹ ਆਪਣੀ ਰੱਖਿਆ ਦਾ ਕੋਈ ਪ੍ਰਬੰਧ ਕਰ ਲੈਣ । ਡੂੰਘਾ ਹਨੇਰਾ ਹੋ ਗਿਆ ਸੀ ਕਿ ਉਨ੍ਹਾਂ ਦਾ ਬੂਹਾ ਖੜਕਿਆ ਤੇ ਨਾਲ ਹੀ ਰਾਮ ਸਿੰਘ ਦੀ ਆਵਾਜ਼ ਪਛਾਣ ਕੇ ਦੋਵੇਂ ਡਿਉੜੀ ਵੱਲ ਨੱਸ ਪਈਆਂ । ਬੂਹਾ ਖੋਲ੍ਹ ਕੇ ਕੀ ਵੇਖਦੀਆਂ ਹਨ, ਪੰਜ-ਛੇ ਸਿੰਘ ਦਰਵਾਜ਼ੇ ਅੱਗੇ ਖੜ੍ਹੇ ਹਨ । ਉਹ ਹੈਰਾਨ ਹੋ ਕੇ ਵੇਖਦੀਆਂ ਰਹੀਆਂ । ਉਨ੍ਹਾਂ ਦੀ ਘਬਰਾਹਟ ਨੂੰ ਸਮਝਦੇ ਹੋਏ ਰਾਮ ਸਿੰਘ ਬੋਲਿਆ, "ਡਰੋ ਨਹੀਂ, ਇਹ ਸਿੰਘ ਮੈਂ ਹੀ ਲੈ ਕੇ ਆਇਆ ਹਾਂ ।" ਹੁਣ ਸਾਰੇ ਘੋੜਿਆਂ ਨੂੰ ਬਾਹਰ ਹੀ ਖੜ੍ਹਾ ਕਰ ਕੇ ਅੰਦਰ ਲੰਘ ਗਏ । ਬਿਮਲਾ ਦੀ ਗੱਲ ਸੁਣ ਕੇ ਤੇਜ ਸਿੰਘ ਬੋਲਿਆ, "ਤੁਸੀਂ ਝਟਪਟ ਸਮਾਨ ਬੰਨ੍ਹੋ । ਮੈਂ ਘੋੜੇ ਬੂਹੇ ਅੱਗੇ ਖਲ੍ਹਾਰਨ ਨਾਲੋਂ ਜ਼ਰਾ ਹਟਵੇਂ ਦਰਖ਼ਤ ਥੱਲੇ ਬੰਨ੍ਹ ਆਵਾਂ । ਰਾਮ ਸਿੰਘ ਤੂੰ ਬੂਹੇ ਦਾ ਧਿਆਨ ਰੱਖੀਂ ।" ਸਾਰੇ ਹੀ ਫ਼ੈਸਲੇ ਅਨੁਸਾਰ ਕੰਮ ਕਰਨ ਲੱਗ ਪਏ । ਅਜੇ ਤੇਜ ਸ੍ਰਿੰਘ ਘੋੜੇ ਬੰਨ੍ਹ ਕੇ ਵਿਹੜੇ ਵਿਚ ਪਹੁੰਚਿਆ ਹੀ ਸੀ ਕਿ ਚੌਧਰੀ ਦੇ ਬੰਦੇ 'ਅਲੀ ਅਲੀ' ਕਰਦੇ ਉਨ੍ਹਾਂ ਦਾ ਬੂਹਾ ਖੜਕਾਉਣ ਲੱਗ ਪਏ । ਤੇਜਾ ਸਿੰਘ ਨੇ ਰਾਮ ਸਿੰਘ ਨੂੰ ਕਿਹਾ, "ਤੂੰ ਬੂਹਾ ਲਾਹ ਕੇ ਪਿੱਛੇ ਹੋ ਜਾਵੀਂ । ਮੈਂ ਤੇ ਬਘੇਲ ਕੌਰ ਬੂਹੇ ਦੇ ਦੋਹੀਂ ਪਾਸੀਂ ਕਿਰਪਾਨਾਂ ਲੈ ਕੇ ਖਲੋ ਜਾਂਦੇ ਹਾਂ । ਤੁਸੀਂ ਕੁੜੀਓ ਅੰਦਰ ਹੀ ਰਹਿਣਾ ।" ਭਾਈ ਰਾਮ ਸਿੰਘ ਨੇ ਬੂਹਾ ਖੋਲ੍ਹਿਆ । ਚੌਧਰੀ ਤੇ ਉਸ ਦੇ ਨਾਲ ਹੋਰ ਚਾਰ ਬੰਦੇ ਖੁਸ਼ੀ-ਖੁਸ਼ੀ ਵਿਚ ਅੰਦਰ ਡਿਉੜੀ ਵਿਚ ਵੜ ਕੇ ਜਿਉਂ ਹੀ ਅੱਗੇ ਆਏ । ਬਘੇਲ ਕੌਰ ਨੇ ਚੌਧਰੀ ਦਾ ਸਿਰ ਲਾਹ ਕੇ ਥੱਲੇ ਸੁੱਟਿਆ ਤੇ ਦੋ ਹੋਰਾਂ ਨੂੰ ਵੀ ਮਾਰ ਦਿੱਤਾ । ਇਸੇ ਤਰ੍ਹਾਂ ਤੇਜ ਸਿੰਘ ਨੇ ਵੀ ਦੋਹਾਂ ਨੂੰ ਖ਼ਤਮ ਕਰ ਦਿੱਤਾ । ਹੁਣ ਉਹ ਦੋਵੇਂ ਡਿਉੜੀਉਂ ਬਾਹਰ ਨਿਕਲੇ ਪਰ ਚੌਧਰੀ ਦੇ ਬਾਕੀ ਬੰਦੇ ਚੀਕਾਂ ਮਾਰਦੇ ਦੌੜਨ ਲੱਗ ਪਏ ਤੇ ਨਾਲੇ ਉੱਚੀ-ਉੱਚੀ ਕਹਿਣ ਲੱਗੇ, "ਸਿੱਖ ਆ ਗਏ, ਭੱਜੋ, ਦੌੜੋ, ਨੱਸੋ ।"

ਤੇਜ ਸਿੰਘ ਨੇ ਰਾਮ ਸਿੰਘ ਨੂੰ ਕਿਹਾ, "ਹੁਣ ਹੋਰ ਦੇਰ ਕਰਨ ਦਾ ਸਮਾਂ ਨਹੀਂ, ਤੂੰ ਵਹੁਟੀ ਨੂੰ ਪਿੱਛੇ ਬਿਠਾ ਤੇ ਬਘੇਲ ਕੌਰ ਬਿਮਲਾ ਨੂੰ ਆਪਣੇ ਪਿੱਛੇ ਬਿਠਾ ਲੈਂਦੀ ਏ । ਮੈਂ ਇਹ ਸਮਾਨ ਦੀ ਗਠੜੀ ਪਿੱਛੇ ਬੰਨ੍ਹ ਲੈਂਦਾ ਹਾਂ । ਦੋ-ਚਾਰ ਮਿੰਟਾਂ ਵਿਚ ਹੀ ਸਾਰਾ ਕੰਮ ਹੋ ਗਿਆ । ਸਭ ਤੋਂ ਅੱਗੇ ਬਘੇਲ ਕੌਰ ਦਾ ਘੋੜਾ ਸੀ, ਉਸ ਦੇ ਪਿੱਛੇ ਰਾਮ ਸਿੰਘ ਦਾ ਤੇ ਅਖ਼ੀਰ ਤੇ ਤੇਜ ਸਿੰਘ ਦਾ ਘੋੜਾ ਸੀ । ਬਿਮਲਾ ਤੇ ਉਸ ਦੀ ਭਰਜਾਈ, ਬਘੇਲ ਕੌਰ ਦਾ ਹੌਸਲਾ ਵੇਖ ਕੇ ਹੈਰਾਨ ਸਨ । ਇਹ ਵੀ ਸਾਡੇ ਵਰਗੀ ਤ੍ਰੀਮਤ ਹੈ ਪਰ ਕਿੰਨੀ ਦਲੇਰ ਤੇ ਹੁਸ਼ਿਆਰ ਹੈ । ਕਿਵੇਂ ਫੁਰਤੀ ਨਾਲ ਚੌਧਰੀ ਦਾ ਸਿਰ ਲਾਹਿਆ ਸੁ ਤੇ ਕੇਡੀ ਦਲੇਰੀ ਨਾਲ ਘੋੜਾ ਅੱਗੇ-ਅੱਗੇ ਭਜਾਈ ਜਾ ਰਹੀ ਹੈ । ਬਘੇਲ ਕੌਰ ਨੇ ਜਿੰਨਾ ਦੁੱਖ ਇਨ੍ਹਾਂ ਪਾਪੀਆਂ ਦੇ ਹੱਥੋਂ ਪਾਇਆ ਸੀ, ਹੁਣ ਓਨੀ ਹੀ ਤੇਜ਼ੀ ਨਾਲ ਇਨ੍ਹਾਂ ਦਾ ਕੰਮ ਮੁਕਾ ਦੇਂਦੀ ਸੀ । ਜੱਥੇ ਨੂੰ ਜਦੋਂ ਕਿਸੇ ਤ੍ਰੀਮਤ ਦੀ ਮਦਦ ਕਰਨ ਦਾ ਮੌਕਾ ਆਉਂਦਾ ਤਾਂ ਬਘੇਲ ਕੌਰ ਨੂੰ ਹਮੇਸ਼ਾ ਨਾਲ ਰੱਖਦੇ । ਬਘੇਲ ਕੌਰ ਦਾ ਦਲੇਰਾਨਾ ਵਰਤਾਉ ਆਮ ਇਸਤਰੀ ਲਈ ਇਕ ਮਿਸਾਲ ਬਣ ਗਿਆ ਸੀ । ਅੱਜ ਦੇ ਕਾਲੇ-ਸਿਆਹ ਹਨੇਰੇ ਵਿਚ ਇਹ ਸੂਰਬੀਰ ਪੰਜ ਪਾਪੀਆਂ ਦਾ ਖ਼ਾਤਮਾ ਕਰ ਕੇ ਚਲੇ ਤਾਂ ਬਿਮਲਾ ਤੇ ਉਸ ਦੀ ਭਰਜਾਈ ਸੋਚਣ ਲੱਗ ਪਈਆਂ, ਅਸੀਂ ਵੀ ਇਹਦੇ ਵਰਗੀਆਂ ਬਹਾਦਰ ਬਣਾਂਗੀਆਂ ।

ਬਿਆਸਾ ਦੇ ਝੱਲ ਵਿਚ ਸਾਰਿਆਂ ਨੇ ਥੋੜ੍ਹੀ ਦੇਰ ਆਰਾਮ ਕੀਤਾ। ਬਿਮਲਾ ਕੁਝ ਰੋਟੀਆਂ ਤੇ ਗੰਢੇ ਬੰਨ੍ਹ ਕੇ ਲਿਆਈ ਹੋਈ ਸੀ। ਸਭ ਨੇ ਵੰਡ ਕੇ ਖਾ ਲਈਆਂ। ਇਥੇ ਹੀ ਰਾਤ ਠਹਿਰਨ ਦੇ ਵਿਚਾਰ ਨਾਲ ਸਭ ਨੇ ਧਰਤੀ ਨੂੰ ਆਪਣਾ ਬਿਸਤਰਾ ਜਾਣ ਕੇ ਆਪੋ-ਆਪਣੀ ਥਾਂ ਲੈ ਲਈ। ਬਘੇਲ ਕੌਰ ਨੇ ਕੀਰਤਨ ਸੋਹਿਲੇ ਦਾ ਪਾਠ ਉੱਚੀ ਸੁਰ ਵਿਚ ਕੀਤਾ। ਅਜੀਬ ਸਵਾਦ ਸੀ, ਇਸ ਦੀ ਰਸਨਾ ਵਿਚ। ਬਿਮਲਾ ਤੇ ਉਸ ਦੀ ਭਰਜਾਈ ਨੇ ਬੜੇ ਹੀ ਪਿਆਰ ਤੇ ਧਿਆਨ ਨਾਲ ਪਾਠ ਸੁਣਿਆ। ਅਰਦਾਸ ਕਰਨ ਤੋਂ ਬਾਅਦ ਸਾਰਿਆਂ ਨੇ ਸ਼ੁਕਰ ਵਿਚ ਮੱਥਾ ਟੇਕਿਆ ਤੇ ਅੱਖਾਂ ਮੀਟ ਕੇ ਧਰਤੀ ਉਤੇ ਲੇਟ ਗਏ। ਅੰਮ੍ਰਿਤ ਵੇਲੇ ਸਾਰੇ ਦੇ ਸਾਰੇ ਜਾਗੇ। ਬਘੇਲ ਕੌਰ ਨੇ ਜਪੁਜੀ ਸਾਹਿਬ ਦਾ ਪਾਠ ਅਜਿਹੀ ਲੈਅ ਵਿਚ ਕੀਤਾ ਕਿ ਸਾਰਾ ਝੱਲ ਹੀ ਇਲਾਹੀ ਆਨੰਦ ਨਾਲ ਝੂਮ ਉਠਿਆ। ਬਘੇਲ ਕੌਰ ਨੇ ਆਪਣੇ ਘੋੜੇ ਦੀ ਖੁਰਜੀ ਵਿਚੋਂ ਕੱਪੜੇ ਕੱਢੇ। ਬਿਮਲਾ ਤੇ ਉਸ ਦੀ ਭਰਜਾਈ ਦਾ ਭੇਸ ਬਦਲਾਇਆ ਗਿਆ। ਭੁੱਖੇ ਪੇਟ ਰੱਬ ਦੀ ਰਜ਼ਾ ਵਿਚ ਮੂੰਹ-ਹਨੇਰੇ ਹੀ ਉਹ ਸਾਰੇ ਕਾਹਨੂੰਵਾਨ ਦੇ ਛੰਭ ਵਲ ਤੁਰ ਪਏ। ਸਿੰਘਾਂ ਦਾ ਇਹ ਨਿੱਕਾ ਜਿਹਾ ਦਸਤਾ ਬੜੀ ਹੁਸ਼ਿਆਰੀ ਨਾਲ ਤੁਰਿਆ ਜਾ ਰਿਹਾ ਸੀ। ਬਘੇਲ ਕੌਰ ਦੀ ਬਾਜ਼ ਵਰਗੀ ਅੱਖ ਸਾਰੇ ਚੌਗਿਰਦੇ ਨੂੰ ਭਾਂਪ ਰਹੀ ਸੀ। ਕਰਦੇ-ਕਰਾਂਦਿਆਂ ਇਹ ਸਾਰੇ ਕਾਹਨੂੰਵਾਨ ਦੇ ਛੰਭ ਵਿਚ ਪਹੁੰਚ ਗਏ। ਸਿੰਘਾਂ ਨੂੰ ਜਦੋਂ ਬਘੇਲ ਕੌਰ ਨੇ ਬਿਮਲਾ ਤੇ ਉਸ ਦੀ ਭਰਜਾਈ ਨੂੰ ਬਚਾ ਲਿਆਉਣ ਦੀ ਗੱਲ ਸੁਣਾਈ ਗਈ, ਸਾਰੇ ਸਿੰਘਾਂ ਨੇ ਜੈਕਾਰਿਆਂ ਨਾਲ ਇਨ੍ਹਾਂ ਦਾ ਸਵਾਗਤ ਕੀਤਾ। ਇਨ੍ਹਾਂ ਨੂੰ ਲੰਗਰ ਛਕਾਇਆ ਗਿਆ। ਜਥੇਦਾਰ ਦੀ ਸਲਾਹ ਨਾਲ ਬਿਮਲਾ ਤੇ ਉਸ ਦੀ ਭਰਜਾਈ ਨੂੰ ਅੰਮ੍ਰਿਤ ਛਕਾ ਕੇ ਬਘੇਲ ਕੌਰ ਦੇ ਸਪੁਰਦ ਕਰ ਦਿੱਤਾ ਗਿਆ। ਹੁਣ ਬਿਮਲਾ ਦਾ ਨਾਮ ਨਿਰਮਲ ਕੌਰ ਤੇ ਉਸ ਦੀ ਭਰਜਾਈ ਦਾ ਨਾਮ ਸੰਗਤ ਕੌਰ ਰੱਖਿਆ ਗਿਆ। ਇਹ ਦੋਵੇਂ ਦੇਸ਼ ਦੇ ਰੱਖਿਅਕ ਦਲ ਵਿਚ ਸ਼ਾਮਲ ਹੋ ਗਈਆਂ।

ਕਾਹਨੂੰਵਾਨ ਦਾ ਛੰਭ ਅਸਲ ਵਿਚ ਇਕ ਕੰਡਿਆਲਾ ਜੰਗਲ ਸੀ। ਇਸ ਦੇ ਰੁੱਖਾਂ ਨਾਲ ਸੂਲਾਂ ਵਰਗੇ ਤਿੱਖੇ ਕੰਡੇ ਸਨ। ਇਹ ਰੁੱਖ ਇੰਨੇ ਸੰਘਣੇ ਉੱਗੇ ਹੋਏ ਸਨ ਕਿ ਲੰਘਣ ਵਾਲਿਆਂ ਦੇ ਪਿੰਡੇ ਝਰੀਟੇ ਜਾਂਦੇ ਸਨ। ਕੱਪੜਿਆਂ ਨੂੰ ਖੁੰਘੀਆਂ ਲੱਗ ਜਾਂਦੀਆਂ ਸਨ। ਇਸ ਜੰਗਲ ਦੇ ਰੁੱਖ ਗੋਲਾਈ ਵਿਚ ਕੁਝ ਇਸ ਤਰ੍ਹਾਂ ਉੱਗੇ ਹੋਏ ਸਨ ਕਿ ਇਸ ਦੇ ਐਨ ਵਿਚਕਾਰ ਇਕ ਛੰਭ ਸੀ। ਇਸ ਛੰਭ ਦੇ ਦੁਆਲਿਓਂ ਤਿੰਨ-ਚਾਰ ਫਰਲਾਂਗ ਜੰਗਲੀ ਦਰਖ਼ਤ ਕੱਟ ਕੇ ਸਿੰਘਾਂ ਨੇ ਆਪਣੇ ਰਹਿਣ ਲਈ ਉਥੇ ਮੈਦਾਨ ਬਣਾਇਆ ਹੋਇਆ ਸੀ। ਉਥੇ ਕੁਝ ਤੰਬੂ ਕਨਾਤਾਂ ਦਾ ਵੀ ਪ੍ਰਬੰਧ ਸੀ। ਸਿੰਘਾਂ ਨੇ ਛੰਭ ਦੀ ਸਫ਼ਾਈ ਕਰ ਕੇ ਪਾਣੀ ਨੂੰ ਸਾਫ਼ ਰੱਖਿਆ ਹੋਇਆ ਸੀ। ਜਥੇਦਾਰ ਦੀ ਛੰਭ ਨੂੰ ਸਾਫ਼ ਰੱਖਣ ਦੀ ਖ਼ਾਸ ਹਦਾਇਤ ਸੀ। ਮੁਗਲਾਂ ਨਾਲ ਲੜਾਈ ਕਰਦੇ ਸਮੇਂ ਜੋ ਲੁੱਟਮਾਰ ਦਾ ਅਨਾਜ ਸਿੰਘਾਂ ਦੇ ਹੱਥ ਆਉਂਦਾ, ਉਹ ਇਥੇ ਹੀ ਸੰਭਾਲ ਕੇ ਰੱਖਿਆ ਜਾਂਦਾ। ਜਦੋਂ ਅੰਨ-ਦਾਣਾ ਨਾ ਹੁੰਦਾ ਤਾਂ ਸਿੰਘ ਜੰਗਲ ਦੇ ਜਾਨਵਰਾਂ ਦਾ ਸ਼ਿਕਾਰ ਕਰ ਕੇ ਖਾ ਲੈਂਦੇ। ਕਈ ਵਾਰ ਜੰਗਲ ਦਾ ਘਾਹ ਰਿੰਨ੍ਹ ਕੇ ਸ਼ੁਕਰ-ਸ਼ੁਕਰ ਨਾਲ ਖਾ ਲਿਆ ਜਾਂਦਾ। ਛੰਭ ਇਕ ਤਰ੍ਹਾਂ ਦਾ ਕਿਲ੍ਹਾ ਸੀ। ਮੁਗਲ ਸਿਪਾਹੀ ਸੂਲਾਂ ਦੀ ਚੋਭ ਤੋਂ ਡਰਦੇ ਅੱਗੇ ਨਹੀਂ ਸਨ ਵਧਦੇ, ਵਾਪਸ ਮੁੜ ਜਾਂਦੇ ਸਨ।

ਕਾਹਨੂੰਵਾਨ ਦਾ ਛੰਭ ਇਸ ਵੇਲੇ ਸਿੱਖਾਂ ਦੀ ਤਾਕਤ ਦਾ ਗੜ੍ਹ ਸੀ। ਇਥੋਂ ਹੀ ਸਿੰਘ

ਹਮਲਿਆਂ ਲਈ ਆਉਂਦੇ-ਜਾਂਦੇ ਰਹਿੰਦੇ। ਇਸ ਥਾਂ ਦਾ ਨੇਮ-ਪ੍ਰਬੰਧ ਆਪਣਾ ਹੀ ਸੀ। ਸਾਰੇ ਸਿੰਘ ਅੰਮ੍ਰਿਤ ਵੇਲੇ ਜਾਗਦੇ। ਬਾਣੀ ਦਾ ਪਾਠ ਕਰਦੇ। ਕੀਰਤਨ ਕਰਦੇ। ਗੁਰਬਾਣੀ ਦੀ ਕਥਾ ਹੁੰਦੀ। ਅੰਮ੍ਰਿਤ ਵੇਲੇ ਆਸਾ ਦੀ ਵਾਰ ਗਾਈ ਜਾਂਦੀ। ਸ਼ਾਮ ਨੂੰ ਰਹਿਰਾਸ ਦਾ ਤੇ ਕੀਰਤਨ ਸੋਹਿਲੇ ਦਾ ਪਾਠ ਕੀਤਾ ਜਾਂਦਾ।

ਇਥੇ ਰਹਿਣ ਵਾਲੇ ਮਨੁੱਖ ਸ਼ੁੱਧ ਪ੍ਰਕਿਰਤੀ ਦੀ ਗੋਦ ਵਿਚ ਰਹਿ ਰਹੇ ਸਨ। ਤਾਰਿਆਂ ਦੀ ਛਾਂ, ਸੰਘਣਾ ਹਨੇਰਾ, ਚੰਨ ਦੀ ਚਾਨਣੀ, ਕੜਕਦੀ ਦੁਪਹਿਰੀ, ਸੀਤ ਹਵਾਵਾਂ, ਮੋਹਲੇ ਧਾਰ ਮੀਂਹ, ਭੁਰ-ਭੁਰ ਪੈਂਦਾ ਕੱਕਰ, ਸਭ ਕੁਝ ਹੀ ਆਪਣੇ ਸ਼ੁੱਧ ਰੂਪ ਵਿਚ ਮਾਣ ਰਹੇ ਸਨ। ਪੰਛੀਆਂ ਦੇ ਗੀਤ ਤੇ ਜੰਗਲੀ ਹੁਸਨ ਨੂੰ ਵੇਖ ਕੇ ਇਹ ਕੁਦਰਤ ਤੋਂ ਬਲਿਹਾਰ ਜਾਂਦੇ ਸਨ। ਇਕ ਪਾਸੇ, ਉਹ ਲੋਕ ਸਨ ਜੋ ਦੁਨਿਆਵੀ ਸੁੱਖਾਂ ਵਿਚ ਫਸ ਕੇ ਬੇਗ਼ੈਰਤ ਜੀਵਨ ਜੀਉਂ ਰਹੇ ਸਨ। ਸ਼ਾਂਤੀ ਵਰਗੀ ਚੀਜ਼, ਉਨ੍ਹਾਂ ਦੀ ਜ਼ਿੰਦਗੀ ਵਿਚ ਨਹੀਂ ਸੀ। ਦੂਜੇ ਪਾਸੇ, ਇਹ ਧਰਮੀ ਜੀਊੜੇ ਅਨੇਕਾਂ ਦੁੱਖ ਸਹਿ ਕੇ ਵੀ ਖੁਸ਼ੀ-ਖੁਸ਼ੀ ਦਿਨ ਬਿਤਾ ਰਹੇ ਸਨ। ਪਰਮਾਤਮਾ ਦੀ ਓਟ ਦਾ ਆਸਰਾ ਹੀ ਇਨ੍ਹਾਂ ਦਾ ਸਭ ਕੁਝ ਸੀ।

ਇਸ ਥਾਂ ਦਾ ਪ੍ਰਬੰਧ ਵੀ ਕਿਲ੍ਹੇ ਵਾਂਗ ਕੀਤਾ ਗਿਆ ਸੀ, ਸੌ ਕੁ ਸਿੰਘ ਹਰ ਵੇਲੇ ਇਸ ਛੰਭ ਦੇ ਆਲੇ-ਦੁਆਲੇ ਪਹਿਰਾ ਦੇਂਦੇ ਸਨ। ਇਨ੍ਹਾਂ ਦਾ ਪਹਿਰਾ ਦੇਣ ਦਾ ਢੰਗ ਵੀ ਅਨੋਖਾ ਸੀ। ਥੋੜ੍ਹੇ-ਥੋੜ੍ਹੇ ਫ਼ਾਸਲੇ ਉਪਰ ਇਕ ਸਿੰਘ ਉੱਚੇ ਦਰਖ਼ਤ ਉੱਪਰ ਬੈਠ ਜਾਂਦਾ ਸੀ। ਇਹ ਇਸ ਥਾਂ ਤੋਂ ਆਉਣ-ਜਾਣ ਵਾਲੇ ਬੰਦਿਆਂ ਦਾ ਧਿਆਨ ਰੱਖਦਾ ਸੀ। ਇਹ ਅੱਜ ਦੇ ਚੌਕੀਦਾਰਾਂ ਵਾਂਗੂੰ ਅੰਦਰ ਜਾ ਕੇ ਆਪਣੇ ਅਫ਼ਸਰ ਨੂੰ ਸੁਨੇਹਾ ਨਹੀਂ ਸੀ ਪਹੁੰਚਾਉਂਦੇ ਸਗੋਂ ਲੋੜ ਪੈਣ 'ਤੇ ਉੱਚੀ ਆਵਾਜ਼ ਦੇ ਕੇ ਜਥੇਦਾਰ ਨੂੰ ਗੱਲ ਪੁੱਛ ਲੈਂਦੇ ਤੇ ਉਸ ਦੇ ਹੁਕਮ ਅਨੁਸਾਰ ਕੰਮ ਕਰਦੇ। ਇਸ ਤਰ੍ਹਾਂ ਦੇ ਪਹਿਰੇਦਾਰ ਨੂੰ ਟਾਂਗੂੰ ਕਿਹਾ ਜਾਂਦਾ ਸੀ। ਸ਼ਾਇਦ, ਇਹ ਦਰਖ਼ਤ ਉੱਪਰ ਇਕ ਤਰ੍ਹਾਂ ਟੰਗਿਆ ਰਹਿੰਦਾ ਸੀ ਤੇ ਇਸੇ ਕਰ ਕੇ ਇਹਦਾ ਨਾਮ ਟਾਂਗੂੰ ਪੈ ਗਿਆ ਹੋਵੇ। ਟਾਂਗੂੰ ਸਿੰਘਾਂ ਦੀ ਡਿਊਟੀ ਬਦਲਦੀ ਰਹਿੰਦੀ ਸੀ। ਇਹ ਬਿਨਾਂ ਇਜਾਜ਼ਤ ਕਿਸੇ ਗ਼ੈਰ ਨੂੰ ਅੰਦਰ ਛੰਭ ਵੱਲ ਨਹੀਂ ਸੀ ਜਾਣ ਦੇਂਦੇ।

ਹਕੂਮਤ ਦਾ ਸਭ ਤੋਂ ਵੱਡਾ ਚੈਲੰਜ ਇਸ ਵੇਲੇ ਸਿੰਘ ਤੇ ਉਨ੍ਹਾਂ ਦਾ ਕਾਹਨੂੰਵਾਨ ਦਾ ਛੰਭ ਸੀ। ਮੁਗ਼ਲਾਂ ਨੇ ਕਈ ਵਾਰ ਇਸ ਦੇ ਅੰਦਰ ਆਉਣ ਦਾ ਜ਼ੋਰ ਲਾਇਆ ਪਰ ਉਹ ਆਪਣੇ ਕੱਪੜੇ ਲੀਰੇ-ਲੀਰ ਤੇ ਪਿੰਡੇ ਲਹੂ-ਲੁਹਾਣ ਕਰ ਕੇ ਮੁੜ ਜਾਂਦੇ। ਤੰਗ ਆ ਕੇ ਉਨ੍ਹਾਂ ਨੇ ਇਹ ਜੰਗਲ ਕਟਵਾਉਣਾ ਸ਼ੁਰੂ ਕੀਤਾ ਪਰ ਜਦੋਂ ਰਾਤ ਵੇਲੇ ਸਿੰਘਾਂ ਦੀਆਂ ਤਲਵਾਰਾਂ ਲਿਸ਼ਕਦੀਆਂ ਵੇਖੀਆਂ ਤਾਂ ਕੰਬ ਕੇ ਨੱਸ ਗਏ। ਵਕਤੀ ਸੂਬੇਦਾਰ ਨੇ ਇਸ ਜੰਗਲ ਦੀ ਰਾਖੀ ਕਰਵਾਉਣੀ ਚਾਹੀ ਪਰ ਇਹ ਗੱਲ ਸਿੰਘਾਂ ਦੇ ਹੱਕ ਵਿਚ ਗਈ। ਉਹ ਰਾਤ ਸਮੇਂ ਹਥਿਆਰਬੰਦ ਸਿਪਾਹੀਆਂ ਕੋਲੋਂ ਸਿੱਕਾ ਤੇ ਹਥਿਆਰ ਖੋਹ ਕੇ ਉਨ੍ਹਾਂ ਦੇ ਸਿਰ ਲਾਹ ਸੁੱਟਦੇ। ਕਈ ਦਿਨ ਤਾਂ ਸਿੰਘਾਂ ਨੇ ਉਨ੍ਹਾਂ ਦੀਆਂ ਲੋਥਾਂ ਦਾ ਪਤਾ ਵੀ ਨਾ ਲੱਗਣ ਦਿੱਤਾ। ਇਸ ਤਰ੍ਹਾਂ ਰੋਜ਼ ਇਕ ਸੈਨਾ ਦੀ ਟੁਕੜੀ ਰਾਖੀ ਲਈ ਆਉਂਦੀ ਤੇ ਸਮਾਪਤ ਕਰ ਦਿੱਤੀ ਜਾਂਦੀ। ਅਖ਼ੀਰ ਹਕੂਮਤ ਨੇ ਇਸ ਗੱਲੋਂ ਵੀ ਤੋਬਾ ਕਰ ਲਈ।

ਕਾਹਨੂੰਵਾਨ ਦੇ ਛੰਭ 'ਤੇ ਰਹਿਣ ਵਾਲੀਆਂ ਬੀਬੀਆਂ ਸਿਦਕ ਦੀਆਂ ਪੁਤਲੀਆਂ ਸਨ। ਦਿਨ-ਰਾਤ ਲੰਗਰ ਦੀ ਸੇਵਾ ਕਰਦੀਆਂ। ਸਫ਼ਾਈ ਕਰਦੀਆਂ। ਜ਼ਖ਼ਮੀ ਸਿੰਘਾਂ ਦੀ

ਸਾਰ-ਸੰਭਾਲ ਕਰਦੀਆਂ। ਲੋੜ ਪੈਣ 'ਤੇ ਮੁਕਾਬਲੇ ਲਈ ਸਭ ਤੋਂ ਅੱਗੇ ਆਣ ਖਲੋਂਦੀਆਂ। ਨਿਰਮਲ ਕੌਰ ਤੇ ਸੰਗਤ ਕੌਰ ਬਘੇਲ ਕੌਰ ਦੀ ਸੰਗਤ ਵਿਚ ਦਿਨ-ਬਦਿਨ ਦਲੇਰ ਹੁੰਦੀਆਂ ਗਈਆਂ। ਕਾਹਨੂੰਵਾਨ ਦੇ ਛੰਭ ਵਿਚ ਹੋਰ ਵੀ ਕੁਝ ਇਸਤਰੀਆਂ ਸਨ ਪਰ ਇਨ੍ਹਾਂ ਸਾਰੀਆਂ ਦੀ ਸਰਦਾਰ ਬਘੇਲ ਕੌਰ ਸੀ। ਬਘੇਲ ਕੌਰ ਹਸਮੁੱਖ ਤੇ ਮਿਲਣਸਾਰ ਹੀ ਨਹੀਂ ਸੀ ਸਗੋਂ ਸਾਰਿਆਂ ਦੇ ਦੁੱਖ-ਸੁੱਖ ਵਿਚ ਕੰਮ ਵੀ ਆਉਂਦੀ ਸੀ। ਜਦੋਂ ਸਿੰਘ ਬਾਹਰੋਂ ਲੁੱਟਮਾਰ ਕਰ ਕੇ ਮੁੜਦੇ ਤਾਂ ਬਘੇਲ ਕੌਰ ਦੇ ਕਹਿਣ ਅਨੁਸਾਰ ਹੀ ਅਨਾਜ ਦਾਣਾ ਸੰਭਾਲ ਕੇ ਰੱਖਿਆ ਜਾਂਦਾ। ਰੋਗੀਆਂ, ਜ਼ਖ਼ਮੀਆਂ ਦੀ ਸੇਵਾ ਕੀਤੀ ਜਾਂਦੀ।

4

ਅਹਿਮਦ ਸ਼ਾਹ ਅਬਦਾਲੀ ਨੇ ਭਾਰਤ ਵਿਚ ਚਾਰ ਹਮਲੇ ਕੀਤੇ। ਦੂਜੇ ਹਮਲੇ ਸਮੇਂ ਉਸ ਨੂੰ ਦਿੱਲੀ ਵਲੋਂ ਹਾਰ ਹੋਈ ਸੀ। ਦਿੱਲੀ ਦੇ ਬਾਦਸ਼ਾਹ ਮੀਰ ਮੰਨੂ ਨੇ ਚਲਾਕੀ ਕੀਤੀ ਸੀ। ਉਸ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਕੁਝ ਨਜ਼ਰਾਨਾ ਦਿੱਤਾ ਤੇ ਬਹਾਵਲ ਪੁਰ ਤੇ ਮੁਲਤਾਨ ਦੇ ਇਲਾਕੇ ਦਾ ਮਾਲੀਆ (ਇਕ ਤਰ੍ਹਾਂ ਦਾ ਜ਼ਮੀਨ ਟੈਕਸ) ਦੇਣਾ ਮੰਨ ਕੇ ਅਬਦਾਲੀ ਨੂੰ ਲਾਹੌਰ ਤੋਂ ਹੀ ਵਾਪਸ ਮੋੜ ਦਿੱਤਾ। ਚੌਥੇ ਹਮਲੇ ਵੇਲੇ ਅਬਦਾਲੀ ਨੇ ਮੀਰ ਮੰਨੂ ਨੂੰ ਕਿਹਾ ਨਾ ਤਾਂ ਤੂੰ ਬਹਾਵਲਪੁਰ ਤੇ ਮੁਲਤਾਨ ਦਾ ਮਾਲੀਆ ਦਿੱਤਾ ਹੈ ਤੇ ਨਾ ਹੀ ਬਾਕੀ ਇਲਾਕੇ ਦੀ ਉਗਰਾਹੀ। ਜਾਂ ਤਾਂ ਫੌਰਨ ਸਾਰਾ ਮਾਲੀਆ (ਖਿਰਾਜ) ਭੇਜ ਜਾਂ ਫਿਰ ਹਮਲੇ ਲਈ ਤਿਆਰ ਰਹਿ। ਜਦੋਂ ਅਬਦਾਲੀ ਦੇ ਤਿੰਨ ਸੁਨੇਹਿਆਂ ਦਾ ਮੀਰ ਮੰਨੂ ਨੇ ਕੋਈ ਉੱਤਰ ਨਾ ਦਿੱਤਾ ਤਾਂ ਅਬਦਾਲੀ ਆਪ ਚੜ੍ਹਾਈ ਕਰ ਕੇ ਆ ਗਿਆ। ਇਹ ਘਟਨਾ ਸੰਨ 1834 ਈਸਵੀ ਦੀ ਹੈ। ਮੀਰ ਮੰਨੂ ਦੀ ਤਾਕਤ ਅਬਦਾਲੀ ਦੇ ਟਾਕਰੇ ਵਿਚ ਬਹੁਤ ਥੋੜ੍ਹੀ ਸੀ। ਉਸ ਨੇ ਦੀਵਾਨ ਕੌੜਾਮਲ ਨੂੰ ਵਿਚ ਪਾ ਕੇ ਦੇਸ਼ ਦੀ ਰੱਖਿਆ ਦਾ ਵਾਸਤਾ ਦੇ ਕੇ ਸਿੱਖਾਂ ਨਾਲ ਸੁਲਾਹ ਕਰ ਲਈ। ਹੁਣ ਅਬਦਾਲੀ ਦੇ ਟਾਕਰੇ ਲਈ ਮੀਰ ਮੰਨੂ ਤੇ ਸਿੰਘਾਂ ਦੀ ਸਾਂਝੀ ਤਾਕਤ ਦਾ ਪ੍ਰਯੋਗ ਕੀਤਾ ਗਿਆ।

ਲਾਹੌਰ ਸ਼ਹਿਰ ਦੇ ਤਿੰਨ ਪਾਸਿਆਂ ਉਤੇ ਮੀਰ ਮੰਨੂ ਦੀ ਫੌਜ ਨੇ ਮੋਰਚੇ ਜਮਾ ਲਏ। ਲਾਹੌਰ ਸ਼ਹਿਰ ਦੇ ਦੱਖਣੀ ਪਾਸੇ (ਬਾਹੀ) ਉਤੇ ਸਿੰਘਾਂ ਨੇ ਮੋਰਚੇ ਗੱਡੇ। ਘਮਾਸਾਨ ਦਾ ਯੁੱਧ ਹੋਇਆ। ਮੀਰ ਮੰਨੂ ਦੇ ਸਿਪਾਹੀ ਜਲਦੀ ਹੀ ਤਿੰਨ ਪਾਸੇ ਹਾਰ ਗਏ। ਪਰ ਸਿੰਘਾਂ ਦਾ ਮੋਰਚਾ ਕੁਝ ਦਿਨ ਚਲਦਾ ਰਿਹਾ। ਦੀਵਾਨ ਕੌੜਾਮਲ ਆਪ ਹਾਥੀ ਉਤੇ ਸਵਾਰ ਹੋ ਕੇ ਸਿੰਘਾਂ ਵਾਲੇ ਪਾਸਿਉਂ ਲੜ ਰਿਹਾ ਸੀ। ਅਚਾਨਕ ਅਬਦਾਲੀ ਦੇ ਇਕ ਸਿਪਾਹੀ ਦੇ ਤੀਰ ਨਾਲ ਉਹ ਜ਼ਖ਼ਮੀ ਹੋ ਕੇ ਹਾਥੀ ਤੋਂ ਥੱਲੇ ਡਿੱਗ ਪਿਆ। ਹੁਣ ਮੀਰ ਮੰਨੂ ਦੇ ਹੌਂਸਲੇ ਢਹਿ ਗਏ। ਅਬਦਾਲੀ ਨੇ ਲਾਹੌਰ ਉਤੇ ਕਬਜ਼ਾ ਕਰ ਲਿਆ। ਮੀਰ ਮੰਨੂ ਨੇ 40 ਲੱਖ ਨਕਦ ਤੇ ਕੁਝ ਹਾਥੀ, ਘੋੜੇ, ਸੋਨੇ ਚਾਂਦੀ ਦੇ ਹੌਦਿਆਂ ਵਾਲੇ ਨਜ਼ਰਾਨੇ ਵਜੋਂ ਭੇਂਟ ਕੀਤੇ। ਅਬਦਾਲੀ ਨੇ ਮੀਰ ਮੰਨੂ ਨੂੰ ਲਾਹੌਰ ਦਾ ਸੂਬਾ ਥਾਪ ਦਿੱਤਾ ਤੇ ਆਪ ਵਾਪਸ ਕਾਬੁਲ ਚਲਾ ਗਿਆ। ਹੁਣ ਮੀਰ ਮੰਨੂ ਸਿੰਘਾਂ ਨੂੰ ਤੰਗ ਨਹੀਂ ਸੀ ਕਰ ਰਿਹਾ ਤੇ ਸਿੰਘ ਵਾਪਸ ਆਪਣੇ ਪਿੰਡਾਂ ਵਿਚ ਜਾ ਕੇ ਆਬਾਦ ਹੋਣ ਲੱਗੇ। ਇਸ ਤਰ੍ਹਾਂ ਸਿੰਘਾਂ ਦੇ ਦੋ ਕੁ ਸਾਲ ਅਮਨ-ਚੈਨ ਨਾਲ ਬੀਤ ਗਏ, ਪਰ ਪਤਾ ਨਹੀਂ ਅਚਾਨਕ ਕੀ ਮਾਰ ਵਗੀ ? ਉਸ ਨੇ ਲਾਹੌਰ ਵਿਚ ਰੱਖੇ

ਅਬਦਾਲੀ ਦੇ ਵੀਹ ਹਜ਼ਾਰ ਸਿਪਾਹੀਆਂ ਨੂੰ ਨਾਲ ਲੈ ਕੇ ਪੰਜਾਬ ਦੇ ਪਿੰਡਾਂ ਵਿਚ ਵਸਦੇ ਸਿੰਘਾਂ ਨਾਲ ਲੜਨਾ-ਭਿੜਨਾ ਸ਼ੁਰੂ ਕਰ ਦਿੱਤਾ ।

ਇਨ੍ਹਾਂ ਦਿਨਾਂ ਵਿਚ ਬਘੇਲ ਕੌਰ ਆਪਣੇ ਪਿੰਡ ਬੋਪਾਰਾਏ ਵਿਚ ਰਹਿੰਦੀ ਸੀ । ਮੀਰ ਮੰਨੂ ਨੇ ਹੁਕਮ ਦਿੱਤਾ - ਸਿੰਘਾਂ ਦੀਆਂ ਧੀਆਂ, ਭੈਣਾਂ ਸਭ ਔਰਤਾਂ ਨੂੰ ਫੜ ਲਉ । ਜਿਹੜੀ ਮੁਸਲਮਾਨੀ ਬਣਨਾ ਮੰਨ ਲਵੇ ਉਸ ਦਾ ਉਸੇ ਵੇਲੇ ਪਿੰਡ ਦੇ ਕਿਸੇ ਮੁਸਲਮਾਨ ਨਾਲ ਨਿਕਾਹ (ਵਿਆਹ) ਕਰ ਦਿਉ । ਨਹੀਂ ਤਾਂ ਕੈਦਖ਼ਾਨੇ ਵਿਚ ਭੁੱਖਿਆਂ ਰੱਖੋ । ਚੱਕੀ ਪਿਸਵਾਉ । ਕੰਮ ਨਾ ਕਰਨ 'ਤੇ ਕੋੜੇ ਮਾਰੋ । ਰੱਜ ਕੇ ਸਖ਼ਤੀ ਕਰੋ, ਓਨੀ ਦੇਰ ਜਿੰਨੀ ਉਹ ਮੁਸਲਮਾਨੀ ਬਣਨ ਦਾ ਇਕਰਾਰ ਨਾ ਕਰ ਲਵੇ । ਬਘੇਲ ਕੌਰ ਨੂੰ ਵੀ ਇਸ ਫੁਰਮਾਨ ਦੀ ਸੂਹ ਲੱਗ ਗਈ । ਉਸ ਝਟਪਟ ਬੀਰ ਬਾਣਾ ਪਾ ਲਿਆ । ਸਿਰ ਉਤੇ ਪੱਗ ਬੰਨ੍ਹ ਲਈ, ਹਥਿਆਰ ਕਮਰਕੱਸੇ ਨਾਲ ਬੰਨ੍ਹ ਲਏ । ਘੋੜੇ ਉਤੇ ਸਵਾਰ ਹੋ ਕੇ ਪਿੰਡ ਦੀਆਂ ਇਸਤਰੀਆਂ ਨੂੰ ਖ਼ਬਰ ਦੇਣ ਚਲੀ ਗਈ । ਪਲਾਂ ਵਿਚ ਹੀ ਸਿੰਘਣੀਆਂ ਇਕੱਠੀਆਂ ਹੋ ਗਈਆਂ । ਬੱਚਿਆਂ ਵਾਲੀਆਂ ਸੋਚਣ ਲੱਗ ਪਈਆਂ, ਬੱਚਿਆਂ ਦਾ ਕੀ ਕਰੀਏ ? ਰੱਬ ਉਤੇ ਡੋਰ ਰੱਖ ਕੇ ਸਾਰੀਆਂ ਨੇ ਆਪਣੇ-ਆਪਣੇ ਹਥਿਆਰ ਕੱਢ ਲਏ । ਬਾਲਾਂ ਨੂੰ ਮੋਢੇ ਲਾਈ ਸਾਰੀਆਂ ਦੀਆਂ ਸਾਰੀਆਂ ਪਿੰਡਾਂ ਦੇ ਖੇਤਾਂ ਵਿਚ ਜਾ ਲੁਕੀਆਂ ।

ਬਘੇਲ ਕੌਰ ਸਾਧਾਰਣ ਇਸਤਰੀ ਨਹੀਂ ਸੀ । ਉਹ ਪਿੰਡ ਦੀਆਂ ਔਰਤਾਂ ਨੂੰ ਖੇਤਾਂ ਵਿਚ ਛੱਡ ਕੇ ਆਪ ਆਪਣੇ ਘੋੜੇ ਨੂੰ ਅੱਡੀ ਲਾ ਕੇ ਵਰਪਾਲੀ ਦੇ ਸੋਧੇ ਭੱਜ ਉੱਠੀ । ਵਰਪਾਲੀ ਇਕ ਪਿੰਡ ਦਾ ਨਾਉਂ ਹੈ ਜੋ ਬੋਪਾਰਾਏ ਤੋਂ ਦੋ ਕੁ ਮੀਲ ਦੀ ਦੂਰੀ ਉਤੇ ਸੀ । ਉਥੋਂ ਦੀਆਂ ਸਿੰਘਣੀਆਂ ਨੂੰ ਹੁਕਮ ਦੇ ਕੇ ਆਪ ਨਡਾਲੀ ਨੂੰ ਭੱਜ ਤੁਰੀ । ਨਡਾਲੀ ਪਿੰਡ ਵਰਪਾਲੀ ਤੋਂ ਕੋਈ ਦੋ ਕੁ ਮੀਲ ਦੂਰ ਸੀ । ਬਘੇਲ ਕੌਰ ਸ਼ੇਰਨੀ ਵਾਂਗ ਦਲੇਰ ਤੇ ਹੁਸ਼ਿਆਰ ਸੀ । ਦੋ ਕੁ ਘੰਟਿਆਂ ਵਿਚ ਤਿੰਨ ਪਿੰਡਾਂ ਦੀਆਂ ਔਰਤਾਂ ਹਥਿਆਰਬੰਦ ਹੋ ਕੇ ਇਕ ਥਾਂ ਇਕੱਠੀਆਂ ਹੋ ਗਈਆਂ । ਬਘੇਲ ਕੌਰ ਆਪਣੀ ਦਲੇਰੀ ਕਰ ਕੇ ਆਪਣੇ ਪਿੰਡ ਵਿਚ ਵੀ ਚੰਗੀ ਮਸ਼ਹੂਰ ਇਸਤਰੀ ਸੀ । ਫ਼ੌਜਦਾਰ ਨੇ ਸੋਚਿਆ ਪਹਿਲਾਂ ਬਘੇਲ ਕੌਰ ਨੂੰ ਕਾਬੂ ਕਰੋ । ਬਾਕੀ ਦੀਆਂ ਆਪੇ ਹੀ ਹੋ ਜਾਣਗੀਆਂ ।

ਇਸੇ ਨੀਯਤ ਨਾਲ 200 ਫ਼ੌਜੀ ਸਵਾਰ ਪਿੰਡ ਦੇ ਬਾਹਰ ਕੈਂਪ ਲਾ ਕੇ ਬੈਠ ਗਏ । ਫ਼ੌਜਦਾਰ ਨੇ ਪਿੰਡ ਦੇ ਚੌਧਰੀ ਨੂੰ ਕਿਹਾ, "ਸਭ ਸਿੰਘਣੀਆਂ ਤੇ ਉਨ੍ਹਾਂ ਦੇ ਬੱਚੇ ਫੜ ਕੇ ਲਿਆਓ ।" ਬੋਪਾਰਾਏ ਵਿਚ ਉਸ ਵੇਲੇ ਸਿੰਘਾਂ ਦੇ ਪੰਜ ਘਰ ਸਨ । ਉਹ ਸਾਰਿਆਂ ਦੇ ਘਰ ਗਏ । ਸਾਰਿਆਂ ਦੇ ਘਰ ਤਾਂ ਖੁੱਲ੍ਹੇ ਸਨ ਪਰ ਕੋਈ ਵੀ ਸਿੰਘ ਜਾਂ ਇਸਤਰੀ ਘਰ ਵਿਚ ਨਹੀਂ ਮਿਲੀ । ਉਹ ਹੈਰਾਨੀ ਨਾਲ ਮੂੰਹ ਖੋਲ੍ਹ ਕੇ ਆਪਸ ਵਿਚ ਇਕ ਦੂਜੇ ਨੂੰ ਆਖਣ ਲੱਗੇ, "ਹੈਂ ਰਾਤੋ-ਰਾਤ ਨੱਸ ਗਏ ?" ਬਘੇਲ ਕੌਰ ਦੀ ਹਿੰਮਤ ਨਾਲ ਬੋਪਾਰਾਏ, ਵਰਪਾਲੀ ਤੇ ਨਡਾਲੀ ਦੀਆਂ ਔਰਤਾਂ ਬੋਪਾਰਾਏ ਪਿੰਡ ਦੇ ਖੇਤਾਂ ਵਿਚ ਇਕੱਠੀਆਂ ਹੋ ਗਈਆਂ । ਕੇਸਰ ਕੌਰ ਬੋਪਾਰਾਏ ਦੀ ਇਕ ਸਿੰਘਣੀ ਨੇ ਘਰੋਂ ਤੁਰਨ ਲੱਗਿਆਂ ਆਪਣੇ ਦੋਹਾਂ ਬੱਚਿਆਂ ਨੂੰ ਘਰੋਂ ਭੱਜਣ ਸਮੇਂ ਭੜੋਲੀਆਂ ਵਿਚ ਸੁਆ ਕੇ ਦੋਵੇਂ ਭੜੋਲੀਆਂ ਗੋਹਿਆਂ ਦੇ ਹਾਰੇ (ਢੇਰ) ਕੋਲ ਕਰ ਗਈ । ਉਸ ਸੋਚ ਲਿਆ ਸੀ ਜੇ ਰਾਤ ਬਚ ਗਈ ਤਾਂ ਸਵੇਰੇ ਬੱਚਿਆਂ ਨੂੰ ਜੇ ਜਿਉਂਦੇ ਹੋਏ ਤਾਂ ਚੁੱਕ ਲਿਜਾਏਗੀ । ਉਂਜ ਸਿਪਾਹੀਆਂ ਨੂੰ ਭਲਾ ਕੀ ਪਤਾ ਕਿ ਕੋਈ ਬੱਚੇ ਵੀ ਭੜੋਲੀ

ਵਿਚ ਬੰਦ ਕਰ ਸਕਦੀ ਹੈ । ਅੰਮ੍ਰਿਤ ਵੇਲੇ ਬਘੇਲ ਕੌਰ ਜਾਗੀ ਤੇ ਬਾਕੀ ਸਾਰੀਆਂ ਸਿੰਘਣੀਆਂ ਵੀ । ਸਾਰੀਆਂ ਨੇ ਮਿਲ ਕੇ ਪਾਠ ਕੀਤਾ । ਕੇਸਰ ਕੌਰ ਨੇ ਬਘੇਲ ਕੌਰ ਨੂੰ ਭੜੋਲੀ ਤੇ ਬੱਚਿਆਂ ਵਾਲੀ ਗੱਲ ਦੱਸੀ । ਅਜੇ ਹਨੇਰਾ ਹੀ ਸੀ ਕਿ ਦਇਆਵਾਨ ਬਘੇਲ ਕੌਰ ਕੇ ਸਰ ਕੌਰ ਨੂੰ ਨਾਲ ਲੈ ਕੇ ਪਿੰਡ ਪੁੱਜੀ ਤੇ ਭੜੋਲੀ ਵਿਚੋਂ ਬੇਸੁਰਤ ਬੱਚਿਆਂ ਨੂੰ ਚੁੱਕ ਕੇ ਛੇਤੀ-ਛੇਤੀ ਤੁਰ ਪਈਆਂ । ਦੋਹਾਂ ਦੀਆਂ ਨਬਜ਼ਾਂ ਚਲ ਰਹੀਆਂ ਸਨ । ਖੇਤਾਂ ਵਿਚ ਪੁੱਜ ਕੇ ਖੂਹ ਤੋਂ ਬੱਚਿਆਂ ਨੂੰ ਪਾਣੀ ਪਿਆਇਆ । ਬੱਚੇ ਹੋਸ਼ ਵਿਚ ਆ ਗਏ । ਅਜੀਬ ਡਰ ਤੇ ਖ਼ੌਫ਼ ਦਾ ਵਾਤਾਵਰਣ ਬਣਿਆ ਹੋਇਆ ਸੀ ।

ਹੌਲੀ-ਹੌਲੀ ਦਿਨ ਚੜ੍ਹ ਗਿਆ । ਭੁੱਖ ਤੇ ਤਪਸ਼ ਨਾਲ ਬੱਚੇ ਵਿਲਕਣ ਲੱਗੇ । ਪਿੰਡ ਵਾਲਿਆਂ ਨੂੰ ਪਤਾ ਲੱਗ ਗਿਆ ਕਿ ਸਿੰਘਣੀਆਂ ਖੇਤਾਂ ਵਿਚ ਲੁਕੀਆਂ ਹੋਈਆਂ ਹਨ । ਏਨੇ ਵਿਚ ਸਿਪਾਹੀਆਂ ਨੇ ਖੇਤਾਂ ਨੂੰ ਘੇਰਾ ਪਾ ਲਿਆ । ਗੱਲ ਸਿੰਘਣੀਆਂ ਦੀ ਹੁੰਦੀ ਤਾਂ ਉਹ ਕੱਟ ਮਰਦੀਆਂ ਪਰ ਉਹ ਮਾਸੂਮ ਬੱਚਿਆਂ ਦਾ ਕੀ ਕਰਨ ? ਅਖ਼ੀਰ ਬਘੇਲ ਕੌਰ ਨੇ ਭਾਂਪ ਲਿਆ ਕਿ ਹੁਣ ਦੋ ਹੱਥ ਕਰਨੇ ਹੀ ਪੈਣਗੇ । ਸੋ ਉਹਨੇ ਲਲਕਾਰਾ ਮਾਰਿਆ "ਭੈਣੋਂ ਤਲਵਾਰਾਂ ਸੂਤ ਲਓ ।" ਪੰਜ-ਸੰਤ ਸਿੰਘਣੀਆਂ ਉਹ ਸਨ ਜਿਨ੍ਹਾਂ ਦੇ ਬੱਚੇ ਨਹੀਂ ਸਨ । ਬਘੇਲ ਕੌਰ ਵੀ ਉਨ੍ਹਾਂ ਵਿਚੋਂ ਇਕ ਸੀ । ਇਨ੍ਹਾਂ ਨੇ ਬੱਚਿਆਂ ਦੀਆਂ ਤੇ ਉਨ੍ਹਾਂ ਦੀਆਂ ਮਾਵਾਂ ਦੀ ਰੱਖਿਆ ਲਈ ਜੈਕਾਰਾ ਗਜਾਇਆ । ਪੰਜ ਸਿਪਾਹੀ ਅੱਗੇ ਹੋਏ ਜਿਨ੍ਹਾਂ ਦੇ ਸਿਰ ਪਲਾਂ ਵਿਚ ਧੜ ਤੋਂ ਜੁਦਾ ਕਰ ਦਿੱਤੇ ਗਏ । ਹੁਣ ਦਸ ਜੁਆਨ ਅੱਗੇ ਆਏ । ਚੰਡੀ ਬਣੀ ਬਘੇਲ ਕੌਰ ਕਿਰਪਾਨ ਵਾਹੀ ਜਾ ਰਹੀ ਸੀ । ਉਨ੍ਹਾਂ ਵਿਚੋਂ ਕਿਸੇ ਦੀ ਬਾਂਹ ਕੱਟੀ ਗਈ, ਕਿਸੇ ਦਾ ਮੋਢਾ, ਕਿਸੇ ਦੀ ਲੱਤ ਤੇ ਪੰਜ-ਸੱਤ ਫਿਰ ਮਰ ਗਏ । ਹੁਣ ਰੋਹ ਵਿਚ ਆ ਕੇ ਸਾਰੇ ਸਿਪਾਹੀ ਇਕੱਠੇ ਹੀ ਆਣ ਪਏ । ਕਚੀਚੀ ਵੱਟੀ ਬਘੇਲ ਕੌਰ ਪੂਰੇ ਜ਼ੋਰ ਨਾਲ ਲੜ ਰਹੀ ਸੀ । ਉਸ ਨੇ ਬਹੁਤ ਸਾਰੇ ਸਿਪਾਹੀ ਜ਼ਖ਼ਮੀ ਕੀਤੇ ਪਰ ਅਚਾਨਕ ਇਕ ਬਰਛਾ ਉਸ ਦੀ ਸੱਜੀ ਬਾਂਹ ਵਿਚ ਡੂੰਘਾ ਜ਼ਖ਼ਮ ਕਰ ਗਿਆ । ਲਹੂ ਧਾਰ ਬਣ ਕੇ ਵਗਣ ਲੱਗ ਪਿਆ । ਦੂਜੇ ਸਿਪਾਹੀ ਨੇ ਅੱਗੇ ਵਧ ਕੇ ਉਸ ਦੇ ਕਮਰਕੱਸੇ ਵਿਚੋਂ ਕਟਾਰ ਖਿੱਚ ਲਈ ਲਈ । ਹੁਣ ਉਹ ਬਿਨਾਂ ਹਥਿਆਰ ਹੋ ਗਈ । ਉਸ ਦਾ ਵਗਦਾ ਖ਼ੂਨ ਕਿਸ ਨੇ ਬੰਨ੍ਹਣਾ ਸੀ । ਬਘੇਲ ਕੌਰ ਨੂੰ ਨਿਢਾਲ ਵੇਖ ਕੇ ਬੱਚਿਆਂ ਦੀਆਂ ਮਾਵਾਂ ਘਬਰਾ ਗਈਆਂ । ਬਘੇਲ ਕੌਰ ਦੇ ਹੱਥ ਪਿੱਛੇ ਬੰਨ੍ਹ ਦਿੱਤੇ ਗਏ । ਬਾਂਹ ਦਾ ਖ਼ੂਨ ਨਾੜ ਦੇ ਦੱਬ ਜਾਣ ਨਾਲ ਆਪੇ ਹੀ ਵਗਣੋਂ ਬੰਦ ਹੋ ਗਿਆ । ਸਿਪਾਹੀਆਂ ਨੇ ਮਾਰ-ਮਾਰ ਕੇ ਔਰਤਾਂ ਤੇ ਮਾਸੂਮ ਬੱਚਿਆਂ ਨੂੰ ਘੇਰੇ ਵਿਚ ਲੈ ਕੇ ਤੋਰਨਾ ਸ਼ੁਰੂ ਕਰ ਦਿੱਤਾ । ਵੇਖੋ ਰੱਬ ਦਾ ਭਾਣਾ, ਨਿਰਦੋਸ਼ ਔਰਤਾਂ ਤੇ ਬੱਚੇ ਜ਼ੁਲਮ ਦੀ ਮਾਰ ਹੇਠ ਤੁਰੇ ਜਾ ਰਹੇ ਸਨ ।

ਇਸੇ ਤਰ੍ਹਾਂ ਪੰਜਾਬ ਦੇ ਬਾਕੀ ਪਿੰਡਾਂ ਤੇ ਸ਼ਹਿਰਾਂ ਤੋਂ ਲਗਭਗ ਪੰਜ ਸੌ ਸਿੰਘਣੀਆਂ ਇਕੱਠੀਆਂ ਹੋ ਗਈਆਂ । ਪਹਿਲੇ ਇਹ ਕੈਂਪ ਮੁਲਾਪੁਰ ਲਗਾਇਆ ਗਿਆ ਤੇ ਫਿਰ ਇਨ੍ਹਾਂ ਨੂੰ ਲਾਹੌਰ ਵਿਚ ਲਿਆਂਦਾ ਗਿਆ । ਅੱਜਕਲ੍ਹ ਮੀਰ ਮੰਨੂ ਦੀ ਫ਼ੌਜ ਦੇ ਕੋਈ 30 ਹਜ਼ਾਰ ਸਿਪਾਹੀ ਇਸ ਕੰਮ ਉੱਪਰ ਲੱਗੇ ਹੋਏ ਸਨ । ਨਵਾਬ ਕਪੂਰ ਸਿੰਘ ਨੇ ਕਾਹਨੂੰਵਾਨ ਦੇ ਛੰਭ ਤੋਂ ਸਿੰਘਾਂ ਦੇ ਪੰਜ-ਛੇ ਜੱਥੇ ਸਿੰਘਣੀਆਂ ਦੀ ਮਦਦ ਲਈ ਭੇਜੇ ਪਰ ਉਨ੍ਹਾਂ ਦਾ ਕੋਈ ਦਾਅ ਨਹੀਂ ਸੀ ਲੱਗ ਰਿਹਾ ।

5

ਮੌਤ ਜਦੋਂ ਆਉਂਦੀ ਹੈ ਤਾਂ ਬੰਦਾ ਆਪ ਹੀ ਉਸ ਦੇ ਘੇਰੇ ਵਿਚ ਆ ਜਾਂਦਾ ਹੈ। ਅੱਜ ਮੀਰ ਮੰਨੂ ਦੀ ਮੌਤ ਉਸ ਨੂੰ ਲਾਹੌਰ ਦੇ ਕੈਂਪ ਵਿਚ ਲੈ ਆਈ। ਉਸ ਨਾਲ 500 ਸਵਾਰਾਂ ਦਾ ਫੌਜੀ ਦਸਤਾ ਵੀ ਸੀ। ਇਸ ਤੋਂ ਇਲਾਵਾ ਕਈ ਅਮੀਰ, ਵਜ਼ੀਰ ਤੇ ਮੌਲਵੀ ਵੀ ਸਨ। ਉਸ ਨੇ ਭੋਰੇ ਵਿਚ ਬੰਦ ਕੀਤੀਆਂ ਇਸਤਰੀਆਂ ਨੂੰ ਬਾਹਰ ਕਢਵਾਇਆ। ਇਨ੍ਹਾਂ ਦੇ ਹੱਥ ਚੱਕੀਆਂ ਪੀਹ-ਪੀਹ ਕੇ ਛਾਲੇ-ਛਾਲੇ ਹੋਏ ਪਏ ਸਨ। ਪਿੰਡੇ ਕੋਰੜਿਆਂ ਦੀ ਮਾਰ ਨਾਲ ਨੀਲੋ-ਨੀਲ ਸਨ। ਇਕ ਇਸਤਰੀ ਨੂੰ ਸਵਾ ਮਣ ਦਾਣੇ ਪੀਸਣ ਲਈ ਦਿੱਤੇ ਜਾਂਦੇ ਜੋ ਉਸ ਨੇ ਪੀਹ ਕੇ ਆਟਾ ਬਣਾਉਣਾ ਹੁੰਦਾ ਸੀ। ਪੂਰਾ ਨਾ ਪੀਹਣ ਉਤੇ ਉਸ ਨੂੰ ਬੰਨ੍ਹ ਕੇ ਕੋਰੜਿਆਂ ਨਾਲ ਕੁੱਟਿਆ ਜਾਂਦਾ ਸੀ। ਕੰਮ ਅਤੇ ਕੁੱਟ ਖਾ ਕੇ ਇਹ ਬੇਹਾਲ ਹੋਈਆਂ ਪਈਆਂ ਸਨ। ਰੰਗ ਪੀਲੇ ਜ਼ਰਦ। ਕਈ-ਕਈ ਦਿਨਾਂ ਤੋਂ ਮੂੰਹ ਨਹੀਂ ਸਨ ਧੋਤੇ। ਬੜੀ ਮੁਸ਼ਕਿਲ ਨਾਲ ਪੀਣ ਦਾ ਪਾਣੀ ਮਿਲਦਾ ਸੀ। ਭਾਵੇਂ ਇਹ ਦੁੱਖ ਦੇ ਕਾਰਣ ਨਪੀੜੀਆਂ ਪਈਆਂ ਸਨ ਪਰ ਅੱਖਾਂ ਵਿਚ ਅਣਖ ਦੀ ਚਮਕ ਉਸੇ ਤਰ੍ਹਾਂ ਕਾਇਮ ਸੀ। ਇਨ੍ਹਾਂ ਇਸਤਰੀਆਂ ਦਾ ਇਕ ਹੱਥ ਬੰਨ੍ਹਿਆ ਹੋਇਆ ਸੀ ਤੇ ਇਕ ਹੱਥ ਨਾਲ ਉਨ੍ਹਾਂ ਨੇ ਬੱਚਾ ਚੁੱਕਿਆ ਹੋਇਆ ਸੀ। ਇਨ੍ਹਾਂ ਨੂੰ ਮੀਰ ਮੰਨੂ ਦੇ ਸਾਹਮਣੇ ਲਿਆ ਕੇ ਬਿਠਾ ਦਿੱਤਾ ਗਿਆ। ਮੀਰ ਮੰਨੂ ਦੀ ਹਬਸ਼ੀ ਅੱਖ ਇਨ੍ਹਾਂ ਸਿੰਘਣੀਆਂ ਦੇ ਮੁਰਝਾਏ ਚਿਹਰਿਆਂ 'ਤੇ ਪੈ ਰਹੀ ਸੀ। ਉਹ ਸੋਚ ਰਿਹਾ ਸੀ ਕਮਾਲ ਦੀਆਂ ਰੂਪਵਤੀਆਂ ਹਨ ਇਹ ਇਸਤਰੀਆਂ ਪਰ ਪਤਾ ਨਹੀਂ ਫਿਰ ਸੁੱਖ ਦੇ ਰਾਹ ਕਿਉਂ ਨਹੀਂ ਕਬੂਲਦੀਆਂ ? ਅਚਾਨਕ ਉਹ ਸਿੰਘਣੀਆਂ ਨੂੰ ਸੰਬੋਧਨ ਕਰ ਕੇ ਬੋਲਿਆ, "ਸਿੰਘਣੀਓ, ਕੀ ਗੱਲ ਏ ? ਤੁਸੀਂ ਹੱਠ ਕਿਉਂ ਨਹੀਂ ਛੱਡਦੀਆਂ ?" "ਇਹ ਹੱਠ ਨਹੀਂ, ਸਾਡਾ ਧਰਮ ਏ ਜੋ ਸਾਨੂੰ ਜਾਨ ਨਾਲੋਂ ਵੀ ਵੱਧ ਪਿਆਰਾ ਏ। ਇਹਨੂੰ ਕਿਵੇਂ ਛੱਡੀਏ ?" ਬਘੇਲ ਕੌਰ ਨੇ ਨਿਡਰਤਾ ਨਾਲ ਮੱਥੇ ਉਤੇ ਤਿਊੜੀਆਂ ਪਾ ਕੇ ਕਿਹਾ।

"ਤੁਸੀਂ ਮੂਰਖ ਹੋ, ਇਸਲਾਮ ਵੀ ਤਾਂ ਇਕ ਧਰਮ ਹੈ" ਮੀਰ ਮੰਨੂ ਨੇ ਵਿਅੰਗ ਨਾਲ ਕਿਹਾ। "ਜਦ ਇਸਲਾਮ ਵੀ ਧਰਮ ਹੈ ਤੇ ਸਿੱਖੀ ਵੀ ਧਰਮ ਹੈ ਤਾਂ ਇਕ ਨੂੰ ਛੱਡ ਕੇ ਦੂਜੇ ਨੂੰ ਕਿਉਂ ਅਪਣਾਈਏ ?" ਬਘੇਲ ਕੌਰ ਨੇ ਰੋਹ ਨਾਲ ਕਿਹਾ। ਕੋਲੋਂ ਮੌਲਵੀ ਬੋਲ ਪਿਆ, "ਇਸਲਾਮ ਸਭ ਤੋਂ ਉੱਚਾ ਧਰਮ ਏ।" "ਖ਼ੁਦਾ ਨੇ ਸਭ ਧਰਮਾਂ ਨੂੰ ਰੱਬ ਦੀ ਬੰਦਗੀ ਕਰਨ ਦਾ ਹੱਕ ਬਰਾਬਰ ਹੀ ਦਿੱਤਾ ਹੈ। ਹਰ ਕੌਮ ਰੱਬ ਦੀ ਇਬਾਦਤ ਆਪਣੇ ਤਰੀਕੇ ਨਾਲ ਕਰਦੀ ਹੈ। ਸਾਨੂੰ ਵੀ ਰੱਬ ਦੀ ਪੂਜਾ ਆਪਣੇ ਢੰਗ ਨਾਲ ਕਰਨ ਦਾ ਹੱਕ ਹੈ। ਤੁਸੀਂ ਸਾਥੋਂ ਬੁਨਿਆਦੀ ਹੱਕ ਕਿਉਂ ਖੋਂਹਦੇ ਹੋ ?" ਬਘੇਲ ਕੌਰ ਨੇ ਭਵਾਂ ਚੜ੍ਹਾਉਂਦਿਆਂ ਕਿਹਾ। "ਉਹ ਇਸ ਲਈ ਕਿ ਤੁਸੀਂ ਖ਼ੁਦਾ ਕੀ ਦਰਗਾਹ ਵਿਚ ਕਬੂਲ ਹੋ ਜਾਉ", ਮੌਲਵੀ ਨੇ ਮੋੜਵਾਂ ਉੱਤਰ ਦਿੱਤਾ। "ਜਿਸ ਖ਼ੁਦਾਪ੍ਰਸਤੀ ਤੇ ਧਰਮ ਦੀ ਕੱਟੜਤਾ ਨੇ ਤੁਹਾਨੂੰ ਇੰਨਾ ਜ਼ੁਲਮੀ ਬਣਾਇਆ ਹੈ, ਤੁਸੀਂ ਤਾਂ ਜ਼ਰੂਰ ਹੀ ਖ਼ੁਦਾ ਦੀ ਦਰਗਾਹ ਵਿਚ ਕਬੂਲ ਹੋ ਜਾਉਗੇ ?" ਆਖਦਿਆਂ ਬਘੇਲ ਕੌਰ ਨੇ ਸਿੰਘਣੀਆਂ ਵੱਲ ਇੰਜ ਤੱਕਿਆ ਕਿ ਉਹ ਸਾਰੀਆਂ ਹੀ ਮਖ਼ੌਲ ਦੇ ਲਹਿਜ਼ੇ ਵਿਚ ਹੱਸ ਪਈਆਂ।

ਜ਼ਾਲਮ ਝੂਠਾ ਹੋਣ ਦੇ ਬਾਵਜੂਦ ਵੀ ਕਦੀ ਹਾਰ ਨਹੀਂ ਮੰਨਦਾ। ਔਰਤਾਂ ਨੂੰ ਗਰਜ ਕੇ ਕਹਿਣ ਲੱਗਾ, "ਤੁਹਾਨੂੰ ਸ਼ਰਮ ਨਹੀਂ ਆਉਂਦੀ ਇੰਜ ਦੂਜੇ ਦੇ ਮਜ਼ਹਬ ਦਾ ਮਖ਼ੌਲ

ਉਡਾਂਦਿਆਂ ?" ਹੁਣ ਬਘੇਲ ਕੌਰ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ, ਕੜਕ ਕੇ ਬੋਲੀ, "ਸ਼ਰਮ ਤਾਂ ਤੁਹਾਨੂੰ ਆਉਣੀ ਚਾਹੀਦੀ ਏ, ਤੁਸੀਂ ਕਸਾਈਆਂ ਵਾਂਗ ਨਿਰਦੋਸ਼ ਬੱਚਿਆਂ ਤੇ ਔਰਤਾਂ ਨੂੰ ਮਾਰਦੇ ਹੋ। ਜ਼ਬਰਨ ਮੁਸਲਮਾਨ ਬਣਾਂਦੇ ਹੋ। ਕਮਾਲ ਹੈ ਤੁਹਾਡਾ ਮਜ਼ਹਬ ਤੇ ਖ਼ੂਬ ਹੈ ਤੁਹਾਡਾ ਖ਼ੁਦਾ, ਜੋ ਤੁਹਾਡੇ ਮਨ ਵਿਚ ਜ਼ਰਾ ਵੀ ਰਹਿਮ ਨਹੀਂ ਪਾਉਂਦਾ।" ਅਜੇ ਬਘੇਲ ਕੌਰ ਬੋਲ ਹੀ ਰਹੀ ਸੀ ਕਿ ਇਕ ਬੱਚਾ ਉੱਚੀ ਸਾਰੀ ਰੋ ਪਿਆ। ਬਸ ਮੀਰ ਮੰਨੂ ਗੁੱਸੇ ਵਿਚ ਭੜਕ ਕੇ ਬੋਲਿਆ, "ਇਨ੍ਹਾਂ ਸਾਰੀਆਂ ਕੋਲੋਂ ਇਨ੍ਹਾਂ ਦੇ ਬੱਚੇ ਖੋਹ ਲਵੋ।" ਕਹਿਣ ਦੀ ਢਿੱਲ ਸੀ ਕਿ ਰੋਂਦੇ-ਚਿਲਾਉਂਦੇ ਬੱਚੇ ਰਾਖਸ਼ਾਂ ਨੇ ਖਿੱਚ-ਧੂਹ ਲਏ। "ਇਨ੍ਹਾਂ ਬੱਚਿਆਂ ਨੂੰ ਹੁਣੇ ਮੇਰੇ ਸਾਹਮਣੇ ਨੇਜ਼ਿਆਂ ਨਾਲ ਵਿੰਨ੍ਹੋ", ਮੀਰ ਮੰਨੂ ਦਾ ਦੂਜਾ ਹੁਕਮ ਸੀ। ਪਲਾਂ ਵਿਚ ਜੱਲਾਦ ਆ ਗਏ। ਦੁੱਧ ਪੀਂਦੇ ਨਿਰਦੋਸ਼ ਬਾਲਾਂ ਨੂੰ ਉਤਾਂਹ ਉਛਾਲ ਕੇ ਨੇਜ਼ੇ ਉਤੇ ਬੋਚ ਲੈਂਦੇ। ਇਕ ਦਿਲ-ਚੀਰਵੀਂ ਚੀਕ ਸੁਣਾਈ ਦੇਂਦੀ ਤੇ ਦਮ ਤੋੜਦੇ ਬੱਚੇ ਮਾਵਾਂ ਦੀ ਝੋਲੀ ਵਿਚ ਵਗਾਹ ਕੇ ਸੁੱਟੇ ਜਾਂਦੇ। ਕੁਝ ਹੀ ਮਿੰਟਾਂ ਵਿਚ ਸੈਂਕੜੇ ਬੱਚੇ ਨੇਜ਼ਿਆਂ ਵਿਚ ਪਰੋ ਦਿੱਤੇ ਗਏ। ਮਾਵਾਂ ਆਪਣੇ ਮਾਸੂਮਾਂ ਦਾ ਇਹ ਹਾਲ ਵੇਖ ਕੇ ਉੱਚੀ ਨਹੀਂ ਰੋਈਆਂ। "ਧੰਨ ਵਾਹਿਗੁਰੂ, ਤੇਰਾ ਭਾਣਾ" ਅੱਖਾਂ ਬੰਦ ਕਰ ਕੇ ਅਰਦਾਸ ਲਈ ਹੱਥ ਜੋੜਨ ਲੱਗ ਪਈਆਂ। ਬਘੇਲ ਕੌਰ ਹੱਥ ਜੋੜ ਕੇ ਉੱਚੀ-ਉੱਚੀ ਆਖਣ ਲੱਗੀ, "ਹੇ ਪਿਤਾ, ਤੇਰੇ ਭਾਣੇ ਵਿਚ ਇਹ ਨਿੱਕੇ-ਨਿੱਕੇ ਬਾਲ ਤੇਰੀ ਦਰਗਾਹ ਵਲ ਆ ਰਹੇ ਹਨ, ਆਪ ਰਹਿਮ ਕਰੀਂ। ਆਪਣੇ ਦਰਬਾਰ ਵਿਚ ਨਿਵਾਸ ਬਖ਼ਸ਼ੀਂ। ਧੰਨ ਵਾਹਿਗੁਰੂ ! ਬਖ਼ਸ਼ ਗੁਰੂ, ਬਖ਼ਸ਼" ਕਹਿ ਕੇ ਉਹ ਅਰਦਾਸ ਕਰ ਹੀ ਰਹੀ ਸੀ ਕਿ ਮੀਰ ਮੰਨੂ ਨੇ ਇਨ੍ਹਾਂ ਇਸਤਰੀਆਂ ਨੂੰ ਵਿਆਕੁਲ ਕਰਨ ਲਈ ਤੀਸਰਾ ਹੁਕਮ ਦਿੱਤਾ, "ਇਨ੍ਹਾਂ ਬੱਚਿਆਂ ਦੇ ਹਾਰ ਪਰੋ ਕੇ ਇਨ੍ਹਾਂ ਦੇ ਗਲ਼ਾਂ ਵਿਚ ਪਾਉ।" ਭੁੱਖੇ ਬਘਿਆੜਾਂ ਵਾਂਗ ਜੱਲਾਦ ਝਪਟ-ਝਪਟ ਕੇ ਪੁੱਛਣ ਲੱਗੇ "ਇਹ ਤੇਰਾ ਬਾਲ ਹੈ ? ਇਹ ਤੇਰਾ ਬਾਲ ਹੈ ?" ਮਾਵਾਂ ਦੇ ਗਲ਼ਾਂ ਵਿਚ ਬੱਚਿਆਂ ਦੀਆਂ ਬੋਟੀਆਂ ਦੇ ਹਾਰ ਪਰੋ ਕੇ ਪਾਏ ਗਏ। ਰਹਿੰਦਾ ਜਿਸਮ ਮਾਵਾਂ ਦੀਆਂ ਝੋਲੀਆਂ ਵਿਚ ਪਾਇਆ ਜਾ ਰਿਹਾ ਸੀ। ਬਾਲਾਂ ਦੇ ਕਲੇਜੇ ਕੱਢ ਕੇ ਮਾਵਾਂ ਦੇ ਮੂੰਹਾਂ ਵਿਚ ਠੂਸੇ ਜਾ ਰਹੇ ਸਨ। ਅਜੀਬ ਕਹਿਰੀ ਫ਼ਿਜ਼ਾ ਸੀ।

6

ਸਾਰਾ ਵਾਤਾਵਰਣ ਖ਼ੂਨ ਨਾਲ ਲਾਲੋ-ਲਾਲ ਹੋ ਗਿਆ। ਲਹੂ ਹੀ ਲਹੂ, ਮਿੱਝ ਹੀ ਮਿੱਝ ਹੀ ਸਭ ਪਾਸੇ ਖਿੱਲਰ ਗਈ। ਉਪਰੋਂ ਅਸਮਾਨ ਲਾਲ ਗਰਦੇ ਨਾਲ ਭਰ ਗਿਆ। ਇੱਲ ਤੇ ਗਿੱਧਾਂ ਆ ਕੇ ਬੋਟੀਆਂ ਨੋਚਣ ਲੱਗ ਪਈਆਂ। ਮੀਰ ਮੰਨੂ ਨੇ ਇਹ ਸਾਰਾ ਨਜ਼ਾਰਾ ਆਪਣੀ ਅੱਖੀਂ ਵੇਖਿਆ। ਉਹ ਆਪ ਵੀ ਖ਼ੂਨੀ ਨਜ਼ਾਰੇ ਨੂੰ ਵੇਖ ਕੇ ਘਬਰਾ ਗਿਆ। ਉਥੋਂ ਉੱਠ ਖਲੋਤਾ ਤੇ ਇਕੱਲਾ ਹੀ ਘੋੜੇ ਉਤੇ ਚੜ੍ਹ ਕੇ ਜੰਗਲ ਵੱਲ ਚਲਾ ਗਿਆ। ਘੋੜੇ ਨੂੰ ਸਹਿਜ-ਸੁਭਾਅ ਹੀ ਉਸ ਦੀ ਅੱਡੀ ਲੱਗ ਗਈ ਤੇ ਘੋੜਾ ਤੇਜ਼ ਚਾਲ ਨਾਲ ਦੌੜਨ ਲੱਗ ਪਿਆ ਤੇ ਉਹਨੂੰ ਸੰਭਲਣ ਦਾ ਵਕਤ ਹੀ ਨਾ ਮਿਲਿਆ ਤੇ ਉਹ ਉਛਲ ਕੇ ਡਿੱਗ ਪਿਆ। ਜ਼ਮੀਨ ਉਤੇ ਸਿੱਧਾ ਡਿੱਗਣ ਦੀ ਬਜਾਏ ਉਸ ਦਾ ਪੈਰ ਘੋੜੇ ਦੀ ਰਕਾਬ ਵਿਚ ਫਸ ਗਿਆ। ਉਸ ਦਾ ਸਰੀਰ ਥੱਲੇ ਲਟਕ ਗਿਆ। ਦਰਦ ਨਾਲ ਉਹਦੀਆਂ ਚੀਕਾਂ ਨਿਕਲ ਗਈਆਂ। ਘੋੜਾ ਚੀਕਾਂ ਸੁਣ ਕੇ ਡਰ ਗਿਆ ਤੇ ਹੋਰ ਤੇਜ਼ ਦੌੜਨ ਲੱਗ ਪਿਆ। ਘੋੜਾ

ਹੁਣ ਵਾਹੋਦਾਹੀ ਜੰਗਲ ਵਿਚ ਭੱਜਿਆ ਗਿਆ, ਭੱਜਿਆ ਗਿਆ, ਮੀਰ ਮੰਨੂ ਦੀ ਭਾਰੀ ਦੇਹ ਉਸ ਦੇ ਆਪਣੇ ਹੀ ਘੋੜੇ ਨਾਲ ਥਿਰਕਦੀ-ਥਿਰਕਦੀ ਟੁੱਟ-ਭੱਜ ਗਈ। ਉਸ ਦੀ ਗਰਦਨ ਟੁੱਟ ਕੇ ਲੁੜ੍ਹਕ ਗਈ। ਨੱਕ ਵਿਚ ਧੱਸ ਗਿਆ ਤੇ ਕੋਈ ਵੀ ਉਹਨੂੰ ਪਛਾਣ ਨਹੀਂ ਸੀ ਸਕਦਾ। ਵੇਖੋ, ਰੱਬ ਦਾ ਭਾਣਾ! ਪਾਪ ਕਰਨ ਵਾਲਾ ਪਾਪੀ ਆਪ ਵੀ ਬੁਰੀ ਮੌਤੇ ਮਰਿਆ। ਸਿਪਾਹੀਆਂ, ਰਿਸ਼ਤੇਦਾਰਾਂ ਨੂੰ ਤਦ ਹੀ ਪਤਾ ਲੱਗਾ ਜਦੋਂ ਘੋੜਾ ਮੀਰ ਮੰਨੂ ਦੀ ਲੁੜ੍ਹਕਦੀ ਦੇਹ ਸਮੇਤ ਲਾਹੌਰ ਕਿਲ੍ਹੇ ਦੇ ਬੂਹੇ ਉਤੇ ਚੁੱਪਚਾਪ ਆਣ ਖਲੋਤਾ।

ਮੀਰ ਮੰਨੂ ਦੇ ਮਰਦਿਆਂ ਹੀ ਲਾਹੌਰ ਵਿਚ ਆਪਾਧਾਪੀ ਪੈ ਗਈ। ਸਿੰਘਾਂ ਦੇ ਜੱਥੇ ਜੋ ਹਰ ਵੇਲੇ ਇਸੇ ਤਾੜ ਵਿਚ ਰਹਿੰਦੇ ਸਨ, ਕਿਵੇਂ ਸਿੰਘਣੀਆਂ ਦੀ ਸਹਾਇਤਾ ਕੀਤੀ ਜਾਵੇ? ਮੀਰ ਮੰਨੂ ਦੀ ਮੌਤ ਦੀ ਖ਼ਬਰ ਸੁਣ ਕੇ ਕੈਂਪ ਉਤੇ ਝਪਟ ਪਏ। ਆਪਣੀ ਵਿੱਤ ਤੋਂ ਅਨੁਸਾਰ ਵੱਧ ਤੋਂ ਵੱਧ ਸਿੰਘਣੀਆਂ ਨੂੰ ਛੁਡਾ ਕੇ ਲੈ ਗਏ। ਸਿੰਘਣੀਆਂ ਵਧੇਰੇ ਕਰ ਕੇ ਜ਼ਖ਼ਮੀ ਤੇ ਕਮਜ਼ੋਰ ਸਨ। ਬਘੇਲ ਕੌਰ ਵੀ ਬਚ ਗਈ ਸੀ। ਰਵਾਂ-ਰਵੀਂ ਸਿੰਘਾਂ ਨੇ ਸਿੰਘਣੀਆਂ ਨੂੰ ਘੋੜਿਆਂ ਉਤੇ ਬਿਠਾ ਕੇ ਕਾਹਨੂੰਵਾਨ ਦੇ ਛੰਭ ਪੁਚਾ ਦਿੱਤਾ। ਸਿੰਘਣੀਆਂ ਦੀ ਤੀਮਾਰਦਾਰੀ ਸ਼ੁਰੂ ਹੋ ਗਈ। ਕਦੀ-ਕਦੀ ਬਘੇਲ ਕੌਰ ਲਾਹੌਰ ਦੇ ਕੈਂਪ ਦੇ ਹਾਲ ਸੁਣਾਉਂਦੀ ਤਾਂ ਸਿੰਘਾਂ ਦੇ ਗੱਚ ਭਰ ਆਉਂਦੇ। ਕਦੇ ਰੋਹ ਵਿਚ ਆ ਕੇ ਮੁੱਕੀਆਂ ਵੱਟਣ ਲੱਗ ਪੈਂਦੇ। ਮਾਸੂਮ ਬਾਲਾਂ ਦੇ ਦੁੱਖ ਦਾ ਹਾਲ ਦਿਲ ਕੰਬਾਉਣ ਵਾਲਾ ਸੀ। ਸਿੰਘ ਬਾਰ-ਬਾਰ ਕਹਿੰਦੇ ਮੁਗ਼ਲ ਪਠਾਣਾਂ ਦਾ ਰਾਜ ਹੁਣ ਮੁੱਕ ਕੇ ਰਹੇਗਾ।

ਮੀਰ ਮੰਨੂ ਦਾ ਸਭ ਤੋਂ ਵੱਡਾ ਸੈਨਾਪਤੀ ਮੀਰ ਮੋਮਨ ਸੀ। ਭਾਵੇਂ ਮੀਰ ਮੰਨੂ ਮਰ ਗਿਆ ਸੀ ਪਰ ਮੀਰ ਮੋਮਨ ਨੇ ਸਿੱਖਾਂ ਨਾਲ ਵੈਰ ਕਰਨਾ ਨਹੀਂ ਸੀ ਛੱਡਿਆ। ਹੁਣ ਸਿੰਘ ਵੀ ਹਰ ਵੇਲੇ ਲੜਾਈ ਲਈ ਤਿਆਰ ਹੀ ਰਹਿੰਦੇ ਸਨ। ਬਘੇਲ ਕੌਰ ਵੀ ਕੁਝ ਦਿਨਾਂ ਦੀ ਸੇਵਾ ਕਰਾਉਣ ਦੇ ਬਾਅਦ ਰਾਜ਼ੀ ਹੋ ਗਈ ਤੇ ਹਰ ਵੇਲੇ ਸਿੰਘਣੀਆਂ ਦੇ ਦਲ ਨਾਲ ਤਿਆਰ-ਬਰ-ਤਿਆਰ ਰਹਿੰਦੀ।

ਮੀਰ ਮੰਨੂ ਦੇ ਮਰਦਿਆਂ ਹੀ ਪੰਜਾਬ ਵਿਚ ਹਫੜਾ-ਦਫੜੀ ਮੱਚ ਗਈ ਸੀ ਤੇ ਮੀਰ ਮੋਮਨ ਫਿਰ ਸਿੱਖਾਂ ਨਾਲ ਉਲਝ ਪਿਆ ਸੀ। ਇਕ ਦਿਨ ਸਿੰਘਣੀਆਂ ਦੇ ਦਲ ਸਮੇਤ ਬਘੇਲ ਕੌਰ ਦਾ ਟਾਕਰਾ ਫ਼ੌਜੀਆਂ ਦੇ ਇਕ ਦਸਤੇ ਨਾਲ ਹੋ ਗਿਆ। ਸਿੰਘਣੀਆਂ ਸ਼ੇਰਨੀਆਂ ਬਣ ਗਈਆਂ। ਉਨ੍ਹਾਂ ਨੇ ਕਈਆਂ ਦੇ ਹਥਿਆਰ ਖੋਹ ਲਏ। ਡਟ ਕੇ ਮੁਕਾਬਲਾ ਕੀਤਾ। ਲੜਾਈ ਵਿਚ ਬਘੇਲ ਕੌਰ ਨੂੰ ਕਈ ਡੂੰਘੇ ਜ਼ਖ਼ਮ ਲੱਗੇ। ਉਸ ਦਾ ਖ਼ੂਨ ਵਗਣ ਲੱਗਾ। ਪਰ ਬਹਾਦਰ ਬਘੇਲ ਕੌਰ ਓਨੀ ਦੇਰ ਤਕ ਲੜਦੀ ਰਹੀ ਜਿੰਨੀ ਦੇਰ ਉਹ ਸ਼ਹੀਦ ਨਾ ਹੋ ਗਈ।

ਬਘੇਲ ਕੌਰ ਦੀ ਯਾਦ ਵਿਚ ਸਿੰਘਾਂ ਨੇ ਉਚੇਚਾ ਦੀਵਾਨ ਸਜਾਇਆ। ਬਘੇਲ ਕੌਰ ਦੀ ਬਹਾਦਰੀ ਦੇ ਕਾਰਨਾਮੇ ਸੁਣ-ਸੁਣ ਕੇ ਸਿੰਘਾਂ ਦੇ ਡੌਲੇ ਫਰਕਣ ਲੱਗ ਪੈਂਦੇ। ਬਘੇਲ ਕੌਰ ਦੀ ਹਿੰਮਤ, ਹੁਸ਼ਿਆਰੀ ਤੇ ਸਿਆਣਪ ਤੋਂ ਦੀਵਾਨ ਵਿਚ ਬੈਠੇ ਸਿੰਘਾਂ ਨੇ ਅਜਿਹੀ ਪ੍ਰੇਰਨਾ ਲਈ ਕਿ ਦੀਵਾਨ ਦੀ ਸਮਾਪਤੀ ਤੋਂ ਤੁਰੰਤ ਬਾਅਦ ਮੀਰ ਮੰਨੂ ਦੇ ਸੈਨਾਪਤੀ ਮੀਰ ਮੋਮਨ ਦਾ ਟਾਕਰਾ ਕਰਨ ਲਈ ਲਾਹੌਰ ਨੂੰ ਤੁਰ ਪਏ।

ਪੰਜਾਬ ਦੀਆਂ ਰਾਣੀਆਂ

'ਪੰਜਾਬ ਦੀਆਂ ਰਾਣੀਆਂ' ਉਸ ਰੀਝ ਨੂੰ ਸਮਰਪਿਤ ਹੈ ਜੋ ਪੰਜਾਬ ਦੇ ਖਾਲਸਾ ਰਾਜ ਦਾ ਬਿੰਬ ਇਕੋ ਨਜ਼ਰੇ ਵੇਖਣਾ ਚਾਹੁੰਦੀ ਹੈ। ਪੰਜਾਬ ਦੀਆਂ ਰਾਣੀਆਂ ਮਰਦਾਨੀਆਂ ਬਣ ਕੇ ਜੂਝਦੀਆਂ ਰਹੀਆਂ ਪਰ ਆਪਣੀ ਵਿਰਾਸਤ ਤੇ ਆਪਣੀ ਆਨ-ਸ਼ਾਨ ਨੂੰ ਬਰਕਰਾਰ ਰੱਖਿਆ। ਇਨ੍ਹਾਂ ਬੀਬੀਆਂ ਨੇ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਸਿਆਸਤ ਦੀ ਨੁਹਾਰ ਘੜਨ ਵਿਚ ਕਿਹੋ ਜਿਹੀ ਭੂਮਿਕਾ ਨਿਭਾਈ ? ਇਨ੍ਹਾਂ ਰਾਣੀਆਂ ਦੀ ਯਾਤਰਾ ਮਿਸਲਾਂ ਤੋਂ ਸ਼ੁਰੂ ਹੁੰਦੀ ਹੋਈ ਪਟਿਆਲਾ ਰਾਜ ਘਰਾਣੇ ਉੱਪਰ ਸਮਾਪਤ ਹੁੰਦੀ ਹੈ। ਰਾਣੀ ਸਦਾ ਕੌਰ, ਰਾਣੀ ਮਹਿਤਾਬ ਕੌਰ, ਰਾਣੀ ਚੰਦ ਕੌਰ, ਰਾਣੀ ਜਿੰਦਾ ਤੇ ਸ਼ਹਿਜ਼ਾਦੀ ਬੰਬਾ ਜ਼ਿੰਦਾ ਮਿਲ ਕੇ ਖਾਲਸਾ ਰਾਜ ਦੇ ਉਥੱਾਨ, ਉਸ ਦੀ ਚੜ੍ਹਤ, ਉਸ ਦੀ ਸਿਖਰ, ਉਸ ਦਾ ਨਿਘਾਰ ਤੇ ਉਸ ਦੀ ਸਮਾਪਤੀ ਨੂੰ ਇਕ ਕੜੀ ਵਾਂਗ ਪੇਸ਼ ਕਰਦੀਆਂ ਹਨ। ਇਕ ਤਲਿੱਸਮ ਭਰੀ ਸ਼ਾਨੋ-ਸ਼ੌਕਤ ਲਾਹੌਰ ਵਿਚ ਉਭੱਰੀ ਵੀ ਤੇ ਲਾਹੌਰ ਦੇ ਮਜ਼ਾਰ 'ਤੇ ਸਮਾਪਤ ਵੀ ਹੋ ਗਈ।

ਰਾਣੀ ਸਦਾ ਕੌਰ

ਰਾਣੀ ਸਦਾ ਕੌਰ ਸਿੱਖ ਇਤਿਹਾਸ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸੱਸ ਕਰ ਕੇ ਜਾਣੀ ਜਾਂਦੀ ਹੈ। ਸਦਾ ਕੌਰ ਦੇ ਪੇਕਿਆਂ ਬਾਰੇ ਇਕ-ਦੋ ਸੰਕੇਤ ਹੀ ਸਿੱਖ-ਇਤਿਹਾਸ ਵਿਚ ਮਿਲਦੇ ਹਨ। ਸਹੁਰਿਆਂ ਬਾਰੇ ਪ੍ਰਾਪਤ ਜਾਣਕਾਰੀ ਤੋਂ ਇੰਨਾ ਸੰਕੇਤ ਹੀ ਮਿਲਦਾ ਹੈ ਕਿ ਉਹ ਕਨ੍ਹਈਆ ਮਿਸਲ ਦੇ ਗੁਰਬਖਸ਼ ਸਿੰਘ ਦੀ ਪਤਨੀ ਸੀ। ਭਰ-ਜੁਆਨੀ ਵਿਚ ਉਸ ਦਾ ਪਤੀ ਜੱਸਾ ਸਿੰਘ ਰਾਮਗੜ੍ਹੀਆ ਦਾ ਟਾਕਰਾ ਕਰਦਾ-ਕਰਦਾ ਸ਼ਹੀਦ ਹੋ ਗਿਆ ਸੀ। ਉਦੋਂ ਸਿੱਖ ਸਰਦਾਰ ਆਪਣੀ ਤਾਕਤ ਵਧਾਉਣ ਲਈ ਇਕ ਦੂਜੇ ਉੱਪਰ ਹਮਲੇ ਕਰ ਦੇਂਦੇ ਸਨ ਤੇ ਜਿੱਤ ਜਾਣ ਦੀ ਸੂਰਤ ਵਿਚ ਹਾਰੇ ਹੋਏ ਸਰਦਾਰ ਦਾ ਇਲਾਕਾ ਆਪਣੇ ਰਾਜ ਵਿਚ ਮਿਲਾ ਲੈਂਦੇ ਸਨ। ਸਦਾ ਕੌਰ ਦਾ ਪਤੀ ਸ. ਗੁਰਬਖਸ਼ ਸਿੰਘ ਆਪਣੇ ਰਾਜ ਦੀ ਰੱਖਿਆ ਕਰਦਾ ਮਾਰਿਆ ਗਿਆ ਸੀ। ਸਦਾ ਕੌਰ ਦੀ ਇਕੋ-ਇਕ ਸੰਤਾਨ ਉਸ ਦੀ ਪੁੱਤਰੀ ਮਹਿਤਾਬ ਕੌਰ ਸੀ। ਮਹਿਤਾਬ ਅਜੇ ਗੁੱਡੀਆਂ-ਪਟੋਲੇ ਹੀ ਖੇਡਦੀ ਸੀ ਕਿ ਉਸ ਦੇ ਪਿਤਾ ਮਰ ਗਏ। ਪਤੀ ਦੀ ਮੌਤ ਸਦਾ ਕੌਰ ਦਾ ਸਭ ਕੁਝ ਲੁੱਟ ਕੇ ਗਈ। ਜਵਾਨੀ ਦੀ ਉਮਰੇ ਜਦੋਂ ਆਮ ਔਰਤ ਪਤੀ ਤੇ ਬੱਚਿਆਂ ਦੇ ਸੁਖ ਵਿਚ ਆਪਣਾ ਆਪ ਭੁੱਲ ਜਾਂਦੀ ਹੈ। ਠੀਕ ਉਸੇ ਉਮਰੇ ਸਦਾ ਕੌਰ ਨੇ ਐਸ਼ ਦਾ ਸਮਾਨ ਤਿਆਗ ਦਿੱਤਾ। ਹੀਰੇ-ਮੋਤੀਆਂ ਦੇ ਗਹਿਣੇ ਡੱਬਿਆਂ ਵਿਚ ਬੰਦ ਕਰ ਦਿੱਤੇ, ਹੱਥਾਂ ਦੀਆਂ ਛਾਪਾਂ, ਗੁੱਟ ਦੇ ਗੋਖੜੂ, ਚੂੜੀਆਂ, ਅੰਗੂਠੇ ਦੀ ਆਰਸੀ, ਪਹੁੰਚੀਆਂ (ਪੰਜੇਬਾਂ) ਉਸ ਦੀ ਜਵਾਨੀ ਵਲ ਝਾਕਦੀਆਂ ਰਹੀਆਂ ਪਰ ਫਿਰ ਉਸ ਨੇ ਇਨ੍ਹਾਂ ਨੂੰ ਕਦੀ

ਆਪਣੇ ਤਨ ਦਾ ਸ਼ਿੰਗਾਰ ਨਾ ਬਣਾਂਇਆ । ਮਹੀਨ ਰੇਸ਼ਮੀ ਕੱਪੜੇ, ਪਟ ਨਾਲ ਕੱਢੇ ਬਾਗ਼ ਜੋ ਉਸ ਕੋਲ ਢੇਰਾਂ ਦੇ ਢੇਰ ਸਨ, ਸਭ ਦੇ ਸਭ ਸੰਦੂਕਾਂ ਵਿਚ ਬੰਦ ਕਰ ਦਿੱਤੇ ਗਏ ਅਥਵਾ ਤਿਆਗ ਦਿੱਤੇ ਗਏ ।

ਹੁਣ ਸਦਾ ਕੌਰ ਮੋਟੇ ਸਾਧਾਰਣ ਖੱਦਰ ਦੇ ਕੱਪੜੇ ਪਾਉਣ ਲੱਗ ਪਈ । ਘੁਟਵੇਂ ਪਹੁੰਚਿਆਂ ਵਾਲੀ ਸਲਵਾਰ ਤੇ ਕਲੀਆਂ ਵਾਲਾ ਕਮੀਜ਼ ਉਸ ਦਾ ਲਿਬਾਸ ਬਣ ਗਿਆ । ਉਹ ਲੱਕ ਉਤੇ ਕਮਰਕੱਸਾ ਬੰਨ੍ਹਣ ਲੱਗ ਪਈ । ਇਹਦੇ ਵਿਚ ਉਹ ਖੰਜਰ ਅੜੁੰਗਦੀ । ਉੱਪਰ ਖੁੱਲ੍ਹਾ ਚੋਗਾ ਪਾਉਂਦੀ ਅਤੇ ਸਿਰ ਉਤੇ ਕਾਲੀ ਨਿੱਕੀ ਜਿਹੀ ਦਸਤਾਰ ਬੰਨ੍ਹਦੀ ਸੀ । ਸਭ ਤੋਂ ਉੱਪਰ ਕਾਲੀ ਚਾਦਰ ਸਿਰ ਉਤੇ ਕਰ ਕੇ ਫਿਰ ਗੋਲ ਚੱਕਰ ਪਾਉਂਦੀ ਸੀ । ਠੀਕ ਉਸੇ ਤਰ੍ਹਾਂ ਜਿਵੇਂ ਅਰਬੀ ਲੋਕ ਸਿਰ ਉਤੇ ਕੱਪੜੇ ਦਾ ਪੱਲਾ ਕਰ ਕੇ ਉੱਪਰ ਉਨ੍ਹ ਦੀ ਕਾਲੀ ਰੱਸੀ ਬੰਨ੍ਹਦੇ ਹਨ ਤਾਂਕਿ ਖਿੱਚ ਪੈਣ 'ਤੇ ਪੱਲਾ ਨਾ ਖਿਸਕੇ । ਉਹਾ ਸਦਾ ਚੁਸਤ ਲਿਬਾਸ ਪਾਉਂਦੀ ਸੀ । ਉਸ ਦਾ ਰੰਗ ਗੋਰਾ, ਤਿੱਖੇ ਨੈਣ-ਨਕਸ਼, ਉੱਚੀ-ਲੰਮੀ, ਹੁਸਨ ਦੀ ਮੂਰਤ ਸੀ । ਉਸ ਦੀਆਂ ਅੱਖਾਂ ਕਾਲੀਆਂ ਤੇ ਮੋਟੀਆਂ ਸਨ । ਅੱਖ ਦੇ ਆਨੇ ਲਾਲ ਸੂਹੇ ਅੰਗਾਰੇ ਵਾਂਗ ਲਿਸ਼ਕਦੇ ਸਨ । ਸੁੰਦਰ, ਸੁਡੌਲ, ਭਖਦਾ ਚਿਹਰਾ ਵੇਖਣ ਵਾਲੇ ਨੂੰ ਇਕ ਵਾਰ ਅਚੰਭੇ ਵਿਚ ਪਾ ਦੇਂਦਾ ਸੀ ।

ਸਦਾ ਕੌਰ ਦੀ ਜ਼ਿੰਦਗੀ ਵਿਚ ਤਬਦੀਲੀ ਆਉਣ ਦਾ ਕਾਰਣ ਉਸ ਦੇ ਪਤੀ ਸ. ਗੁਰਬਖ਼ਸ਼ ਸਿੰਘ ਦੀ ਮੌਤ ਸੀ । ਉਦੋਂ ਉਹ ਵਟਾਲੇ ਦੇ ਸ਼ਾਹੀ ਮਹਿਲਾਂ ਦਾ ਸ਼ਿੰਗਾਰ ਸੀ, ਜਦੋਂ ਉਸ ਦੇ ਪਤੀ ਨੇ ਅਚਲ ਦੇ ਮੈਦਾਨ ਵਿਚ ਸ. ਜੱਸਾ ਸਿੰਘ ਰਾਮਗੜ੍ਹੀਆ ਤੇ ਉਸ ਦੇ ਪੁੱਤਰ ਨਾਲ ਮੁਕਾਬਲੇ ਦੀ ਲੜਾਈ ਲੜੀ ਸੀ । ਉਹ ਸ਼ਾਮ ਅੰਤਾਂ ਦੀ ਭਿਆਨਕ ਸੀ ਜਦੋਂ ਪੂਰਾ ਹਾਰ-ਸ਼ਿੰਗਾਰ ਕਰ ਕੇ ਸਦਾ ਕੌਰ ਆਪਣੇ ਪਤੀ ਦੀ ਜਿੱਤ ਦੀ ਖ਼ਬਰ ਨੂੰ ਉਡੀਕ ਰਹੀ ਸੀ ਤੇ ਖ਼ਬਰ ਜੋ ਉਸ ਨੂੰ ਮਿਲੀ, ਉਸ ਨੇ ਨਾ ਸਿਰਫ਼ ਉਸ ਨੂੰ ਉਸ ਵੇਲੇ ਕੰਬਾ ਹੀ ਦਿੱਤਾ, ਸਗੋਂ ਉਸ ਨੂੰ ਰਾਣੀ ਤੋਂ ਬੀਰ-ਇਸਤਰੀ ਬਣਾ ਦਿੱਤਾ । ਸਦਾ ਕੌਰ ਇਸ ਦੁੱਖ ਨੂੰ ਕਦੀ ਨਾ ਭੁੱਲ ਸਕੀ । ਉਸ ਨੇ ਸਾਰੀ ਉਮਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਮੁਆਫ਼ ਨਾ ਕੀਤਾ । ਉਹ ਸਦਾ ਬਦਲੇ ਦੀ ਅੱਗ ਵਿਚ ਝੁਲਸਦੀ ਰਹੀ । ਸਦਾ ਕੌਰ ਹੁਣ ਰਾਣੀ ਦੇ ਨਾਲ-ਨਾਲ ਸੈਨਾਪਤੀ ਵੀ ਬਣ ਗਈ ਸੀ । ਭਾਵੇਂ ਉਸ ਦੇ ਰਾਜ ਦਾ ਇਲਾਕਾ ਛੋਟਾ ਜਿਹਾ ਸੀ । ਪਰ ਸੀ ਉਹ ਵਟਾਲੇ ਦੀ ਰਾਣੀ । ਰਾਣੀ ਅਕਸਰ ਪਤੀ ਦੇ ਤੀਰਾਂ ਨਾਲ ਵਿੰਨ੍ਹੇ ਸਰੀਰ ਨੂੰ ਯਾਦ ਕਰ ਕੇ ਫੜਫੜਾ ਉਠੱਦੀ । ਉਸ ਦੇ ਪਤੀ ਦੀ ਛਾਤੀ ਵਿਚ ਜੱਸਾ ਸਿੰਘ ਦਾ ਤੀਰ ਵੱਜਾ ਸੀ । ਲਹੂ-ਲੁਹਾਣ ਪਤੀ ਦੀ ਲਾਸ਼ ਜਦੋਂ ਰਾਜ-ਮਹਿਲਾਂ ਵਿਚ ਪੁੱਜੀ ਤਾਂ ਮਹਿਲਾਂ ਦਾ ਕਣ-ਕਣ ਰੋ ਪਿਆ ਸੀ । ਜਿਸ ਰਾਜ-ਮਹਿਲ ਵਿਚ ਉਹ ਰੇਸ਼ਮ ਵਿਚ ਵਲ੍ਹੇਟੀ ਚੀਚ-ਵਹੁਟੀ ਵਾਂਗ ਲਾਲ ਸੂਹੀ ਭਖਦੀ-ਭਖਦੀ ਆਈ ਸੀ, ਅੱਜ ਉਹ ਰਾਜ-ਭਾਗ ਹਨੇਰੇ ਵਿਚ ਬਦਲ ਗਿਆ ਸੀ । ਸਦਾ ਕੌਰ ਮਨ ਕਰ ਕੇ ਵੈਰਾਗਣ ਹੋ ਗਈ । ਰਾਜ-ਮਹਿਲਾਂ ਦਾ ਜ਼ੱਰਾ-ਜ਼ੱਰਾ ਸਦਾ ਕੌਰ ਨਾਲ ਵਾਪਰੀ ਅਣਹੋਣੀ ਲਈ ਵਿਲਕ ਰਿਹਾ ਸੀ ਤੇ ਹੌਲੀ-ਹੌਲੀ ਸਭ ਕੁਝ ਸ਼ਾਂਤ ਹੋ ਗਿਆ । ਡੂੰਘੀ ਖਾਮੋਸ਼ੀ ਵਟਾਲੇ ਦੇ ਰਾਜ-ਮਹਿਲਾਂ ਵਿਚ ਪੱਸਰ ਗਈ । ਵਿਜੋਗਣ ਰਾਣੀ ਜਿੰਨੀ ਦੇਰ ਜੀਵੀ ਕਦੀ ਵੀ ਆਪਣੇ ਪਤੀ ਨੂੰ ਵਿਸਾਰ ਨਾ ਸਕੀ ।

ਪਤੀ ਦੀ ਮੌਤ ਨਾਲ ਸਦਾ ਕੌਰ ਦੇ ਅੰਦਰ ਇਕ ਨਵੇਂ ਰੋਹ ਨੇ ਹੁਲਾਰਾ ਮਾਰਿਆ

ਸੀ। ਉਹਨੇ ਇਕ ਨਵੀਂ ਪ੍ਰਤਿੱਗਿਆ ਕਰ ਲਈ : ਆਪਣੇ ਪਤੀ ਦੇ ਖੁੱਸੇ ਰਾਜ ਨੂੰ ਇਕ ਵਾਰ ਫਿਰ ਵਾਪਸ ਲਵਾਂਗੀ। ਆਪਣੇ ਰਾਜ ਦੀਆਂ ਹੱਦਾਂ ਪਤੀ ਦੀ ਰੀਝ ਅਨੁਸਾਰ ਚੌੜੀਆਂ ਕਰਾਂਗੀ। ਕਨ੍ਹਈਆ ਮਿਸਲ ਦਾ ਨਾਮ ਰੌਸ਼ਨ ਕਰਾਂਗੀ। ਜਿਨ੍ਹਾਂ ਨੇ ਮੇਰੀ ਜੁਆਨੀ ਦੀਆਂ ਆਸਾਂ ਨੂੰ ਮਰੋੜਿਆ ਹੈ ਇਕ ਵਾਰ ਉਨ੍ਹਾਂ ਨੂੰ ਕੁਚਲਾਂਗੀ। ਬਦਲੇ ਦੀ ਅੱਗ ਨੇ ਸਦਾ ਕੌਰ ਦੇ ਅੰਦਰ ਜੁਆਲਾਮੁਖੀ ਬਾਲ ਦਿੱਤੀ।

ਸਦਾ ਕੌਰ ਨੇ ਰੋਣਾ-ਪਿੱਟਣਾ ਬੰਦ ਕਰ ਦਿੱਤਾ। ਉਹ ਹੁਣ ਅਬਲਾ ਨਹੀਂ ਸੀ। ਉਸ ਦੇ ਪਤੀ ਨੂੰ ਗੁਜ਼ਰਿਆਂ ਬਾਰ੍ਹਾਂ-ਤੇਰ੍ਹਾਂ ਵਰ੍ਹੇ ਹੋ ਗਏ ਸਨ। ਉਹ ਆਪਣੀ ਪ੍ਰਤਿੱਗਿਆ ਛੇਤੀ ਹੀ ਪੂਰੀ ਕਰਨਾ ਚਾਹੁੰਦੀ ਸੀ। ਸੋ ਉਸ ਨੇ ਰਾਮਗੜ੍ਹੀਆ ਮਿਸਲ ਦੇ ਕਿਲ੍ਹੇ ਮਿਆਣੀ ਉਤੇ ਧਾਵਾ ਬੋਲ ਦਿੱਤਾ। ਮਿਆਣੀ ਦੇ ਕਿਲ੍ਹੇ ਵਿਚ ਲੜਾਕਾ ਜਰਨੈਲ ਸ. ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਤੇ ਉਸ ਦਾ ਪੁੱਤਰ ਜੋਧ ਸਿੰਘ ਸੀ। ਮੁਕਾਬਲਾ ਬੜਾ ਸਖ਼ਤ ਸੀ। ਕਈ ਦਿਨਾਂ ਤੋਂ ਮੋਰਚੇ ਕਾਇਮ ਸਨ। ਦੋ ਮਹੀਨੇ ਤੇ ਵੀਹ ਦਿਨ ਹੋ ਗਏ ਸਨ ਘੇਰਾ ਪਿਆਂ। ਦੋ ਖ਼ੂਨ-ਡੋਲ੍ਹਵੀਆਂ ਲੜਾਈਆਂ ਹੋ ਚੁੱਕੀਆਂ ਸਨ। ਨਾ ਕਿਲ੍ਹੇ ਦੇ ਅੰਦਰਲੇ ਹਾਰੇ ਸਨ ਤੇ ਨਾ ਕਿਲ੍ਹੇ ਦੇ ਬਾਹਰਲੇ ਜਿੱਤੇ ਸਨ। ਦੋਵੇਂ ਆਪੋ-ਆਪਣੀ ਜ਼ਿੱਦ ਅਤੇ ਅਣਖ ਉਤੇ ਡਟੇ ਹੋਏ ਸਨ।

ਜੱਸਾ ਸਿੰਘ ਰਾਮਗੜ੍ਹੀਆ ਜੰਗਾਂ ਦਾ ਪੁਰਾਣਾ ਹੰਢਿਆ-ਵਰਤਿਆ ਜਰਨੈਲ ਸੀ। ਉਸ ਨੇ ਮਿਆਣੀ ਦੇ ਕਿਲ੍ਹੇ ਤੋਂ ਡੂੰਘੀ ਨੀਝ ਲਾ ਕੇ ਵੇਖਿਆ। ਸਦਾ ਕੌਰ ਦੀਆਂ ਫ਼ੌਜਾਂ ਅੱਗੇ ਵਧ ਰਹੀਆਂ ਸਨ। ਉਸ ਨੇ ਆਪਣੇ ਸਿਪਾਹੀਆਂ ਨੂੰ ਸਮਝਾਇਆ, "ਵੈਰੀ ਨੂੰ ਮਾਰ ਹੇਠ ਆਉਣ ਦਿਓ। ਤੀਰ, ਬੰਦੂਕ ਜਾਂ ਤੋਪ ਨਹੀਂ ਚਲਾਉਣੀ। ਜਦੋਂ ਕਿਲ੍ਹੇ ਦੀ ਕੰਧ ਕੋਲ ਆ ਕੇ ਵੈਰੀ ਹਰਕਤ ਕਰੇ ਤਾਂ ਵਾਰ ਸ਼ੁਰੂ ਕਰਨੇ। ਪਹਿਲਾਂ ਤੀਰ ਚਲਾਉਣੇ, ਪਿੱਛੋਂ ਅੱਗ ਦੀਆਂ ਹਾਂਡੀਆਂ ਸੁੱਟਣੀਆਂ। ਜਦੋਂ ਵੈਰੀ ਨੂੰ ਅੱਗ ਲੱਗੇ ਤਾਂ ਗਰਮ ਪਾਣੀ ਪਾਉਣਾ।"

ਦੂਜੇ ਪਾਸੇ, ਸਦਾ ਕੌਰ ਦੀ ਫ਼ੌਜ ਨੇ ਕਿਲ੍ਹੇ ਉਤੇ ਤਿੰਨ ਪਾਸਿਉਂ ਹਮਲਾ ਕੀਤਾ। ਸੁਰੰਗਾਂ ਪੁੱਟੀਆਂ ਜਾਣ ਲੱਗੀਆਂ। ਕਿਲ੍ਹੇ ਨੂੰ ਪੌੜੀਆਂ ਲੱਗ ਗਈਆਂ। ਕਿਲ੍ਹੇ ਦਾ ਗੇਟ ਤੋੜਨ ਲਈ ਜਵਾਨ ਘੋਲ ਕਰਨ ਲੱਗੇ। ਸ. ਜੱਸਾ ਸਿੰਘ ਦੀ ਹਦਾਇਤ ਅਨੁਸਾਰ ਹੁਣ ਕਿਲ੍ਹੇ ਉਤੋਂ ਤੀਰਾਂ ਦੀ ਬੁਛਾੜ ਹੋਣ ਲੱਗੀ। ਬੰਦੂਕਾਂ ਤੇ ਤੋਪਾਂ ਦੇ ਗੋਲੇ ਹੇਠਾਂ ਨੂੰ ਵੱਜਣ ਲੱਗੇ। ਸਦਾ ਕੌਰ ਦੀ ਫ਼ੌਜ ਦੇ ਜਵਾਨਾਂ ਨੇ ਕਿਲ੍ਹੇ ਹੇਠਾਂ ਸੁਰੰਗਾਂ ਵਿਚ ਬਾਰੂਦ ਭਰ ਕੇ ਪਲੀਤਾ (ਅੱਗ) ਦਾਗ ਦਿੱਤਾ। ਕਿਲ੍ਹੇ ਦੀ ਇਕ ਕੰਧ ਮਾੜੀ ਜਿਹੀ ਹਿੱਲੀ ਤੇ ਕੁਝ ਇੱਟਾਂ ਉਲਟ ਕੇ ਆਪਣੇ ਹੀ ਸਿਪਾਹੀਆਂ ਉਤੇ ਆਣ ਡਿੱਗੀਆਂ। ਪਰ ਸਦਾ ਕੌਰ ਨੇ ਹਾਰ ਨਹੀਂ ਮੰਨੀ। ਦੂਸਰੀ ਸੁਰੰਗ ਪੁੱਟਣ ਦਾ ਹੁਕਮ ਦੇ ਦਿੱਤਾ। ਸਿਪਾਹੀ ਸੁਰੰਗ ਪੁੱਟਣ ਲੱਗ ਪਏ ਕਿ ਅਚਾਨਕ ਕਨ੍ਹੱਈਆ ਤੇ ਸ਼ੁਕਰਚੱਕੀਆ (ਰਣਜੀਤ ਸਿੰਘ ਦੀ ਮਿਸਲ) ਦੇ ਸਿਪਾਹੀਆਂ ਵਿਚ ਰੌਲਾ ਪੈ ਗਿਆ, 'ਹੜ੍ਹ ਆ ਗਿਆ। ਸਾਡਾ ਡੇਰਾ ਹੜ੍ਹ ਦੀ ਮਾਰ ਹੇਠ ਆ ਗਿਆ ਹੈ।' ਮੋਰਚਿਆਂ ਵਿਚ ਪਾਣੀ ਚੜ੍ਹ ਆਇਆ, 'ਭੱਜੋ, ਬਚਾਅ ਕਰੋ ਦੀਆਂ ਆਵਾਜ਼ਾਂ ਉੱਚੀ-ਉੱਚੀ ਆ ਰਹੀਆਂ ਸਨ। ਸਦਾ ਕੌਰ ਦੇ ਜਵਾਨ ਜਿਹੜੇ ਦੁਸ਼ਮਣ ਨਾਲ ਘੋਲ ਕਰਨ ਲਈ ਆਏ ਹੋਏ ਸਨ, ਹੁਣ ਦਰਿਆ ਬਿਆਸ ਦੇ ਰੋੜ੍ਹ ਨਾਲ ਘੁੰਮਣ ਲੱਗੇ। ਸਦਾ ਕੌਰ ਦਾ ਸਿੱਕਾ, ਬਾਰੂਦ ਆਦਿ ਹੜ੍ਹ ਵਿਚ ਰੁੜ੍ਹ ਗਿਆ। ਕਈ ਹਥਿਆਰ ਪਾਣੀ ਦੀ ਲਪੇਟ ਵਿਚ ਆ ਗਏ। ਜੁਆਨ

ਪਹਿਲਾਂ ਲੜਾਈ ਲੜ ਰਹੇ ਸਨ ਤੇ ਹੁਣ ਪਾਣੀ ਨਾਲ ਘੋਲ ! ਜਦੋਂ ਉਨ੍ਹਾਂ ਦੇ ਸਰੀਰ ਹਾਰ ਗਏ ਤਾਂ ਪਾਣੀ ਦੀ ਭੇਟ ਹੋ ਗਏ । ਸਦਾ ਕੌਰ ਬੜੀ ਸ਼ਿੱਦਤ ਨਾਲ ਵੇਖ ਰਹੀ ਸੀ । ਉਸ ਦੇ ਘੋੜੇ ਰੁੜ੍ਹੇ ਜਾ ਰਹੇ ਸਨ । ਊਠ ਤੈਰ ਰਹੇ ਸਨ । ਸਾਰਾ ਜੰਗੀ ਮਾਲ-ਅਸਬਾਬ ਅੱਖ ਦੇ ਫੋਰ ਵਿਚ ਰੁੜ੍ਹਿਆ ਜਾ ਰਿਹਾ ਸੀ । ਜਾਨਵਰ ਤੇ ਜਵਾਨ ਬੁਰੀ ਤਰ੍ਹਾਂ ਦੀਆਂ ਚੀਕਾਂ ਮਾਰਦੇ ਆਵਾਜ਼ਾਂ ਕੱਢ ਰਹੇ ਸਨ । ਬੜਾ ਭਿਆਨਕ ਦ੍ਰਿਸ਼ ਸੀ । ਉਸ ਦੇ ਤੰਬੂ, ਕਨਾਤਾਂ ਕਿੱਧਰ ਗਏ, ਕੁਝ ਪਤਾ ਨਹੀਂ ਲੱਗ ਰਿਹਾ ਸੀ । ਸਦਾ ਕੌਰ ਦੇ ਮਨ ਵਿਚ ਅਚਾਨਕ ਰਣਜੀਤ ਸਿੰਘ ਬਾਰੇ ਖ਼ਿਆਲ ਆਇਆ । ਬਿਨਾਂ ਸੋਚੇ-ਸਮਝੇ ਉਸ ਆਪਣਾ ਘੋੜਾ ਦਰਿਆ ਬਿਆਸ ਦੇ ਤੂਫ਼ਾਨ ਵਿਚ ਠੇਲ੍ਹ ਦਿੱਤਾ । ਇਸ ਨੂੰ ਠਿੱਲ੍ਹਦਿਆਂ ਵੇਖ ਕੇ ਇਸ ਦੇ ਸੈਨਾਪਤੀ ਜੋਧ ਸਿੰਘ ਨੇ ਵੀ ਆਪਣਾ ਘੋੜਾ ਸਦਾ ਕੌਰ ਦੇ ਪਿੱਛੇ ਲਾ ਲਿਆ । ਦਰਿਆ ਦਾ ਤੂਫ਼ਾਨ ਹੋਰ ਤੇਜ਼ ਹੋ ਗਿਆ । ਤੇਜ਼ ਬਾਰਸ਼ ਦੇ ਫੱਰਾਟੇ ਪੈਣ ਲੱਗੇ । ਦਰਿਆ ਦੇ ਪਾਣੀ ਵਿਚ ਘੁੰਮਣਘੇਰੀਆਂ ਹੋਰ ਤੇਜ਼ ਹੋ ਗਈਆਂ । ਸਦਾ ਕੌਰ ਨੂੰ ਤਰਨਾ ਨਹੀਂ ਸੀ ਆਉਂਦਾ । ਉਸ ਦਾ ਘੋੜਾ ਡੂੰਘੇ ਵਹਿਣ ਵਿਚ ਧਸ ਗਿਆ ਤੇ ਅਖ਼ੀਰ ਪਾਣੀ ਦੇ ਵਿਚ ਹੀ ਰੁੜ੍ਹ ਗਿਆ । ਸਦਾ ਕੌਰ ਲੱਗੀ ਦਰਿਆ ਵਿਚ ਗੋਤੇ ਖਾਣ । ਹੁਣ ਵਫ਼ਾਦਾਰ ਸੈਨਾਪਤੀ ਨੇ ਡੁੱਬਦੀ ਸਦਾ ਕੌਰ ਨੂੰ ਬਚਾਉਣ ਹਿੱਤ ਉਸ ਨੂੰ ਖਿੱਚ ਕੇ ਆਪਣੀ ਪਿੱਠ ਨਾਲ ਬੱਝੀ ਢਾਲ ਉੱਪਰ ਪਾ ਲਿਆ । ਸਦਾ ਕੌਰ ਗੋਤਿਆਂ ਨਾਲ ਬੇਹੋਸ਼ ਹੋ ਚੁੱਕੀ ਸੀ । ਉਸ ਦਾ ਹੱਥ ਸਬੱਬੀਂ ਜੋਧ ਸਿੰਘ ਦੇ ਸੰਜੋਅ ਦੇ ਪਟੇ ਨੂੰ ਪੈ ਗਿਆ । ਉਸ ਨੇ ਇਕ ਹੱਥ ਨਾਲ ਸਦਾ ਕੌਰ ਨੂੰ ਫੜਿਆ ਤੇ ਦੂਜੇ ਨਾਲ ਪਾਣੀ ਨੂੰ ਝਾਗਦਾ ਕਿਨਾਰੇ ਵੱਲ ਵਧਣ ਲੱਗਾ ਤੇ ਅਖ਼ੀਰ ਰੁੜ੍ਹਦਾ-ਰੁੜ੍ਹਦਾ ਕਿਨਾਰੇ ਆਣ ਲੱਗਾ ।

ਹੁਣ ਜੋਧ ਸਿੰਘ ਦੀ ਸਰੀਰਕ ਸ਼ਕਤੀ ਵੀ ਜਵਾਬ ਦੇ ਚੁੱਕੀ ਸੀ । ਉਹ ਹੱਫ ਚੁੱਕਾ ਸੀ । ਕਾਹਲੇ-ਕਾਹਲੇ ਸਾਹ ਲੈ ਰਿਹਾ ਸੀ । ਕੋਈ ਅੱਧੇ ਕੁ ਘੰਟੇ ਬਾਅਦ ਉਸ ਨੇ ਅੱਖਾਂ ਖੋਲ੍ਹ ਕੇ ਵੇਖਿਆ, ਸਦਾ ਕੌਰ ਅਜੇ ਵੀ ਬੇਹੋਸ਼ ਪਈ ਸੀ । ਉਸ ਦੀ ਕਾਲੀ ਦਸਤਾਰ ਪਾਣੀ ਵਿਚ ਰੁੜ੍ਹ ਚੁਕੀ ਸੀ । ਉਸ ਨੇ ਉਸ ਦੇ ਵਾਲ ਮੂੰਹ ਤੋਂ ਹਟਾਏ । ਹੱਥਾਂ-ਪੈਰਾਂ ਦੀਆਂ ਤਲੀਆਂ ਮਲ ਕੇ ਗਰਮ ਕੀਤੀਆਂ । ਸਦਾ ਕੌਰ ਦੇ ਬੁੱਲ੍ਹ ਫਰਕੇ ਤੇ ਉਹ ਜ਼ੋਰ ਲਾ ਕੇ ਅੱਖਾਂ ਖੋਲ੍ਹਣ ਲੱਗੀ । ਉਸ ਆਸੇ-ਪਾਸੇ ਵੇਖਿਆ, ਨਿਰੀ ਚੁੱਪ-ਚਾਂ ਸੀ । "ਮੇਰੀ ਫ਼ੌਜ, ਤੰਬੂ, ਘੋੜੇ, ਰੱਡੇ ਕਿਥੇ ਗਏ ? ਰਣਜੀਤ ਕਿਥੇ ਹੈ ?" ਰਾਣੀ ਨੇ ਹੈਰਾਨੀ ਨਾਲ ਪੁੱਛਿਆ । ਜੋਧ ਸਿੰਘ ਨੇ ਸ਼ੁਕਰਾਨੇ ਭਰੀ ਆਵਾਜ਼ ਵਿਚ ਆਖਿਆ, "ਰਾਣੀ ਜੀ, ਸ਼ੁਕਰ ਹੈ, ਵਾਹਿਗੁਰੂ ਨੇ ਤੁਹਾਡੀ ਜਾਨ-ਬਖ਼ਸ਼ੀ ਕੀਤੀ, ਅਸੀਂ ਰੁੜ੍ਹ ਕੇ ਥੱਲੇ ਆ ਗਏ ਹਾਂ । ਆਪਣਾ ਡੇਰਾ ਇਥੋਂ ਕੋਈ ਦੋ ਕੁ ਮੀਲ ਉਤੇ ਵੱਲ ਹੈ ।" ਅਜੇ ਉਹ ਤੁਰਨ ਹੀ ਲੱਗੇ ਸਨ ਕਿ ਚਾਰ ਘੋੜਸਵਾਰ ਉਨ੍ਹਾਂ ਵੱਲ ਆਉਂਦੇ ਦਿਸੇ । "ਲਉ ਉਹ ਆਪਣੇ ਸਿਪਾਹੀ ਆ ਗਏ ।" ਜੋਧ ਸਿੰਘ ਨੇ ਖੁਸ਼ੀ ਨਾਲ ਆਖਿਆ । ਘੋੜ ਸਵਾਰਾਂ ਨੇ ਫਤਹਿ ਬੁਲਾਈ । ਜਵਾਬ ਵਿਚ ਸਦਾ ਕੌਰ ਨੇ ਪੁੱਛਿਆ, "ਰਣਜੀਤ ਕਿੱਥੇ ਹੈ ?" "ਛੋਟੀ ਸਰਕਾਰ ਠੀਕ ਠਾਕ ਹੈ—ਦਲ ਸਿੰਘ ਨੇ ਉਨ੍ਹਾਂ ਨੂੰ ਦਰਿਆ ਪਾਰ ਕਰਵਾ ਲਿਆ ਸੀ", ਉਨ੍ਹਾਂ ਵਿਚੋਂ ਜੈਮਲ ਸਿੰਘ ਨੇ ਉੱਤਰ ਦਿੱਤਾ । "ਸ਼ੁਕਰ ਹੈ ਪਰਮਾਤਮਾ ਦਾ, ਉਹਨੇ ਰਣਜੀਤ ਨੂੰ ਬਚਾ ਲਿਆ", ਸਦਾ ਕੌਰ ਨੇ ਅੱਖਾਂ ਮੀਟ ਕੇ ਆਖਿਆ । ਘੋੜੇ ਉਤੇ ਚੜ੍ਹਨ ਤੋਂ ਪਹਿਲਾਂ ਉਹਨੇ ਅਰਮਾਨ ਨਾਲ ਪਿੱਛੇ ਮੁੜ ਕੇ ਵੇਖਿਆ । ਮਿਆਨੀ ਦਾ ਕਿਲ੍ਹਾ ਜਿਵੇਂ ਉਹਦੀ ਹਾਰ ਉਤੇ ਹੱਸ ਰਿਹਾ ਸੀ । ਇਹ ਕਿਲ੍ਹਾ ਰਾਣੀ ਦੀ

ਪੀੜ ਸੀ। ਉਹ ਬਦਲਾ ਚੁਕਾਏ ਬਿਨਾਂ ਵਾਪਸ ਪਰਤ ਰਹੀ ਸੀ। ਅਜੀਬ ਨਿਰਾਸ਼ਾ ਸੀ ਉਹਦੇ ਮਨ ਵਿਚ।

3

ਰਾਣੀ ਸਦਾ ਕੌਰ ਆਪਣੀ ਰਾਜਧਾਨੀ ਸੋਹੀਆਂ ਵਿਚ ਪਹੁੰਚ ਗਈ। ਰਣਜੀਤ ਸਿੰਘ ਦਲ ਸਿੰਘ ਨੂੰ ਨਾਲ ਲੈ ਕੇ ਗੁਜਰਾਂਵਾਲੇ ਵੱਲ ਚਲਾ ਗਿਆ। ਇਨ੍ਹਾਂ ਦਿਨਾਂ ਵਿਚ ਅਬਦਾਲੀ ਦੇ ਪੋਤਰੇ ਸ਼ਾਹ ਜ਼ਮਾਨ ਦੇ ਆਉਣ ਦੀ ਅਫ਼ਵਾਹ ਸਭ ਥਾਈਂ ਫੈਲੀ ਹੋਈ ਸੀ। ਸਦਾ ਕੌਰ ਸੋਹਣੀ ਸੀ, ਦਲੇਰ ਸੀ ਤੇ ਅਕਲਮੰਦ ਸੀ। ਰਾਜਨੀਤੀ ਦੀਆਂ ਚਾਲਾਂ ਨੂੰ ਚੰਗੀ ਤਰ੍ਹਾਂ ਜਾਣਦੀ ਸੀ। ਸਿੱਖ ਮਿਸਲਾਂ ਦੇ ਸਰਦਾਰਾਂ ਵਿਚ ਉਹ ਆਪਣੇ ਇਨ੍ਹਾਂ ਗੁਣਾਂ ਕਰ ਕੇ ਈਰਖਾ ਵੀ ਸੀ ਤੇ ਆਕਰਸ਼ਣ ਦਾ ਕਾਰਣ ਵੀ ਸੀ। ਕੋਈ ਉਹਦੇ ਰੂਪ ਉਤੇ ਡੁੱਲ੍ਹਦਾ ਸੀ ਤੇ ਕੋਈ ਉਹਦੀ ਬਹਾਦਰੀ ਉਤੇ।

ਇਨ੍ਹਾਂ ਹੀ ਦਿਨਾਂ ਵਿਚ ਜੋਧ ਸਿੰਘ ਵਜ਼ੀਰਾਬਾਦੀਆ ਆਪਣਾ ਇਕ ਫ਼ੌਜੀ ਦਸਤਾ ਲੈ ਕੇ ਸੋਹੀਆਂ ਦੇ ਨੇੜੇ ਆਣ ਠਹਿਰਿਆ। ਤੰਬੂ ਲੱਗੇ ਵੇਖ ਕੇ ਜਦੋਂ ਸਦਾ ਕੌਰ ਨੂੰ ਵਜ਼ੀਰਾਬਾਦੀਏ ਦੇ ਠਹਿਰਣ ਦਾ ਪਤਾ ਲੱਗਾ ਤਾਂ ਉਸ ਨੇ ਉਹਦੀ ਚੰਗੀ ਮਹਿਮਾਨਨਿਵਾਜ਼ੀ ਕਰਨ ਦਾ ਹੁਕਮ ਦਿੱਤਾ। ਜੋਧ ਸਿੰਘ ਇਕ-ਦੋ ਵਾਰ ਉਹਨੂੰ ਆ ਕੇ ਮਿਲ ਵੀ ਗਿਆ ਸੀ। ਰਾਣੀ ਸਦਾ ਕੌਰ ਜਦੋਂ ਆਪਣੀ ਰਾਜਧਾਨੀ ਵਿਚ ਠਹਿਰਦੀ ਤਾਂ ਸ਼ਿਕਾਰ ਖੇਡਣ ਲਈ ਅਕਸਰ ਜੰਗਲ ਵੱਲ ਜਾਂਦੀ। ਇਕ ਦਿਨ ਉਹ ਸ਼ਿਕਾਰ ਖੇਡਣ ਲਈ ਜਾ ਰਹੀ ਸੀ ਤਾਂ ਉਸ ਨੇ ਜੋਧ ਸਿੰਘ ਵਜ਼ੀਰਾਬਾਦੀਏ ਨੂੰ ਵੀ ਸ਼ਿਕਾਰ ਖੇਡਣ ਦਾ ਸੱਦਾ ਭਿਜਵਾ ਦਿੱਤਾ। ਉਹ ਵੀ ਆਪਣਾ ਨਿੱਕਾ ਜਿਹਾ ਦਸਤਾ ਲੈ ਕੇ ਸ਼ਿਕਾਰਗਾਹ ਪਹੁੰਚ ਗਿਆ। ਇਹ ਸ਼ਿਕਾਰਗਾਹ ਸੋਹੀਆਂ ਤੇ ਮਜੀਠੇ ਦੇ ਵਿਚਕਾਰ ਸੀ। ਰਾਣੀ ਨੇ ਹਿਰਨ ਤੇ ਜੰਗਲੀ ਸੂਰ ਜਿਸ ਹੁਸ਼ਿਆਰੀ ਨਾਲ ਮਾਰੇ, ਉਹਨੂੰ ਵੇਖ ਕੇ ਜੋਧ ਸਿੰਘ ਬੜਾ ਪ੍ਰਭਾਵਿਤ ਹੋਇਆ। ਜੋਧ ਸਿੰਘ ਰਹਿ ਨਾ ਸਕਿਆ ਤੇ ਕਹਿਣ ਲੱਗਾ, "ਰਾਣੀ ਜੀ, ਰੱਬ ਨੇ ਤੁਹਾਡੇ ਇਸਤਰੀ ਜਾਮੇ ਵਿਚ ਤੁਹਾਨੂੰ ਮਰਦਾਂ ਵਾਲੇ ਗੁਣ ਦਿੱਤੇ ਨੇ।"

"ਸਤਿਗੁਰੂ ਦੀ ਮਿਹਰ ਹੈ" ਰਾਣੀ ਨੇ ਨਿਮਰਤਾ ਭਾਵ ਨਾਲ ਕਿਹਾ। ਤੁਰਦਿਆਂ-ਤੁਰਦਿਆਂ ਸ਼ਾਹ ਜ਼ਮਾਨ ਦੀਆਂ ਗੱਲਾਂ ਚੱਲ ਪਈਆਂ। ਰਾਣੀ ਕਹਿਣ ਲੱਗੀ, "ਮੇਰਾ ਵਿਚਾਰ ਤਾਂ ਸਭ ਨਿੱਕੀਆਂ ਮਿਸਲਾਂ ਨੂੰ ਤੋੜ ਕੇ ਇਕ ਵੱਡਾ ਸਿੱਖ ਰਾਜ ਬਣਾਉਣ ਦਾ ਹੈ।" ਸੁਣ ਕੇ ਜੋਧ ਸਿੰਘ ਨੂੰ ਵੱਟ ਤਾਂ ਲੱਗਾ ਪਰ ਚੁੱਪ ਰਿਹਾ। ਇੰਨੀ ਦੇਰ ਨੂੰ ਦੋਹਾਂ ਦੇ ਡੇਰੇ ਨੇੜੇ ਆ ਗਏ ਤੇ ਦੋਵੇਂ ਆਪੋ-ਆਪਣੇ ਟਿਕਾਣਿਆਂ ਵੱਲ ਚਲੇ ਗਏ।

ਰਾਤ ਸਰਦਾਰਨੀ ਸੋਚਦੀ ਰਹੀ ਸ਼ਾਇਦ ਮੈਨੂੰ ਵੀ ਸ਼ਾਹ ਜ਼ਮਾਨ ਦਾ ਮੁਕਾਬਲਾ ਕਰਨ ਲਈ ਜਾਣਾ ਪਵੇ। ਜਾਣ ਤੋਂ ਪਹਿਲਾਂ ਉਹ ਪਿੰਡ ਦਾ ਦੌਰਾ ਵੀ ਕਰਨਾ ਚਾਹੁੰਦੀ ਸੀ। ਦਰਬਾਰ ਵੀ ਲਾਉਣਾ ਚਾਹੁੰਦੀ ਸੀ। ਇਸੇ ਖ਼ਿਆਲ ਨਾਲ ਅਗਲੇ ਦਿਨ ਸਵੇਰੇ ਉਹ ਤਿਆਰ ਹੋ ਹੀ ਰਹੀ ਕਿ ਗੇਜੋ ਦਾਸੀ ਨੇ ਆਣ ਕੇ ਖ਼ਬਰ ਦਿੱਤੀ ਕਿ ਸ. ਧਿਆਨ ਸਿੰਘ ਆਇਆ ਹੈ। ਧਿਆਨ ਸਿੰਘ ਭਾਈਚਾਰੇ 'ਚੋਂ ਸਦਾ ਕੌਰ ਦਾ ਦਿਉਰ ਲੱਗਦਾ ਸੀ। ਇਹ ਉੱਚਾ-ਲੰਮਾ, ਛੈਲ-ਛਬੀਲਾ ਗੱਭਰੂ ਸੀ। ਅਦਬ ਨਾਲ ਆ ਕੇ ਕਹਿਣ ਲੱਗਾ, "ਹਜ਼ੂਰ ਦੀ

ਚਿੱਠੀ ਹੈ" ਤੇ ਨਾਲ ਹੀ ਹੱਥ ਅੱਗੇ ਵਧਾ ਕੇ ਚਿੱਠੀ ਫੜਾਉਣ ਲੱਗਾ। "ਕਿਸ ਨੇ ਭੇਜੀ ਹੈ ?" ਰਾਣੀ ਸਦਾ ਕੌਰ ਨੇ ਪੁੱਛਿਆ। "ਰਾਤੀਂ ਜੋਧ ਸਿੰਘ ਜਾਂਦੀ ਵਾਰੀ ਦੇ ਗਿਆ ਸੀ" ਧਿਆਨ ਸਿੰਘ ਨੇ ਦੱਸਿਆ। "ਹੈਂ ! ਰਾਤੀਂ ਚਲਾ ਗਿਆ ?" ਰਾਣੀ ਨੇ ਹੈਰਾਨੀ ਨਾਲ ਪੁੱਛਿਆ। "ਹਾਂ, ਜੋਧ ਸਿੰਘ ਨੇ ਜਾਂਦੀ ਵਾਰੀ ਇਹ ਚਿੱਠੀ ਦਿੱਤੀ ਸੀ ਤੇ ਨਾਲੇ ਕਹਿੰਦਾ ਸੀ, ਸ਼ਾਇਦ ਸ਼ਾਹ ਜ਼ਮਾਨ ਦੇ ਨਾਲ ਸਿੱਖਾਂ ਨੂੰ ਰਲ ਕੇ ਸਾਂਝੇ ਮੁਹਾਜ਼ 'ਤੇ ਲੜਨਾ ਪਵੇ।" ਸਦਾ ਕੌਰ ਗ਼ੌਰ ਨਾਲ ਸੁਣ ਰਹੀ ਸੀ ਤੇ ਧਿਆਨ ਸਿੰਘ ਦੱਸ ਰਿਹਾ ਸੀ। "ਖ਼ੈਰ ! ਕੋਈ ਗੱਲ ਨਹੀਂ, ਤੁਸੀਂ ਚੱਲਣ ਦੀ ਤਿਆਰੀ ਸ਼ੁਰੂ ਕਰ ਦਿਓ" ਰਾਣੀ ਨੇ ਡੂੰਘੀ ਸੋਚ ਵਿਚ ਧਿਆਨ ਸਿੰਘ ਵੱਲ ਵੇਖਦਿਆਂ ਕਿਹਾ। "ਅੱਛਾ ਜੀ" ਕਹਿ ਕੇ ਧਿਆਨ ਸਿੰਘ ਸਿਰ ਝੁਕਾ ਕੇ ਚਲਾ ਗਿਆ।

ਹੁਣ ਰਾਣੀ ਇਕਾਂਤ ਵਿਚ ਚਿੱਠੀ ਖੋਲ੍ਹ ਕੇ ਪੜ੍ਹਨ ਲੱਗੀ। "ਲਿਖਤੁਮ ਜੋਧ ਸਿੰਘ ਅੱਗੇ ਰਾਣੀ ਸਦਾ ਕੌਰ, ਮੈਂ ਸਦਾ ਤੁਹਾਡੀ ਜਵਾਨੀ, ਬਹਾਦਰੀ ਤੇ ਅਕਲ ਦਾ ਕਾਇਲ ਹੋ ਗਿਆ ਹਾਂ। ਤੁਸੀਂ ਕਮਾਲ ਦੀ ਇਸਤਰੀ ਹੋ। ਮੈਂ ਮਨ ਹੀ ਮਨ ਤੁਹਾਨੂੰ ਪਿਆਰ ਕਰਦਾ ਰਿਹਾ ਹਾਂ ਪਰ ਕਦੀ ਵੀ ਦਿਲ ਦਾ ਹਾਲ ਤੁਹਾਡੇ ਸਾਹਮਣੇ ਦੱਸ ਨਹੀਂ ਸਕਿਆ। ਤੁਹਾਡੇ ਵਰਗੀ ਸੁੰਦਰੀ ਨੂੰ ਸ਼ੀਸ਼ ਮਹਿਲ ਸ਼ੋਭਦੇ ਹਨ। ਫ਼ੌਜ ਤੇ ਇਲਾਕਾ ਮੇਰੇ ਕੋਲ ਵੀ ਹੈ। ਜੇ ਤੁਸੀਂ ਠੀਕ ਸਮਝੋ ਤਾਂ ਮੇਰੇ ਮਹਿਲਾਂ ਦਾ ਸ਼ਿੰਗਾਰ ਬਣੋ ਤਾਂ ਮੈਂ ਤੁਹਾਡੇ ਰਾਜ ਦੀ ਰੱਖਿਆ ਕਰਾਂਗਾ।

"ਇਕ ਗੱਲ ਦਾ ਧਿਆਨ ਰੱਖਣਾ। ਤੁਹਾਡੇ ਇਨਕਾਰ ਕਰਨ ਦੀ ਹਾਲਤ ਵਿਚ ਰਣਜੀਤ ਸਿੰਘ ਦਾ ਸੁਖ-ਆਰਾਮ ਜਾਂਦਾ ਰਹੇਗਾ। ਤੇ ਤੁਹਾਡਾ ਇਕ-ਪੁਰਖੀ ਰਾਜ ਦਾ ਸੁਪਨਾ ਸਾਰੇ ਸਿੱਖ ਸਰਦਾਰ ਮਿਲ ਕੇ ਖ਼ਤਮ ਕਰ ਦੇਣਗੇ।"

ਰਾਣੀ ਜਿਵੇਂ-ਜਿਵੇਂ ਚਿੱਠੀ ਪੜ੍ਹ ਰਹੀ ਸੀ ਤਿਵੇਂ-ਤਿਵੇਂ ਗੁੱਸੇ ਨਾਲ ਉਸ ਦਾ ਚਿਹਰਾ ਲਾਲ ਹੋ ਰਿਹਾ ਸੀ। 'ਕਮੀਨਾ ਗਿੱਦੜ ਨੱਸ ਹੀ ਗਿਆ, ਨਹੀਂ ਤਾਂ ਤਲਵਾਰ ਨਾਲ ਉਸ ਨੂੰ ਪ੍ਰੇਮ ਦਾ ਮਜ਼ਾ ਚਖਾਉਂਦੀ' ਕਹਿੰਦਿਆਂ ਸਦਾ ਕੌਰ ਨੇ ਬੁੱਲ੍ਹ ਟੁੱਕੇ। ਅਜੇ ਉਹ ਵਿਚਾਰਾਂ ਵਿਚ ਮਗਨ ਹੀ ਸੀ ਕਿ ਧਿਆਨ ਸਿੰਘ ਦੁਬਾਰਾ ਪਰਤ ਆਇਆ ਤੇ ਕਹਿਣ ਲੱਗਾ, "ਰਾਣੀ ਜੀ ! ਲਾਹੌਰੋਂ, ਅੰਮ੍ਰਿਤਸਰੋਂ, ਗੁੱਜਰਾਂਵਾਲਿਓਂ ਸਰਦਾਰਾਂ ਨੇ ਹਲਕਾਰੇ ਭੇਜੇ ਹਨ। ਤਿੰਨਾਂ ਦਾ ਸੁਨੇਹਾ ਇਕੋ ਹੈ—ਕਾਬਲ ਤੋਂ ਸ਼ਾਹ ਜ਼ਮਾਨ ਆ ਰਿਹਾ ਹੈ। ਸਾਰੇ ਪੰਥ ਨੇ ਇਕੱਠੇ ਹੋ ਕੇ ਲੜਨਾ ਹੈ। ਅੰਮ੍ਰਿਤਸਰ ਪਿਪਲੀ ਸਾਹਿਬ ਦੇ ਕੋਲ ਸਾਰੀਆਂ ਫ਼ੌਜਾਂ ਇਕੱਠੀਆਂ ਹੋਣਗੀਆਂ।" ਸੁਨੇਹਾ ਲੈਣ ਤੋਂ ਬਾਅਦ ਰਾਣੀ ਨੇ ਕਿਹਾ, "ਠੀਕ ਹੈ, ਹਲਕਾਰਿਆਂ ਨੂੰ ਜਲ-ਪਾਣੀ ਛਕਾਉ ਤੇ ਆਰਾਮ ਲਈ ਟਿਕਾਣਾ ਦਿਓ। ਉਨ੍ਹਾਂ ਨੂੰ ਪੰਜ-ਪੰਜ ਰੁਪਏ ਤੇ ਇਕ-ਇਕ ਸਿਰੋਪਾ ਵੀ ਦਿਓ। ਆਪਣੀ ਫ਼ੌਜ ਨੂੰ ਤਿਆਰ ਰੱਖੋ।"

"ਅੱਛਾ ਜੀ" ਕਹਿ ਕੇ ਧਿਆਨ ਸਿੰਘ ਚਲਾ ਗਿਆ।

ਰਾਣੀ ਸਦਾ ਕੌਰ ਹੁਣ ਸ਼ਾਹ ਜ਼ਮਾਨ ਦੇ ਟਾਕਰੇ ਨਾਲੋਂ ਪਹਿਲਾਂ ਜੋਧ ਸਿੰਘ ਵਜ਼ੀਰਾਬਾਦੀਏ ਨੂੰ ਮਜ਼ਾ ਚਖਾਉਣਾ ਚਾਹੁੰਦੀ ਸੀ। ਉਸ ਦੀ ਇਹ ਹਿੰਮਤ ਕਿਵੇਂ ਪਈ ? ਜੋ ਏਨੀ ਰੀਦੀ ਚਿੱਠੀ ਲਿਖ ਕੇ ਦੇ ਗਿਆ ?

4

ਰਾਣੀ ਦੇ ਹੁਕਮ ਅਨੁਸਾਰ ਦੀਵਾਨ ਖਾਨੇ ਦੇ ਖੁੱਲ੍ਹੇ ਵਿਹੜੇ ਵਿਚ ਸ਼ਾਮਿਆਨੇ ਦੇ ਹੇਠਾਂ ਦਰਬਾਰ ਲਾਇਆ ਗਿਆ। ਰਾਣੀ ਹਮੇਸ਼ਾ ਦੀ ਤਰ੍ਹਾਂ ਇਨਸਾਫ਼ ਦੀ ਕੁਰਸੀ ਉੱਪਰ ਬੈਠੀ ਸੀ। ਇਕ ਪਾਸੇ ਪਰਜਾ ਤੇ ਕੁਝ ਪਤਵੰਤੇ ਸੱਜਣ ਬੈਠੇ ਸਨ। ਦੂਸਰੇ ਪਾਸੇ, ਮੁਖੀ ਸੈਨਿਕ ਤੇ ਕੋਲ ਹੀ ਦੋ ਮੁਨਸ਼ੀ ਬੈਠੇ ਸਨ। ਉਸ ਜ਼ਮਾਨੇ ਕਚਹਿਰੀਆਂ ਨਹੀਂ ਸੀ ਹੁੰਦੀਆਂ ਤੇ ਨਾ ਹੀ ਲਿਖਤੀ ਕਾਨੂੰਨ ਸੀ। ਲੋਕੀਂ ਸਾਲਾਂ ਦੇ ਸਾਲ ਤਰੀਕਾਂ ਨਹੀਂ ਸਨ ਭੁਗਤਦੇ। ਨਿਆਂਕਾਰੀ ਲੋਕ ਜੋ ਫ਼ੈਸਲਾ ਕਰਦੇ ਤੁਰੰਤ ਲਾਗੂ ਹੋ ਜਾਂਦਾ।

ਰਾਣੀ ਨੇ ਮੁਨਸ਼ੀ ਰਾਇ ਸਾਹਿਬ ਵਲ ਮੂੰਹ ਕਰ ਕੇ ਪੁੱਛਿਆ, "ਕੋਈ ਦੋਸ਼ੀ ਹੈ ?" "ਜੀ ਹਾਂ" ਮੁਨਸ਼ੀ ਨੇ ਕਿਹਾ। "ਪੇਸ਼ ਕਰੋ" ਰਾਣੀ ਨੇ ਹੁਕਮ ਦਿੱਤਾ। ਮਿੰਟ ਵਿਚ ਦੋ ਦੋਸ਼ੀ ਪੇਸ਼ ਕੀਤੇ ਗਏ। ਜਿਨ੍ਹਾਂ ਦੇ ਹੱਥ ਪਿੱਛੇ ਬੰਨ੍ਹੇ ਹੋਏ ਸਨ। "ਇਨ੍ਹਾਂ ਦਾ ਦੋਸ਼ ?" ਰਾਣੀ ਨੇ ਪੁੱਛਿਆ। "ਇਨ੍ਹਾਂ ਦੋਹਾਂ ਨੇ ਖੋਜੇ ਅਜ਼ੀਜ਼ੁਦੀਨ ਦਾ ਘਰ ਭੰਨਿਆ ਹੈ। ਟੂੰਮਾਂ ਚੁਰਾ ਲਈਆਂ ਹਨ। ਉਹਦੀ ਜਵਾਨ ਲੜਕੀ ਰਹਿਮਤੇ ਨੂੰ ਚੁੱਕ ਕੇ ਲੈ ਗਏ ਤੇ ਉਸ ਦੀ ਇੱਜ਼ਤ ਖ਼ਰਾਬ ਕੀਤੀ। ਨਾਲੇ ਅਜ਼ੀਜ਼ੁਦੀਨ ਦੇ ਪੁੱਤਰ ਨੂੰ ਸੱਟਾਂ ਮਾਰੀਆਂ ਹਨ।" ਮੁਨਸ਼ੀ ਨੇ ਸਾਰੇ ਜੁਰਮ ਇਕੋ ਵਾਰੀ ਕਹਿ ਸੁਣਾਏ। "ਹੁਣ ਇਹ ਕਿੱਥੋਂ ਮਿਲੇ ਹਨ ?" ਰਾਣੀ ਨੇ ਪੁੱਛਿਆ। "ਕੋਟਲੇ ਦੇ ਸ਼ੰਗਲ ਵਿਚੋਂ" ਮੁਨਸ਼ੀ ਨੇ ਦੱਸਿਆ। "ਅਜ਼ੀਜ਼ੁਦੀਨ" ਰਾਣੀ ਨੇ ਨਿਗਾਹ ਭਰ ਕੇ ਦੋਸ਼ੀਆਂ ਨੂੰ ਵੇਖਿਆ, ਤੇ ਫਿਰ ਕਰੜੀ ਆਵਾਜ਼ ਵਿਚ ਪੁੱਛਣ ਲੱਗੀ, "ਜੋ ਦੋਸ਼ ਤੁਹਾਡੇ ਉਤੇ ਲੱਗਾ ਹੈ, ਕੀ ਇਹ ਸੱਚਾ ਹੈ ?" ਦੋਵਾਂ ਨੇ ਹਾਂ ਵਿਚ ਸਿਰ ਹਿਲਾਇਆ ਤੇ ਹੱਥ ਜੋੜ ਕੇ ਆਜਜ਼ੀ ਨਾਲ ਕਹਿਣ ਲੱਗੇ, "ਸਾਥੋਂ ਭੁੱਲ ਹੋ ਗਈ। ਸਾਨੂੰ ਮਾਫ਼ ਕਰ ਦਿਓ।" "ਤੁਸੀਂ ਕੁਆਰੀ ਕੰਨਿਆ ਦਾ ਧਰਮ ਭ੍ਰਿਸ਼ਟ ਕੀਤਾ ਹੈ, ਤੁਹਾਨੂੰ ਸਜ਼ਾ ਮਿਲੇਗੀ", ਰਾਣੀ ਬੋਲੀ। "ਇਨ੍ਹਾਂ ਨੂੰ ਕਾਠ ਮਾਰ ਕੇ, ਗੱਡੇ ਉਤੇ ਅਜ਼ੀਜ਼ੁਦੀਨ ਦੇ ਪਿੰਡ ਲੈ ਜਾਓ ਤੇ ਸ਼ਰ੍ਹੇਆਮ ਚਿਖਾ ਬਣਾ ਕੇ ਜਿਉਂਦਿਆਂ ਨੂੰ ਸਾੜ ਦਿਓ" ਰਾਣੀ ਨੇ ਹੁਕਮ ਕਰ ਦਿੱਤਾ।

ਹੁਣ ਰਾਣੀ ਨੇ ਅਜ਼ੀਜ਼ੁਦੀਨ ਨੂੰ ਪੇਸ਼ ਕਰਨ ਲਈ ਕਿਹਾ। ਉਹ ਰੋਂਦਾ-ਡੁਸਕਦਾ ਹੋਇਆ ਹੱਥ ਜੋੜ ਕੇ ਅੱਗੇ ਹੋਇਆ। "ਮਾਤਾ ਜੀ, ਇਹ ਝੂਠ ਹੈ ਕਿ ਮੇਰੇ ਬਾਪ ਦਾਦਾ ਸਿੱਖਾਂ ਦੇ ਵਿਰੋਧੀ ਸਨ। ਉਨ੍ਹਾਂ ਨੇ ਕਦੀ ਕਿਸੇ ਸਿੱਖ ਦੀ ਚੁਗਲੀ ਨਹੀਂ ਸੀ ਖਾਧੀ। ਮੈਂ ਨਿਹੱਕਾ ਮਾਰਿਆ ਗਿਆ। ਮੈਨੂੰ ਇਨ੍ਹਾਂ ਨੇ ਕਿਹਾ, ਤੂੰ ਸਿੱਖਾਂ ਦਾ ਦੁਸ਼ਮਣ ਹੈਂ, ਅਸੀਂ ਰਾਣੀ ਦੇ ਬੰਦੇ ਹਾਂ...ਮੇਰੇ ਕੋਲੋਂ ਜਬਰੀ ਮੇਰੀ ਰਹਿਮਤੇ ਖੋਹ ਕੇ ਲੈ ਗਏ, ਭੈਣ ਨੂੰ ਬਚਾਉਣ ਆਏ ਮੇਰੇ ਪੁੱਤਰ ਨੂੰ ਸੱਟਾਂ ਮਾਰੀਆਂ" ਤੇ ਬੁੱਢਾ ਭੁੱਬਾਂ ਮਾਰ ਕੇ ਰੋ ਪਿਆ। ਰਾਣੀ ਨੇ ਰੋਂਦੇ ਬਜ਼ੁਰਗ ਨੂੰ ਕਿਹਾ, "ਦੋਸ਼ੀਆਂ ਨੂੰ ਦੰਡ ਦਿੱਤਾ ਜਾਵੇਗਾ। ਮੇਰਾ ਕਿਸੇ ਧਰਮ ਨਾਲ ਵਿਰੋਧ ਨਹੀਂ। ਤੈਨੂੰ ਇਸਲਾਮ ਮੁਬਾਰਕ ਹੋਵੇ। ਇਨ੍ਹਾਂ ਨੇ ਮੇਰੇ ਨਾਮ ਦੀ ਗ਼ਲਤ ਵਰਤੋਂ ਕੀਤੀ ਹੈ। ਇਸ ਦੀ ਸਜਾ ਇਨ੍ਹਾਂ ਨੂੰ ਪਹਿਲਾਂ ਹੀ ਮਿਲ ਚੁੱਕੀ ਹੈ। ਤੇਰਾ ਕਿੰਨਾ ਕੁ ਨੁਕਸਾਨ ਹੋਇਆ ਹੈ ?" "ਮੇਰਾ ਨਕਦੀ ਮਾਲ ਤੇ ਤੁਹਾਡੇ ਜੁਆਨਾਂ ਨੇ ਵਾਪਸ ਲੈ ਦਿੱਤਾ ਹੈ" ਅਜ਼ੀਜ਼ੁਦੀਨ ਨੇ ਕਿਹਾ।

"ਜਦੋਂ ਤੇਰੀ ਬੇਟੀ ਰਹਿਮਤੇ ਦਾ ਵਿਆਹ ਹੋਵੇਗਾ, ਇਸ ਨੂੰ ਸਾਰਾ ਦਾਜ ਮੇਰੇ ਵੱਲੋਂ

ਦਿੱਤਾ ਜਾਵੇਗਾ । ਇਸ ਪੁੱਤਰੀ ਦਾ ਅਨਾਦਰ ਨਹੀਂ ਕਰਨਾ । ਇਹ ਬੇਕਸੂਰ ਹੈ ।" ਅਜ਼ੀਜ਼ੁਦੀਨ ਨੇ ਹੱਥ ਜੋੜ ਕੇ ਸਿਰ ਨਿਵਾਇਆ । ਦਰਬਾਰ ਖ਼ਤਮ ਹੋ ਗਿਆ ।

5

ਸੰਨ 1797, ਜਨਵਰੀ ਦਾ ਮਹੀਨਾ ਸੀ । ਗੁਰਦੁਆਰਾ ਪਿਪਲੀ ਸਾਹਿਬ ਦੇ ਕੋਲ ਅੱਜ ਸਿੱਖ ਸਰਦਾਰ ਮੁੜ 'ਖਾਲਸਾ ਦਲ' ਬਣ ਕੇ ਅਹਿਮਦ ਸ਼ਾਹ ਅਬਦਾਲੀ ਦੇ ਪੋਤਰੇ ਸ਼ਾਹ ਜ਼ਮਾਨ ਦੀ ਫ਼ੌਜ ਨਾਲ ਮੌਤ ਦਾ ਘੋਲ ਘੁਲ ਰਹੇ ਸਨ । ਪਠਾਣ ਸਿਪਾਹੀ ਭਾਰਤ ਨੂੰ ਸੋਨੇ ਦੀ ਚਿੜੀ ਸਮਝ ਕੇ ਲੁੱਟਮਾਰ ਕਰਨ ਲਈ ਆਏ ਸਨ । ਉਹ ਲੜ ਰਹੇ ਸਨ ਦੌਲਤ ਅਤੇ ਮਲਕੀਅਤ ਵਾਸਤੇ । ਦੂਜੇ ਪਾਸੇ, ਪੰਜਾਬ ਦੇ ਸਰਦਾਰ ਦੌਲਤ ਤੇ ਜ਼ਮੀਨਾਂ ਵਾਸਤੇ ਨਹੀਂ ਸੀ ਲੜ ਰਹੇ ਸਗੋਂ ਇਹ ਦੇਸ਼ ਤੇ ਧਰਮ ਦੀ ਰੱਖਿਆ ਵਾਸਤੇ ਲੜ ਰਹੇ ਸਨ । ਉਨ੍ਹਾਂ ਦੇ ਕੰਨਾਂ ਵਿਚ ਇਕੋ ਗੱਲ ਗੂੰਜ ਰਹੀ ਸੀ, "ਤੁਸੀਂ ਪੰਜਾਬ ਦੇ ਗੱਭਰੂ ਹੋ । ਆਪਣੀ ਧਰਤੀ ਮਾਂ ਦੀ ਰੱਖਿਆ ਕਰੋ । ਪਿਆਰੀ ਜਨਮਭੂਮੀ ਨੂੰ ਵਿਦੇਸ਼ੀਆਂ ਦੇ ਹਵਾਲੇ ਨਾ ਕਰਨਾ ।" ਪੰਜਾਬ ਦੇ ਸਾਰੇ ਸਰਦਾਰ ਤੇ ਨਿਹੰਗ ਸਿੰਘ ਨੇਜ਼ਿਆਂ ਤੇ ਤਲਵਾਰਾਂ ਨਾਲ ਲੜ ਰਹੇ ਸਨ । ਸਤਾਰ੍ਹਾਂ ਸਾਲਾਂ ਦਾ ਗੱਭਰੂ ਰਣਜੀਤ ਸਿੰਘ ਲੜ ਰਿਹਾ ਸੀ । ਜੋਧ ਸਿੰਘ ਵਜ਼ੀਰਾਬਾਦੀਆ ਲੜ ਰਿਹਾ ਸੀ । ਰਾਣੀ ਸਦਾ ਕੌਰ ਨੇ ਜਿਵੇਂ ਹੀ ਜੋਧ ਸਿੰਘ ਨੂੰ ਵੇਖਿਆ ਕਚੀਚੀ ਖਾ ਕੇ ਬੁੱਲ੍ਹਾਂ ਵਿਚ ਕਿਹਾ, 'ਕਾਇਰ ਪਿਆਰ ਭਾਲਦੈ, ਮਜ਼ਾ ਤਾਂ ਬੜਾ ਚਖਾਉਂਦੀ, ਪਰ ਅੱਜ ਵਕਤ ਨਹੀਂ ।' ਅਸਲ ਵਿਚ ਇਹ ਇਕ ਐਸਾ ਮੌਕਾ ਸੀ ਜਦੋਂ ਸਾਰੇ ਸਿੱਖ ਸਰਦਾਰ ਆਪਸੀ ਝਗੜੇ-ਵਿਤਕਰੇ ਭੁੱਲ ਕੇ ਵਿਦੇਸ਼ੀ ਹਮਲਾਵਰ ਨਾਲ ਲੜ ਰਹੇ ਸਨ । ਸ਼ਾਹ ਜ਼ਮਾਨ ਸਿੱਖਾਂ ਦੀ ਸਾਂਝੀ ਸ਼ਕਤੀ ਅੱਗੇ ਟਿਕ ਨਾ ਸਕਿਆ ਤੇ ਵਾਪਸ ਪਰਤ ਗਿਆ ਪਰ ਜਾਂਦੇ-ਜਾਂਦੇ ਆਪਣੇ ਜਰਨੈਲ ਅਹਿਮਦ ਖਾਂ ਸਰਾਚੀਬਾਸ਼ੀ ਨੂੰ ਜੇਹਲਮ ਤੋਂ ਪਾਰ ਦੇ ਇਲਾਕੇ ਦਾ ਗਵਰਨਰ ਬਣਾ ਗਿਆ ।

6

ਰਾਣੀ ਸਦਾ ਕੌਰ ਦੀ ਪ੍ਰਤਿੱਗਿਆ ਅਜੇ ਪੂਰੀ ਨਹੀਂ ਸੀ ਹੋਈ । ਰਣਜੀਤ ਨੂੰ ਮਹਾਰਾਜਾ ਬਣਾਉਣ ਦਾ ਸੁਪਨਾ ਅਜੇ ਅਧੂਰਾ ਸੀ । ਸ਼ਾਹ ਜ਼ਮਾਨ ਦੇ ਜਾਣ ਤੋਂ ਮਗਰੋਂ ਸਦਾ ਕੌਰ ਨੇ ਸੋਚਿਆ ਕਿ 'ਜਿਹਲਮ ਤੋਂ ਉਰਲੇ ਪਾਸੇ ਦੇ ਸਾਰੇ ਸਿੱਖ ਸਰਦਾਰਾਂ : ਸਾਹਿਬ ਸਿੰਘ, ਮਿਲਖਾ ਸਿੰਘ, ਭਾਗ ਸਿੰਘ, ਰਾਮ ਸਿੰਘ, ਸੂਬਾ ਸਿੰਘ ਤੇ ਦਿਆਲ ਸਿੰਘ ਨੂੰ ਇਕ ਥਾਂ ਇਕੱਠਾ ਕਰ ਕੇ ਜਿਹਲਮੋਂ ਪਾਰ ਦੇ ਇਲਾਕੇ ਉਤੇ ਸਾਂਝਾ ਹਮਲਾ ਕੀਤਾ ਜਾਵੇ ।' ਅਜੇ ਸਦਾ ਕੌਰ ਤੇ ਰਣਜੀਤ ਕੌਰ ਇਸ ਹਮਲੇ ਦੀ ਸਕੀਮ ਬਣਾ ਹੀ ਰਹੇ ਸਨ ਕਿ ਸ਼ਰਾਚੀਬਾਸ਼ੀ ਨੇ ਵੀਹ ਹਜ਼ਾਰ ਫ਼ੌਜ ਨਾਲ ਗੁਜਰਾਤ ਉੱਪਰ ਹਮਲਾ ਕਰ ਦਿੱਤਾ । ਰਾਣੀ ਸਦਾ ਕੌਰ ਅੱਗੇ ਵਧ ਕੇ ਲੜੀ । ਉਹ ਇੰਨੇ ਰੋਹ ਵਿਚ ਸੀ ਕਿ ਚੰਡਿਕਾ ਦੇਵੀ ਨੂੰ ਵੀ ਮਾਤ ਪਾਉਂਦੀ ਸੀ । ਸਦਾ ਕੌਰ ਉੱਚੀ ਲਲਕਾਰ ਕੇ ਕਹਿੰਦੀ, "ਸਿੰਘੋ, ਅੱਜ ਤੁਸੀਂ ਵਿਦੇਸ਼ੀ ਹਮਲਿਆਂ ਨੂੰ ਸਦਾ ਲਈ ਮੁਕਾਉਣਾ ਹੈ । ਅਸੀਂ ਸ਼ਰਾਚੀਬਾਸ਼ੀ ਨੂੰ ਖ਼ਤਮ ਕਰਨਾ ਹੈ । ਇਨ੍ਹਾਂ ਨੂੰ ਨਿੱਹਥੇ ਕਰ ਕੇ ਭੇਜਣਾ ਹੈ ।" ਰਾਣੀ ਸਦਾ ਕੌਰ ਜਿਵੇਂ-ਜਿਵੇਂ ਅਜਿਹੇ ਫ਼ਿਕਰੇ ਬੋਲਦੀ ਸਿਪਾਹੀ ਹੋਰ

ਜੋਸ਼ ਨਾਲ ਲੜਦੇ । ਏਸ਼ੀਆ ਦੇ ਸੈਨਾਪਤੀ ਸ਼ਰਾਚੀਬਾਸ਼ੀ ਨੂੰ ਪਹਿਲੀ ਵਾਰ ਇਸਤਰੀ ਸੈਨਾਪਤੀ ਨਾਲ ਵਹਾ ਪਿਆ ਸੀ । ਸਦਾ ਕੌਰ ਨੇ ਬਾਸ਼ੀ ਨੂੰ ਲਲਕਾਰ ਕੇ ਅਜਿਹਾ ਵਾਰ ਕੀਤਾ ਕਿ ਉਸ ਦਾ ਸਿਰ ਇਕ ਪਾਸੇ ਲਟਕ ਗਿਆ ਤੇ ਸਰੀਰ ਦੂਜੇ ਪਾਸੇ । ਧਿਆਨ ਸਿੰਘ ਨੇ ਜਿਵੇਂ ਹੀ ਵੇਖਿਆ ਉਹਨੇ ਬਾਸ਼ੀ ਦਾ ਸਿਰ ਆਪਣੇ ਨੇਜ਼ੇ ਉਤੇ ਟੰਗ ਲਿਆ ਤੇ ਉੱਚੀ ਸਾਰੀ ਜੈਕਾਰਾ ਬੁਲਾਇਆ । ਵਿਰੋਧੀ ਫ਼ੌਜ ਨੇ ਜਦੋਂ ਆਪਣੇ ਜਰਨੈਲ ਦਾ ਸਿਰ ਨੇਜ਼ੇ ਉੱਪਰ ਟੰਗਿਆ ਵੇਖਿਆ ਤਾਂ ਉਹ ਜੰਗ ਦੇ ਮੈਦਾਨ ਵਿਚੋਂ ਨੱਠਣ ਲੱਗ ਪਏ । ਮਹਾਨ ਜੇਤੂ ਵਾਂਗ ਰਾਣੀ ਸਦਾ ਕੌਰ ਸ਼ਰਾਚੀਬਾਸ਼ੀ ਦਾ ਸਿਰ ਲੈ ਕੇ ਰਣਜੀਤ ਸਿੰਘ ਨਾਲ ਗੁਜਰਾਂਵਾਲੇ ਪੁੱਜੀ ।

"ਕਾਕਾ ਜੀ ! ਅੱਜ ਮੇਰੀ ਪ੍ਰਤਿੱਗਿਆ ਪੂਰੀ ਹੋ ਗਈ । ਹੁਣ ਤੋਂ ਤੁਸੀਂ ਰਾਜੇ । ਹੁਣ ਕਾਬਲ ਤੋਂ ਕੋਈ ਹੌਸਲਾ ਨਹੀਂ ਕਰੇਗਾ ਹਮਲਾ ਕਰਨ ਦਾ । ਬਸ ਨਿੱਕਾ ਜਿਹਾ ਉਪਰਾਲਾ ਕਰਨਾ ਹੈ—ਭੰਗੀਆਂ ਕੋਲੋਂ ਲਾਹੌਰ ਜਿੱਤ ਲਿਆ ਜਾਵੇ । ਜਿਹਦੇ ਕੋਲ ਲਾਹੌਰ ਹੋਵੇਗਾ, ਉਹੀ ਪੰਜਾਬ ਦਾ ਰਾਜਾ ਹੋਵੇਗਾ ।" ਰਾਣੀ ਸਦਾ ਕੌਰ ਖੁਸ਼ੀ ਨਾਲ ਰਣਜੀਤ ਸਿੰਘ ਦੇ ਸਿਰ ਉੱਪਰ ਨਾਲੇ ਹੱਥ ਫੇਰ ਰਹੀ ਸੀ ਤੇ ਨਾਲੇ ਇਹ ਗੱਲਾਂ ਕਰਦੀ ਰਹੀ । ਰਾਣੀ ਸਦਾ ਕੌਰ ਨੂੰ ਕੁਝ ਦਿਨ ਹੋ ਗਏ ਸਨ ਆਪਣੀ ਰਾਜਧਾਨੀ ਤੋਂ ਆਇਆਂ । ਸੋ ਫੇਰਾ ਮਾਰਨ ਦੇ ਖ਼ਿਆਲ ਨਾਲ ਸਦਾ ਕੌਰ ਆਪਣੀ ਰਾਜਧਾਨੀ ਸੋਹੀਆਂ ਵਲ ਜਾਣ ਲਈ ਤਿਆਰ ਹੋ ਪਈ ।

7

ਰਾਣੀ ਸਦਾ ਕੌਰ ਸੋਹੀਆਂ ਪਹੁੰਚ ਕੇ ਲੋਕਾਂ ਦੀਆਂ ਫ਼ਰਿਆਦਾਂ ਸੁਣਦੀ । ਯੋਗ ਪ੍ਰਬੰਧ ਕਰਦੀ ਤੇ ਮਨ ਵਿਚ ਰਣਜੀਤ ਸਿੰਘ ਦੇ ਰਾਜ ਦੀਆਂ ਹੱਦਾਂ ਚੌੜੀਆਂ ਕਰਨ ਦੀਆਂ ਸਕੀਮਾਂ ਬਣਾਉਂਦੀ ਰਹਿੰਦੀ । ਇਕ ਦਿਨ ਲੌਢੇ ਕੁ ਵੇਲੇ (ਸ਼ਾਮ ਵੇਲੇ) ਰਾਣੀ ਆਰਾਮ ਕਰ ਕੇ ਅਲਸਾਈ ਜਿਹੀ ਖਲੋਤੀ ਸੀ ਕਿ ਰਣਜੀਤ ਸਿੰਘ ਦਾ ਹਲਕਾਰਾ ਸੁਨੇਹਾ ਲੈ ਕੇ ਆਇਆ ਤੇ ਉਸ ਨੇ ਉਸੇ ਵੇਲੇ ਫ਼ੌਜ ਨੂੰ ਕੂਚ ਕਰਨ ਦਾ ਹੁਕਮ ਦੇ ਦਿੱਤਾ । ਸਕੀਮ ਅਨੁਸਾਰ ਰਾਣੀ ਸਦਾ ਕੌਰ ਆਪਣਾ ਫ਼ੌਜੀ ਦਸਤਾ ਲੈ ਕੇ ਦਿੱਲੀ ਦਰਵਾਜ਼ੇ ਰਾਹੀਂ ਦਾਖ਼ਲ ਹੋਵੇਗੀ ਤੇ ਰਣਜੀਤ ਸਿੰਘ ਸ਼ਾਹਆਲਮੀ ਗੇਟ ਵੱਲੋਂ । ਭੰਗੀ ਸਰਦਾਰਾਂ ਨੂੰ ਜਦੋਂ ਖ਼ਬਰ ਮਿਲੀ ਤਾਂ ਉਹ ਚੁੱਪਚਾਪ ਲਾਹੌਰ ਛੱਡ ਗਏ । ਰਣਜੀਤ ਸਿੰਘ ਦਾ ਬਿਨਾਂ ਲੜਾਈ ਕੀਤਿਆਂ ਲਾਹੌਰ ਉਤੇ ਕਬਜ਼ਾ ਹੋ ਗਿਆ । ਸਦਾ ਕੌਰ ਨੇ ਰਣਜੀਤ ਸਿੰਘ ਨੂੰ ਨਜ਼ਰਾਨੇ ਦਿਵਾ ਕੇ ਰਸਮੀ ਤੌਰ ਤੇ ਰਾਜਾ ਘੋਸ਼ਿਤ ਕਰ ਦਿੱਤਾ । ਲਾਹੌਰ ਦੇ ਕਿਲ੍ਹੇ ਵਿਚ ਦਰਬਾਰ ਲੱਗਾ ਤੇ ਰਾਣੀ ਸਦਾ ਕੌਰ ਨੇ ਜਨਤਾ ਨੂੰ ਸੰਬੋਧਨ ਕੀਤਾ, "ਦੇਸ਼ਵਾਸੀਓ, ਲਾਹੌਰ ਵਿਚ ਅਮਨ ਦਾ ਰਾਜ ਹੋਵੇਗਾ, ਤੁਹਾਡਾ ਆਪਣਾ ਰਾਜ । ਪਰਜਾ ਉੱਪਰ ਵਾਧੂ ਭਾਰ ਨਹੀਂ ਪਾਇਆ ਜਾਵੇਗਾ । ਲਾਹੌਰ ਦੀ ਰਾਖੀ ਕੀਤੀ ਜਾਵੇਗੀ । ਸਾਰੀਆਂ ਕੌਮਾਂ ਦਾ ਸਤਿਕਾਰ ਇਕੋ ਜਿਹਾ ਹੋਵੇਗਾ । ਸਭ ਪੰਜਾਬੀ ਭਰਾ-ਭਰਾ ਬਣ ਕੇ ਰਹਿਣਗੇ । ਰਣਜੀਤ ਸਿੰਘ ਰਾਜ ਕਰਦਾ ਹੋਇਆ ਸਭ ਦੀ ਸੇਵਾ ਕਰੇਗਾ ।" ਅੱਜ ਸ਼ਾਮ ਲਾਹੌਰ ਦੇ ਕਿਲ੍ਹੇ ਉੱਪਰ ਰਾਤ ਨੂੰ ਰੌਸ਼ਨੀ ਕੀਤੀ ਗਈ । ਆਤਸ਼ਬਾਜ਼ੀ ਚਲਾਈ ਗਈ । ਸਾਰਾ ਸ਼ਹਿਰ ਖੁਸ਼ੀ ਦੀ ਲਹਿਰ ਵਿਚ ਝੂਮ ਉਠਿਆ । ਰਣਜੀਤ ਸਿੰਘ

ਤੇ ਸਦਾ ਕੌਰ ਬੈਠੇ ਗੱਲਾਂ ਕਰ ਰਹੇ ਸਨ ਤੇ ਧਰਮੀ ਰਾਣੀ ਸਦਾ ਕੌਰ ਨੇ ਰਣਜੀਤ ਸਿੰਘ ਨੂੰ ਪੰਚਮ ਗੁਰੂ ਦੇ ਸ਼ਹੀਦੀ ਅਸਥਾਨ 'ਡੇਰਾ ਸਾਹਿਬ' ਦੀ ਮੁਰੰਮਤ ਨੂੰ ਪਹਿਲ ਦੇਣ ਦੀ ਸਲਾਹ ਦਿੱਤੀ।

ਭੰਗੀ ਸਰਦਾਰ ਭਾਵੇਂ ਲਾਹੌਰ ਚੁੱਪ ਕਰ ਕੇ ਛੱਡ ਗਏ ਸਨ ਪਰ ਉਹ ਅੰਦਰੋਂ-ਅੰਦਰੀਂ ਦੂਜੇ ਸਰਦਾਰਾਂ ਨਾਲ ਮਿਲ ਕੇ ਰਣਜੀਤ ਸਿੰਘ ਦੇ ਖ਼ਿਲਾਫ਼ ਗੋਂਦਾਂ ਗੁੰਦਦੇ ਹੀ ਰਹਿੰਦੇ। ਗੁਲਾਬ ਸਿੰਘ ਭੰਗੀ ਤੇ ਸਾਹਿਬ ਸਿੰਘ ਭੰਗੀ ਨਾਲ ਜੋਧ ਸਿੰਘ ਵਜ਼ੀਰਾਬਾਦੀਆ ਤੇ ਜੋਧ ਸਿੰਘ ਰਾਮਗੜ੍ਹੀਆ ਵੀ ਆਣ ਰਲਿਆ। ਇਹ ਸਾਰੇ ਰਲ ਕੇ ਰਣਜੀਤ ਸਿੰਘ ਨੂੰ ਹਰਾਉਣਾ ਚਾਹੁੰਦੇ ਸਨ। ਰਣਜੀਤ ਸਿੰਘ ਹਾਲੇ ਬਾਹਰਲੀ ਤਾਕਤ ਨਾਲ ਮਸਾਂ ਨਿਪਟਿਆ ਹੀ ਸੀ ਕਿ ਹੁਣ ਸਿੱਖ ਸਰਦਾਰਾਂ ਨਾਲ ਉਲਝਣਾ ਪੈ ਗਿਆ। ਰਾਣੀ ਸਦਾ ਕੌਰ ਰਣਜੀਤ ਸਿੰਘ ਨੂੰ ਨਾਲ ਲੈ ਕੇ ਲਾਹੌਰ ਦੇ ਬਾਹਰਵਾਰ ਆ ਗਈ। ਇਥੇ ਇਨ੍ਹਾਂ ਚਾਰਾਂ ਨਾਲ ਮੁਕਾਬਲਾ ਹੋਣਾ ਸੀ। ਗੁਲਾਬ ਸਿੰਘ ਦੀ ਬਹੁਤੀ ਸ਼ਰਾਬ ਪੀਣ ਕਰ ਕੇ ਆਪੇ ਹੀ ਮੌਤ ਹੋ ਗਈ ਸੋ ਭੰਗੀ ਸਰਦਾਰ ਤਾਂ ਆਪੇ ਮੁੱਕ ਗਏ। ਹੁਣ ਰਹਿ ਗਏ ਦੋ ਜੋਧ ਸਿੰਘ। ਇਕ ਵਜ਼ੀਰਾਬਾਦੀਆ ਤੇ ਦੂਜਾ ਰਾਮਗੜ੍ਹੀਆ। ਹੁਣ ਨਵੇਂ ਸਿਰੇ ਤੋਂ ਫ਼ੌਜਾਂ ਬਟਾਲੇ ਤੋਂ ਥੋੜ੍ਹੀ ਦੂਰ ਆਣ ਜੁੜੀਆਂ ਜਿੱਥੇ ਕਦੀ ਪਹਿਲਾਂ ਸ. ਗੁਰਬਖਸ਼ ਸਿੰਘ ਸ਼ਹੀਦ ਹੋਇਆ ਸੀ। ਅੱਜ ਜੋਧ ਸਿੰਘ ਰਾਮਗੜ੍ਹੀਆ ਆਪਣੀ ਫ਼ੌਜ ਲੈ ਕੇ ਆਇਆ ਸੀ। ਇਹ ਉਸ ਦੀ ਅੰਤਿਮ ਲੜਾਈ ਸੀ। ਜਿਉਣਾ ਜਾਂ ਮਰਨਾ—ਨੱਠਣਾ ਨਹੀਂ। ਅੱਜ ਰਾਣੀ ਸਦਾ ਕੌਰ ਦੇ ਸਾਹਮਣੇ ਪਤੀ ਦਾ ਚਮਕਦਾ ਚਿਹਰਾ ਸੀ। ਅੱਜ ਉਹ ਉਥੇ ਲੜ ਰਹੀ ਸੀ ਜਿਥੇ ਕਦੀ ਉਹ ਮਹਿਲਾਂ ਦਾ ਸ਼ਿੰਗਾਰ ਹੁੰਦੀ ਸੀ। ਅੱਜ ਉਹ ਸਾਰੇ ਪਿਛਲੇ ਬਦਲੇ ਚੁਕਾਉਣਾ ਚਾਹੁੰਦੀ ਸੀ। ਅਚਲ ਦੇ ਮੈਦਾਨ ਵਿਚ ਲਹੂ ਹੀ ਲਹੂ ਸੀ। ਸ਼ਾਮ ਵੇਲੇ ਰਾਮਗੜ੍ਹੀਆਂ ਦੇ ਪੈਰ ਉੱਖੜ ਗਏ। ਉਹ ਮੈਦਾਨ ਛੱਡ ਕੇ ਭੱਜ ਗਏ। ਸਦਾ ਕੌਰ ਆਪਣੇ ਪਤੀ ਦੇ ਸ਼ਹਿਰ ਵਿਚ ਫਤਹਿ ਦਾ ਡੰਕਾ ਵਜਾਉਂਦੀ ਹੋਈ ਦਾਖ਼ਲ ਹੋਈ। ਸੰਨ 1807 ਈਸਵੀ ਦਾ ਸਾਲ ਚੜ੍ਹਿਆ ਹੀ ਸੀ। ਰਾਣੀ ਸਦਾ ਕੌਰ ਜਿੱਤ ਦੀ ਖੁਸ਼ੀ ਵਿਚ ਆਪਣੇ ਪਤੀ ਦੇ ਸ਼ਹਿਰ ਨੂੰ ਸੋਹਣਾ ਬਣਾਉਣਾ ਚਾਹੁੰਦੀ ਸੀ। ਹਜ਼ਾਰਾਂ ਮਜ਼ਦੂਰ, ਰਾਜ ਤੇ ਤਰਖਾਣ ਲੱਗੇ ਹੋਏ ਸਨ। ਕਾਮਿਆਂ ਨੂੰ ਦਿਹਾੜੀ ਤੋਂ ਇਲਾਵਾ ਸ਼ੱਕਰ ਤੇ ਘਿਓ ਵੀ ਰੋਟੀ ਨਾਲ ਦਿੱਤੀ ਜਾ ਰਹੀ ਸੀ। ਸ਼ਹਿਰ ਵਿਚ ਵੱਡਾ ਤਲਾਅ ਬਣਾਇਆ ਜਾ ਰਿਹਾ ਸੀ। ਕਿਲ੍ਹਾ ਤੇ ਰਾਜ ਭਵਨ ਤਿਆਰ ਹੋ ਰਿਹਾ ਸੀ। ਸ਼ਹਿਰ ਦੇ ਦੁਆਲੇ ਚਾਰਦੀਵਾਰੀ ਬਣਾਈ ਜਾ ਰਹੀ ਸੀ। ਵਟਾਲੇ ਵਿਚ ਰੌਣਕਾਂ ਸਨ। ਰਾਣੀ ਸਦਾ ਕੌਰ ਕਿਸੇ ਗੁੱਝੀ ਖੁਸ਼ੀ ਦੀ ਆਸ ਕਰ ਰਹੀ ਸੀ ਕਿ ਇਕ ਦਿਨ ਉਸ ਦੀ ਸਪੁੱਤਰੀ ਮਹਿਤਾਬ ਕੌਰ ਨੇ ਦੋ ਸਪੁੱਤਰਾਂ ਨੂੰ ਜਨਮ ਦਿੱਤਾ। ਰਾਣੀ ਦੇ ਚਿਹਰੇ ਉਤੇ ਇਲਾਹੀ ਨੂਰ ਚਮਕਿਆ। ਅੱਖਾਂ ਨੀਰ ਨਾਲ ਭਰ ਆਈਆਂ, ਹੱਥ ਸ਼ੁਕਰਾਨੇ ਨਾਲ ਜੁੜ ਗਏ : "ਕਾਸ਼ ! ਪਤੀ ਜੀ ! ਅੱਜ ਤੁਸੀਂ ਵੀ ਹੁੰਦੇ।"

ਵਟਾਲੇ ਦੇ ਰਾਜ-ਮਹਿਲ ਵਿਚ ਬਿਗਲ ਵੱਜਾ। ਤੋਪਾਂ ਦਾਗੀਆਂ ਗਈਆਂ। ਵਾਜੇ ਵੱਜੇ। ਹਵਾਈਆਂ ਚੱਲੀਆਂ। ਮੰਦਰਾਂ ਅਤੇ ਮਸਜਿਦਾਂ ਵਿਚ ਦਾਨ-ਪੁੰਨ ਕੀਤਾ ਗਿਆ। ਖੁਸ਼ੀ ਨਾਲ ਆਨੰਦ ਮੰਗਲਾਚਾਰ ਹੋਣ ਲੱਗੇ। ਸ਼ਹਿਨਾਈਆਂ ਵੱਜਣ ਲੱਗੀਆਂ, ਗੁੜ ਵੰਡਿਆ ਜਾਣ ਲੱਗਾ। ਹਲਵਾਈ ਬਿਠਾਏ ਗਏ। ਖੁਸ਼ੀ ਵਿਚ ਕੈਬਦੇ ਬੁੱਲ੍ਹਾਂ ਨਾਲ ਰਾਣੀ

ਸਦਾ ਕੌਰ ਨੇ ਕਿਹਾ, "ਕਿਸੇ ਨੂੰ ਨਿਰਾਸ ਨਾ ਕਰਨਾ । ਰੱਜ-ਰੱਜ ਕੇ ਮਠਿਆਈਆਂ ਵੰਡੋ । ਗਰੀਬਾਂ ਦੀਆਂ ਅਸੀਸਾਂ ਲਉ । ਅੱਜ ਮੇਰੀ ਮਹਿਤਾਬ ਪੁੱਤਰਾਂ ਦੀ ਮਾਂ ਬਣੀ ਹੈ । ਰਾਜ-ਭਵਨ ਵਿਚ ਬਾਲਕ ਖੇਡਣਗੇ ।" ਖੁਸ਼ੀ ਦੀ ਖ਼ਬਰ ਸੁਣ ਕੇ ਰਣਜੀਤ ਸਿੰਘ ਵੀ ਵਟਾਲੇ ਪਹੁੰਚ ਗਿਆ । ਅੰਤ ਦੀਆਂ ਖੁਸ਼ੀਆਂ ਕੀਤੀਆਂ ਗਈਆਂ । ਗੁਰੂ ਮਹਾਰਾਜ ਦੇ ਹੁਕਮ ਅਨੁਸਾਰ ਵੱਡੇ ਪੁੱਤਰ ਦਾ ਨਾਮ ਸ਼ੇਰ ਸਿੰਘ ਤੇ ਛੋਟੇ ਦਾ ਤਾਰਾ ਸਿੰਘ ਰੱਖਿਆ ਗਿਆ ।

ਰਾਜ ਭਵਨ ਵਿਚ ਬਾਲਕਾਂ ਦੀ ਸੇਵਾ ਹੋਣ ਲੱਗੀ । ਮਾਂ ਦਾ ਪਿਆਰ, ਪਿਤਾ ਦਾ ਪਿਆਰ, ਨਾਨੀ ਅੰਮਾ ਦਾ ਪਿਆਰ ਲੈ ਕੇ ਬਾਲਕ ਦਿਨੋ-ਦਿਨ ਵੱਡੇ ਹੋਣ ਲੱਗੇ । ਵਟਾਲੇ ਦੇ ਰਾਜ-ਭਵਨ ਵਿਚ ਅਪਾਰ ਸੁੱਖਾਂ ਦੇ ਬਾਵਜੂਦ ਕਦੀ-ਕਦੀ ਮਾਵਾਂ-ਧੀਆਂ ਆਪਸ ਵਿਚ ਉਦਾਸੀ ਭਰੀਆਂ ਗੱਲਾਂ ਕਰਦੀਆਂ । ਰਾਣੀ ਮਹਿਤਾਬ ਕੌਰ ਮਾਂ ਸਦਾ ਕੌਰ ਨੂੰ ਕਹਿੰਦੀ, "ਮਾਤਾ ਜੀ, ਤੁਸੀਂ ਨਾ ਜਾਇਆ ਕਰੋ ਮੁਹਿੰਮਾਂ 'ਤੇ, ਰਾਜ ਤਿਲਕ ਤਾਂ ਤੁਹਾਡੇ ਦੋਹਤਿਆਂ ਨੂੰ ਲੱਗਣਾ ਨਹੀਂ । ਅਸਲ ਵਿਚ ਰਣਜੀਤ ਸਿੰਘ ਦਾ ਇਕ ਹੋਰ ਪੁੱਤਰ ਸੀ ਜਿਸ ਦਾ ਨਾਉਂ ਖੜਗ ਸਿੰਘ ਸੀ । ਜੋ ਸ਼ੇਰ ਸਿੰਘ ਤੋਂ ਵੱਡਾ ਸੀ । ਖੜਗ ਸਿੰਘ ਦੀ ਮਾਤਾ ਦਾ ਨਾਮ ਰਾਜ ਕੌਰ ਸੀ ਜੋ ਰਣਜੀਤ ਸਿੰਘ ਦੀ ਪਹਿਲੀ ਰਾਣੀ ਸੀ । ਰਾਣੀ ਮਹਿਤਾਬ ਕੌਰ ਮਹਾਰਾਜੇ ਦੀ ਦੂਸਰੀ ਰਾਣੀ ਸੀ । ਸੋ ਵੱਡਾ ਹੋਣ ਕਰ ਕੇ ਰਾਜ ਤਿਲਕ ਦਾ ਅਧਿਕਾਰੀ ਸ਼ਹਿਜ਼ਾਦਾ ਖੜਗ ਸਿੰਘ ਹੀ ਸੀ ।

ਰਾਣੀ ਸਦਾ ਕੌਰ ਪਹਿਲਾਂ ਤਾਂ ਜਵਾਈ ਨੂੰ ਰਾਜਾ ਬਣਾਉਣ ਲਈ ਮੁਹਿੰਮਾਂ 'ਤੇ ਜਾਇਆ ਕਰਦੀ ਸੀ, ਹੁਣ ਦੋਹਤਰੇ ਸ਼ੇਰ ਸਿੰਘ ਦੀ ਰੱਖਿਆ ਲਈ ਜੰਗਾਂ ਵਿਚ ਜਾਂਦੀ ਸੀ । ਉਹ ਦੋਹਤਰੇ ਦੀ ਰੱਖਿਅਕ ਬਣ ਕੇ ਸੰਨ 1821 ਈਸਵੀ ਵਿਚ ਹਜ਼ਾਰੇ ਦੀ ਬਗ਼ਾਵਤ ਨੂੰ ਦਬਾਉਣ ਲਈ ਨਾਲ ਗਈ । ਕਸ਼ਮੀਰ ਉੱਪਰ ਕਬਜ਼ਾ ਕਰ ਕੇ ਖੁਸ਼ੀ-ਖੁਸ਼ੀ ਆਪਣੇ ਜਰਨੈਲ ਦੋਹਤਰੇ ਸ਼ਹਿਜ਼ਾਦੇ ਸ਼ੇਰ ਸਿੰਘ ਨਾਲ ਲਾਹੌਰ ਪੁੱਜੀ । ਹੁਣ ਸ਼ੇਰ ਸਿੰਘ ਚੌਦ੍ਹਾਂ ਸਾਲਾਂ ਦਾ ਗੱਭਰੂ ਜਵਾਨ ਹੋ ਗਿਆ ਸੀ । ਸ਼ੇਰ ਸਿੰਘ ਦਾ ਆਪਣਾ ਫ਼ੌਜੀ ਦਸਤਾ ਵੀ ਸੀ । ਉਹ ਵੀ ਨਾਨੀ ਵਾਂਗ ਹੁਸ਼ਿਆਰ ਤੇ ਦਲੇਰ ਸੀ । ਰਾਣੀ ਸਦਾ ਕੌਰ ਨੇ ਲਾਹੌਰ ਵਿਚ ਪੁੱਜ ਕੇ ਵੀ ਆਪਣੀ ਫ਼ੌਜ ਦਾ ਉਤਾਰਾ ਲਾਹੌਰ ਦੇ ਬਾਹਰ ਹੀ ਕਰਵਾਇਆ ਤੇ ਨਾਲ ਹੀ ਆਪਣਾ ਤੰਬੂ ਵੀ ਲਗਵਾਇਆ । ਰਾਣੀ ਸਦਾ ਕੌਰ ਆਪਣੇ ਦੋਹਤਰੇ ਦੀ ਕਾਮਯਾਬੀ ਉੱਪਰ ਅਤਿਅੰਤ ਖੁਸ਼ ਸੀ ।

8

ਹਮੇਸ਼ਾ ਦੀ ਤਰ੍ਹਾਂ ਅੱਜ ਵੀ ਰਾਣੀ ਸਦਾ ਕੌਰ ਨਵੇਂ ਉਤਸ਼ਾਹ ਨਾਲ ਜਾਗੀ ਸੀ । ਇਸ਼ਨਾਨ ਕਰਨ ਉਪਰੰਤ ਜਪੁਜੀ ਦਾ ਪਾਠ ਕਰ ਹੀ ਰਹੀ ਸੀ ਕਿ ਗੋਲੀ ਨੇ ਸੁਨੇਹਾ ਦਿੱਤਾ—ਮਹਾਰਾਜਾ ਸਾਹਿਬ ਨੇ ਰਾਜ ਮਹਿਲ ਵਿਚ ਤੁਹਾਨੂੰ ਦੁਪਹਿਰ ਦੇ ਖਾਣੇ 'ਤੇ ਬੁਲਾਇਆ ਹੈ ।

ਰਾਣੀ ਨੇ 'ਹਾਂ' ਵਿਚ ਸਿਰ ਹਿਲਾਇਆ ਤੇ ਪਾਠ ਕਰਨ ਲੱਗ ਪਈ । ਅੱਜ ਰਾਣੀ ਜ਼ਰਾ ਉਚੇਚ ਨਾਲ ਤਿਆਰ ਹੋਈ । ਪੂਰੀ ਵਰਦੀ ਪਹਿਨ ਕੇ, ਕਾਲੀ ਦਸਤਾਰ ਬੰਨ੍ਹ ਕੇ ਉੱਪਰ ਚਮਕਦਾ ਹੋਇਆ ਚੱਕਰ ਪਹਿਨਿਆ । ਉਸ ਦੇ ਚਿਹਰੇ ਉੱਪਰ ਭਖਦਾ ਜਲਾਲ, ਅੱਖਾਂ ਵਿਚਲੀ ਜੋਤ ਤੇ ਰੂਹਾਨੀ ਜਲੌਅ ਦਾ ਪ੍ਰਤਾਪ ਸਾਧਾਰਣ ਬੰਦੇ ਲਈ ਝੱਲਣਾ ਕਠਿਨ

ਸੀ। ਰਾਣੀ ਸਿੱਧੀ ਸ਼ੀਸ਼ ਮਹਿਲ ਪਹੁੰਚੀ। ਕਿਲ੍ਹੇ ਦੀ ਡਿਉੜੀ 'ਤੇ ਕਿਸੇ ਵੀ ਪਹਿਰੇਦਾਰ ਦੀ ਉਸ ਨੂੰ ਰੋਕਣ ਦੀ ਹਿੰਮਤ ਨਾ ਪਈ। ਰਣਜੀਤ ਸਿੰਘ ਹੁਣ ਮਹਾਰਾਜਾ ਰਣਜੀਤ ਸਿੰਘ ਬਣ ਚੁੱਕਾ ਸੀ। ਉਹ ਦਰਬਾਰ ਵਿਚ ਜਾਣ ਦੀ ਤਿਆਰੀ ਕਰ ਰਹੇ ਸਨ। ਰਾਣੀ ਸਦਾ ਕੌਰ ਨੇ ਜਿਵੇਂ ਹੀ ਕਮਰੇ ਵਿਚ ਪ੍ਰਵੇਸ਼ ਕੀਤਾ ਮਹਾਰਾਜੇ ਨੇ ਝੁਕ ਕੇ ਪੈਰੀਂ ਹੱਥ ਲਾਇਆ। "ਤੁਸੀਂ ਮੈਨੂੰ ਬੁਲਾਇਆ ਹੈ ?" ਰਾਣੀ ਨੇ ਪ੍ਰਸ਼ਨ ਸੂਚਕ ਨਜ਼ਰਾਂ ਨਾਲ ਵੇਖਿਆ। ਰਾਣੀ ਦੇ ਸਾਹਮਣੇ ਬੈਠਦਿਆਂ ਹੀ ਮਹਾਰਾਜੇ ਨੇ ਹਾਂ ਵਿਚ ਸਿਰ ਹਿਲਾਇਆ। "ਗੱਲ ਇਹ ਹੈ ਕਿ ਮੇਰੇ ਤੇ ਖਾਲਸਾ ਰਾਜ ਬਦਲੇ ਤੁਸੀਂ ਲੱਗਭਗ ਛੱਤੀ ਸਾਲ ਲੜਾਈਆਂ ਲੜੀਆਂ ਹਨ। ਹੁਣ ਆਪ ਦੀ ਉਮਰ ਵਡੇਰੀ ਹੋ ਗਈ ਹੈ। ਹੁਣ ਆਪ ਆਰਾਮ ਕਰੋ। ਬੁਢੇਪੇ ਵਿਚ ਭਜਨ-ਬੰਦਗੀ ਕਰੋ। ਲਾਹੌਰ, ਜਾਂ ਅੰਮ੍ਰਿਤਸਰ ਵਿਚ ਜਿਥੇ ਵੀ ਆਪ ਚਾਹੇ ਰਹੋ। ਅੱਗੇ ਤੋਂ ਕਿਸੇ ਵੀ ਮੁਹਿੰਮ 'ਤੇ ਨਾ ਜਾਉ।" ਮਹਾਰਾਜੇ ਨੇ ਇਕੋ ਵਾਰ ਏਨੇ ਸਾਰੇ ਹੁਕਮ ਕਹਿ ਸੁਣਾਏ।

ਰਾਣੀ ਸਦਾ ਕੌਰ ਸਿਮਰਤੀ ਰਾਹੀਂ ਕਈ ਵਰ੍ਹੇ ਪਿਛਾਂਹ ਲੰਘ ਆਈ। ਉਸ ਦੇ ਸਾਹਮਣੇ ਅਣ-ਦਾੜ੍ਹੀਆ ਬਾਲ ਰਣਜੀਤ ਸਿੰਘ ਸੀ। ਉਸ ਨੇ ਉਸ ਲਈ ਲੜਾਈਆਂ ਲੜੀਆਂ ਸਨ। ਉਹਨੂੰ ਸਰਦਾਰ ਤੋਂ ਰਾਜਾ ਬਣਾਇਆ ਸੀ। ਫਿਰ ਰਾਜੇ ਤੋਂ ਮਹਾਰਾਜਾ। ਉਹਦੇ ਬਦਲੇ ਉਹ ਜਰਨੈਲਾਂ ਵਾਂਗ ਲੜੀ ਸੀ। ਹਰ ਲੜਾਈ ਵਿਚ ਉਹਦੇ ਅੰਗ-ਸੰਗ ਰਹੀ ਸੀ। ਅੱਜ ਇਕਤਾਲੀ ਸਾਲਾ ਰਣਜੀਤ ਗੱਭਰੂ ਤੋਂ ਲੰਮੀ ਦਾੜ੍ਹੀ ਵਾਲਾ ਬਜ਼ੁਰਗ ਬਣਿਆ ਪਿਆ ਸੀ। ਉਸ ਦਾ ਉਸ ਉੱਪਰੋਂ ਵਿਸ਼ਵਾਸ ਡੋਲ ਗਿਆ ਸੀ। ਸ਼ੇਰਨੀ ਦੇ ਜਿਗਰੇ ਵਾਲੀ ਰਾਣੀ ਸਦਾ ਕੌਰ ਦਾ ਗੱਚ ਭਰ ਆਇਆ ਪਰ ਮੂੰਹੋਂ ਕੁਝ ਨਾ ਬੋਲੀ ਤੇ ਬਿੱਟ-ਬਿੱਟ ਰਣਜੀਤ ਸਿੰਘ ਦੇ ਮੂੰਹ ਵੱਲ ਵੇਖਦੀ ਰਹੀ। ਇਹ ਉਹੀ ਰਣਜੀਤ ਏ ਜਿਸ ਦੇ ਲਈ ਮੈਂ ਸਿੱਖ ਸਰਦਾਰਾਂ ਨਾਲ ਲੜਦੀ ਰਹੀ। ਏਸ਼ਿਆਈ ਜਰਨੈਲ ਸ਼ਰਾਬੀਬਾਸ਼ੀ ਨਾਲ ਲੜੀ। ਅੱਜ ਰਣਜੀਤ ਸਿੰਘ ਮੈਨੂੰ ਜੰਗ ਵਿਚ ਜਾਣੋਂ ਰੋਕ ਰਿਹਾ ਹੈ। ਰਾਣੀ ਦੇ ਚਿਹਰੇ ਦੇ ਉਤਰਾਅ-ਚੜ੍ਹਾਅ ਵੇਖ ਕੇ ਮਹਾਰਾਜਾ ਫਿਰ ਬੋਲਿਆ, "ਮਾਤਾ ਜੀ, ਮੈਨੂੰ ਪਤਾ ਲੱਗਾ ਹੈ ਕਿ ਤੁਸੀਂ ਅੰਗਰੇਜ਼ਾਂ ਨਾਲ ਰੀਢ-ਤੁੱਪ ਕਰ ਰਹੇ ਹੋ ?" ਗੱਲ ਸੁਣਦਿਆਂ ਹੀ ਰਾਣੀ ਗਰਜ ਪਈ, "ਸ਼ਰਮ ਕਰ ਰਣਜੀਤ ਸਿੰਘ ! ਪਾਗ਼ਲ ਤਾਂ ਨਹੀਂ ਹੋ ਗਿਆ...ਮੇਰੇ ਉਤੇ ਤੁਹਮਤ ਲਾਂਦਿਆਂ ਤੈਨੂੰ ਲਾਜ ਨਹੀਂ ਆਉਂਦੀ ? ਅਜੇ ਕੱਲ੍ਹ ਤਾਂ ਤੇਰੇ ਰਾਜ ਦੇ ਬਦਲੇ ਮੈਂ ਹਜ਼ਾਰੇ ਤੋਂ ਆਈ ਹਾਂ।" "ਠੀਕ ਹੈ, ਤੁਸੀਂ ਆਪਣੀ ਜਗੀਰ ਆਪਣੇ ਦੁਹਤਰਿਆਂ ਦੇ ਨਾਮ ਲਾ ਦਿਓ।" "ਮੈਂ" ਰਾਣੀ ਗੁੱਸੇ ਨਾਲ ਕੰਬੀ। ਸਦਾ ਕੌਰ ਕ੍ਰੋਧ ਤੇ ਪਸ਼ੇਮਾਨੀ ਦੇ ਮਿਲਵੇਂ ਭਾਵਾਂ ਨਾਲ ਹੱਸੀ ਤੇ ਹੌਂਸਲਾ ਕਰ ਕੇ ਬੋਲੀ, "ਮੈਂ ਕਿਸੇ ਦੇ ਨਾਮ ਜਗੀਰ ਨਹੀਂ ਲੁਆਉਣੀ। ਮੈਂ ਆਜ਼ਾਦ ਹਾਂ ਤੇ ਆਜ਼ਾਦ ਹੀ ਰਹਾਂਗੀ।" ਰਣਜੀਤ ਸਿੰਘ ਬੋਲਿਆ, "ਮਾਤਾ ਜੀ, ਹੱਠ ਕਰਨਾ ਠੀਕ ਨਹੀਂ...ਇਹ ਹੁਕਮ ਹੈ। ਅੱਜ ਤੋਂ ਤੁਸੀਂ ਆਪਣੀ ਜਗੀਰ ਦਾ ਰਾਜ-ਪ੍ਰਬੰਧ ਨਹੀਂ ਕਰੋਗੇ। ਕਿਸੇ ਮੁਹਿੰਮ ਉਤੇ ਨਹੀਂ ਜਾਉਗੇ।" "ਠੀਕ ਹੈ, ਸੋਚਾਂਗੀ" ਸਦਾ ਕੌਰ ਨੇ ਉੱਠਣ ਲੱਗਿਆਂ ਮਹਾਰਾਜੇ ਵੱਲ ਸਿੱਦਤ ਨਾਲ ਤੱਕਿਆ ਤੇ ਕਾਹਲੀ ਨਾਲ ਕਮਰਿਉਂ ਬਾਹਰ ਨਿਕਲ ਗਈ ਤੇ ਸਿੱਧੀ ਆਪਣੇ ਤੰਬੂ ਵੱਲ ਚਲੀ ਗਈ। ਉਸ ਨੇ ਸ਼ੇਰ ਸਿੰਘ ਨੂੰ ਵਾਜ ਮਾਰੀ ਪਰ ਰੋਜੋ ਦਾਸੀ ਨੇ ਦੱਸਿਆ ਕਿ ਉਸ ਨੂੰ ਮਹਾਰਾਜੇ ਦੇ ਬੰਦੇ ਤੁਹਾਡੇ ਜਾਣ ਤੋਂ ਬਾਅਦ ਬੁਲਾ

ਕੇ ਲੈ ਗਏ ਸਨ। "ਅੱਛਾ ! ਉਨ੍ਹਾਂ ਦਾ ਪੁੱਤਰ ਹੈ...ਮੇਰਾ ਕੀ ਹੱਕ ਹੈ ?" ਰਾਣੀ ਦਾ ਗੱਚ ਭਰ ਆਇਆ।

ਮਹਾਰਾਜੇ ਦੇ ਸ਼ਬਦ ਉਸ ਦੇ ਕੰਨਾਂ ਵਿਚ ਗੂੰਜ ਰਹੇ ਸਨ। ਉਹ ਬਹੁਤ ਤਲਖ਼ ਹੋ ਗਈ ਤੇ ਆਪਣੇ ਘੋੜੇ ਉਤੇ ਸਵਾਰ ਹੋ ਕੇ ਵਟਾਲੇ ਵੱਲ ਭੱਜ ਤੁਰੀ। ਉਹਦੇ ਖ਼ਿਆਲਾਂ ਵਿਚ ਅਜੀਬ ਝੱਖੜ ਆਇਆ ਹੋਇਆ ਸੀ। ਉਹ ਘੋੜੇ ਉੱਪਰ ਬੈਠੀ-ਬੈਠੀ ਸੋਚ ਰਹੀ ਸੀ। ਅੱਜ ਉਹ ਮਹਾਰਾਜਾ ਹੈ। ਉਸ ਕੋਲ ਫ਼ੌਜ ਹੈ। ਜਿੱਤਾਂ ਦੀ ਦੌਲਤ ਹੈ। ਕਿੰਨਾ ਫ਼ਰਕ ਹੁੰਦਾ ਹੈ ਪੁੱਤਰ ਤੇ ਜਵਾਈ ਵਿਚ। ਉਸ ਬੜੀ ਸ਼ਿੱਦਤ ਨਾਲ ਸੋਚਿਆ। ਆਪਣੀ ਜਵਾਨੀ ਗਵਾ ਕੇ ਉਹਦੇ ਰਾਜ ਦੀਆਂ ਨੀਂਹਾਂ ਪੱਕੀਆਂ ਕੀਤੀਆਂ। ਸ਼ਾਹੀ ਸੁਖ ਛੱਡੇ। ਮਿਸਲੀ ਰਾਜ ਖ਼ਤਮ ਕਰਾ ਕੇ ਇਕ-ਪੁਰਖੀ ਰਾਜ ਕਾਇਮ ਕਰਾਇਆ, ਸਰਦਾਰ ਤੋਂ ਮਹਾਰਾਜਾ ਬਣਾਇਆ ਤੇ ਅੱਜ ਉਸੇ ਨੇ ਮੇਰੇ ਜੀਉਂਦੇ-ਜੀਅ ਮੇਰੀ ਆਜ਼ਾਦੀ ਖੋਹਣੀ ਚਾਹੀ ! ਮੇਰਾ ਰਾਜ ਖੋਹਣਾ ਚਾਹਿਆ ! ਰਾਣੀ ਗੁੱਸੇ ਨਾਲ ਖੌਲਣ ਲੱਗੀ। ਉਸ ਘੋੜੇ ਨੂੰ ਅੱਡੀ ਲਾਈ। ਉਹ ਕ੍ਰਿਤਘਣ ਰਣਜੀਤ ਸਿੰਘ ਦੇ ਰਾਜ ਵਿਚੋਂ ਛੇਤੀ ਤੋਂ ਛੇਤੀ ਨਿਕਲ ਜਾਣਾ ਚਾਹੁੰਦੀ ਸੀ।

ਸਾਰੀ ਉਮਰ ਜਿੱਤਾਂ ਜਿੱਤਣ ਵਾਲੀ ਸਦਾ ਕੌਰ ਨੂੰ ਅੱਜ ਕਿਸਮਤ ਹਾਰ ਦੇ ਰਹੀ ਸੀ। ਉਹ ਮੀਲ ਕੁ ਹੀ ਗਈ ਹੋਵੇਗੀ ਕਿ ਲਾਹੌਰ ਦੇ ਚੌਗਿਰਦਿਓਂ ਘੋੜ ਸਵਾਰ ਨਿਕਲ ਆਏ। ਇਕ ਸਰਦਾਰ ਨੇ ਅੱਗੇ ਵਧ ਕੇ ਘੋੜੇ ਦੇ ਫਰ ਵਿਚ ਨੇਜ਼ਾ ਮਾਰਨਾ ਚਾਹਿਆ, ਪਰ ਸਦਾ ਕੌਰ ਦੀ ਤਲਵਾਰ ਨੇ ਨੇਜ਼ੇ ਦਾ ਸੋਟਾ ਕੱਟ ਸੁੱਟਿਆ। ਹੁਣ ਉਹ ਸਰਦਾਰ ਉੱਚੀ ਸਾਰੀ ਚੀਕਿਆ, "ਸਾਨੂੰ ਵਾਰ ਕਰਨ ਤੇ ਮਜਬੂਰ ਨਾ ਕਰੋ। ਤੁਸੀਂ ਵਟਾਲੇ ਨਹੀਂ ਜਾ ਸਕਦੇ। ਸਰਕਾਰ ਦਾ ਹੁਕਮ ਹੈ। ਸ਼ਾਮ ਸਿੰਘ ਤੇ ਉਸ ਦੇ ਸਾਥੀਆਂ ਨੇ ਰਾਣੀ ਸਦਾ ਕੌਰ ਦੇ ਦੁਆਲੇ ਘੇਰਾ ਪਾ ਲਿਆ ਤੇ ਬੜੀ ਹਲੀਮੀ ਨਾਲ ਕਿਹਾ, "ਰਾਣੀ ਜੀ, ਕ੍ਰਿਪਾ ਕਰ ਕੇ ਘੋੜਾ ਪਿੱਛੇ ਮੋੜੋ। ਆਪ ਦਾ ਸਤਿਕਾਰ ਪਹਿਲੇ ਵਰਗਾ ਹੀ ਹੈ।" "ਇਕ ਸਿਦਕ ਵਾਲੀ ਸਿੰਘਣੀ ਕੀ ਇਸ ਤਰ੍ਹਾਂ ਕੈਦ ਹੋ ਜਾਇਆ ਕਰਦੀ ਹੈ ?" ਰਾਣੀ ਸਦਾ ਕੌਰ ਨੇ ਉੱਤਰ ਦਿੱਤਾ। "ਕੀ ਇਹ ਕੀਤੀ ਦਾ ਬਦਲਾ ਮਿਲ ਰਿਹੈ ?" ਪਰ ਸ਼ਾਮ ਸਿੰਘ ਚੁੱਪ ਰਿਹਾ। ਰਾਣੀ ਸਦਾ ਕੌਰ ਨੂੰ ਹੁਣ ਇਕ ਹੋਰ ਝਟਕਾ ਵੱਜਾ। ਉਹ ਹੈਰਾਨ ਹੋ ਕੇ ਸੋਚਣ ਲੱਗੀ, ਇਹ ਉਹੀ ਸਰਦਾਰ ਹਨ ਜੋ ਇਸ ਤੋਂ ਪਹਿਲਾਂ ਉਸ ਨੂੰ ਵੇਖ ਕੇ ਕੰਬਦੇ ਸਨ, ਅੱਜ ਲੜਨ-ਮਰਨ ਲਈ ਤਿਆਰ ਹਨ। ਅੱਜ ਗੁਸਤਾਖ਼ ਨਜ਼ਰਾਂ ਉਸ ਨਾਲ ਮਿਲਾ ਰਹੇ ਸਨ। ਲਾਚਾਰ ਸਦਾ ਕੌਰ ਹਾਰੇ ਹੋਏ ਜਰਨੈਲ ਵਾਂਗ ਤੁਰਨ ਲੱਗੀ। ਕੋਈ ਹੋਰ ਹੁੰਦਾ ਤਾਂ ਮੈਂ ਬੋਟੀ-ਬੋਟੀ ਕਰ ਦੇਂਦੀ ਪਰ ਰਣਜੀਤ ਮੇਰੀ ਬੱਚੀ ਦਾ ਸੁਹਾਗ...ਹਾਇ ਰੱਬਾ ! ਮੈਂ ਕੀ ਕਰਾਂ ? ਹੁਣ ਅੱਗੇ-ਪਿੱਛੇ, ਆਸੇ-ਪਾਸੇ ਫ਼ੌਜੀ ਜਵਾਨ ਸਨ, ਤੇ ਵਿਚਕਾਰ ਪੰਜਾਬ ਦੀ ਜਰਨੈਲ ਜਿਹਦੀ ਤਲਵਾਰ ਨੇ 36 ਸਾਲ ਪੰਜਾਬ ਦੀ ਧਰਤੀ ਕੰਬਾਈ ਸੀ। ਏਸ਼ਿਆਈ ਜਰਨੈਲ ਸਰਾਚੀਬਾਸ਼ੀ ਦਾ ਸਿਰ ਆਪਣੀ ਤਲਵਾਰ ਉੱਪਰ ਟੰਗਿਆ ਸੀ, ਅੱਜ ਕੈਦਣ ਵਾਂਗ ਤੁਰ ਰਹੀ ਸੀ। ਸਮੇਂ ਨੇ ਹਰਾ ਦਿੱਤੀ। 'ਆਜ਼ਾਦ ਪਉਣ ਵਾਂਗ' ਵਿਚਰਣ ਵਾਲੀ ਰਾਣੀ ਨੂੰ ਨਾ ਲਾਹੌਰ ਦੇ ਕਿਲ੍ਹੇ ਵਲੋਂ ਲਿਜਾਇਆ ਗਿਆ ਤੇ ਨਾ ਹੀ ਉਸ ਦਾ ਕੋਈ ਸਵਾਗਤ ਕੀਤਾ ਗਿਆ ਸਗੋਂ ਉਸ ਦਾ ਉਤਾਰਾ ਨਵੀਂ ਬਣੀ ਹਵੇਲੀ ਵਿਚ ਕਰਵਾਇਆ ਗਿਆ। ਇਸ ਹਵੇਲੀ ਵਿਚ ਰਾਣੀ ਸਦਾ ਕੌਰ ਨੂੰ ਨਜ਼ਰਬੰਦ ਕਰ ਦਿੱਤਾ ਗਿਆ। ਹੁਣ ਉਸ ਨੂੰ ਕੋਈ ਨਹੀਂ ਸੀ ਮਿਲ ਸਕਦਾ।

ਉਸ ਦੀ ਧੀ ਵੀ ਨਹੀਂ । ਉਸ ਦੇ ਦੋਹਤਰੇ ਵੀ ਨਹੀਂ । ਨਾ ਹੀ ਸਦਾ ਕੌਰ ਨੂੰ ਕਿਲ੍ਹੇ ਵਿਚ ਜਾ ਕੇ ਧੀ ਨੂੰ ਮਿਲਣ ਦੀ ਇਜਾਜ਼ਤ ਮਿਲੀ । ਕੁਝ ਸਮੇਂ ਬਾਅਦ ਰਾਣੀ ਸਦਾ ਕੌਰ ਨੂੰ ਅੰਮ੍ਰਿਤਸਰ ਲਿਆਂਦਾ ਗਿਆ । ਪਰ ਉਥੇ ਵੀ ਉਹ ਨਜ਼ਰਬੰਦ ਕੈਦੀ ਹੀ ਸੀ । ਉਸ ਦੀ ਇਕੱਲ ਹੀ ਉਸ ਦੀ ਸਾਥੀ ਸੀ ਜਾਂ ਬੀਤੇ ਸਮੇਂ ਦੀਆਂ ਯਾਦਾਂ । ਰਾਣੀ ਸਦਾ ਕੌਰ ਮਨ ਹੀ ਮਨ ਰਣਜੀਤ ਸਿੰਘ ਨੂੰ ਸਵਾਲ ਪੁੱਛਦੀ ਰਹਿੰਦੀ । ਕੋਸਦੀ ਰਹਿੰਦੀ । ਆਪਣੇ ਕੀਤੇ ਦੇ ਫਲ ਬਾਰੇ ਸੋਚਦੀ ਰਹਿੰਦੀ । ਆਪਣੇ ਵਿਅਕਤੀਗਤ ਸੱਚ ਨੂੰ ਬਾਰ-ਬਾਰ ਪਰਖਦੀ ਰਾਣੀ ਅਚੇਤ ਹੀ ਕਹਿ ਉਠਦੀ, 'ਕਾਸ਼ ! ਰਣਜੀਤ ਤੂੰ ਮੇਰੇ ਸੱਚ ਦਾ ਥਾਹ ਪਾਇਆ ਹੁੰਦਾ । ਤੇਰੇ ਕੋਲ ਸੱਚ-ਝੂਠ ਨੂੰ ਪਰਖਣ ਵਾਲੀ ਅੱਖ ਹੁੰਦੀ । ਉਹ ਸੂਝ ਜੋ ਸੱਚ-ਝੂਠ ਦਾ ਨਿਤਾਰਾ ਕਰ ਸਕਦੀ ਹੁੰਦੀ । ਤੂੰ ਲੋਕਾਂ ਦੀਆਂ ਗੱਲਾਂ ਵਿਚ ਆ ਗਿਉਂ ਤੇ ਮੈਂ ਤੇਰੀ ਆਪਣੀ ਸੱਸ ਬੇਗਾਨੀ ਹੋ ਗਈ । ਤੂੰ ਇਹ ਨਾ ਸਮਝ ਸਕਿਉਂ ਕਿ ਵਿਰੋਧੀ ਤੇਰੀ ਸ਼ਕਤੀ ਨੂੰ ਕਮਜ਼ੋਰ ਕਰਨ ਲਈ ਹੀ ਸਾਨੂੰ ਇਕ ਦੂਜੇ ਤੋਂ ਨਿਖੇੜ ਰਹੇ ਹਨ ।

ਖੁੱਲ੍ਹਦਿਲੀ, ਸੱਚਾਈ ਤੇ ਸੁਹੱਪਣ ਦੀ ਮੂਰਤ ਰਾਣੀ ਸਦਾ ਕੌਰ ਅਖ਼ੀਰ ਸੰਨ 1832 ਈਸਵੀ ਵਿਚ ਆਪਣੇ ਹੀ ਪਿਆਰੇ ਜਵਾਈ ਰਣਜੀਤ ਸਿੰਘ ਦੀ ਕੈਦ ਵਿਚ ਪਈ-ਪਈ ਚੜ੍ਹਾਈ ਕਰ ਗਈ । ਜ਼ਿੰਦਗੀ ਦੇ ਅੰਤਲੇ ਸਮੇਂ ਵਿਚ ਉਹ ਅੰਤਾਂ ਦੀ ਉਦਾਸ ਰਹੀ । ਹਵੇਲੀ ਦੀ ਕੈਦ ਉਸ ਦਾ ਮੂੰਹ ਚਿੜਾਉਂਦੀ ਰਹੀ । ਉਹ ਰਾਜ-ਸੱਚ ਬਾਰੇ ਸੋਚਦੀ ਰਹੀ । ਪਾਠ-ਭਜਨ ਕਰਦੀ ਰਹੀ । ਅਣਕਹੇ ਸੱਚ ਦੇ ਭਾਰ ਨੂੰ ਪਰਖਦੀ ਹੋਈ ਇਸ ਦੁਨੀਆਂ ਤੋਂ ਉਦਾਸ ਤੁਰ ਗਈ ।

ਮਹਾਰਾਣੀ ਮਹਿਤਾਬ ਕੌਰ

ਮਹਾਰਾਣੀ ਮਹਿਤਾਬ ਕੌਰ ਮਹਾਰਾਜਾ ਰਣਜੀਤ ਸਿੰਘ ਦੀ ਪਹਿਲੀ ਪਤਨੀ ਸੀ । ਇਹ ਗੁਰਬਖਸ਼ ਸਿੰਘ ਕਨ੍ਹੱਈਆ ਤੇ ਰਾਣੀ ਸਦਾ ਕੌਰ ਦੀ ਪੁੱਤਰੀ ਤੇ ਸ. ਜੈ ਸਿੰਘ ਕਨ੍ਹੱਈਆ ਦੀ ਪੋਤਰੀ ਸੀ । ਇਤਿਹਾਸਕ ਗ੍ਰੰਥਾਂ ਵਿਚ ਰਾਣੀ ਦੇ ਵਿਸ਼ੇ ਬਾਰੇ ਸਾਨੂੰ ਕੋਈ ਵਿਸ਼ੇਸ਼ ਜਾਣਕਾਰੀ ਨਹੀਂ ਮਿਲਦੀ ਪਰ ਫੇਰ ਵੀ ਉਸ ਸਮੇਂ ਦੀਆਂ ਪ੍ਰਸਥਿਤੀਆਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਆਪਣੀਆਂ ਇਸਤਰੀਆਂ ਦੇ ਨਾਲ ਜੋ ਸੰਬੰਧ ਰਹੇ, ਉਨ੍ਹਾਂ ਤੋਂ ਅਸੀਂ ਕਿਸੇ ਨਿਰਣੇ 'ਤੇ ਪਹੁੰਚ ਸਕਾਂਗੇ ਕਿ ਮਹਾਰਾਣੀ ਦਾ ਰਣਜੀਤ ਸਿੰਘ ਦੇ ਜੀਵਨ ਵਿਚ ਕੀ ਪ੍ਰਭਾਵ ਤੇ ਮਹੱਤਵ ਸੀ । ਇਸ ਵਿਵਾਹਿਕ ਸੰਬੰਧ ਦਾ ਉਸ ਸਮੇਂ ਦੀ ਰਾਜਨੀਤਕ ਅਤੇ ਸਮਾਜਿਕ ਸਥਿਤੀ 'ਤੇ ਕੀ ਪ੍ਰਭਾਵ ਪਿਆ ।

ਇਤਿਹਾਸਕਾਰ ਲੇਪਲ ਗ੍ਰਿਫਿਨ ਦੇ ਅਨੁਸਾਰ ਇਤਿਹਾਸ ਵਿਚ ਬਹੁਤ ਸਨਮਾਨੇ ਗਏ ਲੋਕਾਂ ਦੀ ਤਰ੍ਹਾਂ ਜਿਨ੍ਹਾਂ ਨੇ ਆਪਣੀ ਹਕੂਮਤ ਨੂੰ ਬਹੁਤ ਚੰਗੀ ਤਰ੍ਹਾਂ ਸੰਭਾਲਿਆ ਅਤੇ ਸੈਨਿਕ ਪ੍ਰਤਿਭਾ ਦੇ ਨਾਲ ਇਤਿਹਾਸ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾਇਆ, ਉਨ੍ਹਾਂ ਦੀ ਤਰ੍ਹਾਂ ਰਣਜੀਤ ਸਿੰਘ ਵੀ ਬੜੀ ਆਸਾਨੀ ਨਾਲ ਤ੍ਰੀਆ-ਜਾਲ ਵਿਚ ਆ ਜਾਂਦਾ ਸੀ । ਮਹਾਰਾਜੇ ਨੂੰ ਇਸਤਰੀਆਂ ਦੇ ਸੰਬੰਧ ਵਿਚ ਜੋ ਅਨੁਭਵ ਹੋਏ, ਉਹ ਉਸ ਸਮੇਂ ਦੀਆਂ ਪੰਜਾਬਣਾਂ ਦੇ ਸੁਭਾਅ ਤੇ ਨੈਤਿਕਤਾ ਦੇ ਵਿਸ਼ੇ ਵਿਚ ਕੋਈ ਚੰਗੀ ਛਾਪ ਨਹੀਂ ਛੱਡਦੇ । ਉਸ ਦੀ ਦਾਦੀ ਮਾਈ ਦੇਸਾ ਦੀ ਉਸ ਦੇ ਪਿਤਾ ਮਹਾਂ ਸਿੰਘ ਨੇ ਇਸ ਲਈ ਹੱਤਿਆ ਕਰ ਦਿੱਤੀ ਸੀ ਕਿਉਂਕਿ

ਉਸ ਦਾ ਕਿਸੇ ਬ੍ਰਾਹਮਣ ਨਾਲ ਨਾਜਾਇਜ਼ ਸੰਬੰਧ ਸੀ। ਮਹਾਰਾਜਾ ਰਣਜੀਤ ਸਿੰਘ 'ਤੇ ਵੀ ਇਸੇ ਪ੍ਰਕਾਰ ਦਾ ਦੋਸ਼ ਲਗਾਇਆ ਜਾਂਦਾ ਹੈ ਕਿ ਉਸ ਨੇ ਆਪਣੀ ਮਾਤਾ ਰਾਜ ਕੌਰ ਜੋ ਮਾਈ ਮਲਵੱਈ ਦੇ ਨਾਮ ਨਾਲ ਪ੍ਰਸਿੱਧ ਸੀ, ਦੀ ਹੱਤਿਆ ਕੀਤੀ। ਜਿਥੋਂ ਤਕ ਉਸ ਦਾ ਆਪਣੀਆਂ ਪਤਨੀਆਂ ਅਤੇ ਰਖੇਲਾਂ ਦਾ ਸੰਬੰਧ ਹੈ, ਸਮਕਾਲੀਨ ਸ੍ਰੋਤਾਂ ਵਿਚ ਕੋਈ ਵਿਸ਼ੇਸ਼ ਜ਼ਿਕਰ ਨਹੀਂ ਮਿਲਦਾ। ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਖੜਗ ਸਿੰਘ ਦੇ ਰੂਪ ਵਿਚ ਕਾਨੂੰਨੀ ਉੱਤਰਾਧਿਕਾਰੀ ਮਿਲ ਗਿਆ ਤਾਂ ਉਸ ਨੇ ਆਪਣੇ ਹਰਮ ਵਿਚ ਹੋਣ ਵਾਲੀਆਂ ਸਾਜ਼ਿਸ਼ਾਂ ਦੀ ਕੋਈ ਪਰਵਾਹ ਨਾ ਕੀਤੀ। ਸਮੇਂ-ਸਮੇਂ 'ਤੇ ਹਰਮ ਦੀਆਂ ਇਸਤਰੀਆਂ ਮਹਾਰਾਜਾ ਨੂੰ ਇਹ ਕਹਿ ਕੇ ਬੱਚੇ ਪੇਸ਼ ਕਰਦੀਆਂ ਰਹੀਆਂ ਕਿ ਇਹ ਉਸ ਦੀ ਸੰਤਾਨ ਹਨ। ਇਸ ਦੇ ਪਿੱਛੇ ਇਕ ਹੀ ਭਾਵਨਾ ਕੰਮ ਕਰ ਰਹੀ ਸੀ ਕਿ ਕਿਸੇ ਤਰ੍ਹਾਂ ਦੇ ਨਾਲ ਕੋਈ ਰਾਜਨੀਤਕ ਮਹੱਤਵ ਜਾਂ ਮਹਾਰਾਜੇ ਦੀ ਵਿਸ਼ੇਸ਼ ਕ੍ਰਿਪਾ ਪ੍ਰਾਪਤ ਹੋ ਜਾਵੇ। ਮਹਾਰਾਜੇ ਨੂੰ ਕਦੀ ਵੀ ਧੋਖਾ ਨਾ ਦਿੱਤਾ ਜਾ ਸਕਿਆ। ਪਰ ਉਹ ਆਮ ਤੌਰ ਤੇ ਉਨ੍ਹਾਂ ਬੱਚਿਆਂ ਨੂੰ ਆਪਣੇ ਮੰਨ ਕੇ ਉਨ੍ਹਾਂ ਨੂੰ ਸਨਮਾਨ ਨਾਲ ਸਵੀਕਾਰ ਕਰਦਾ ਰਿਹਾ।

ਮਹਾਰਾਜਾ ਨੇ ਕਿੰਨੇ ਵਿਆਹ ਕਰਾਏ। ਇਸ ਵਿਸ਼ੇ ਵਿਚ ਇਤਿਹਾਸਕਾਰਾਂ ਦੇ ਭਿੰਨ-ਭਿੰਨ ਮਤ ਹਨ। ਕੋਈ ਸੋਲ੍ਹਾਂ, ਕੋਈ ਅਠਾਰਾਂ ਅਤੇ ਡਾ. ਗੋਪਾਲ ਸਿੰਘ ਦੇ ਅਨੁਸਾਰ ਮਹਾਰਾਜਾ ਨੇ ਇੱਕੀ ਵਿਆਹ ਕਰਾਏ ਜਿਨ੍ਹਾਂ ਵਿਚੋਂ ਨੌਂ ਵਿਆਹ ਪ੍ਰੰਪਰਾ ਅਨੁਸਾਰ (ਅਨੰਦਕਾਰਜ) ਹੋਏ ਅਤੇ ਹੋਰ ਵਿਆਹ ਦੂਜੀ ਰੀਤੀ ਦੇ ਨਾਲ ਹੋਏ। ਇਸ ਨੀਤੀ ਨੂੰ ਪੰਜਾਬ ਦੇ ਜੱਟ 'ਚੱਦਰ ਪਾਉਣਾ' ਜਾਂ 'ਤੀਰ ਪਟਾਕਾ' ਕਹਿੰਦੇ ਹਨ। ਲੇਕਿਨ ਇਸ ਵਿਸ਼ੇ ਬਾਰੇ ਕੋਈ ਮਤਭੇਦ ਨਹੀਂ ਕਿ ਰਾਣੀ ਮਹਿਤਾਬ ਕੌਰ ਉਸ ਦੀ ਪਹਿਲੀ ਪਤਨੀ ਸੀ। ਜਿਸ ਦਾ ਵਿਆਹ ਪਰੰਪਰਾ-ਪੂਰਵਕ ਢੰਗ ਨਾਲ ਹੋਇਆ ਸੀ। ਉਸ ਨੇ ਆਪਣੀ ਮਾਂ ਰਾਣੀ ਸਦਾ ਕੌਰ ਦੇ ਨਾਲ ਮਿਲ ਕੇ ਪੰਜਾਬ ਦੇ ਇਤਿਹਾਸ ਵਿਚ ਇਕ ਮਹੱਤਵਪੂਰਣ ਭੂਮਿਕਾ ਨਿਭਾਈ ਅਤੇ ਰਣਜੀਤ ਸਿੰਘ ਨੂੰ ਅਜਿਹੇ ਸਮੇਂ ਵਿਚ ਪੰਜਾਬ ਦਾ ਰਾਜਾ ਬਣਾਉਣ ਵਿਚ ਸਹਾਇਤਾ ਕੀਤੀ ਜਦੋਂ ਕਿ ਸਾਰਾ ਪੰਜਾਬ ਮਿਸਲਾਂ ਵਿਚ ਵੰਡਿਆ ਹੋਇਆ ਸੀ।

ਰਣਜੀਤ ਸਿੰਘ ਨੇ 1786 ਵਿਚ ਮਹਿਤਾਬ ਕੌਰ ਦੇ ਨਾਲ ਵਿਆਹ ਕਰਾਇਆ। ਇਸ ਵਿਵਾਹਿਕ ਸੰਬੰਧ ਨੇ ਰਣਜੀਤ ਸਿੰਘ ਨੂੰ ਇਕ ਗੌਰਵਸ਼ਾਲੀ ਸਥਾਨ ਦਿੱਤਾ। ਕਿਉਂਕਿ ਮਹਿਤਾਬ ਇਕ ਸ਼ਕਤੀਸ਼ਾਲੀ ਅਮੀਰ ਜੈ ਸਿੰਘ ਕਨ੍ਹੱਈਆ ਦੀ ਉੱਤਰਾਧਿਕਾਰੀ ਸੀ।

ਬਟਾਲਾ ਦੇ ਨੇੜੇ ਰਡਪੁਰਾ ਸਥਾਨ ਤੇ ਜੈ ਸਿੰਘ ਕਨ੍ਹੱਈਆ ਅਤੇ ਮਹਾਂ ਸਿੰਘ ਸ਼ੁਕਰਚੱਕੀਆ ਦੇ ਵਿਚ ਜੋ ਯੁੱਧ ਹੋਇਆ ਉਸ ਵਿਚ ਜੈ ਸਿੰਘ ਕਨ੍ਹੱਈਆ ਦਾ ਵੱਡਾ ਬੇਟਾ ਗੁਰਬਖਸ਼ ਸਿੰਘ ਸ਼ਹੀਦ ਹੋ ਗਿਆ। ਉਹ ਆਪਣੇ ਪਿੱਛੇ ਵਿਰਾਸਤ ਵਿਚ ਇਕ ਜਵਾਨ ਵਿਧਵਾ ਪਤਨੀ ਸਦਾ ਕੌਰ ਅਤੇ ਛੋਟੀ ਬੇਟੀ ਮਹਿਤਾਬ ਨੂੰ ਛੱਡ ਗਿਆ ਸੀ। ਉਸ ਸਮੇਂ ਮਹਾਂ ਸਿੰਘ ਪੰਜਾਬ ਦੇ ਸਾਰੇ ਅਮੀਰ ਸਰਦਾਰਾਂ ਵਿਚੋਂ ਉੱਭਰਦਾ ਹੋਇਆ ਸ਼ਕਤੀਸ਼ਾਲੀ ਸਿਤਾਰਾ ਸੀ। ਸਦਾ ਕੌਰ ਬਹੁਤ ਹੀ ਦੂਰਦਰਸ਼ੀ ਤੇ ਉੱਚਕੋਟੀ ਦੀ ਰਾਜਨੀਤਕ ਇਸਤਰੀ ਸੀ। ਇਕ ਸਾਲ ਵਿਚ ਹੀ ਉਸ ਨੇ ਕਨ੍ਹੱਈਆ ਅਤੇ ਸ਼ੁਕਰਚੱਕੀਆ ਮਿਸਲਾਂ ਦੀ ਆਪਸੀ ਦੁਸ਼ਮਣੀ ਨੂੰ ਖ਼ਤਮ ਕਰ ਦਿੱਤਾ। ਸਭ ਤੋਂ ਵੱਡੀ ਗੱਲ ਕਿ ਇਨ੍ਹਾਂ ਦੋ ਵਿਰੋਧੀ ਪਰਿਵਾਰਾਂ ਦੇ ਆਪਸੀ ਤਣਾਵਾਂ ਨੂੰ ਖ਼ਤਮ ਕਰ ਕੇ ਉਨ੍ਹਾਂ ਦੇ ਸੰਬੰਧਾਂ ਨੂੰ ਮਜ਼ਬੂਤ ਕਰਨ ਦੇ ਲਈ

ਆਪਣੇ ਸਹੁਰੇ ਜੈ ਸਿੰਘ ਕੋਲੋਂ ਮਹਿਤਾਬ ਅਤੇ ਰਣਜੀਤ ਸਿੰਘ ਦੇ ਰਿਸ਼ਤੇ ਦੀ ਪ੍ਰਵਾਨਗੀ ਲੈ ਲਈ।

ਜਦੋਂ ਸਦਾ ਕੌਰ ਨੂੰ ਪਤਾ ਲੱਗਿਆ ਕਿ ਮਹਾਂ ਸਿੰਘ ਦੀ ਪਤਨੀ ਰਾਜ ਕੁੰਵਰ ਨੇ ਜਵਾਲਾ ਦੇਵੀ ਦੇ ਮੰਦਰ ਵਿਚ ਆਪਣੇ ਪੁੱਤਰ ਰਣਜੀਤ ਸਿੰਘ ਨੂੰ ਮੱਥਾ ਟਿਕਾਣ ਜਾਣਾ ਹੈ ਤਾਂ ਉਹ ਰਾਜ ਕੁੰਵਰ ਨੂੰ ਉਥੇ ਜਾ ਕੇ ਮਿਲਦੀ ਹੈ ਅਤੇ ਮਹਿਤਾਬ ਦਾ ਰਿਸ਼ਤਾ ਰਣਜੀਤ ਸਿੰਘ ਦੇ ਨਾਲ ਕਰਨ ਲਈ ਮਜਬੂਰ ਕੀਤਾ। ਰਣਜੀਤ ਸਿੰਘ ਦੇ ਬਿਮਾਰੀ ਤੋਂ ਉਠਣ ਦੇ ਬਾਅਦ ਦੀ ਖੁਸ਼ੀ ਵਿਚ ਮਹਾਂ ਸਿੰਘ ਨੇ ਗੁਜਰਾਂਵਾਲਾ ਵਿਚ ਸ਼ਾਨਦਾਰ ਦਾਅਵਤ ਦਿੱਤੀ। ਜੈ ਸਿੰਘ ਕਨ੍ਹੱਈਆ ਵੀ ਇਸ ਦਾਅਵਤ ਵਿਚ ਸ਼ਾਮਲ ਹੋਏ ਅਤੇ ਉਥੇ ਰਸਮੀ ਤੌਰ ਤੇ ਦੋਨਾਂ ਪਰਿਵਾਰਾਂ ਵਿਚ ਰਿਸ਼ਤੇ ਦੀ ਗੱਲ ਹੋਈ। ਫੇਰ ਸ਼ਗਨ ਤੇ ਵਿਆਹ ਦੀ ਰਸਮ 1786 ਵਿਚ ਹੋਈ। ਇਸ ਵਿਆਹ 'ਤੇ ਸਦਾ ਕੌਰ ਨੇ ਲੱਗਭਗ ਇਕ ਲੱਖ ਰੁਪਿਆ ਖ਼ਰਚਾ ਕੀਤਾ।

ਉਨ੍ਹਾਂ ਦਿਨਾਂ ਵਿਚ ਹਰਮ ਦੀਆਂ ਇਸਤਰੀਆਂ ਮਹਾਰਾਜੇ 'ਤੇ ਆਪਣਾ ਪ੍ਰਭਾਵ ਕਾਇਮ ਰੱਖਣ ਦੇ ਲਈ ਭਿੰਨ-ਭਿੰਨ ਢੰਗ ਅਪਣਾਇਆ ਕਰਦੀਆਂ ਸਨ। ਪਰ ਮਹਿਤਾਬ ਵੀ ਇਨ੍ਹਾਂ ਤੋਂ ਕੁਝ ਵੱਖ ਨਹੀਂ ਸੀ। ਉਸ ਦਾ ਮੁੱਖ ਉਦੇਸ਼ ਮਹਾਰਾਜਾ ਨੂੰ ਪੁੱਤਰ ਦੇ ਰੂਪ ਵਿਚ ਉੱਤਰਾਧਿਕਾਰੀ ਪ੍ਰਦਾਨ ਕਰਨਾ ਸੀ। ਮਹਿਤਾਬ ਦੀ ਮਾਂ ਸਦਾ ਕੌਰ ਯੋਗ ਰਾਜਨੀਤਕ ਹੋਣ ਦੇ ਨਾਲ-ਨਾਲ ਨਿਡਰ ਤੇ ਦੂਰਦਰਸ਼ੀ ਇਸਤਰੀ ਵੀ ਸੀ ਅਤੇ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੀ ਸੀ ਕਿ ਜੇ ਉਸ ਦੀ ਪੁੱਤਰੀ ਤੋਂ ਮਹਾਰਾਜਾ ਦੇ ਲਈ ਪੁੱਤਰ ਪੈਦਾ ਹੋਇਆ ਤਾਂ ਮਹਾਰਾਜੇ 'ਤੇ ਉਸ ਦਾ ਪ੍ਰਭਾਵ ਹੋਰ ਵੀ ਵਧ ਜਾਏਗਾ। 1804 ਵਿਚ ਮਹਿਤਾਬ ਕੌਰ ਨੇ ਮਹਾਰਾਜੇ ਨੂੰ ਇਕ ਪੁੱਤਰ ਭੇਟ ਵਿਚ ਦਿੱਤਾ। ਜਿਸ ਦਾ ਨਾਮ ਈਸ਼ਰ ਸਿੰਘ ਰੱਖਿਆ ਗਿਆ। ਪਰ ਡੇਢ ਸਾਲ ਦਾ ਹੋ ਕੇ ਹੀ ਉਹ ਪੂਰਾ ਹੋ ਗਿਆ। 1807 ਵਿਚ ਜਦੋਂ ਰਣਜੀਤ ਸਿੰਘ ਸਤਲੁਜ ਪਾਰ ਦੇ ਪ੍ਰਦੇਸ਼ਾਂ ਨੂੰ ਜਿੱਤਣ ਜਾ ਰਿਹਾ ਸੀ। ਉਸ ਸਮੇਂ ਉਸ ਨੂੰ ਸੂਚਿਤ ਕੀਤਾ ਗਿਆ ਕਿ ਮਤਿਹਾਬ ਗਰਭਵਤੀ ਹੈ। ਜਦੋਂ ਉਹ ਲੜਾਈ ਕਰ ਕੇ ਪਰਤਿਆ ਤਾਂ ਮਹਿਤਾਬ ਨੇ ਉਸ ਨੂੰ ਜੁੜਵਾਂ ਪੁੱਤਰ ਭੇਂਟ ਕੀਤੇ। ਜਿਨ੍ਹਾਂ ਵਿਚੋਂ ਇਕ ਦਾ ਨਾਮ ਸ਼ੇਰ ਸਿੰਘ ਤੇ ਦੂਜੇ ਦਾ ਨਾਮ ਤਾਰਾ ਸਿੰਘ ਰੱਖਿਆ ਗਿਆ।

ਇਨ੍ਹਾਂ ਦੇ ਬਾਰੇ ਇਹ ਕਿਹਾ ਗਿਆ ਹੈ ਕਿ ਇਕ ਤਾਂ ਮੁਸਲਮਾਨ ਜੁਲਾਹੇ ਦਾ ਸੀ ਅੰਤੇ ਦੂਜਾ ਸਦਾ ਕੌਰ ਦੇ ਕੋਲ ਕੰਮ ਕਰਨ ਵਾਲੀ ਮਾਈ ਦਾ ਪੁੱਤਰ ਸੀ। ਪਹਿਲਾਂ ਤਾਂ ਰਣਜੀਤ ਸਿੰਘ ਨੇ ਇਨ੍ਹਾਂ ਬੱਚਿਆਂ ਦੇ ਵਿਸ਼ੇ ਵਿਚ ਕੁਝ ਕਹਿਣ ਤੋਂ ਇਨਕਾਰ ਕਰ ਦਿੱਤਾ। ਲੇਕਿਨ ਅਗਲੇ ਸਾਲ ਅੰਗਰੇਜ਼ਾਂ ਦੇ ਨਾਲ ਸਤਲੁਜ ਪਾਰ ਦੇ ਪ੍ਰਦੇਸ਼ਾਂ ਨੂੰ ਲੈ ਕੇ ਝਗੜਾ ਚਲ ਰਿਹਾ ਸੀ ਤਾਂ ਇਹ ਜ਼ਰੂਰੀ ਹੋ ਗਿਆ ਸੀ ਉਹ ਆਪਣੀ ਝਗੜਾਲੂ ਸੱਸ ਨਾਲ ਸਮਝੌਤਾ ਕਰ ਲਏ ਕਿਉਂਕਿ ਸ਼ਕਤੀਸ਼ਾਲੀ ਰਾਮਗੜ੍ਹੀਆ ਅਮੀਰ ਲੋਕ ਉਸ ਦਾ ਪੱਖ ਕਰ ਰਹੇ ਸਨ। ਮਹਾਰਾਜਾ ਨੇ ਇਨ੍ਹਾਂ ਦੋਨਾਂ ਬੱਚਿਆਂ ਨੂੰ ਅਪਣਾ ਕੇ ਸਵੀਕਾਰ ਕਰ ਲਿਆ। ਰਾਜਕੁਮਾਰਾਂ ਦੀ ਪਦਵੀ ਦੇ ਦਿੱਤੀ। ਤਾਰਾ ਸਿੰਘ ਮੂਰਖ ਨਿਕਲਿਆ ਲੇਕਿਨ ਸ਼ੇਰ ਸਿੰਘ ਇਕ ਖ਼ੂਬਸੂਰਤ ਵੀਰ ਨਿਕਲਿਆ ਜੋ ਕਿ ਨੌਨਿਹਾਲ ਦੀ ਮੌਤ ਤੋਂ ਬਾਅਦ ਪੰਜਾਬ ਦੀ ਗੱਦੀਂ ਤੇ ਬੈਠਿਆ ਪਰੰਤੂ 1813 ਵਿਚ ਸੰਧਾਂਵਾਲੀਏ ਅਮੀਰਾਂ ਨੇ ਉਸ ਦੀ ਹੱਤਿਆ ਕਰ ਦਿੱਤੀ।

ਇਹ ਬਹੁਤ ਹੀ ਰੋਚਕ ਗੱਲ ਹੈ ਕਿ ਜਦੋਂ ਵੀ ਮਹਾਰਾਜੇ ਨੂੰ ਉਸ ਦੇ ਕਿਸੇ ਬੱਚੇ ਦੇ

ਜਨਮ ਦੀ ਸੂਚਨਾ ਦਿੱਤੀ ਜਾਂਦੀ ਤਾਂ ਉਹ ਹੱਸਦੇ ਹੋਏ ਕਹਿੰਦਾ ਕਿ "ਇਹ ਗੈਬੀਗੋਲਾ ਕਿੱਥੋਂ ਆ ਗਿਆ ?"

ਡਾ. ਰੀਡਾ ਸਿੰਘ ਦੇ ਅਨੁਸਾਰ ਯੂਰਪੀਅਨ ਲੇਖਕਾਂ ਨੇ ਆਪਣੀ ਅਠਾਰ੍ਹਵੀਂ ਸ਼ਤਾਬਦੀ ਵਿਚ ਪ੍ਰਕਾਸ਼ਿਤ ਰਚਨਾਵਾਂ ਵਿਚ ਸ਼ਾਇਦ ਬਿਨਾਂ ਵਿਚਾਰ ਕੀਤੇ ਉਸ ਸਮੇਂ ਦੀਆਂ ਪ੍ਰਚੱਲਿਤ ਅਫ਼ਵਾਹਾਂ ਨੂੰ ਜੋ ਕਿ ਡੋਗਰਾ ਅਮੀਰਾਂ ਨੇ ਰਣਜੀਤ ਸਿੰਘ ਬਾਰੇ ਫੈਲਾਈਆਂ ਹੋਈਆਂ ਸਨ । ਉਸੇ ਦੇ ਆਧਾਰ 'ਤੇ ਕੁਝ ਅਜਿਹੀਆਂ ਧਾਰਨਾਵਾਂ ਪੇਸ਼ ਕੀਤੀਆਂ ਜੋ ਨਾ ਕੇਵਲ ਗ਼ਲਤ ਹਨ ਸਗੋਂ ਪਰਸਪਰ ਵਿਰੋਧੀ ਵੀ ਹਨ । ਸਿਰਫ਼ ਖੜਗ ਸਿੰਘ ਨੂੰ ਛੱਡ ਕੇ ਜੋ ਕਿ ਮਹਾਰਾਜਾ ਦਾ ਤਤਕਾਲੀਨ ਉੱਤਰਾਧਿਕਾਰੀ ਸੀ ਬਾਕੀ ਸਾਰੇ ਰਾਜਕੁਮਾਰਾਂ ਦੇ ਜਨਮ ਦੇ ਜਾਇਜ਼ਪਨ ਦੇ ਵਿਸ਼ੇ ਬਾਰੇ ਸ਼ੰਕੇ ਪ੍ਰਗਟ ਕੀਤੇ ਗਏ । ਡੋਗਰਾ ਦਲ ਨੇ ਅਜਿਹਾ ਇਸ ਲਈ ਕੀਤਾ ਕਿ ਅੱਗੋਂ ਆਉਣ ਵਾਲੇ ਦਿਨਾਂ ਵਿਚ ਇਨ੍ਹਾਂ ਰਾਜਕੁਮਾਰਾਂ ਨੂੰ ਦੇਸ਼ ਦੀ ਜਨਤਾ ਦੀ ਦ੍ਰਿਸ਼ਟੀ ਦੇ ਵਿਰੋਧ ਦੀ ਪ੍ਰਤੀਕ੍ਰਿਆ ਘਟ ਹੋ ਜਾਏ ਜਦੋਂ ਇਨ੍ਹਾਂ ਨੂੰ ਖ਼ਤਮ ਕਰ ਕੇ ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਨੂੰ ਪੰਜਾਬ ਦੀ ਗੱਦੀ 'ਤੇ ਬਿਠਾਉਣ ਦਾ ਰਸਤਾ ਸਾਫ਼ ਕਰ ਸਕਣ ।

ਯੂਰਪੀਅਨ ਇਤਿਹਾਸਕਾਰਾਂ ਨੇ ਇਹ ਦੋਸ਼ ਲਗਾਇਆ ਹੈ ਕਿ ਮਹਾਰਾਜੇ ਤੋਂ ਆਪਣੇ ਘਟਦੇ ਪ੍ਰਭਾਵ ਨੂੰ ਮਜ਼ਬੂਤ ਕਰਨ ਦੇ ਲਈ ਸਦਾ ਕੌਰ ਨੇ ਆਪਣੀ ਪੁੱਤਰੀ ਮਹਿਤਾਬ ਦੇ ਲਈ ਦੋ ਬੇਟੇ ਪ੍ਰਾਪਤ ਕਰਨ ਦੀ ਸੋਚੀ ਜਿਨ੍ਹਾਂ ਨੂੰ ਮਹਾਰਾਜਾ ਦੀ ਸੰਤਾਨ ਦੱਸਿਆ ਗਿਆ । ਸ਼ੇਰ ਸਿੰਘ ਨੂੰ ਇਕ ਧੋਬੀ ਅਤੇ ਤਾਰਾ ਸਿੰਘ ਨੂੰ ਇਕ ਦਾਸੀ ਤੋਂ ਪ੍ਰਾਪਤ ਕੀਤਾ ਗਿਆ ।

ਉਨ੍ਹਾਂ ਨੇ ਇਹ ਵੀ ਲਿਖਿਆ ਕਿ ਮਹਾਰਾਜੇ ਨੇ ਇਨ੍ਹਾਂ ਨੂੰ ਆਪਣੇ ਪੁੱਤਰ ਨਹੀਂ ਮੰਨਿਆ ਤੇ ਨਾ ਹੀ ਉਨ੍ਹਾਂ ਨਾਲ ਕੋਈ ਵਾਸਤਾ ਰੱਖਿਆ । ਪਰ ਇਹ ਸਭ ਵਿਚਾਰ ਇਤਿਹਾਸਕ ਤੌਰ 'ਤੇ ਗ਼ਲਤ ਹਨ । ਇਨ੍ਹਾਂ ਬੇਬੁਨਿਆਦ ਅਤੇ ਗ਼ਲਤ ਦੋਸ਼ਾਂ ਦਾ ਇਕ ਸਹੀ ਕਾਰਨ ਡੋਗਰਾ ਦਲ ਸੀ ਤੇ ਦੂਜਾ ਕਾਰਨ ਰਣਜੀਤ ਸਿੰਘ ਤੇ ਮਤਿਹਾਬ ਕੌਰ ਦੇ ਆਪਸੀ ਸੰਬੰਧਾਂ ਦੀ ਅਣਬਣਤਾ ਸੀ । ਮਹਿਤਾਬ ਕੌਰ ਦਾ ਬਹੁਤਾ ਸਮਾਂ ਆਪਣੀ ਮਾਂ ਸਦਾ ਕੌਰ ਦੇ ਘਰ ਬਤੀਤ ਹੋਇਆ । ਕੁਝ ਸਾਲਾਂ ਤਕ ਮਹਾਰਾਜਾ ਨੇ ਇਨ੍ਹਾਂ ਛੋਟੇ ਰਾਜਕੁਮਾਰਾਂ ਨੂੰ ਬਹੁਤ ਹੀ ਘਟ ਵੇਖਿਆ ਸੀ । ਰਣਜੀਤ ਸਿੰਘ ਦੀ ਦੂਸਰੀ ਪਤਨੀ ਰਾਜ ਕੌਰ ਅਤੇ ਪੁੱਤਰ ਖੜਗ ਸਿੰਘ ਨੇ ਇਨ੍ਹਾਂ ਅਫ਼ਵਾਹਾਂ ਨੂੰ ਹੋਰ ਗਰਮ ਕੀਤਾ ਕਿਉਂਕਿ ਉਹ ਮਹਾਰਾਜੇ ਤੇ ਸ਼ੇਰ ਸਿੰਘ ਦੇ ਵਧਦੇ ਪ੍ਰਭਾਵ ਨੂੰ ਘਟ ਕਰਨਾ ਚਾਹੁੰਦੇ ਸਨ ਜੋ ਦਿਨ-ਪ੍ਰਤੀਦਿਨ ਆਪਣੇ ਪਿਤਾ ਦਾ ਪਿਆਰਾ ਬਣਦਾ ਜਾ ਰਿਹਾ ਸੀ । ਇਸ ਗੱਲ 'ਤੇ ਵਿਸ਼ਵਾਸ ਕਰਨਾ ਅਸੰਭਵ ਹੈ ਕਿ ਮਹਾਰਾਜਾ ਸਦਾ ਕੌਰ ਦੀਆਂ ਇਨ੍ਹਾਂ ਚਾਲਾਂ ਨੂੰ ਸਮਝਣ ਤੋਂ ਅਸਮਰਥ ਰਿਹਾ ਜੇਕਰ ਉਸ ਨੂੰ ਰਾਜਕੁਮਾਰਾਂ ਦੇ ਨਾਜਾਇਜ਼ ਹੋਣ ਵਿਚ ਜ਼ਰਾ ਜਿੰਨਾ ਵੀ ਸ਼ੱਕ ਹੁੰਦਾ ਤਾਂ ਰਣਜੀਤ ਸਿੰਘ ਇਸ ਧੋਖੇ ਦੇ ਲਈ ਸਦਾ ਕੌਰ ਤੇ ਮਹਿਤਾਬ ਕੌਰ ਨੂੰ ਇਕਦਮ ਸਜ਼ਾ ਦੇ ਦਿੰਦਾ । ਦੂਜੇ ਸਿੱਖ ਨੇਤਾ ਤੇ ਧਾਰਮਿਕ ਕੱਟੜ ਨੇਤਾ ਅਕਾਲੀ ਫੂਲਾ ਸਿੰਘ ਕਿਸੇ ਵੀ ਹਾਲਤ ਵਿਚ ਇਕ ਮੁਸਲਮਾਨ ਜੁਲਾਹੇ ਦੇ ਬੇਟੇ ਨੂੰ ਸਿੱਖ ਸ਼ਾਸਕ ਦਾ ਰਾਜਕੁਮਾਰ ਬਣਦੇ ਵੇਖ ਕੇ ਕਦੀ ਵੀ ਚੁੱਪ ਨਾ ਬੈਠਦੇ । ਲੇਕਿਨ ਲਾਹੌਰ ਦਰਬਾਰ ਵਿਚ ਆ ਕੇ ਸਮਕਾਲੀਨ ਯਾਤਰੀਆਂ ਡਾਕਟਰ ਡਬਲਯੂ.

ਐਲ. ਗ੍ਰੇਗਰ ਤੇ ਜੀ. ਟੀ. ਬਿਗਨੇ ਦੇ ਬਿਰਤਾਂਤ ਤੋਂ ਪਤਾ ਲੱਗਦਾ ਹੈ ਕਿ ਸ਼ੇਰ ਸਿੰਘ ਇਨ੍ਹਾਂ ਦਿਨਾਂ ਵਿਚ ਲਾਹੌਰ ਦਰਬਾਰ ਦੇ ਸਿਪਾਹੀਆਂ ਦਾ ਆਦਰਸ਼ ਸੀ।

ਸਮਕਾਲੀਨ ਦਸਤਾਵੇਜ਼ਾਂ ਦੇ ਆਧਾਰ 'ਤੇ ਸਵਾਰਥੀ ਲੋਕਾਂ ਦੇ ਰਾਹੀਂ ਫੈਲਾਈਆਂ ਗਈਆਂ ਇਹ ਸਾਰੀਆਂ ਅਫ਼ਵਾਹਾਂ ਬਿਲਕੁਲ ਨਿਰਮੂਲ ਸਾਬਤ ਹੁੰਦੀਆਂ ਰਹੀਆਂ। ਦਰਬਾਰ ਦਾ ਡਾਇਰੀ-ਲੇਖਕ ਸੋਹਣ ਲਾਲ ਸੂਚੀ ਦਰਜ ਕਰਦਾ ਹੈ ਕਿ ਬਟਾਲਾ ਤੋਂ ਜਲਦੀ ਦੌੜ ਕੇ ਆਏ ਦੂਤਾਂ ਨੇ ਪਵਿੱਤਰ ਦੇਵੀ ਮਾਈ ਸਾਹਿਬਾ ਨੇ ਮਾਈ ਮਹਿਤਾਬ ਕੌਰ ਦੇ ਪੁੱਤਰਾਂ ਦੇ ਜਨਮ ਦੀ ਸ਼ੁਭ ਸੂਚਨਾ ਮਹਾਰਾਜੇ ਨੂੰ ਦਿੱਤੀ। ਇਹ ਖ਼ਬਰ ਸੁਣ ਕੇ ਉਹ ਬਹੁਤ ਪ੍ਰਸੰਨ ਹੋਏ। ਫੇਰ ਮਹਾਰਾਜਾ ਇਸ ਖ਼ਬਰ ਨੂੰ ਸੁਣ ਕੇ ਘੋੜੇ 'ਤੇ ਸਵਾਰ ਹੋ ਕੇ ਜਲਦੀ ਹੀ ਅੰਮ੍ਰਿਤਸਰ ਪੁੱਜੇ ਤੇ ਦਰਬਾਰ ਸਾਹਿਬ ਜਾ ਕੇ ਮੱਥਾ ਟੇਕਿਆ।

ਜਿਸ ਵੇਲੇ ਮਹਾਰਾਜੇ ਨੂੰ ਰਾਜਕੁਮਾਰਾਂ ਦੇ ਜਨਮ ਦੀ ਸੂਚਨਾ ਮਿਲੀ ਤਾਂ ਉਹ ਨੇਪਾਲ ਦੇ ਰਾਜਾ ਅਮਰ ਸਿੰਘ ਥਾਪਾ ਦੇ ਵਿਰੁੱਧ ਕਾਂਗੜਾ ਦੀਆਂ ਪਹਾੜੀਆਂ ਵਿਚ ਸੰਸਾਰ ਚੰਦ ਕਟੋਚ ਦੀ ਮਦਦ ਲਈ ਗਿਆ ਹੋਇਆ ਸੀ। ਉਹ ਉਸੇ ਵੇਲੇ ਅੰਮ੍ਰਿਤਸਰ ਪੁੱਜੇ ਤੇ ਹਰਿਮੰਦਰ ਸਾਹਿਬ ਵਿਚ ਸ਼ੁਕਰਾਨੇ ਵਜੋਂ ਅਰਦਾਸ ਕਰ ਕੇ ਲਾਹੌਰ ਪੁੱਜੇ। ਲਾਹੌਰ ਵਿਚ ਸ਼ਾਲੀਮਾਰ ਬਾਗ਼ ਵਿਚ ਉਨ੍ਹਾਂ ਨੇ ਇਕ ਆਮ ਦਰਬਾਰ ਲਗਾਇਆ ਤੇ ਪੁੱਤਰ ਜਨਮ ਦੀ ਖੁਸ਼ੀ ਵਿਚ ਲੋਕਾਂ ਵਿਚ ਇਨਾਮ ਵੰਡੇ।

ਇਸ ਦਰਜ ਸੂਚਨਾ ਦਾ ਹਾਮੀ ਇਕ ਹੋਰ ਸਮਕਾਲੀਨ ਲੇਖਕ ਦੀਵਾਨ ਅਮਰਨਾਥ ਵੀ ਹੈ ਕਿ ਪਹਿਲੀ ਮਹਾਰਾਣੀ ਮਹਿਤਾਬ ਕੌਰ ਨੂੰ ਪਵਿੱਤਰਤਾ ਦੀ ਮੂਰਤੀ ਕਿਹਾ ਹੈ। ਮਹਾਰਾਜਾ ਪੁੱਤਰ ਜਨਮ ਦੇ ਵਿਸ਼ੇ ਬਾਰੇ ਬਹੁਤ ਹੀ ਉਤਸੁਕ ਸਨ। ਜਦੋਂ ਤੇਜ਼ ਦੂਤਾਂ ਨੇ ਰਾਜਕੁਮਾਰਾਂ ਦੇ ਜਨਮ ਦੀ ਖ਼ਬਰ ਆ ਕੇ ਦਿੱਤੀ ਤਾਂ ਉਨ੍ਹਾਂ ਨੂੰ ਭਰਪੂਰ ਇਨਾਮ ਦਿੱਤੇ ਗਏ। ਸ਼ੁਭ ਸਮਾਂ ਵੇਖ ਕੇ ਵੱਡੇ ਬੇਟੇ ਦਾ ਨਾਮ ਕੁੰਵਰ ਸ਼ੇਰ ਸਿੰਘ ਅਤੇ ਛੋਟੇ ਦਾ ਨਾਮ ਕੁੰਵਰ ਤਾਰਾ ਸਿੰਘ ਰੱਖਿਆ ਗਿਆ।

ਮਹਿਤਾਬ ਕੌਰ ਦਾ ਵਿਵਾਹਿਕ ਜੀਵਨ ਕੋਈ ਬਹੁਤਾ ਸੁਖਮਈ ਨਹੀਂ ਸੀ। ਕਈ ਵਾਰੀ ਉਹਦੇ ਨਾਲ ਬੁਰਾ ਸਲੂਕ ਵੀ ਹੋਇਆ ਪਰ ਉਸ ਨੇ ਆਪਣੇ ਜੀਵਨ ਦਾ ਇਕ ਮੁੱਖ ਉਦੇਸ਼ ਬਣਾ ਲਿਆ ਸੀ ਕਿ ਉਸ ਦਾ ਪੁੱਤਰ ਮਹਾਰਾਜੇ ਦਾ ਉੱਤਰਧਿਕਾਰੀ ਬਣੇ ਤੇ ਪੰਜਾਬ ਦੀ ਗੱਦੀ 'ਤੇ ਬੈਠੇ। ਉਸ ਦਾ ਸੁਪਨਾ ਉਸ ਦੀ ਮੌਤ ਤੋਂ ਬਾਅਦ ਪੂਰਾ ਹੋਇਆ ਜਦੋਂ ਸ਼ੇਰ ਸਿੰਘ ਨੌਨਿਹਾਲ ਸਿੰਘ ਦੇ ਬਾਅਦ ਪੰਜਾਬ ਦੀ ਗੱਦੀ 'ਤੇ ਬੈਠਿਆ।

ਸਾਰਾ ਜੀਵਨ ਮਹਿਤਾਬ ਕੌਰ ਸਥਿਤੀ ਤੇ ਪ੍ਰਭਾਵ ਨੂੰ ਬਣਾਉਣ ਲਈ ਸੰਘਰਸ਼ ਕਰਦੀ ਰਹੀ। ਏਥੇ ਸਾਨੂੰ ਉਸ ਦੇ ਜੀਵਨ ਵਿਚ ਮੋਰਾ ਬਾਰੇ ਚਰਚਾ ਕਰਨੀ ਜ਼ਰੂਰੀ ਹੈ ਜੋ ਕਿ ਉਸ ਦੇ ਵਿਵਾਹਿਕ ਜੀਵਨ ਦੀ ਅਸਫ਼ਲਤਾ ਦਾ ਕਾਰਨ ਬਣੀ। ਮੋਰਾ ਲਾਹੌਰ ਦੀ ਮਾਣਯੋਗ ਨਰਤਕੀ ਸੀ, ਜਿਸ ਬਾਰਾਂ-ਤੇਰਾਂ ਸਾਲ ਦੀ ਉਮਰ ਦੀ ਇਸ ਛੋਟੀ ਜਿਹੀ ਕਲੀ ਨੇ ਮਹਾਰਾਜੇ ਨੂੰ ਆਪਣੇ ਵਲ ਮੋਹਿਤ ਕਰ ਲਿਆ। ਮੋਰਾ ਸੁੰਦਰਤਾ ਦਾ ਇਕ ਬੇਜੋੜ ਸੰਗਮ ਸੀ। ਜਿਸ ਨੇ ਮਹਾਰਾਜੇ ਦੀ ਪ੍ਰਿਯਤਾ ਹਾਸਲ ਕਰ ਲਈ। ਮਹਾਰਾਜਾ ਉਸ ਦੇ ਪ੍ਰੇਮ ਵਿਚ ਮਗਨ ਆਪਣੀਆਂ ਰਾਤਾਂ ਉਸ ਦੇ ਘਰ ਹੀ ਬਤੀਤ ਕਰਦਾ ਰਿਹਾ। ਕਿਸੇ ਵਿਚ ਏਨੀ ਹਿੰਮਤ ਨਹੀਂ ਸੀ ਕਿ ਮਹਾਰਾਜੇ ਨੂੰ ਇਸ ਗੱਲੋਂ ਰੋਕ ਸਕੇ ਪਰ ਕੇਵਲ ਉਸ ਦੇ ਇਕ ਬਿਰਧ

ਅਧਿਕਾਰੀ ਮੇਹਰ ਮੋਹਕਮਦੀਨ ਜਿਸ ਨੇ ਲਾਹੌਰ ਜਿੱਤਣ ਵਿਚ ਮਹਾਰਾਜੇ ਦੀ ਮਦਦ ਕੀਤੀ ਸੀ। ਉਸ ਨੇ ਮਹਾਰਾਜੇ ਨੂੰ ਇਸ ਵਿਸ਼ੇ 'ਤੇ ਸਲਾਹ ਦਿੱਤੀ ਪਰ ਮਹਾਰਾਜੇ ਨੇ ਗੁੱਸੇ ਵਿਚ ਆ ਕੇ ਉਸ ਦੀ ਪਦਵੀ 'ਬਾਬਾ' ਉਸ ਤੋਂ ਖੋਹ ਲਈ। ਦਸ ਹਜ਼ਾਰ ਰੁਪਏ ਜੁਰਮਾਨਾ ਕੀਤਾ ਤੇ ਅੰਤ ਵਿਚ ਉਸ ਨੂੰ ਕੈਦ ਕਰ ਲਿਆ।

ਇਸ ਘਟਨਾ ਤੋਂ ਬਾਅਦ ਮਹਾਰਾਜਾ ਮੋਰਾ ਨਾਲ ਵਿਆਹ ਕਰ ਕੇ ਆਪਣੇ ਮਹਿਲ ਵਿਚ ਲੈ ਆਇਆ। ਉਸ ਦੀ ਦੂਜੀ ਪਤਨੀ ਰਾਜ ਕੌਰ ਨਕੱਈਆ ਆਪਣੇ ਨਵੇਂ ਜੰਮੇ ਬੱਚੇ ਖੜਗ ਸਿੰਘ ਨੂੰ ਲੈ ਕੇ ਆਪਣੀ ਜਗੀਰ ਸ਼ੇਖੂਪੁਰਾ ਚਲੀ ਗਈ। ਰਾਣੀ ਮਹਿਤਾਬ ਕੌਰ ਨੇ ਵੀ ਇਸ ਦਾ ਵਿਰੋਧ ਕੀਤਾ ਪਰ ਆਪਣੇ ਸ਼ਕਤੀਸ਼ਾਲੀ ਪਤੀ ਦੇ ਅੱਗੇ ਉਹ ਬੇਸਹਾਰਾ ਹੋ ਗਈ ਤੇ ਉਸ ਦਾ ਦਿਲ ਟੁੱਟ ਗਿਆ। ਇਸ ਸੰਬੰਧ ਦੇ ਲਈ ਮਹਾਰਾਜੇ ਨੂੰ ਅਕਾਲ ਤਖ਼ਤ ਨੇ ਤਨਖਾਹੀਆ ਕਰਾਰ ਦਿੱਤਾ।

ਮੋਰਾ ਦਾ ਮਹਾਰਾਜੇ 'ਤੇ ਇੰਨਾ ਪ੍ਰਭਾਵ ਸੀ ਕਿ ਉਸ ਨੇ ਮੋਰਾ ਦੇ ਸਨਮਾਨ ਵਿਚ ਮੋਰਾ ਸ਼ਾਹੀ ਸਿੱਕੇ ਚਲਾਏ। ਪਰ ਡਾ. ਗੋਪਾਲ ਸਿੰਘ ਦੇ ਅਨੁਸਾਰ ਸਿੱਕਿਆਂ 'ਤੇ ਮੋਰਾ ਦੀ ਕੋਈ ਤਸਵੀਰ ਨਹੀਂ ਸੀ। ਕੇਵਲ ਇਕ ਪਾਸੇ ਆਰਸੀ (ਸ਼ੀਸ਼ਾ) ਹੈ ਤੇ ਸ਼ੀਸ਼ੇ ਦੀ ਵਰਤੋਂ ਕੋਈ ਕਾਲਪਨਿਕ ਗੱਲ ਨਹੀਂ ਤੇ ਨਾ ਹੀ ਮੋਰਾ ਦਾ ਸ਼ੀਸ਼ਾ ਵੇਖਣਾ ਹੀ ਸਿਰਫ਼ ਉਸ ਦਾ ਅਧਿਕਾਰ ਸੀ। ਇਹ ਚਿੰਨ੍ਹ ਸ਼ਾਇਦ ਸਾਰੇ ਪੰਜਾਬ ਦੀ ਇਸਤਰੀ ਜਾਤੀ ਦੇ ਪ੍ਰਤੀ ਸ਼ਰਧਾਂਜਲੀ ਸੀ ਜੋ ਗੁਰੂਆਂ ਦੀ ਕ੍ਰਿਪਾ ਨਾਲ ਪ੍ਰਾਚੀਨ ਪਰੰਪਰਾ ਤੋਂ ਮੁਕਤ ਹੋ ਕੇ ਪੰਜਾਬ ਵਿਚ ਸਦਾ ਕੌਰ ਦੀ ਤਰ੍ਹਾਂ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਸੀ।

ਇਸ ਘਟਨਾ ਨੇ ਮਹਿਤਾਬ ਕੌਰ ਨੂੰ ਅੰਦਰ ਤਕ ਹਿਲਾ ਦਿੱਤਾ ਅਤੇ ਉਹ ਟੁੱਟੇ ਦਿਲ ਨੂੰ ਲੈ ਕੇ 1813 ਵਿਚ ਇਸ ਸੰਸਾਰ ਤੋਂ ਵਿਦਾ ਹੋ ਗਈ। ਰਣਜੀਤ ਸਿੰਘ ਦੇ ਜੀਵਨ ਦਾ ਬਾਰੀਕੀ ਨਾਲ ਅਧਿਐਨ ਕਰਨ ਤੇ ਇਸ ਨਿਚੋੜ 'ਤੇ ਪੁੱਜਦੇ ਹਾਂ ਕਿ ਮਹਿਤਾਬ ਦੀ ਸਥਿਤੀ ਚਾਹੇ ਜੋ ਵੀ ਰਹੀ ਹੋਵੇ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਰਣਜੀਤ ਸਿੰਘ ਦਾ ਜੀਵਨ ਬਣਾਉਣ ਵਿਚ ਅਤੇ ਪੰਜਾਬ ਦੀ ਰਾਜਨੀਤੀ ਵਿਚ ਉਸ ਨੇ ਮਹੱਤਵਪੂਰਣ ਭੂਮਿਕਾ ਨਿਭਾਈ। ਇਸ ਵਿਵਾਹਿਕ ਸੰਬੰਧ ਨੇ ਪੰਜਾਬ ਦੀਆਂ ਭਿੰਨ-ਭਿੰਨ ਮਿਸਲਾਂ ਦੇ ਆਪਸੀ ਵਿਰੋਧ ਨੂੰ ਖ਼ਤਮ ਕੀਤਾ। ਜਿਸ ਦੇ ਬਿਨਾਂ ਰਣਜੀਤ ਸਿੰਘ ਦੀ ਪ੍ਰਧਾਨਗੀ ਹੇਠ ਇਕ ਸੰਗਠਤ ਪੰਜਾਬ ਦਾ ਉਭੱਰਨਾ ਅਸੰਭਵ ਸੀ। ਇਹ ਸਭ ਮਹਿਤਾਬ ਕੌਰ ਦੇ ਕਾਰਨ ਹੀ ਹੋਇਆ ਅਤੇ ਉਸ ਦੀ ਮਾਂ ਸਦਾ ਕੌਰ ਦੀ ਸਮੇਂ-ਸਮੇਂ 'ਤੇ ਕੀਤੀ ਮਦਦ ਦੇ ਰਾਹੀਂ ਉਹਨੇ ਲਾਹੌਰ ਉਤੇ ਅਧਿਕਾਰ ਜਮਾ ਲਿਆ। ਇਹ ਮਹਿਤਾਬ ਕੌਰ ਦੀ ਪੰਜਾਬ ਨੂੰ ਇਕ ਵੱਡੀ ਦੇਣ ਸੀ। ਸਿੱਖ ਕੌਮ ਮਹਿਤਾਬ ਕੌਰ ਦੀ ਇਸ ਕੁਰਬਾਨੀ ਨੂੰ ਸਦਾ ਯਾਦ ਰੱਖੇਗੀ ਅਤੇ ਸਦਾ ਉਸ ਦੀ ਰਿਣੀ ਰਹੇਗੀ।

ਰਾਣੀ ਚੰਦ ਕੌਰ

1830 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਵਿਸ਼ਾਲ ਅਤੇ ਵਿਸਤ੍ਰਿਤ ਸਾਮਰਾਜ ਵਿਚ ਵਿਨਾਸ਼ਕਾਰੀ ਸ਼ਕਤੀਆਂ ਨੇ ਪੂਰੀ ਤਾਕਤ ਨਾਲ ਸਿਰ ਚੁੱਕਣਾ ਆਰੰਭ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਦਾ ਇਤਿਹਾਸ ਆਪਸੀ ਦਵੰਦ, ਅਸਥਿਰਤਾ, ਗੜਬੜੀ ਅਤੇ ਬੁਰਛਾਗਰਦੀ ਦਾ ਸਮਾਂ ਸੀ। ਉਹ ਵਿਸ਼ਾਲ

ਸਾਮਰਾਜ ਜਿਸ ਨੂੰ ਬੜੀ ਮਿਹਨਤ ਨਾਲ ਸਥਾਪਤ ਕੀਤਾ ਗਿਆ ਸੀ, ਉਸ ਦੇ ਪਤਨ ਦੇ ਆਸਾਰ ਨਜ਼ਰ ਆਉਣੇ ਸ਼ੁਰੂ ਹੋ ਗਏ ਸਨ। ਇਸ ਨੂੰ ਇਕ ਸੁਨਹਿਰੀ ਕਾਲ ਦਾ ਅੰਤ ਆਖਿਆ ਜਾ ਸਕਦਾ ਹੈ।

ਰਾਣੀ ਚੰਦ ਕੌਰ ਨੇ ਪੰਜਾਬ ਦੇ ਇਤਿਹਾਸ ਵਿਚ ਬਹੁਤ ਹੀ ਮਹੱਤਵਪੂਰਨ ਭੂਮਿਕਾ ਅਦਾ ਕੀਤੀ। ਇਹ ਸਮਾਂ 1839 ਤੋਂ 1842 ਤਕ ਦਾ ਹੈ। ਇਹ ਕਾਲ ਰਾਜਵੰਸ਼ ਵਿਚ ਸ਼ਕਤੀ-ਸੰਘਰਸ਼ ਦਾ ਕਾਲ ਸੀ। ਦੂਜੇ ਪਾਸੇ, ਭਿੰਨ-ਭਿੰਨ ਸਰਦਾਰ ਰਾਜਸੀ ਮਾਮਲਿਆਂ ਉੱਪਰ ਆਪਣਾ ਵੱਧ ਤੋਂ ਵੱਧ ਨਿਯੰਤਰਣ ਸਥਾਪਤ ਕਰ ਲੈਣਾ ਚਾਹੁੰਦੇ ਸਨ। ਇਸ ਸਮੇਂ ਸਿੱਖ ਫ਼ੌਜ ਨੇ ਵੀ ਬੜੀ ਮਹੱਤਵਪੂਰਣ ਭੂਮਿਕਾ ਅਦਾ ਕੀਤੀ। ਇਸ ਘਰੇਲੂ ਸੰਘਰਸ਼ ਤੋਂ ਇਲਾਵਾ ਪੰਜਾਬ ਨੂੰ ਅੰਗਰੇਜ਼ੀ ਸਾਮਰਾਜਵਾਦੀ ਨੀਤੀ ਤੋਂ ਵੀ ਭਾਰੀ ਖ਼ਤਰਾ ਸੀ। ਅੰਗਰੇਜ਼ ਮੌਕੇ ਦੀ ਭਾਲ ਵਿਚ ਸਨ, ਜਦੋਂ ਉਹ ਪੰਜਾਬ ਨੂੰ ਆਪਣੇ ਰਾਜ ਵਿਚ ਮਿਲਾ ਸਕਣ। ਇਸ ਪ੍ਰਕਾਰ ਇਨ੍ਹਾਂ ਪ੍ਰਿਸਥਤੀਆਂ ਵਿਚ ਘਿਰੇ ਵਿਸ਼ਾਲ ਪੰਜਾਬ ਦਾ ਅਸਤਿਤਵ ਹੀ ਖ਼ਤਰੇ ਵਿਚ ਪੈ ਗਿਆ ਸੀ।

ਰਾਣੀ ਚੰਦ ਕੌਰ ਦੇ ਵਿਸ਼ੇ ਵਿਚ ਕਿਸੇ ਪ੍ਰਕਾਰ ਦਾ ਅਨੁਮਾਨ ਲਗਾਉਣਾ ਅਤੇ ਉਸ ਦੀ ਭੂਮਿਕਾ ਦਾ ਠੀਕ ਮੁੱਲ ਪਾਉਣਾ ਇਸ ਲਈ ਕਠਿਨ ਹੈ ਕਿਉਂਕਿ ਰਾਣੀ ਚੰਦ ਕੌਰ ਦੇ ਬਾਰੇ ਪ੍ਰਾਪਤ ਇਤਿਹਾਸਕ ਸਮੱਗਰੀ ਬਹੁਤ ਹੀ ਘੱਟ ਅਤੇ ਖਿੰਡਰੀ ਹੋਈ ਹੈ। ਰਾਣੀ ਚੰਦ ਕੌਰ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਮਹਾਰਾਜਾ ਖੜਗ ਸਿੰਘ ਦੀ ਪਤਨੀ ਸੀ, ਜੋ ਰਾਜਾ ਖੜਗ ਸਿੰਘ ਦੇ 1839 ਵਿਚ ਸਿੰਘਾਸਨ 'ਤੇ ਬੈਠਣ ਸਮੇਂ ਪੰਜਾਬ ਦੀ ਮਹਾਰਾਣੀ ਬਣੀ। ਰਾਣੀ ਚੰਦ ਕੌਰ ਕਨ੍ਹੱਈਆ ਮਿਸਲ ਦੇ ਸਰਦਾਰ ਜੈਮਲ ਸਿੰਘ ਦੀ ਪੁੱਤਰੀ ਸੀ। ਬਚਪਨ ਵਿਚ ਉਸ ਦਾ ਰਿਸ਼ਤਾ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਖੜਗ ਸਿੰਘ ਨਾਲ ਹੋ ਗਿਆ ਸੀ। ਇਸ ਕਾਰਣ ਉਸ ਨੂੰ ਉੱਚੀ ਵਿਦਿਆ ਗ੍ਰਹਿਣ ਕਰਨ ਦਾ ਮੌਕਾ ਨਹੀਂ ਮਿਲਿਆ। ਰਾਜਾ ਖੜਗ ਸਿੰਘ ਨਾਲ ਉਸ ਦਾ ਵਿਆਹ 6 ਫਰਵਰੀ 1812 ਵਿਚ ਸੰਪੰਨ ਹੋਇਆ। ਇਸ ਸਮੇਂ ਖੜਗ ਸਿੰਘ ਦੀ ਉਮਰ ਕੇਵਲ 10 ਸਾਲ ਦੀ ਸੀ। ਇਨ੍ਹਾਂ ਦੀ ਉਮਰ ਦਾ ਅਨੁਮਾਨ ਗਿਆਨੀ ਤ੍ਰਿਲੋਕ ਸਿੰਘ ਦੇ ਨਾਵਲ 'ਰਾਣੀ ਚੰਦ ਕੌਰ—ਇਕ ਇਤਿਹਾਸਕ ਨਾਵਲ' ਤੋਂ ਲਗਾਇਆ ਜਾ ਸਕਦਾ ਹੈ। ਰਾਣੀ ਚੰਦ ਕੌਰ ਨੂੰ ਇਕ ਮੁਟਿਆਰ ਦੇ ਰੂਪ ਵਿਚ ਸੁੰਦਰ ਅਤੇ ਭਾਰੀ ਦੱਸਿਆ ਗਿਆ ਹੈ। ਰਾਣੀ ਚੰਦ ਕੌਰ ਦਾ ਵਿਆਹ ਬਹੁਤ ਹੀ ਸ਼ਾਨਦਾਰ ਅਤੇ ਰਾਜਸੀ ਠਾਠ-ਬਾਠ ਨਾਲ ਹੋਇਆ। ਇਸ ਵਿਆਹ 'ਤੇ ਬਹੁਤ ਧਨ ਖ਼ਰਚ ਕੀਤਾ ਗਿਆ। ਇਹ ਵਿਆਹ ਕਨ੍ਹੱਈਆ ਮਿਸਲ ਦੀ ਰਾਜਧਾਨੀ ਫਤਹਿਗੜ੍ਹ ਵਿਚ ਸੰਪੰਨ ਹੋਇਆ। ਆਪਣੀ ਪੁਸਤਕ 'ਸਿੱਖਾਂ ਦਾ ਇਤਿਹਾਸ' ਭਾਗ-I (1469-1988) ਵਿਚ ਸ. ਖੁਸ਼ਵੰਤ ਸਿੰਘ ਨੇ ਰਾਣੀ ਚੰਦ ਕੌਰ ਦੇ ਵਿਆਹ ਦੀ ਸ਼ਾਨੋ-ਸ਼ੌਕਤ ਦਾ ਵਰਣਨ ਕੁਝ ਇਸ ਪ੍ਰਕਾਰ ਕੀਤਾ ਹੈ :

"ਅਜਿਹੀ ਸ਼ਾਨੋ-ਸ਼ੌਕਤ ਭਾਰਤ ਵਿਚ ਉਸ ਸਮੇਂ ਵੀ ਨਹੀਂ ਵੇਖੀ ਗਈ ਜਦੋਂ ਮੁਗ਼ਲ ਕਾਲ ਵੀ ਆਪਣੀ ਚੜ੍ਹਤ ਵਿਚ ਸੀ।"

ਰਾਜਾ ਖੜਗ ਸਿੰਘ ਅਤੇ ਰਾਣੀ ਚੰਦ ਕੌਰ ਦੇ ਇਕਲੌਤੇ ਪੁੱਤਰ ਦਾ ਜਨਮ 1821 ਵਿਚ ਹੋਇਆ। ਪੰਜਾਬ ਰਾਜ ਦੇ ਵਾਰਿਸ ਦਾ ਜਨਮ ਬਹੁਤ ਹੀ ਖੁਸ਼ੀ ਦਾ ਵਿਸ਼ਾ ਸੀ।

ਆਪਣੇ ਪਤੀ ਰਾਜਾ ਖੜਗ ਸਿੰਘ ਦੇ ਸਿੰਘਾਸਣ ਉੱਪਰ ਬੈਠਣ ਉਪਰੰਤ ਰਾਣੀ ਚੰਦ ਕੌਰ ਨੇ ਪੰਜਾਬ ਦੇ ਰਾਜਨੀਤਕ ਵਿਸ਼ਿਆਂ ਵਿਚ ਕਾਫ਼ੀ ਮਹੱਤਵਪੂਰਨ ਭੂਮਿਕਾ ਅਦਾ ਕੀਤੀ। ਰਾਣੀ ਚੰਦ ਕੌਰ ਦੀ ਬੁੱਧੀਮਤਾ ਅਤੇ ਸਿਆਣਪ ਉਸ ਵਕਤ ਪ੍ਰਗਟ ਹੋ ਜਾਂਦੀ ਹੈ ਜਦੋਂ ਉਸ ਨੇ ਡੋਗਰਾ ਰਾਜਾ ਧਿਆਨ ਸਿੰਘ ਅਤੇ ਕੰਵਰ ਨੌਨਿਹਾਲ ਸਿੰਘ ਨਾਲ ਸਲਾਹ ਕਰ ਕੇ ਜ਼ਬਰਦਸਤੀ ਰਾਜ ਕਰ ਰਹੇ ਆਪਣੇ ਘੱਟ-ਅਕਲ ਪਤੀ ਖੜਗ ਸਿੰਘ ਨੂੰ ਗੱਦੀਓਂ ਲਾਹ ਦਿੱਤਾ। ਕਿਉਂਕਿ ਰਾਜਾ ਖੜਗ ਸਿੰਘ ਦਰਬਾਰੀ ਸਲਾਹਕਾਰ ਚੇਤ ਸਿੰਘ ਬਾਜਵਾ ਦੇ ਪ੍ਰਭਾਵ ਅਧੀਨ ਪੰਜਾਬ ਨੂੰ ਵਿਨਾਸ਼ ਦੇ ਰਸਤੇ 'ਤੇ ਲੈ ਕੇ ਜਾ ਰਿਹਾ ਸੀ। ਰਾਣੀ ਚੰਦ ਕੌਰ ਦੀ ਮਦਦ ਨਾਲ ਕੰਵਰ ਨੌਨਿਹਾਲ ਆਪਣੇ ਪਿਤਾ ਦੇ ਨਾਮ ਉੱਪਰ ਪੰਜਾਬ ਦਾ ਰਾਜ ਚਲਾਉਣ ਲੱਗਾ। ਬਹੁਤ ਹੀ ਘੱਟ ਸਮੇਂ ਵਿਚ ਕੰਵਰ ਨੌਨਿਹਾਲ ਸਿੰਘ ਨੇ ਆਪਣੀ ਸੂਝ-ਬੂਝ ਦਾ ਪ੍ਰਦਰਸ਼ਨ ਕਰਨਾ ਆਰੰਭ ਕਰ ਦਿੱਤਾ ਸੀ। ਉਹ ਇਕ ਕੁਸ਼ਲ ਫ਼ੌਜੀ ਅਤੇ ਦੂਰਦਰਸ਼ੀ ਪ੍ਰਬੰਧਕ ਸਾਬਿਤ ਹੋਇਆ। ਕੰਵਰ ਨੌਨਿਹਾਲ ਸਿੰਘ ਨੇ ਪੰਜਾਬ ਨੂੰ ਅੰਗਰੇਜ਼ਾਂ ਦੇ ਚੰਗੁਲ ਤੋਂ ਬਚਾਇਆ ਅਤੇ ਪੰਜਾਬ ਦੇ ਅਸਤਿਤਵ ਦੀ ਰੱਖਿਆ ਕੀਤੀ। ਦੂਜੇ ਪਾਸੇ, ਲਾਹੌਰ ਦਰਬਾਰ ਦੇ ਭਿੰਨ-ਭਿੰਨ ਸਰਦਾਰਾਂ ਵਿਚੋਂ ਜਿਵੇਂ ਡੋਗਰਾ ਸਰਦਾਰ, ਸੰਧਾਂਵਾਲੀਏ, ਭਾਈ ਰਾਮ ਸਿੰਘ, ਗੁਰਮੁਖ ਸਿੰਘ, ਮਿਸਰ ਬੇਲੀ ਰਾਮ, ਮਜੀਠੀਆਂ ਸਰਦਾਰਾਂ ਵਿਚ ਸੰਤੁਲਨ ਸਥਾਪਤ ਕੀਤਾ। ਕੇਵਲ ਇੰਨਾ ਹੀ ਨਹੀਂ ਡੋਗਰਾ ਰਾਜਾ ਧਿਆਨ ਸਿੰਘ ਦੇ ਵਧਦੇ ਹੋਏ ਪ੍ਰਭਾਵ 'ਤੇ ਵੀ ਕੁੰਵਰ ਨੌਨਿਹਾਲ ਸਿੰਘ ਨੇ ਹੀ ਅੰਕੁਸ਼ ਲਗਾਇਆ। ਇਹ ਵੀ ਕਿਹਾ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਅੰਤਿਮ ਵਰ੍ਹਿਆਂ ਵਿਚ ਅਸਲ ਵਿਚ ਰਾਜਾ ਧਿਆਨ ਸਿੰਘ ਹੀ ਰਾਜ ਚਲਾ ਰਿਹਾ ਸੀ। ਅੰਗਰੇਜ਼ੀ ਰਾਜ ਦੇ ਵਿਰੁੱਧ ਕੰਵਰ ਨੌਨਿਹਾਲ ਸਿੰਘ ਨੇ ਇਕ 'ਸਿੱਖ-ਗੋਰਖਾ' ਸਮਝੌਤੇ ਦੀ ਯੋਜਨਾ ਤਿਆਰ ਕੀਤੀ। ਪਰ 5 ਨਵੰਬਰ 1840 ਵਿਚ ਰਾਜਾ ਖੜਗ ਸਿੰਘ ਦੀ ਮੌਤ ਦੇ ਕਾਰਣ ਮਹਾਰਾਣੀ ਚੰਦ ਕੌਰ ਉੱਪਰ ਦੁੱਖਾਂ ਦਾ ਪਹਾੜ ਟੁੱਟ ਪਿਆ।

ਜਦੋਂ ਕੰਵਰ ਨੌਨਿਹਾਲ ਸਿੰਘ ਆਪਣੇ ਪਿਤਾ ਦਾ ਅੰਤਿਮ ਸੰਸਕਾਰ ਕਰ ਕੇ ਵਾਪਸ ਆ ਰਿਹਾ ਸੀ ਤਾਂ ਫਾਟਕ ਦੀ ਇੱਟ ਉਸ ਦੇ ਸਿਰ 'ਤੇ ਆ ਡਿੱਗੀ। ਗੰਭੀਰ ਰੂਪ ਵਿਚ ਜ਼ਖ਼ਮੀ ਹੋਣ ਕਾਰਨ ਨੌਨਿਹਾਲ ਸਿੰਘ ਦੀ ਮੌਤ ਹੋ ਗਈ। ਕਈ ਇਤਿਹਾਸਕਾਰ ਜਿਵੇਂ ਹਰੀਰਾਮ ਗੁਪਤਾ, ਐਸ. ਆਰ. ਕੋਹਲੀ ਅਤੇ ਸ. ਖੁਸ਼ਵੰਤ ਸਿੰਘ ਦਾ ਇਹ ਵਿਚਾਰ ਹੈ ਕਿ ਕੰਵਰ ਨੌਨਿਹਾਲ ਸਿੰਘ ਮੌਤ ਦੁਰਘਟਨਾ ਸੀ ਪਰ ਗਾਡਨਰ ਅਤੇ ਸਮਿੱਥ ਵਰਗੇ ਸਮਕਾਲੀ ਲੇਖਕਾਂ ਦੀ ਇਹ ਧਾਰਨਾ ਹੈ ਕਿ ਕੰਵਰ ਨੌਨਿਹਾਲ ਸਿੰਘ ਮੌਤ ਇਕ ਪੂਰਵ-ਨਿਸ਼ਚਿਤ ਯੋਜਨਾ ਸੀ। ਰਾਣੀ ਚੰਦ ਕੌਰ ਨੂੰ ਆਪਣੇ ਇਕਲੌਤੇ ਪੁੱਤਰ ਦੀ ਮੌਤ ਦੀ ਬਹੁਤ ਡੂੰਘੀ ਸੱਟ ਲੱਗੀ। ਪਰ ਉਸ ਨੇ ਫਿਰ ਵੀ ਹਿੰਮਤ ਨਾ ਹਾਰੀ। ਪੰਜਾਬ ਦੇ ਹਿਤ ਨੂੰ ਧਿਆਨ ਵਿਚ ਰੱਖਦੇ ਹੋਏ ਰਾਜ ਦੀ ਵਾਗਡੋਰ ਉਸ ਨੇ ਆਪਣੇ ਹੱਥਾਂ ਵਿਚ ਲੈ ਲਈ। ਕਿਉਂਕਿ ਉਸ ਵਕਤ ਰਾਣੀ ਚੰਦ ਕੌਰ ਦੀ ਨੂੰਹ ਸਾਹਿਬ ਕੌਰ ਗਰਭਵਤੀ ਸੀ, ਰਾਣੀ ਨੂੰ ਭਵਿੱਖ ਵਿਚ ਪੈਦਾ ਹੋਣ ਵਾਲੇ ਆਪਣੇ ਪੋਤਰੇ ਨੂੰ ਗੱਦੀ ਉਤੇ ਬਿਠਾਉਣ ਦੀ ਉਮੀਦ ਸੀ, ਇਹ ਫ਼ੈਸਲਾ 7 ਨਵੰਬਰ 1840 ਨੂੰ ਲੈ ਕੇ ਰਾਣੀ ਨੇ ਆਪਣੀ ਬੁੱਧੀਮਤਾ ਅਤੇ ਸੂਝ-ਬੂਝ ਦਾ ਸਬੂਤ ਦੇ ਦਿੱਤਾ।

ਪਰ ਮਹਾਰਾਜਾ ਰਣਜੀਤ ਸਿੰਘ ਦਾ ਦੂਜਾ ਪੁੱਤਰ ਕੰਵਰ ਸ਼ੇਰ ਸਿੰਘ ਮਹਾਰਾਣੀ ਚੰਦ ਕੌਰ ਲਈ ਸਾਰੀ ਉਮਰ ਕੰਡਾ ਬਣਿਆ ਰਿਹਾ। ਇਕ ਪਾਸੇ ਤਾਂ ਸ਼ਕਤੀ ਪ੍ਰਾਪਤ ਕਰਨ ਵਿਚ ਉਹ ਰਾਣੀ ਚੰਦ ਕੌਰ ਦਾ ਸਭ ਤੋਂ ਵੱਡਾ ਦੁਸ਼ਮਣ ਸੀ ਅਤੇ ਦੂਜੇ ਪਾਸੇ ਉਹ ਆਪਣੇ ਭਰਾ ਦੀ ਵਿਧਵਾ ਨਾਲ ਭਵਿੱਖ ਵਿਚ ਵਿਆਹ ਵੀ ਕਰਾਉਣਾ ਚਾਹੁੰਦਾ ਸੀ। ਕੰਵਰ ਸ਼ੇਰ ਸਿੰਘ ਦੇ ਮਨ ਵਿਚ ਪੰਜਾਬ ਦਾ ਰਾਜਾ ਬਣਨ ਦੀ ਤੀਬਰ ਇੱਛਾ ਸੀ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਕੰਵਰ ਸ਼ੇਰ ਸਿੰਘ ਨੇ ਗੋਬਿੰਦਗੜ੍ਹ ਦੇ ਖ਼ਜ਼ਾਨੇ ਉੱਪਰ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਪਰ ਨਾਕਾਮਯਾਬ ਹੋਣ ਦੇ ਬਾਵਜੂਦ ਵੀ ਕੰਵਰ ਸ਼ੇਰ ਸਿੰਘ ਪਿੱਛੇ ਹਟਣ ਵਾਲਾ ਨਹੀਂ ਸੀ। ਉਸ ਨੇ ਖਾਲਸਾ ਫ਼ੌਜ, ਅੰਗਰੇਜ਼ ਅਫ਼ਸਰਾਂ ਅਤੇ ਡੋਗਰਾ ਸਰਦਾਰਾਂ ਨਾਲ ਸਮਝੌਤਾ ਕਰਨ ਦਾ ਕਾਫ਼ੀ ਯਤਨ ਕੀਤਾ। ਪੰਜਾਬ ਦੀ ਰਾਜਗੱਦੀ ਨੂੰ ਪ੍ਰਾਪਤ ਕਰਨ ਲਈ ਉਹ ਹਮੇਸ਼ਾ ਯਤਨਸ਼ੀਲ ਰਿਹਾ। ਕੰਵਰ ਨੌਨਿਹਾਲ ਸਿੰਘ ਦੀ ਮੌਤ ਤੋਂ ਬਾਅਦ ਕੰਵਰ ਸ਼ੇਰ ਸਿੰਘ ਨੇ ਪੰਜਾਬ ਦੀ ਰਾਜਗੱਦੀ ਉਤੇ ਆਪਣਾ ਦਾਅਵਾ ਪੇਸ਼ ਕੀਤਾ। ਪਰ ਜਦੋਂ ਰਾਜਾ ਧਿਆਨ ਸਿੰਘ ਨੇ ਪੰਜਾਬ ਦੀ ਗੱਦੀ ਉਪਰ ਰਾਣੀ ਚੰਦ ਕੌਰ ਦੇ ਹੱਕ ਨੂੰ ਹੀ ਠੀਕ ਦੱਸਿਆ ਤਾਂ ਉਸ ਨੂੰ ਨਿਆਂਸੰਗਤ ਮੰਨ ਕੇ ਕੰਵਰ ਸ਼ੇਰ ਸਿੰਘ ਪਿੱਛੇ ਹਟ ਗਏ। ਇਸ ਪ੍ਰਕਾਰ ਰਾਣੀ ਨੇ ਲਾਹੌਰ ਗੱਦੀ ਦੇ ਰੱਖਿਅਕ ਦੇ ਰੂਪ ਵਿਚ 7 ਨਵੰਬਰ 1840 ਤੋਂ ਲੈ ਕੇ 17 ਜਨਵਰੀ 1841 ਤਕ ਰਾਜ ਕੀਤਾ। ਜਦੋਂ ਰਾਜਾ ਧਿਆਨ ਸਿੰਘ ਨੇ ਰਾਣੀ ਚੰਦ ਕੌਰ ਅੱਗੇ ਕੰਵਰ ਸ਼ੇਰ ਸਿੰਘ ਨਾਲ ਵਿਆਹ ਕਰਵਾਉਣ ਦਾ ਪ੍ਰਸਤਾਵ ਰੱਖਿਆ ਤਾਂ ਰਾਣੀ ਚੰਦ ਕੌਰ ਨੇ ਇਸ ਨੂੰ ਠੁਕਰਾ ਦਿੱਤਾ ਕਿਉਂਕਿ ਉਹ ਆਪਣੇ ਆਪ ਨੂੰ ਉੱਚੀ ਕੁਲ ਦਾ ਮੰਨਦੀ ਸੀ ਅਤੇ ਕੰਵਰ ਸ਼ੇਰ ਸਿੰਘ ਨੂੰ ਇਕ ਅੰਗਰੇਜ਼ ਦੀ ਸੰਤਾਨ ਮੰਨਦੀ ਸੀ।

1841 ਵਿਚ ਲਾਹੌਰ ਦੇ ਕਿਲ੍ਹੇ ਉੱਪਰ ਕਬਜ਼ਾ ਕਰਨ ਤੋਂ ਪਹਿਲਾਂ ਸ਼ੇਰ ਸਿੰਘ ਨੇ ਮੁਕੇਰੀਆਂ ਤੋਂ ਰਾਣੀ ਚੰਦ ਕੌਰ ਨੂੰ ਇਕ ਖ਼ਤ ਲਿਖਿਆ ਅਤੇ ਉਸ ਨੂੰ ਅਪੀਲ ਕੀਤੀ ਕਿ ਉਹ ਕੰਵਰ ਸ਼ੇਰ ਸਿੰਘ ਨਾਲ ਵਿਆਹ ਕਰਵਾ ਲਏ।

ਗਿਆਨੀ ਤ੍ਰਿਲੋਕ ਸਿੰਘ ਨੇ ਆਪਣੇ ਨਾਵਲ 'ਮਹਾਰਾਣੀ ਚੰਦ ਕੌਰ' ਵਿਚ ਲਿਖਿਆ ਹੈ ਕਿ ਕੰਵਰ ਸ਼ੇਰ ਸਿੰਘ ਦੀ ਚਿੱਠੀ ਪੜ੍ਹ ਕੇ ਚੰਦ ਕੌਰ ਅੱਗ-ਬਬੂਲਾ ਹੋ ਗਈ। ਉਸ ਨੇ ਲਾਹੌਰ ਸ਼ਹਿਰ ਵਾਲਿਆਂ ਨੂੰ ਖ਼ੂਬ ਗਾਲ੍ਹਾਂ ਕੱਢੀਆਂ ਕਿ ਲਾਹੌਰ ਦਾ ਸੱਤਿਆਨਾਸ ਹੋ ਜਾਵੇ। ਰਾਣੀ ਦੀਆਂ ਇਹ ਬਦ-ਦੁਆਵਾਂ ਜਲਦੀ ਹੀ ਪੂਰੀਆਂ ਹੋ ਗਈਆਂ।

ਕੰਵਰ ਸ਼ੇਰ ਸਿੰਘ ਪੰਜਾਬ ਦੀ ਰਾਜਗੱਦੀ ਨੂੰ ਪ੍ਰਾਪਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਸੀ। ਕੰਵਰ ਸ਼ੇਰ ਸਿੰਘ ਦਾ ਇਕ ਸੁਝਾਅ ਇਹ ਵੀ ਸੀ ਕਿ ਰਾਣੀ ਚੰਦ ਕੌਰ ਉਸ ਦੇ ਪੁੱਤਰ ਪ੍ਰਤਾਪ ਸਿੰਘ ਨੂੰ ਗੱਦੀ 'ਤੇ ਬਿਠਾ ਦੇਵੇ। ਪਰ ਰਾਣੀ ਚੰਦ ਕੌਰ ਨੇ ਇਸ ਗੱਲ ਦਾ ਜਵਾਬ ਇਹ ਦਿੱਤਾ ਕਿ ਉਹ ਪ੍ਰਤਾਪ ਸਿੰਘ ਦੀ ਬਜਾਇ ਰਾਜਾ ਧਿਆਨ ਸਿੰਘ ਦੇ ਦਲੇਰ ਪੁੱਤਰ ਹੀਰਾ ਸਿੰਘ ਨੂੰ ਗੋਦ ਲੈਣਾ ਬਿਹਤਰ ਸਮਝਦੀ ਹੈ। ਕੰਵਰ ਸ਼ੇਰ ਸਿੰਘ ਕੋਲ ਹੁਣ ਹੋਰ ਕੋਈ ਰਾਹ ਬਾਕੀ ਨਾ ਰਿਹਾ ਅਤੇ ਉਸ ਨੇ ਲਾਹੌਰ ਕਿਲ੍ਹੇ ਨੂੰ ਘੇਰਾ ਪਾ ਲਿਆ। ਇਥੇ ਹੀ ਬਸ ਨਹੀਂ, ਉਸ ਨੇ ਆਪਣੇ ਪੱਖ ਨੂੰ ਮਜ਼ਬੂਤ ਕਰਨ ਲਈ ਖਾਲਸਾ ਫ਼ੌਜ ਨੂੰ ਪੰਜ ਲੱਖ ਰੁਪਏ ਦੀ ਰਿਸ਼ਵਤ ਦਿੱਤੀ ਤੇ ਦੂਜੇ ਪਾਸੇ, ਅੰਗਰੇਜ਼ਾਂ ਤੋਂ ਵੀ ਮਦਦ ਲਈ। ਕੰਵਰ ਸ਼ੇਰ ਸਿੰਘ ਨੇ ਅੰਗਰੇਜ਼ਾਂ ਦੇ ਅੱਗੇ ਇਹ ਪ੍ਰਸਤਾਵ ਰੱਖਿਆ ਕਿ ਉਹ ਇਸ ਸਹਾਇਤਾ ਦੇ ਬਦਲੇ

ਸਾਰੇ ਕਸ਼ਮੀਰ ਜਾਂ ਫਿਰ ਪੂਰੇ ਪੰਜਾਬ ਦੀ ਸਾਲਾਨਾ ਆਮਦਨ ਦਾ ਚੌਥਾ ਭਾਗ ਦੇ ਸਕਦੇ ਹਨ। ਹੁਣ ਰਾਣੀ ਚੰਦ ਕੌਰ ਦੇ ਸਾਹਮਣੇ ਵੀ ਹੋਰ ਕੋਈ ਰਸਤਾ ਬਾਕੀ ਨਹੀਂ ਸੀ ਰਿਹਾ। ਸੋ ਉਸ ਨੇ ਪੰਜਾਬ ਵਿਚ ਅੰਗਰੇਜ਼ਾਂ ਦੇ ਆਗਮਨ ਦੀ ਗੱਲ ਸਵੀਕਾਰ ਕਰ ਲਈ। ਇਸ ਸਮੇਂ ਤਕ ਵੀ ਅੰਗਰੇਜ਼ ਪੰਜਾਬ ਦੀ ਰਾਜਨੀਤੀ ਤੋਂ ਅਲੱਗ ਹੀ ਰਹੇ। ਰਾਣੀ ਚੰਦ ਕੌਰ ਨੇ ਵੀ ਰਿਸ਼ਵਤ ਦੇ ਕੇ ਖਾਲਸਾ ਫ਼ੌਜ ਨੂੰ ਆਪਣੇ ਨਾਲ ਮਿਲਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਨੂੰ ਇਸ ਵਿਚ ਕਾਮਯਾਬੀ ਨਹੀਂ ਮਿਲੀ। ਇਸ ਦਾ ਨਤੀਜਾ ਇਹ ਹੋਇਆ ਕਿ ਕੰਵਰ ਸ਼ੇਰ ਸਿੰਘ ਨੇ 14-15 ਜਨਵਰੀ 1841 ਨੂੰ ਲਾਹੌਰ ਦੇ ਕਿਲ੍ਹੇ ਉਤੇ ਕਬਜ਼ਾ ਕਰ ਲਿਆ।

ਰਾਣੀ ਚੰਦ ਕੌਰ ਦੀਆਂ ਮੁਸ਼ਕਲਾਂ ਹੁਣ ਹੋਰ ਵਧ ਗਈਆਂ ਤੇ ਵਧੇਰੇ ਜਟਿਲ ਹੋ ਗਈਆਂ। ਕਿਉਂਕਿ ਦਰਬਾਰ ਵਿਚ ਸਰਦਾਰਾਂ ਦੇ ਭਿੰਨ-ਭਿੰਨ ਗੁਟ ਸ਼ਕਤੀ ਹਾਸਲ ਕਰਨ ਲਈ ਇਕ ਦੂਜੇ ਦੀ ਜਾਨ ਦੇ ਦੁਸ਼ਮਣ ਬਣ ਕੇ ਬੈਠ ਗਏ ਸਨ। ਇਸ ਸਮੇਂ ਇਹ ਸੰਘਰਸ਼ ਮੁੱਖ ਤੌਰ ਤੇ ਸ. ਗੁਲਾਬ ਸਿੰਘ, ਸ. ਧਿਆਨ ਸਿੰਘ ਡੋਗਰਾ, ਅਜੀਤ ਸਿੰਘ, ਲਹਿਣਾ ਸਿੰਘ ਅਤੇ ਸੰਧਾਂਵਾਲੀਆਂ ਦੇ ਵਿਚਕਾਰ ਸੀ। ਮਹਾਰਾਜਾ ਰਣਜੀਤ ਸਿੰਘ ਦਾ ਪ੍ਰਮੁੱਖ ਸਲਾਹਕਾਰ ਧਿਆਨ ਸਿੰਘ ਸੀ। ਰਾਣੀ ਚੰਦ ਕੌਰ ਨੇ ਵੀ ਆਪਣੇ ਲਾਭ ਲਈ ਧਿਆਨ ਸਿੰਘ ਦਾ ਕਾਫ਼ੀ ਇਸਤੇਮਾਲ ਕੀਤਾ। ਸਭ ਤੋਂ ਪਹਿਲੇ ਉਸ ਨੇ ਧਿਆਨ ਸਿੰਘ ਦੀ ਮਦਦ ਨਾਲ ਆਪਣੇ ਪਤੀ ਮਹਾਰਾਜਾ ਖੜਗ ਸਿੰਘ ਨੂੰ ਗੱਦੀ ਤੋਂ ਉਤਾਰਿਆ ਤੇ ਆਪਣੇ ਪੁੱਤਰ ਕੰਵਰ ਨੌਨਿਹਾਲ ਸਿੰਘ ਨੂੰ ਗੱਦੀ 'ਤੇ ਬਿਠਾਇਆ। ਉਹ ਖੜਗ ਸਿੰਘ ਦੇ ਨਾਮ 'ਤੇ ਰਾਜ ਚਲਾਉਣ ਲੱਗਾ। ਡੋਗਰਾ ਸਰਦਾਰਾਂ ਦੇ ਮਹੱਤਵ ਨੂੰ ਘੱਟ ਕਰਨ ਲਈ ਰਾਣੀ ਚੰਦ ਕੌਰ ਅਤੇ ਕੰਵਰ ਨੌਨਿਹਾਲ ਸਿੰਘ ਨੇ ਭਾਈ ਰਾਮ ਸਿੰਘ ਅਤੇ ਸੰਧਾਂਵਾਲੀਆ ਸਰਦਾਰਾਂ ਦੀ ਸਲਾਹ ਲੈਣੀ ਸ਼ੁਰੂ ਕਰ ਦਿੱਤੀ। ਸਮਕਾਲੀ ਇਤਿਹਾਸਕਾਰ ਗਾਡਨਰ ਅਤੇ ਸਮਿੱਥ, ਰਾਜਾ ਧਿਆਨ ਸਿੰਘ ਨੂੰ ਕੰਵਰ ਨੌਨਿਹਾਲ ਸਿੰਘ ਦੀ ਹੱਤਿਆ ਲਈ ਜ਼ਿੰਮੇਵਾਰ ਮੰਨਦੇ ਹਨ। ਕਿਉਂਕਿ ਧਿਆਨ ਸਿੰਘ ਆਪਣੇ ਪੁੱਤਰ ਹੀਰਾ ਸਿੰਘ ਨੂੰ ਗੱਦੀ 'ਤੇ ਬਿਠਾਉਣਾ ਚਾਹੁੰਦਾ ਸੀ। ਇਥੋਂ ਤਕ ਕਿ ਕੰਵਰ ਨੌਨਿਹਾਲ ਸਿੰਘ ਦੇ ਜ਼ਖ਼ਮੀ ਹੋਣ ਦੀ ਖ਼ਬਰ ਰਾਣੀ ਚੰਦ ਕੌਰ ਅਤੇ ਨੌਨਿਹਾਲ ਸਿੰਘ ਦੀ ਪਤਨੀ ਨੂੰ ਨਹੀਂ ਦਿੱਤੀ ਗਈ। ਕੰਵਰ ਨੌਨਿਹਾਲ ਸਿੰਘ ਦੀ ਮੌਤ ਨੂੰ ਉਸ ਵਕਤ ਤਕ ਗੁਪਤ ਰੱਖਿਆ ਗਿਆ ਜਦੋਂ ਤਕ ਕੰਵਰ ਸ਼ੇਰ ਸਿੰਘ ਲਾਹੌਰ ਨਹੀਂ ਪਹੁੰਚ ਗਿਆ। ਇਥੋਂ ਹੀ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਧਿਆਨ ਸਿੰਘ ਦਾ ਪੰਜਾਬ ਦੀ ਰਾਜਨੀਤੀ ਉਤੇ ਪੂਰਾ ਕਾਬੂ ਸੀ।

ਰਾਣੀ ਚੰਦ ਕੌਰ ਨੇ ਬੜੀ ਚਤੁਰਾਈ ਨਾਲ ਖ਼ਾਲੀ ਰਾਜਗੱਦੀ ਉੱਪਰ ਆਪਣਾ ਹੱਕ ਜਤਾ ਕੇ ਡੋਗਰਾ ਸਰਦਾਰਾਂ ਦੇ ਮਹੱਤਵ ਨੂੰ ਘਟਾ ਦਿੱਤਾ। ਜਦੋਂ ਤਕ ਉਸ ਦੀ ਨੂੰਹ ਸਾਹਿਬ ਕੌਰ ਉਸ ਦੇ ਪੋਤਰੇ ਨੂੰ ਜਨਮ ਦੇਂਦੀ, ਉਸ ਵਕਤ ਤਕ ਲਈ ਇਕ ਕਮੇਟੀ ਦਾ ਗਠਨ ਕੀਤਾ ਗਿਆ। ਇਸ ਕਮੇਟੀ ਦਾ ਪ੍ਰਧਾਨ ਕੰਵਰ ਸ਼ੇਰ ਸਿੰਘ ਅਤੇ ਮੁੱਖ ਸਲਾਹਕਾਰ ਧਿਆਨ ਸਿੰਘ ਸੀ। ਜਦੋਂ ਇਸ ਕਮੇਟੀ ਦੇ ਮੈਂਬਰ ਪਿੱਛੇ ਹਟ ਗਏ ਤਾਂ ਕੇਵਲ ਰਾਣੀ ਚੰਦ ਕੌਰ ਪ੍ਰਤੀਨਿਧ ਸ਼ਾਸਿਕਾ ਦੇ ਰੂਪ ਵਿਚ ਕੰਮ ਕਰਦੀ ਰਹੀ। ਇਸ ਸਮੇਂ ਰਾਣੀ ਚੰਦ ਕੌਰ ਦੇ ਪ੍ਰਮੁੱਖ ਸਲਾਹਕਾਰ ਸੰਧਾਂਵਾਲੀਆ ਸਰਦਾਰ ਸਨ। ਇਤਿਹਾਸਕਾਰਾਂ ਦਾ ਇਕ ਮਤ ਇਹ ਵੀ ਹੈ

ਕਿ ਜਦੋਂ ਕੰਵਰ ਸ਼ੇਰ ਸਿੰਘ ਨੇ ਲਾਹੌਰ ਦੇ ਕਿਲ੍ਹੇ ਨੂੰ ਘੇਰਾ ਪਾਇਆ ਤਾਂ ਉਸ ਸਮੇਂ ਧਿਆਨ ਸਿੰਘ, ਕੰਵਰ ਸ਼ੇਰ ਸਿੰਘ ਦੇ ਪੱਖ ਵਿਚ ਸੀ ਅਤੇ ਉਸ ਦੇ ਭਰਾ ਗੁਲਾਬ ਸਿੰਘ ਰਾਣੀ ਚੰਦ ਕੌਰ ਦੇ ਪੱਖ ਵਿਚ ਸਨ। ਪਰ ਜਦੋਂ ਰਾਣੀ ਚੰਦ ਕੌਰ ਦਾ ਰਾਜ ਖ਼ਤਮ ਹੋਇਆ ਤਾਂ ਦੋਹਾਂ ਭਰਾਵਾਂ ਨੇ ਲਾਹੌਰ ਖ਼ਜ਼ਾਨੇ ਦਾ ਇਕ ਵੱਡਾ ਭਾਗ ਆਪਸ ਵਿਚ ਵੰਡ ਲਿਆ।

ਕੰਵਰ ਸ਼ੇਰ ਸਿੰਘ ਦੀ ਫ਼ੌਜ ਨੇ ਲਾਹੌਰ ਦੇ ਕਿਲ੍ਹੇ ਵਿਚ ਭਾਰੀ ਲੁੱਟਮਾਰ ਕੀਤੀ। ਅੰਤ ਵਿਚ ਰਾਣੀ ਚੰਦ ਕੌਰ ਅਤੇ ਕੰਵਰ ਸ਼ੇਰ ਸਿੰਘ ਦੇ ਵਿਚਕਾਰ ਧਿਆਨ ਸਿੰਘ ਦੀ ਮਦਦ ਨਾਲ ਸਮਝੌਤਾ ਹੋ ਗਿਆ। ਰਾਣੀ ਚੰਦ ਕੌਰ ਨੂੰ ਨੌਂ ਲੱਖ ਦੀ ਜਗੀਰ ਸੌਂਪ ਦਿੱਤੀ ਗਈ। ਇਸ ਦਾ ਪ੍ਰਬੰਧ ਗੁਲਾਬ ਸਿੰਘ ਨੂੰ ਸੌਂਪਿਆ ਗਿਆ। ਰਾਣੀ ਚੰਦ ਕੌਰ ਨੇ ਰਾਜਗੱਦੀ ਉੱਪਰ ਆਪਣੇ ਹੱਕ ਨੂੰ ਵੀ ਛੱਡ ਦਿੱਤਾ। ਗੁਲਾਬ ਸਿੰਘ ਰਾਣੀ ਚੰਦ ਕੌਰ ਦਾ ਬੇਸ਼ੁਮਾਰ ਸੋਨਾ ਚਾਂਦੀ ਅਤੇ ਗਹਿਣੇ ਲੈ ਕੇ ਕਸ਼ਮੀਰ ਚਲਾ ਗਿਆ।

ਜੁਲਾਈ 1841 ਵਿਚ ਰਾਣੀ ਚੰਦ ਕੌਰ ਦੀ ਨੂੰਹ ਨੇ ਇਕ ਮਰੇ ਹੋਏ ਬੱਚੇ ਨੂੰ ਜਨਮ ਦਿੱਤਾ। ਕਿਹਾ ਜਾਂਦਾ ਹੈ ਕਿ ਡੋਗਰਾ ਸਰਦਾਰਾਂ ਨੇ ਉਸ ਨੂੰ ਕੋਈ ਜ਼ਹਿਰੀਲੀ ਦਵਾਈ ਦਿੱਤੀ ਸੀ। ਬਾਅਦ ਵਿਚ ਇਨ੍ਹਾਂ ਸਰਦਾਰਾਂ ਨੇ ਕੰਵਰ ਸ਼ੇਰ ਸਿੰਘ ਅਤੇ ਰਾਣੀ ਚੰਦ ਕੌਰ ਦਾ ਵੀ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ। ਇਤਿਹਾਸਕਾਰ ਗਾਡਨਰ ਦਾ ਕਥਨ ਹੈ ਕਿ ਡੋਗਰਾ ਸਰਦਾਰਾਂ ਨੇ ਪੰਜਾਬ ਦਾ ਵਿਨਾਸ਼ ਕਰ ਦਿੱਤਾ।

ਰਾਣੀ ਚੰਦ ਕੌਰ ਦੇ ਜੀਵਨ ਵਿਚ ਖਾਲਸਾ ਫ਼ੌਜ ਦੀ ਭੂਮਿਕਾ ਬੜੀ ਮਹੱਤਵਪੂਰਨ ਹੈ ਕਿਉਂਕਿ ਫ਼ੌਜ ਦੀ ਮਦਦ ਤੋਂ ਬਿਨਾਂ ਨਾ ਤੇ ਕੋਈ ਰਾਜਨੀਤਕ ਸ਼ਕਤੀ ਪ੍ਰਾਪਤ ਕੀਤੀ ਜਾ ਸਕਦੀ ਸੀ ਅਤੇ ਨਾ ਹੀ ਉਸ ਨੂੰ ਕਾਇਮ ਰੱਖਿਆ ਜਾ ਸਕਦਾ ਸੀ। ਫ਼ੌਜ ਦੀ ਤਾਦਾਦ ਇੰਨੀ ਜ਼ਿਆਦਾ ਸੀ ਕਿ ਉਸ 'ਤੇ ਕਾਬੂ ਪਾਉਣਾ ਵੀ ਮੁਸ਼ਕਲ ਸੀ। ਤਨਖ਼ਾਹ ਨਾ ਮਿਲਣ ਦੀ ਸੂਰਤ ਵਿਚ ਫ਼ੌਜ ਆਮ ਜਨਤਾ ਨੂੰ ਲੁੱਟਣਾ ਸ਼ੁਰੂ ਕਰ ਦੇਂਦੀ ਸੀ। ਖਾਲਸਾ ਫ਼ੌਜ ਆਪਮੁਹਾਰੀ ਹੋ ਗਈ ਸੀ। ਬੇਮੁਹਾਰੇ ਫ਼ੌਜੀ ਆਪਣੇ ਅਫ਼ਸਰਾਂ ਦੀ ਗੱਲ ਵੀ ਨਹੀਂ ਸੀ ਮੰਨਦੇ। ਅਜਿਹੀ ਖ਼ਾਨਾਜੰਗੀ ਦੇ ਸਮੇਂ ਕਿਸੇ ਵੀ ਔਰਤ ਦੀ ਅਗਵਾਈ ਵਿਚ ਰਾਜ-ਵਿਸਥਾਰ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਡੋਗਰਾ ਸਰਦਾਰਾਂ ਨੇ ਪੈਸੇ ਦੇ ਬਲ 'ਤੇ ਫ਼ੌਜ ਨੂੰ ਆਪਣੇ ਕਾਬੂ ਵਿਚ ਰੱਖਿਆ ਹੋਇਆ ਸੀ। ਜਦੋਂ ਲਾਹੌਰ ਦੇ ਕਿਲ੍ਹੇ ਨੂੰ ਘੇਰਾ ਪਾਇਆ ਗਿਆ ਤਾਂ ਉਸ ਵਕਤ ਫ਼ੌਜੀਆਂ ਨੇ ਰੱਜ ਕੇ ਲੁੱਟਮਾਰ ਕੀਤੀ। ਫ਼ੌਜ ਨੇ ਆਪਣੇ ਬੇਮੁਹਾਰੇ ਹੋਣ ਦਾ ਪ੍ਰਤੱਖ ਪ੍ਰਮਾਣ ਦਿੱਤਾ। ਰਾਣੀ ਚੰਦ ਕੌਰ ਆਪਣੇ ਰਾਜ-ਪਾਟ ਨੂੰ ਨਹੀਂ ਸੰਭਾਲ ਸਕੀ ਕਿਉਂਕਿ ਉਸ ਦਾ ਫ਼ੌਜ ਉਤੇ ਕਾਬੂ ਨਹੀਂ ਸੀ। ਜਦਕਿ ਕੰਵਰ ਸ਼ੇਰ ਸਿੰਘ ਨੂੰ ਫ਼ੌਜ ਦੀ ਮਦਦ ਪ੍ਰਾਪਤ ਸੀ। ਜਦੋਂ ਕੰਵਰ ਸ਼ੇਰ ਸਿੰਘ ਨੇ ਲਾਹੌਰ ਦੇ ਕਿਲ੍ਹੇ ਉੱਪਰ ਹਮਲਾ ਕੀਤਾ, ਉਸ ਤੋਂ ਪਹਿਲਾਂ ਰਾਣੀ ਚੰਦ ਕੌਰ ਨੇ ਫ਼ੌਜ ਨੂੰ ਪੰਜ ਲੱਖ ਰੁਪਏ ਰਿਸ਼ਵਤ ਦਿੱਤੀ, ਫ਼ੌਜੀਆਂ ਦੀਆਂ ਚਾਰ ਮਹੀਨਿਆਂ ਦੀਆਂ ਬਕਾਇਆ ਤਨਖਾਹਾਂ ਚੁਕਾਈਆਂ, ਅਫ਼ਸਰਾਂ ਨੂੰ ਕੀਮਤੀ ਤੋਹਫ਼ੇ ਦਿੱਤੇ ਪਰ ਫਿਰ ਵੀ ਸੈਨਿਕਾਂ ਨੇ ਉਸ ਦੀ ਮਦਦ ਨਹੀਂ ਕੀਤੀ। ਦੂਜੇ ਪਾਸੇ, ਕੰਵਰ ਸ਼ੇਰ ਸਿੰਘ ਨੇ ਫ਼ੌਜੀਆਂ ਨਾਲ ਇਸ ਗੱਲ ਦਾ ਇਕਰਾਰ ਕੀਤਾ ਕਿ ਉਹ ਹਰ ਮਹੀਨੇ ਇਕ ਰੁਪਿਆ ਫ਼ੌਜੀਆਂ ਦੀ ਤਨਖ਼ਾਹ ਵਧਾਏਗਾ। ਨਤੀਜਾ ਇਹ ਹੋਇਆ ਕਿ ਬਹੁਤੇ ਫ਼ੌਜੀ ਕੰਵਰ ਸ਼ੇਰ ਸਿੰਘ ਨਾਲ ਮਿਲ ਗਏ। ਰਾਣੀ ਚੰਦ ਕੌਰ ਵਲੋਂ ਲੜਨ ਵਾਲੇ ਫ਼ੌਜੀਆਂ ਦੀ ਗਿਣਤੀ

ਕੇਵਲ ਪੰਜ ਹਜ਼ਾਰ ਸੀ। ਇਨ੍ਹਾਂ ਕੋਲ ਕੁਝ ਬੰਦੂਕਾਂ ਅਤੇ ਬਾਰੂਦ ਸੀ। ਦੂਜੇ ਪਾਸੇ, 26 ਹਜ਼ਾਰ ਫ਼ੌਜੀ, 8 ਹਜ਼ਾਰ ਘੋੜੇ, 43 ਬੰਦੂਕਾਂ ਸਨ। ਗਿਆਨੀ ਤ੍ਰਿਲੋਕ ਸਿੰਘ ਨੇ ਆਪਣੇ ਨਾਵਲ ਵਿਚ ਕੰਵਰ ਸ਼ੇਰ ਸਿੰਘ ਦੇ ਫ਼ੌਜੀਆਂ ਦੀ ਗਿਣਤੀ 60 ਹਜ਼ਾਰ ਦੱਸੀ ਹੈ। ਕੰਵਰ ਸ਼ੇਰ ਸਿੰਘ ਦਾ ਲਾਹੌਰ ਦੇ ਕਿਲ੍ਹੇ ਉੱਪਰ ਕਬਜ਼ਾ ਤਾਂ ਹੋ ਗਿਆ ਪਰ ਉਹ ਵੀ ਵਿਦਰੋਹੀ ਫ਼ੌਜੀਆਂ 'ਤੇ ਕਾਬੂ ਨਾ ਪਾ ਸਕਿਆ। ਆਪਣੇ ਰਾਜ ਦੇ ਪਹਿਲੇ ਸਾਲ ਕੰਵਰ ਸ਼ੇਰ ਸਿੰਘ ਨੇ ਫ਼ੌਜੀਆਂ ਨੂੰ 95,000 ਰੁਪਿਆ ਦਿੱਤਾ ਪਰ ਫ਼ੌਜ ਹੋਰ ਜ਼ਿਆਦਾ ਮੰਗਦੀ ਸੀ। ਖਾਲਸਾ ਫ਼ੌਜ ਨੇ ਕੰਵਰ ਸ਼ੇਰ ਸਿੰਘ ਨੂੰ ਧਮਕੀ ਦਿੱਤੀ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਉਹ ਦੁਬਾਰਾ ਰਾਣੀ ਚੰਦ ਕੌਰ ਨੂੰ ਗੱਦੀ ਉੱਪਰ ਬਿਠਾ ਦੇਣਗੇ।

ਪੰਜਾਬ ਦੀ ਵਿਗੜ ਰਹੀ ਆਂਤਰਿਕ ਸਥਿਤੀ ਦਾ ਅੰਗਰੇਜ਼ਾਂ ਨੇ ਬੜੇ ਧਿਆਨ ਨਾਲ ਨਿਰੀਖਣ ਕੀਤਾ। ਮਹਾਰਾਜਾ ਖੜਗ ਸਿੰਘ ਦੇ ਰਾਜਕਾਲ ਵਿਚ ਅੰਗਰੇਜ਼ਾਂ ਨੇ ਪੰਜਾਬ ਨੂੰ ਆਪਣੇ ਵਿਚ ਰਲਾਉਣ ਦਾ ਯਤਨ ਕੀਤਾ ਸੀ ਪਰ ਕੰਵਰ ਨੌਨਿਹਾਲ ਸਿੰਘ ਅਤੇ ਰਾਣੀ ਚੰਦ ਕੌਰ ਦੀ ਬੁੱਧੀ ਨਾਲ ਉਸ ਵਕਤ ਇਹ ਖ਼ਤਰਾ ਟਾਲ ਦਿੱਤਾ ਗਿਆ। ਕੰਵਰ ਸ਼ੇਰ ਸਿੰਘ ਆਰੰਭ ਤੋਂ ਹੀ ਅੰਗਰੇਜ਼ਾਂ ਨਾਲ ਦੋਸਤਾਨਾ ਸੰਬੰਧ ਬਣਾਏ ਹੋਏ ਸਨ। ਜਦੋਂ ਖਾਲਸਾ ਫ਼ੌਜ ਨੇ ਕੰਵਰ ਸ਼ੇਰ ਸਿੰਘ ਨੂੰ ਧਮਕੀਆਂ ਦੇਣੀਆਂ ਆਰੰਭ ਕਰ ਦਿੱਤੀਆਂ ਤਾਂ ਉਸ ਨੇ ਅੰਗਰੇਜ਼ਾਂ ਕੋਲੋਂ ਸਹਾਇਤਾ ਮੰਗੀ। ਅੰਗਰੇਜ਼ ਵੀ ਸਹਾਇਤਾ ਦੇਣ ਲਈ ਤਿਆਰ ਸਨ ਪਰ ਇਸ ਦੇ ਬਦਲੇ ਉਹ ਸਤਲੁਜ ਪਾਰ ਦੇ ਜ਼ਿਲ੍ਹੇ ਅਤੇ 40 ਲੱਖ ਸਿੱਕੇ ਮੰਗਦੇ ਸਨ। ਪਰ ਕੰਵਰ ਸ਼ੇਰ ਸਿੰਘ ਐਨਾ ਪੈਸਾ ਦੇਣ ਵਿਚ ਅਸਮਰਥ ਸੀ। ਇਸ ਲਈ ਉਸ ਨੂੰ ਅੰਗਰੇਜ਼ਾਂ ਕੋਲੋਂ ਮਦਦ ਨਾ ਮਿਲੀ।

ਜਦੋਂ ਰਾਣੀ ਚੰਦ ਕੌਰ ਨੇ ਰਾਜਪਾਟ ਛੱਡ ਦਿੱਤਾ ਤਾਂ ਅੰਗਰੇਜ਼ਾਂ ਨੇ ਨਾ ਕੇਵਲ ਸੰਧਾਂਵਾਲੀਆ ਸਰਦਾਰਾਂ ਦੀ ਭਰਵੀਂ ਮਦਦ ਕੀਤੀ ਸਗੋਂ ਉਨ੍ਹਾਂ ਨੂੰ ਕੰਵਰ ਸ਼ੇਰ ਸਿੰਘ ਦੇ ਖ਼ਿਲਾਫ਼ ਵੀ ਕਰ ਦਿੱਤਾ। ਲਾਹੌਰ ਨੂੰ ਅੰਗਰੇਜ਼ਾਂ ਤੋਂ ਖ਼ਤਰਾ ਵਧ ਗਿਆ ਕਿਉਂਕਿ ਅੰਗਰੇਜ਼ ਉਸ ਮੌਕੇ ਦੀ ਤਲਾਸ਼ ਵਿਚ ਸਨ ਜਦੋਂ ਉਹ ਪੰਜਾਬ 'ਤੇ ਹਮਲਾ ਕਰ ਕੇ ਉਸ ਨੂੰ ਆਪਣੇ ਵਿਚ ਮਿਲਾ ਸਕਣ। ਅੰਗਰੇਜ਼ਾਂ ਦੀ ਇਸ ਭਾਵਨਾ ਦੀ ਪ੍ਰੋੜ੍ਹਤਾ ਹੈਨਰੀ ਲਾਰੇਂਸ ਦੀ ਪਤਨੀ ਵਲੋਂ ਸ੍ਰੀਮਤੀ ਕੋਸਰੇਨ ਨੂੰ 26 ਮਈ 1841 ਨੂੰ ਲਿਖੇ ਇਕ ਖ਼ਤ ਨਾਲ ਹੁੰਦੀ ਹੈ। ਉਹਦੇ ਸ਼ਬਦ ਇਸ ਪ੍ਰਕਾਰ ਹਨ :

"ਅਗਲੀਆਂ ਸਰਦੀਆਂ ਵਿਚ ਲੰਮੇ ਸਮੇਂ ਤੋਂ ਪੰਜਾਬ ਉੱਪਰ ਕਬਜ਼ਾ ਕਰਨ ਦਾ ਮਸਲਾ ਹੱਲ ਹੋ ਜਾਵੇਗਾ। 10 ਦਿਨਾਂ ਬਾਅਦ ਅਜਿਹੇ ਵਿਚਾਰ ਕਿਸੇ ਸ੍ਰੀਮਤੀ ਹੇਯ ਨੂੰ ਲਿਖੇ ਖ਼ਤ ਵਿਚ ਵਿਅੱਕਤ ਕੀਤੇ ਗਏ ਹਨ। 29 ਅਕਤੂਬਰ 1841 ਨੂੰ ਸ੍ਰੀਮਤੀ ਹੈਨਰੀ ਲਾਰੇਂਸ ਨੇ ਅੰਗਰੇਜ਼ ਦੂਤ ਕਲਾਰਕ ਨੂੰ ਖ਼ਤ ਲਿਖਿਆ ਕਿ ਪੰਜਾਬ 'ਤੇ ਹਮਲੇ ਦੇ ਸਮੇਂ ਕਿਸੇ ਵੀ ਪ੍ਰਕਾਰ ਦੀ ਫ਼ੌਜੀ ਸਹਾਇਤਾ ਦਿੱਤੀ ਜਾ ਸਕਦੀ ਹੈ। ਪੰਜਾਬ ਦੇ ਸੰਬੰਧ ਵਿਚ ਕੋਈ ਕਾਰਵਾਈ ਤੇਜ਼ੀ ਨਾਲ ਇਸ ਲਈ ਨਹੀਂ ਕੀਤੀ ਗਈ ਕਿਉਂਕਿ ਅਫ਼ਗਾਨਿਸਤਾਨ ਦੇ ਸਮੇਂ ਅੰਗਰੇਜ਼ਾਂ ਦੀ ਲਾਹੌਰ ਦਰਬਾਰ ਨੇ ਮਦਦ ਕੀਤੀ ਸੀ। ਇਨ੍ਹਾਂ ਇਤਿਹਾਸਕ ਹਾਲਾਤਾਂ ਦੇ ਸਮੇਂ ਰਾਣੀ ਚੰਦ ਕੌਰ ਦੇ ਸੰਬੰਧੀ ਇਹ ਵਿਚਾਰ ਵਿਅੱਕਤ ਕੀਤੇ। ਜਿਵੇਂ ਇਕ ਮੁਟਿਆਰ ਦੇ ਰੂਪ ਵਿਚ ਆਕਰਸ਼ਕ ਪਰ ਭਾਰੀ ਸੀ। ਰਾਜਕੁਲ ਦੀ ਧੀ ਹੋਣ ਦਾ ਉਸ ਅੰਦਰ ਬੜਾ ਮਾਣ ਸੀ।

ਰਾਜਕੁਲ ਦੀ ਹੋਣ ਕਾਰਣ ਇਸ ਗੱਲ ਉੱਪਰ ਉਹ ਆਪਣਾ ਬੜਾ ਹੱਕ ਸਮਝਦੀ ਸੀ ਕਿ ਲਾਹੌਰ ਗੱਦੀ ਬਾਰੇ ਕੀ ਫ਼ੈਸਲਾ ਕੀਤਾ ਜਾਵੇ ? ਭਾਵੇਂ ਉਹ ਆਪਣੇ ਜੀਵਨ ਵਿਚ ਨਾਕਾਮਯਾਬ ਰਹੀ ਪਰ ਫ਼ਿਰ ਵੀ ਉਸ ਨੇ ਹਿੰਮਤ ਨਹੀਂ ਛੱਡੀ । ਅਸਲ ਵਿਚ ਇਹ ਹਿੰਮਤ ਭਰਿਆ ਫ਼ੈਸਲਾ ਹੀ ਸੀ ਜਦੋਂ ਉਸ ਨੇ ਕੰਵਰ ਨੌਨਿਹਾਲ ਸਿੰਘ ਅਤੇ ਧਿਆਨ ਸਿੰਘ ਨਾਲ ਮਿਲ ਕੇ ਆਪਣੇ ਪਤੀ ਰਾਜਾ ਖੜਗ ਸਿੰਘ ਨੂੰ ਤਾਕਤ ਨਾਲ ਗੱਦੀ ਤੋਂ ਲਾਹ ਦਿੱਤਾ ਤੇ ਰਾਜ ਕਰਨ ਦੀ ਜ਼ਿੰਮੇਵਾਰੀ ਕੰਵਰ ਨੌਨਿਹਾਲ ਸਿੰਘ ਨੂੰ ਸੌਂਪ ਦਿੱਤੀ । ਇਸ ਪ੍ਰਕਾਰ ਉਸ ਨੇ ਆਪਣੀ ਬੁੱਧੀ ਅਤੇ ਦੂਰਅੰਦੇਸ਼ੀ ਦਾ ਸਬੂਤ ਦਿੱਤਾ । ਪੰਜਾਬ ਰਾਜ ਦੇ ਹਿਤ ਲਈ ਉਸ ਨੇ ਆਪਣੇ ਪਤੀ ਅਤੇ ਪੁੱਤਰ ਦੀ ਮੌਤ ਦੇ ਦੁੱਖ 'ਤੇ ਵੀ ਕਾਬੂ ਪਾ ਲਿਆ । ਸੰਕਟ ਦੀ ਸਥਿਤੀ ਵਿਚ ਵੀ ਉਸ ਨੇ ਹਾਲਾਤ ਉੱਪਰ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ । ਉਸ ਨੇ ਡੋਗਰਾ ਅਤੇ ਸੰਧਾਂਵਾਲੀਆ ਸਰਦਾਰਾਂ ਵਿਚ ਫੁੱਟ ਪਾ ਕੇ ਆਪਣੀ ਰਾਜਨੀਤਕ ਸੂਝ ਦਾ ਸਬੂਤ ਦਿੱਤਾ । ਰਾਜਗੱਦੀ ਦੀ ਰੱਖਿਅਕ ਰਾਣੀ ਬਣਨ ਤੋਂ ਪਹਿਲਾਂ ਉਸ ਨੇ ਫ਼ੌਜੀਆਂ ਅਤੇ ਸਾਧੂ-ਸੰਤਾਂ ਨੂੰ ਕਾਫ਼ੀ ਪੈਸਾ ਦੇ ਕੇ ਆਪਣੇ ਨਾਲ ਮਿਲਾ ਲਿਆ । ਰਾਣੀ ਚੰਦ ਕੌਰ ਦੀ ਸੂਝ-ਬੂਝ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਉਸ ਨੇ ਲਾਹੌਰ ਦੇ ਮਹਾਜਨਾਂ ਉੱਪਰ ਇਸ ਗੱਲ ਦਾ ਪ੍ਰਤੀਬੰਧ ਲਗਾ ਦਿੱਤਾ ਕਿ ਉਹ ਕੰਵਰ ਸ਼ੇਰ ਸਿੰਘ ਦੀ ਸਹਾਇਤਾ ਨਾ ਕਰਨ ਤਾਂ ਜੋ ਉਸ ਨੂੰ ਲਾਹੌਰ 'ਤੇ ਕਬਜ਼ਾ ਕਰਨ ਵਿਚ ਮੁਸ਼ਕਲਾਂ ਪੇਸ਼ ਆਉਣ । ਰਾਜਨੀਤਕ ਸੰਘਰਸ਼ ਵਿਚ ਉਸ ਨੇ ਆਪਣੇ ਦੁਸ਼ਮਣਾਂ ਦਾ ਮੁਕਾਬਲਾ ਬਰਾਬਰੀ ਦੇ ਆਧਾਰ ਉਤੇ ਕੀਤਾ । ਇਕ ਇਸਤਰੀ ਹੋਣ ਦੇ ਨਾਤੇ ਉਹ ਆਪਣੇ ਆਪ ਨੂੰ ਕਿਸੇ ਪੁਰਸ਼ ਨਾਲੋਂ ਘੱਟ ਨਹੀਂ ਸੀ ਮੰਨਦੀ । ਉਸ ਨੇ ਆਪਣੇ ਭਰਾ ਬਿਕਰਮ ਸਿੰਘ ਬੇਦੀ ਨੂੰ ਚਿਤਾਵਨੀ ਦੇਂਦੇ ਹੋਏ ਕਿਹਾ ਕਿ ਉਹ ਆਪਣਾ ਖ਼ਿਆਲ ਆਪ ਰੱਖੇ, ਕਿਉਂਕਿ ਉਸ ਦਾ ਇਹ ਕਥਨ ਗ਼ਲਤ ਹੈ ਕਿ ਲਾਹੌਰ ਉਤੇ ਨਾ ਤੇ ਕਿਸੇ ਔਰਤ ਨੇ ਕਦੀ ਰਾਜ ਕੀਤਾ ਹੈ ਤੇ ਨਾ ਕਰੇਗੀ ।

2 ਦਸੰਬਰ ਨੂੰ 1940 ਰਾਣੀ ਚੰਦ ਕੌਰ ਨੂੰ 'ਮਲਿਕਾ ਮੁਕੱਦਸ' ਦਾ ਖ਼ਿਤਾਬ ਦਿੱਤਾ ਗਿਆ । ਉਹ ਇਸ ਅਹੁਦੇ ਉੱਪਰ 17 ਜਨਵਰੀ 1841 ਤਕ ਰਹੀ । ਕੁਝ ਲੇਖਕਾਂ ਦਾ ਵਿਚਾਰ ਹੈ ਕਿ ਉਹ ਜ਼ਨਾਨਾ ਮਹਿਲ ਵਿਚ ਰਹਿ ਕੇ ਆਪਣੇ ਰਾਜ-ਕਾਜ ਚਲਾਉਂਦੀ ਸੀ । ਕੇਵਲ ਆਪਣੇ ਵਿਸ਼ਵਾਸ ਪਾਤਰ ਬੰਦਿਆਂ ਨਾਲ ਸਾਹਮਣੇ ਬੈਠ ਕੇ ਗੱਲ ਕਰਦੀ ਸੀ । ਲੇਖਕ ਬਿਕਰਮਜੀਤ ਹਸਰਤ ਨੇ ਆਪਣੀ ਪੁਸਤਕ ਵਿਚ ਲਿਖਿਆ ਹੈ ਕਿ ਰਾਣੀ ਇਸ ਸੰਬੰਧ ਵਿਚ ਪੂਰੀ ਨਿਸ਼ਚਿੰਤ ਸੀ ਕਿ ਉਹ ਇਕੱਲੀ ਖ਼ੁਦਮੁਖਤਾਰ ਹੋ ਕੇ ਰਾਜ ਕਰ ਸਕਦੀ ਹੈ ।

5 ਦਸੰਬਰ 1840 ਨੂੰ ਆਕਲੈਂਡ ਅਤੇ ਹਾਊਸ ਵਿਚ ਹੋਈ ਚਿੱਠੀ-ਪੱਤਰੀ ਤੋਂ ਇਹ ਗੱਲ ਪ੍ਰਗਟ ਹੁੰਦੀ ਹੈ ਕਿ ਰਾਣੀ ਨੇ ਇਹ ਸੁਣਿਆ ਹੋਇਆ ਸੀ ਕਿ ਇੰਗਲੈਂਡ ਉੱਪਰ ਇਕ ਔਰਤ ਦਾ ਰਾਜ ਹੈ । ਇਕ ਵਾਰ ਉਸ ਨੇ ਰਾਜ ਦਰਬਾਰ ਵਿਚ ਇਹ ਐਲਾਨ ਕੀਤਾ ਕਿ ਮੈਂ ਅਜਿਹਾ ਕਿਉਂ ਨਾ ਕਰਾਂ ਜਿਵੇਂ ਕਿ ਮਹਾਰਾਣੀ ਵਿਕਟੋਰੀਆ ਇੰਗਲੈਂਡ ਵਿਚ ਕਰਦੀ ਹੈ । ਸੰਨ 1841 ਵਿਚ ਉਸ ਸ. ਅਜੀਤ ਸਿੰਘ ਸੰਧਾਂਵਾਲੀਆ ਨੂੰ ਆਪਣਾ ਦੂਤ ਬਣਾ ਕੇ ਗਵਰਨਰ ਜਨਰਲ ਲਾਰਡ ਆਕਲੈਂਡ ਦੇ ਕੋਲ ਭੇਜਿਆ ਕਿ ਉਸ ਨੂੰ ਪੰਜਾਬ ਦੀ ਮਹਾਰਾਣੀ ਸਵੀਕਾਰ ਕਰ ਲਿਆ ਜਾਵੇ ਕਿਉਂਕਿ ਹੁਣ ਉਹ ਕੇਵਲ ਇਕ ਪ੍ਰਤੀਨਿਧੀ ਦੇ ਤੌਰ ਤੇ ਰਾਜ ਨਹੀਂ ਕਰਨਾ ਚਾਹੁੰਦੀ । (7 ਮਈ 1841 ਕਲਾਰਕ ਸਰਕਾਰ ਨੂੰ ਚਿੱਠੀ

ਭੇਜੀ) ਅਨੁਸਾਰ ਰਾਣੀ ਚੰਦ ਕੌਰ ਨੇ ਔਰਤ ਦਾ ਪਹਿਰਾਵਾ ਤਿਆਗ ਕੇ ਮਰਦਾਂ ਵਾਲੇ ਕਪੜੇ ਪਾਏ ਅਤੇ ਪੱਗੜੀ ਵੀ ਬੰਨ੍ਹੀ। ਉਸ ਨੇ ਹਾਥੀ 'ਤੇ ਸਵਾਰ ਹੋ ਕੇ ਫ਼ੌਜ ਦਾ ਨਿਰੀਖਣ ਕੀਤਾ। ਬੇਗ਼ਮ ਸਮਰੂ ਵਾਂਗ ਉਹ ਵੀ ਅੰਗਰੇਜ਼ ਅਫ਼ਸਰਾਂ ਨਾਲ ਗੱਲਬਾਤ ਕਰਨ ਲਈ ਤਿਆਰ ਸੀ। ਉਸ ਨੇ ਕਿਹਾ ਕਿ ਇੰਗਲੈਂਡ 'ਤੇ ਰਾਣੀ ਦਾ ਰਾਜ ਹੈ ਤਾਂ ਪੰਜਾਬ 'ਤੇ ਇਕ ਰਾਣੀ ਦਾ ਰਾਜ ਕਰਨਾ ਅਪਮਾਨ ਵਾਲੀ ਗੱਲ ਕਿਵੇਂ ਹੋ ਸਕਦੀ ਹੈ ? ਭਾਵੇਂ ਰਾਣੀ ਚੰਦ ਕੌਰ ਆਪਣੀ ਗੱਲ ਵਿਚ ਪੂਰੀ ਤਰ੍ਹਾਂ ਠੀਕ ਸੀ ਪਰ ਇਹ ਉਸ ਸਮੇਂ ਦੇ ਭਾਰਤੀ ਸਮਾਜ ਦੇ ਅਨੁਕੂਲ ਨਹੀਂ ਸੀ ਕਿਉਂਕਿ ਸਾਡੇ ਸਮਾਜ ਵਿਚ ਇਸਤਰੀ ਨੂੰ ਪੁਰਸ਼ ਦੇ ਬਰਾਬਰ ਕਦੀ ਨਹੀਂ ਮੰਨਿਆ ਗਿਆ। ਇਸ ਦੇ ਰਾਜ ਦਾ ਸਮਾਂ ਇਸ ਲਈ ਵੀ ਘਟ ਹੈ ਕਿਉਂਕਿ ਰਾਜਾ ਧਿਆਨ ਸਿੰਘ ਅਤੇ ਭਾਈ ਰਾਮ ਸਿੰਘ ਆਦਿ ਨੇ ਉਸ ਦਾ ਸਾਥ ਛੱਡ ਦਿੱਤਾ ਸੀ। ਅਹੁਦਾ ਛੱਡਣ ਤੋਂ ਬਾਅਦ ਰਾਣੀ ਚੰਦ ਕੌਰ ਰਾਜਸੀ ਮਹਿਲ ਵਿਚ ਰਹਿਣ ਲੱਗੀ। ਫਿਰ ਉਹ ਕਿਲ੍ਹੇ ਤੋਂ ਬਾਹਰ ਹਵੇਲੀ ਵਿਚ ਆ ਗਈ। ਕਿਉਂਕਿ ਉਸ ਨੂੰ ਗਰਭਵਤੀ ਨੂੰਹ ਦੀ ਬਹੁਤ ਚਿੰਤਾ ਸੀ। ਰਾਜਾ ਸ਼ੇਰ ਸਿੰਘ ਦੀਆਂ ਉਮੀਦਾਂ 'ਤੇ ਉਸ ਵਕਤ ਪਾਣੀ ਫਿਰ ਗਿਆ ਜਦੋਂ ਰਾਣੀ ਚੰਦ ਕੌਰ ਨੇ ਉਸ ਨਾਲ ਵਿਆਹ ਕਰਵਾਉਣ ਤੋਂ ਇਨਕਾਰ ਕਰ ਦਿੱਤਾ।

ਇਸ ਦੇ ਬਾਵਜੂਦ ਉਹ ਹਾਰ ਮੰਨਣ ਵਾਲੀ ਨਹੀਂ ਸੀ। ਲਾਹੌਰ ਦੀ ਗੱਦੀ ਉਤੇ ਦੁਬਾਰਾ ਕਬਜ਼ਾ ਕਰਨ ਲਈ, ਉਸ ਨੇ ਸੰਧਾਂਵਾਲੀਆ ਸਰਦਾਰਾਂ ਨੂੰ ਅੰਗਰੇਜ਼ਾਂ ਨਾਲ ਸਮਝੌਤਾ ਕਰਨ ਲਈ ਪ੍ਰੇਰਿਤ ਕੀਤਾ। ਕੰਵਰ ਸ਼ੇਰ ਸਿੰਘ ਗੱਦੀ 'ਤੇ ਆਪਣੀ ਹੱਕ ਸੁਰੱਖਿਅਤ ਕਰਨਾ ਚਾਹੁੰਦਾ ਸੀ ਇਸ ਲਈ ਉਸ ਨੇ ਰਾਣੀ ਚੰਦ ਕੌਰ ਦੀ ਨੂੰਹ ਨੂੰ ਜ਼ਹਿਰੀਲੀ ਦਵਾਈ ਦੇ ਦਿੱਤੀ ਸੀ। ਰਾਣੀ ਚੰਦ ਕੌਰ ਤੋਂ ਵੀ ਛੁਟਕਾਰਾ ਪਾਉਣ ਲਈ ਵੀ ਉਸ ਨੇ ਚਾਲ ਚੱਲੀ। ਇਤਿਹਾਸਕਾਰਾਂ ਦੇ ਮੁਤਾਬਕ 9 ਜੂਨ 1841 ਨੂੰ ਰਾਣੀ ਚੰਦ ਕੌਰ ਦੀ ਮੌਤ ਹੋ ਗਈ। ਤਾਰਾ ਸਿੰਘ ਦੁਆਰਾ ਲਿਖੇ ਗਏ ਨਿੱਜੀ ਲੇਖ ਜਿਨ੍ਹਾਂ ਵਿਚ ਭਾਈ ਰਾਮ ਸਿੰਘ ਦੀਆਂ ਅੱਖੀਂ ਵੇਖੀਆਂ ਘਟਨਾਵਾਂ ਦਰਜ ਹਨ, ਵਿਚ ਲਿਖਿਆ ਹੈ ਕਿ ਰਾਣੀ ਚੰਦ ਕੌਰ ਦੀ ਹੱਤਿਆ ਤੋਂ ਪਹਿਲਾਂ ਕੁਝ ਭੈੜੇ ਲੱਛਣ ਤੇ ਬਦ-ਸ਼ਗਨੀਆਂ ਹੋਣੀਆਂ ਸ਼ੁਰੂ ਹੋ ਗਈਆਂ ਸਨ। ਦਰਬਾਰ ਸਾਹਿਬ ਦੇ ਨਿਸ਼ਾਨ ਸਾਹਿਬ ਫਟ ਗਏ ਸਨ। ਅਗਲੇ ਮਹੀਨੇ ਅੰਮ੍ਰਿਤ ਸਰੋਵਰ ਤੋਂ ਇਕ ਪੁਛਲ ਤਾਰਾ ਨਜ਼ਰ ਆਇਆ ਜਿਸ ਦੀ ਦਿਸ਼ਾ ਲਾਹੌਰ ਵਲ ਸੀ। ਅਜਿਹੀਆਂ ਗੱਲਾਂ ਤੋਂ ਲੋਕਾਂ ਨੇ ਆਉਣ ਵਾਲੇ ਬੁਰੇ ਦਿਨਾਂ ਦਾ ਅਨੁਮਾਨ ਲਗਾ ਲਿਆ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਲੋਕ ਰਾਣੀ ਚੰਦ ਕੌਰ ਦੀ ਕਾਫ਼ੀ ਇੱਜ਼ਤ ਕਰਦੇ ਸਨ।

ਉਹ ਧਾਰਮਿਕ ਅਤੇ ਧਰਮ-ਨਿਰਪੱਖ ਸੀ। ਪੁਰਾਣੀਆਂ ਪਰੰਪਰਾਵਾਂ ਅਨੁਸਾਰ ਉਹ ਸਾਧੂ-ਸੰਤਾਂ ਨੂੰ ਕਾਫ਼ੀ ਦਾਨ-ਪੁੰਨ ਕਰਦੀ ਸੀ। 1838 ਵਿਚ ਉਸ ਨੇ ਫ਼ਕੀਰ ਦਾਤਾ ਗੰਜ ਬਖ਼ਸ਼ ਦੀ ਮਜ਼ਾਰ 'ਤੇ ਇਕ ਕਮਰੇ ਦਾ ਨਿਰਮਾਣ ਕਰਵਾਇਆ। ਆਪਣੇ ਪਤੀ ਅਤੇ ਪੁੱਤਰ ਦੀ ਬਰਸੀ 'ਤੇ ਉਸ ਨੇ ਇਕ ਲੱਖ 25 ਰੁਪਿਆ ਤੇ ਸਾਮਾਨ ਬ੍ਰਾਹਮਣਾਂ ਆਦਿ ਨੂੰ ਦਾਨ ਕੀਤਾ। ਉਹਦੇ ਰਾਜ ਦੀ ਅਸਫ਼ਲਤਾ ਦਾ ਦੋਸ਼ ਅਸਲ ਵਿਚ ਉਨ੍ਹਾਂ ਵਿਸ਼ਵਾਸਪਾਤਰਾਂ ਨੂੰ ਜਾਂਦਾ ਹੈ ਜਿਨ੍ਹਾਂ ਨੇ ਨਿੱਜੀ ਸੁਆਰਥਾਂ ਦੇ ਸਾਹਮਣੇ ਰਾਜ ਦੇ ਹਿਤਾਂ ਦੀ ਬਲੀ ਦੇ ਦਿੱਤੀ। ਭੈੜੇ ਰਾਜਪ੍ਰਬੰਧ ਤੋਂ ਛੁਟਕਾਰਾ ਪਾਉਣ ਲਈ ਬਹੁਤੇ ਲੋਕ ਰਾਣੀ ਚੰਦ ਕੌਰ ਦੇ ਖ਼ਿਲਾਫ਼ ਹੋ

ਗਏ । ਸ. ਖੁਸ਼ਵੰਤ ਸਿੰਘ ਨੇ ਆਪਣੀ ਕਿਤਾਬ 'ਸਿੱਖਾਂ ਦਾ ਇਤਿਹਾਸ' ਵਿਚ ਰਾਣੀ ਚੰਦ ਕੌਰ ਦੇ ਸੁਭਾਅ ਬਾਰੇ ਲਿਖਿਆ ਹੈ ਕਿ ਉਹ ਭੈੜੇ ਸੁਭਾਅ ਦੀ ਘੁਮੰਡੀ ਅਤੇ ਘਟੀਆ ਭਾਸ਼ਾ ਦਾ ਪ੍ਰਯੋਗ ਕਰਨ ਵਾਲੀ ਸੀ ਜਿਵੇਂ ਕੋਈ ਮਹਾਰਾਣੀ ਨਹੀਂ ਸਗੋਂ ਬਾਜ਼ਾਰੂ ਔਰਤ ਹੋਵੇ । ਪਰ ਉਪਰੋਕਤ ਵਿਚਾਰ ਸਿੱਧ ਕਰਨ ਲਈ ਲੇਖਕ ਨੇ ਰਾਣੀ ਦੇ ਜੀਵਨ ਵਿਚੋਂ ਕੋਈ ਹਵਾਲਾ ਨਹੀਂ ਦਿੱਤਾ ।

ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਅਸੀਂ ਉੱਪਰ ਜਿਨ੍ਹਾਂ ਇਤਿਹਾਸਕ ਹਵਾਲਿਆਂ ਦਾ ਜ਼ਿਕਰ ਕੀਤਾ ਹੈ, ਉਹ ਸਮਾਂ ਰਾਜਸੀ ਉਥਲ-ਪੁਥਲ ਦਾ ਸੀ । ਅਜਿਹੇ ਮਾਹੌਲ ਵਿਚ ਰਾਣੀ ਚੰਦ ਕੌਰ ਨੇ ਕਈ ਵਿਰੋਧਾਂ ਦੇ ਬਾਵਜੂਦ ਪੰਜਾਬ ਦੀ ਪਹਿਲੀ ਸੁਤੰਤਰ ਮਹਾਰਾਣੀ ਬਣਨ ਦਾ ਮਾਣ ਹਾਸਿਲ ਕੀਤਾ । ਆਪਣੀ ਹਿੰਮਤ ਲਈ ਉਸ ਨੂੰ ਭਾਵੇਂ ਆਪਣੀ ਜਾਨ ਦੀ ਕੁਰਬਾਨੀ ਦੇਣੀ ਪਈ ।

ਮਹਾਰਾਣੀ ਜਿੰਦਾਂ

ਰਾਣੀ ਜਿੰਦਾਂ ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਛੋਟੀ ਰਾਣੀ ਸੀ । ਜਗੀਰਦਾਰੀ ਪ੍ਰਬੰਧ ਵਿਚ ਇਕ ਰਾਜਾ ਇਕ ਤੋਂ ਵਧੀਕ ਸ਼ਾਦੀਆਂ ਕਰ ਲੈਂਦਾ ਸੀ । ਬਹੁਤੀਆਂ ਵਹੁਟੀਆਂ ਬਹੁਤੀ ਅਮੀਰੀ ਦਾ ਸੰਕੇਤ ਸਨ । ਰਾਣੀ ਜਿੰਦਾਂ ਮਹਾਰਾਜੇ ਦੀ ਅਠਾਰ੍ਹਵੀਂ ਰਾਣੀ ਸੀ । ਉਦੋਂ ਵੱਡੇ-ਵੱਡੇ ਜ਼ਿਮੀਂਦਾਰ, ਰਾਜਿਆਂ ਮਹਾਰਾਜਿਆਂ ਨਾਲ ਆਪਣੀ ਧੀ, ਭੈਣ ਦਾ ਰਿਸ਼ਤਾ ਕਰ ਕੇ ਰਿਸ਼ਤੇਦਾਰੀ ਤੇ ਦੋਸਤੀ ਦੀ ਗੰਢ ਨੂੰ ਪੱਕਿਆਂ ਕਰਦੇ ਸਨ । ਇਹੀ ਗੱਲ ਪਿੰਡ ਚਾਹੜ, ਜ਼ਿਲ੍ਹਾ ਸਿਆਲਕੋਟ ਦੇ ਜ਼ਿਮੀਂਦਾਰ ਸ. ਮੰਨਾ ਸਿੰਘ ਔਲਖ ਨੇ ਕੀਤੀ । ਸ. ਮੰਨਾ ਸਿੰਘ ਇਕ ਤਕੜਾ ਜ਼ਿਮੀਂਦਾਰ ਸੀ । ਉਸ ਨੇ ਆਪਣੀ ਬੇਟੀ ਜਿੰਦਾਂ ਦਾ ਸਾਕ ਮਹਾਰਾਜਾ ਰਣਜੀਤ ਸਿੰਘ ਨਾਲ ਕਰ ਕੇ ਪੰਜਾਬ ਸਰਕਾਰ ਨਾਲ ਕੁੜਮਾਚਾਰੀ ਦਾ ਨਾਤਾ ਜੋੜ ਲਿਆ ਸੀ । ਜਿੰਦਾਂ ਦੇ ਜਨਮ ਅਤੇ ਬਚਪਨ ਬਾਰੇ ਇਤਿਹਾਸ ਵਿਚੋਂ ਭਰਪੂਰ ਜਾਣਕਾਰੀ ਨਹੀਂ ਮਿਲਦੀ । ਇਤਿਹਾਸ ਵਿਚ ਜਿੰਦਾਂ ਦਾ ਨਾਮ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਹੀ ਆਇਆ ।

ਬਾਲੜੀ ਜਿੰਦਾਂ ਇਕ ਦਿਨ ਬਾਹਰ ਸਹੇਲੀਆਂ ਨਾਲ ਖੇਤਾਂ ਵਿਚੋਂ ਘੁੰਮ ਕੇ ਵਾਪਸ ਆ ਰਹੀ ਸੀ ਤਾਂ ਉਸ ਨੂੰ ਉਸ ਦੀ ਭੈਣ ਨੇ ਛੇੜਿਆ, "ਤੇਰੀ ਮੰਗਣੀ ਕਰ ਦਿੱਤੀ ਏ । ਪਤਾ ਏ—ਉਹ ਅੱਖੋਂ ਕਾਣਾ ਏ ਤੇ ਉਮਰੋਂ ਬੁੱਢਾ ਏ ।" ਇਹੀ ਗੱਲ ਉਸ ਦੀਆਂ ਹੋਰ ਸਹੇਲੀਆਂ ਨੇ ਕਹੀ । ਅੱਲ੍ਹੜ ਜਿੰਦਾਂ ਹੈਰਾਨੀ ਨਾਲ ਮਾਂ ਕੋਲੋਂ ਪੁੱਛਣ ਲੱਗ ਪਈ । ਮਾਂ ਨੇ ਜਿੰਦਾਂ ਦੇ ਸਿਰ ਉਤੇ ਪਿਆਰ ਦੇਂਦਿਆਂ ਲਾਡ ਨਾਲ ਕਿਹਾ, "ਮੇਰੀ ਧੀ ਰਾਣੀ ਬਣੇਗੀ । ਪੰਜਾਬ ਦੀ ਮਾਲਕਣ । ਤੇਰੀ ਡੋਲੀ ਰਾਜ ਮਹਿਲ ਵਿਚ ਜਾਵੇਗੀ । ਤੂੰ ਪੰਜਾਬ ਦੇ ਮਹਾਰਾਜੇ ਰਣਜੀਤ ਸਿੰਘ ਨਾਲ ਵਿਆਹੀ ਜਾ ਰਹੀ ਏਂ ।"

ਜਿੰਦਾਂ ਨੂੰ ਕੁਝ ਸਮਝ ਨਹੀਂ ਸੀ ਪੈਂਦੀ ਕਿ ਭੈਣਾਂ ਤੇ ਸਹੇਲੀਆਂ ਤਾਂ ਉਸ ਨੂੰ ਕਾਣੇ ਤੇ ਬੁੱਢੇ ਦੀ ਵਹੁਟੀ ਆਖਦੀਆਂ ਸਨ ਤੇ ਮਾਂ ਉਸ ਨੂੰ ਮਹਾਰਾਜੇ ਦੀ ਵਹੁਟੀ । ਕਦੀ ਉਹਦੇ ਖ਼ਿਆਲਾਂ ਵਿਚ ਬੁੱਢਾ ਤੇ ਕਾਣਾ ਪਤੀ ਆਉਂਦਾ ਤੇ ਕਦੀ ਉਹ ਸਜੇ ਹੋਏ ਰਾਜ ਮਹਿਲ ਵਿਚ ਰਾਜੇ ਪਤੀ ਦੀ ਕਲਪਨਾ ਕਰਦੀ । ਅੱਜਕਲ੍ਹ ਗੁਰਦੁਆਰੇ ਦਾ ਬੁੱਢਾ ਗ੍ਰੰਥੀ ਕੁਝ ਜ਼ਿਆਦਾ

ਦੇਰ ਜਿੰਦਾਂ ਨੂੰ ਪੜ੍ਹਾਉਂਦਾ। ਉਹਦੇ ਕੋਲੋਂ ਸਬਕ (ਸੰਥਾ) ਧਿਆਨ ਨਾਲ ਸੁਣਦਾ। ਕਦੀ-ਕਦੀ ਪਿਆਰ ਨਾਲ ਆਖਦਾ, "ਸਾਡੀ ਬੀਬੀ ਬੜੀ ਅਕਲਵੰਦ ਏ।"

ਦਿਨਾਂ ਵਿਚ ਹੀ ਵਿਆਹ ਰਚਿਆ ਗਿਆ। ਗੀਤ ਗਾਏ ਗਏ। ਮੁਟਿਆਰਾਂ ਨੇ ਢੋਲਕ ਵਜਾਈ। ਰਿੱਧੇ ਦੇ ਪਿੜ ਬੱਝੇ। ਜਿੰਦਾਂ ਦੇ ਹੱਥਾਂ-ਪੈਰਾਂ ਉਤੇ ਮਹਿੰਦੀ ਰਚਾਈ ਗਈ। ਜਿੰਦਾਂ ਨੂੰ 'ਮਾਈਏਂ' (ਤੇਲ ਤੇ ਵਟਣੇ ਮਲ ਕੇ ਵਿਆਹ ਵਾਲੀ ਕੁੜੀ ਨੂੰ ਘਰ ਹੀ ਰੱਖਣਾ ਤੇ ਬਾਹਰ ਨਾ ਜਾਣ ਦੇਣਾ) ਪਾਇਆ ਗਿਆ। ਸੁਨਿਆਰਾ ਆ ਗਿਆ। ਸੰਗਦੀ (ਸ਼ਰਮਾਉਂਦੀ) ਜਿੰਦਾਂ ਨੇ ਹੱਥ ਅੱਗੇ ਵਧਾਇਆ। ਉਹਨੇ ਉਹਦੀਆਂ ਚੂੜੀਆਂ ਤੇ ਗੋਖੜੂ ਬੰਦ ਬਣਾਉਣੇ ਸਨ। ਉਂਗਲਾਂ ਦੇ ਨਾਪ ਮੁੰਦਰੀਆਂ ਲਈ ਦਿੱਤੇ ਗਏ। ਹਵੇਲੀ ਦੀ ਇਕ ਨੁੱਕਰੇ ਦਰਜ਼ੀ ਬਿਠਾਇਆ ਗਿਆ। ਦਰਜ਼ੀ ਮਹੀਨ ਰੇਸ਼ਮ ਦੇ ਕਪੜੇ ਕੱਟ-ਕੱਟ ਸਿਉਣ ਲੱਗਾ। ਜ਼ਰੀ-ਤਿੱਲੇ ਨਾਲ ਜੜਾਊ ਸੂਟ ਤਿਆਰ ਹੋ ਗਏ। ਕੀਮਖਾਬ ਦੀਆਂ ਰਜ਼ਾਈਆਂ-ਤਲਾਈਆਂ ਬਣ ਰਹੀਆਂ ਸਨ। ਗੋਟੇ-ਕਿਨਾਰੀ ਤੇ ਕਿਰਨ ਨਾਲ ਝੰਮ-ਝੰਮ ਕਰਦੇ ਦੁਪੱਟੇ ਕਦੀ-ਕਦੀ ਉਹਦੀ ਵੱਡੀ ਭੈਣ ਸਿਰ 'ਤੇ ਕਰ ਕੇ ਵੇਖਦੀ ਤੇ ਆਖਦੀ, "ਵੇਖ ਨੀ ਜਿੰਦਾਂ, ਸੋਹਣਾ ਲੱਗਦਾ ਏ?" ਜਿੰਦਾਂ ਵੇਖ ਕੇ ਖੋਹਣ ਨੂੰ ਦੌੜਦੀ। "ਇਹ ਮੇਰਾ ਏ। ਇਹਨੂੰ ਖ਼ਰਾਬ ਨਾ ਕਰ।" ਹਵੇਲੀ ਵਿਚ ਹਲਵਾਈ ਬਿਠਾਏ ਗਏ। ਵੰਨ-ਸੁਵੰਨੇ ਪਕਵਾਨ ਪੱਕਣ ਲੱਗੇ। ਤਰ੍ਹਾਂ-ਤਰ੍ਹਾਂ ਦੀਆਂ ਮਠਿਆਈਆਂ ਬਣਨ ਲੱਗੀਆਂ। ਪਿੰਡ ਦੇ ਸਾਰੇ ਕੰਮੀ-ਕਮੀਨ ਆਪੋ-ਆਪਣੀ ਸਮਰੱਥਾ ਅਨੁਸਾਰ ਕੰਮ ਕਰ ਰਹੇ ਸਨ।

ਅਖ਼ੀਰ ਉਹ ਦਿਨ ਵੀ ਆ ਗਿਆ ਜਿਸ ਦਿਨ ਜੰਞ ਢੁੱਕਣੀ ਸੀ। ਸ਼ਾਹੀ ਠਾਠ-ਬਾਠ ਨਾਲ ਸਜੀ ਬਰਾਤ ਚਾੜ੍ਹ ਪਿੰਡ ਆ ਢੁੱਕੀ। ਕਈ ਤਰ੍ਹਾਂ ਦੇ ਵਾਜੇ ਵੱਜ ਰਹੇ ਸਨ। ਊਠ ਤੇ ਘੋੜੇ ਸਜੇ ਹੋਏ ਸਨ। ਮਹਾਰਾਜੇ ਦੇ ਹਾਥੀ ਦੀ ਸ਼ਾਨ ਅਨੋਖੀ ਸੀ। ਉੱਪਰ ਛਤਰ ਝੂਲ ਰਿਹਾ ਸੀ। ਹਾਥੀ ਉਤੇ ਲਾਲ ਤੇ ਨੀਲੀ ਸ਼ਨੀਲ ਦੇ ਝੁੱਲ ਲਟਕ ਰਹੇ ਸਨ, ਹੌਦਿਆਂ ਨੂੰ ਸੋਹਣੇ ਸਲੀਕੇ ਨਾਲ ਸਜਾਇਆ ਹੋਇਆ ਸੀ। ਮਹਾਰਾਜੇ ਨੇ ਸਿਰ ਉਤੇ ਕਲਗੀ ਲਾਈ ਹੋਈ ਸੀ, ਲੰਮੀ ਦਾੜ੍ਹੀ ਉਹਦੇ ਮਨ ਦੀ ਸਵੱਛਤਾ ਦੀ ਗਵਾਹੀ ਦੇ ਰਹੀ ਸੀ। ਉਹਦੇ ਮੰਤਰੀ ਤੇ ਸਰਦਾਰ ਖੁਸ਼ੀ ਨਾਲ ਨੱਚ ਰਹੇ ਸਨ। ਮਹਾਰਾਜਾ ਸ਼ਾਂਤ ਚਿੱਤ ਬੈਠਾ ਸਭ ਕੁਝ ਵੇਖ ਰਿਹਾ ਸੀ।

ਵਾਜਿਆਂ ਦੀ ਆਵਾਜ਼ ਸੁਣ ਕੇ ਪਿੰਡ ਦੀਆਂ ਕੁੜੀਆਂ ਭੱਜ ਕੇ ਵੇਖਣ ਗਈਆਂ, "ਨੀ ਜਿੰਦਾਂ ਰਾਜਾ ਤਾਂ ਕਾਣਾ ਉ" ਗੇਜੋ ਨੇ ਆ ਕੇ ਦੱਸਿਆ। "ਹਾਏ ਨੀ ਮਹਾਰਾਜਾ ਤਾਂ ਬੁੱਢਾ ਏ" ਭਜਨੇ ਨੇ ਸਾਹੋ-ਸਾਹੀ ਹੋ ਕੇ ਦੱਸਿਆ। ਏਨੇ ਨੂੰ ਹੋਰ ਦੋ-ਚਾਰ ਕੁੜੀਆਂ ਆ ਗਈਆਂ "ਅੰਨ੍ਹੀਏ ਏਨੀ ਲੰਮੀ ਦਾੜ੍ਹੀ ਏ" ਉਨ੍ਹਾਂ ਨੇ ਆਪਣੇ ਢਿੱਡ 'ਤੇ ਹੱਥ ਰੱਖ ਕੇ ਆਖਿਆ। "ਉਹ ਤਾਂ ਤੇਰਾ ਬਾਬਾ ਲੱਗਦਾ ਏ!" ਜਿੰਦਾਂ ਤਰ੍ਹਾਂ-ਤਰ੍ਹਾਂ ਦੇ ਬੋਲ ਸੁਣ ਕੇ ਰੋਣ ਲੱਗ ਪਈ। ਅੰਦਰੋਂ-ਅੰਦਰੀ ਮਾਪਿਆਂ ਨੂੰ ਕੋਸਣ ਲੱਗ ਪਈ। ਮੇਰੇ ਮਾਪਿਆਂ ਨੇ ਕੀ ਸੋਚਿਆ? ਕੁੜੀਆਂ ਸਾਰੀ ਉਮਰ ਮੈਨੂੰ ਟਿਚਕਰਾਂ ਕਰਨਗੀਆਂ।

ਸਵੇਰੇ ਲਾਵਾਂ ਹੋ ਗਈਆਂ। ਜੰਞ ਵਿਦਾ ਹੋਣ ਲੱਗੀ। ਭਾਵੇਂ ਸ. ਮੰਨਾ ਸਿੰਘ ਨੇ ਵਿੱਤੋਂ ਵਧ ਕੇ ਸਾਰਾ ਕੰਮ ਕੀਤਾ ਸੀ ਤਾਂ ਵੀ ਗਲ਼ ਵਿਚ ਪੱਲਾ ਪਾ ਕੇ ਹੱਥ ਜੋੜ ਕੇ ਖਲੋ ਗਿਆ। ਭੁੱਲ-ਚੁੱਕ ਦੀ ਖਿਮਾ ਦੇਣੀ। ਉਸ ਨੇ ਭਰੀਆਂ ਅੱਖਾਂ ਤੇ ਭਰੇ ਗਲ਼ੇ ਨਾਲ ਆਖਿਆ।

ਲਾਰੀਆਂ ਨੇ ਦਾਜ ਦਾ ਸਾਮਾਨ ਗਿਣਿਆ, ਗਿਣਵਾਇਆ ਤੇ ਹੌਲੀ-ਹੌਲੀ ਸਭ ਵਿਦਾ ਹੋਣ ਲੱਗੇ। ਇਧਰੋਂ ਵਾਜਿਆਂ ਦੀ ਧੁਨ ਉੱਚੀ ਹੋਈ, ਉਧਰੋਂ ਜਿੰਦਾਂ ਫੁੱਟ-ਫੁੱਟ ਕੇ ਰੋਈ। ਉਹ ਵਿਆਹੀ ਗਈ ਸੀ। ਮਾਪਿਆਂ ਦਾ ਪਿੰਡ ਛੱਡ ਕੇ ਜਾ ਰਹੀ ਸੀ। ਉਸ ਦੀ ਮਾਂ, ਉਸ ਦੀਆਂ ਸਹੇਲੀਆਂ ਤੇ ਮੇਲਣਾਂ ਸਾਰੀਆਂ ਹੀ ਜਿੰਦਾਂ ਦੇ ਗਲ਼ ਲੱਗ ਕੇ ਰੋਈਆਂ। ਜਿੰਦਾਂ ਰਾਜ ਮਹਿਲ ਨੂੰ ਜਾ ਰਹੀ ਸੀ। ਪੰਜਾਬ ਦੇ ਮਹਾਰਾਜੇ ਦੀ ਮਹਾਰਾਣੀ ਬਣਨ। ਹੁਣ ਤਕ ਉਹਨੂੰ ਜੋ ਕੁਝ ਵੀ ਦੱਸਿਆ ਗਿਆ ਸੀ, ਉਹਦੇ ਵਿਚੋਂ ਕੀ ਸੱਚ ਤੇ ਕੀ ਝੂਠ ਸੀ—ਉਹਨੇ ਅਜੇ ਆ ਕੇ ਪਰਖਣਾ ਸੀ।

2

ਅੰਮ੍ਰਿਤਸਰ ਦੇ ਰਾਮਬਾਗ਼ ਦੀ ਸ਼ਾਹ ਕੋਠੀ ਵਿਚ ਉਸ ਦੀ ਡੋਲੀ ਪਹੁੰਚ ਗਈ। ਔਰਤਾਂ ਦਾ ਝੁਰਮਟ ਪੈ ਗਿਆ। ਮਹਾਰਾਜੇ ਦੀਆਂ ਪਹਿਲੀਆਂ ਰਾਣੀਆਂ ਤੇ ਗੋਲੀਆਂ ਨੇ ਜਦੋਂ ਜਿੰਦਾਂ ਦਾ ਘੁੰਡ ਚੁੱਕ ਕੇ ਉਸ ਦਾ ਮੂੰਹ ਵੇਖਿਆ ਤਾਂ ਉਸ ਦਾ ਸੁਹੱਪਣ ਵੇਖ ਕੇ ਦੰਗ ਰਹਿ ਗਈਆਂ। ਬਹੁਤ ਹੀ ਰੂਪਵਤੀ ਸੀ ਲਾੜੀ ਜਿੰਦਾਂ। ਉਤੋਂ ਗਹਿਣਿਆਂ ਕੱਪੜਿਆਂ ਨੇ ਉਹਦੇ ਰੂਪ ਨੂੰ ਹੋਰ ਨਿਖਾਰ ਦਿੱਤਾ। ਲਾਲ ਸੂਹਾ ਚਿਹਰਾ, ਚਮਕਦੀਆਂ ਕਾਲੀਆਂ ਅੱਖਾਂ, ਤਿੱਖੀ ਪਤਲੀ ਨੱਕ, ਕਮਾਲ ਦੀ ਫਬਤ ਸੀ ਉਹਦੇ ਚਿਹਰੇ ਦੀ। ਜਿੰਦਾਂ ਦਾ ਘੁੰਡ ਚੁੱਕਿਆ ਜਾ ਚੁੱਕਾ ਸੀ। ਹੁਣ ਜਿੰਦਾਂ ਵੀ ਸਜੇ ਹੋਏ ਕਮਰੇ ਨੂੰ ਨਿਹਾਰ ਰਹੀ ਸੀ। ਜਿਸ ਪਲੰਘ ਉੱਪਰ ਉਹਨੂੰ ਬਿਠਾਇਆ ਗਿਆ, ਉਹ ਬਹੁਤ ਸੋਹਣਾ ਸੀ। ਉਹਦੇ ਉੱਪਰ ਕੀ ਕੁਝ ਜੜਿਆ ਹੋਇਆ ਸੀ, ਉਹਦਾ ਤਾਂ ਨਾਮ ਵੀ ਜਿੰਦਾਂ ਨੂੰ ਨਹੀਂ ਸੀ ਆਉਂਦਾ। ਸਾਰਾ ਕਮਰਾ ਸੋਹਣੇ ਢੰਗ ਨਾਲ ਸਜਾਇਆ ਹੋਇਆ ਸੀ। ਕਮਰੇ ਦੀ ਜਗਮਗ ਵੇਖ ਕੇ, ਜਿੰਦਾਂ ਦੀਆਂ ਅੱਖਾਂ ਵੀ ਚੁੰਧਿਆ ਗਈਆਂ। ਮਨ ਵਿਚ ਸੋਚਣ ਲੱਗੀ, ਕੁੜੀਆਂ ਨੇ ਐਵੇਂ ਮੇਰਾ ਮਨ ਭੈੜਾ ਕਰ ਦਿੱਤਾ ਸੀ। ਮੈਂ ਤਾਂ ਸਗੋਂ ਭਾਗਾਂ ਵਾਲੀ ਹਾਂ, ਜਿਹਦਾ ਮਹਾਰਾਜੇ ਨਾਲ ਵਿਆਹ ਹੋਇਐ। ਏਨਾ ਸੋਹਣਾ ਘਰ ਹੋਰ ਕਿਸੇ ਨੂੰ ਜੁੜਨੈਂ ?

ਦਿਨ ਬੀਤ ਗਿਆ ਰਾਤ ਆਈ। ਚੰਬੇਲੀ ਤੇ ਗੁਲਾਬ ਦੀਆਂ ਕੂਲੀਆਂ ਪੱਤੀਆਂ ਨਾਲ ਸਜਿਆ ਪਲੰਘ ਉਸ ਨੂੰ ਸੌਣ ਲਈ ਦਿੱਤਾ ਗਿਆ। ਇਸ ਵੇਲੇ ਉਹਦਾ ਪਤੀ ਇਕ ਸਾਧਾਰਣ ਜਿਹਾ ਮਨੁੱਖ ਪ੍ਰਤੀਤ ਹੋ ਰਿਹਾ ਸੀ। ਰਾਜ-ਭਾਗ ਦੀ ਗੱਲ ਤੋਂ ਇਸ ਵੇਲੇ ਉਹ ਕੋਹਾਂ ਦੂਰ ਸੀ। ਇਸ ਵੇਲੇ ਉਹ ਸੱਚਾ ਪ੍ਰੇਮੀ ਸੀ। ਹੀਰੇ-ਮੋਤੀਆਂ ਦੀ ਜੜ੍ਹਤ ਨਾਲ ਜੜੇ ਗਹਿਣਿਆਂ ਨਾਲ ਸ਼ਿੰਗਾਰ, ਸੁੰਗੜੀ ਹੋਈ ਜਿੰਦਾਂ ਪਤੀ ਨੂੰ ਨਿਹਾਰ ਰਹੀ ਸੀ। ਰਣਜੀਤ ਸਿੰਘ ਨੇ ਆਪਣੀ ਸਾਦਗੀ ਵਿਚ ਜਿੰਦਾਂ ਨੂੰ ਕਿਹਾ, "ਅੱਜ ਮੇਰਾ ਬੁਢਾਪਾ ਮੁੱਕ ਗਿਆ ਹੈ। ਮੈਂ ਮੁੜ ਜਵਾਨ ਹੋ ਗਿਆ ਹਾਂ। ਤੇਰਾ ਨਾਮ ਜਿੰਦਾਂ ਹੈ। ਤੂੰ ਮੇਰੀ ਜਿੰਦ ਏਂ। ਰੱਬ ਨੇ ਤੈਨੂੰ ਮੇਰੇ ਲਈ ਹੀ ਬਣਾਇਆ ਹੈ। ਮੈਂ ਤੈਨੂੰ ਮਹਾਰਾਣੀ ਬਣਾਉਂਦਾ ਹਾਂ।" ਪਤੀ-ਪਿਆਰ ਵਿਚ ਜਿੰਦਾਂ ਵਧਦੀ-ਫੁੱਲਦੀ ਰਹੀ। ਹੁਣ ਮਹਾਰਾਜਾ ਸਭ ਤੋਂ ਵੱਧ ਪਿਆਰ ਜਿੰਦਾਂ ਨੂੰ ਹੀ ਕਰਦਾ। ਲਾਹੌਰ ਦੇ ਸੁੰਮਨ ਬੁਰਜ ਵਿਚ ਜਿੰਦਾਂ ਨੂੰ ਮਹਾਰਾਣੀ ਬਣਾ ਕੇ ਲਿਆਂਦਾ ਗਿਆ। ਸ਼ਾਲੀਮਾਰ ਬਾਗ਼ ਦੀਆਂ ਫੁੱਲਵਾੜੀਆਂ ਵਿਚ ਆਪਣੇ ਪਤੀ ਸ਼ੇਰੇ-ਪੰਜਾਬ ਨਾਲ ਉਹ ਬੜੇ ਸ਼ੌਕ ਨਾਲ ਸੈਰ ਕਰਦੀ। ਪ੍ਰੀਤ ਦੀ ਖੇਡ ਖੇਡਦਾ ਹੋਇਆ ਮਹਾਰਾਜਾ ਜਿੰਦਾਂ

ਸਾਹਮਣੇ ਕਈ ਵਾਰ ਮੁਲਜ਼ਮਾਂ ਵਾਂਗ ਕੰਨਾਂ ਨੂੰ ਹੱਥ ਲਾਉਂਦਾ, ਮਾਫ਼ੀਆਂ ਮੰਗਦਾ।

ਦਿਨ ਬੀਤਦੇ ਗਏ, ਇਕ ਦਿਨ ਮਹਾਰਾਣੀ ਜਿੰਦਾਂ ਫੁੱਲਾਂ ਦੀਆਂ ਕਿਆਰੀਆਂ ਵਿਚ ਅੱਗੇ-ਅੱਗੇ ਨੱਸ ਰਹੀ ਸੀ ਤੇ ਪਤੀਦੇਵ ਪਿੱਛੇ-ਪਿੱਛੇ ਭੱਜ ਰਹੇ ਸਨ ਕਿ ਸਿਆਣੀ ਗੋਲੀ ਨੇ ਸਹਿਜ ਨਾਲ ਜਿੰਦਾਂ ਨੂੰ ਆਖਿਆ, "ਮਹਾਰਾਣੀ ਜੀ, ਤੁਸੀਂ ਹੁਣ ਨੱਸਿਆ ਨਾ ਕਰੋ। ਤੇ ਨਾ ਹੀ ਗਰਮ ਸ਼ੈਅ ਖਾਇਆ ਕਰੋ। ਰੱਬ ਤੁਹਾਡੇ ਉਤੇ ਮਿਹਰਬਾਨ ਹੋਇਆ।" "ਕੀ ਹੋਇਆ ਹੈ" ਜਿੰਦਾਂ ਨੇ ਲਾਡ ਨਾਲ ਪੁੱਛਿਆ। "ਤੁਹਾਡੀ ਕੁੱਖ ਹਰੀ ਹੋਈ ਹੈ। ਤੁਸੀਂ ਮਾਂ ਬਣਨ ਵਾਲੇ ਹੋ।" ਮਹਾਰਾਣੀ ਅੰਦਰੋਂ ਖੁਸ਼ ਤੇ ਉਤੋਂ ਚੁੱਪ, ਗੋਲੀ ਨੂੰ ਇਸ਼ਾਰਾ ਕੀਤਾ ਕਿ ਇਹ ਖ਼ਬਰ ਮਹਾਰਾਜੇ ਨੂੰ ਦੇ ਦੇਵੋ। ਮਹਾਰਾਜੇ ਨੇ, ਖ਼ਬਰ ਸੁਣਦਿਆਂ ਹੀ ਖੁਸ਼ੀ ਨਾਲ ਸਾਰੀਆਂ ਗੋਲੀਆਂ ਨੂੰ ਬੁਲਾ ਕੇ ਬਖ਼ਸ਼ੀਸ਼ਾਂ ਦਿੱਤੀਆਂ। ਰਾਜ ਮਹਿਲ ਵਿਚ ਮੰਗਲਾਚਾਰ ਹੋਇਆ।

ਆਖ਼ਰ ਉਹ ਦਿਨ ਵੀ ਆਇਆ ਜਦੋਂ ਮਹਾਰਾਣੀ ਨੇ ਇਕ ਸੁੰਦਰ ਬਾਲਕ ਨੂੰ ਜਨਮ ਦਿੱਤਾ। ਮਹਾਰਾਜੇ ਨੇ ਸ਼ਹਿਜ਼ਾਦੇ ਦੀ ਖੁਸ਼ੀ ਦੀ ਖ਼ਬਰ ਸੁਣਦਿਆਂ ਹੀ ਸਭ ਨੂੰ ਬਖ਼ਸ਼ੀਸ਼ਾਂ ਦਿੱਤੀਆਂ। ਰਾਜ ਮਹਿਲ ਵਿਚ ਖੁਸ਼ੀ ਦਾ ਬਿਗਲ ਵੱਜਾ। ਵਾਜੇ ਵੱਜੇ, ਸ਼ਹਿਨਾਈਆਂ ਵਜਾਉਣ ਵਾਲੇ ਆ ਗਏ। ਬੁਢਾਪੇ ਵਿਚ ਪੁੱਤਰ ਜੰਮਣ ਦੀ ਖ਼ਬਰ ਨਾਲ ਮਹਾਰਾਜੇ ਨੇ ਖ਼ਜ਼ਾਨਿਆਂ ਦੇ ਮੂੰਹ ਖੋਲ੍ਹ ਦਿੱਤੇ। ਹਰ ਗਰੀਬ ਨੂੰ ਖੁਸ਼ੀ ਵਿਚ ਖਾਣ-ਪੀਣ ਦਾ ਸਮਾਨ ਦਿੱਤਾ ਗਿਆ। ਇਹ ਗੱਲ 7 ਸਤੰਬਰ 1837 ਈਸਵੀ ਦੀ ਹੈ ਜਦੋਂ ਸ਼ਹਿਜ਼ਾਦਾ ਦਲੀਪ ਸਿੰਘ ਦਾ ਜਨਮ ਹੋਇਆ।

3

ਛੋਟੀ ਉਮਰ ਦੀਆਂ ਰਾਣੀਆਂ ਨੂੰ ਜ਼ਿੰਦਗੀ ਵਿਚ ਕਿੰਨੀ ਵੀ ਮੁਹੱਬਤ ਮਿਲੇ, ਉਨ੍ਹਾਂ ਨੂੰ ਵਿਧਵਾ ਹੋਣ ਦਾ ਦੁੱਖ ਸਹਿਣਾ ਹੀ ਪੈਂਦਾ ਹੈ। ਜੂਨ, 27 ਸੰਨ 1839 ਦਾ ਦਿਨ ਸੀ। ਲਾਹੌਰ ਦੇ ਸੁੰਮਨ ਬੁਰਜ ਦੇ ਵੱਡੇ ਕਮਰੇ ਵਿਚ ਮਹਾਰਾਜਾ ਪਲੰਘ 'ਤੇ ਲੇਟੇ ਹੋਏ ਸਨ। ਆਲੇ-ਦੁਆਲੇ ਰਾਜਵੈਦਾਂ ਤੇ ਹਕੀਮਾਂ ਦਾ ਘੇਰਾ ਸੀ। ਮਹਾਰਾਜੇ ਨੂੰ ਆਰਾਮ ਨਹੀਂ ਸੀ ਆ ਰਿਹਾ। ਦਲੀਪ ਦੀ ਉਮਰ ਮਸਾਂ ਇਕ ਸਾਲ ਤੇ ਨੌਂ ਮਹੀਨੇ ਦੀ ਸੀ। ਅਜੇ ਦਲੀਪ ਤੋਤਲੀ ਜ਼ਬਾਨ ਵਿਚ ਹੀ ਬੋਲ ਸਕਦਾ ਸੀ। ਸਿਆਣਾ ਮਹਾਰਾਜਾ ਭਾਂਪ ਗਿਆ ਸੀ ਕਿ ਉਹ ਦੁਨੀਆ ਤੋਂ ਜਾ ਰਿਹਾ ਹੈ। ਉਸ ਨੇ ਅੰਤ ਸਮੇਂ ਮਹਾਰਾਣੀ ਜਿੰਦਾਂ ਨੂੰ ਆਪਣੇ ਕੋਲ ਬੁਲਾਇਆ। ਉਹ ਬਹੁਤ ਕਮਜ਼ੋਰ ਪੈ ਚੁੱਕੇ ਸਨ। ਅੱਖਾਂ ਦੀ ਜੋਤ ਬਹੁਤ ਹੀ ਘਟ ਗਈ ਸੀ। ਹੱਥਾਂ-ਪੈਰਾਂ ਨੂੰ ਕਾਂਬਾ ਛਿੜਿਆ ਹੋਇਆ ਸੀ। ਜ਼ਬਾਨ ਨੂੰ ਵਲ਼ ਪੈ ਰਹੇ ਸਨ। ਉਨ੍ਹਾਂ ਨੇ ਪੂਰੇ ਤਾਣ ਨਾਲ ਅੱਖਾਂ ਖੋਲ੍ਹ ਕੇ ਡਾਢੀ ਹਸਰਤ ਨਾਲ ਜਿੰਦਾਂ ਵਲ ਵੇਖ ਕੇ ਆਖਿਆ, "ਜਿੰਦਾਂ ਮਨ ਦੀਆਂ ਮਨ ਵਿਚ ਹੀ ਰਹਿ ਗਈਆਂ" ਅੱਗੋਂ ਉਹ ਕੁਝ ਬੋਲ ਨਾ ਸਕੇ ਤੇ ਦਲੀਪ ਵਲ ਵੇਖਦੇ-ਵੇਖਦੇ ਅੱਖਾਂ ਅਝਪਕ ਹੋ ਗਈਆਂ। ਹਕੀਮਾਂ ਨੇ ਗੋਲੀਆਂ ਨੂੰ ਆਖ ਕੇ ਰਾਣੀ ਜਿੰਦਾਂ ਨੂੰ ਪਿੱਛੇ ਹਟਾ ਦਿੱਤਾ। ਕੱਲ੍ਹ ਅਜੇ ਜਿੰਦਾਂ ਮਹਾਰਾਣੀ ਬਣ ਕੇ ਸੁੰਮਨ ਬੁਰਜ ਵਿਚ ਆਈ ਸੀ। ਅੱਜ ਪੌਣੇ ਦੋ ਸਾਲ ਦੇ ਦਲੀਪ ਨੂੰ ਮੋਢੇ ਨਾਲ ਲਾਈ ਵਿਧਵਾ ਹੋਈ ਹੱਥ ਮਲ ਰਹੀ ਸੀ। ਜਿੰਦਾਂ ਦੀਆਂ ਚੀਕਾਂ ਨੇ ਸੁੰਮਨ ਬੁਰਜ ਦੀਆਂ ਕੰਧਾਂ ਨੂੰ ਕੰਬਾ ਦਿੱਤਾ। ਮਹਾਰਾਣੀ ਦੀ

ਵਸਦੀ-ਰਸਦੀ ਦੁਨੀਆ ਉਜੜ ਗਈ। ਬਾਲ ਦਲੀਪ ਯਤੀਮ ਹੋ ਗਿਆ। ਭਰ-ਜਵਾਨ ਰਾਣੀ ਦਾ ਕੋਈ ਸਹਾਰਾ ਨਾ ਰਿਹਾ। ਮਹਾਰਾਣੀ ਜਿੰਦਾਂ ਦਾ ਭਰਾ ਜਵਾਹਰ ਸਿੰਘ ਹੀ ਇਸ ਵੇਲੇ ਉਸ ਦਾ ਇਕੋ-ਇਕ ਸਲਾਹਕਾਰ ਸੀ। ਜਿੰਦਾਂ ਸ਼ਾਹੀ ਮਹਿਲਾਂ ਵਿਚ ਬਾਲ ਦਲੀਪ ਨੂੰ ਪਾਲ ਰਹੀ ਸੀ।

4

ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਬਾਅਦ ਸਭ ਤੋਂ ਵੱਡੇ ਲੜਕੇ ਨੂੰ ਰਾਜ ਤਿਲਕ ਦਿੱਤਾ ਗਿਆ। ਮਹਾਰਾਜੇ ਦੇ ਸੱਤ ਪੁੱਤਰ ਸਨ : ਖੜਗ ਸਿੰਘ, ਸ਼ੇਰ ਸਿੰਘ, ਤਾਰਾ ਸਿੰਘ, ਮੁਲਤਾਨ ਸਿੰਘ, ਕਸ਼ਮੀਰਾ ਸਿੰਘ, ਪਸ਼ੌਰਾ ਸਿੰਘ ਤੇ ਦਲੀਪ ਸਿੰਘ। ਖੜਗ ਸਿੰਘ ਸਭ ਤੋਂ ਵੱਡੇ ਸਨ ਤੇ ਇਨ੍ਹਾਂ ਨੂੰ ਹੀ ਰਾਜਗੱਦੀ ਸੌਂਪੀ ਗਈ। ਧਿਆਨ ਸਿੰਘ ਅਸਲ ਵਿਚ ਆਪਣੇ ਪੁੱਤਰ ਹੀਰਾ ਸਿੰਘ ਨੂੰ ਰਾਜਗੱਦੀ ਉਤੇ ਬਿਠਾਉਣਾ ਚਾਹੁੰਦਾ ਸੀ। ਸੋ ਉਸ ਨੇ ਸ਼ਾਹੀ ਖ਼ਾਨਦਾਨ ਦੇ ਬੰਦਿਆਂ ਦੀ ਆਪਸ ਵਿਚ ਫੁੱਟ ਪੁਆਉਣੀ ਸ਼ੁਰੂ ਕਰ ਦਿੱਤੀ। ਇਕ ਪਾਸੇ, ਖੜਗ ਸਿੰਘ ਨੂੰ ਹਕੀਮਾਂ ਵੈਦਾਂ ਰਾਹੀਂ ਕੱਚਾ ਸੰਖੀਆ ਖੁਆਉਣਾ ਸ਼ੁਰੂ ਕਰ ਦਿੱਤਾ। ਦੂਜੇ ਪਾਸੇ, ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਮਹਾਰਾਜਾ ਖੜਗ ਸਿੰਘ ਰਾਜ-ਕਾਜ ਨਹੀਂ ਚਲਾ ਸਕਦੇ। ਮਹਾਰਾਜਾ ਖੜਗ ਸਿੰਘ ਦਾ ਇਕ ਬਹੁਤ ਹੀ ਵਫ਼ਾਦਾਰ ਸ. ਚੇਤ ਸਿੰਘ ਸੀ ਜੋ ਧਿਆਨ ਸਿੰਘ ਦੀਆਂ ਸਾਜ਼ਿਸ਼ਾਂ ਦੀ ਖ਼ਬਰ ਮਹਾਰਾਜਾ ਖੜਗ ਸਿੰਘ ਨੂੰ ਆ ਕੇ ਦੇਂਦਾ ਹੁੰਦਾ ਸੀ। ਧਿਆਨ ਸਿੰਘ ਵੀ ਇਸ ਬਾਰੇ ਸੁਚੇਤ ਸੀ। ਇਕ ਦਿਨ ਸਵੇਰੇ-ਸਵੇਰੇ ਧਿਆਨ ਸਿੰਘ ਆਪਣੇ ਬੰਦਿਆਂ ਸਮੇਤ ਸੁਮਨ ਬੁਰਜ ਕੋਲ ਪਹੁੰਚਿਆ ਤੇ ਸਿੱਧਾ ਮਹਾਰਾਜਾ ਖੜਗ ਸਿੰਘ ਦੇ ਕਮਰੇ ਵਿਚ ਗਿਆ। ਉਹ ਪਾਠ ਕਰ ਰਹੇ ਸਨ ਤੇ ਚੇਤ ਸਿੰਘ ਬੈਠਾ ਪਾਠ ਸੁਣ ਰਿਹਾ ਸੀ। ਚੇਤ ਸਿੰਘ ਨੂੰ ਅੱਖ ਦੇ ਪਲਕਾਰੇ ਵਿਚ ਕਤਲ ਕਰ ਦਿੱਤਾ ਗਿਆ ਤੇ ਨਾਲ ਹੀ ਮਹਾਰਾਜਾ ਖੜਕ ਸਿੰਘ ਨੂੰ ਇਹ ਕਹਿ ਕੇ ਰਾਜ-ਕਾਜ ਦੇ ਕੰਮਾਂ ਤੋਂ ਅਲੱਗ ਕਰ ਦਿੱਤਾ ਗਿਆ ਕਿ ਉਹ ਰਾਜ-ਕਾਜ ਨਹੀਂ ਚਲਾ ਸਕਦੇ। ਖੜਗ ਸਿੰਘ ਜਿਸ ਨੇ ਕੇਵਲ ਚਾਰ ਕੁ ਮਹੀਨੇ ਹੀ ਰਾਜ ਸੰਭਾਲਿਆ ਸੀ, ਨਮੋਸ਼ੀ ਨਾਲ ਬਿਮਾਰ ਪੈ ਗਿਆ। ਇਧਰੋਂ ਖੜਗ ਸਿੰਘ ਦੇ ਸਪੁੱਤਰ ਕੰਵਰ ਨੌਨਿਹਾਲ ਸਿੰਘ ਨੂੰ ਰਾਜ ਤਿਲਕ ਦੇ ਦਿੱਤਾ ਗਿਆ। ਹੁਣ ਕੰਵਰ ਨੌਨਿਹਾਲ ਸਿੰਘ ਰਾਜ-ਕਾਜ ਚਲਾ ਰਹੇ ਸਨ ਕਿ ਮਹਾਰਾਜਾ ਖੜਗ ਸਿੰਘ 5 ਨਵੰਬਰ 1840 ਈਸਵੀ ਨੂੰ ਚਲਾਣਾ ਕਰ ਗਏ। ਅਜੇ ਇਨ੍ਹਾਂ ਦੀ ਚਿਖਾ ਜਲ ਹੀ ਰਹੀ ਸੀ ਕਿ ਧਿਆਨ ਸਿੰਘ ਕੰਵਰ ਨੌਨਿਹਾਲ ਸਿੰਘ ਨੂੰ ਕਿਲ੍ਹੇ ਦੀ ਡਿਉੜੀ ਵੱਲ ਲੈ ਆਇਆ ਤੇ ਡਿਉੜੀ ਦਾ ਛੱਜਾ ਲੰਘ ਰਹੇ ਕੰਵਰ ਉੱਪਰ ਡੇਗਿਆ ਗਿਆ। ਉਸ ਨੂੰ ਬਹੁਤ ਹੀ ਮਾਮੂਲੀ ਚੋਟ ਆਈ ਪਰ ਧਿਆਨ ਸਿੰਘ ਕੰਵਰ ਨੂੰ ਹਜ਼ੂਰੀ ਬਾਗ਼ ਦੀ ਬਾਰਾਂਦਰੀ ਵਲ ਭਿਜਵਾ ਕੇ ਪੱਥਰਾਂ ਨਾਲ ਕੁਟਵਾ ਕੇ ਮਰਵਾ ਦਿੱਤਾ।

ਹੁਣ ਮਹਾਰਾਜਾ ਦੀ ਚੋਣ ਕਰਨ ਵਾਲੇ ਦੋ ਗੁਟਾਂ ਵਿਚ ਵੰਡ ਗਏ। ਇਕ ਪਾਸੇ ਸੰਧਾਂਵਾਲੀਏ ਸਰਦਾਰ ਸਨ ਤੇ ਦੂਜੇ ਪਾਸੇ ਧਿਆਨ ਸਿੰਘ ਤੇ ਉਸ ਦੇ ਹਮਜੋਲੀ। ਅਖ਼ੀਰ ਇਕ ਪੰਚਾਇਤ ਬਣਾਈ ਗਈ। ਪੰਚਾਇਤ ਦੇ ਫ਼ੈਸਲੇ ਅਨੁਸਾਰ ਰਾਜ ਦੀ ਸਰਬਰਾਹ ਮਹਾਰਾਣੀ ਚੰਦ ਕੌਰ ਨੂੰ ਬਣਾਇਆ ਗਿਆ ਜੋ ਕੰਵਰ ਨੌਨਿਹਾਲ ਸਿੰਘ ਦੀ ਮਾਤਾ ਸੀ।

ਅਸਲ ਵਿਚ ਕੰਵਰ ਨੌਨਿਹਾਲ ਸਿੰਘ ਦੀ ਪਤਨੀ ਗਰਭਵਤੀ ਸੀ ਤੇ ਕੁਝ ਹੀ ਦਿਨਾਂ ਵਿਚ ਉਸ ਦੇ ਘਰ ਬਾਲ ਹੋਣ ਵਾਲਾ ਸੀ। ਸੰਧਾਂਵਾਲੀਏ ਚਾਹੁੰਦੇ ਸਨ ਕਿ ਕੰਵਰ ਨੌਨਿਹਾਲ ਸਿੰਘ ਦੇ ਘਰ ਜੇ ਮੁੰਡਾ ਜੰਮੇ ਤਾਂ ਰਾਜ ਤਿਲਕ ਉਸ ਨੂੰ ਦੇ ਦਿੱਤਾ ਜਾਵੇ। ਇਸ ਗੱਲ ਉੱਪਰ ਸਾਰੇ ਹੀ ਰਾਜ਼ੀ ਹੋ ਗਏ ਤੇ ਰਾਜਾ ਸ਼ੇਰ ਸਿੰਘ ਵੀ ਜੋ ਇਸ ਪੰਚਾਇਤ ਦਾ ਮੈਂਬਰ ਸੀ।

ਧਿਆਨ ਸਿੰਘ ਦਾ ਸਾਜ਼ਸ਼ੀ ਦਿਮਾਗ਼ ਕਦੋਂ ਖ਼ਾਲੀ ਬੈਠਦਾ ਸੀ ? ਉਸ ਨੇ ਮਹਾਰਾਜਾ ਸ਼ੇਰ ਸਿੰਘ ਨਾਲ ਇਕ ਸਕੀਮ ਬਣਾਈ। ਉਹ ਆਪ ਰਾਜਸੀ ਕੰਮਾਂ ਦੀ ਸੌਂਪਣਾ ਆਪਣੇ ਪੁੱਤਰ ਹੀਰਾ ਸਿੰਘ ਤੇ ਭਰਾ ਗੁਲਾਬ ਸਿੰਘ ਨੂੰ ਕਰ ਕੇ ਆਪ ਜੰਮੂ ਚਲਾ ਜਾਵੇਗਾ। ਮਹਾਰਾਜਾ ਸ਼ੇਰ ਸਿੰਘ ਬਟਾਲੇ ਤੋਂ (ਜਿਥੋਂ ਦਾ ਉਹ ਸੂਬੇਦਾਰ ਸੀ) ਲਾਹੌਰ ਚੜ੍ਹਾਈ ਕਰ ਕੇ ਆ ਜਾਵੇਗਾ। ਧਿਆਨ ਸਿੰਘ ਹੋਰੀਂ ਸ਼ੇਰ ਸਿੰਘ ਦੀ ਮਦਦ ਕਰਨਗੇ ਤੇ ਇਸ ਤਰ੍ਹਾਂ ਸੰਧਾਂਵਾਲੀਆਂ ਨੂੰ ਕਿਲ੍ਹੇ ਵਿਚੋਂ ਬਾਹਰ ਕੱਢ ਦਿੱਤਾ ਜਾਵੇਗਾ।

ਹੁਣ ਲਾਹੌਰ ਉਪਰ ਸੰਧਾਂਵਾਲੀਏ ਰਾਜ ਕਰ ਰਹੇ ਸਨ। ਰਾਣੀ ਚੰਦ ਕੌਰ, ਉਸ ਦੀ ਨੂੰਹ ਤੇ ਉਸ ਦਾ ਪੋਤਰਾ ਸਾਰੇ ਹੀ ਸੁੰਮਨ ਬੁਰਜ ਵਿਚ ਸਨ। ਮਿੱਥੀ ਸਕੀਮ ਅਨੁਸਾਰ ਮਹਾਰਾਜਾ ਸ਼ੇਰ ਸਿੰਘ ਹਮਲਾ ਕਰ ਕੇ ਆ ਗਿਆ। ਤਿੰਨ-ਚਾਰ ਦਿਨ ਘੋਰ ਯੁੱਧ ਹੋਇਆ। ਉਧਰੋਂ ਰਾਜਾ ਧਿਆਨ ਸਿੰਘ ਵੀ ਜੰਮੂ ਤੋਂ ਆ ਗਿਆ। ਧਿਆਨ ਸਿੰਘ ਨੇ ਵਿਚ ਪੈ ਕੇ ਸੰਧਾਂਵਾਲੀਆਂ ਨੂੰ ਕਿਲ੍ਹਾ ਖ਼ਾਲੀ ਕਰਨ ਲਈ ਮਨਾ ਲਿਆ। ਹੁਣ ਲਾਹੌਰ ਦੇ ਕਿਲ੍ਹੇ ਉਤੇ ਸ਼ੇਰ ਸਿੰਘ ਦਾ ਕਬਜ਼ਾ ਸੀ। ਉਸ ਨੇ ਮਹਾਰਾਣੀ ਚੰਦ ਕੌਰ ਦੀ ਨੂੰਹ (ਜੋ ਸ. ਸ਼ਾਮ ਸਿੰਘ ਅਟਾਰੀ ਵਾਲੇ ਦੀ ਲੜਕੀ ਸੀ) ਤੇ ਉਸ ਦੇ ਪੁੱਤਰ ਨੂੰ ਕੈਦ ਕਰ ਲਿਆ ਤੇ ਧਿਆਨ ਸਿੰਘ ਦੀ ਮਦਦ ਨਾਲ ਭਾਗੀ, ਬਦਾਮੋ ਤੇ ਪਿਆਰੇ ਗੋਲੀਆਂ ਨੂੰ ਲਾਲਚ ਦੇ ਕੇ ਇਨ੍ਹਾਂ ਤਿੰਨਾਂ ਨੂੰ ਪੱਥਰ ਮਰਵਾ ਕੇ ਖ਼ਤਮ ਕਰਾ ਦਿੱਤਾ।

ਹੁਣ ਲਾਹੌਰ 'ਤੇ ਰਾਜਾ ਸ਼ੇਰ ਸਿੰਘ ਰਾਜ ਕਰ ਰਿਹਾ ਸੀ। ਸੰਧਾਂਵਾਲੀਏ ਕਿਲ੍ਹਾ ਭਾਵੇਂ ਖ਼ਾਲੀ ਕਰ ਗਏ ਸਨ ਪਰ ਉਨ੍ਹਾਂ ਨੇ ਮਨੋਂ ਵੈਰ ਨਹੀਂ ਸੀ ਗੁਆਇਆ। ਉਂਜ ਤਾਂ ਸੰਧਾਂਵਾਲੀਏ ਸ਼ੇਰ ਸਿੰਘ ਨੂੰ ਦੁਸ਼ਮਣ ਸਮਝਦੇ ਸਨ ਤੇ ਧਿਆਨ ਸਿੰਘ ਨੂੰ ਵੀ। ਪਰ ਸੰਧਾਂਵਾਲੀਏ ਨੇ ਫ਼ਿਰ ਵੀ ਧਿਆਨ ਸਿੰਘ ਨਾਲ ਮਿਲ ਕੇ ਸ਼ੇਰ ਸਿੰਘ ਨਾਲ ਇਕ ਚਾਲ ਖੇਡੀ। ਲਾਹੌਰ ਦੇ ਬਾਹਰਵਾਰ ਸ਼ਾਹ ਬਲੇਰ ਦੇ ਮਕਬਰੇ ਕੋਲ ਇਕ ਉੱਚ ਪੱਧਰੀ ਮੇਲਾ ਲਗਵਾਇਆ ਗਿਆ। ਰਾਜਾ ਸ਼ੇਰ ਸਿੰਘ ਨੂੰ ਉਸ ਵਿਚ ਖੇਡਾਂ ਆਦਿ ਵੇਖਣ ਲਈ ਬੁਲਾਇਆ ਗਿਆ। ਸਾਜ਼ਿਸ਼ ਮੁਤਾਬਕ ਅਜੀਤ ਸਿੰਘ ਇਕ ਬੰਦੂਕ ਮਹਾਰਾਜੇ ਨੂੰ ਵਿਖਾਉਣ ਲਈ ਲਿਆਵੇਗਾ ਤੇ ਉਸੇ ਦਾ ਘੋੜਾ ਨੱਪ ਕੇ ਸ਼ੇਰ ਸਿੰਘ ਨੂੰ ਮਾਰ ਦੇਵੇਗਾ। ਧਿਆਨ ਸਿੰਘ ਉਸ ਵੇਲੇ ਮੇਲੇ ਵਿਚ ਨਹੀਂ ਰਹੇਗਾ। ਸਕੀਮ ਅਨੁਸਾਰ ਰਾਜਾ ਸ਼ੇਰ ਸਿੰਘ ਨੂੰ ਮਾਰ ਕੇ ਅਜੀਤ ਸਿੰਘ ਸੰਧਾਂਵਾਲੀਆ ਤੇ ਲਹਿਣਾ ਸਿੰਘ ਸ਼ਹਿਰ ਵਲ ਆ ਰਹੇ ਸਨ ਤਾਂ ਰਸਤੇ ਵਿਚ ਅਚਾਨਕ ਉਨ੍ਹਾਂ ਨੇ ਸ਼ੇਰ ਸਿੰਘ ਦੇ ਪੁੱਤਰ ਨੂੰ ਵੇਖਿਆ ਜੋ ਪੰਡਿਤਾਂ ਨੂੰ ਭੋਜਨ ਛਕਾ ਰਿਹਾ ਸੀ। ਲਹਿਣਾ ਸਿੰਘ ਨੇ ਗੁੱਸੇ ਵਿਚ ਆ ਕੇ ਸ਼ਹਿਜ਼ਾਦੇ ਪ੍ਰਤਾਪ ਸਿੰਘ ਨੂੰ ਉਥੇ ਹੀ ਕਤਲ ਕਰ ਦਿੱਤਾ। ਪਰ ਅਜੇ ਵੀ ਇਨ੍ਹਾਂ ਦਾ ਖ਼ੂਨ ਖੌਲ ਰਿਹਾ ਸੀ। ਉਹ ਧਿਆਨ ਸਿੰਘ ਨੂੰ ਵੀ ਬਿਲੇ ਲਾਉਣਾ ਚਾਹੁੰਦੇ ਸਨ। ਉਹ ਅਜੇ ਥੋੜ੍ਹੀ ਦੂਰ ਹੀ ਆਏ ਸਨ ਕਿ ਧਿਆਨ ਸਿੰਘ ਉਨ੍ਹਾਂ ਨੂੰ ਮੇਲੇ ਵਲ ਆਉਂਦਾ ਦਿਸਿਆ। ਉਹ ਦੋਵੇਂ ਧਿਆਨ ਸਿੰਘ ਨੂੰ ਅੱਗੇ ਹੋ ਕੇ ਮਿਲੇ

ਤੇ ਨਾਲ ਹੀ ਸਾਰੀ ਗੱਲ ਦੱਸ ਦਿੱਤੀ। ਪਰ ਹੁਣ ਰਾਜਾ ਕਿਸ ਨੂੰ ਬਣਾਇਆ ਜਾਵੇ ? ਇਹ ਅਗਲਾ ਅਹਿਮ ਪ੍ਰਸ਼ਨ ਸੀ। ਧਿਆਨ ਸਿੰਘ ਜਾਣਦਾ ਸੀ ਸੰਧਾਂਵਾਲੀਏ ਸਰਦਾਰ ਰਾਣੀ ਜਿੰਦਾਂ ਨਾਲ ਚੰਗੇ ਸੰਬੰਧ ਰੱਖਦੇ ਹਨ, ਸੋ ਆਪਣਾ ਸੋਚਿਆ ਹੋਇਆ ਉੱਤਰ ਦੇ ਦਿੱਤਾ, "ਦਲੀਪ ਸਿੰਘ ਨੂੰ ਰਾਜਾ ਬਣਾਉ ਤੇ ਮੈਂ ਵਜ਼ੀਰ ਬਣਾਂਗਾ।" ਦੋਹਾਂ ਸਰਦਾਰਾਂ ਨੇ ਕਿਹਾ, "ਠੀਕ ਹੈ।" ਹੁਣ ਤਿੰਨੇ ਕਿਲ੍ਹੇ ਅੰਦਰ ਦਾਖ਼ਲ ਹੋਏ। ਰਾਜਾ ਧਿਆਨ ਸਿੰਘ ਅਜੇ ਬੈਠਾ ਹੀ ਸੀ ਕਿ ਸ. ਅਜੀਤ ਸਿੰਘ ਨੇ ਧਿਆਨ ਸਿੰਘ ਦਾ ਸਿਰ ਉਡਾ ਦਿੱਤਾ ਤੇ ਸ. ਲਹਿਣਾ ਸਿੰਘ ਦੌੜ ਕੇ ਰਾਣੀ ਜਿੰਦਾਂ ਦੇ ਮਹਿਲ ਵਿਚੋਂ ਦਲੀਪ ਸਿੰਘ ਨੂੰ ਚੁੱਕ ਲਿਆਇਆ ਤੇ ਧਿਆਨ ਸਿੰਘ ਦੇ ਖ਼ੂਨ ਦਾ ਤਿਲਕ ਦਲੀਪ ਸਿੰਘ ਦੇ ਮੱਥੇ 'ਤੇ ਲਾ ਦਿੱਤਾ। ਦੂਜੇ ਪਾਸੇ, ਰਾਣੀ ਜਿੰਦਾਂ ਲਹਿਣਾ ਸਿੰਘ ਨੂੰ ਹਟਕਦੀ ਹੀ ਰਹੀ ਕਿ ਮੇਰੇ ਪੁੱਤਰ ਨੂੰ ਰਾਜ ਤਿਲਕ ਨਾ ਦਿਓ ਪਰ ਉਸ ਦੀ ਕੌਣ ਸੁਣਦਾ ਸੀ ? ਰਾਣੀ ਜਿੰਦਾਂ ਨੇ ਸਵਰਗਵਾਸੀ ਧਿਆਨ ਸਿੰਘ ਦੇ ਖ਼ੂਨ ਦਾ ਤਿਲਕ ਦਲੀਪ ਸਿੰਘ ਲਈ ਅਪਸ਼ਗਨ ਹੀ ਮੰਨਿਆ। ਭਲਾ ਰਾਜ ਤਿਲਕ ਵੀ ਮੋਇਆਂ ਦੇ ਖ਼ੂਨ ਨਾਲ ਦਿੱਤੇ ਜਾਂਦੇ ਹਨ। ਰਾਣੀ ਜਿੰਦਾਂ ਦੇ ਮਾਂ-ਮਨ ਨੂੰ ਇਹ ਪੂਰਨ ਵਿਸ਼ਵਾਸ ਹੋ ਗਿਆ ਕਿ ਹੁਣ ਦਲੀਪ ਸਿੰਘ ਦੇ ਮੰਦੇ ਦਿਨ ਆ ਰਹੇ ਹਨ। ਸਾਰਾ ਮਹਿਲ ਜੈਕਾਰਿਆਂ ਨਾਲ ਗੂੰਜ ਉਠਿਆ। ਦਲੀਪ ਸਿੰਘ ਅਜੇ ਰਾਜ ਤਿਲਕ ਲਗਵਾ ਕੇ ਆਪਣੀ ਮਾਤਾ ਪਾਸ ਪੁੱਜਾ ਹੀ ਸੀ ਕਿ ਕਿਲ੍ਹੇ ਵਿਚ ਸ਼ੋਰ ਮੱਚ ਗਿਆ ਕਿ ਜੰਮੂ ਤੋਂ ਹੀਰਾ ਸਿੰਘ ਨੇ ਚੜ੍ਹਾਈ ਕਰ ਦਿੱਤੀ ਹੈ। ਇਸ ਸੰਘਰਸ਼ ਵਿਚ ਸੰਧਾਂਵਾਲੀਏ ਸਾਰੇ ਸਰਦਾਰ ਮਾਰੇ ਗਏ ਤੇ ਹੀਰਾ ਸਿੰਘ ਨੇ ਆਪ ਵਜ਼ੀਰ ਬਣਨ ਦੀ ਇੱਛਾ ਜ਼ਾਹਿਰ ਕਰ ਦਿੱਤੀ। ਹੁਣ ਵਜ਼ੀਰ ਹੀਰਾ ਸਿੰਘ ਸੀ ਤੇ ਰਾਜਾ ਦਲੀਪ ਸਿੰਘ। ਹੀਰਾ ਸਿੰਘ ਵੀ ਪਿਓ ਵਾਂਗ ਕੁਟਿਲ ਨੀਤੀ ਰੱਖਦਾ ਸੀ। ਉਸ ਨੇ ਦਾਅ ਲਾ ਕੇ ਕੰਵਰ ਪਸ਼ੌਰਾ ਨੂੰ ਕਤਲ ਕਰਵਾ ਦਿੱਤਾ। ਜਦੋਂ ਫ਼ੌਜੀ ਪੰਚਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਹੀਰਾ ਸਿੰਘ ਨੂੰ ਮਾਰਨ ਦੀ ਠਾਨ ਲਈ। ਪੰਚਾਂ ਦੀ ਇਸ ਨੀਅਤ ਦੀ ਖ਼ਬਰ ਹੀਰਾ ਸਿੰਘ ਨੂੰ ਵੀ ਮਿਲ ਗਈ। ਉਹ ਰਾਤੋ-ਰਾਤ ਖੱਚਰਾਂ ਉਤੇ ਖ਼ਜ਼ਾਨਾ ਲੱਦ ਕੇ ਜੰਮੂ ਨੂੰ ਭੱਜ ਤੁਰਿਆ। ਇਸ ਦੀ ਸੂਹ ਪੰਚਾਂ ਨੂੰ ਲੱਗ ਗਈ। ਉਨ੍ਹਾਂ ਨੇ ਰਾਹ ਵਿਚ ਹੀ ਉਸ ਨੂੰ ਘੇਰ ਕੇ ਉਸ ਦਾ ਕਤਲ ਕਰ ਦਿੱਤਾ।

ਹੀਰਾ ਸਿੰਘ ਦੀ ਮੌਤ ਤੋਂ ਬਾਅਦ ਫ਼ੌਜੀ ਪੰਚਾਂ ਨੇ ਜਵਾਹਰ ਸਿੰਘ ਨੂੰ ਦਲੀਪ ਸਿੰਘ ਦਾ ਵਜ਼ੀਰ ਬਣਾ ਦਿੱਤਾ। ਜਵਾਹਰ ਸਿੰਘ ਰਾਣੀ ਜਿੰਦਾਂ ਦਾ ਭਰਾ ਤੇ ਦਲੀਪ ਸਿੰਘ ਦਾ ਮਾਮਾ ਸੀ। ਜਵਾਹਰ ਸਿੰਘ ਮਨੋਂ-ਤਨੋਂ ਚਾਹੁੰਦਾ ਸੀ ਕਿ ਦਲੀਪ ਸਿੰਘ ਰਾਜ ਕਰੇ। ਸੋ ਉਹ ਦਲੀਪ ਸਿੰਘ ਦੇ ਦੁਸ਼ਮਣਾਂ ਨੂੰ ਚੁਣ-ਚੁਣ ਕੇ ਮਰਵਾਉਣ ਲੱਗ ਪਿਆ। ਇਸੇ ਭਾਵਨਾ ਅਧੀਨ ਉਸ ਨੇ ਕੰਵਰ ਪਸ਼ੌਰਾ ਸਿੰਘ ਦਾ ਕਤਲ ਕਰਵਾ ਦਿੱਤਾ। ਫ਼ੌਜੀ ਪੰਚ ਇਸ ਗੱਲ ਉਤੇ ਬੜਾ ਭੜਕੇ ਤੇ ਉਨ੍ਹਾਂ ਨੇ ਜਵਾਹਰ ਸਿੰਘ ਨੂੰ ਜਵਾਬ-ਤਲਬ ਕਰ ਦਿੱਤਾ ਤੇ ਨਾਲ ਹੀ ਰਾਣੀ ਜਿੰਦਾਂ ਵਲ ਸੁਨੇਹਾ ਭੇਜਿਆ—ਜੇ ਜਵਾਹਰ ਸਿੰਘ ਨੂੰ ਸਾਡੇ ਹਵਾਲੇ ਨਾ ਕੀਤਾ ਗਿਆ ਤਾਂ ਕਿਲ੍ਹੇ ਉਤੇ ਚੜ੍ਹਾਈ ਕਰ ਕੇ ਸਭ ਬਿਲੇ ਲਾ ਦਿਆਂਗੇ।

ਰਾਣੀ ਜਿੰਦਾਂ ਡਰਦੀ ਮਾਰੀ ਭਰਾ ਤੇ ਪੁੱਤਰ ਨੂੰ ਲੈ ਕੇ ਮੀਆਂ ਮੀਰ ਦੀ ਛਾਉਣੀ ਵਿਚ ਪਨਾਹ ਲੈਣ ਦੇ ਖ਼ਿਆਲ ਨਾਲ ਹਾਥੀ 'ਤੇ ਸਵਾਰ ਹੋ ਕੇ ਤੁਰ ਪਈ। ਪਰ ਰਸਤੇ ਵਿਚ ਹੀ ਇਕ ਬੰਦਾ ਹਾਥੀ ਦੀ ਪੂਛ ਫੜ ਕੇ ਉਪਰ ਚੜ੍ਹ ਆਇਆ ਤੇ ਜਵਾਹਰ ਸਿੰਘ ਨੂੰ ਕਤਲ

ਕਰ ਦਿੱਤਾ । ਹੁਣ ਰਾਣੀ ਜਿੰਦਾਂ ਤੇ ਬਾਲ ਦਲੀਪ ਸਿੰਘ ਹੀ ਇਕ ਦੂਜੇ ਦਾ ਸਹਾਰਾ ਸਨ । ਪਹਿਲਾਂ ਪਤੀ ਗਿਆ ਤੇ ਫਿਰ ਭਰਾ । ਦੋਵੇਂ ਹੀ ਲਾਚਾਰ ਤੇ ਮਜਬੂਰ ਇਕ ਦੂਜੇ ਦੇ ਮੂੰਹ ਵਲ ਝਾਕਦੇ ਰਹਿੰਦੇ । ਅਜੀਬ ਭੈਅ ਦਾ ਵਾਤਾਵਰਣ ਸੀ ।

ਹੁਣ ਫ਼ੌਜੀ ਪੰਚ ਚਾਹੁੰਦੇ ਸਨ ਕਿ ਕਿਸੇ ਫ਼ੌਜੀ ਨੂੰ ਹੀ ਵਜ਼ੀਰ ਬਣਾਇਆ ਜਾਏ ਪਰ ਰਾਣੀ ਜਿੰਦਾਂ ਦੇ ਭਰਾ ਦੀ ਮੌਤ ਤੋਂ ਬਾਅਦ ਪੰਚਾਂ ਉੱਪਰ ਵੀ ਭਰੋਸਾ ਨਾ ਰਿਹਾ । ਸੋ ਉਸ ਨੇ ਲਾਲ ਸਿੰਘ ਨੂੰ ਵਜ਼ੀਰ ਬਣਾ ਲਿਆ ਤੇ ਤੇਜਾ ਸਿੰਘ ਨੂੰ ਫ਼ੌਜਾਂ ਦਾ ਕਮਾਂਡਰ-ਇਨ-ਚੀਫ਼ । ਪਰ ਇਹ ਦੋਵੇਂ ਵੀ ਧਿਆਨ ਸਿੰਘ ਵਾਂਗ ਧੋਖੇਬਾਜ਼ ਨਿਕਲੇ । ਘਰੋਗੀ ਫੁੱਟ ਦੀ ਖ਼ਬਰ ਹੁਣ ਅੰਗਰੇਜ਼ਾਂ ਨੂੰ ਵੀ ਮਿਲ ਗਈ ਅਤੇ ਉਹ ਤਾਂ ਕਦੋਂ ਦੇ ਪੰਜਾਬ ਉੱਪਰ ਕਬਜ਼ਾ ਕਰਨਾ ਚਾਹੁੰਦੇ ਸਨ । ਧੋਖੇਬਾਜ਼ ਲਾਲ ਸਿੰਘ ਤੇ ਤੇਜਾ ਸਿੰਘ ਅੰਗਰੇਜ਼ਾਂ ਨਾਲ ਮਿਲ ਗਏ । ਸਕੀਮ ਅਨੁਸਾਰ ਅੰਗਰੇਜ਼ ਥੋੜ੍ਹੀ-ਬਹੁਤ ਸ਼ਰਾਰਤ ਕਰੇਗਾ ਤੇ ਤੇਜਾ ਸਿੰਘ ਖਾਲਸਾ ਫ਼ੌਜਾਂ ਨੂੰ ਦਰਿਆ ਸਤਲੁਜ ਤੋਂ ਪਾਰਲੇ ਅੰਗਰੇਜ਼ਾਂ ਦੇ ਇਲਾਕੇ ਉੱਪਰ ਹਮਲਾ ਕਰਨ ਲਈ ਕਹੇਗਾ । ਜਦੋਂ ਲੜਾਈ ਸ਼ੁਰੂ ਹੋਵੇਗੀ ਤੇਜਾ ਸਿੰਘ ਫ਼ੌਜਾਂ ਲੈ ਕੇ ਨੱਸ ਪਵੇਗਾ । ਇਸ ਤਰ੍ਹਾਂ ਆਪੇ ਹੀ ਸਾਡੀ ਅਥਵਾ ਖਾਲਸਾ ਫ਼ੌਜ ਦੀ ਹਾਰ ਹੋਵੇਗੀ । ਸਮੇਂ ਅਨੁਸਾਰ ਅੰਗਰੇਜ਼ਾਂ ਤੇ ਸਿੱਖਾਂ ਦੀਆਂ ਤਿੰਨ ਲੜਾਈਆਂ ਹੋਈਆਂ । ਰਾਣੀ ਜਿੰਦਾਂ ਬਹੁਤ ਹੀ ਪਰੇਸ਼ਾਨ ਸੀ । ਇਕ ਦਿਨ ਗੁਲਾਬ ਸਿੰਘ ਉਹਨੂੰ ਮਿਲਣ ਆ ਗਿਆ ਤੇ ਆ ਕੇ ਕਹਿਣ ਲੱਗਾ ਸਾਡੇ ਇਲਾਕੇ ਉਤੇ ਅੰਗਰੇਜ਼ਾਂ ਨੇ ਕਬਜ਼ਾ ਕਰ ਲਿਆ ਹੈ । ਹੁਣ ਕੀ ਕਰੀਏ ? ਰਾਣੀ ਜਿੰਦਾਂ ਸ਼ੇਰਨੀ ਵਾਂਗ ਗਰਜੀ, "ਮੁਕਾਬਲਾ ਕਰੋ, ਰਾਜ ਦੀ ਰੱਖਿਆ ਕਰੋ । ਪੰਜਾਬ ਦੀ ਧਰਤੀ ਸਿੰਘਾਂ ਦੀ ਹੈ । ਸਿੰਘਾਂ ਦੀ ਹੀ ਰਹੇਗੀ । ਉੱਨੀ ਦੇਰ ਦੁਸ਼ਮਣ ਨੂੰ ਇਸ ਪਵਿੱਤਰ ਧਰਤੀ ਉਤੇ ਪੈਰ ਨਾ ਪਾਉਣ ਦਿਉ ਜਿੰਨੀ ਦੇਰ ਖਾਲਸਾ ਫ਼ੌਜ ਦਾ ਇਕ ਵੀ ਸਿਪਾਹੀ ਜ਼ਿੰਦਾ ਰਹੇ ।" ਰਾਣੀ ਜਿੰਦਾਂ ਹਰ ਵੇਲੇ ਰੋਹ ਨਾਲ ਖੌਲਦੀ ਰਹਿੰਦੀ । ਉਸ ਦੇ ਬੁੱਲ੍ਹ ਫਰਕਦੇ ਰਹਿੰਦੇ । "ਸਿੰਘੋ ਪੰਜਾਬ ਦੀ ਸ਼ਾਨ ਤੁਹਾਡੀ ਹੈ" ਉਹ ਕਈ ਵਾਰ ਆਪਣੇ ਆਪ ਨੂੰ ਉੱਚੀ ਸਾਰੀ ਕਹਿ ਉਠਦੀ । ਪਰ ਰਾਣੀ ਜਿੰਦਾਂ ਦੀ ਹੱਲਾਸ਼ੇਰੀ ਕੀ ਕਰਦੀ ਜਦੋਂ ਸਾਰੇ ਹੀ ਅਧਿਕਾਰੀ ਮੱਕਾਰੀ ਤੇ ਫਰੇਬੀ ਬਣ ਗਏ । ਰਾਣੀ ਜਿੰਦਾਂ ਦੇ ਉਤਸ਼ਾਹ ਦਾ ਅਸਰ ਇਹ ਹੋਇਆ ਕਿ ਖ਼ਾਲਸਾ ਫ਼ੌਜ ਦੇ ਸਾਰੇ ਜਰਨੈਲ ਮੈਦਾਨ ਵਿਚ ਸ਼ਹੀਦ ਹੋ ਗਏ ਪਰ ਕਿਸੇ ਨੇ ਵੀ ਕੰਡ ਨਾ ਵਿਖਾਈ ।

ਅਖ਼ੀਰ ਉਹ ਦਿਨ ਵੀ ਆ ਗਿਆ ਜਦੋਂ ਸ਼ੇਰੇ-ਪੰਜਾਬ ਦੇ ਰਾਜ ਵਿਚ ਅੰਗਰੇਜ਼ਾਂ ਨੇ ਇਕ ਨਵਾਂ ਫ਼ਰੇਬ ਰਚਿਆ । ਰਾਜ-ਪ੍ਰਬੰਧ ਨੂੰ ਚਲਾਉਣ ਲਈ ਇਕ ਪੰਚਾਇਤ ਬਣਾਈ । ਇਸ ਪੰਚਾਇਤ ਨੇ ਓਨੀ ਦੇਰ ਤਕ ਰਾਜ ਦਾ ਕੰਮ ਚਲਾਉਣਾ ਸੀ, ਜਿੰਨੀ ਦੇਰ ਤਕ ਮਹਾਰਾਜਾ ਦਲੀਪ ਸਿੰਘ ਸੋਲ੍ਹਾਂ ਸਾਲਾਂ ਦਾ ਨਹੀਂ ਸੀ ਹੋ ਜਾਂਦਾ । ਰਾਣੀ ਜਿੰਦਾਂ ਨੂੰ ਕਿਸੇ ਵੀ ਤਰ੍ਹਾਂ ਦਖ਼ਲਅੰਦਾਜ਼ੀ ਕਰਨ ਦਾ ਹੱਕ ਨਾ ਦਿੱਤਾ ਗਿਆ । ਮਹਿਲ ਉਸ ਦੇ ਕੋਲ ਹੈ ਹੀ ਸੀ । ਪੰਚਾਇਤ ਨੇ ਚੰਗੀ ਚੋਖੀ ਰਕਮ ਰਾਣੀ ਜਿੰਦਾਂ ਨੂੰ ਸਾਲਾਨਾ ਵਜ਼ੀਫ਼ੇ ਵਜੋਂ ਦੇਣੀ ਨਿਸ਼ਚਿਤ ਕੀਤੀ । ਲਾਚਾਰ ਰਾਣੀ ਜਿੰਦਾਂ ਪੁੱਤਰ ਪਾਲਣ ਦੇ ਹਿਤ ਵਿਚ ਵਕਤ ਨੂੰ ਮੋਢਾ ਦੇਣ ਲੱਗੀ ।

ਪਰ ਪਾਪੀ ਤੇਜਾ ਸਿੰਘ ਨੂੰ ਅਜੇ ਵੀ ਚੈਨ ਨਾ ਆਇਆ । ਉਹ ਅੰਗਰੇਜ਼ ਅਧਿਕਾਰੀਆਂ ਨੂੰ ਰਾਣੀ ਜਿੰਦਾਂ ਦੇ ਖ਼ਿਲਾਫ਼ ਚੁੱਕਦਾ ਰਹਿੰਦਾ । ਕਦੀ ਕਹਿੰਦਾ ਜੇ ਰਾਣੀ ਜਿੰਦਾਂ ਨੂੰ ਲਾਹੌਰ

ਵਿਚ ਰੱਖਿਆ ਗਿਆ ਤਾਂ ਇਹ ਜ਼ਰੂਰ ਅੰਗਰੇਜ਼ਾਂ ਦੇ ਖ਼ਿਲਾਫ਼ ਸਾਜ਼ਿਸ਼ ਕਰੇਗੀ । ਰਾਣੀ ਜਿੰਦਾਂ ਕਦੇ-ਕਦੇ ਆਪ ਹੀ ਆਪਣੀ ਬੇਬਸੀ ਉੱਪਰ ਹੱਸ ਪੈਂਦੀ । ਪਤੀ ਗਿਆ, ਭਰਾ ਗਿਆ, ਪੁੱਤਰ ਹਰ ਵੇਲੇ ਜੋਖ਼ਮ ਵਿਚ, ਜਦ ਕਿ ਉਹਦੇ ਨਾਲ ਦੀ ਉਮਰ ਦੀਆਂ ਹਾਨਣਾਂ ਗ੍ਰਹਿਸਤ ਦਾ ਸੁੱਖ ਮਾਣ ਰਹੀਆਂ ਹਨ । "ਮਾਏ ! ਮੈਨੂੰ ਕਾਹਦੇ ਲਈ ਤੂੰ ਮਹਾਰਾਜੇ ਨਾਲ ਵਿਆਹਿਆ ? ਹੁਣ ਵੇਖ ਮੇਰੇ ਦੁੱਖ ! ਕੋਈ ਸੁਣਨ ਵਾਲਾ ਵੀ ਨਹੀਂ" ਕਦੀ-ਕਦੀ ਬੇਵੱਸੀ ਵਿਚ ਜਿੰਦਾਂ ਕਹਿ ਉਠਦੀ ।

5

ਰਾਣੀ ਜਿੰਦਾਂ ਰਹਿੰਦੀ ਤਾਂ ਭਾਵੇਂ ਰਾਜ ਮਹਿਲ ਵਿਚ ਹੀ ਸੀ ਪਰ ਉਸ ਨੂੰ ਹਰ ਵੇਲੇ ਇਹੀ ਤੌਖ਼ਲਾ ਬਣਿਆ ਰਹਿੰਦਾ ਕਿ ਕਿਧਰੇ ਉਸ ਨੂੰ ਮਹਿਲ ਵਿਚੋਂ ਨਾ ਕੱਢ ਦੇਣ । ਅਖ਼ੀਰ ਇਹ ਤੌਖ਼ਲਾ ਸੱਚ ਹੋਇਆ । ਇਕ ਦਿਨ ਸਵੇਰੇ-ਸਵੇਰੇ ਰਾਣੀ ਜਿੰਦਾਂ ਦਾ ਛੋਟਾ ਭਰਾ ਹਰੀ ਸਿੰਘ ਰੋਂਦਾ ਹੋਇਆ ਆਇਆ ਤੇ ਕਹਿਣ ਲੱਗਾ, "ਲੈ ਭੈਣੇ ! ਅੱਜ ਤੋਂ ਤੇਰਾ ਇਸ ਮਹਿਲ ਤੋਂ ਦਾਣਾ-ਪਾਣੀ ਚੁੱਕਿਆ ਗਿਆ । ਤਿਆਰ ਹੋ ਜਾ । ਤੈਨੂੰ ਇਥੋਂ ਗੋਲੀਆਂ ਨਾਲ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਭੇਜਿਆ ਜਾ ਰਿਹਾ ਹੈ । ਨਾਲੇ, ਤੂੰ ਇਕੱਲੀ ਜਾਏਂਗੀ । ਦਲੀਪ ਤੇਰੇ ਨਾਲ ਨਹੀਂ ਜਾਵੇਗਾ ।" ਰਾਣੀ ਜਿੰਦਾਂ ਘਬਰਾ ਗਈ । ਗੱਲ ਇਸ ਤਰ੍ਹਾਂ ਹੋਈ । ਬੀਤੀ ਸ਼ਾਮ ਗੁਲਾਬ ਸਿੰਘ ਅਟਾਰੀ ਵਾਲਾ ਤੇ ਮੇਜਰ ਲਾਰੈਂਸ ਦਲੀਪ ਨੂੰ ਸ਼ਿਕਾਰ ਖੇਡਣ ਲਈ ਲੈ ਗਏ ਸਨ । ਰਾਤ ਦਲੀਪ ਵਾਪਸ ਨਹੀਂ ਸੀ ਆਇਆ । ਦਲੀਪ ਤਾਂ ਸੱਚਮੁੱਚ ਹੀ ਰਾਣੀ ਜਿੰਦਾਂ ਕੋਲ ਨਹੀਂ ਸੀ ।

ਦੁਪਹਿਰ ਵੇਲੇ ਹੁਕਮਨਾਮਾ ਆ ਗਿਆ । ਰਾਣੀ ਜਿੰਦਾਂ ਸ਼ੁਮਨ ਬੁਰਜ ਵਿਚ ਨਹੀਂ ਰਹਿ ਸਕਦੀ । ਜਿੰਦਾਂ ਸੁਣ ਕੇ ਗਰਜ ਪਈ, "ਲਾਹੌਰ ਮੇਰਾ ਘਰ ਏ । ਇਹ ਕਿਲ੍ਹਾ ਮੇਰੇ ਪਤੀ ਦਾ ਏ । ਮੈਨੂੰ ਇਥੋਂ ਕੋਈ ਨਹੀਂ ਕੱਢ ਸਕਦਾ । ਦਲੀਪ ਮੇਰਾ ਪੁੱਤਰ ਹੈ । ਉਸ ਨੂੰ ਮੇਰੇ ਕੋਲੋਂ ਕੋਈ ਨਹੀਂ ਖੋਹ ਸਕਦਾ । ਮੈਂ ਆਪਣੇ ਪੁੱਤਰ ਦੇ ਨਾਲ ਰਹਾਂਗੀ ।" ਰਾਣੀ ਉੱਚੀ-ਉੱਚੀ ਬੋਲਦੀ ਜਾ ਰਹੀ ਸੀ । ਪਰ ਉਥੇ ਸੁਣਨ ਵਾਲਾ ਕੌਣ ਸੀ ? ਰਾਣੀ ਨੂੰ ਗੋਲੀਆਂ ਸਮੇਤ ਸ਼ੇਖੂਪੁਰੇ ਦੇ ਕਿਲ੍ਹੇ ਵਲ ਤੋਰ ਦਿੱਤਾ ਗਿਆ । ਰਾਹ ਵਿਚ ਕਈ ਵਾਰ ਰਾਣੀ ਬੇਹੋਸ਼ ਹੋਈ । 'ਦਲੀਪ-ਦਲੀਪ' ਪੁਕਾਰਦੀ ਰਹੀ । ਪਰ ਸਿਵਾਏ ਗੋਲੀਆਂ ਤੋਂ ਉਥੇ ਹੋਰ ਕੋਈ ਨਹੀਂ ਸੀ । ਗੋਲੀਆਂ ਵੀ ਰਾਣੀ ਵਾਂਗ ਲਾਚਾਰ ਤੇ ਮਜਬੂਰ ਸਨ । ਪਹਿਲਾਂ ਰਾਣੀ ਤੋਂ ਰਾਜ ਖੋਹਿਆ ਗਿਆ । ਦੂਜਾ, ਉਸ ਦਾ ਪੁੱਤਰ ਵਿਛੋੜਿਆ ਗਿਆ । ਤੀਜਾ, ਉਹ ਰਾਜ ਮਹਿਲ ਦੀ ਰਾਣੀ ਤੋਂ ਕੈਦਣ ਬਣਾ ਦਿੱਤੀ ਗਈ । ਚੌਥਾ, ਉਸ ਦਾ ਖ਼ਰਚਾ ਡੇਢ ਲੱਖ ਤੋਂ ਘਟਾ ਕੇ ਅਠਤਾਲੀ ਹਜ਼ਾਰ ਕਰ ਦਿੱਤਾ ਗਿਆ । ਹੁਣ ਰਾਣੀ ਸ਼ੇਖੂਪੁਰੇ ਵਿਚ ਕੈਦਣ ਦੀ ਹੈਸੀਅਤ ਵਿਚ ਰਹਿ ਗਈ ਸੀ ।

ਇਨ੍ਹਾਂ ਹੀ ਦਿਨਾਂ ਦੀ ਗੱਲ ਹੈ, ਮੁਲਤਾਨ ਵਿਚ ਬਗਾਵਤ ਹੋ ਗਈ । ਅੰਗਰੇਜ਼ਾਂ ਨੇ ਇਸ ਦਾ ਜ਼ਿੰਮੇਵਾਰ ਵੀ ਰਾਣੀ ਨੂੰ ਹੀ ਠਹਿਰਾਇਆ ਤੇ ਇਸੇ ਬਹਾਨੇ ਰਾਣੀ ਨੂੰ ਪੰਜਾਬ ਤੋਂ ਜਲਾਵਤਨ ਕਰ ਕੇ ਪਹਿਲਾਂ ਇਲਾਹਾਬਾਦ, ਫਿਰ ਬਨਾਰਸ ਵਿਚ ਕੈਦ ਰੱਖਿਆ । ਪਰ ਅਜੇ ਵੀ ਉਨ੍ਹਾਂ ਦੀ ਤਸੱਲੀ ਨਹੀਂ ਸੀ ਹੋ ਰਹੀ । ਸੋ ਬਨਾਰਸ ਤੋਂ ਚੁਨਾਰ ਦੇ ਕਿਲ੍ਹੇ ਵਿਚ

ਭੇਜ ਦਿੱਤਾ ਗਿਆ। ਚੁਨਾਰ ਦਾ ਕਿਲ੍ਹਾ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਮਿਰਜ਼ਾਪੁਰ ਵਿਚ ਹੈ। ਇਹ ਗੰਗਾ ਨਦੀ ਦੇ ਦੱਖਣ ਕੰਢੇ ਉਤੇ ਇਕ ਛੋਟੀ ਜਿਹੀ ਪਹਾੜੀ ਉੱਪਰ ਲਾਲ ਪੱਥਰ ਦਾ ਬਣਿਆ ਹੋਇਆ ਹੈ। ਅੱਜਕਲ੍ਹ ਇਸੇ ਦੇ ਨਾਮ ਉੱਪਰ ਇਕ ਛੋਟਾ ਜਿਹਾ ਨਗਰ ਵੀ ਆਬਾਦ ਹੈ।

6

ਚੁਨਾਰ ਦਾ ਕਿਲ੍ਹਾ ਪੁਰਾਣੀ ਕਾਰਾਗਰੀ ਦਾ ਨਮੂਨਾ ਹੈ। ਇਸ ਦੀ ਨੀਂਹ ਕਿਸੇ ਹਿੰਦੂ ਰਾਜੇ ਨੇ ਰੱਖੀ ਸੀ। ਪਠਾਣਾਂ ਤੇ ਮੁਗਲਾਂ ਤੋਂ ਬਾਅਦ ਹੁਣ ਇਹ ਅੰਗਰੇਜ਼ਾਂ ਦੇ ਕਬਜ਼ੇ ਵਿਚ ਸੀ। ਅੰਗਰੇਜ਼ ਇਸ ਕਿਲ੍ਹੇ ਵਿਚ ਸ਼ਾਹੀ ਕੈਦੀਆਂ ਨੂੰ ਰੱਖਦਾ ਸੀ। ਅੱਜਕਲ੍ਹ ਇਹ ਦੋਸ਼ੀ ਬੱਚਿਆਂ ਦੇ ਸੁਧਾਰ ਲਈ ਵਰਤਿਆ ਜਾ ਰਿਹਾ ਹੈ। ਰਾਣੀ ਜਿੰਦਾਂ ਇਥੇ ਪਹੁੰਚ ਕੇ ਇਹ ਸੋਚਣ ਲੱਗ ਪਈ ਕਿ ਹੁਣ ਉਸ ਦਾ ਅੰਤ ਨੇੜੇ ਹੀ ਹੈ। ਇਸ ਵੇਲੇ ਰਾਣੀ ਦੇ ਨਾਲ ਉਸ ਦੀਆਂ ਦੋ ਗੋਲੀਆਂ ਗੋਮਾ ਤੇ ਸ਼ਾਮੋ ਸੀ। ਰਾਣੀ ਇਨ੍ਹਾਂ ਦੀ ਮਦਦ ਨਾਲ ਏਥੋਂ ਭੱਜਣ ਦੀਆਂ ਸਕੀਮਾਂ ਬਣਾਉਣ ਲੱਗੀ। ਸ਼ਾਮੋ ਰੋਜ਼ ਅੰਮ੍ਰਿਤ ਵੇਲੇ ਦਰਿਆ ਗੰਗਾ ਤੋਂ ਗਾਗਰ ਭਰ ਕੇ ਪਾਣੀ ਲਿਆਉਂਦੀ ਤੇ ਰਾਣੀ ਜਿੰਦਾਂ ਨੂੰ ਇਸ਼ਨਾਨ ਕਰਾਉਂਦੀ ਸੀ।

ਵੇਖੋ ਸ਼ੇਰੇ-ਪੰਜਾਬ ਦੀ ਮਹਿਬੂਬ ਰਾਣੀ ਅੱਜ ਕਿਲ੍ਹੇ ਵਿਚੋਂ ਨੱਸਣ ਦੀ ਤਿਆਰੀ ਕਰ ਰਹੀ ਹੈ। ਮਹਾਰਾਣੀ ਸਵੇਰੇ ਤਿੰਨ ਵਜੇ ਉਠੀ। ਸਕੀਮ ਅਨੁਸਾਰ ਸ਼ਾਮੋ ਦੇ ਕੱਪੜੇ ਆਪ ਪਾ ਲਏ ਤੇ ਆਪਣੇ ਕੱਪੜੇ ਸ਼ਾਮੋ ਨੂੰ ਪੁਆ ਦਿੱਤੇ। ਆਪਣੇ ਮੂੰਹ ਉਤੇ ਕਾਲੇ-ਕਾਲੇ ਟਿਮਕਣੇ ਲਾ ਲਏ। ਗਾਗਰ ਚੁੱਕ ਕੇ ਕਿਲ੍ਹੇ ਦੇ ਗੇਟ 'ਤੇ ਪਹੁੰਚੀ। ਪਹਿਰੇਦਾਰ ਦੇ ਪੁੱਛਣ ਉਤੇ ਉਸ ਕਿਹਾ, "ਸ਼ਾਮੋ ਦਾਸੀ, ਮਹਾਰਾਣੀ ਦੇ ਇਸ਼ਨਾਨ ਲਈ ਪਾਣੀ ਲੈਣ ਜਾ ਰਹੀ ਹਾਂ।" ਪਹਿਰੇਦਾਰ ਨੇ ਦਰਵਾਜ਼ਾ ਖੋਲ੍ਹ ਦਿੱਤਾ ਤੇ ਮਹਾਰਾਣੀ ਚੁੱਪ ਕਰ ਕੇ ਲੰਘ ਗਈ। ਹੁਣ ਰਾਣੀ ਆਜ਼ਾਦ ਸੀ। ਵਕਤ ਦੀ ਖੇਡ ਵੀਹ-ਵੀਹ ਗੋਲੀਆਂ ਨਾਲ ਬਾਹਰ ਨਿਕਲਣ ਵਾਲੀ ਰਾਣੀ ਇਕੱਲੀ ਬੀਆਬਾਨ ਵਿਚ ਗਾਗਰ ਚੁੱਕੀ ਤੇ ਠਿੱਬੀ ਜੁੱਤੀ ਪਾਈ ਨੱਸੀ ਜਾ ਰਹੀ ਸੀ। ਦਿਲ ਵਿਚ ਇਕੋ ਤਮੰਨਾ ਸੀ ਕਿ ਇਕ ਵਾਰ ਪੁੱਤਰ ਦਾ ਮੂੰਹ ਵੇਖ ਲਵਾਂ। ਰਾਣੀ ਇਸ ਵੇਲੇ ਜਾਂ ਰੱਬ ਨੂੰ ਯਾਦ ਕਰ ਰਹੀ ਸੀ ਤੇ ਜਾਂ ਪੁੱਤਰ ਦਲੀਪ ਦੇ ਖ਼ਿਆਲਾਂ ਵਿਚ ਉਲਝ ਜਾਂਦੀ ਸੀ। ਮਹਾਰਾਣੀ ਭਾਵੇਂ ਚੰਗੀ ਜਵਾਨ ਸੀ ਪਰ ਉਸ ਨੂੰ ਦੌੜਨ ਦਾ ਅਭਿਆਸ ਨਹੀਂ ਸੀ। ਸਾਹੋ-ਸਾਹ ਹੋਈ ਉਹ ਉੱਚੀ-ਨੀਵੀਂ, ਰੇਤਲੀ ਤੇ ਪਥਰੀਲੀ ਜ਼ਮੀਨ ਉੱਪਰ ਭੱਜੀ ਜਾ ਰਹੀ ਸੀ। ਕਦੀ ਪੈਰਾਂ ਵਿਚ ਪੱਥਰ ਵੱਜਦੇ ਤੇ ਕਦੀ ਕੰਡੇ ਚੁਭ ਜਾਂਦੇ। ਇਸ ਵੇਲੇ ਠਿੱਬੀ ਜੁੱਤੀ ਲਾਹ ਕੇ ਉਹ ਨੰਗੇ ਪੈਰ ਦੌੜ ਰਹੀ ਸੀ। ਪੈਰ ਲਹੂ-ਲੁਹਾਣ ਹੋ ਗਏ ਸਨ ਪਰ ਉਹ ਦੌੜੀ ਜਾ ਰਹੀ ਸੀ।

ਮਹਾਰਾਣੀ ਜਿੰਦਾਂ ਨੂੰ ਦੱਸਿਆ ਗਿਆ ਸੀ ਜਦੋਂ ਉੱਤਰ ਵਾਲੀ ਦਿਸ਼ਾ ਵਿਚ ਪੰਜ ਕੁ ਮੀਲ (ਤਿੰਨ ਕੋਹ) ਦੂਰ ਚਲੀ ਜਾਵੇ ਤਾਂ ਇਕ ਪਿੰਡ ਆਵੇਗਾ। ਉਹ ਗੰਗਾ ਦੇ ਕਿਨਾਰੇ ਵੱਸਦਾ ਹੈ। ਉਸ ਪੱਤਣ ਉਤੇ ਪਹੁੰਚ ਕੇ ਪਹਿਲੀ ਬੇੜੀ ਰਾਹੀਂ ਗੰਗਾ ਨੂੰ ਪਾਰ ਕਰਨਾ ਹੈ। ਦਰਿਆ ਦੇ ਪਾਰਲੇ ਕੰਢੇ ਇਕ ਛੋਟਾ ਜਿਹਾ ਪਿੰਡ ਹੈ। ਉਸ ਦਾ ਨਾਮ ਰਾਮ ਨਗਰ ਹੈ। ਇਹ ਪੱਤਣ ਤੋਂ ਲੱਗਭਗ ਦੋ ਕੁ ਮੀਲ ਦੂਰੀ 'ਤੇ ਹੋਵੇਗਾ। ਉਸ ਪਿੰਡ ਵਿਚ ਛੋਟਾ

ਜਿਹਾ ਠਾਕੁਰ-ਦੁਆਰਾ ਹੈ। ਉਥੇ ਗੋਮਤੀ ਫਕੀਰਨੀ ਦੇ ਭੇਸ ਵਿਚ ਬੈਠੀ ਹੋਵੇਗੀ। ਉਹੀ ਅੱਗੋਂ ਜਿੰਦਾਂ ਦੀ ਸੰਭਾਲ ਕਰੇਗੀ।

ਦੱਸੇ ਨਿਸ਼ਾਨਾਂ ਅਨੁਸਾਰ ਰਾਣੀ ਜਿੰਦਾਂ ਦੌੜੀ ਜਾ ਰਹੀ ਸੀ। ਅਜੇ ਉਹ ਦੋ ਕੁ ਮੀਲ ਹੀ ਦੌੜੀ ਹੋਵੇਗੀ ਕਿ ਉਸ ਦੀਆਂ ਲੱਤਾਂ ਫੁੱਲ ਗਈਆਂ। ਉਹਨੂੰ ਚੱਕਰ ਆਉਣ ਲੱਗ ਪਏ। ਉਸ ਨੂੰ ਇਕ ਪੱਥਰ ਦੀ ਚੱਟਾਨ ਦਿੱਸੀ। ਉਸ ਉਤੇ ਪਲ ਭਰ ਬੈਠਣ ਤੋਂ ਬਾਅਦ ਫਿਰ ਦੌੜਨ ਲੱਗ ਪਈ। ਦਰਿਆ ਗੰਗਾ ਦਾ ਕਿਨਾਰਾ ਹੋਣ ਕਰ ਕੇ ਇਥੇ ਸੰਘਣਾ ਜੰਗਲ ਸੀ। ਸ਼ੇਰ, ਬਘਿਆੜ ਤੇ ਗਿੱਦੜ ਇਸ ਜੰਗਲ ਵਿਚ ਆਮ ਸਨ। ਪਰ ਮਮਤਾ ਦੀ ਮਾਰੀ ਜਿੰਦਾਂ ਦੌੜੀ ਹੀ ਜਾ ਰਹੀ ਸੀ। ਆਖ਼ਰ ਮਹਾਰਾਣੀ ਰਾਮ ਨਗਰ ਦੇ ਠਾਕੁਰ-ਦੁਆਰੇ ਪੁੱਜ ਗਈ। ਥੱਕੀ-ਮਾਂਦੀ ਰਾਣੀ ਦੀਆਂ ਅੱਖਾਂ ਗੋਮਤੀ ਨੂੰ ਭਾਲ ਰਹੀਆਂ ਸਨ।

ਗੋਮਤੀ ਇਸ ਵੇਲੇ ਫਕੀਰਨੀ ਦੇ ਭੇਸ ਵਿਚ ਸੀ। ਉਸ ਦੇ ਕੋਲ ਇਕ ਪਿੱਤਲ ਦਾ ਕੌਲਾ, ਛੋਟੀ ਜਿਹੀ ਪੋਟਲੀ ਤੇ ਇਕ ਟਾਕੀਆਂ ਨਾਲ ਭਰੀ ਰਜਾਈ ਸੀ। ਗੋਮਤੀ ਇਕਟੱਕ ਸੜਕ ਵੱਲ ਵੇਖ ਰਹੀ ਸੀ ਕਿ ਅਚਾਨਕ ਉਸ ਦੀ ਨਜ਼ਰ ਦਾਸੀ ਦੇ ਭੇਸ ਵਿਚ ਰਾਣੀ ਜਿੰਦਾਂ ਉੱਪਰ ਪਈ। ਉਹ ਉਠ ਕੇ ਮਹਾਰਾਣੀ ਕੋਲ ਆਈ। ਅੱਜ ਪਹਿਲੀ ਵਾਰ ਗੋਮਤੀ ਨੇ ਮਹਾਰਾਣੀ ਨੂੰ ਪ੍ਰਣਾਮ ਕੀਤੇ ਬਿਨਾਂ ਗੱਲ ਕੀਤੀ। ਰਾਣੀ ਜਿੰਦਾਂ ਇਸ ਵੇਲੇ ਥੱਕ ਕੇ ਚੂਰ ਹੋ ਚੁੱਕੀ ਸੀ। ਭੁੱਖ ਨਾਲ ਉਸ ਦੀ ਜਾਨ ਨਿਕਲਣ ਵਾਲੀ ਹੋਈ ਪਈ ਸੀ। "ਗੋਮਾਂ ਮੈਨੂੰ ਕੁਝ ਖਾਣ ਲਈ ਦੇਹ।" "ਅੱਛਾ ਜੀ।" ਗੋਮਾਂ ਨੇ ਬੁੱਢੇ ਪੁਜਾਰੀ ਕੋਲ ਜਾ ਕੇ ਖਾਣ ਲਈ ਮੰਗਿਆ। ਪਰ ਉਸ ਕਿਹਾ "ਤੂੰ ਹੁਣੇ ਤਾਂ ਖਾ ਕੇ ਗਈ ਏਂ—ਭੱਜ ਜਾਹ ਹੋਰ ਕੋਈ ਨਹੀਂ ?" ਲਾਚਾਰ ਗੋਮਾਂ ਪਰਤ ਆਈ। ਉਸ ਰਾਣੀ ਜਿੰਦਾਂ ਨੂੰ ਕਿਹਾ, "ਤੁਸੀਂ ਆਪੇ ਮੰਗਣ ਲਈ ਜਾਓ।" ਭਾਵੇਂ ਰਾਣੀ ਅੱਜ ਦਾਸੀ ਦੇ ਭੇਸ ਵਿਚ ਸੀ ਪਰ ਉਸ ਇਹ ਕਦੇ ਵੀ ਨਹੀਂ ਸੀ ਸੋਚਿਆ ਕਿ ਉਸ ਨੂੰ ਮੰਗਣਾ ਵੀ ਪਵੇਗਾ। ਦਰਦ ਨਾਲ ਬੇਹਾਲ ਭੁੱਖ ਨਾਲ ਵਿਲਕਦੀ ਰਾਣੀ ਜਿੰਦਾਂ ਪੁਜਾਰੀ ਦੇ ਬੂਹੇ ਅੱਗੇ ਜਾ ਖਲੋਤੀ। ਰਾਣੀ ਮੂੰਹੋਂ ਕੁਝ ਨਾ ਬੋਲ ਸਕੀ। ਦੋਵੇਂ ਹੱਥਾਂ ਦੀ ਬੁੱਕ ਉਹਦੇ ਅੱਗੇ ਅੱਡ ਦਿੱਤੀ। ਪੁਜਾਰੀ ਨੂੰ ਉਸ ਦੀ ਇਸ ਹਾਲਤ ਉਤੇ ਡਾਢਾ ਹੀ ਤਰਸ ਆਇਆ। ਉਸ ਕੇਲੇ ਦੇ ਪੱਤੇ ਉਤੇ ਕੁਝ ਦਾਲ ਤੇ ਚੌਲ ਪਾ ਦਿੱਤੇ। ਰਾਣੀ ਜਿੰਦਾਂ ਜਿਹੜੀ ਸੋਨੇ-ਚਾਂਦੀ ਦੇ ਬਰਤਨਾਂ ਵਿਚ ਭੋਜਨ ਛਕਦੀ ਹੁੰਦੀ ਸੀ, ਅੱਜ ਕੇਲੇ ਦੇ ਪੱਤਰੇ ਉਤੇ ਦਾਲ-ਚੌਲ ਲਈ ਆਪਣੀ ਕੋਠੜੀ ਵਿਚ ਪੁੱਜੀ। ਉਤੇ ਰਾਤ ਪੈ ਰਹੀ ਸੀ। ਦੋਹਾਂ ਨੂੰ ਡਰ ਸੀ ਕਿ ਸ਼ਾਇਦ ਪੁਲਿਸ ਪਿੱਛਾ ਕਰਦੀ ਆ ਜਾਵੇ। ਹੁਣ ਜਿੰਦਾਂ ਨੇ ਚੌਲ ਖਾ ਲਏ, ਕੁਝ ਧੀਰਜ ਆਇਆ। ਅਜੇ ਹਨੇਰਾ ਉਤਰਿਆ ਹੀ ਸੀ ਕਿ ਦੋਵੇਂ ਬਾਹਰ ਵੀ ਗਈਆਂ। ਗੋਮਾਂ ਕੋਲ ਇਕ ਪਾਟੀ ਜਿਹੀ ਸਾੜ੍ਹੀ ਸੀ। ਉਸ ਕਿਹਾ, "ਮਹਾਰਾਣੀ ਜੀ, ਤੁਸੀਂ ਇਹ ਪਾ ਲਉ ਤੇ ਉਹ ਕੱਪੜੇ ਲਾਹ ਦਿਓ ਤਾਂ ਕਿ ਕਿਸੇ ਨੂੰ ਸ਼ੱਕ ਨਾ ਪਵੇ।" ਰਾਣੀ ਪਹਿਲਾਂ ਗੋਲੀ ਤੇ ਹੁਣ ਫਕੀਰਨੀ ਦੇ ਭੇਸ ਵਿਚ ਸੀ। ਗੋਮਾਂ ਨੇ ਸ਼ਾਮੇ ਦਾਸੀ ਵਾਲੇ ਕੱਪੜੇ ਲੁਹਾ ਕੇ ਦਰਿਆ ਗੰਗਾ ਦੀ ਭੇਟ ਕਰ ਦਿੱਤੇ। ਹੁਣ ਦੋਵੇਂ ਫਕੀਰਨੀ ਦੇ ਭੇਸ ਵਿਚ ਕੋਠੜੀ ਵਲ ਆ ਗਈਆਂ। ਇਸ ਕੋਠੜੀ ਵਿਚ ਪੰਜ-ਛੇ ਮੰਜੀਆਂ ਦੇ ਡੱਠਣ ਦੀ ਥਾਂ ਹੈ ਸੀ। ਫਰਸ਼ ਉਤੇ ਫੂਸ ਪਿਆ ਸੀ। ਗੋਮਤੀ ਇਕ ਟੁੱਟੀ ਜਿਹੀ ਸਫ਼ ਖਿੱਚ ਲਿਆਈ। ਅੱਜ ਜ਼ਿੰਦਗੀ ਵਿਚ ਪਹਿਲੀ ਵਾਰ ਰਾਣੀ ਜਿੰਦਾਂ ਨੇ ਫਰਸ਼ ਉਤੇ ਲੇਟ ਕੇ ਰਾਤ ਕੱਟੀ। ਰਾਣੀ ਜਿੰਦਾਂ ਨੂੰ

ਕਈ ਵਾਰ ਮਖ਼ਮਲੀ ਬਿਸਤਿਰਿਆਂ ਉਤੇ ਵੀ ਨੀਂਦ ਨਹੀਂ ਸੀ ਆਉਂਦੀ। ਪਰ ਅੱਜ ਥਕਾਵਟ ਨਾਲ ਚੂਰ ਰਾਣੀ ਫਰਸ਼ 'ਤੇ ਹੀ ਘੁਰਾੜੇ ਮਾਰ ਰਹੀ ਸੀ।

ਗੋਮਾਂ ਸਾਰੀ ਰਾਤ ਰਾਣੀ ਨੂੰ ਦਬਾਉਂਦੀ ਰਹੀ ਪਰ ਰਾਣੀ ਬੇਸੁਰਤ ਸੁੱਤੀ ਪਈ ਸੀ। ਗੋਮਾਂ ਨੂੰ ਅੱਜ ਨੀਂਦ ਨਹੀਂ ਸੀ ਆਈ। ਉਸ ਨੇ ਫ਼ਿਕਰ ਵਿਚ ਮੂੰਹ-ਹਨੇਰੇ ਹੀ ਮਹਾਰਾਣੀ ਨੂੰ ਉਠਾ ਕੇ ਚੱਲਣ ਲਈ ਕਿਹਾ। ਰਾਤੀਂ ਗੋਮਾਂ ਨੂੰ ਸ਼ੱਕ ਸੀ ਸਿਪਾਹੀ ਉਨ੍ਹਾਂ ਦੀ ਤਲਾਸ਼ ਕਰ ਰਹੇ ਹਨ ਪਰ ਹੁਣ ਉਸ ਵੇਖਿਆ ਇਹ ਸੱਚ ਸੀ। ਉਸ ਆਪਣੀ ਕੰਨੀਂ ਸਿਪਾਹੀਆਂ ਨੂੰ ਠਾਕੁਰ-ਦੁਆਰੇ ਨੂੰ ਪੁੱਛ-ਗਿੱਛ ਕਰਦੇ ਸੁਣਿਆ ਸੀ। ਉਹ ਰਾਣੀ ਨੂੰ ਉਠਾ ਕੇ ਦੌੜਨ ਲਈ ਬਾਹਰ ਵਲ ਨੂੰ ਕਾਹਲੀ ਨਾਲ ਪਹਿਲਾਂ ਟੁਰੀਆਂ ਤੇ ਫਿਰ ਭੱਜ ਪਈਆਂ। ਗੋਮਾਂ ਨੇ ਮੁੜ ਕੇ ਵੇਖਿਆ ਸਿਪਾਹੀ ਗ਼ੌਰ ਨਾਲ ਉਨ੍ਹਾਂ ਵੱਲ ਵੇਖ ਰਹੇ ਸਨ। ਉਹ ਪਹਾੜ ਵੱਲ ਵਾਹੋਦਾਹੀ ਦੌੜਨ ਲੱਗ ਪਈਆਂ। ਸਿਪਾਹੀ ਵੀ ਉਨ੍ਹਾਂ ਦਾ ਪਿੱਛਾ ਕਰਨ ਲੱਗ ਪਏ। ਥੋੜ੍ਹੀ ਦੂਰ ਜਾ ਕੇ ਇਕ ਨਿੱਕਾ ਜਿਹਾ ਨਾਲਾ ਆਇਆ। ਉਨ੍ਹਾਂ ਛੇਤੀ ਨਾਲ ਪਾਰ ਕਰ ਕੇ ਕੁਝ ਗਜ਼ਾਂ ਦੀ ਵਿੱਥ 'ਤੇ ਜਿਉਂ ਹੀ ਹੇਠਾਂ ਵੇਖਿਆ ਇਹ ਗਹਿਰੀ ਗੁਫਾ ਸੀ। ਦੋਵੇਂ ਹੇਠਾਂ ਉਤਰ ਕੇ ਉਸ ਹਨੇਰੀ ਗੁਫਾ ਵਿਚ ਵੜ ਗਈਆਂ। ਇਥੇ ਘੁੱਪ-ਹਨੇਰਾ ਸੀ। ਦੋਵੇਂ ਇਕ-ਦੂਜੇ ਦਾ ਸਾਹ ਪ੍ਰਤੀਤ ਕਰ ਰਹੀਆਂ ਸਨ ਪਰ ਇਕ-ਦੂਜੇ ਨੂੰ ਵੇਖ ਨਹੀਂ ਸਕਦੀਆਂ ਸਨ। ਉਤੋਂ ਜ਼ੋਰ ਦੀ ਬਾਰਸ਼ ਸ਼ੁਰੂ ਹੋ ਗਈ ਜੋ ਚਾਰ ਦਿਨ ਤਕ ਲਗਾਤਾਰ ਵਰ੍ਹਦੀ ਰਹੀ। ਬਾਰਸ਼ ਕਰ ਕੇ ਸਖ਼ਤ ਠੰਡ ਹੋ ਗਈ। ਪਰ ਮਹਾਰਾਣੀ ਜਿੰਦਾਂ ਦੇ ਪਿੰਡੇ 'ਤੇ ਇਕੋ ਪਾਟੀ ਹੋਈ ਸਾੜ੍ਹੀ ਵਲ੍ਹੇਟੀ ਹੋਈ ਸੀ। ਅਖ਼ੀਰ ਉਹਨੇ ਆਪਣੀ ਸਾੜ੍ਹੀ ਲਾਹ ਕੇ ਰਾਣੀ ਉਤੇ ਪਾ ਦਿੱਤੀ। ਹੁਣ ਗੋਮਾਂ ਦਾ ਓਹਲਾ ਕੇਵਲ ਗੁਫਾ ਦਾ ਹਨੇਰਾ ਹੀ ਸੀ। ਰਾਣੀ ਜਿੰਦਾਂ ਦਰਦ ਤੇ ਬੁਖ਼ਾਰ ਨਾਲ ਵਿਆਕੁਲ ਸੀ। ਕੁਝ ਖਾਣ ਲਈ ਮੰਗਦੀ ਸੀ। ਇਕ ਤਾਂ ਗੋਮਾਂ ਦੇ ਤਨ 'ਤੇ ਕੱਪੜਾ ਨਹੀਂ ਸੀ। ਦੂਜਾ, ਉਹ ਡਰਦੀ ਮਾਰੀ ਗੁਫਾ ਤੋਂ ਨਹੀਂ ਸੀ ਨਿਕਲੀ। ਗੋਮਾਂ ਮਨ ਹੀ ਮਨ ਹੈਰਾਨ ਸੀ ਕਿ ਉਹ ਰਾਣੀ ਨੂੰ ਖਾਣ ਲਈ ਕੀ ਦੇਵੇ ?

ਅੱਜ ਪੰਜਵੇਂ ਦਿਨ ਅਚਾਨਕ ਗੁਫ਼ਾ ਦੇ ਬੂਹੇ ਉਤੇ ਇਕ ਉੱਚੀ ਮਰਦਾਵੀਂ ਆਵਾਜ਼ ਆਈ 'ਸਤਿ ਕਰਤਾਰ' ਜਿਸ ਨੂੰ ਸੁਣ ਕੇ ਦੋਵੇਂ ਕੰਬਣ ਲੱਗ ਪਈਆਂ। ਇਨ੍ਹਾਂ ਨੇ ਸੋਚਿਆ ਕੋਈ ਫੜਨ ਵਾਲਾ ਆਇਆ ਹੈ। ਅਸਲ ਵਿਚ, ਜਦੋਂ ਇਹ ਰਾਮ ਨਗਰ ਦੇ ਠਾਕੁਰ-ਦੁਆਰੇ ਤੋਂ ਦੌੜੀਆਂ ਸਨ ਤਾਂ ਸਿਪਾਹੀਆਂ ਨੂੰ ਇਨ੍ਹਾਂ ਉੱਪਰ ਸ਼ੱਕ ਪਿਆ ਸੀ। ਪਰ ਉਹ ਇਨ੍ਹਾਂ ਤੋਂ ਕਾਫ਼ੀ ਦੂਰ ਸਨ। ਉਸੇ ਵੇਲੇ ਜ਼ੋਰ ਦੀ ਬਾਰਸ਼ ਆਉਣ ਲੱਗ ਪਈ। ਇਹ ਦੋਵੇਂ ਤਾਂ ਪਹਾੜ ਤੋਂ ਉਤਰ ਕੇ ਨਾਲੇ ਵਲ ਆ ਗਈਆਂ ਸਨ ਤੇ ਦਰਖ਼ਤਾਂ ਦੇ ਸਹਾਰੇ ਗੁਫ਼ਾ ਵਿਚ ਲੁਕ ਗਈਆਂ ਸਨ। ਪਰ ਸਿਪਾਹੀਆਂ ਨੂੰ ਖੁੱਲ੍ਹੇ ਮੈਦਾਨ ਦੀ ਤੇਜ਼ ਬਾਰਸ਼ ਨੇ ਘੇਰ ਲਿਆ। ਉਹ ਇਨ੍ਹਾਂ ਦੋਹਾਂ ਨੂੰ ਨਹੀਂ ਲੱਭ ਸਕੇ ਸਨ। ਬਾਰਸ਼ ਲਗਾਤਾਰ ਚਾਰ ਦਿਨ ਵਰ੍ਹਦੀ ਰਹੀ ਸੀ ਤੇ ਉਨ੍ਹਾਂ ਸਿਪਾਹੀਆਂ ਨੇ ਇਹ ਸੋਚ ਲਿਆ ਸੀ ਕਿ ਜ਼ਰੂਰ ਜੰਗਲੀ ਜਾਨਵਰਾਂ ਨੇ ਇਨ੍ਹਾਂ ਦੋਹਾਂ ਇਸਤਰੀਆਂ ਨੂੰ ਖਾ ਲਿਆ ਹੋਣਾ ਹੈ। ਨਹੀਂ ਤਾਂ ਅੱਗੇ ਤਾਂ ਕੋਈ ਰਾਹ ਹੀ ਨਹੀਂ ਸੀ। ਇਹ ਵਾਪਸ ਆ ਜਾਂਦੀਆਂ। ਬਾਰਸ਼ ਥੰਮ੍ਹਣ ਤੋਂ ਬਾਅਦ ਹੀ ਇਨ੍ਹਾਂ ਦੋਹਾਂ ਨੇ ਕਿਸੇ ਬੰਦੇ ਦੀ ਆਵਾਜ਼ ਸੁਣੀ ਸੀ।

7

ਇਕ ਲਿਟਾਂ ਵਾਲਾ ਸਾਧੂ ਗੁਫ਼ਾ ਅੰਦਰ ਵੜਿਆ । ਦੋਹਾਂ ਨੇ ਉਸ ਦੇ ਪੈਰਾਂ ਦੀ ਆਵਾਜ਼ ਸੁਣੀ ਸੀ । ਇਹ ਉਹੀ ਸੀ ਜਿਸ ਨੇ ਉੱਚੀ ਆਵਾਜ਼ ਦੇ ਕੇ 'ਸਤਿ ਕਰਤਾਰ' ਆਖਿਆ ਸੀ । ਅਚਾਨਕ ਗੁਫ਼ਾ ਵਿਚ ਚਾਨਣ ਦੀ ਲਾਟ ਨਿਕਲੀ । ਦੋਵੇਂ ਡਰ ਕੇ ਇਕ-ਦੂਜੀ ਨੂੰ ਚੰਬੜ ਗਈਆਂ । ਅੱਗ ਦੇ ਚਾਨਣ ਵਿਚ ਸਾਧੂ ਨੇ ਵੇਖਿਆ ਕਿ ਗੁਫ਼ਾ ਦੇ ਇਕ ਕੋਨੇ ਵਿਚ ਦੋ ਫ਼ਕੀਰਨੀਆਂ ਬੈਠੀਆਂ ਹਨ । 'ਸਤਿ ਕਰਤਾਰ' ਦੀ ਆਵਾਜ਼ ਸੁਣ ਕੇ ਗੋਮਾਂ ਨੇ ਉਹ ਧੋਤੀ ਜੋ ਰਾਣੀ ਜਿੰਦਾਂ ਦੇ ਪਾਲੇ ਨੂੰ ਕੁਝ ਸਹਾਰਾ ਦੇਣ ਲਈ ਆਪਣੇ ਤੇੜੋਂ ਲਾਹ ਕੇ ਰਾਣੀ ਉਤੇ ਪਾ ਦਿੱਤੀ ਸੀ ਤੇ ਆਪ ਚਾਰ ਦਿਨ ਰਾਣੀ ਦੀ ਸੇਵਾ ਹਨ੍ਹੇਰੇ ਵਿਚ ਨੰਗੀ ਬੈਠ ਕੇ ਹੀ ਕਰਦੀ ਰਹੀ ਸੀ, ਝਟਪਟ ਜਿੰਦਾਂ ਉਤੋਂ ਲਾਹ ਕੇ ਆਪਣੇ ਤਨ ਉਤੇ ਕਾਹਲੀ ਨਾਲ ਵਲ੍ਹੇਟ ਲਈ । ਉਹ ਦੋਵੇਂ ਡਰੀਆਂ ਤੇ ਘਬਰਾਈਆਂ ਹੋਈਆਂ ਸਨ । ਸਾਧੂ ਬਾਬਾ ਇਨ੍ਹਾਂ ਦੇ ਨੇੜੇ ਆਇਆ ਤੇ ਕੁਝ ਹੈਰਾਨ ਵੀ ਹੋਇਆ । ਜਦੋਂ ਉਸ ਨੂੰ ਪਤਾ ਲੱਗਾ ਕਿ ਰਾਣੀ ਜਿੰਦਾਂ ਬੁਖ਼ਾਰ ਨਾਲ ਤਪ ਰਹੀ ਹੈ ਤਾਂ ਉਹ ਛੇਤੀ ਨਾਲ ਗੁਫ਼ਾ ਦੇ ਇਕ ਕੋਨੇ ਵਿਚੋਂ ਜਿਥੇ ਹੋਰ ਵੀ ਨਿਕ-ਸੁਕ ਪਿਆ ਸੀ, ਇਕ ਬੂਟੀ ਲੈ ਆਇਆ । ਉਸ ਨੇ ਹੱਥ ਉਤੇ ਮਲ ਕੇ ਰਾਣੀ ਜਿੰਦਾਂ ਨੂੰ ਦੇ ਦਿੱਤੀ ਤੇ ਪਾਣੀ ਨਾਲ ਲੈਣ ਲਈ ਕਿਹਾ । ਥੋੜ੍ਹੀ ਦੇਰ ਵਿਚ ਉਸ ਦਾ ਬੁਖ਼ਾਰ ਉਤਰ ਗਿਆ । ਹੁਣ ਰਾਣੀ ਜਿੰਦਾਂ ਨੇ ਮਿੰਨਤ ਨਾਲ ਕਿਹਾ, "ਮਹਾਰਾਜ, ਕੁਝ ਖਾਣ ਨੂੰ ਹੈ ?" "ਹਾਂ ਬੀਬੀ" ਸਾਧੂ ਨੇ ਪੰਜਾਬੀ ਵਿਚ ਹੀ ਉੱਤਰ ਦਿੱਤਾ । ਉਹ ਬੇਰ ਵਰਗੇ ਸੁੱਕੇ ਲਾਲ ਜਿਹੇ ਫਲ ਲੈ ਆਇਆ । ਰਾਣੀ ਜਿੰਦਾਂ ਤੇ ਗੋਮਤੀ ਨੇ ਬੜੇ ਹੀ ਪਿਆਰ ਨਾਲ ਖਾਧੇ । ਹੁਣ ਉਨ੍ਹਾਂ ਦੇ ਸਰੀਰਾਂ ਵਿਚ ਕੁਝ ਸ਼ਕਤੀ ਆਈ ਤੇ ਉਹ ਸਾਧੂ ਬਾਬੇ ਨਾਲ ਗੱਲਾਂ ਕਰਨ ਲੱਗ ਪਈਆਂ । ਗੱਲਾਂ-ਗੱਲਾਂ ਵਿਚ ਹੀ ਮਹਾਰਾਣੀ ਨੂੰ ਪਤਾ ਲੱਗ ਗਿਆ ਕਿ ਸਾਧੂ ਬਾਬਾ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਸਿਪਾਹੀ ਰਿਹਾ ਹੈ । ਮਹਾਰਾਜੇ ਦੀ ਮੌਤ ਤੋਂ ਬਾਅਦ ਜਦੋਂ ਘਰੋਗੀ ਖਾਨਾਜੰਗੀ ਸ਼ੁਰੂ ਹੋਈ ਤਾਂ ਮਹਾਰਾਜੇ ਦੀ ਫ਼ੌਜ ਦੇ ਕਈ ਵਫ਼ਾਦਾਰ ਤੇ ਇਮਾਨਦਾਰ ਸਿਪਾਹੀ ਨੌਕਰੀਆਂ ਛੱਡ ਕੇ ਘਰਾਂ ਨੂੰ ਜਾਂ ਜੰਗਲਾਂ ਨੂੰ ਤੁਰ ਗਏ । ਇਹ ਬਾਬਾ ਵੀ ਸਿਪਾਹੀ ਤੋਂ ਸਾਧੂ ਬਣ ਗਿਆ ਸੀ । ਰਾਣੀ ਜਿੰਦਾਂ ਨੂੰ ਵਿਸ਼ਵਾਸ ਹੋ ਗਿਆ ਕਿ ਇਹ ਬਾਬਾ ਜ਼ਰੂਰ ਸਾਡੀ ਮਦਦ ਕਰੇਗਾ ।

ਅੱਜ ਸਾਧੂ ਬਾਬਾ ਦੀ ਗੁਫ਼ਾ ਵਿਚ ਕੁਝ ਰੌਣਕ ਸੀ । ਸਾਧੂ ਬਾਬੇ ਨੇ ਮੱਠੀ-ਮੱਠੀ ਅੱਗ ਜਲਾਈ ਰੱਖੀ । ਰਾਣੀ ਜਿੰਦਾਂ ਦੇ ਮੂੰਹ ਉਤੇ ਲੱਗੇ ਟਿਮਕਣੇ ਹੁਣ ਮਿਟ ਗਏ ਸਨ । ਆਪਣੇ ਨੈਣ-ਨਕਸ਼ਾਂ ਕਰ ਕੇ ਉਹ ਸਾਧਾਰਣ ਇਸਤਰੀ ਨਹੀਂ ਸੀ ਲੱਗਦੀ । ਸਾਧੂ ਬਾਬੇ ਨੂੰ ਇਹ ਸ਼ੱਕ ਤਾਂ ਪੈ ਹੀ ਗਿਆ ਸੀ ਕਿ ਇਹ ਦੋਵੇਂ ਅਸਲ ਵਿਚ ਫ਼ਕੀਰਨੀਆਂ ਨਹੀਂ ਹਨ । ਸਾਧੂ ਬਾਬੇ ਨੇ ਅਦਬ ਨਾਲ ਮਹਾਰਾਣੀ ਜਿੰਦਾਂ ਨੂੰ ਸੰਬੋਧਨ ਕਰ ਕੇ ਕਿਹਾ, "ਦੇਵੀ, ਇਕ ਗੱਲ ਕਹਾਂ, ਤੂੰ ਅਸਲ ਵਿਚ ਫ਼ਕੀਰਨੀ ਨਹੀਂ ਲੱਗਦੀ ।" ਇਹ ਸ਼ਬਦ ਸੁਣਦਿਆਂ ਹੀ ਮਹਾਰਾਣੀ ਜਿੰਦਾਂ ਦੇ ਅੱਥਰੂ ਫਰਨ-ਫਰਨ ਵਗਣ ਲੱਗ ਪਏ । ਕੋਲ ਬੈਠੀ ਗੋਮਾਂ ਨੇ ਮਹਾਰਾਣੀ ਜਿੰਦਾਂ ਦੀ ਸਾਰੀ ਵਿਥਿਆ ਆਖ ਸੁਣਾਈ । ਜਦੋਂ ਸਾਧੂ ਬਾਬੇ ਨੂੰ ਇਹ ਪਤਾ ਲੱਗਾ ਕਿ ਇਹ ਸ਼ੇਰੇ-ਪੰਜਾਬ ਦੀ ਪਤਨੀ ਮਹਾਰਾਣੀ ਜਿੰਦਾਂ ਹੈ ਤਾਂ ਉਹ ਉਠ ਕੇ ਰਾਣੀ ਜਿੰਦਾਂ ਦੇ ਪੈਰਾਂ ਉਤੇ ਮੱਥਾ ਟੇਕਣ ਲਈ ਆਇਆ । "ਧੰਨ ਹੋ ਰਾਜਮਾਤਾ ! ਮੈਂ ਆਪਣੀ ਜਾਨ ਲੜਾ ਕੇ ਵੀ

ਤੁਹਾਡੀ ਸੇਵਾ ਕਰਾਂਗਾ !"

ਹੁਣ ਸਾਧੂ ਬਾਬਾ ਜੰਗਲ ਵਿਚੋਂ ਫਲ ਆਦਿ ਲੱਭ ਕੇ ਲਿਆਉਂਦਾ । ਦੋਹਾਂ ਨੂੰ ਪਹਿਲਾਂ ਖੁਆਉਂਦਾ ਫਿਰ ਆਪ ਖਾਂਦਾ । ਉਹ ਕੁਝ ਬੂਟੀਆਂ ਲੱਭ ਕੇ ਲਿਆਇਆ । ਉਨ੍ਹਾਂ ਨੂੰ ਪਾਣੀ ਵਿਚ ਭਿਉਂ ਕੇ ਉਸ ਨਾਲ ਮਹਾਰਾਣੀ ਦੇ ਪੈਰ ਧੋਂਦੇ ਰਹੇ । ਕੋਈ ਅੱਠ ਦਿਨਾਂ ਵਿਚ ਰਾਣੀ ਦੇ ਜ਼ਖ਼ਮੀ ਪੈਰ ਠੀਕ ਹੋ ਗਏ । ਬਾਬਾ ਕੁਝ ਅਜਿਹੀਆਂ ਬੂਟੀਆਂ ਵੀ ਲੱਭ ਕੇ ਲਿਆਇਆ ਜਿਨ੍ਹਾਂ ਦੇ ਖਾਣ ਨਾਲ ਜਿੰਦਾਂ ਦੇ ਬਿਮਾਰ ਸਰੀਰ ਵਿਚ ਸ਼ਕਤੀ ਭਰ ਗਈ ਤੇ ਉਹ ਸਿਹਤਮੰਦ ਹੋ ਗਈ । ਅੱਜਕਲ੍ਹ ਸਾਧੂ ਬਾਬਾ ਜਾਂ ਤਾਂ ਗੌਮਾਂ ਅਤੇ ਰਾਣੀ ਜਿੰਦਾਂ ਦੇ ਖਾਣ-ਪੀਣ ਦਾ ਪ੍ਰਬੰਧ ਕਰਦਾ ਤੇ ਜਾਂ ਫਿਰ ਸਿੱਖ-ਰਾਜ ਦੀਆਂ ਗੱਲਾਂ ਉਨ੍ਹਾਂ ਨਾਲ ਮਿਲ ਕੇ ਕਰਦਾ । ਕਦੀ ਰਾਣੀ ਜਿੰਦਾਂ ਤੇ ਕਦੀ ਸਾਧੂ ਬਾਬਾ ਮਹਾਰਾਜੇ ਦੇ ਰਾਜ ਦੀਆਂ ਗੱਲਾਂ ਸੁਣਾਉਂਦੇ । ਕਿ ਇਹ ਰਾਜ ਕਿਵੇਂ ਗੁਆਚਾ ? ਇਸ ਬਾਰੇ ਵੀ ਦੋਵੇਂ ਮਿਲ ਕੇ ਗੱਲਾਂ ਕਰਦੇ ਰਹਿੰਦੇ । ਪਰ ਸਿਵਾਏ ਉਦਾਸੀ ਦੇ ਦੋਹਾਂ ਦੇ ਪੱਲੇ ਕੁਝ ਨਾ ਪੈਂਦਾ । ਦੁੱਖ ਵਿਚ ਰਾਣੀ ਜਿੰਦਾਂ ਤੇ ਗੌਮਾਂ ਇਕ ਦੂਜੇ ਦੀਆਂ ਗੂੜ੍ਹੀਆਂ ਸਹੇਲੀਆਂ ਬਣ ਗਈਆਂ । ਹੁਣ ਇਹ ਤਿੰਨੇ ਮਿਲ ਕੇ ਇਥੋਂ ਨਿਕਲਣ ਦੀਆਂ ਸਕੀਮਾਂ ਬਣਾਉਣ ਲੱਗੇ ।

ਅਖ਼ੀਰ ਇਕ ਦਿਨ ਸਾਧੂ ਬਾਬੇ ਨੇ ਸਲਾਹ ਦਿੱਤੀ ਕਿ ਫਕੀਰਨੀਆਂ ਦੇ ਭੇਸ ਨਾਲੋਂ ਉਹ ਸਾਧੂਆਂ ਦਾ ਲਿਬਾਸ ਪਾ ਲੈਣ । ਪਰ ਲਿਬਾਸ ਤਾਂ ਪੈਸਿਆਂ ਨਾਲ ਹੀ ਮਿਲਣਗੇ । ਰਾਣੀ ਜਿੰਦਾਂ ਨੇ ਉਹ ਦੋ ਗਹਿਣੇ (ਟੂੰਮਾਂ) ਆਪਣੇ ਲੱਕ ਨਾਲ ਬੱਧੀ ਲੀਰ ਵਿਚੋਂ ਖੋਲ੍ਹੇ ਜੋ ਤੁਰਨ ਲੱਗਿਆਂ ਉਸ ਨੂੰ ਸ਼ਾਮੋ ਦਾਸੀ ਨੇ ਦੇਂਦਿਆਂ ਕਿਹਾ ਸੀ, "ਇਨ੍ਹਾਂ ਨੂੰ ਕੋਲ ਰੱਖੋ ਸਫ਼ਰ ਵਿਚ ਕੰਮ ਆਉਣਗੇ ।" ਸਾਧੂ ਬਾਬਾ ਉਹ ਦੋ ਗਹਿਣੇ ਲੈ ਕੇ ਗਿਆ । ਉਨ੍ਹਾਂ ਨੂੰ ਵੇਚ ਕੇ ਚੋਖੀ ਰਕਮ ਬਣਾ ਲਿਆਇਆ ਤੇ ਨਾਲ ਹੀ ਸਾਧੂ ਬਾਬਾ ਦੋ ਕੰਬਲ, ਦੋ ਬੰਦ ਜੁੱਤੀਆਂ ਦੇ ਜੋੜੇ, ਦੋ ਤ੍ਰਿਸ਼ੂਲ, ਦੋ ਮਾਲਾ, ਦੋ ਸ਼ੇਰ ਦੀਆਂ ਖੱਲਾਂ ਵੀ ਖ਼ਰੀਦ ਲਿਆਇਆ । ਮੋਹ ਦੀ ਮਾਰੀ ਜਿੰਦਾਂ ਨੇ ਸੰਨਿਆਸੀ ਵਾਲਾ ਲਿਬਾਸ ਪਾ ਲਿਆ । ਉਹ ਮਹਾਰਾਣੀ ਤੋਂ ਕੈਦਣ, ਕੈਦਣ ਤੋਂ ਦਾਸੀ, ਦਾਸੀ ਤੋਂ ਫਕੀਰਨੀ, ਫਕੀਰਨੀ ਤੋਂ ਸੰਨਿਆਸਣ ਬਣ ਗਈ । ਸਾਧੂ ਬਾਬਾ ਨੇ ਉਸ ਨੂੰ ਤ੍ਰਿਸ਼ੂਲ ਹੱਥ ਵਿਚ ਫੜਨ ਦਾ ਢੰਗ ਸਿਖਾਇਆ । ਆਸਣ ਵਿਛਾਉਣ ਤੇ ਲਪੇਟ ਕੇ ਫੜਨ ਦੀ ਜਾਚ ਦੱਸੀ ।

ਅੱਜ ਰਾਣੀ ਜਿੰਦਾਂ ਨੇ ਰੇਸ਼ਮੀ ਵਾਲਾਂ ਨੂੰ ਖੋਲ੍ਹ ਕੇ ਪਿੱਛੇ ਖਿਲਾਰ ਲਿਆ । ਮੱਥੇ ਉਤੇ ਤਿਲਕ ਲਗਾਇਆ । ਗਲ਼ ਵਿਚ ਮਾਲਾ ਪਾ ਲਈ । ਉੱਪਰ ਭੂਰੇ (ਕੰਬਲ) ਦੀ ਬੁੱਕਲ ਮਾਰ ਕੇ ਕਸ਼ਾ (ਸ਼ੇਰ ਦੀ ਖੱਲ) ਨੂੰ ਮੋਢੇ ਮਾਰ ਕੇ ਤੁਰਨ ਲੱਗੀ । ਅਜੇ ਕੋਈ ਪਤਾ ਨਹੀਂ ਸੀ ਕਿ ਹੋਣੀ ਨੇ ਉਹਨੂੰ ਹੋਰ ਕੀ-ਕੀ ਰੰਗ ਵਿਖਾਉਣੇ ਸਨ । ਅੱਗੇ-ਅੱਗੇ ਸਾਧੂ ਬਾਬਾ ਤੇ ਪਿੱਛੇ-ਪਿੱਛੇ ਇਹ ਦੋਵੇਂ । ਤਿੰਨਾਂ ਦਾ ਨਿੱਕਾ ਜਿਹਾ ਟੋਲਾ ਤੁਰ ਰਿਹਾ ਸੀ, ਉਸ ਦਾਤੇ ਦੀ ਓਟ ਤੇ ਆਸਰਾ ਲੈ ਕੇ । ਇਹ ਤਿੰਨੇ ਨੇਪਾਲ ਵਲ ਜਾ ਰਹੇ ਸਨ ।

8

ਕੁਦਰਤ ਦੇ ਰੰਗ ਨਿਆਰੇ ਹਨ । ਮਹਾਰਾਣੀ ਜਿੰਦਾਂ, ਗੌਮਾਂ ਤੇ ਸਾਧੂ ਬਾਬਾ ਨੇ ਜਿਵੇਂ ਹੀ ਨੇਪਾਲ ਦੀ ਧਰਤੀ ਉਤੇ ਕਦਮ ਰੱਖੇ, ਸਾਧੂ ਨੂੰ ਠੰਡ ਨਾਲ ਨਮੂਨੀਆ ਹੋ ਗਿਆ । ਪਰਦੇਸ

ਵਿਚ ਬਿਨਾਂ ਕਿਸੇ ਓਟ-ਆਸਰੇ ਦੇ, ਦਵਾਈ ਆਦਿ ਦੇ ਉਹ ਤੜਪ-ਤੜਪ ਕੇ ਮਰ ਗਿਆ। ਜਿੰਦਾਂ ਬਿਪਤਾ ਦੀ ਮਾਰੀ ਨਵੇਂ ਸੰਕਟ ਵਿਚ ਫਸ ਗਈ। ਉਹ ਸਾਧੂ ਬਾਬਾ ਦੇ ਮ੍ਰਿਤਕ ਸਰੀਰ ਦਾ ਕੀ ਕਰੇ ? ਨਾ ਕੋਈ ਨੇੜੇ ਦਰਿਆ ਹੀ ਸੀ ਜਿੱਥੇ ਦਰਿਆ-ਪ੍ਰਵਾਹ ਕਰ ਦੇਂਦੀ, ਤੇ ਨਾ ਹੀ ਲੱਕੜੀਆਂ ਸਨ ਕਿ ਜਲਾ ਦੇਵੇ। ਦੋਵੇਂ ਉਦਾਸੀ ਦੀਆਂ ਮਾਰੀਆਂ ਆਸੇ-ਪਾਸੇ ਵੇਖ ਹੀ ਰਹੀਆਂ ਸਨ ਕਿ ਦੋ ਘੋੜ-ਸਵਾਰ ਉਧੱਰ ਆ ਨਿਕਲੇ। ਉਹ ਅਸਲ ਵਿਚ ਸ਼ਿਕਾਰੀ ਸਨ ਤੇ ਸ਼ਿਕਾਰ ਦੀ ਭਾਲ ਵਿਚ ਆਏ ਸਨ। ਉਨ੍ਹਾਂ ਨੇ ਇਨ੍ਹਾਂ ਸੰਨਿਆਸਣਾਂ ਨੂੰ ਗੱਲ ਪੁੱਛੀ। ਰਾਣੀ ਜਿੰਦਾਂ ਬੋਲੀ, "ਇਹ ਸਾਡੇ ਗੁਰੂ ਜੀ ਸਨ। ਇਹ ਰਸਤੇ ਵਿਚ ਨਮੂਨੀਏ ਨਾਲ ਮਰ ਗਏ ਹਨ। ਅਸੀਂ ਨੇਪਾਲ ਜਾਣਾ ਸੀ। ਹੁਣ ਅਸੀਂ ਦੋਵੇਂ ਰਾਹ ਵੀ ਨਹੀਂ ਜਾਣਦੀਆਂ।" ਉਹ ਨੇਪਾਲ ਦੇ ਵਜ਼ੀਰ ਰਾਣਾ ਜੰਗ ਬਹਾਦਰ ਦੇ ਸਿਪਾਹੀ ਸਨ। ਜੰਗ ਬਹਾਦਰ ਖਟਮੰਡੂ ਤੋਂ ਸ਼ਿਕਾਰ ਖੇਡਣ ਲਈ ਆਇਆ ਹੋਇਆ ਸੀ। ਉਨ੍ਹਾਂ ਵਿਚੋਂ ਇਕ ਸਿਪਾਹੀ ਡੇਰੇ ਉਤੇ ਗਿਆ ਤੇ ਦੂਜਾ ਇਨ੍ਹਾਂ ਦੇ ਕੋਲ ਹੀ ਰਿਹਾ। ਕੋਈ ਘੰਟੇ ਕੁ ਬਾਅਦ ਪਹਿਲਾ ਸਿਪਾਹੀ ਛੇ ਹੋਰ ਜਵਾਨ ਲੈ ਕੇ ਆ ਗਿਆ। ਉਹ ਸਾਧੂ ਬਾਬਾ ਦੀ ਲੋਥ ਚੁੱਕ ਕੇ ਆਪਣੇ ਡੇਰੇ ਲੈ ਆਏ। ਉਥੇ ਲੱਕੜਾਂ ਆਦਿ ਦਾ ਇੰਤਜ਼ਾਮ ਸੀ। ਇਸ ਤਰ੍ਹਾਂ ਆਪਣੇ ਪਤੀ ਦੇ ਵਫ਼ਾਦਾਰ ਸਿਪਾਹੀ ਤੇ ਆਪਣੇ ਮਦਦਗਾਰ ਸਾਧੂ ਬਾਬਾ ਦਾ ਅਗਨੀ-ਦਾਹ ਰਾਣੀ ਨੇ ਆਪਣੇ ਹੱਥੀਂ ਕੀਤਾ।

ਰਾਣੀ ਜਿੰਦਾਂ ਦੇ ਸਰੀਰਕ ਸੁਹੱਪਣ ਤੋਂ ਜੰਗ ਬਹਾਦਰ ਇਹ ਤਾੜ ਗਿਆ ਸੀ ਕਿ ਇਹ ਦੋ ਇਸਤਰੀਆਂ ਅਸਲ ਵਿਚ ਸੰਨਿਆਸਣਾਂ ਨਹੀਂ। ਮਹਾਰਾਣੀ ਨੂੰ ਇਹ ਪਤਾ ਸੀ ਕਿ ਨੇਪਾਲ ਦੇ ਰਾਜੇ ਦੇ ਉਸ ਦੇ ਮਹਾਰਾਜੇ ਨਾਲ ਬਹੁਤ ਚੰਗੇ ਦੋਸਤਾਨਾ ਸੰਬੰਧ ਸਨ। ਤਾਂ ਹੀ ਤਾਂ ਸਹਾਇਤਾ ਦੀ ਉਮੀਦ ਨਾਲ ਰਾਣੀ ਜਿੰਦਾਂ ਗੌਮਾਂ ਤੇ ਸਾਧੂ ਬਾਬਾ ਨੂੰ ਨਾਲ ਲੈ ਕੇ ਨੇਪਾਲ ਵਲ ਆ ਰਹੀ ਸੀ। ਜੰਗ ਬਹਾਦਰ ਨੇ ਕੁਝ ਸਵਾਲ ਪੁੱਛੇ। ਰਾਣੀ ਨੇ ਅਥਾਹ ਆਤਮ-ਵਿਸ਼ਵਾਸ ਨਾਲ ਆਪਣਾ ਸਾਰਾ ਹਾਲ ਜੰਗ ਬਹਾਦਰ ਨੂੰ ਦੱਸ ਦਿੱਤਾ। ਗੱਲ ਸੁਣ ਕੇ ਜੰਗ ਬਹਾਦਰ ਸਿੰਘ ਨੇ ਬੜੇ ਸਤਿਕਾਰ ਨਾਲ ਹੱਥ ਜੋੜੇ। "ਭੁੱਲ-ਚੁੱਕ ਦੀ ਖਿਮਾ ਦੇ ਦੇਣੀ। ਤੁਹਾਨੂੰ ਅੱਜ ਹੀ ਖਟਮੰਡੂ ਲੈ ਚਲਦੇ ਹਾਂ। ਤੁਹਾਨੂੰ ਨਾ ਕੇਵਲ ਪੂਰੀ ਮਦਦ ਹੀ ਮਿਲੇਗੀ ਸਗੋਂ ਤੁਹਾਨੂੰ ਪੂਰੇ ਆਦਰ-ਮਾਣ ਨਾਲ ਉਥੇ ਰੱਖਿਆ ਜਾਵੇਗਾ।"

ਅਗਲੇ ਦਿਨ ਮਹਾਰਾਣੀ ਜਿੰਦਾਂ ਤੇ ਉਸ ਦੀ ਦਾਸੀ ਗੌਮਾਂ ਨੂੰ ਬੜੇ ਸਨਮਾਨ ਨਾਲ ਘੋੜਿਆਂ ਦੀ ਸਵਾਰੀ ਕਰਾ ਕੇ ਖਟਮੰਡੂ ਪੁਚਾ ਦਿੱਤਾ ਗਿਆ। ਨੇਪਾਲ ਦੇ ਰਾਜੇ ਨੂੰ ਖ਼ਬਰ ਹੋਈ ਤੇ ਉਸ ਨੇ ਪੂਰੇ ਮਾਣ ਨਾਲ ਉਨ੍ਹਾਂ ਦਾ ਸਵਾਗਤ ਕੀਤਾ।

ਖਟਮੰਡੂ ਨੇਪਾਲ ਦੀ ਰਾਜਧਾਨੀ ਹੈ। ਮਹਾਰਾਣੀ ਆਪਣੀ ਦਾਸੀ ਗੌਮਤੀ ਸਮੇਤ ਜੰਗ ਬਹਾਦਰ ਦੇ ਮਹਿਲਾਂ ਵਿਚ ਪੁੱਜੀ। ਜੰਗ ਬਹਾਦਰ ਨੇ ਮਹਾਰਾਣੀ ਨੂੰ ਮਹਿਲਾਂ ਵਰਗੇ ਸੁਖ ਦੇ ਸਾਧਨ ਮੁਹੱਈਆ ਕੀਤੇ। ਸੋਹਣੇ ਗਹਿਣੇ-ਕੱਪੜੇ ਬਣਵਾਏ। ਹੁਣ ਰਾਣੀ ਜਿੰਦਾਂ ਤੇ ਗੌਮਾਂ ਦਾਸੀ ਫਿਰ ਮਹਿਲਾਂ ਦੀਆਂ ਵਾਸੀ ਬਣ ਗਈਆਂ। ਇਕ ਨਵਾਂ ਮਹਿਲ ਵਿਸ਼ਨੂੰਮਤੀ ਦਰਿਆ ਦੇ ਕਿਨਾਰੇ ਦਿਨਾਂ ਵਿਚ ਹੀ ਉਸਾਰ ਕੇ ਰਾਣੀ ਜਿੰਦਾਂ ਦਾ ਨਿਵਾਸ ਸਥਾਨ ਬਣਾ ਦਿੱਤਾ ਗਿਆ। ਰਾਣੀ ਜਿੰਦਾਂ ਤੇ ਗੌਮਾਂ ਦਾਸੀ ਕਦੀ-ਕਦੀ ਸ਼ਾਮੋਂ ਬਾਰੇ ਸੋਚਦੀਆਂ। ਪਤਾ ਨਹੀਂ ਉਹਦੇ ਨਾਲ ਕੀ-ਕੀ ਜ਼ੁਲਮ ਹੋਏ ਹੋਣਗੇ। ਕਾਸ਼ ਕੋਈ ਸ਼ਾਮੋਂ ਦਾ ਸੁਨੇਹਾ ਹੀ ਲੈ ਆਵੇ।

ਇਕ ਦਿਨ ਮਹਾਰਾਣੀ ਬੈਠੀ ਹੀ ਸੀ ਕਿ ਸੁਨੇਹਾ ਮਿਲਿਆ ਇਕ ਇਸਤਰੀ-ਪੁਰਖ ਆਪ ਨੂੰ ਮਿਲਣ ਆਏ ਹਨ। "ਆਉਣ ਦਿਓ" ਰਾਣੀ ਨੇ ਕਿਹਾ। ਜਦੋਂ ਉਹ ਸਾਹਮਣੇ ਆਏ ਤਾਂ ਰਾਣੀ ਜਿੰਦਾਂ ਸ਼ਾਮੋਂ ਨੂੰ ਵੇਖ ਕੇ ਖੁਸ਼ੀ ਨਾਲ ਉਛਲ ਪਈ। ਪਰ ਇਹ ਸਿਪਾਹੀ ਕੌਣ ਹੈ? ਹੁਣ ਸ਼ਾਮੋਂ ਨੇ ਆਪਣੀ ਸਾਰੀ ਹੱਡਬੀਤੀ ਆਖ ਸੁਣਾਈ। ਕਿਵੇਂ ਉਹਨੇ ਪਹਿਲਾਂ ਪ੍ਰੀਤ-ਨਾਟਕ ਰਚਾਇਆ ਤੇ ਪਿੱਛੋਂ ਉਹ ਸੱਚਮੁੱਚ ਹੀ ਉਹਨੂੰ ਪਿਆਰ ਕਰਨ ਲੱਗ ਪਈ। ਪਹਿਰੇਦਾਰ ਸਿਪਾਹੀ ਉਹਨੂੰ ਕਿਵੇਂ ਕਿਲ੍ਹੇ ਵਿਚੋਂ ਲੈ ਕੇ ਨੱਸਿਆ। ਉਹ ਦੋਵੇਂ ਦਿਨ ਵੇਲੇ ਲੁਕਦੇ, ਰਾਤ ਵੇਲੇ ਪੈਦਲ ਟੁਰ-ਟੁਰ ਕੇ ਕਿਵੇਂ ਨੇਪਾਲ ਰਾਜ ਵਿਚ ਪੁੱਜੇ? ਹੁਣ ਉਹ ਦੋਵੇਂ ਪਤੀ-ਪਤਨੀ ਹਨ। ਸਾਰੀ ਗੱਲ ਸੁਣ ਕੇ ਰਾਣੀ ਦੀਆਂ ਅੱਖਾਂ ਸੇਜਲ ਹੋ ਗਈਆਂ। "ਕਦੀ ਤੁਹਾਡੀ ਕੁਰਬਾਨੀ ਵੀ ਵਰ ਆਵੇਗੀ? ਮੈਂ ਕਦੀ ਪੁੱਤ ਦਾ ਮੂੰਹ ਵੀ ਵੇਖ ਸਕਾਂਗੀ?" ਕਹਿੰਦਿਆਂ ਰਾਣੀ ਨੇ ਹੌਕਾ ਭਰਿਆ।

9

ਸ਼ਾਮੋਂ ਨੇ ਮਹਾਰਾਣੀ ਨੂੰ ਦੱਸਿਆ ਕਿ ਮੈਂ ਜਦੋਂ ਫਤਹਿਗੜ੍ਹ ਰਹਿੰਦੀ ਸੀ ਤਾਂ ਇਕ ਦਿਨ ਮਹਾਰਾਜਾ ਦਲੀਪ ਸਿੰਘ ਨੂੰ ਹਾਥੀ ਉੱਪਰ ਚੜ੍ਹ ਕੇ ਜਾਂਦੇ ਵੇਖਿਆ ਸੀ। ਮੈਂ ਤੇ ਮੇਰੇ ਪਤੀ ਸੱਜਣ ਸਿੰਘ ਨੂੰ ਜਿੰਨੀ ਕੁ ਵਾਕਫੀਅਤ ਮਿਲ ਸਕਦੀ ਸੀ ਅਸੀਂ ਲੈਣ ਦਾ ਯਤਨ ਵੀ ਕੀਤਾ ਸੀ। ਰਾਣੀ ਨੇ ਕਾਹਲੀ ਨਾਲ ਆਖਿਆ, "ਮੈਨੂੰ ਪੂਰਾ ਹਾਲ ਸੁਣਾ।" ਹੁਣ ਮਹਾਰਾਣੀ ਜਿੰਦਾਂ ਸੁਣ ਰਹੀ ਸੀ ਤੇ ਸਿੱਖ ਰਾਜ ਦੀ ਵਫ਼ਾਦਾਰ ਦਾਸੀ ਸੁਣਿਆ-ਸੁਣਾਇਆ ਹਾਲ ਮਹਾਰਾਣੀ ਜਿੰਦਾਂ ਨੂੰ ਸੁਣਾ ਰਹੀ ਸੀ। ਜਿਸ ਵੇਲੇ ਤੁਹਾਨੂੰ ਲਾਹੌਰੋਂ ਬਾਹਰ ਭੇਜਿਆ ਗਿਆ ਸੀ ਤਾਂ ਦਲੀਪ ਨੂੰ ਸ਼ਿਕਾਰ ਖਿਡਾਉਣ ਨਹੀਂ ਸੀ ਲੈ ਕੇ ਗਏ। ਬਲਕਿ ਇਹ ਝੂਠ ਸੀ। ਦਲੀਪ ਉਦੋਂ ਸ਼ਾਲੀਮਾਰ ਬਾਗ਼ ਵਿਚ ਸੀ। ਉਸ ਦੇ ਕੋਲ ਜੌਹਨ ਹੈਨਰੀ ਲਾਰੈਂਸ, ਸ. ਗੁਲਾਬ ਸਿੰਘ ਅਟਾਰੀ ਵਾਲਾ ਤੇ ਮੰਗਲਾ ਦਾਸੀ ਸਨ। ਤੁਹਾਡੇ ਆਉਣ ਤੋਂ ਬਾਅਦ ਜਦੋਂ ਦਲੀਪ ਨੂੰ ਸੁੰਮਨ ਬੁਰਜ ਵਿਚ ਲਿਆਂਦਾ ਤਾਂ ਤੁਹਾਨੂੰ ਉਥੇ ਨਾ ਵੇਖ ਕੇ ਦਲੀਪ ਨੇ ਸਾਰੀਆਂ ਗੋਲੀਆਂ ਨੂੰ ਪੁੱਛਿਆ "ਮਾਂ ਜੀ ਕਿੱਥੇ ਨੇ?" ਪਰ ਜਦੋਂ ਕਿਸੇ ਵੀ ਨਾ ਦੱਸਿਆ ਤਾਂ ਉਹ ਸਾਰਾ ਦਿਨ ਫਰਸ਼ ਉਤੇ ਹੀ ਲੇਟ-ਲੇਟ ਕੇ ਰੋਂਦਾ ਰਿਹਾ..." ਰਾਣੀ ਜਿੰਦਾਂ ਦੀਆਂ ਅੱਖਾਂ ਵਿਚੋਂ ਫਰਨ-ਫਰਨ ਪਾਣੀ ਵਹਿਣ ਲੱਗਾ। ਤੇ ਫਿਰ ਦਾਸੀ ਨੇ ਹਟਕੋਰਾ ਲੈਂਦੇ ਦੱਸਿਆ, "ਅਖ਼ੀਰ ਦਲੀਪ ਨੂੰ ਤੁਹਾਡੇ ਜਲਾਵਤਨ ਹੋਣ ਦੀ ਗੱਲ ਦਾ ਪਤਾ ਲੱਗ ਗਿਆ। ਉਹ ਵਿਲਕ-ਵਿਲਕ ਕੇ ਆਖਦਾ, 'ਮੈਨੂੰ ਮੇਰੀ ਮਾਂ ਕੋਲ ਲੈ ਚੱਲੋ', 'ਮੇਰੀ ਮਾਂ ਕਿੱਥੇ ਹੈ?' 'ਮੈਂ ਮਾਂ ਜੀ ਕੋਲ ਜਾਵਾਂਗਾ' ਲਾਚਾਰ, ਮਜਬੂਰ, ਦਲੀਪ ਉਦਾਸੀ ਵਿਚ ਬਿਮਾਰ ਹੋ ਗਿਆ। ਦਸ ਦਿਨ ਬੁਖ਼ਾਰ ਚੜ੍ਹਦਾ ਰਿਹਾ।" ਰਾਣੀ ਅਜੇ ਵੀ ਰੋ ਰਹੀ ਸੀ। "ਫਿਰ ਕੀ ਹੋਇਆ?" ਰਾਣੀ ਨੇ ਸ਼ਾਮੋਂ ਨੂੰ ਟੁੰਬਿਆ। "29 ਮਾਰਚ ਸੰਨ 1849 ਈਸਵੀ ਨੂੰ ਦਲੀਪ ਦਾ ਤਖਤ ਵੀ ਖੋਹ ਲਿਆ ਗਿਆ। ਉਸ ਨੂੰ ਕੇਵਲ ਦਸ ਹਜ਼ਾਰ ਭੱਤਾ ਅਤੇ ਮਹਾਰਾਜਾ ਦਾ ਖ਼ਿਤਾਬ ਹੀ ਉਸ ਕੋਲ ਰਹਿ ਗਿਆ।

"ਹੁਣ ਦਲੀਪ ਕੁਝ ਵੱਡਾ ਹੋ ਰਿਹਾ ਸੀ ਤੇ ਸਿਆਣਾ ਵੀ। ਉਹ ਬਹੁਤ ਕੁਝ ਜੌਹਨ ਲਾਰੈਂਸ ਨੂੰ ਪੁੱਛਦਾ। ਅਖ਼ੀਰ ਸਲਾਹ ਕਰ ਕੇ ਮਹਾਰਾਜਾ ਦਲੀਪ ਸਿੰਘ ਨੂੰ ਜੌਹਨ ਲਾਰੈਂਸ

ਸਮੇਤ 9 ਦਸੰਬਰ ਸੰਨ 1849 ਈਸਵੀ ਦੇ ਦਿਨ ਪੰਜਾਬ ਤੋਂ ਜਲਾਵਤਨ ਕਰ ਕੇ ਉੱਤਰ ਪ੍ਰਦੇਸ਼ ਦੇ ਫਤਹਿਗੜ੍ਹ ਨਗਰ ਵਿਚ ਭੇਜ ਦਿੱਤਾ ਗਿਆ । ਬਾਲ ਦਲੀਪ ਨੂੰ ਤੁਹਾਡੇ ਖ਼ਿਲਾਫ਼ ਕਈ ਝੂਠੀਆਂ ਗੱਲਾਂ ਬਣਾ ਕੇ ਕਹੀਆਂ ਗਈਆਂ ।" "ਉਹ ਤਾਂ ਕਹਿਣੀਆਂ ਹੀ ਸਨ । ਰਾਜ ਜੁ ਲੈਣਾ ਸੀ ।" ਰਾਣੀ ਜਿੰਦਾਂ ਬੋਲ ਪਈ । "ਫਤਹਿਗੜ੍ਹ ਵਿਚ ਮਹਾਰਾਜਾ, ਜੌਹਨ ਲਾਰੇਂਸ ਦੇ ਪ੍ਰਭਾਵ ਥੱਲੇ ਆਉਣ ਲੱਗਾ ਤੇ ਅਖ਼ੀਰ ਸੰਨ 1853 ਈਸਵੀ ਵਿਚ ਸ਼ਹਿਜ਼ਾਦਾ ਦਲੀਪ ਸਿੰਘ ਨੂੰ ਇਸਾਈ ਬਣਾ ਦਿੱਤਾ ਗਿਆ ਤੇ ਨਾਲ ਹੀ ਉਸ ਨੂੰ ਵਲੈਤ ਭੇਜ ਦਿੱਤਾ ।"

ਰਾਣੀ ਜਿੰਦਾਂ ਉੱਚੀ-ਉੱਚੀ ਰੋਣ ਲੱਗ ਪਈ । "ਮੇਰਾ ਪੁੱਤ ਇਸਾਈ ਬਣ ਗਿਆ । ਜ਼ਾਲਮਾਂ ਨੇ ਉਹਨੂੰ ਹਿੰਦੁਸਤਾਨੋਂ ਵੀ ਕੱਢ ਦਿੱਤਾਂ", ਤੇ ਰਾਣੀ ਰੋ-ਰੋ ਕੇ ਬਿਹਬਲ ਹੋ ਗਈ ਤੇ ਪਲੰਘ ਉਤੇ ਲੇਟ ਗਈ । ਗੋਮਾ ਤੇ ਸ਼ਾਮੋਂ ਦੋਵੇਂ ਉਹਨੂੰ ਘੁੱਟਣ ਲੱਗ ਪਈਆਂ । ਹੁਣ ਸ਼ਾਮੋਂ ਤੇ ਸੱਜਨ ਸਿੰਘ ਵੀ ਮਹਾਰਾਣੀ ਦੇ ਮਹਿਲ ਵਿਚ ਹੀ ਰਹਿੰਦੇ ਸਨ । ਇਹ ਸਾਰੇ ਮਹਾਰਾਜਾ ਦਲੀਪ ਸਿੰਘ ਦੀ ਖ਼ਬਰ ਬਾਰੇ ਪੁੱਛ-ਗਿੱਛ ਕਰਦੇ ਰਹਿੰਦੇ ਸਨ ।

ਇਕ ਦਿਨ ਉਦਾਸੀ ਦੀ ਮਾਰੀ ਰਾਣੀ ਜਿੰਦਾਂ ਵਿਸ਼ਨੂੰਮਤੀ ਦਰਿਆ ਦੇ ਵਹਿਣ ਨੂੰ ਨਿਹਾਰ ਰਹੀ ਸੀ ਕਿ ਸੱਜਨ ਸਿੰਘ ਨੇ ਇਕ ਮੈਲਾ ਜਿਹਾ ਕਾਗਜ਼ ਲਿਆ ਕੇ ਰਾਣੀ ਦੇ ਹੱਥ ਵਿਚ ਫੜਾਇਆ ਤੇ ਕਿਹਾ "ਸ਼ਹਿਜ਼ਾਦੇ ਨੇ ਤੁਹਾਨੂੰ ਚਿੱਠੀ ਭੇਜੀ ਏ" ਚਿੱਠੀ ਲੈ ਕੇ ਖੋਲ੍ਹਦੀ ਹੋਈ ਰਾਣੀ ਬੋਲੀ, "ਮੈਨੂੰ...? ਮੇਰੇ ਪੁੱਤ ਨੇ ਚਿੱਠੀ ਭੇਜੀ ਏ ।" ਏਨੇ ਵਿਚ ਚਿੱਠੀ ਖੁੱਲ੍ਹ ਗਈ ਤੇ ਉਹ ਪੜ੍ਹਨ ਲੱਗੀ, "ਲਿਖਤੁਮ ਦਲੀਪ ਸਿੰਘ ਅੱਗੇ ਪਿਆਰੀ ਮਾਤਾ ਜੀ । ਮੈਂ ਰਾਜ਼ੀ ਖੁਸ਼ੀ ਹਾਂ । ਮੈਨੂੰ ਤੁਸੀਂ ਬਹੁਤ ਯਾਦ ਆਉਂਦੇ ਹੋ । ਮੈਂ ਜਲਦੀ ਹੀ ਇੰਡੀਆ ਆਵਾਂਗਾ ਤੇ ਤੁਹਾਡੇ ਦਰਸ਼ਨ ਕਰਾਂਗਾ । ਹੱਛਾ ਮਾਤਾ ਜੀ ਚਰਨਾਂ ਉਤੇ ਮੱਥਾ ਟੇਕਣਾ ਪ੍ਰਵਾਨ ਕਰਨਾ ।" ਰਾਣੀ ਜਿੰਦਾਂ ਨੂੰ ਅੱਜ ਆਪਣੇ ਪੁੱਤ ਦੀ ਪਹਿਲੀ ਚਿੱਠੀ ਮਿਲੀ ਸੀ । ਉਹ ਚਿੱਠੀ ਨੂੰ ਕਦੀ ਮੱਥੇ ਨਾਲ ਲਾਉਂਦੀ ਤੇ ਕਦੇ ਛਾਤੀ ਨਾਲ । ਕਦੀ ਚਿੱਠੀ ਨੂੰ ਚੁੰਮੇ । ਕੋਲ ਖਲੋਤਾ ਸੱਜਨ ਸਿੰਘ ਮਾਂ ਦੀ ਬਿਹਬਲਤਾ ਨੂੰ ਵੇਖਦਾ ਰਿਹਾ । ਉਹਦੀਆਂ ਅੱਖਾਂ ਵਿਚ ਵੀ ਹੰਝੂ ਆ ਗਏ । "ਸ਼ਾਮੋਂ ! ਨੀ ਗੋਮਾਂ ! ਮੇਰੇ ਪੁੱਤ ਦੀ ਚਿੱਠੀ ਆਈ ਏ । ਆਓ ਨੀ ਖੁਸ਼ੀ ਕਰੀਏ । ਨੀ ਕੁਝ ਵੰਡੋ । ਸਭ ਦੀਆਂ ਅਸੀਸਾਂ ਲਉ" ਰਾਣੀ ਆਪਮੁਹਾਰੇ ਬੋਲੀ ਜਾ ਰਹੀ ਸੀ । ਸੱਜਨ ਸਿੰਘ ਅਜੇ ਵੀ ਕੋਲ ਖਲੋਤਾ ਸੀ । ਮਹਾਰਾਣੀ ਨੇ ਉਹਨੂੰ ਥਾਪੜੀ ਦਿੱਤੀ । ਹੱਥੀਂ ਪਿਆ ਸੋਨੇ ਦਾ ਕੜਾ ਉਹਨੂੰ ਲਾਹ ਕੇ ਦਿੱਤਾ । "ਲੈ ਫੜ ਤੂੰ ਮੇਰੇ ਪੁੱਤ ਦੀ ਖ਼ਬਰ ਲਿਆਇਆ ਏਂ । ਅੱਛਾ ਇਹ ਦੱਸ, ਇਹ ਚਿੱਠੀ ਲਿਆਇਆ ਕੌਣ ਏ ?" ਮਹਾਰਾਣੀ ਨੇ ਸੱਜਨ ਸਿੰਘ ਨੂੰ ਪੁੱਛਿਆ । "ਰਘਬੀਰ ਸਿੰਘ ਸ਼ਾਹੂਕਾਰ—ਉਹ ਲੰਡਨ ਤੋਂ ਆਇਆ ਏ । ਮਹਾਰਾਜੇ ਨੇ ਉਹਦੇ ਹੱਥ ਚੋਰੀ ਭੇਜੀ ਏ । ਰਘਬੀਰ ਸਿੰਘ ਨੇ ਕਿਹਾ ਸੀ, ਮੇਰਾ ਨਾਮ ਬਾਹਰ ਨਾ ਆਏ ।" "ਅੱਛਾ ।" ਰਾਣੀ ਮਨ ਮਸੋਸ ਕੇ ਰਹਿ ਗਈ । ਉਹਦਾ ਦਿਲ ਕਰਦਾ ਸੀ, ਉਹ ਰਘਬੀਰ ਸਿੰਘ ਨੂੰ ਮਿਲੇ ਤੇ ਉਹਦੇ ਕੋਲੋਂ ਪੁੱਛੇ, 'ਮੇਰਾ ਪੁੱਤ ਕਿਹੋ ਜਿਹਾ ਲੱਗਦਾ ਏ, ਉਹਨੇ ਹੋਰ ਕੀ ਸੁਨੇਹਾ ਦਿੱਤਾ ਸੀ ? ਤੰਗ ਤੇ ਨਹੀਂ ਕਰਦੇ ਮੇਰੇ ਪੁੱਤ ਨੂੰ ?' ਪਰ ਲਾਚਾਰ ਜਿੰਦਾਂ ਉਸ ਸੁਲੱਖਣੀ ਘੜੀ ਨੂੰ ਉਡੀਕਣ ਲੱਗ ਪਈ, ਜਦੋਂ ਉਸ ਦਾ ਪੁੱਤਰ ਉਹਨੂੰ ਮਿਲੇਗਾ ।

10

ਜਨਵਰੀ ਸੰਨ 1861 ਈਸਵੀ ਵਿਚ ਦਲੀਪ ਸਿੰਘ ਭਾਰਤ ਆਇਆ । ਕਲਕੱਤੇ ਸਮਿਨਸਜ਼ ਹੋਟਲ ਵਿਚ ਦੋਵੇਂ ਜਲਾਵਤਨ ਚਿਰਾਂ ਦੇ ਵਿਛੜੇ ਮਿਲੇ । 'ਮਾਤਾ ਜੀ' ਦਲੀਪ ਦੋ ਹੀ ਸ਼ਬਦ ਬੋਲਿਆ । 'ਦਲੀਪ' ਮਾਂ ਝੱਲਿਆਂ ਵਾਂਗ ਪੁੱਤਰ ਨੂੰ ਲਿਪਟ ਗਈ । ਉਹਦਾ ਮੂੰਹ ਚੁੰਮਿਆ, ਉਹਦੇ ਹੱਥ ਚੁੰਮੇ, ਉਹਦੀਆਂ ਬਾਹਵਾਂ ਚੁੰਮੀਆਂ, ਉਹਦੀਆਂ ਅੱਖਾਂ ਚੁੰਮੀਆਂ, ਉਹਦੀ ਨੱਕ ਚੁੰਮੀ । ਉਹਨੂੰ ਘੜੀ-ਮੁੜੀ ਗਲ਼ ਨਾਲ ਘੁੱਟ ਲੈਂਦੀ 'ਮੇਰਾ ਪੁੱਤ ! ਮੈਂ ਵਾਰੀਂ' ਕਹਿ ਕੇ ਫਿਰ ਪੁੱਤ ਨਾਲ ਚੰਬੜ ਜਾਂਦੀ । ਦੋਹਾਂ ਮਾਂ-ਪੁੱਤ ਦੀਆਂ ਅੱਖਾਂ ਵਿਚੋਂ ਨਦੀਆਂ ਵਹਿ ਤੁਰੀਆਂ । ਇਕ ਦੂਜੇ ਦੇ ਕਲੇਜੇ ਨਾਲ ਲੱਗੇ ਬੜੀ ਦੇਰ ਤੀਕ ਰੋਂਦੇ ਰਹੇ । "ਪੁੱਤ ਤੂੰ ਹੁਣ ਕਿੱਥੇ ਰਹੇਂਗਾ ?" ਬਿਨਾਂ ਉੱਤਰ ਉਡੀਕੇ "ਜਿਥੇ ਤੂੰ ਜਾਏਂਗਾ ਮੈਂ ਵੀ ਉਥੇ ਹੀ ਰਹਾਂਗੀ । ਮੈਂ ਤੇਰੇ ਨਾਲ ਵਲੈਤ ਚੱਲਣ ਨੂੰ ਵੀ ਤਿਆਰ ਹਾਂ...ਮੇਰੇ ਕੋਲੋਂ ਤੇਰਾ ਵਿਛੋੜਾ ਹੁਣ ਸਹਿਆ ਨਹੀਂ ਜਾਂਦਾ ।" ਇਕੋ ਸਾਹੇ ਚਿਰਾਂ ਦੀ ਵਿਛੜੀ ਰਾਣੀ ਬੋਲ ਰਹੀ ਸੀ । "ਨਾਲੇ ਪੁੱਤ ਤੂੰ ਹੁਣ ਗੁਰੂ ਦਾ ਸਿੰਘ ਸਜ ਜਾਈਂ । ਕੇਸ ਰੱਖ ਲਵੀਂ । ਦਾਤੇ ਨੇ ਅੱਗੇ ਵੀ ਮੇਰੀ ਬੇਨਤੀ ਸੁਣੀ ਹੈ । ਮੈਂ ਆਪੇ ਤੇਰੀਆਂ ਭੁੱਲਾਂ ਬਖਸ਼ਵਾ ਲਵਾਂਗੀ ।" ਜਦੋਂ ਮਾਂ ਬੋਲ ਹਟੀ ਤਾਂ ਦਲੀਪ ਨੇ ਦੱਸਿਆ ਕਿ ਮੈਨੂੰ ਇੰਡੀਆ ਵਿਚ ਰਹਿਣ ਦੀ ਆਗਿਆ ਨਹੀਂ ਮਿਲੀ । ਸੋ ਵਲੈਤ ਹੀ ਜਾਣਾ ਪਵੇਗਾ ।

ਕਰਮਾਂ ਦੀ ਖੇਡ ! ਪੰਜਾਬ ਦੇ ਰਾਜੇ ਮਾਂ-ਪੁੱਤ ਦੋਵੇਂ ਆਪਣੇ ਸੇਵਕਾਂ ਸਮੇਤ ਇੰਗਲੈਂਡ ਪੁੱਜ ਗਏ । ਉਥੇ ਵੀ ਉਨ੍ਹਾਂ ਨੂੰ ਇਕੱਠੇ ਰਹਿਣ ਦੀ ਇਜਾਜ਼ਤ ਨਾ ਮਿਲੀ । ਰਾਣੀ ਲੰਡਨ ਵਿਚ ਸੀ ਤੇ ਮਹਾਰਾਜਾ ਦਲੀਪ ਸਿੰਘ ਲੰਡਨ ਤੋਂ ਦਸ ਮੀਲ ਦੂਰ ਕੈਨਸਿੰਗਟਨ ਵਿਚ । ਇਸ ਅੰਤਿਮ ਵਿਛੋੜੇ ਨੇ ਮਾਂ ਦੀ ਸਿਹਤ ਉੱਪਰ ਬਹੁਤ ਹੀ ਬੁਰਾ ਪ੍ਰਭਾਵ ਪਾਇਆ ਤੇ ਉਹ ਬਿਮਾਰ ਰਹਿਣ ਲੱਗ ਪਈ ।

ਅੰਤ 31 ਜੁਲਾਈ 1863 ਈਸਵੀ ਦੀ ਸ਼ਾਮ ਨੂੰ ਮਹਾਰਾਣੀ ਐਬਿੰਗਡਨ ਹਾਊਸ ਦੇ ਇਕ ਕਮਰੇ ਵਿਚ ਲੇਟੀ ਹੋਈ ਜੀਵਨ ਦੀਆਂ ਅੰਤਿਮ ਘੜੀਆਂ ਗਿਣ ਰਹੀ ਸੀ । ਗੋਲੀਆਂ ਤੇ ਸੇਵਕ ਸਭ ਕੋਲ ਸਨ ਪਰ ਪੁੱਤ ਜਿਹਦੀ ਖ਼ਾਤਰ ਉਹ ਪ੍ਰਦੇਸਣ ਹੋਈ ਸੀ, ਉਹਦੇ ਕੋਲ ਨਹੀਂ ਸੀ । ਰਾਣੀ ਨੇ ਧੀਮੀ ਆਵਾਜ਼ ਨਾਲ ਆਖਿਆ, "ਮੇਰੇ ਲਾਲ ਨੂੰ ਸੱਦੋ । ਮੈਂ ਜਾਂਦੀ ਵਾਰੀ ਪੁੱਤ ਦਾ ਮੂੰਹ ਵੇਖ ਜਾਵਾਂ ।" ਸ਼ਾਮੋਂ ਆਖਦੀ ਹੌਸਲਾ ਕਰੋ । ਹੁਣੇ ਆ ਜਾਂਦੇ ਨੇ । ਰਾਤ ਬੀਤਦੀ ਗਈ, ਰਾਣੀ ਦੀ ਹਾਲਤ ਹੋਰ ਖ਼ਰਾਬ ਹੁੰਦੀ ਗਈ । ਅਖ਼ੀਰ ਉਹਨੇ ਔਖ ਨਾਲ ਕਿਹਾ, "ਆਖ ਦਿਓ... ਮਾਂ ਉਡੀਕਦੀ ਮਰ ਗਈ । ਮੇਰੀਆਂ ਹੱਡੀਆਂ ਮੇਰੇ ਦੇਸ਼ ਨੂੰ ਘੱਲੇ, ਇਹੀ ਮੇਰੀ ਆਖ਼ਰੀ ਖਾਹਿਸ਼ ਹੈ । ਮੇਰਾ ਦਲੀਪ" ਆਖਦਿਆਂ ਪੰਜਾਬ ਦੀ ਮਹਾਰਾਣੀ ਸਦਾ ਲਈ ਦੁਨੀਆ ਤੋਂ ਕੂਚ ਕਰ ਗਈ ।

ਸ਼ਹਿਜ਼ਾਦੀ ਬੰਬਾ ਜਿੰਦਾਂ

ਤੁਸੀਂ ਸੁਣਿਆ ਹੋਵੇਗਾ ਕਿ ਜਿਹਨੇ ਲਾਹੌਰ ਨਹੀਂ ਵੇਖਿਆ, ਉਹ ਜੰਮਿਆ ਹੀ ਨਹੀਂ । ਇਸ ਵਾਸਤੇ ਲਾਹੌਰ ਨੂੰ ਵੇਖਣ ਲੋਕੀਂ ਦੂਰੋਂ-ਦੂਰੋਂ ਇਥੇ ਆਉਂਦੇ ਹਨ । ਬਹੁਤੀ ਵੇਰ ਇੰਜ ਵੀ ਹੁੰਦਾ ਹੈ ਕਿ ਲਾਹੌਰ ਨੂੰ ਵੇਖਣ ਤੋਂ ਮਗਰੋਂ ਵੀ ਲੋਕ ਲਾਹੌਰ ਨੂੰ ਅਣਵੇਖਿਆਂ ਹੀ

ਪਿਛਾਂਹ ਪਰਤ ਜਾਂਦੇ ਹਨ। ਇਸ ਦੇ ਬਹੁਤ ਸਾਰੇ ਕਾਰਨ ਹਨ। ਆਮ ਕਰ ਕੇ ਲੋਕਾਂ ਨੂੰ ਪਤਾ ਹੀ ਨਹੀਂ ਹੁੰਦਾ ਹੈ ਕਿ ਲਾਹੌਰ ਵਿਚ ਅਸਾਂ ਵੇਖਣਾ ਕੀ ਹੈ ? ਲਾਹੌਰ ਨੂੰ ਵੇਖਣ ਵਾਸਤੇ ਬਹੁਤ ਸਾਰੀਆਂ ਖੁੱਲ੍ਹੀਆਂ ਅੱਖਾਂ ਦੀ ਲੋੜ ਹੈ।

ਲਾਹੌਰ ਪੀਰਾਂ, ਫਕੀਰਾਂ, ਗੁਰੂਆਂ, ਰਾਜਿਆਂ, ਮਹਾਰਾਜਿਆਂ, ਬਾਦਸ਼ਾਹ ਤੇ ਬਾਦਸ਼ਾਹ ਗਰਾਂ ਦਾ ਸ਼ਹਿਰ ਹੈ। ਇਸ ਸ਼ਹਿਰ ਦੇ ਚੱਪੇ-ਚੱਪੇ ਉਤੇ ਇਤਿਹਾਸ ਦੀ ਸਿਰਜਣਾ ਹੋਈ ਹੈ। ਇਸ ਸ਼ਹਿਰ ਅੰਦਰ ਸਦੀਆਂ ਪੁਰਾਣੇ ਮੰਦਰ, ਗੁਰਦੁਆਰੇ, ਗਿਰਜੇ, ਮਸੀਤਾਂ, ਵਲੀਆਂ ਦੇ ਮਜ਼ਾਰ ਅਤੇ ਬਾਦਸ਼ਾਹਵਾਂ, ਉਨ੍ਹਾਂ ਦੀਆਂ ਰਾਣੀਆਂ ਤੇ ਸਾਹਿਬਜ਼ਾਦੇ-ਸਾਹਿਬਜ਼ਾਦੀਆਂ ਦੇ ਮਕਬਰੇ ਹਨ। ਅੱਜ ਅਸੀਂ ਤੁਹਾਨੂੰ ਜਿਸ ਸ਼ਹਿਜ਼ਾਦੀ ਦੀ ਕਹਾਣੀ ਸੁਣਾ ਰਹੇ ਹਾਂ, ਉਹ ਹੈ ਸ਼ਹਿਜ਼ਾਦੀ ਬੰਬਾ ਕੌਰ, ਉਹ ਸ਼ਹਿਜ਼ਾਦੀ ਜੋ ਆਪਣੇ ਹੀ ਰਾਜ ਦੀ ਰਾਜਧਾਨੀ ਅੰਦਰ ਚੋਰਾਂ ਵਾਂਗੂੰ ਰਹੀ ਤੇ ਚੁੱਪਚਾਪ ਇਹਦੀ ਮਿੱਟੀ ਵਿਚ ਸਮਾ ਗਈ।

ਇਕ ਦਿਨ ਅਖ਼ਬਾਰ ਪੜ੍ਹਦਿਆਂ ਪਤਾ ਲੱਗਾ ਕਿ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿਘ ਦੇ ਟੱਬਰ ਦੀ ਆਖ਼ਰੀ ਨਿਸ਼ਾਨੀ ਸ਼ਹਿਜ਼ਾਦੀ ਬੰਬਾ ਕੌਰ ਨੇ ਆਪਣੀ ਜ਼ਿੰਦਗੀ ਦੇ ਅਖ਼ੀਰੀ ਦਿਨ ਇਸੇ ਇਤਿਹਾਸਕ ਸ਼ਹਿਰ ਲਾਹੌਰ ਅੰਦਰ ਹੀ ਬਤੀਤ ਕੀਤੇ ਸਨ ਅਤੇ ਇਸੇ ਸ਼ਹਿਰ ਦੀ ਮਿੱਟੀ ਨਾਲ ਮਿੱਟੀ ਹੋਈ। ਕਿਤਾਬ ਦੇ ਪੰਨਿਆਂ ਦੇ ਇਹ ਅੱਖਰ ਮੇਰੇ ਲਈ ਸਵਾਲ ਬਣ ਗਏ। ਬੰਬਾ ਲਾਹੌਰ ਵਿਚ ਕਿਥੇ ਰਹਿੰਦੀ ਸੀ, ਉਹਨੇ ਕਿੰਨਾ ਚਿਰ ਇਸ ਸ਼ਹਿਰ ਵਿਚ ਗੁਜ਼ਾਰਿਆ, ਕਿੱਥੇ ਪ੍ਰਾਣ ਤਿਆਗੇ, ਤੇ ਕਿੱਥੇ ਉਹਦਾ ਅਖ਼ੀਰੀ ਨਿਸ਼ਾਨ ਬਣਾਇਆ ਗਿਆ। ਇਹ ਉਹ ਸਵਾਲ ਹਨ ਜਿਨ੍ਹਾਂ ਦਾ ਜਵਾਬ ਕਿਸੇ ਕੋਲ ਨਹੀਂ ਸੀ। ਇਕ ਦਿਨ ਰੇਡੀਓ ਸਟੇਸ਼ਨ ਲਾਹੌਰ ਅੰਦਰ ਬੈਠਿਆਂ ਐਵੇਂ ਗੱਲਾਂ ਹੋਣ ਲੱਗ ਪਈਆਂ। ਬੀਤੇ ਵੇਲਿਆਂ ਦੀਆਂ ਗੱਲਾਂ, ਲਾਹੌਰ ਦੀ ਖ਼ੂਬਸੂਰਤੀ ਤੇ ਉਹਦੀਆਂ ਹਰਮਨ-ਪਿਆਰੀਆਂ ਇਮਾਰਤਾਂ ਦੇ ਇਤਿਹਾਸ ਦੀਆਂ ਗੱਲਾਂ। ਹੌਲੀ-ਹੌਲੀ ਗੱਲ ਮਹਾਰਾਜਾ ਰਣਜੀਤ ਸਿੰਘ ਤੋਂ ਹੁੰਦੀ ਹੋਈ ਮਹਾਰਾਜਾ ਦਲੀਪ ਸਿੰਘ ਤੇ ਮਹਾਰਾਣੀ ਜਿੰਦ ਕੌਰ 'ਤੇ ਆ ਕੇ ਰੁਕ ਗਈ। ਸਾਡੇ ਵਿਚੋਂ ਹੀ ਕਿਸੇ ਨੇ ਸ਼ਹਿਜ਼ਾਦੀ ਬੰਬਾ ਦਾ ਜ਼ਿਕਰ ਕੀਤਾ ਤਾਂ 'ਪੰਜਾਬੀ ਦਰਬਾਰ' ਪ੍ਰੋਗਰਾਮ ਦੀ ਮੇਜ਼ਬਾਨ ਖਾਲਿਦਾ ਅਰਜ਼ਮੰਦ ਹੋਰਾਂ ਬੜੇ ਮਾਣ ਨਾਲ ਦੱਸਿਆ ਕਿ ਸ਼ਹਿਜ਼ਾਦੀ ਬੰਬਾ ਦਾ ਸਾਡੇ ਪਰਿਵਾਰ ਨਾਲ ਬੜਾ ਗੂੜ੍ਹਾ ਸੰਬੰਧ ਰਿਹਾ ਹੈ। ਮੈਂ ਇਕੋ ਵਾਰ ਤ੍ਰਭਕਿਆ, 'ਸ਼ਹਿਜ਼ਾਦੀ ਬੰਬਾ ਦਾ ਤੁਹਾਡੇ ਪਰਿਵਾਰ ਨਾਲ ਸੰਬੰਧ ਕਿਵੇਂ ?' ਮੈਨੂੰ ਇੰਜ ਲੱਗਾ ਜਿਵੇਂ ਮੇਰੇ ਸਾਰੇ ਸਵਾਲਾਂ ਦੇ ਜਵਾਬ ਮਿਲ ਗਏ ਹੋਣ। ਉਹ ਹੱਸ ਕੇ ਬੋਲੀ, "ਪੀਰ ਕਰੀਮ ਬਖ਼ਸ਼ ਸਿਧਰਾ ਜਿਨ੍ਹਾਂ ਦਾ ਇਤਿਹਾਸ ਵਿਚ ਬਹੁਤ ਵੱਡਾ ਨਾਂ ਹੈ, ਉਹ ਮੇਰੇ ਦਾਦਾ ਜੀ ਦੇ ਸਕੇ ਭਾਈ ਸਨ।" ਹੁਣ ਮੇਰੀਆਂ ਆਸਾਂ ਦੇ ਕੇਂਦਰ ਖਾਲਿਦਾ ਅਰਜ਼ਮੰਦ ਹੀ ਸਨ। ਮੈਨੂੰ ਇੰਜ ਜਾਪ ਰਿਹਾ ਸੀ ਜਿਵੇਂ ਮੈਂ ਖਾਲਿਦਾ ਜੀ ਦੇ ਰੂਪ ਵਿਚ ਸ਼ਹਿਜ਼ਾਦੀ ਬੰਬਾ ਨਾਲ ਸਿੱਧੀ ਗੱਲ ਕਰ ਰਿਹਾ ਹੋਵਾਂ।

ਪੀਰ ਕਰੀਮ ਬਖਸ਼ ਹੀ ਉਹ ਬੰਦਾ ਸੀ, ਜੋ ਸ਼ਹਿਜ਼ਾਦੀ ਦੀ ਲਾਹੌਰ ਵਾਲੀ ਜ਼ਿੰਦਗੀ ਸਮੇਂ ਉਹਦੇ ਨਾਲ ਰਿਹਾ ਤੇ ਹੁਣ ਇਸੇ ਕਰੀਮ ਬਖ਼ਸ਼ ਦੀ ਔਲਾਦ ਹੀ ਬੰਬਾ ਪੈਲਿਸ ਵਿਚ ਆਬਾਦ ਹੈ। ਪੀਰ ਹੋਰਾਂ ਦੀ ਜ਼ਿੰਦਗੀ ਜਾਂ ਉਨ੍ਹਾਂ ਦੇ ਪਰਿਵਾਰ ਬਾਰੇ ਗੱਲ ਕਰਨ ਤੋਂ ਪਹਿਲਾਂ ਇਸ ਲੇਖ ਦੇ ਕੇਂਦਰੀ ਪਾਤਰ ਬੰਬਾ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਲੋੜੀਂਦੀ ਹੈ।

ਇਤਿਹਾਸ ਦੱਸਦਾ ਹੈ ਕਿ ਜਦ ਡੋਗਰਿਆਂ ਦੀ ਗ਼ੱਦਾਰੀ ਅਤੇ ਖਾਰ ਨਾਲ ਪੰਜਾਬੀ ਰਾਜ ਦੀਆਂ ਨੀਂਹਾਂ ਖੁਰੀਆਂ ਤਾਂ ਇਸ ਮਹਿਲ ਦੀ ਆਖ਼ਰੀ ਇੱਟ ਮਹਾਰਾਜਾ ਦਲੀਪ ਸਿੰਘ ਸੀ। ਮਹਾਰਾਜਾ ਦਲੀਪ ਸਿੰਘ ਡੋਗਰਿਆਂ ਦੀਆਂ ਸਾਜ਼ਸ਼ਾਂ ਕਾਰਨ ਨਿੱਕੀ ਉਮਰੇ ਹੀ ਅੰਗਰੇਜ਼ਾਂ ਦਾ ਗ਼ੁਲਾਮ ਬਣਾ ਲਿਆ ਗਿਆ ਸੀ। ਇਸ ਗ਼ੁਲਾਮੀ ਵਿਚ ਉਹਨੂੰ ਆਪਣਾ ਰਾਜ ਸਿੰਘਾਸਣ ਤਾਂ ਕੀ ਆਪਣਾ ਦੇਸ਼ ਤਕ ਤਿਆਗਣਾ ਪਿਆ। ਆਪਣੀ ਮਿੱਟੀ ਤੋਂ ਵਿਛੜ ਕੇ ਮਹਾਰਾਜਾ 18 ਅਪ੍ਰੈਲ 1854 ਨੂੰ ਇੰਗਲੈਂਡ ਪਹੁੰਚਾ ਦਿੱਤਾ ਗਿਆ। ਇਥੇ ਹੀ ਮਹਾਰਾਜੇ ਨੇ ਜਵਾਨੀ ਦੀ ਦਹਿਲੀਜ਼ ਉਤੇ ਕਦਮ ਰੱਖਿਆ ਤੇ ਇਥੇ ਹੀ ਪਹਿਲੀ ਸ਼ਾਦੀ ਰਚਾਈ। ਇਹ ਸ਼ਾਦੀ ਜੂਨ 1864 ਨੂੰ ਇਕ ਜਰਮਨ ਔਰਤ ਬੰਬਾ ਮੁਲਰ ਨਾਲ ਕੀਤੀ, ਜਿਸ ਦੇ ਉਦਰ ਤੋਂ ਤਿੰਨ ਪੁੱਤਰ ਤੇ ਤਿੰਨ ਹੀ ਧੀਆਂ ਨੇ ਜਨਮ ਲਿਆ। ਵੱਡੇ ਪੁੱਤਰ ਦਾ ਨਾਂ ਸ਼ਹਿਜ਼ਾਦਾ ਵਿਕਟਰ ਦਲੀਪ ਸਿੰਘ ਰੱਖਿਆ ਗਿਆ ਜਿਸ ਨੇ ਵੱਡੇ ਹੋ ਕੇ ਇਕ ਜਰਮਨ ਲੜਕੀ ਨਾਲ ਵਿਆਹ ਕੀਤਾ ਪਰ ਇਹਦੇ ਵਿਚੋਂ ਔਲਾਦ ਨਾ ਹੋਈ। ਉਹ 52 ਵਰ੍ਹਿਆਂ ਦੀ ਉਮਰ ਭੋਗ ਕੇ ਸੰਨ 1918 ਨੂੰ ਚਲਾਣਾ ਕਰ ਗਿਆ। ਇਹਦੇ ਤੋਂ ਨਿੱਕੀ ਸ਼ਹਿਜ਼ਾਦੀ ਬੰਬਾ ਜ਼ਿੰਦਾਂ ਸੀ, ਜਿਹਦੀ ਇਹ ਸਾਰੀ ਕਥਾ ਹੈ। ਇਸ ਬੇਵਤਨ ਸ਼ਹਿਜ਼ਾਦੀ ਨੇ 29 ਸਤੰਬਰ 1869 ਨੂੰ ਲੰਡਨ ਵਿਖੇ ਜਨਮ ਲਿਆ। ਇਸ ਤੋਂ ਨਿੱਕੀ ਸ਼ਹਿਜ਼ਾਦੀ ਦਾ ਨਾਂ ਕੈਥਰਿਨ ਸੀ। ਇਹ ਬਾਲ-ਅਵਸਥਾ ਵਿਚ ਹੀ ਚੜ੍ਹਾਈ ਕਰ ਗਈ। 1879 ਵਿਚ ਸ਼ਹਿਜ਼ਾਦਾ ਐਲਬਰਟ ਐਡਵਰਡ ਦਲੀਪ ਸਿੰਘ ਜੰਮਿਆ। ਇਹ ਕੇਵਲ 13 ਵਰ੍ਹਿਆਂ ਦੀ ਉਮਰ ਵਿਚ ਹੀ 1893 ਵਿਚ ਪੂਰਾ ਹੋ ਗਿਆ। ਇਹਦੀ ਮੌਤ ਨੇ ਮਹਾਰਾਜੇ ਦੇ ਹਿਰਦੇ ਅੰਦਰ ਇਕ ਡੂੰਘਾ ਫੱਟ ਲਾਇਆ, ਜਿਹਦੀ ਟੀਸ ਨਾ ਸਹਾਰਦਿਆਂ ਹੋਇਆਂ ਪਰਵਾਸੀ ਮਹਾਰਾਜਾ ਆਪਣੇ ਰਾਜ ਸਿੰਘਾਸਣ ਅਤੇ ਆਪਣੀ ਰਾਜਧਾਨੀ ਤੋਂ ਹਜ਼ਾਰਾਂ ਕੋਹਾਂ ਦੀ ਦੂਰੀ ਉਤੇ ਆਪਣੇ ਲੋਕਾਂ ਦੀ ਸਿੱਕ ਨੂੰ ਸਹਿਕਦਾ ਹੋਇਆ ਪ੍ਰਾਣ ਤਿਆਗ ਗਿਆ।

1874 ਨੂੰ ਸ਼ਹਿਜ਼ਾਦੇ ਦੇ ਘਰ ਇਕ ਹੋਰ ਬੱਚੀ ਨੇ ਜਨਮ ਲਿਆ ਜਿਹਦਾ ਨਾਂ ਸ਼ਹਿਜ਼ਾਦੀ ਸੂਫੀਆ ਅਲੈਗਜ਼ੈਂਡਰ ਰੱਖਿਆ ਗਿਆ। ਇਸ ਸ਼ਹਿਜ਼ਾਦੀ ਨੇ ਲੰਮੀ ਉਮਰ ਪਾਈ। ਲੱਗਭਗ 74 ਕੁ ਵਰ੍ਹਿਆਂ ਦੀ ਉਮਰ ਵਿਚ ਉਹਨੇ 1948 ਵਿਚ ਦੁਨੀਆ ਨੂੰ ਛੱਡਿਆ। ਇਉਂ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਵੰਸ਼ ਵਿਚੋਂ ਕੇਵਲ ਇਕ ਜੀਅ ਹੀ ਜੀਊਂਦਾ ਬਚਿਆ ਜਿਹਦਾ ਨਾਂ ਸੀ ਬੰਬਾ ਜ਼ਿੰਦਾਂ।

ਬੰਬਾ ਦੇ ਕੋਲ ਹੁਣ ਜ਼ਿੰਦਗੀ ਦਾ ਕੇਵਲ ਇਕੋ ਹੀ ਮਕਸਦ ਸੀ ਕਿ ਉਹ ਕਿਸੇ ਵੀ ਢੰਗ ਨਾਲ ਪੰਜਾਬ ਅੱਪੜੇ। ਇਕ ਬੰਨੇ ਤਾਂ ਉਹਦੇ ਮਨ ਅੰਦਰ ਆਪਣੇ ਪਿਉ-ਦਾਦੇ ਦੀ ਰਾਜਧਾਨੀ ਵੇਖਣ ਦਾ ਚਾਅ ਠਾਠਾਂ ਮਾਰ ਰਿਹਾ ਸੀ ਤੇ ਦੂਜੇ ਬੰਨੇ ਉਹ ਆਪਣੇ ਪਿਤਾ ਦਾ ਅਧੂਰਾ ਛੱਡਿਆ ਕੰਮ ਸੰਪੂਰਨ ਕਰਨਾ ਚਾਹੁੰਦੀ ਸੀ। ਇਹ ਕੰਮ ਵੇਖਣ ਨੂੰ ਤਾਂ ਕੋਈ ਵੱਡਾ ਨਹੀਂ ਸੀ ਪਰ ਪੰਜਾਬ ਦੇ ਇਸ ਮਹਾਰਾਜੇ ਵਾਸਤੇ ਇਹ ਕੰਮ ਜ਼ਿੰਦਗੀ ਦੀ ਅਖ਼ੀਰੀ ਸੱਧਰ ਸੀ ਜੋ ਜਿਊਂਦਿਆਂ-ਜੀਅ ਪੂਰੀ ਨਾ ਹੋ ਸਕੀ। ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਇਸ ਖ਼ਾਨਦਾਨ ਦੀ ਅਖ਼ੀਰੀ ਜੋਤ ਨੇ ਵਤਨ ਨੂੰ ਮੁਹਾਰਾਂ ਮੋੜੀਆਂ। ਇਹ ਕੰਮ ਕੇਵਲ ਏਨਾ ਹੀ ਸੀ ਕਿ ਉਹ ਆਪਣੀ ਦਾਦੀ ਮਹਾਰਾਣੀ ਜਿੰਦਾਂ ਦੀ ਭਸਮ (ਅਸਥੀਆਂ ਦੀ ਰਾਖ) ਨੂੰ ਉਹਦੀ ਅਖ਼ੀਰੀ ਸੱਧਰ ਤੇ ਵਸੀਅਤ ਅਨੁਸਾਰ ਲਾਹੌਰ ਅਪੜਾਉਣਾ ਚਾਹੁੰਦਾ ਸੀ, ਜਿਸ ਦੇ

ਵਾਸਤੇ ਉਹਦੇ ਪਿਤਾ ਨੂੰ ਤੇ ਉਹਨੂੰ ਖ਼ੇ ਕੀ-ਕੀ ਪਾਪੜ ਵੇਲਣੇ ਪਏ । ਸਿਆਣੇ ਸੱਚ ਕਹਿੰਦੇ ਹਨ ਗ਼ੁਲਾਮੀ ਭਾਵੇਂ ਸੋਨੇ ਦੇ ਪਿੰਜਰੇ ਦੀ ਹੀ ਕਿਉਂ ਨਾ ਹੋਵੇ, ਗ਼ੁਲਾਮੀ ਅਖ਼ੀਰ ਗ਼ੁਲਾਮੀ ਹੀ ਹੈ ।

ਸ਼ਹਿਜ਼ਾਦੀ ਬੰਬਾ ਨੇ ਲਾਹੌਰ ਅੱਡ ਕੇ ਆਪਣਾ ਪਹਿਲਾ ਪੜਾਅ ਲਾਹੌਰ ਦੇ ਸਭ ਤੋਂ ਵੱਡੇ ਹੋਟਲ ਫਲੈਟੀਜ਼ ਵਿਚ ਕੀਤਾ ਉਸ ਵੇਲੇ ਹੋਟਲ ਅੰਦਰ ਐਵੇਂ ਕੁਝ ਦਿਨ ਗੁਜ਼ਾਰੇ ਤੇ ਫਿਰ ਇਕ ਕੋਠੀ ਕਿਰਾਏ 'ਤੇ ਲੈ ਲਈ । ਇਹ ਕੋਠੀ ਮਜ਼ੰਗ ਚੁੰਗੀ ਚੌਕ ਤੋਂ ਨੇੜੇ ਜੇਲ੍ਹ ਰੋਡ ਉੱਪਰ ਸੀ । ਇਸੇ ਹੀ ਕੋਠੀ ਨੂੰ ਢਾਹ ਕੇ ਮਗਰੋਂ ਅੰਗੋਲਾ ਸਿਨੇਮਾ ਬਣਾ ਲਿਆ ਗਿਆ । ਇਸ ਵੇਲੇ ਹੁਣ ਇਥੇ ਕਾਰ ਦੇ ਸ਼ੋਅ-ਰੂਮਜ਼ ਹਨ ਜਿਥੇ ਨਿੱਤ ਨਵੇਂ ਮਾਡਲ ਦੀਆਂ ਕਾਰਾਂ ਵਿਕਦੀਆਂ ਹਨ ।

ਇਸ ਘਰ ਵਿਚ ਬੰਬਾ ਕੌਰ ਨੇ ਦੋ ਕੁ ਸਾਲ ਗੁਜ਼ਾਰੇ । ਇਥੇ ਰਹਿੰਦਿਆਂ ਹੀ ਉਹਨੇ ਅਖ਼ਬਾਰ ਵਿਚ ਇਸ਼ਤਿਹਾਰ ਦਿੱਤਾ ਕਿ ਮੈਨੂੰ ਫ਼ਾਰਸੀ ਪੜ੍ਹਾਉਣ ਵਾਲੇ ਇਕ ਉਸਤਾਦ ਦੀ ਲੋੜ ਹੈ । ਇਸ ਇਸ਼ਤਿਹਾਰ ਨੂੰ ਪੜ੍ਹ ਕੇ ਹੋਰ ਲੋਕਾਂ ਵਾਂਗੂੰ ਪੀਰ ਕਰੀਮ ਬਖ਼ਸ਼ ਵੀ ਕਿਸਮਤ ਅਜ਼ਮਾਉਣ ਚਲਾ ਗਿਆ । ਸ਼ਹਿਜ਼ਾਦੀ ਨੇ ਉਹਦੀ ਕਾਬਲੀਅਤ ਨੂੰ ਵੇਖਦਿਆਂ ਉਹਨੂੰ ਆਪਣਾ ਉਸਤਾਦ ਮੰਨ ਲਿਆ । ਫ਼ਰਸੀ ਪੜ੍ਹਨ ਤੋਂ ਸ਼ਹਿਜ਼ਾਦੀ ਦਾ ਮਕਸਦ ਆਪਣੇ ਦਾਦੇ ਮਹਾਰਾਜਾ ਰਣਜੀਤ ਸਿੰਘ ਦੇ ਉਹ ਫ਼ੁਰਮਾਨ ਪੜ੍ਹਨਾ ਸੀ ਜੋ ਉਸ ਸਮੇਂ ਜਾਰੀ ਕੀਤੇ ਗਏ ਸਨ । ਸ਼ਹਿਜ਼ਾਦੀ ਇਨ੍ਹਾਂ ਇਤਿਹਾਸਕ ਦਸਤਾਵੇਜ਼ਾਂ ਨੂੰ ਹੋਰ ਕਿਸੇ ਨੂੰ ਨਹੀਂ ਸੀ ਵਿਖਾਉਣਾ ਚਾਹੁੰਦੀ । ਉਹਨੇ ਪੀਰ ਹੁਰਾਂ ਤੋਂ ਫ਼ਰਸੀ ਪੜ੍ਹਨੀ ਆਰੰਭ ਕਰ ਦਿੱਤੀ । ਹੌਲੀ-ਹੌਲੀ ਗੁਰੂ-ਚੇਲੇ ਵਾਲਾ ਇਹ ਸਾਕ ਇਕ ਪਿਉ-ਧੀ ਦੇ ਮੋਹ ਵਿਚ ਵਟੀਜ ਗਿਆ । ਪੀਰ ਕਰੀਮ ਬਖ਼ਸ਼ ਆਪਣੇ ਵੇਲੇ ਦਾ ਅਰਬੀ, ਫ਼ਾਰਸੀ ਤੇ ਅੰਗਰੇਜ਼ੀ ਦਾ ਜਾਣੂ ਸੀ । ਬੰਬਾ ਨੇ ਉਹਦੀ ਵਿਦਿਆ, ਸੂਝ ਤੇ ਬੁੱਧੀ ਤੋਂ ਪ੍ਰਭਾਵਿਤ ਹੋ ਕੇ ਜੀ ਉਹਨੂੰ ਆਪਣਾ ਉਸਤਾਦ ਮੰਨਿਆ ਸੀ ।

ਇਕ ਦਿਨ ਸ਼ਹਿਜ਼ਾਦੀ ਨੇ ਪੀਰ ਕਰੀਮ ਬਖ਼ਸ਼ ਸਾਹਵੇਂ ਵਿਚਾਰ ਪ੍ਰਗਟ ਕਰਦਿਆਂ ਦੱਸਿਆ ਕਿ ਮੈਂ ਆਪਣਾ ਇਕ ਘਰ ਖ਼ਰੀਦਣਾ ਚਾਹੁੰਦੀ ਹਾਂ । ਉਸ ਵੇਲੇ ਮਾਡਲ ਟਾਊਨ ਲਾਹੌਰ ਦੀ ਸਭ ਤੋਂ ਮਾਡਰਨ ਬਸਤੀ ਗਿਣੀ ਜਾਂਦੀ ਸੀ । ਇਸ ਬਸਤੀ ਅੰਦਰ ਵੱਡੇ-ਵੱਡੇ ਸਰਕਾਰੀ ਅਫ਼ਸਰ, ਰਿਆਸਤਾਂ ਦੇ ਰਾਜੇ, ਪਤਵੰਤੇ ਜਗੀਰਦਾਰ ਅਤੇ ਵੱਡੇ ਕਾਰਿੰਦੇ ਰਹਿੰਦੇ ਸਨ । ਕਰੀਮ ਬਖ਼ਸ਼ ਦੀਆਂ ਨਜ਼ਰਾਂ ਇਸੇ ਬਸਤੀ ਉਤੇ ਆ ਕੇ ਟਿਕ ਗਈਆਂ । ਸ਼ਹਿਜ਼ਾਦੀ ਨੂੰ ਵੀ ਬਸਤੀ ਬੜੀ ਪਸੰਦ ਆਈ । ਸ਼ਹਿਰ ਦੇ ਭੀੜ-ਭੜੱਕੇ ਤੋਂ ਦੂਰ, ਖੁੱਲ੍ਹੇ ਵਾਤਾਵਰਣ ਵਿਚ ਹਰੇ-ਭਰੇ ਰੁੱਖਾਂ ਉਤੇ ਖ਼ੂਬਸੂਰਤ ਫੁੱਲਾਂ ਨਾਲ ਭਰਪੂਰ ਇਸ ਬਸਤੀ ਵਿਚ ਇਕ ਬਹੁਤ ਹੀ ਸੁੰਦਰ ਮਹਿਲ ਤੈਆਰ ਕਿਆ ਗਿਆ । ਇਸ ਮਹਿਲ ਦੇ ਚਾਰ-ਚੁਫੇਰੇ ਫਲਦਾਰ ਤੇ ਫੁੱਲਦਾਰ ਦਰਖ਼ਤਾਂ ਦਾ ਇਕ ਬਾਗ਼ ਲਗਾਇਆ ਗਿਆ । ਸ਼ਹਿਜ਼ਾਦੀ ਬੰਬਾ ਨੂੰ ਗੁਲਾਬ ਦੇ ਫੁੱਲਾਂ ਨਾਲ ਇਸ਼ਕ ਦੀ ਹੱਦ ਤਕ ਮੋਹ ਸੀ । ਉਹਨੇ ਪੂਰੀ ਇਕ ਕਨਾਲ ਜ਼ਮੀਨ ਉਤੇ ਨਿਰੇ ਗੁਲਾਬ ਦੇ ਬੂਟੇ ਲੁਆਏ । ਮਹਿਲ ਦਾ ਕੇਂਦਰੀ ਬੂਹਾ ਲੰਘਦਿਆਂ ਹੀ ਫੁੱਲਾਂ ਦੇ ਬਾਦਸ਼ਾਹ ਗੁਲਾਬ ਦੇ ਹਜ਼ਾਰਾਂ ਬੂਟਿਆਂ ਉਤੇ ਝੂਲਦੇ ਲੱਖਾਂ ਫੁੱਲ ਸ਼ਹਿਜ਼ਾਦੀ ਦੇ ਪੈਰਾਂ ਵਿਚ ਵਿਛ ਜਾਂਦੇ । ਗੁਲਾਬ ਦੇ ਇਨ੍ਹਾਂ ਬੂਟਿਆਂ ਵਿਚੋਂ ਅੱਜ ਵੀ ਅਨੇਕਾਂ ਫੁੱਲ ਇਸ ਉਜੱੜੇ ਮਹਿਲ ਅੰਦਰ ਆਪਣੀ ਮਲਿਕਾ ਦਾ ਰਾਹ ਵੇਖ ਰਹੇ ਨੇ । ਇਨ੍ਹਾਂ ਫੁੱਲਾਂ

ਦੀ ਖ਼ੁਸ਼ਬੋਈ ਅੰਦਰ ਅੱਜ ਵੀ ਸ਼ਹਿਜ਼ਾਦੀ ਦੇ ਹੱਥਾਂ ਦੀ ਛੂਹ ਦੀ ਵਾਸ਼ਨਾ ਮੁਸਕਰਾ ਰਹੀ ਹੈ।

ਸ਼ਹਿਜ਼ਾਦੀ ਨੇ ਇਸ ਮਹਿਲ ਦੇ ਇਕ ਕਮਰੇ ਅੰਦਰ ਬਸੇਰਾ ਕੀਤਾ। ਇਸੇ ਹੀ ਕਮਰੇ ਅੰਦਰ ਉਹਦਾ ਸਾਮਾਨ ਸੀ। ਕਾਬਲ ਤੋਂ ਦਿੱਲੀ ਤੀਕ ਪੱਸਰੇ ਪੰਜਾਬੀ ਰਾਜ ਦਾ ਪੂਰੇ ਦਾ ਪੂਰਾ ਰਾਜ ਸਿੰਘਾਸਣ ਅਤੇ ਉਹਦਾ ਇਤਿਹਾਸ ਕੇਵਲ ਇਕ ਕਮਰੇ ਅੰਦਰ ਸੰਦੂਕਾਂ ਵਿਚ ਬੰਦ ਯਾਦਗਾਰ ਪਿਆ ਸੀ। ਇਸ ਸਾਮਾਨ ਵਿਚ ਸ਼ਾਹੀ ਦਰਬਾਰ ਦੀਆਂ ਸੁੰਦਰ ਪੇਂਟਿੰਗਜ਼, ਸੁਨਹਿਰੀ ਪਾਣੀ ਨਾਲ ਲਿਖੇ ਸ਼ਾਹੀ ਫ਼ੁਰਮਾਨ, ਹੀਰਿਆਂ ਨਾਲ ਜੜੀਆਂ ਪੁਸ਼ਾਕਾਂ, ਹੀਰਿਆਂ ਦੀਆਂ ਮਾਲਾਵਾਂ ਅਤੇ ਪਤਾ ਨਹੀਂ ਹੋਰ ਕੀ ਕੁਝ। ਕਹਿੰਦੇ ਹਨ, ਇਸ ਕਮਰੇ ਵਿਚ ਸਿਵਾਏ ਪੀਰ ਸਿਪਰਾ ਦੀ ਬੀਵੀ ਦੇ, ਕਿਸੇ ਹੋਰ ਨੂੰ ਅੰਦਰ ਜਾਣ ਦੀ ਇਜਾਜ਼ਤ ਨਹੀਂ ਸੀ। ਉਹ ਹੀ ਕਮਰੇ ਅਤੇ ਸ਼ਹਿਜ਼ਾਦੀ ਦੀ ਸੇਵਾ-ਸਾਂਭ ਕਰਦੀ। ਉਹ ਸ਼ਹਿਜ਼ਾਦੀ ਦੀ ਪਸੰਦ ਦਾ ਖਾਣਾ ਪਕਾਉਂਦੀ ਅਤੇ ਉਹੀ ਉਹਦੇ ਨਾਲ ਸੈਰ ਨੂੰ ਜਾਂਦੀ। ਬੀਬੀ ਦੇ ਆਖੇ ਮੁਜਬ ਉਹ ਜਦੋਂ ਵੀ ਕਮਰੇ ਅੰਦਰ ਦਾਖ਼ਲ ਹੁੰਦੀ ਤਾਂ ਫ਼ਰਸ਼ ਉਤੋਂ ਹਰ ਪਾਸੇ ਹੀਰੇ ਅਤੇ ਮੋਤੀ ਖਿੱਲਰੇ ਹੁੰਦੇ ਜਿਨ੍ਹਾਂ ਨੂੰ ਉਹ ਆਪਣੇ ਹੱਥੀਂ ਇਕੱਠੇ ਕਰ ਕੇ ਸੰਭਾਲਦੀ ਪਰ ਅਗਲੇ ਦਿਨ ਫ਼ਿਰ ਉਹ ਉਂਜ ਹੀ ਖਿੱਲਰੇ ਹੁੰਦੇ।

ਸ਼ਹਿਜ਼ਾਦੀ ਨੇ ਇਸੇ ਹੀ ਘਰ ਤੇ ਸ਼ਹਿਰ ਅੰਦਰ ਆਪਣੇ ਵਾਸਤੇ ਰਾਜਕੁਮਾਰ ਚੁਣਿਆ। ਇਹਦਾ ਨਾਮ ਕਰਨਲ ਸਦਰਲੈਂਡ ਸੀ। ਜੋ ਕਿੰਗ ਐਡਵਰਡ ਮੈਡੀਕਲ ਕਾਲਜ (ਹੁਣ ਮੈਡੀਕਲ ਯੂਨੀਵਰਸਿਟੀ) ਦੇ ਪ੍ਰਿੰਸੀਪਲ ਸਨ। ਉਹ ਇਕ ਵਕਤ ਬਹੁਤ ਹੀ ਮੰਨੇ-ਪ੍ਰਮੰਨੇ ਡਾਕਟਰ ਅਤੇ ਮਨੁੱਖਤਾ ਨੂੰ ਪਿਆਰ ਕਰਨ ਵਾਲੇ ਕੋਮਲ ਹਿਰਦੇ ਦੇ ਮਾਲਕ ਸਨ। ਉਹ ਆਪਣੀ ਰਾਣੀ ਤੋਂ ਪਹਿਲੋਂ ਹੀ ਚੜ੍ਹਾਈ ਕਰ ਗਏ। ਇਨ੍ਹਾਂ ਮਗਰੋਂ ਇਕ ਵਾਰ ਫ਼ਿਰ ਸ਼ਹਿਜ਼ਾਦੀ ਇਕੱਲੀ ਹੋ ਗਈ। ਇਕਲਾਪੇ ਦੇ ਇਨ੍ਹਾਂ ਪਲਾਂ ਅੰਦਰ ਬੀਬੀ ਅਤੇ ਕਰੀਮ ਬਖ਼ਸ਼ ਨੇ ਉਹਨੂੰ ਪੂਰਾ ਪ੍ਰੇਮ ਤੇ ਸਤਿਕਾਰ ਦਿੱਤਾ।

ਅਖ਼ੀਰ ਚੋਗ ਚੁਗੇਂਦੇ ਹੰਸ ਨੂੰ ਅਚਿੰਤੇ ਬਾਜ ਆਣ ਪਏ। ਸ਼ਹਿਜ਼ਾਦੀ 10 ਮਾਰਚ, 1957 ਨੂੰ ਉਸ ਦੇਸ਼ ਦੀ ਪਾਂਧੀ ਹੋ ਤੁਰੀ ਜਿਥੋਂ ਕੋਈ ਵੀ ਮੁੜ ਕੇ ਨਹੀਂ ਆਇਆ। ਇਉਂ ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰ ਦਾ ਅਖ਼ੀਰਲਾ ਦੀਵਾ ਵੀ ਬੁਝ ਗਿਆ।

ਬੰਬਾ ਜਿੰਦਾਂ ਨੂੰ ਉਹਦੀ ਦਾਦਕਾ ਰਾਜਧਾਨੀ ਲਾਹੌਰ ਵਿਖੇ ਸਭ ਤੋਂ ਸੁੰਦਰ ਇਲਾਕੇ ਦੇ ਖ਼ੂਬਸੂਰਤ ਕਬਰਿਸਤਾਨ ਵਿਚ ਦਫ਼ਨਾ ਦਿੱਤਾ ਗਿਆ। ਇਹ ਕਬਰਿਸਤਾਨ ਲਾਹੌਰ ਦੀ ਮਾਡਰਨ ਬਸਤੀ ਗੁਲਬਰਗ ਅਤੇ ਪੁਰਾਣੇ ਲਾਹੌਰ ਨੂੰ ਮਿਲਾਉਣ ਵਾਲੀ ਸੜਕ ਜੇਲ੍ਹ ਰੋਡ ਉੱਪਰ ਹੈ। ਇਸ ਕਬਰਿਸਤਾਨ ਦਾ ਨਾਂ ਕ੍ਰਿਸ਼ਚੀਅਨ ਕਬਰਿਸਤਾਨ ਹੈ। ਇਹਨੂੰ ਗੋਰਿਆਂ ਦਾ ਕਬਰਿਸਤਾਨ ਵੀ ਆਖਿਆ ਜਾਂਦਾ ਹੈ। ਇਸ ਕਬਰਿਸਤਾਨ ਦੇ ਅੰਦਰ ਵੜਦਿਆਂ ਹੀ ਦਫ਼ਤਰ ਅਤੇ ਸੇਵਾਦਾਰਾਂ ਦੇ ਕਮਰਿਆਂ ਵਿਚੋਂ ਦੀ ਲੰਘ ਕੇ ਇੱਟਾਂ ਦਾ ਇਕ ਸੋਲਿੰਗ ਹੈ। ਇਸ ਸੋਲਿੰਗ ਉਤੇ ਤੁਰਦਿਆਂ ਕੋਈ ਸੌ ਕੁ ਕਦਮਾਂ ਉਤੇ ਕਬਰਿਸਤਾਨ ਦਾ ਪਹਿਲਾ ਚੌਕ ਹੈ। ਇਸ ਚੌਕ ਤੋਂ ਕੁਝ ਪਹਿਲੋਂ ਤੁਹਾਡੇ ਖੱਬੇ ਹੱਥ ਹੀ ਉਤੇ ਫੁੱਲਾਂ ਦੇ ਝੁੰਡ ਵਿਚ ਚਿੱਟੇ ਸੰਗਰਮਰਮਰ ਦੀ ਇਕ ਕਬਰ ਹੈ, ਜਿਸ ਦੇ ਉਤੇ ਅੰਗਰੇਜ਼ੀ ਵਿਚ ਲਿਖਿਆ ਹੈ : The Princess Bamba Sutherland eldest daughter of Maharaja

Dalip Singh and Grand daughter of Maharaja Ranjit Singh of Lahore.

ਇਹ ਹੀ ਪੰਜਾਬ ਦੇ ਅਖ਼ੀਰੀ ਸ਼ਹਿਜ਼ਾਦੇ ਦੀ ਸਪੁੱਤਰੀ ਸ਼ਹਿਜ਼ਾਦੀ ਬੰਬਾ ਕੌਰ ਦੀ ਕਬਰ ਹੈ। ਇਸੇ ਕਬਰ ਅੰਦਰ ਹੀ ਉਹ ਲੰਮੀ ਤਾਣ ਕੇ ਗੂੜ੍ਹੀ ਨੀਂਦ ਸੁੱਤੀ ਪਈ ਹੈ।

ਕਬਰ ਦੇ ਉਤੇ ਬਹੁਤ ਵੱਡੇ ਚਿੱਟੇ ਸੰਗਮਰਮਰ ਉਤੇ ਲਿਖਿਆ ਹੈ : ਆਖ਼ਰੀ ਵਿਸ਼ਰਾਮਗਾਹ। ਇਸ ਤੋਂ ਥੱਲੇ ਫ਼ਾਰਸੀ ਵਿਚ ਹੀ 'ਸ਼ਹਿਜ਼ਾਦੀ ਬੰਬਾ ਪੁੱਤਰੀ ਮਹਾਰਾਜਾ ਦਲੀਪ ਸਿੰਘ ਤੇ ਪੋਤਰੀ ਮਹਾਰਾਜਾ ਰਣਜੀਤ ਸਿੰਘ'। ਇਸ ਤੋਂ ਥੱਲੇ ਜੰਮਣ-ਮਰਨ ਦੀਆਂ ਤਾਰੀਖ਼ਾਂ ਲਿਖੀਆਂ ਹੋਈਆਂ ਹਨ। ਉਸ ਤੋਂ ਥੱਲੇ ਛੇਆਂ ਸ਼ਿਅਰਾਂ ਦੀ ਫ਼ਾਰਸੀ ਦੀ ਇਕ ਕਵਿਤਾ ਹੈ ਜਿਸ ਅੰਦਰ ਸ਼ਹਿਜ਼ਾਦੀ ਵਾਸਤੇ ਅਰਦਾਸ ਕੀਤੀ ਗਈ ਹੈ। ਉਸ ਤੋਂ ਥੱਲੇ ਅੰਗਰੇਜ਼ੀ ਵਿਚ ਲਿਖਿਆ ਹੈ :

This monument is erected Secretary Peer Kreem Baksh.

ਇਸ ਕਬਰ ਉਤੇ ਤੁਸੀਂ ਜਦੋਂ ਵੀ ਜਾਉ, ਤੁਹਾਨੂੰ ਸੂਹੇ ਗੁਲਾਬ ਦੇ ਫੁੱਲ ਮਿਲਣਗੇ। ਇਹ ਫੁੱਲ ਬੰਬਾ ਪੈਲਿਸ 104 ਏ, ਮਾਡਲ ਟਾਊਨ, ਲਾਹੌਰ ਤੋਂ ਆਉਂਦੇ ਹਨ। ਅੱਜ ਵੀ ਪੀਰ ਕਰੀਮ ਬਖ਼ਸ਼ ਦੀ ਵੰਸ਼ ਇਸ ਕਬਰ ਉਤੇ ਹਰ ਸਾਲ ਸ਼ਹਿਜ਼ਾਦੀ ਦੇ ਆਪਣੇ ਹੱਥਾਂ ਦੇ ਲਾਏ ਫੁੱਲ ਚੜ੍ਹਾ ਕੇ ਜਾਂਦੇ ਹਨ। ਇਸ ਕਬਰ ਵਾਸਤੇ ਫੁੱਲ ਬਾਜ਼ਾਰੋਂ ਨਹੀਂ ਖ਼ਰੀਦੇ ਜਾਂਦੇ। ਪੈਲਿਸ ਉਜੱੜ ਚੁੱਕਿਆ ਹੈ, ਪੀਰ ਕਰੀਮ ਬਖ਼ਸ਼ ਦੇ ਪੁੱਤਰ, ਪੋਤਰਿਆਂ ਨੇ ਇਹਨੂੰ ਕਿੰਨੇ ਸਾਰੇ ਭਾਗਾਂ ਵਿਚ ਵੰਡ ਲਿਆ ਹੈ। ਸ਼ਹਿਜ਼ਾਦੀ ਦਾ ਯਾਦਗਾਰੀ ਸਾਮਾਨ ਲਾਹੌਰ ਮਿਊਜ਼ੀਅਮ ਅਤੇ ਸ਼ਾਹੀ ਕਿਲ੍ਹਾ ਲਾਹੌਰ ਦੇ ਮਿਊਜ਼ੀਅਮ ਨੂੰ ਦੇ ਦਿੱਤਾ ਗਿਆ ਹੈ। ਬਾਕੀ ਸਾਮਾਨ ਦੀਆਂ ਪੀਰ ਕਰੀਮ ਬਖ਼ਸ਼ ਦੀ ਵੰਸ਼ ਨੇ ਆਪੇ ਵੰਡੀਆਂ ਪਾ ਲਈਆਂ ਹਨ। ਪੈਲਿਸ ਦੇ ਇਕ ਭਾਗ ਵਿਚ ਇਕ ਮਿਊਜ਼ੀਅਮ ਬਣਿਆ ਹੋਇਆ ਹੈ, ਜਿਹਨੂੰ ਹਮੇਸ਼ਾ ਜਿੰਦਰਾ ਵੱਜਿਆ ਰਹਿੰਦਾ ਹੈ। ਪੈਲਿਸ ਦਾ ਇਕ ਭਾਗ ਉਜੱੜ ਚੁੱਕਿਆ ਹੈ। ਇਸ ਭਾਗ ਨੂੰ ਲੱਗਿਆ ਜਿੰਦਰਾ ਸਾਲ ਵਿਚ ਇਕ ਵਾਰ ਖੁੱਲ੍ਹਦਾ ਹੈ, ਕੇਵਲ 10 ਮਾਰਚ ਨੂੰ। ਇਸ ਦਿਨ ਇਕ ਬਾਗ਼ ਵਿਚੋਂ ਸ਼ਹਿਜ਼ਾਦੀ ਦੇ ਆਪਣੇ ਹੱਥਾਂ ਦੇ ਲੱਗੇ ਗੁਲਾਬ ਦੇ ਬੂਟਿਆਂ ਤੋਂ ਫੁੱਲ ਤੋੜ ਕੇ ਹੀ ਉਹਦੀ ਕਬਰ ਉਤੇ ਖਲਾਰਨ ਵਾਸਤੇ ਲੈ ਜਾਂਦੇ ਹਨ।

ਰਾਣੀ ਸਾਹਿਬ ਕੌਰ

ਪੰਜਾਬੀ ਸਾਹਿਤ ਵਿਚ ਵਾਰ-ਕਾਵਿ ਖ਼ਾਸੀ ਪ੍ਰਸਿੱਧਤਾ ਨੂੰ ਪ੍ਰਾਪਤ ਹੈ। ਇਸ ਵੰਨਗੀ ਅਧੀਨ ਪੰਜਾਬ ਦੇ ਕਵੀਆਂ ਨੇ ਅਨੇਕਾਂ ਵਾਰਾਂ ਪੰਜਾਬ ਦੀ ਸੂਰਮਗਤੀ ਨੂੰ ਸਮਰਪਿਤ ਕੀਤੀਆਂ ਹਨ। ਪਰ ਵਾਰ-ਸਾਹਿਤ ਵਿਚ ਕੇਵਲ ਦੋ ਵਾਰਾਂ ਹੀ ਅਜਿਹੀਆਂ ਹਨ ਜਿਨ੍ਹਾਂ ਦੀਆਂ ਨਾਇਕਾਵਾਂ ਇਸਤਰੀ-ਪਾਤਰ ਹਨ। ਪਹਿਲੀ ਵਾਰ ਗੁਰੂ ਗੋਬਿੰਦ ਸਿੰਘ ਜੀ ਨੇ ਸਿਰਜੀ। ਜਿਸ ਦੀ ਨਾਇਕਾ ਇਕ ਮਿਥਿਹਾਸਕ ਇਸਤਰੀ ਹੈ। ਇਹ 'ਚੰਡੀ ਦੀ ਵਾਰ' ਕਰ ਕੇ ਜਾਣੀ ਜਾਂਦੀ ਹੈ। ਦੂਜੀ ਵਾਰ ਪ੍ਰੋ. ਮੋਹਨ ਸਿੰਘ ਨੇ ਰਾਣੀ ਸਾਹਿਬ ਕੌਰ ਦੀ ਲਿਖੀ, ਜੋ ਪਟਿਆਲੇ ਰਾਜ-ਘਰਾਣੇ ਦੀ ਇਤਿਹਾਸਕ ਇਸਤਰੀ ਹੈ। ਪੰਜਾਬ ਦੇ ਇਤਿਹਾਸ ਵਿਚ ਅਨੇਕਾਂ ਸੂਰਬੀਰ ਇਸਤਰੀਆਂ ਦੇ ਨਾਮ ਮੌਜੂਦ ਹਨ ਪਰ ਉਨ੍ਹਾਂ ਵਿਚੋਂ ਰਾਣੀ ਸਾਹਿਬ ਕੌਰ ਹੀ ਇਕੋ-ਇਕ ਅਜਿਹੀ ਹਸਤੀ ਹੈ, ਜਿਸ ਦੀ ਬਹਾਦਰੀ ਦੀ ਵਾਰ ਲਿਖੀ ਗਈ।

ਸੰਕੇਤ ਕੀਤਾ ਜਾ ਚੁੱਕਾ ਹੈ ਕਿ ਰਾਣੀ ਸਾਹਿਬ ਕੌਰ ਦਾ ਸੰਬੰਧ ਪਟਿਆਲੇ ਦੇ ਸ਼ਾਹੀ ਰਾਜ-ਘਰਾਣੇ ਨਾਲ ਹੈ। ਰਾਣੀ ਸਾਹਿਬ ਕੌਰ ਦੇ ਪਿਤਾ ਦਾ ਨਾਮ ਮਹਾਰਾਜਾ ਅਮਰ ਸਿੰਘ ਸੀ, ਜੋ ਪਟਿਆਲਾ ਰਾਜ ਦੇ ਪ੍ਰਸਿੱਧ ਮਹਾਰਾਜਾ ਆਲਾ ਸਿੰਘ ਦਾ ਪੋਤਰਾ ਸੀ। ਮਹਾਰਾਜਾ ਅਮਰ ਸਿੰਘ ਦੀਆਂ ਦੋ ਸ਼ਾਦੀਆਂ ਹੋਈਆਂ। ਰਾਣੀ ਸਾਹਿਬ ਕੌਰ ਦਾ ਜਨਮ ਪਟਰਾਣੀ ਰਾਜ ਕੌਰ ਦੀ ਕੁੱਖ ਤੋਂ 1771 ਈਸਵੀ ਵਿਚ ਹੋਇਆ। ਭਾਵੇਂ ਮਹਾਰਾਜਾ ਅਮਰ ਸਿੰਘ ਦੇ ਦੋ ਲੜਕੇ ਤੇ ਦੋ ਲੜਕੀਆਂ ਹੋਈਆਂ ਪਰ ਰਾਣੀ ਸਾਹਿਬ ਕੌਰ ਦਾ ਸਕਾ ਭਰਾ ਇਕੋ ਹੀ ਸੀ ਤੇ ਉਸ ਦਾ ਨਾਮ ਵੀ ਸਾਹਿਬ ਸਿੰਘ ਸੀ। ਇਹ ਰਾਣੀ ਸਾਹਿਬ ਕੌਰ ਤੋਂ ਲੱਗਭਗ ਦੋ ਵਰ੍ਹੇ ਛੋਟਾ ਸੀ ਅਰਥਾਤ ਇਸ ਦਾ ਜਨਮ ਸੰਨ 1773 ਈਸਵੀ ਵਿਚ ਹੋਇਆ। ਮਹਾਰਾਜਾ ਅਮਰ ਸਿੰਘ ਤੋਂ ਬਾਅਦ ਮਹਾਰਾਜਾ ਸਾਹਿਬ ਸਿੰਘ ਹੀ ਵੱਡੇ ਸਪੁੱਤਰ ਹੋਣ ਦੇ ਨਾਤੇ ਰਾਜਗੱਦੀ ਉੱਪਰ ਬੈਠੇ।

ਰਾਣੀ ਸਾਹਿਬ ਕੌਰ ਲੋਹੜੇ ਦੀ ਰੂਪਵਤੀ ਸੀ। ਖੁੱਲ੍ਹਾ ਖਾਣ-ਪੀਣ ਕਰ ਕੇ ਉੱਚੀ-ਲੰਮੀ ਤੇ ਹੱਡ-ਪੈਰਾਂ ਦੀ ਖੁੱਲ੍ਹੀ ਸੀ। ਬਾਲਪਨ ਵਿਚ ਹੀ ਉਹਨੂੰ ਘੋੜਸਵਾਰੀ ਤੇ ਅਸਤਰ-ਸ਼ਸਤਰ ਚਲਾਉਣ ਦਾ ਸ਼ੌਕ ਸੀ। ਰਾਜ-ਘਰਾਣੇ ਦੀ ਪਰੰਪਰਾ ਅਨੁਸਾਰ ਰਾਜਕੁਮਾਰੀਆਂ ਨੂੰ ਗੁਰਮੁਖੀ ਅਤੇ ਗੁਰਬਾਣੀ ਆਦਿ ਦੇ ਪਾਠ ਦੀ ਸਿਖਲਾਈ ਦਾ ਪ੍ਰਬੰਧ ਘਰ ਹੀ ਕੀਤਾ ਜਾਂਦਾ ਸੀ। ਬਾਲੜੀ ਸਾਹਿਬ ਕੌਰ ਦੇ ਸ਼ੌਕ ਨੂੰ ਪੂਰਾ ਕਰਨ ਲਈ ਪਿਤਾ ਨੇ ਘੋੜਸਵਾਰੀ ਤੇ ਸ਼ਸਤਰ-ਵਿਦਿਆ ਦਾ ਪ੍ਰਬੰਧ ਵੀ ਘਰ ਵਿਚ ਹੀ ਕਰ ਦਿੱਤਾ। ਹੁਣ ਉਹ ਸੰਥਿਆ (ਲੈਸਨ) ਯਾਦ ਕਰਦੀ ਸੀ। ਬਾਣੀ ਦਾ ਸ਼ੁੱਧ ਉਚਾਰਨ ਸਿੱਖਦੀ ਸੀ। ਉੱਚੀ ਸੁਰ ਵਿਚ ਰਸੀਲੀ ਰਸਨਾ ਨਾਲ ਪਾਠ ਕਰਦੀ ਸੀ। ਘੋੜਸਵਾਰੀ ਕਰਦੀ ਸੀ। ਤੀਰਅੰਦਾਜ਼ੀ ਸਿੱਖਦੀ ਸੀ ਤੇ ਸ਼ਸਤਰ-ਵਿਦਿਆ ਦੇ ਅਨੇਕਾਂ ਗੁਰ ਉਹਨੇ ਦਿਨਾਂ ਵਿਚ ਹੀ ਸਿੱਖ ਲਏ ਸਨ। ਸਹਿਬ ਕੌਰ ਦੇ ਉਸਤਾਦ ਚਾਹੇ ਉਹ ਵਿਦਿਆ ਪੜ੍ਹਾਉਂਦੇ ਸਨ ਜਾਂ ਸ਼ਸਤਰ-ਵਿਦਿਆ, ਸਾਰੇ ਦੇ ਸਾਰੇ ਉਸ ਦੀ ਤੀਖਣ ਬੁੱਧੀ ਦੀ ਸ਼ਲਾਘਾ ਕਰਦੇ ਸਨ। ਸਾਰਿਆਂ ਦੀ ਹੀ ਰਾਏ ਸੀ ਕਿ ਬੀਬੀ ਸਾਹਿਬ ਕੌਰ ਵਿਚ ਉਹ ਸਾਰੇ ਗੁਣ ਮੌਜੂਦ ਹਨ ਜੋ ਕਿਸੇ ਸਿਆਣੇ ਸੈਨਾਪਤੀ ਵਿਚ ਹੋਣੇ ਚਾਹੀਦੇ ਹਨ। ਬਾਲੜੀ ਸਾਹਿਬ ਕੌਰ ਸਾਰੇ ਪਰਿਵਾਰ ਦਾ ਕੇਂਦਰ ਬਣੀ ਹੋਈ ਸੀ। ਛੋਟੀ ਉਮਰ ਵਿਚ ਸਿਆਣੀਆਂ-ਸਿਆਣੀਆਂ ਗੱਲਾਂ ਜਦੋਂ ਉਹ ਕਰਦੀ ਤਾਂ ਉਸ ਦੇ ਮਾਤਾ-ਪਿਤਾ ਉਸ ਤੋਂ ਵਾਰੇ-ਬਲਿਹਾਰੇ ਜਾਂਦੇ। ਉਸ ਦੀ ਤੀਰਅੰਦਾਜ਼ੀ ਤੇ ਘੋੜਸਵਾਰੀ ਵੇਖ ਕੇ ਉਸ ਦਾ ਪਿਤਾ ਦੰਗ ਰਹਿ ਜਾਂਦਾ। ਉਹ ਸ਼ਮਸ਼ੀਰ ਚਲਾਉਂਦੀ ਕਿ ਵੱਡੇ-ਵੱਡੇ ਜੋਧਿਆਂ ਦੇ ਹੌਸਲੇ ਪਸਤ ਹੋ ਜਾਂਦੇ। ਇਸ ਬੱਚੀ ਦੀ ਹੋਣਹਾਰਤਾ ਉਤੇ ਸਾਰਾ ਪਰਿਵਾਰ ਪ੍ਰਸੰਨ ਸੀ। ਇਸ ਤੋਂ ਉਲਟ ਰਾਣੀ ਸਾਹਿਬ ਕੌਰ ਦਾ ਛੋਟਾ ਭਰਾ ਮਹਾਰਾਜਾ ਸਾਹਿਬ ਸਿੰਘ ਕਮਜ਼ੋਰ, ਬੁਜ਼ਦਿਲ, ਗੁੱਸਾਖੋਰ, ਤੇ ਮਤਲਬ-ਪ੍ਰਸਤ ਸੀ। ਉਸ ਦੇ ਪਿਤਾ ਬਹੁਤ ਚਾਹੁੰਦੇ ਸਨ ਕਿ ਉਨ੍ਹਾਂ ਦਾ ਪੁੱਤਰ ਵੀ ਆਪਣੀ ਭੈਣ ਵਾਂਗ ਦਲੇਰ ਤੇ ਸੂਰਮਾ ਹੁੰਦਾ। ਮਹਾਰਾਜਾ ਅਮਰ ਸਿੰਘ ਵਿਚ ਪੁਰਾਤਨ ਗੁਰਸਿੱਖਾਂ ਵਾਲੇ ਸਾਰੇ ਗੁਣ ਸਨ। ਉਸ ਵੇਲੇ ਭਾਰਤਵਾਸੀ ਸਾਰੇ ਦੇ ਸਾਰੇ ਜਗੀਰਦਾਰ ਸਰਦਾਰ ਆਦਿ ਛੋਟੇ-ਛੋਟੇ ਰਾਜਾਂ ਵਿਚ ਵੰਡੇ ਸਨ। ਜਦ ਕਦੀ ਵੀ ਉਨ੍ਹਾਂ ਨੂੰ ਮੌਕਾ ਮਿਲਦਾ ਤਾਂ ਨਾਲ ਲੱਗਦੇ ਇਲਾਕੇ ਉਤੇ ਹਮਲਾ ਕਰ ਕੇ ਕਬਜ਼ਾ ਕਰ ਲੈਂਦੇ। ਇਸੇ ਤਰ੍ਹਾਂ ਇਕ ਵੇਰਾਂ ਮਹਾਰਾਜਾ ਅਮਰ ਸਿੰਘ ਨੇ ਵੀ ਕੀਤੀ। ਉਸ ਨੇ ਸ. ਬਘੇਲ ਸਿੰਘ ਕਰੋੜਸਿੰਘੀਆਂ

ਦੇ ਇਲਾਕੇ ਲਾਲੜੂ ਉਤੇ ਕਬਜ਼ਾ ਕਰ ਲਿਆ। ਸ. ਬਘੇਲ ਸਿੰਘ ਅਸਰ-ਰਸੂਖ਼ ਵਾਲਾ ਵਿਅਕਤੀ ਸੀ। ਉਸ ਨੇ ਦੂਸਰੇ ਮਿਸਲਦਾਰਾਂ ਨਾਲ ਮਿਲ ਕੇ ਪਟਿਆਲਾ ਰਾਜ ਵਿਚ ਲੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਪਰ ਮਹਾਰਾਜਾ ਅਮਰ ਸਿੰਘ ਨੇ ਵੀ ਮੋੜਵਾਂ ਜਵਾਬ ਦਿੱਤਾ। ਅਖ਼ੀਰ ਦੋਹਾਂ ਧਿਰਾਂ ਵਿਚ ਸਮਝੌਤਾ ਹੋ ਗਿਆ। ਇਹ ਸਮਝੌਤਾ ਗੁਰਦੁਆਰਾ ਦੁੱਖ ਨਿਵਾਰਨ ਵਾਲੇ ਅਸਥਾਨ ਉੱਪਰ ਹੋਇਆ। ਉਦੋਂ ਇਸ ਅਸਥਾਨ ਨੂੰ ਲੈਹਿਲ ਕਹਿੰਦੇ ਸਨ ਤੇ ਇਥੇ ਨਿਹੰਗ ਸਿੰਘਾਂ ਦੀ ਛਾਉਣੀ ਹੁੰਦੀ ਸੀ। ਸਮਝੌਤੇ ਤੋਂ ਬਾਅਦ ਇਸੇ ਖ਼ੁਸ਼ੀ ਵਿਚ ਮਹਾਰਾਜਾ ਅਮਰ ਸਿੰਘ ਨੇ ਇਥੇ ਦੇਗ ਕਰਵਾਈ ਤੇ ਨਾਲ ਹੀ ਸ. ਬਘੇਲ ਸਿੰਘ ਦੇ ਹੱਥੀਂ ਆਪਣੀ ਬੇਟੀ ਰਾਜਕੁਮਾਰੀ ਸਾਹਿਬ ਕੌਰ ਤੇ ਸਾਹਿਬ ਸਿੰਘ ਨੂੰ ਅੰਮ੍ਰਿਤ ਛਕਵਾਇਆ। ਅੰਮ੍ਰਿਤ ਛਕਣ ਮਗਰੋਂ ਰਾਜਕੁਮਾਰੀ ਵਿਚ ਹੋਰ ਤਬਦੀਲੀ ਆ ਗਈ। ਉਸ ਵਿਚ ਦਲੇਰੀ ਤੇ ਨਿਡਰਤਾ ਦੇ ਗੁਣ ਉੱਭਰ ਆਏ। 'ਅੰਮ੍ਰਿਤ' ਅਸਲ ਵਿਚ ਇਕ ਮਾਨਸਿਕ ਹਲੂਣਾ ਸੀ ਜਿਸ ਨਾਲ ਵਿਅਕਤੀ ਦੀ ਸੁੱਤੀ ਅਣਖ ਨੂੰ ਵੰਗਾਰਿਆ ਜਾਂਦਾ ਸੀ। ਉਸ ਦੇ ਸਵੈ-ਮਾਣ ਨੂੰ ਜਗਾਇਆ ਜਾਂਦਾ ਸੀ। ਮਨੁੱਖ, ਮਨੁੱਖ ਵਿਚ ਕੋਈ ਭੇਦ ਨਹੀਂ, ਕੋਈ ਵੱਡਾ ਨਹੀਂ, ਕੋਈ ਛੋਟਾ ਨਹੀਂ। ਹਰ ਇਕ ਨੂੰ ਆਪਣੀ ਮਰਜ਼ੀ ਅਨੁਸਾਰ ਜੀਉਣ ਤੇ ਪਾਠ-ਪੂਜਾ ਕਰਨ ਦਾ ਹੱਕ ਹੈ। ਹਰ ਕੋਈ ਸੁਤੰਤਰ ਤੇ ਆਜ਼ਾਦੀ ਭਰਿਆ ਜੀਵਨ ਜੀਉਣ ਦਾ ਹੱਕ ਰੱਖਦਾ ਹੈ। ਇਹੋ ਜਿਹੀ ਬਲਵਾਨ ਸੋਚ ਹੀ ਅੰਮ੍ਰਿਤ ਛਕਣ ਵਾਲਿਆਂ ਦੇ ਮਸਤਕ ਵਿਚ ਅੰਗੜਾਈ ਲੈਣ ਲੱਗ ਪੈਂਦੀ ਸੀ। ਇਹੀ ਕਾਰਣ ਹੈ, ਅੰਮ੍ਰਿਤ ਛਕਣ ਵਾਲੇ ਆਪਣੀ ਰਹਿਤ-ਬਹਿਤ ਵਿਚ, ਆਪਣੀ ਸੋਚ-ਵਿਚਾਰ ਵਿਚ ਆਪਣੇ ਕਰਮ-ਧਰਮ ਵਿਚ ਆਮ ਆਦਮੀ ਨਾਲੋਂ ਵੱਖਰੇ ਦਿਸਣ ਲੱਗ ਪੈਂਦੇ ਸਨ। ਮਹਾਰਾਜਾ ਅਮਰ ਸਿੰਘ ਆਪਣੀ ਪੁੱਤਰੀ ਦੇ ਚਰਿੱਤਰ ਵਿਚ ਆਈ ਤਬਦੀਲੀ ਨੂੰ ਅਨੁਭਵ ਕਰ ਰਿਹਾ ਸੀ ਤੇ ਇਸੇ ਕਰ ਕੇ ਯੋਗ ਵਰ ਦੀ ਤਲਾਸ਼ ਵਿਚ ਸੀ।

2

ਰਾਜਕੁਮਾਰੀ ਅਜੇ ਬਾਲੜੀ ਹੀ ਸੀ ਕਿ ਉਸ ਦੀ ਸ਼ਾਦੀ ਘਨੱਈਆ ਮਿਸਲ ਦੇ ਸ. ਹਕੀਕਤ ਸਿੰਘ ਦੇ ਸਪੁੱਤਰ ਜੈਮਲ ਸਿੰਘ ਨਾਲ ਕਰ ਦਿੱਤੀ ਗਈ। ਇਹ ਸ਼ਾਦੀ ਬੜੀ ਧੂਮਧਾਮ ਨਾਲ ਹੋਈ। ਤਵਾਰੀਖ਼ ਪਟਿਆਲਾ ਦੇ ਕਰਤਾ ਮੁਹੰਮਦ ਹਸਨ ਅਨੁਸਾਰ ਇਹ ਸ਼ਾਦੀ ਬਹੁਤ ਹੀ ਸ਼ਾਹਾਨਾ ਢੰਗ ਨਾਲ ਹੋਈ। ਇਸ ਸ਼ਾਦੀ ਵਿਚ ਲੱਗਭਗ 20,000 ਬਰਾਤੀ ਆਏ ਅਤੇ ਇਸ ਉੱਪਰ 7 ਲੱਖ ਰੁਪਏ ਖ਼ਰਚ ਹੋਏ।

ਹੁਣ ਰਾਜਕੁਮਾਰੀ ਸਾਹਿਬ ਕੌਰ ਰਾਣੀ ਸਾਹਿਬ ਕੌਰ ਹੋ ਗਈ। ਇਸ ਸਮੇਂ ਰਾਣੀ ਸਾਹਿਬ ਕੌਰ ਆਪਣੇ ਪਤੀ ਕੋਲ ਫਤਹਿਗੜ੍ਹ ਚੂੜੀਆਂ, ਜ਼ਿਲ੍ਹਾ ਗੁਰਦਾਸਪੁਰ ਵਿਚ ਸੀ। ਰਾਣੀ ਸਾਹਿਬ ਕੌਰ ਦੀ ਚੰਗੀ ਸੋਅ ਸਹੁਰਿਆਂ ਨੂੰ ਵੀ ਪੁੱਜ ਚੁੱਕੀ ਹੋਈ ਸੀ। ਇਨ੍ਹਾਂ ਦੇ ਪਤੀ ਜੈਮਲ ਸਿੰਘ ਨੇ ਪਤਨੀ ਦੇ ਚੰਗੇ ਗੁਣਾਂ ਨੂੰ ਖ਼ਤਮ ਨਹੀਂ ਹੋਣ ਦਿੱਤਾ। ਸਗੋਂ ਸ਼ਸਤਰ-ਵਿਦਿਆ ਤੇ ਘੋੜਸਵਾਰੀ ਵਿਚ ਪਤਨੀ ਨੂੰ ਹੋਰ ਤਿੱਖਿਆਂ ਕੀਤਾ। ਰਾਣੀ ਸਾਹਿਬ ਕੌਰ ਆਪਣੇ ਚੰਗੇ ਸੁਭਾਅ ਤੇ ਚੰਗੇ ਗੁਣਾਂ ਕਰ ਕੇ ਸਹੁਰੇ ਘਰ ਵਿਚ ਵੀ ਸਭ ਦਾ ਕੇਂਦਰ ਬਣ ਗਈ। ਸਾਰੇ ਘਰ ਦੇ ਜੀਅ ਨਿੱਕੀ ਤੋਂ ਲੈ ਕੇ ਵੱਡੀ ਗੱਲ ਤਕ ਉਸ ਦੀ ਸਲਾਹ ਲੈਂਦੇ ਤੇ ਉਸ

ਦੀ ਅਕਲਮੰਦੀ ਦੀ ਦਾਦ ਦਿੰਦੇ । ਰਾਣੀ ਦਾ ਆਪਣੇ ਪਤੀ ਨਾਲ ਬੜਾ ਪਿਆਰ ਸੀ । ਉਨ੍ਹਾਂ ਦੋਹਾਂ ਦਾ ਸਾਥ ਇਕ ਦੂਜੇ ਲਈ ਸੁਹਿਰਦਤਾ ਭਰਿਆ ਹੀ ਨਹੀਂ ਸੀ ਸਗੋਂ ਨਿੱਘਾ ਵੀ ਸੀ । ਰਾਣੀ ਸਾਹਿਬ ਕੌਰ ਦੇ ਪਤੀ ਜੈਮਲ ਸਿੰਘ ਆਪਣੇ ਰਾਜ-ਕਾਜ ਵਿਚ ਹਮੇਸ਼ਾ ਆਪਣੀ ਪਤਨੀ ਦੀ ਸਲਾਹ ਲੈਂਦੇ । ਰਾਣੀ ਸਾਹਿਬਾ ਵੀ ਇਕ ਨਿਪੁੰਨ ਪ੍ਰਬੰਧਕ ਵਾਂਗ ਰਾਏ ਦਿੰਦੀ । ਇਕ ਤਰ੍ਹਾਂ ਸ. ਜੈਮਲ ਸਿੰਘ ਤੇ ਰਾਣੀ ਸਾਹਿਬ ਕੌਰ ਮਿਲ ਕੇ ਹੀ ਘਨੱਈਆ ਮਿਸਲ ਦੀ ਸਰਦਾਰੀ ਕਰ ਰਹੇ ਸਨ । ਸ. ਜੈਮਲ ਸਿੰਘ ਨੂੰ ਆਪਣੀ ਪਤਨੀ ਉਪਰ ਮਾਣ ਵੀ ਸੀ ਤੇ ਭਰੋਸਾ ਵੀ । ਰਾਣੀ ਸਾਹਿਬ ਕੌਰ ਸਹੁਰੇ ਘਰ ਵਿਚ ਆਪਣੇ ਪਤੀ ਦਾ ਹਰ ਕੰਮ ਵਿਚ ਪੂਰਾ ਸਾਥ ਦਿੰਦੀ । ਬਲਕਿ ਘਰੇਗੀ ਕੰਮਾਂ ਨਾਲੋਂ ਉਸ ਨੇ ਮਿਸਲ ਦੇ ਬਾਹਰਲੇ ਕੰਮਾਂ ਵਿਚ ਆਪਣੇ ਪਤੀ ਦਾ ਪੂਰਾ-ਪੂਰਾ ਸਾਥ ਹੀ ਨਹੀਂ ਦਿੱਤਾ ਸਗੋਂ ਇਕ ਸਰਪ੍ਰਸਤ ਵਾਂਗ ਅਨੇਕ ਵਾਰ ਰਹਿਨੁਮਾਈ ਵੀ ਕੀਤੀ ।

3

ਰਾਣੀ ਸਾਹਿਬ ਕੌਰ ਸ਼ਾਦੀ ਤੋਂ ਬਾਅਦ ਆਪਣੇ ਸਹੁਰੇ ਘਰ ਵਿਚ ਅਮਨ-ਚੈਨ ਨਾਲ ਰਹਿ ਰਹੀ ਸੀ ਕਿ ਅਚਾਨਕ ਪਿਤਾ ਮਹਾਰਾਜਾ ਅਮਰ ਸਿੰਘ 1782 ਈਸਵੀ ਵਿਚ ਸਵਰਗਵਾਸ ਹੋ ਗਏ । ਮਹਾਰਾਜਾ ਅਮਰ ਸਿੰਘ ਦੇ ਦਾਦਾ ਆਲਾ ਸਿੰਘ ਦੇ ਵੇਲੇ ਪਟਿਆਲਾ ਰਾਜ ਦੇ ਅਧੀਨ ਕੁਲ 726 ਪਿੰਡ ਸਨ ਜੋ ਸਰਹੰਦ ਦੀ ਸੂਬੇਦਾਰੀ ਤੋਂ ਸੁਤੰਤਰ ਸਨ । ਪਰ ਮਹਾਰਾਜਾ ਅਮਰ ਸਿੰਘ ਦੇ ਵੇਲੇ ਪਟਿਆਲਾ ਰਾਜ ਦੀਆਂ ਹੱਦਾਂ ਬਹੁਤ ਚੌੜੀਆਂ ਹੋ ਗਈਆਂ । ਮਹਾਰਾਜਾ ਅਮਰ ਸਿੰਘ ਨੇ ਸੰਨ 1782 ਈਸਵੀ ਵਿਚ ਅਕਾਲ ਚਲਾਣਾ ਕੀਤਾ ਉਸ ਸਮੇਂ ਪਟਿਆਲਾ ਰਾਜ ਦੀਆਂ ਹੱਦਾਂ ਇਕ ਪਾਸੇ ਤੋਸਾਮ (ਤਹਿਸੀਲ ਹਾਂਸੀ); ਦੂਜੇ ਪਾਸੇ, ਗੋਹਾਨਾ (ਜ਼ਿਲ੍ਹਾ ਸਰਸਾ); ਤੀਸਰੇ ਪਾਸੇ, ਸ਼ਾਹ ਮੁਕੀਮ ਦੇ ਹੁਜਰੇ (ਪਾਕਪਟਨ) ਤਕ ਵਧ ਗਈਆਂ ਸਨ । ਉਸ ਵੇਲੇ ਜ਼ਿਲ੍ਹਾ ਹਿਸਾਰ, ਫਤਿਹਾਬਾਦ ਤੇ ਜਮਾਲ ਪੁਰ ਆਦਿ ਸਾਰੇ ਪਟਿਆਲਾ ਰਾਜ ਵਿਚ ਸ਼ਾਮਲ ਸਨ । ਮਹਾਰਾਜਾ ਅਮਰ ਸਿੰਘ ਬੜਾ ਸੂਰਬੀਰ ਤੇ ਸਖੀ ਸੀ । ਪਰ ਸਮੇਂ ਅੱਗੇ ਕਿਸੇ ਦਾ ਜ਼ੋਰ ਨਹੀਂ ਚੱਲਦਾ । ਪਿਤਾ ਦੀ ਮੌਤ ਸਮੇਂ ਪਟਿਆਲੇ ਰਾਜ ਦਾ ਵਾਰਸ ਮਹਾਰਾਜਾ ਸਾਹਿਬ ਸਿੰਘ ਮਸਾਂ ਅੱਠ-ਨੌਂ ਸਾਲ ਦਾ ਬਾਲਕ ਸੀ । ਇਕ ਤਾਂ ਮਹਾਰਾਜਾ ਉਮਰ ਦਾ ਛੋਟਾ ਸੀ । ਦੂਜਾ ਦਿਲ ਦਾ ਕਮਜ਼ੋਰ ਸੀ । ਤੀਜਾ, ਇੰਨਾ ਵੱਡਾ ਰਾਜ ਸੀ ਪਰ ਸਹੀ ਸਰਪ੍ਰਸਤ ਕੋਈ ਨਹੀਂ ਸੀ । ਨਤੀਜਾ ਇਹ ਨਿਕਲਿਆ ਕਿ ਇਕ ਪਾਸੇ, ਗੁਆਂਢੀ ਸਰਦਾਰਾਂ ਨੇ ਸਿਰ ਚੁੱਕ ਲਿਆ । ਦੂਜੇ ਪਾਸੇ, ਦਿੱਲੀ ਵਿਚ ਮੁਗਲਾਂ ਤੇ ਮਰਹੱਟਿਆਂ ਦੀਆਂ ਮੁਠਭੇੜਾਂ ਹੋਣ ਲੱਗ ਪਈਆਂ ਸਨ । ਤੀਜੇ ਪਾਸੇ, ਸ਼ਾਹ ਜ਼ਮਾਨ ਭਾਰਤ 'ਤੇ ਕਬਜ਼ਾ ਕਰਨ ਦੀ ਸੋਚਦਾ ਸੀ । ਸਿੱਟੇ ਵਜੋਂ ਪਟਿਆਲਾ ਰਾਜ ਵਿਚ ਅਰਾਜਕਤਾ ਵਧਣ ਲੱਗੀ । ਚੰਗੇ ਭਾਗਾਂ ਨੂੰ ਮਹਾਰਾਜਾ ਸਾਹਿਬ ਸਿੰਘ ਦੀ ਦਾਦੀ ਹੁਕਮਾ ਜੀਉਂਦੀ ਸੀ । ਉਸ ਨੇ ਰਾਜ-ਕਾਜ ਦਾ ਪ੍ਰਬੰਧ ਸੁਨਾਮ ਦੇ ਇਕ ਬਾਣੀਏ ਨਾਨੂ ਮੱਲ ਦੇ ਸਪੁਰਦ ਕਰ ਦਿੱਤਾ । ਨਾਨੂ ਮੱਲ ਨੂੰ ਰਾਜ-ਕਾਜ ਸੰਭਾਲਦੇ ਹੀ ਕਈ ਬਾਗ਼ੀਆਂ ਨਾਲ ਉਲਝਣਾ ਪਿਆ । ਦੂਜੇ ਪਾਸੇ, ਪਟਿਆਲੇ ਵਿਚ ਭਾਰੀ ਅਕਾਲ ਪੈ ਗਿਆ । ਇਹ 'ਚਾਲ੍ਹੀਵੇਂ ਕਾਲ' ਕਰ ਕੇ ਪ੍ਰਸਿੱਧ ਹੈ । ਇਸ ਨਾਲ ਪਟਿਆਲਾ ਰਾਜ ਦੇ ਖ਼ਜ਼ਾਨੇ ਖ਼ਾਲੀ ਹੋ ਗਏ । ਦੀਵਾਨ ਨਾਨੂ ਮੱਲ ਨੇ

ਰਾਣੀ ਰਾਜਿੰਦਰ ਕੌਰ, ਸ. ਬਘੇਲ ਸਿੰਘ ਤੇ ਸ. ਗਜਪਤ ਸਿੰਘ ਆਦਿ ਜੋ ਪਟਿਆਲਾ ਰਾਜ ਦੇ ਰਿਸ਼ਤੇਦਾਰ ਅਤੇ ਸ਼ੁਭਚਿੰਤਕ ਵੀ ਸਨ, ਦੀ ਸਲਾਹ ਨਾਲ ਮਰਹੱਟਾ ਸਰਦਾਰ ਪਾਧੋ ਰਾਉ ਨੂੰ ਤਿੰਨ ਲੱਖ ਨਜ਼ਰਾਨਾ ਤੇ 50,000 ਰੁਪਿਆ ਹਰ ਰੋਜ਼ ਫ਼ੌਜ ਦਾ ਖ਼ਰਚਾ ਦੇਣਾ ਕਰ ਕੇ ਸਹਾਇਤਾ ਲਈ ਸੱਦ ਲਿਆ। ਭਾਵੇਂ ਪਾਧੋ ਰਾਉ ਦੀ ਸਹਾਇਤਾ ਨਾਲ ਦੀਵਾਨ ਨਾਨੂ ਮੱਲ ਇਕ ਵਾਰ ਫਿਰ ਠੀਕ ਰਾਜ-ਪ੍ਰਬੰਧ ਚਲਾਉਣ ਵਿਚ ਸਫ਼ਲ ਹੋ ਗਿਆ ਪਰ ਪਾਧੋ ਰਾਉ ਦੀ ਆਮਦ ਨੇ ਮਰਹੱਟਿਆਂ ਨੂੰ ਇਹ ਦੱਸ ਦਿੱਤਾ ਕਿ ਸਤਲੁਜ ਤੇ ਜਮਨਾ ਦੇ ਵਿਚਕਾਰਲਾ ਇਲਾਕਾ ਲੁੱਟਮਾਰ ਲਈ ਚੰਗੀ ਥਾਂ ਹੈ। ਇਤਿਹਾਸ ਗਵਾਹ ਹੈ, ਇਸ ਤੋਂ ਬਾਅਦ ਮਰਹੱਟਿਆਂ ਨੇ ਜਿੰਨੇ ਹਮਲੇ ਇਸ ਇਲਾਕੇ ਉੱਪਰ ਕੀਤੇ, ਇਨ੍ਹਾਂ ਸਾਰਿਆਂ ਦਾ ਮੁੱਖ ਨਿਸ਼ਾਨਾ ਪਟਿਆਲਾ ਹੀ ਸੀ। ਕਹਿੰਦੇ ਨੇ ਬੁੱਧ ਫਿਟਦਿਆਂ ਦੇਰ ਨਹੀਂ ਲੱਗਦੀ। ਦੀਵਾਨ ਨਾਨੂ ਮੱਲ ਧੋਖੇਬਾਜ਼ ਨਿਕਲਿਆ ਤੇ ਮਰਹੱਟਿਆਂ ਨਾਲ ਮਿਲ ਕੇ 1789 ਈਸਵੀ ਵਿਚ ਪਟਿਆਲੇ ਉੱਪਰ ਹਮਲਾ ਕਰਵਾ ਦਿੱਤਾ। ਇਸ ਤੋਂ ਛੁੱਟ ਘਰੋਗੀ ਫੁੱਟ ਵੀ ਪੁਆ ਦਿੱਤੀ। ਚੰਗੇ-ਚੰਗੇ ਅਹੁਦਿਆਂ ਉਤੇ ਆਪਣੇ ਰਿਸ਼ਤੇਦਾਰ ਲਾ ਦਿੱਤੇ। ਕਰਦੇ-ਕਰਦੇ ਇਸ ਦੀ ਜੁਰੱਅਤ ਇੰਨੀ ਵਧ ਗਈ ਕਿ ਮਰਦਾਨ ਪੁਰ ਦੇ ਕਿਲ੍ਹੇਦਾਰ ਬਸੰਤ ਰਾਇ ਨੂੰ ਵੀ ਬਹਾਨੇ ਨਾਲ ਕੈਦ ਕਰ ਲਿਆ ਤੇ ਮਹਾਰਾਜਾ ਸਾਹਿਬ ਸਿੰਘ ਦੇ ਕਹਿਣ 'ਤੇ ਵੀ ਨਾ ਛੱਡਿਆ। ਹੁਣ ਮਹਾਰਾਜਾ ਸਾਹਿਬ ਸਿੰਘ ਨੇ ਦੀਵਾਨ ਨਾਨੂ ਮੱਲ ਨੂੰ ਰਾਜ-ਪ੍ਰਬੰਧ ਤੋਂ ਵੱਖ ਕਰ ਦਿੱਤਾ। ਮਹਾਰਾਜਾ ਸਾਹਿਬ ਸਿੰਘ ਦੀ ਨਾਰਾਜ਼ਗੀ ਦੀਵਾਨ ਨਾਨੂ ਮੱਲ ਨਾਲ ਵਧਦੀ ਗਈ ਤੇ ਅਖ਼ੀਰ ਨਾਨੂ ਮੱਲ ਸੰਨ 1791 ਈਸਵੀ ਵਿਚ ਮਰ ਗਿਆ। ਹੁਣ ਪਟਿਆਲਾ ਰਾਜ ਦੀ ਹਾਲਤ ਹੋਰ ਵਿਗੜਨ ਲੱਗੀ। ਇਕ ਪਾਸੇ, ਬਾਗ਼ੀ ਉੱਠ ਪਏ ਤੇ ਦੂਜੇ ਪਾਸੇ, ਗੁਆਂਢੀ ਰਈਸ; ਤੀਜੇ ਪਾਸੇ, ਮਰਹੱਟੇ ਅਤੇ ਚੌਥੇ ਪਾਸੇ ਸ਼ਾਹ ਜ਼ਮਾਨ। ਲਾਚਾਰ ਮਹਾਰਾਜੇ ਸਾਹਿਬ ਸਿੰਘ ਨੇ ਆਪਣੀ ਭੈਣ ਸਾਹਿਬ ਕੌਰ ਨੂੰ ਸਲਾਹ-ਮਸ਼ਵਰੇ ਲਈ ਪਟਿਆਲੇ ਸੱਦਿਆ।

4

ਇਸ ਵੇਲੇ ਪਟਿਆਲਾ ਰਾਜ ਦੀ ਹਾਲਤ ਬਹੁਤ ਖ਼ਰਾਬ ਹੋ ਗਈ ਸੀ। ਹਰ ਇਕ ਨੂੰ ਆਪੋਧਾਪੀ ਪਈ ਹੋਈ ਸੀ। ਕਿਲ੍ਹੇਦਾਰ ਆਕੀ ਹੋ ਗਏ ਸਨ। ਰਈਸਾਂ ਦਾ ਆਪਣਾ ਜੀਵਨ ਖ਼ਤਰੇ ਵਿਚ ਪੈ ਗਿਆ ਸੀ। ਮਹਾਰਾਜਾ ਸਾਹਿਬ ਸਿੰਘ ਆਪਣੀ ਭੈਣ ਦੇ ਹਿੰਮਤੀ ਸੁਭਾਅ ਨੂੰ ਜਾਣਦਾ ਸੀ। ਸੋ ਉਸੇ ਨੂੰ ਹੀ ਰਾਜ-ਕਾਜ ਦਾ ਪ੍ਰਬੰਧ ਸੌਂਪਣਾ ਯੋਗ ਸਮਝਿਆ ਗਿਆ। ਭੈਣ ਆਪਣੀ ਗ੍ਰਿਹਸਤੀ ਵਿਚ ਕਿੰਨੀ ਵੀ ਸੁਖੀ ਕਿਉਂ ਨਾ ਹੋਵੇ, ਜੇ ਉਸ ਦਾ ਭਰਾ ਦੁੱਖ ਵਿਚ ਹੋਵੇ ਤਾਂ ਭੈਣ ਆਪਣਾ ਸੁਖ-ਆਰਾਮ ਤਿਆਗ ਕੇ ਆਪਣੇ ਵੀਰ ਦੀ ਸਹਾਇਤਾ ਲਈ ਪਹੁੰਚਦੀ ਹੀ ਹੈ। ਇਹੀ ਗੱਲ ਰਾਣੀ ਸਾਹਿਬ ਕੌਰ ਉੱਪਰ ਵੀ ਢੁਕਦੀ ਹੈ। ਉਸ ਨੂੰ ਜਿਵੇਂ ਹੀ ਵੀਰ ਦਾ ਸੁਨੇਹਾ ਮਿਲਿਆ ਉਹ ਆਪਣੇ ਪਤੀ ਦੀ ਆਗਿਆ ਨਾਲ ਛੋਟੀ ਜਿਹੀ ਫ਼ੌਜ ਲੈ ਕੇ ਪਟਿਆਲੇ ਪੁੱਜ ਗਈ।

ਦੋਹਾਂ ਭੈਣ-ਭਰਾਵਾਂ ਨੇ ਰਾਜ ਦੀ ਮੌਜੂਦਾ ਹਾਲਤ ਬਾਰੇ ਨਿੱਠ ਕੇ ਗੱਲਬਾਤ ਕੀਤੀ। ਗੱਲਬਾਤ ਦੇ ਬਾਅਦ ਮਹਾਰਾਜਾ ਨੇ ਆਪਣੀ ਭੈਣ ਨੂੰ ਵਜ਼ਾਰਤ ਦਾ ਕੰਮ ਸੰਭਾਲਣ ਲਈ ਕਿਹਾ। ਰਾਣੀ ਸਾਹਿਬ ਕੌਰ ਨੇ ਇਸ ਕੰਮ ਨੂੰ ਇਸ ਸ਼ਰਤ ਉਤੇ ਸੰਭਾਲਿਆ ਕਿ ਮਹਾਰਾਜਾ

ਸਾਹਿਬ ਰਾਜ-ਸੁਧਾਰ ਦੇ ਕੰਮਾਂ ਵਿਚ ਕੋਈ ਅਟਕਾ ਨਹੀਂ ਪਾਉਣਗੇ ਤੇ ਨਾਲੇ, ਅਹਿਲਕਾਰਾਂ ਦੀ ਬਦਲੀ ਦਾ ਰਾਣੀ ਸਾਹਿਬਾ ਨੂੰ ਪੂਰਾ-ਪੂਰਾ ਹੱਕ ਹੋਵੇਗਾ। ਹੁਣ ਰਾਣੀ ਸਾਹਿਬਾ ਨੇ ਆਪਣੇ ਇਤਬਾਰੀ ਸ. ਤਾਰਾ ਸਿੰਘ ਨੂੰ ਆਪਣਾ ਨਾਇਬ ਵਜ਼ੀਰ ਨੀਯਤ ਕਰ ਲਿਆ ਤੇ ਇਸ ਤਰ੍ਹਾਂ ਉਸ ਨੇ ਸੰਨ 1793 ਈਸਵੀ ਵਿਚ ਪਟਿਆਲਾ ਰਾਜ ਦੀ ਵਜ਼ਾਰਤ ਦਾ ਕੰਮ ਸੰਭਾਲ ਲਿਆ। ਹੁਣ ਮਹਾਰਾਜਾ ਸਾਹਿਬ ਸਿੰਘ ਨੇ ਇਕ ਆਮ ਦਰਬਾਰ ਕਰ ਕੇ ਆਪਣੇ ਨਵੇਂ ਚੁਣੇ ਅਹੁਦੇਦਾਰਾਂ ਦੀ ਸਨਮਾਨ ਪੂਰਬਕ ਸਭ ਨਾਲ ਜਾਣ-ਪਛਾਣ ਕਰਵਾਈ। ਅੱਜ ਰਾਣੀ ਸਾਹਿਬ ਕੌਰ ਪਟਿਆਲਾ ਰਾਜ ਦੇ ਅਮੀਰਾਂ, ਵਜ਼ੀਰਾਂ, ਰਈਸਾਂ ਤੇ ਅਹਿਲਕਾਰਾਂ ਨੂੰ ਮੁਖਾਤਬ ਸੀ। ਰਾਣੀ ਸਾਹਿਬ ਕੌਰ ਨੇ ਬੜੀ ਦਾਨਾਈ ਤੇ ਸਿਆਣਪ ਨਾਲ ਸਾਰਿਆਂ ਨੂੰ ਰਾਜ ਦੇ ਹਾਲਾਤ ਤੋਂ ਨਾ ਕੇਵਲ ਜਾਣੂ ਹੀ ਕਰਾਇਆ ਸਗੋਂ ਸਾਰਿਆਂ ਪਾਸੋਂ ਉਚੇਚੇ ਸਹਿਯੋਗ ਦਾ ਵਾਅਦਾ ਵੀ ਲੈ ਲਿਆ।

ਹੁਣ ਰਾਣੀ ਸਾਹਿਬ ਕੌਰ ਨੇ ਰਾਜ ਦੇ ਆਰਥਿਕ ਪ੍ਰਬੰਧ ਵੱਲ ਧਿਆਨ ਦਿੱਤਾ। ਇਸ ਲਈ ਉਸ ਨੇ ਕੁਝ ਅਹਿਲਕਾਰਾਂ ਦੀ ਅਦਲਾ-ਬਦਲੀ ਕੀਤੀ ਤੇ ਉਨ੍ਹਾਂ ਨੂੰ ਵਿਸ਼ੇਸ਼ ਹਦਾਇਤਾਂ ਦਿੱਤੀਆਂ। ਰਾਜ ਨੂੰ ਇਸ ਸਮੇਂ ਅੰਦਰੂਨੀ ਪ੍ਰਬੰਧ ਦੇ ਨਾਲ-ਨਾਲ ਬਾਹਰਲੇ ਪ੍ਰਬੰਧ ਦੀ ਵੀ ਲੋੜ ਸੀ। ਇਸ ਲਈ ਫ਼ੌਜੀ ਪ੍ਰਬੰਧ ਨੂੰ ਮਜ਼ਬੂਤ ਕਰਨਾ ਜ਼ਰੂਰੀ ਸੀ। ਫ਼ੌਜੀ ਸ਼ਕਤੀ ਹੀ ਬਿਦੇਸ਼ੀਆਂ ਦਾ ਮੂੰਹ ਮੋੜ ਸਕਦੀ ਸੀ, ਗੁਆਂਢੀ ਲਾਲਚੀ ਮਿਸਲਦਾਰਾਂ ਨੂੰ ਖ਼ਬਰਦਾਰ ਰੱਖ ਸਕਦੀ ਸੀ। ਰਾਣੀ ਸਾਹਿਬ ਕੌਰ ਇਸ ਗੱਲੋਂ ਪੂਰੀ ਤਰ੍ਹਾਂ ਸੁਚੇਤ ਸੀ ਕਿ ਅੰਦਰੂਨੀ ਤੇ ਬਹਿਰੂਨੀ ਪ੍ਰਬੰਧ ਪਰਸਪਰ ਨਿਰਭਰ ਹਨ। ਇਸੇ ਲਈ ਉਸ ਨੇ ਅਜਿਹੀ ਕੋਈ ਤਬਦੀਲੀ ਨਾ ਕੀਤੀ ਜੋ ਵੇਖਣ ਵਿਚ ਅੜਚਨ ਲੱਗ ਪਵੇ ਤੇ ਜਾਂ ਰਈਸ ਅਹੁਦੇਦਾਰ ਅੰਦਰੋ-ਅੰਦਰੀਂ ਤਲਖ਼ ਹੋਣ ਲੱਗ ਪੈਣ। ਸਭ ਤੋਂ ਪਹਿਲਾ ਮਹੱਤਵਪੂਰਣ ਕੰਮ ਜੋ ਰਾਣੀ ਸਾਹਿਬਾ ਨੇ ਕੀਤਾ, ਉਹ ਸੀ ਦੀਵਾਨ ਨਾਨੂਮੱਲ ਦੇ ਭਤੀਜੇ ਦੀਵਾਨ ਚੰਦ ਪਾਸੋਂ 'ਦੀਵਾਨੀ' ਦਾ ਕੰਮ ਵਾਪਸ ਲੈ ਲਿਆ ਤੇ ਇਹ ਕੰਮ ਮੁਨਸ਼ੀ ਰਾਮ ਦਿਆਲ ਦੇ ਪੁੱਤਰ ਗੁਰਦਿਆਲ ਸਿੰਘ ਨੂੰ ਦੇ ਦਿੱਤਾ। ਇਸੇ ਤਰ੍ਹਾਂ ਸ. ਅਲਬੇਲ ਸਿੰਘ ਨੂੰ ਬੋਹਾ ਦੇ ਇਲਾਕੇ ਦਾ ਖਰਾਜ ਉਗਰਾਹੁਣ ਲਈ ਭੇਜਿਆ ਗਿਆ।

ਸੂਝਵਾਨ ਰਾਣੀ ਜਾਣਦੀ ਸੀ ਕਿ ਫ਼ੌਜੀ ਸ਼ਕਤੀ ਦੀ ਮਜ਼ਬੂਤੀ ਕਿਲ੍ਹਿਆਂ ਨਾਲ ਹੁੰਦੀ ਹੈ। ਸੋ ਉਸ ਨੇ ਰਤੀਆ ਅਤੇ ਰਾਜਗੜ੍ਹ ਦੇ ਕਿਲ੍ਹੇ ਉਸਾਰੇ। ਰਾਣਾ ਕੋਟ ਦੇ ਰਈਸ ਪਾਸੋਂ ਨਜ਼ਰਾਨਾ ਵਸੂਲ ਕੀਤਾ। ਆਪਣੇ ਭਾਈ ਨੂੰ ਨਾਲ ਲੈ ਕੇ 'ਜਮਾਲਪੁਰ' ਤੇ 'ਟੋਹਾਣਾ' ਆਦਿ ਦਾ ਦੌਰਾ ਕੀਤਾ। 'ਮਾਛੀਵਾੜੇ' ਦੇ ਸੋਢੀ ਕਰਮ ਸਿੰਘ ਤੇ 'ਲਿਧਰਾਂ' ਦੇ ਸ. ਚੜ੍ਹਤ ਸਿੰਘ ਤੋਂ ਈਨ ਮੰਨਵਾਈ। ਇਸ ਤਰ੍ਹਾਂ ਦੋਹਾਂ ਭੈਣ-ਭਰਾਵਾਂ ਨੇ ਆਪਣੇ ਪੂਰੇ ਇਲਾਕੇ ਦਾ ਦੌਰਾ ਕੀਤਾ ਤੇ ਯਥਾਯੋਗ ਤਬਦੀਲੀ ਵੀ। ਰਾਣੀ ਸਾਹਿਬ ਕੌਰ ਦੀ ਦੇਖਭਾਲ ਅਧੀਨ ਪਟਿਆਲਾ ਰਾਜ ਵਿਚ ਅਮਨ-ਚੈਨ ਹੋ ਗਿਆ।

ਰਾਣੀ ਸਾਹਿਬ ਕੌਰ ਦੀ ਦਾਨਾਈ ਦਾ ਨਾ ਕੇਵਲ ਪੇਕਿਆਂ ਵਿਚ ਹੀ ਵੱਜ-ਵਜਾ ਸੀ ਸਗੋਂ ਸਹੁਰੇ-ਘਰ ਵਿਚ ਵੀ ਉਸ ਨੂੰ ਸੂਝਵਾਨ ਜਾਣ ਕੇ ਸਤਿਕਾਰਿਆ ਜਾਂਦਾ ਸੀ। ਇਨ੍ਹਾਂ ਹੀ ਦਿਨਾਂ ਦੀ ਗੱਲ ਹੈ ਰਾਣੀ ਸਾਹਿਬ ਕੌਰ ਤਾਂ ਪਟਿਆਲੇ ਰਾਜ-ਪ੍ਰਬੰਧ ਵਿਚ ਰੁੱਝੇ ਹੋਏ ਸਨ ਕਿ ਇਨ੍ਹਾਂ ਦੇ ਪਤੀ ਸ. ਜੈਮਲ ਸਿੰਘ ਦੀ ਆਪਣੇ ਚਚੇਰੇ ਭਰਾ ਫਤਹਿ ਸਿੰਘ ਨਾਲ

ਲੜਾਈ ਹੋ ਗਈ। ਉਸ ਨੇ ਸ. ਜੈਮਲ ਸਿੰਘ ਨੂੰ ਕੈਦ ਕਰ ਲਿਆ। ਰਾਣੀ ਸਾਹਿਬ ਕੌਰ ਝੱਟ ਆਪਣੇ ਭਾਈ ਦੀ ਸਲਾਹ ਨਾਲ ਪਟਿਆਲਾ ਫ਼ੌਜ ਲੈ ਕੇ ਪੁੱਜੀ ਤੇ ਜਾ ਕੇ ਆਪਣੇ ਪਤੀ ਨੂੰ ਛੁਡਵਾ ਲਿਆ। ਰਾਣੀ ਦੀ ਇਸ ਹਰਕਤ ਦਾ ਬਾਕੀ ਦੇ ਆਕ਼ੀ ਸਰਦਾਰਾਂ ਉੱਪਰ ਚੰਗਾ ਪ੍ਰਭਾਵ ਪਿਆ। ਉਹ ਸਰਦਾਰ ਜੋ ਸਿਰ ਚੁੱਕਣ ਦੀ ਸੋਚਦੇ ਸਨ ਸੁਸਰੀ ਵਾਂਗ ਸੌਂ ਗਏ। ਹੁਣ ਰਾਣੀ ਕੁਝ ਦਿਨ ਆਪਣੇ ਪਤੀ ਕੋਲ ਠਹਿਰ ਕੇ ਉਥੋਂ ਦਾ ਸਾਰਾ ਸਥਾਨਕ ਪ੍ਰਬੰਧ ਕਰਵਾ ਕੇ ਵਾਪਸ ਪਟਿਆਲੇ ਮੁੜ ਆਈ।

5

ਰਾਣੀ ਸਾਹਿਬ ਕੌਰ ਨੂੰ ਪਟਿਆਲਾ ਰਾਜ ਦੇ ਅੰਦਰੂਨੀ ਪ੍ਰਬੰਧ ਦੀ ਉਤਨੀ ਚਿੰਤਾ ਨਹੀਂ ਸੀ ਜਿਤਨੀ ਬਾਹਰਲੀ ਸੁਰੱਖਿਆ ਦਾ ਭੈਅ ਸੀ। ਗੱਲ ਉਹੀ ਹੋਈ। ਮਰਹੱਟਿਆਂ ਦੀ ਅੱਖ ਪਟਿਆਲਾ ਰਾਜ ਉੱਪਰ ਹੀ ਰਹੀ। ਰਾਣੀ ਨੂੰ ਗਾਹੇ-ਬਗਾਹੇ ਇਹ ਖ਼ਬਰ ਮਿਲਦੀ ਰਹਿੰਦੀ ਕਿ ਮਰਹੱਟੇ ਪਟਿਆਲਾ ਰਾਜ ਉੱਪਰ ਹਮਲਾ ਕਰਨ ਦੀ ਤਿਆਰੀ ਕਰ ਰਹੇ ਹਨ। ਰਾਣੀ ਵੀ ਇਸ ਗੱਲੋਂ ਅਵੇਸਲੀ ਨਹੀਂ ਸੀ ਤੇ ਉਨ੍ਹਾਂ ਦੇ ਜਵਾਬੀ ਹਮਲੇ ਲਈ ਪੂਰੀ ਤਰ੍ਹਾਂ ਤਿਆਰ ਸੀ। ਦਰਅਸਲ ਮਰਹੱਟੇ ਇਹ ਸੋਚ ਰਹੇ ਸਨ ਕਿ ਪਟਿਆਲਾ ਰਾਜ ਦੀ ਰਾਜਸੀ ਸੱਤਾ ਇਕ ਤਰ੍ਹਾਂ ਇਸਤਰੀ ਦੇ ਹੱਥਾਂ ਵਿਚ ਹੈ ਤੇ ਉਹ ਸਾਡੇ ਹਮਲੇ ਨਾਲ ਡਰ ਜਾਏਗੀ ਤੇ ਸਾਡੀ ਈਨ ਮੰਨ ਲਵੇਗੀ। ਇਸੇ ਵਿਚਾਰ ਅਧੀਨ ਮਰਹੱਟਿਆਂ ਨੇ ਪਟਿਆਲੇ ਨੂੰ ਲਿਖਿਆ "ਮੁਗਲ ਰਾਜ ਨੂੰ ਹਾਰ ਦੇਣ ਮਗਰੋਂ ਸਾਡਾ ਇੱਧਰ ਆਉਣ ਦਾ ਉਦੇਸ਼ ਸਤਲੁਜ ਤੇ ਜਮਨਾ ਦੇ ਵਿਚਕਾਰਲੇ ਰਈਸਾਂ ਤੋਂ ਈਨ ਮੰਨਵਾਉਣਾ ਹੈ। ਚੰਗਾ ਹੋਵੇ ਜੇ ਲੜਾਈ ਦਾ ਖ਼ਿਆਲ ਛੱਡ ਕੇ ਤੁਸੀਂ ਸਾਡੀ ਈਨ ਮੰਨ ਲਉ ਤੇ ਸਾਨੂੰ ਪਟਿਆਲੇ ਆਉਣ ਦਾ ਸੱਦਾ ਦਿਓ।" ਇਸ ਸੁਨੇਹੇ ਦੇ ਪੁੱਜਦੇ ਸਾਰ ਰਾਣੀ ਸਾਹਿਬਾ ਨੇ ਇਕ ਦਰਬਾਰ ਬੁਲਾਇਆ। ਜਿਸ ਵਿਚ ਜੀਂਦ, ਨਾਭਾ, ਕੈਥਲ ਦੇ ਰਈਸਾਂ ਤੋਂ ਇਲਾਵਾ ਪਟਿਆਲੇ ਰਾਜ ਦੇ ਫ਼ੌਜੀ ਅਫ਼ਸਰ, ਭਾਈਚਾਰਾ ਤੇ ਹੋਰ ਅਹਿਲਕਾਰ ਵੀ ਸ਼ਾਮਲ ਹੋਏ। ਨਾਇਬ ਵਜ਼ੀਰ ਤਾਰਾ ਸਿੰਘ ਨੇ ਇਹ ਨੋਟਿਸ ਸਾਰੇ ਦਰਬਾਰ ਵਿਚ ਪੜ੍ਹ ਕੇ ਸੁਣਾਇਆ। ਹੁਣ ਸਾਰਿਆਂ ਨੇ ਆਪੋ-ਆਪਣਾ ਮਤ ਪੇਸ਼ ਕੀਤਾ ਪਰ ਰਾਣੀ ਸਾਹਿਬ ਕੌਰ ਦੇ ਵਿਚਾਰ ਵਿਚ ਮਰਹੱਟਿਆਂ ਦੇ ਆਉਣ ਨਾਲ ਰਾਜ ਵਿਚ ਖਲਬਲੀ ਮੱਚ ਜਾਵੇਗੀ। ਜੇ ਅੱਜ ਅਸੀਂ ਈਨ ਮੰਨ ਲਈ ਤਾਂ ਇਹ ਵੀ ਹੋ ਸਕਦਾ ਹੈ ਕਿ ਉਹ ਹਮੇਸ਼ਾ ਸਾਡੇ ਰਾਜ ਤੋਂ ਵਸੂਲੀ ਲਈ ਆਇਆ ਕਰਨ। ਇਸ ਤਰ੍ਹਾਂ ਅਸੀਂ ਸਦਾ ਲਈ ਗ਼ੁਲਾਮ ਹੋ ਜਾਵਾਂਗੇ। ਗ਼ੁਲਾਮੀ ਦੀ ਜ਼ਿੰਦਗੀ ਜਿਉਣ ਨਾਲੋਂ ਮੇਰੀ ਜਾਚੇ ਇਨ੍ਹਾਂ ਨਾਲ ਟੱਕਰ ਲਈ ਜਾਵੇ ਜੋ ਹਮੇਸ਼ਾ ਲਈ ਪਟਿਆਲੇ ਰਾਜ ਦਾ ਨਾਮ ਭੁੱਲ ਜਾਣ। ਰਾਣੀ ਨੇ ਇਹ ਸਾਰਾ ਕੁਝ ਇਤਨੇ ਜੋਸ਼ ਨਾਲ ਕਿਹਾ ਕਿ ਦਰਬਾਰ ਵਿਚ ਬੈਠੇ ਅਮੀਰਾਂ-ਵਜ਼ੀਰਾਂ ਦੇ ਡੌਲੇ ਫਰਕਣ ਲੱਗ ਪਏ ਤੇ ਸਾਰਿਆਂ ਨੇ ਇਕੋ ਆਵਾਜ਼ ਵਿਚ ਕਿਹਾ ਕਿ ਮਰਹੱਟਿਆਂ ਨਾਲ ਮੁਕਾਬਲਾ ਕੀਤਾ ਜਾਵੇ।

ਹੁਣ ਰਾਣੀ ਨੇ ਲਿਖਤੀ ਜਵਾਬ ਭੇਜਿਆ ਤੇ ਬੜੇ ਹੀ ਦਲੇਰਾਨਾ ਢੰਗ ਨਾਲ ਉਨ੍ਹਾਂ ਨੂੰ ਪੁੱਛਿਆ, "ਤੁਸੀਂ ਪਟਿਆਲੇ ਰਾਜ ਤੋਂ ਈਨ ਮਨਾਉਣ ਵਾਲੇ ਹੁੰਦੇ ਕੌਣ ਓ ? ਤੁਸੀਂ ਜੋ ਵੀ ਕਰ ਸਕਦੇ ਹੋ ਕਰੋ। ਅਸੀਂ ਲੜ ਮਰਾਂਗੇ ਪਰ ਤੁਹਾਡੀ ਈਨ ਨਹੀਂ ਮੰਨਾਂਗੇ।"

ਮਰਹੱਟੇ ਸਰਦਾਰ ਸੰਦੇਸ਼ੇ ਦਾ ਉੱਤਰ ਪੜ੍ਹ ਕੇ ਸੜ-ਬਲ ਗਏ। ਇੱਧਰ ਰਾਣੀ ਸਾਹਿਬਾਂ ਨੇ ਆਪਣੇ ਸਾਰੇ ਸਰਦਾਰਾਂ ਨੂੰ ਆਪੋ-ਆਪਣੀ ਫ਼ੌਜ ਸਮੇਤ ਮਰਦਾਨ ਪੁਰ ਪੁੱਜਣ ਲਈ ਕਿਹਾ। ਮਹਾਰਾਜਾ ਸਾਹਿਬ ਸਿੰਘ ਪਟਿਆਲੇ ਹੀ ਰਹੇ ਤੇ ਰਾਣੀ ਸਾਹਿਬ ਕੌਰ ਆਪ ਪਟਿਆਲੇ ਦੀਆਂ ਸ਼ਾਹੀ ਫ਼ੌਜਾਂ ਸਮੇਤ ਤੇ ਆਪਣੇ ਨਾਮੀ ਸਰਦਾਰਾਂ ਸਮੇਤ ਮਰਦਾਨ ਪੁਰ ਵੱਲ ਤੁਰ ਪਈ। ਇਸ ਸਮੇਂ ਪਟਿਆਲੇ ਰਾਜ ਦੀ ਫ਼ੌਜ ਦੇ ਜਵਾਨ ਲਗਭਗ 7,000 ਸਨ। ਦੂਜੇ ਪਾਸੇ, ਮਰਹੱਟੇ ਆਪਣੀਆਂ ਫ਼ੌਜਾਂ ਸਮੇਤ ਆ ਪੁੱਜੇ। ਇਨ੍ਹਾਂ ਦੇ ਕੋਲ ਕੋਈ 25 ਤੋਂ 30 ਹਜ਼ਾਰ ਜਵਾਨ ਸਨ। ਇਕ ਪਾਸੇ ਰਾਣੀ ਸਾਹਿਬ ਕੌਰ, ਸ. ਜੋਧ ਸਿੰਘ ਕਲਸੀਆਂ, ਤਾਰਾ ਸਿੰਘ ਬੈਂਬਾ, ਤਾਰਾ ਸਿੰਘ ਨਾਇਬ ਵਜ਼ੀਰ, ਭਾਗ ਸਿੰਘ ਥਾਨੇਸਰੀ, ਭਾਗ ਸਿੰਘ ਜੀਂਦ ਤੇ ਮਲੇਰਕੋਟਲੇ ਦੀ ਫ਼ੌਜ ਆਦਿ ਸੀ। ਦੂਜੇ ਪਾਸੇ, ਅੰਟਾ ਰਾਉ ਅਤੇ ਲਛਮਨ ਰਾਉ ਦੇ ਅਧੀਨ ਫ਼ੌਜ ਸੀ।

ਪਟਿਆਲਾ ਫ਼ੌਜ ਰਾਣੀ ਸਾਹਿਬ ਕੌਰ ਦੀ ਅਗਵਾਈ ਵਿਚ ਅੱਗੇ ਵਧੀ। ਰਾਜਪੁਰੇ ਨੂੰ ਪਾਰ ਕਰ ਕੇ ਮੁਗਲ ਸਰਾਏ ਦੇ ਲਾਗੇ ਘੱਗਰ ਦਰਿਆ ਦੇ ਨੇੜੇ ਇਕ ਸ਼ਹੀਦੀ ਅਸਥਾਨ ਹੈ, ਜਿਥੇ ਸ. ਮਿੱਤ ਸਿੰਘ ਡੱਲੇਵਾਲੀ ਤੇ ਹੋਰ ਸਿੰਘਾਂ ਦੀ ਸ਼ਹੀਦੀ ਹੋਈ ਸੀ। ਇਥੇ ਰਾਣੀ ਸਾਹਿਬਾਂ ਨੇ ਫ਼ੌਜ ਦੇ ਹੋਰ ਮੁੱਖੀਆਂ ਸਮੇਤ ਅਰਦਾਸਾ ਸੋਧਿਆ ਤੇ ਮੰਨਤ ਮੰਨੀ ਕਿ ਜੇ ਰਾਣੀ ਸਾਹਿਬਾ ਦੀ ਫ਼ੌਜ ਜਿੱਤ ਜਾਵੇਗੀ ਤਾਂ ਉਹ ਸ਼ਹੀਦਾਂ ਦੇ ਅਸਥਾਨ ਦੀ ਸੇਵਾ ਕਰਾਏਗੀ। ਅਰਦਾਸਾ ਕਰਨ ਤੋਂ ਬਾਅਦ ਰਾਣੀ ਦਾ ਮਨ ਚੜ੍ਹਦੀ ਕਲਾ ਵਿਚ ਸੀ। ਉਸ ਨੂੰ ਆਪਣੀ ਜਿੱਤ ਨਿਸ਼ਚਿਤ ਜਾਪੀ। ਇਸ ਵੇਲੇ ਰਾਣੀ ਦਾ ਚਿਹਰਾ ਕਿਸੇ ਇਲਾਹੀ ਜਲੌਅ ਨਾਲ ਭਖ ਰਿਹਾ ਸੀ। ਰਾਣੀ ਦਾ ਘੋੜਾ ਤੇਜ਼ ਕਦਮੀਂ ਚੱਲ ਰਿਹਾ ਸੀ। ਅਜੀਬ ਉਤਸ਼ਾਹ ਸੀ ਉਸ ਦੇ ਬੋਲਾਂ ਵਿਚ।

ਹੁਣ ਦੋਵੇਂ ਫ਼ੌਜਾਂ ਆਹਮੋ-ਸਾਹਮਣੇ ਸਨ। ਰਾਣੀ ਨੇ ਮੈਦਾਨ ਵਿਚ ਨਿੱਤਰਨ ਤੋਂ ਪਹਿਲਾਂ ਅੰਟਾ ਰਾਉ ਨੂੰ ਵੰਗਾਰਿਆ, "ਤੁਹਾਡਾ ਪਟਿਆਲੇ ਰਾਜ ਨਾਲ ਨਾ ਕੋਈ ਝਗੜਾ ਹੈ ਤੇ ਨਾ ਵਿਰੋਧ, ਸਾਨੂੰ ਅਮਨ-ਚੈਨ ਨਾਲ ਵਸਦਿਆਂ ਨੂੰ ਤੁਸੀਂ ਨਾਜਾਇਜ਼ ਦੁੱਖ ਦੇਣ ਆਏ ਹੋ। ਅਸੀਂ ਮਰਾਂਗੇ ਜਾਂ ਮਾਰਾਂਗੇ ਪਰ ਤੁਹਾਡੀ ਈਨ ਨਹੀਂ ਮੰਨਾਂਗੇ। ਆਓ ਉਤਰੋ ਮੈਦਾਨ ਵਿਚ ਤੇ ਸਾਡੇ ਹੱਥ ਵੇਖੋ।"

ਮਰਹੱਟਿਆਂ ਨੇ ਜੰਗ ਦਾ ਬਿਗਲ ਵਜਾਇਆ। ਦੋਵੇਂ ਫ਼ੌਜਾਂ ਆਪੋ-ਆਪਣੇ ਮੋਰਚਿਆਂ ਉਤੇ ਡਟ ਗਈਆਂ। ਕੋਈ ਦੋ ਘੰਟੇ ਘਮਾਸਾਨ ਦਾ ਯੁੱਧ ਹੋਇਆ। ਪਟਿਆਲਾ ਫ਼ੌਜ ਦਾ ਜੌਹਰ ਵੇਖ ਕੇ ਅੰਟਾ ਰਾਉ ਆਪ ਘੋੜੇ ਤੋਂ ਉਤਰ ਆਇਆ ਤੇ ਸਿਪਾਹੀਆਂ ਨੂੰ ਜੋਸ਼ ਦਿਵਾਉਣ ਲੱਗਾ। ਅੰਟਾ ਰਾਉ ਦੇ ਜੋਸ਼ ਭਰੇ ਸ਼ਬਦਾਂ ਨੇ ਇਕ ਵਾਰ ਫਿਰ ਨੌਜਵਾਨਾਂ ਵਿਚ ਰੋਹ ਜਗਾਇਆ। ਇੱਧਰ ਪਟਿਆਲਾ ਫ਼ੌਜ ਦੇ ਪੈਰ ਉਖੜਨ ਲੱਗੇ। ਹੁਣ ਰਾਣੀ ਸਾਹਿਬ ਕੌਰ ਨੇ ਬੀਰ ਬਾਣਾ ਪਾਇਆ, ਹੱਥ ਵਿਚ ਸ਼ਮਸ਼ੀਰ ਫੜ ਲਈ ਤੇ ਆਪ ਮੈਦਾਨ ਵਿਚ ਆ ਡਟੀ। ਰਾਣੀ ਦੀਆਂ ਅੱਖਾਂ ਵਿਚੋਂ ਲਹੂ ਚੋਅ ਰਿਹਾ ਸੀ। ਚਿਹਰਾ ਚਮਕ ਰਿਹਾ ਸੀ। ਹੱਥ ਬਿਜਲੀ ਦੀ ਫੁਰਤੀ ਨਾਲ ਚੱਲ ਰਹੇ ਸਨ। ਇਸ ਦ੍ਰਿਸ਼ ਨੂੰ ਪ੍ਰੋ. ਮੋਹਨ ਸਿੰਘ ਨੇ ਆਪਣੀ ਵਾਰ ਵਿਚ ਇਸ ਤਰ੍ਹਾਂ ਚਿੱਤਰਿਆ ਹੈ :

ਤੱਕ ਸਿੰਘਾਂ ਨੂੰ ਨਿੱਘਰਦਾ ਉਹ ਸਿਦਕੀ ਰਾਣੀ,

ਉੱਤਰੀ ਸਾਖੀ ਉੱਪਰੋਂ ਜਿਉਂ ਪਹਾੜੋਂ ਪਾਣੀ ।
ਉਹ ਬੁੱਧੀ ਸ਼ੀਹਣੀ ਵਾਂਗਰਾਂ, ਧੂਹ ਤੇਗ ਅਲਾਣੀ,
ਤੁਸੀਂ ਸਿੰਘ ਗੁਰੂ ਦਸਮੇਸ਼ ਦੇ ਨਾ ਗੱਲ ਗਵਾਣੀ ।
ਤੁਸੀਂ ਬਾਜ਼ ਉਡਾਰੂ ਗ਼ਜ਼ਬ ਦੇ ਉਹ ਚਿੜੀਆਂ ਢਾਣੀ,
ਤੁਸੀਂ ਇੱਕ ਇਕ ਭਾਰੂ ਲੱਖਾਂ ਤੇ ਕੁਝ ਗ਼ੈਰਤ ਖਾਣੀ ।
ਤੁਸਾਂ ਰੱਤ ਰੱਜ ਪੀਤਾ ਸੁਹਣਿਉਂ ਪੰਜਾਬ ਦਾ ਪਾਣੀ,
ਤੁਸੀਂ ਅੰਟਾ ਰਾਉ ਮਰਹੱਟੇ ਤੋਂ ਨਾ ਕੰਡ ਲਵਾਣੀ ।
ਤੁਸੀਂ ਆਏ ਬਚਾਂਦੇ ਵੀਰਨੋਂ ਲੱਖ ਭੈਣ ਬਿਗਾਣੀ,
ਅੱਜ ਕੌਲਿਆਂ ਛੱਡ ਕੇ ਭੈਣ ਨੂੰ ਨਾ ਲੀਕ ਲਵਾਣੀ ।

ਰਾਣੀ ਦੇ ਜੋਸ਼ੀਲੇ ਬੋਲਾਂ ਨੇ ਪਟਿਆਲਾ ਫ਼ੌਜ ਦੇ ਥਿੜਕਦੇ ਪੈਰਾਂ ਨੂੰ ਇਕ ਵਾਰ ਫ਼ਿਰ ਜਮਾ ਦਿੱਤਾ । ਹੁਣ ਮਰਹੱਟਾ ਫ਼ੌਜ ਦੇ ਰਣਜੀਤ ਰਾਉ ਨੇ ਰਾਣੀ ਸਾਹਿਬ ਕੌਰ ਨੂੰ ਵੰਗਾਰਿਆ । ਇਹ ਸਰਦਾਰ ਇਸ ਤੋਂ ਪਹਿਲਾਂ ਕਈ ਜੰਗਾਂ ਵਿਚ ਲੜ ਚੁੱਕਾ ਸੀ ਤੇ ਬੜਾ ਬਹਾਦਰ ਸੀ । ਰਾਣੀ ਨੇ ਇਸ ਦੀ ਵੰਗਾਰ ਕਬੂਲ ਕਰ ਲਈ ਤੇ ਉਹਨੇ ਇਕ ਵਾਰ ਫ਼ਿਰ ਆਪਣੀ ਫ਼ੌਜ ਨੂੰ ਫ਼ਿਰ ਹੱਲਾਸ਼ੇਰੀ ਦਿੱਤੀ ਤੇ ਉਸ ਦੇ ਮੁਕਾਬਲੇ ਵਿਚ ਨਿੱਤਰ ਪਈ । ਰਾਣੀ ਸਾਹਿਬ ਕੌਰ ਇਸ ਵੇਲੇ ਅਜਿਹੇ ਰੌਹ ਵਿਚ ਆਈ ਕਿ ਰਣਜੀਤ ਰਾਉ ਨੂੰ ਉਸ ਦਾ ਸਹੀ ਅੰਦਾਜ਼ਾ ਹੀ ਨਾ ਲੱਗਾ । ਰਾਣੀ ਨੇ ਐਸਾ ਵਾਰ ਕੀਤਾ ਕਿ ਰਣਜੀਤ ਰਾਉ ਘੋੜੇ ਤੋਂ ਡਿੱਗ ਪਿਆ ਤੇ ਦਮ ਤੋੜ ਗਿਆ । ਰਣਜੀਤ ਰਾਉ ਦੇ ਮਰਨ ਦੀ ਢਿੱਲ ਸੀ ਕਿ ਮਰਹੱਟਿਆਂ ਨੇ ਇਕ ਵਾਰ ਫ਼ਿਰ ਪੂਰਾ ਤਾਣ ਲਾ ਕੇ ਹਮਲਾ ਕੀਤਾ । ਹੁਣ ਰਾਣੀ ਬੱਦਲ ਵਾਂਗ ਗਰਜੀ, "ਮੇਰੇ ਖ਼ੀਰ ਸਿਪਾਹੀਓ, ਅੱਜ ਮੇਰੀ ਇੱਜ਼ਤ-ਆਬਰੂ ਤੁਹਾਡੇ ਹੱਥ ਏ । ਆਪਣੀ ਭੈਣ ਨੂੰ ਵੈਰੀ ਹੱਥੋਂ ਨਾ ਮਰਨ ਦਿਓ । ਇਕ ਵਾਰ ਅਜਿਹਾ ਜ਼ੋਰ ਲਾਓ ਕਿ ਵੈਰੀ ਹਮੇਸ਼ਾ ਤੁਹਾਨੂੰ ਯਾਦ ਰੱਖੇ ।"

ਹੁਣ ਫ਼ੌਜ ਵਿਚ ਫ਼ਿਰ ਉਤਸ਼ਾਹ ਜਾਗ ਪਿਆ ਤੇ ਦਿਨ ਢਲਣ ਤਕ ਪਟਿਆਲਾ ਫ਼ੌਜ ਪੂਰੇ ਜੋਸ਼ ਨਾਲ ਲੜਦੀ ਰਹੀ । ਅਖ਼ੀਰ ਰਾਤ ਵੇਲੇ ਰਾਣੀ ਨੇ ਕੌਂਸਲ ਬੁਲਾ ਕੇ ਇਹ ਫ਼ੈਸਲਾ ਕੀਤਾ ਕਿ ਦੁਸ਼ਮਣ ਇਸ ਵੇਲੇ ਥੱਕ ਕੇ ਚੂਰ ਹੋ ਚੁੱਕਾ ਹੈ । ਇਸ ਵੇਲੇ ਜੰਗੀ ਨੀਤੀ ਇਹ ਕਹਿੰਦੀ ਏ ਕਿ ਅਸੀਂ ਗਿਣਤੀ ਵਿਚ ਥੋੜ੍ਹੇ ਹਾਂ ਤੇ ਉਹ ਬਹੁਤੇ । ਇਸ ਮੌਕੇ ਦਾ ਫ਼ਾਇਦਾ ਉਠਾ ਕੇ, ਸੁੱਤੀ ਫ਼ੌਜ ਉਤੇ ਹਮਲਾ ਕਰ ਦੇਈਏ, ਤਾਂਕਿ ਸਾਡੀ ਜਿੱਤ ਨਿਸ਼ਚਿਤ ਹੀ ਹੋਵੇ ।

ਰਾਣੀ ਦੀ ਗੱਲ ਸੁਣ ਕੇ ਸ. ਜੋਧ ਜੋਧ ਸਿੰਘ ਬੋਲਿਆ, "ਰਾਣੀ ਜੀ, ਦੁਸ਼ਮਣ ਦੀ ਗਿਣਤੀ ਅੱਗੇ ਸਾਡੀ ਫ਼ੌਜ ਬਹੁਤ ਥੋੜ੍ਹੀ ਹੈ । ਚੰਗਾ ਤਾਂ ਇਹੀ ਰਹੇਗਾ ਕਿ ਅਸੀਂ ਪਿੱਛੇ ਹਟ ਜਾਈਏ । ਜੇ ਨਹੀਂ ਤਾਂ ਤੁਸੀਂ ਵਾਪਸ ਪਟਿਆਲੇ ਚਲੇ ਜਾਓ । ਅਸੀਂ ਸਾਰੀ ਫ਼ੌਜ ਲੜ ਮਰਾਂਗੇ ਪਰ ਹਾਰ ਕੇ ਪਿੱਛੇ ਨਹੀਂ ਪਰਤਾਂਗੇ ।" ਪਰ ਰਾਣੀ ਸਾਹਿਬ ਕੌਰ ਨੇ ਸ. ਜੋਧ ਸਿੰਘ ਨੂੰ ਬੜੇ ਧੀਰਜ ਨਾਲ ਸਮਝਾਇਆ, "ਵੀਰ ਮੇਰੇ, ਨਾ ਮੈਨੂੰ ਜੰਗ ਤੋਂ ਡਰ ਲੱਗਦਾ ਏ ਨਾ ਮੌਤ ਤੋਂ । ਮੈਂ ਜੀਵਾਂਗੀ ਵੀ ਤੁਹਾਡੇ ਨਾਲ ਤੇ ਮਰਾਂਗੀ ਵੀ ਇਸੇ ਮੈਦਾਨ ਵਿਚ । ਤੁਹਾਡੇ ਸਾਰਿਆਂ ਨਾਲ । ਪਰ ਆਪਣੇ ਨਾਮ ਉਤੇ ਇਹ ਦਾਗ ਬਿਲਕੁਲ ਨਹੀਂ ਲੱਗਣ ਦਿਆਂਗੀ ਕਿ ਔਰਤ ਹੋਣ ਕਰ ਕੇ ਹਾਰ ਗਈ । ਮੇਰੀ ਸੋਚੀ-ਸਮਝੀ ਰਾਇ ਇਹੀ ਹੈ ਕਿ

ਦੁਸ਼ਮਣ ਨੂੰ ਜੁਗਤ ਨਾਲ ਮਾਰੀਏ । ਉਂਜ ਮੈਂ ਇਹ ਜਾਣਦੀ ਹਾਂ ਕਿ ਅਸੀਂ ਤਾਕਤ ਨਾਲ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੇ । ਉਨ੍ਹਾਂ ਦੀ ਫ਼ੌਜ ਸਾਡੇ ਤੋਂ ਚਾਰ ਗੁਣਾਂ ਵੱਧ ਹੈ ।" ਰਾਣੀ ਦੇ ਉਤਸ਼ਾਹ ਭਰੇ ਬੋਲਾਂ ਨੂੰ ਸੁਣ ਕੇ ਸਾਰੇ ਸਰਦਾਰ ਇਕਮੱਤ ਹੋ ਕੇ ਬੋਲੇ, "ਠੀਕ ਹੈ, ਅੱਧੀ ਰਾਤ ਨੂੰ ਹਮਲਾ ਕਰਾਂਗੇ ।"

ਦਿੱਤੀ ਸਾਹਿਬ ਕੌਰ ਨੇ ਮੁੜ ਹੱਲਾ-ਸ਼ੇਰੀ,
ਅੱਧਾ ਮਾਰ ਸ਼ਿਕਾਰ ਨੂੰ ਕਿਉਂ ਢਾਵੇ ਢੇਰੀ ।
ਜੇ ਪਾਣੀ ਪੀਵੋ ਘੁੱਟ ਵੀ ਪੀਵੋ ਰੱਤ ਮੇਰੀ,
ਜੇ ਸ਼ਸਤਰ ਲਾਹੋ ਪਿੰਡਿਓਂ ਲਾਹੋ ਪੱਤ ਮੇਰੀ ।
ਉਹ ਨਾਲ ਥਕੇਵੇਂ ਟੁੱਟ ਕੇ ਹੋਏ ਨੇ ਢੇਰੀ,
ਉਠ ਚਲੋ ਉਨ੍ਹਾਂ ਤੇ ਟੁੱਟੀਏ ਚੜ੍ਹ ਵਾਂਗ ਹਨੇਰੀ ।
ਉਹ ਨੀਂਦ ਵਿਗੁੱਤੇ ਸੋਹਣਿਓਂ ਹੁਣ ਕਰੋ ਨਾ ਦੇਰੀ,
ਮੁੜ ਮੁੜ ਹੱਥ ਨਹੀਂ ਆਉਣੀ ਇਹ ਰਾਤ ਹਨੇਰੀ ।

ਇੱਧਰ ਮਰਹੱਟੇ ਥੱਕੇ-ਹਾਰੇ ਸੁੱਤੇ ਪਏ ਸਨ ਕਿ ਪਟਿਆਲਾ ਫ਼ੌਜ ਘੋੜਿਆਂ ਉਤੇ ਚੜ੍ਹ ਕੇ ਮਰਹੱਟਿਆਂ ਦੇ ਕੈਂਪ ਵਿਚ ਜਾ ਵੜੀ । ਮਰਹੱਟਿਆਂ ਵਿਚ ਭੱਜ-ਦੌੜ ਮੱਚ ਗਈ । ਅੰਬਾ ਰਾਉ ਤੇ ਲਛਮਨ ਰਾਉ ਨੇ ਆਪਣੀ ਫ਼ੌਜ ਦੇ ਸਿਪਾਹੀਆਂ ਨੂੰ ਬੜਾ ਜੋਸ਼ ਦਿਵਾਇਆ ਪਰ ਸਭ ਬੇਕਾਰ । ਉਨ੍ਹਾਂ ਨੇ ਅਸਲ ਵਿਚ ਇਹ ਸਮਝ ਲਿਆ ਕਿ ਪਟਿਆਲੇ ਤੋਂ ਹੋਰ ਫ਼ੌਜ ਆ ਗਈ ਹੈ । ਨਤੀਜੇ ਵੱਜੋਂ, ਭੱਜੀ ਜਾਂਦੀ ਫ਼ੌਜ ਨੂੰ ਵੇਖ ਕੇ ਅੰਟਾ ਰਾਉ ਤੇ ਲਛਮਣ ਰਾਉ ਇਹ ਸੋਚਣ ਲਈ ਮਜਬੂਰ ਹੋ ਗਏ ਕਿ ਉਨ੍ਹਾਂ ਦਾ ਮੁਕਾਬਲਾ ਕਰ ਰਹੀ ਇਸਤਰੀ ਕੋਈ ਸਾਧਾਰਣ ਰਾਣੀ ਨਹੀਂ ਸਗੋਂ ਜੰਗੀ ਨੀਤੀਆਂ ਤੋਂ ਚੰਗੀ ਤਰ੍ਹਾਂ ਜਾਣੂ ਹੈ । ਸੋ ਉਨ੍ਹਾਂ ਨੇ ਵੀ ਪਿੱਛੇ ਹਟਣ ਵਿਚ ਹੀ ਭਲਾ ਸੋਚਿਆ । ਅਖ਼ੀਰ, ਰਾਣੀ ਸਾਹਿਬ ਕੌਰ ਦੀ ਸੂਝ-ਸਮਝ ਤੇ ਦ੍ਰਿੜ੍ਹ ਹੌਸਲੇ ਨੇ ਹੀ ਜਿੱਤ ਦਾ ਸਿਹਰਾ ਪਟਿਆਲਾ ਫ਼ੌਜ ਦੇ ਸਿਰ ਪਾਇਆ । ਹੁਣ ਮਰਹੱਟੇ ਸਰਦਾਰਾਂ ਨੇ ਪਾਣੀਪਤ ਦਾ ਰਾਹ ਲਿਆ । ਮਹਾਰਾਣੀ ਆਪਣੇ ਵਿਸ਼ਵਾਸ ਵਿਚ ਬੜੀ ਪੱਕੀ ਸੀ । ਉਸ ਨੇ ਆਪਣੇ ਸਾਰੇ ਸਰਦਾਰਾਂ ਨੂੰ ਰਾਹ ਵਿਚ ਸ਼ਹੀਦੀ ਅਸਥਾਨ ਉਤੇ ਰੁਕਣ ਲਈ ਕਿਹਾ । ਰਾਣੀ ਨੇ ਇਥੇ ਖੁੱਲ੍ਹੀ ਦੇਗ ਕਰਵਾਈ ਤੇ ਨਾਲ ਹੀ 300 ਵਿੱਘੇ ਜ਼ਮੀਨ ਇਸ ਗੁਰਦੁਆਰੇ ਦੇ ਨਾਮ ਲੁਆਈ । ਅੱਜ ਪਟਿਆਲੇ ਸ਼ਹਿਰ ਵਿਚ ਬੜੀ ਧੂਮਧਾਮ ਸੀ । ਰਾਣੀ ਸਾਹਿਬ ਕੌਰ ਮਰਹੱਟੇ ਸਰਦਾਰਾਂ ਨੂੰ ਹਰਾ ਕੇ ਜਿੱਤ ਦਾ ਡੰਕਾ ਵਜਾਉਂਦੀ ਹੋਈ ਵਾਪਸ ਆਪਣੇ ਵੀਰ ਦੇ ਸ਼ਹਿਰ ਪਰਤ ਰਹੀ ਸੀ ।

6

ਰਾਣੀ ਸਾਹਿਬ ਕੌਰ ਦੇ ਪਟਿਆਲੇ ਆਉਣ ਨਾਲ ਪਟਿਆਲਾ ਰਾਜ ਨਾਲ ਵੈਰ-ਵਿਰੋਧ ਰੱਖਣ ਵਾਲੇ ਲੋਕ ਹੋਰ ਵੀ ਦੁੱਖੀ ਹੋ ਗਏ । ਜਿਵੇਂ-ਜਿਵੇਂ ਪਟਿਆਲਾ ਰਾਜ ਦਾ ਗੌਰਵ ਵਧ ਰਿਹਾ ਸੀ, ਦ੍ਵੈਖੀਆਂ ਦੇ ਅੰਦਰ ਈਰਖਾ ਦੇ ਭਾਂਬੜ ਹੋਰ ਤੇਜ਼ੀ ਨਾਲ ਭੜਕ ਰਹੇ ਸਨ । ਇਹੀ ਹਾਲਤ ਸੀ ਨਵਾਬ ਮਲੇਰਕੋਟਲੇ ਦੀ । ਇਹ ਨਵਾਬ ਮਹਾਰਾਜਾ ਆਲਾ ਸਿੰਘ ਦੇ ਸਮੇਂ ਤੋਂ ਹੀ ਪਟਿਆਲਾ ਰਾਜ ਦਾ ਦੋਖੀ ਰਿਹਾ ਤੇ ਹਮੇਸ਼ਾ ਵਿਰੋਧ ਹੀ ਕਰਦਾ ਰਿਹਾ । ਇਸ ਦਾ

ਇਕੋ-ਇਕ ਕਾਰਣ ਸੀ ਕਿ ਪਟਿਆਲਾ ਰਾਜ ਅਹਿਮਦਸ਼ਾਹ ਅਬਦਾਲੀ ਨਾਲ ਚੰਗੇ ਸੰਬੰਧ ਰੱਖਦਾ ਸੀ। ਇਸ ਤਰ੍ਹਾਂ ਇਹ ਵਿਦੇਸ਼ੀਆਂ ਦੀ ਨਜ਼ਰ ਵਿਚ ਚੰਗਾ ਬਣਦਾ ਸੀ। ਰਾਣੀ ਸਾਹਿਬ ਕੌਰ ਦੇ ਸਮੇਂ ਨਿੱਕੇ-ਨਿੱਕੇ ਤਣਾਉ ਅਨੇਕ ਵਾਰ ਪੈਦਾ ਹੋਏ ਪਰ ਉਹ ਹਰ ਵਾਰ ਆਪਣੇ ਪਿਤਾ ਨਾਲ ਹੋਏ ਇਕਰਾਰਨਾਮੇ ਦੀ ਯਾਦ ਕਰਵਾ ਕੇ ਉਨ੍ਹਾਂ ਨੂੰ ਚੁੱਪ ਕਰਵਾ ਦਿੰਦੀ ਰਹੀ।

ਮਰਹੱਟਿਆਂ ਨੂੰ ਹਰਾਉਣ ਮਗਰੋਂ ਪੰਜਾਬ ਦੇ ਮਿਸਲਦਾਰ ਰਾਣੀ ਸਾਹਿਬ ਕੌਰ ਨੂੰ ਨਾ ਕੇਵਲ ਅਦਬ-ਸਤਿਕਾਰ ਨਾਲ ਵੇਖਦੇ, ਸਗੋਂ ਆਪਣੇ ਤੋਂ ਸ਼ਕਤੀਸ਼ਾਲੀ ਮੰਨ ਕੇ ਲੋੜ ਪੈਣ ਉਤੇ ਸਹਾਇਤਾ ਵੀ ਮੰਗ ਲੈਂਦੇ। ਹਾਰਨ ਤੋਂ ਬਾਅਦ ਮਰਹੱਟੇ ਸਰਦਾਰ ਚੈਨ ਨਾਲ ਨਹੀਂ ਬੈਠੇ। ਉਨ੍ਹਾਂ ਨੇ ਇਕ ਵਾਰ ਫਿਰ ਨਾਨਾ ਰਾਉ ਦੀ ਅਗਵਾਈ ਹੇਠ ਜਮਨਾ ਤੇ ਸਤਲੁਜ ਦੇ ਵਿਚਕਾਰਲੇ ਇਲਾਕੇ ਵੱਲ ਲਾਲਚੀ ਨਜ਼ਰਾਂ ਨਾਲ ਵੇਖਿਆ। ਪਰ ਇਸ ਵਾਰ ਉਹ ਸਿੱਧੇ ਪਟਿਆਲੇ ਵਲ ਨਹੀਂ ਆਏ। ਸਗੋਂ ਕਰਨਾਲ ਤੇ ਥਾਨੇਸਰ ਆਦਿ ਨੂੰ ਕਬਜ਼ੇ ਵਿਚ ਕੀਤਾ। ਇਥੋਂ ਇਨ੍ਹਾਂ ਦਾ ਹੌਂਸਲਾ ਵਧ ਗਿਆ ਤੇ ਇਨ੍ਹਾਂ ਨੇ ਕੈਥਲ ਵੱਲ ਰੁਖ਼ ਕੀਤਾ। ਇਸ ਸਮੇਂ ਕੈਥਲ ਰਾਜ ਦਾ ਸਰਦਾਰ ਭਾਈ ਲਾਲ ਕੈਥਲ ਸੀ। ਉਸ ਤੋਂ ਨਾਨਾ ਰਾਉ ਨੇ ਚੰਗੀ-ਚੋਖੀ ਰਕਮ ਦੀ ਮੰਗ ਕੀਤੀ। ਉਸ ਨੇ ਇਹ ਵਧੀਕੀ ਬਰਦਾਸ਼ਤ ਨਾ ਕੀਤੀ ਤੇ ਜੰਗ ਦੀ ਤਿਆਰੀ ਸ਼ੁਰੂ ਕਰ ਦਿੱਤੀ। ਉਸ ਨੇ ਪਟਿਆਲਾ ਰਾਜ ਤੋਂ ਵੀ ਮਦਦ ਮੰਗੀ ਤੇ ਰਾਣੀ ਸਾਹਿਬ ਕੌਰ 2000 ਜਵਾਨਾਂ ਦੀ ਫ਼ੌਜ ਭੇਜਣ ਲਈ ਰਜ਼ਾਮੰਦ ਹੋ ਗਈ। ਇਸ ਸਮੇਂ ਕੈਥਲ ਰਾਜ ਨੇ ਹੋਰ ਸਿੱਖ ਸਰਦਾਰਾਂ ਤੋਂ ਵੀ ਮਦਦ ਮੰਗੀ ਤੇ ਸਾਰਿਆਂ ਨੇ ਹੀ ਚੰਗੀ ਫ਼ੌਜੀ ਸਹਾਇਤਾ ਕੀਤੀ। ਹੁਣ ਭਾਈ ਲਾਲ ਦੀ ਫ਼ੌਜੀ ਸ਼ਕਤੀ ਵਧ ਗਈ। ਉਹਨੂੰ ਇਹ ਵੀ ਖ਼ਤਰਾ ਹੋ ਗਿਆ ਕਿ ਕਿਧਰੇ ਪਟਿਆਲਾ ਰਾਜ ਵਾਲੇ ਹੋਰ ਸਹਾਇਤਾ ਨਾ ਦੇ ਦੇਣ। ਸੋ ਉਸ ਨੇ ਕੈਥਲ ਦੀ ਬਜਾਏ ਪਟਿਆਲੇ ਦੀ ਸੇਧ ਲੈ ਲਈ। ਪਟਿਆਲਾ ਫ਼ੌਜ ਨੇ ਘੱਗਰ ਨਦੀ ਉਤੇ ਨਾਨਾ ਰਾਉ ਨਾਲ ਟੱਕਰ ਲੈ ਕੇ ਅਜਿਹੇ ਦੰਦ ਖੱਟੇ ਕੀਤੇ ਕਿ ਉਸ ਨੂੰ ਵਾਪਸ ਪਰਤਣਾ ਪਿਆ। ਸੋ ਇਹ ਰਾਣੀ ਸਾਹਿਬ ਕੌਰ ਦੀ ਨੀਤੀ ਹੀ ਸੀ ਕਿ ਮਰਹੱਟਿਆਂ ਨੂੰ ਦੂਜੀ ਵਾਰ ਵਾਪਸ ਪਰਤਣਾ ਪਿਆ।

7

ਰਾਣੀ ਸਾਹਿਬ ਕੌਰ ਨਿਰੀ ਰਣਨੀਤੀ ਹੀ ਨਹੀਂ ਜਾਣਦੀ ਸੀ ਸਗੋਂ ਦਾਨਸ਼ਮੰਦ ਵੀ ਸੀ। ਰਾਣੀ ਨੇ ਆਪਣੇ ਪਿਤਾਪੁਰਖੀ ਸੰਬੰਧਾਂ ਵਲ ਉਚੇਚਾ ਧਿਆਨ ਦਿੱਤਾ। ਦੂਸਰੇ ਸ਼ਬਦਾਂ ਵਿਚ ਉਸ ਦੇ ਪਿਤਾ ਮਹਾਰਾਜਾ ਅਮਰ ਸਿੰਘ ਦੇ ਜਿਹੜੇ ਨਾਲ ਲੱਗਦੇ ਇਲਾਕਿਆਂ ਨਾਲ ਚੰਗੇ ਸੰਬੰਧ ਸਨ, ਉਸ ਨਾਲ ਰਾਣੀ ਨੇ ਮਿੱਤਰਤਾ ਦੇ ਸੰਬੰਧ ਬਣਾਈ ਰੱਖੇ। ਇਕ ਵਾਰ ਮਨੀ ਮਾਜਰੇ ਵਾਲੇ ਗਰੀਬ ਦਾਸ ਤੇ ਨਾਹਨ ਦੇ ਰਾਜੇ ਕੀਰਤ ਪ੍ਰਕਾਸ਼ ਦਾ ਆਪਸ ਵਿਚ ਝਗੜਾ ਵਧ ਗਿਆ ਤੇ ਇਸ ਝਗੜੇ ਵਿਚ ਨਾਹਨ ਦਾ ਰਾਜਾ ਹਾਰ ਗਿਆ। ਉਸ ਨੇ ਮਹਾਰਾਜਾ ਅਮਰ ਸਿੰਘ ਪਾਸੋਂ ਸਹਾਇਤਾ ਮੰਗੀ ਤੇ ਰਾਜਾ ਅਮਰ ਸਿੰਘ ਦੇ ਹੁਕਮ ਨਾਲ 1772 ਈਸਵੀ ਵਿਚ ਪਿੰਜੌਰ ਦੇ ਇਲਾਕੇ ਉਤੇ ਕਬਜ਼ਾ ਕਰ ਲਿਆ। ਨਾਹਨ ਦਾ ਰਾਜਾ ਕੀਰਤ ਪ੍ਰਕਾਸ਼ ਤੇ ਮਹਾਰਾਜਾ ਪੱਗ-ਵੱਟ ਭਰਾ ਬਣ ਗਏ ਤੇ ਇਸ ਤਰ੍ਹਾਂ ਉਸ ਨੇ ਮਹਾਰਾਜਾ ਅਮਰ

ਸਿੰਘ ਪਾਸੋਂ ਪਿੰਜੌਰ ਦਾ ਇਲਾਕਾ ਜੋ ਉਨ੍ਹਾਂ ਨੇ ਨਾਹਨ ਦੇ ਰਾਜੇ ਦੀ ਸਹਾਇਤਾ ਲਈ ਹੀ ਕਬਜ਼ੇ ਹੇਠ ਕੀਤਾ ਸੀ, ਕਦੀ ਵਾਪਸ ਨਾ ਲਿਆ। ਰਾਣੀ ਸਾਹਿਬ ਕੌਰ ਦੇ ਜ਼ਮਾਨੇ ਵਿਚ ਇਕ ਵਾਰ ਨਾਹਨ ਰਾਜ ਦੇ ਬਾਗ਼ੀਆਂ ਨੇ ਗੜਬੜ ਪੈਦਾ ਕਰ ਦਿੱਤੀ। ਇਸ ਸਮੇਂ ਨਾਹਨ ਰਾਜ ਵਿਚ ਰਾਜੇ ਕੀਰਤ ਪ੍ਰਕਾਸ਼ ਦਾ ਪੁੱਤਰ ਰਾਜਾ ਕਰਮ ਪ੍ਰਕਾਸ਼ ਚੰਗਾ ਰਾਜ-ਪ੍ਰਬੰਧ ਚਲਾ ਰਿਹਾ ਸੀ। ਉਹ ਬਾਗ਼ੀਆਂ ਨੂੰ ਠੀਕ ਤਰ੍ਹਾਂ ਦਬਾ ਨਾ ਸਕਿਆ ਤੇ ਉਸ ਨੇ ਰਾਣੀ ਸਾਹਿਬ ਕੌਰ ਪਾਸੋਂ ਪੁਰਾਣੀ ਦੋਸਤੀ ਦੇ ਨਾਤੇ ਸਹਾਇਤਾ ਮੰਗੀ। ਰਾਣੀ ਸਾਹਿਬ ਕੌਰ ਫ਼ੌਰੀ ਸ. ਚੈਨ ਸਿੰਘ ਸਮੇਤ 1000 ਫ਼ੌਜੀ ਲੈ ਕੇ ਉਸ ਦੀ ਮਦਦ ਲਈ ਪੁੱਜੀ। ਉਸ ਨੇ ਨਾ ਕੇਵਲ ਬਾਗ਼ੀ ਹੀ ਦਬਾਏ ਸਗੋਂ ਉਥੇ ਹੀ ਚਾਰ ਮਹੀਨੇ ਠਹਿਰ ਕੇ ਉਥੋਂ ਦਾ ਸਾਰਾ ਰਾਜ-ਪ੍ਰਬੰਧ ਠੀਕ ਕਰਵਾਇਆ। ਰਾਜਾ ਨਾਹਨ ਨੇ ਇਸ 'ਤੇ ਖੁਸ਼ ਹੋ ਕੇ ਇਕ ਖਿੱਲਤ ਮਹਾਰਾਜਾ ਸਾਹਿਬ ਸਿੰਘ ਲਈ ਭੇਜੀ ਤੇ ਨਾਲੇ, ਇਕ ਹਥਣੀ ਰਾਣੀ ਸਾਹਿਬ ਕੌਰ ਨੂੰ ਯਾਦਗੀਰੀ ਵਜੋਂ ਦਿੱਤੀ।

ਇਕ ਹੋਰ ਮਹੱਤਵਪੂਰਣ ਘਟਨਾ ਵੀ ਰਾਣੀ ਸਾਹਿਬ ਕੌਰ ਦੇ ਜ਼ਮਾਨੇ ਸਾਹਮਣੇ ਆਈ। ਆਮ ਤੌਰ ਤੇ ਹਿੰਦੂ ਤੀਰਥ ਅਸਥਾਨਾਂ ਉੱਪਰ ਬ੍ਰਾਹਮਣਾਂ ਦਾ ਜ਼ੋਰ ਰਿਹਾ ਹੈ ਤੇ ਅੱਜਕਲ੍ਹ ਵੀ ਵੇਖਣ ਵਿਚ ਆਉਂਦਾ ਹੈ। ਇਕ ਵਾਰ ਹਰਿਦੁਆਰ ਵਿਚ ਕੁੰਭ ਦਾ ਮੇਲਾ ਲੱਗਣਾ ਸੀ। ਇਹ ਕੁੰਭ ਦਾ ਮੇਲਾ ਹਰ 12 ਸਾਲ ਮਗਰੋਂ ਹਰਿਦੁਆਰ ਵਿਚ ਲੱਗਦਾ ਹੈ। ਅਜਿਹੇ ਮੇਲਿਆਂ ਵਿਚ ਸਾਰੀਆਂ ਸੰਪਰਦਾਵਾਂ ਦੇ ਲੋਕ ਸ਼ਾਮਲ ਹੁੰਦੇ ਹਨ। ਉਦਾਸੀ ਸਾਧੂਆਂ ਨੇ ਵੀ ਹਰਿਦੁਆਰ ਵਿਚ ਅਖਾੜਾ ਬਣਾਇਆ। ਪਰ ਕੁੰਭ ਦਾ ਮੇਲਾ ਇਹ ਅਖਾੜਾ ਬਣਨ ਮਗਰੋਂ ਪਹਿਲੀ ਵਾਰ ਆਇਆ। ਇਹ ਗੱਲ ਸੰਨ 1796 ਈਸਵੀ ਦੀ ਹੈ। ਮੇਲੇ ਦਾ ਪ੍ਰਬੰਧ ਵੈਰਾਗੀਆਂ ਤੇ ਗੁਸਾਈਆਂ ਦੇ ਹੱਥ ਵਿਚ ਸੀ। ਇਨ੍ਹਾਂ ਨੂੰ ਪ੍ਰਬੰਧ ਕਰਨ ਲਈ ਪੁਲਿਸ ਦੇ ਅਧਿਕਾਰ ਵੀ ਪ੍ਰਾਪਤ ਸਨ, ਉਦਾਸੀ ਜੱਥਾ ਪਹਿਲਾਂ ਵਾਂਗ ਹਰਿਦੁਆਰ ਪੁੱਜਾ। ਇਨ੍ਹਾਂ ਨੇ ਯੋਗ ਸਥਾਨ ਵੇਖ ਕੇ ਤੰਬੂ ਲਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ ਤੇ ਉੱਪਰ ਨਿਸ਼ਾਨ ਸਾਹਿਬ ਝੁਲਾ ਦਿੱਤਾ। ਗੁਸਾਈਆਂ ਨੇ ਆਗਿਆ ਲਏ ਬਿਨਾਂ ਤੰਬੂ ਲਾਉਣ ਦੇ ਦੋਸ਼ ਵਿਚ ਉਦਾਸੀਆਂ ਦੇ ਤੰਬੂ ਉਖਾੜ ਦਿੱਤੇ ਅਤੇ ਉਨ੍ਹਾਂ ਦਾ ਸਮਾਨ ਆਦਿ ਲੁੱਟ ਲਿਆ ਤੇ ਨਾਲ ਹੀ ਜਲੂਸ ਵਿਚ ਸ਼ਾਮਲ ਹੋਣ ਦੀ ਆਗਿਆ ਵੀ ਨਾ ਦਿੱਤੀ। ਉਦਾਸੀ ਸੰਪਰਦਾਇ ਵਾਲੇ ਪਟਿਆਲਾ ਰਾਜ ਦੀ ਸ਼ੋਭਾ ਨੂੰ ਵੀ ਜਾਣਦੇ ਸਨ ਤੇ ਸ਼ਕਤੀ ਨੂੰ ਵੀ।

ਉਨ੍ਹਾਂ ਨੇ ਇਹ ਖ਼ਬਰ ਰਾਣੀ ਸਾਹਿਬ ਕੌਰ ਨੂੰ ਦਿੱਤੀ। ਰਾਣੀ ਸਾਹਿਬ ਕੌਰ ਇਸ ਸਮੇਂ ਭਦੌੜ ਸੀ। ਭਾਵੇਂ ਰਾਣੀ ਦਾ ਇਸ ਸੰਪਰਦਾਇ ਦੇ ਲੋਕਾਂ ਨਾਲ ਕੋਈ ਸਿੱਧਾ ਸੰਬੰਧ ਨਹੀਂ ਸੀ ਪਰ ਤਾਂ ਵੀ ਧਾਰਮਿਕ ਬਿਰਤੀ ਵਾਲੀ ਹੋਣ ਕਰ ਕੇ ਉਸ ਸੋਚਿਆ ਤੀਰਥ ਅਸਥਾਨ ਸਭ ਦੇ ਸਾਂਝੇ ਹਨ। ਕੋਈ ਵੀ ਸੰਪਰਦਾਇ ਦੂਜੀ ਸੰਪਰਦਾਇ ਨੂੰ ਮੇਲੇ ਵਿਚ ਸ਼ਾਮਲ ਹੋਣ ਤੋਂ ਕਿਉਂ ਰੋਕੇ ? ਗੱਲ ਅਸੂਲ ਦੀ ਸੀ ਤੇ ਰਾਣੀ ਆਪਣੇ ਸੁਭਾਅ ਵਿਚ ਨੀਤੀਵਾਨ ਤਾਂ ਸੀ ਹੀ। ਸੋ ਉਹ ਆਪਣੀ ਫ਼ੌਜੀ ਟੁਕੜੀ ਲੈ ਕੇ ਹਰਿਦੁਆਰ ਪੁੱਜੀ। ਉਸ ਨੇ ਜਾ ਕੇ ਉਦਾਸੀਆਂ ਦਾ ਜਲੂਸ ਕਢਵਾਇਆ ਤੇ ਨਾਲ ਹੀ ਉਨ੍ਹਾਂ ਦੇ ਡੇਰੇ ਦੇ ਨਾਮ ਕੁਝ ਜ਼ਮੀਨ ਵੀ ਲੱਗਵਾ ਦਿੱਤੀ।

ਰਾਣੀ ਸਾਹਿਬ ਕੌਰ ਜਿਥੇ ਦੁਸ਼ਮਣਾਂ ਨਾਲ ਉਲਝ ਜਾਂਦੀ ਸੀ, ਉਥੇ ਦੋਸਤੀ ਦੀ ਗੰਢ

ਨੂੰ ਪੱਕਿਆਂ ਵੀ ਕਰਦੀ ਸੀ। ਜੇ ਕੋਈ ਧਾਰਮਿਕ ਸੰਪਰਦਾਇ ਉਸ ਪਾਸ ਸੁਆਲੀ ਹੋ ਕੇ ਆਉਂਦੀ ਸੀ ਜਾਂ ਉਹ ਆਪ ਕਿਸੇ ਨੂੰ ਅਸੂਲ ਦੇ ਖ਼ਿਲਾਫ਼ ਵੇਖਦੀ ਸੀ ਤਾਂ ਉਸ ਵਿਚ ਦਖ਼ਲ ਦੇ ਕੇ ਠੀਕ-ਠੀਕ ਇਨਸਾਫ਼ ਕਰਵਾ ਦੇਂਦੀ ਸੀ। ਉਹ ਨਿਰੀ ਇਨਸਾਫ਼ ਪਸੰਦ ਹੀ ਨਹੀਂ ਸੀ, ਸੁਭਾਅ ਦੀ ਉਦਾਰ ਵੀ ਸੀ। ਉਸ ਦੇ ਸਾਹਮਣੇ ਸ਼ਹੀਦਾਂ ਦਾ ਅਸਥਾਨ ਆਇਆ ਜਾਂ ਉਦਾਸੀਆਂ ਦਾ ਡੇਰਾ, ਦੋਹਾਂ ਨੂੰ ਹੀ ਜ਼ਮੀਨ ਅਰਦਾਸ ਕਰਵਾ ਦਿੱਤੀ।

8

ਰਾਣੀ ਸਾਹਿਬ ਕੌਰ ਜੋ ਸਦਾ ਹੀ ਆਪਣੇ ਵੀਰ ਦੀ ਸਲਾਹਕਾਰ ਤੇ ਸਰਪ੍ਰਸਤ ਬਣ ਕੇ ਰਹੀ ਸੀ, ਦਾ ਅਖ਼ੀਰ ਦ੍ਵੈਖੀਆਂ ਨੇ ਆਪਣੇ ਭਰਾ ਕੋਲੋਂ ਪਾੜਾ ਪੁਆ ਹੀ ਦਿੱਤਾ। ਇਸ ਦਾ ਮੂਲ ਕਾਰਣ ਸਾਹਿਬ ਸਿੰਘ ਕੰਨਾਂ ਦਾ ਕੱਚਾ ਸੀ। ਵਿਰੋਧੀ ਲੋਕ ਤਾਂ ਚਾਹੁੰਦੇ ਹੀ ਸਨ ਕਿ ਇਹ ਦੋਵੇਂ ਭੈਣ-ਭਰਾ ਮਿਲ ਕੇ ਰਾਜ ਨਾ ਕਰਨ। ਇਸ ਦਾ ਕਾਰਣ ਵੀ ਸਪੱਸ਼ਟ ਸੀ। ਰਾਣੀ ਸਾਹਿਬ ਕੌਰ ਆਪਣੇ ਭਰਾ ਕੋਲੋਂ ਸਿਆਣੀ ਤੇ ਯੋਗ ਪ੍ਰਬੰਧਕ ਸੀ। ਜਦੋਂ ਉਹ ਦੋਵੇਂ ਮਿਲ ਜਾਂਦੇ ਸਨ ਤਾਂ ਲਾਲਚੀ ਜਾਂ ਭੈੜੀ ਨੀਅਤ ਵਾਲੇ ਲੋਕ ਸਿਰ ਨਹੀਂ ਸਨ ਚੁੱਕ ਸਕਦੇ। ਸੋ ਵਿਰੋਧੀਆਂ ਨੇ ਦੋਹਾਂ ਵਿਚ ਫੁੱਟ ਪੁਆਉਣਾ ਹੀ ਠੀਕ ਸਮਝਿਆ।

ਹਿੰਦੁਸਤਾਨ ਉਤੇ ਅਹਿਮਦਸ਼ਾਹ ਅਦਬਾਲੀ ਤੋਂ ਲੈ ਕੇ ਸ਼ਾਹ ਜ਼ਮਾਨ ਤਕ ਦੀ ਨਜ਼ਰ ਰਹੀ। ਪਰ ਰਾਣੀ ਸਾਹਿਬ ਕੌਰ ਤੇ ਮਹਾਰਾਜਾ ਸਾਹਿਬ ਸਿੰਘ ਆਪਣੇ ਬਜ਼ੁਰਗਾਂ ਦੀ ਨੀਤੀ ਉੱਪਰ ਹੀ ਚਲਦੇ ਰਹੇ। ਫਲਸਰੂਪ ਭਾਵੇਂ ਸਾਰੇ ਪੰਜਾਬ ਦੇ ਸਿੱਖ ਸ਼ਾਹ ਜ਼ਮਾਨ ਦੇ ਹਮਲੇ ਦਾ ਮੁਕਾਬਲਾ ਕਰਨ ਲਈ ਇਕੋ ਮੁਹਾਜ਼ ਉਤੇ ਲੜਦੇ ਰਹੇ ਪਰ ਪਟਿਆਲਾ ਰਾਜ ਨੇ ਸ਼ਾਹ ਜ਼ਮਾਨ ਦੇ ਖ਼ਿਲਾਫ਼ ਮਿਸਲਦਾਰਾਂ ਦਾ ਸਾਥ ਨਾ ਦਿੱਤਾ। ਇਹ ਪਿਰਤ ਮਹਾਰਾਜਾ ਆਲਾ ਸਿੰਘ ਦੇ ਵੇਲੇ ਤੋਂ ਚਲੀ ਆ ਰਹੀ ਸੀ। ਰਾਜ ਦਾ ਸਰਦਾਰ ਰਾਜਾ ਭਾਗ ਸਿੰਘ ਸੀ। ਰਾਜਾ ਭਾਗ ਸਿੰਘ ਤਾਂ ਮਿਸਲਦਾਰਾਂ ਦਾ ਸਾਥ ਦੇਣ ਲਈ ਸ਼ਾਹ ਜ਼ਮਾਨ ਦੇ ਹਮਲੇ ਦੇ ਟਾਕਰੇ ਦੀ ਤਿਆਰੀ ਵਿਚ ਰੁੱਝਾ ਹੋਇਆ ਸੀ ਕਿ ਪਿੱਛੋਂ ਜਾਰਜ ਥਾਮਸ ਨੇ ਜੀਂਦ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ। ਜਦੋਂ ਰਾਜਾ ਭਾਗ ਸਿੰਘ ਨੇ ਮਹਾਰਾਜਾ ਪਟਿਆਲਾ ਪਾਸੋਂ ਸਹਾਇਤਾ ਮੰਗੀ ਤਾਂ ਮਹਾਰਾਜਾ ਸਾਹਿਬ ਦੁਚਿੱਤੀ ਵਿਚ ਪੈ ਗਏ। ਇਸ ਦਾ ਮੂਲ ਕਾਰਣ ਸੀ ਮਹਾਰਾਜੇ ਦੇ ਸ਼ਾਹ ਜ਼ਮਾਨ ਨਾਲ ਸੰਬੰਧ ਠੀਕ ਸਨ ਪਰ ਰਾਜਾ ਭਾਗ ਸਿੰਘ ਸ਼ਾਹ ਜ਼ਮਾਨ ਦੇ ਵਿਰੋਧੀਆਂ ਵਿਚ ਸ਼ਾਮਲ ਸੀ। ਮਹਾਰਾਜਾ ਨਹੀਂ ਸੀ ਚਾਹੁੰਦਾ ਕਿ ਉਸ ਦੇ ਸੰਬੰਧ ਸ਼ਾਹ ਜ਼ਮਾਨ ਨਾਲ ਵਿਗੜਨ। ਸੋ ਉਸ ਨੇ ਰਾਜਾ ਭਾਗ ਸਿੰਘ ਦੀ ਮਦਦ ਕਰਨ ਤੋਂ ਸੰਕੋਚ ਹੀ ਕੀਤਾ। ਪਰ ਰਾਣੀ ਸਾਹਿਬ ਕੌਰ ਸਾਫ਼ ਦਿਲ ਤੇ ਨੀਤੀਵਾਨ ਤੀਵੀਂ ਸੀ। ਉਸ ਨੇ ਗੁਆਂਢੀ ਸਰਦਾਰ ਦੀ ਮਦਦ ਕਰਨੀ ਉਚਿਤ ਸਮਝੀ ਤੇ ਜਾਣ ਲਈ ਤਿਆਰ ਹੋ ਪਈ। ਮਹਾਰਾਜਾ ਸਾਹਿਬ ਨੇ ਭੈਣ ਨੂੰ ਜਾਣ ਤੋਂ ਰੋਕਿਆ ਪਰ ਉਹ ਆਪਣੇ ਫ਼ੈਸਲੇ 'ਤੇ ਅਟੱਲ ਰਹੀ। ਇਸ ਤਰ੍ਹਾਂ ਭੈਣ-ਭਰਾ ਦੇ ਆਪਸੀ ਵਿਰੋਧ ਦਾ ਮੁੱਢ ਬੱਝਾ।

ਉੱਧਰ ਥਾਮਸ ਤੇ ਮਿਸਲਦਾਰ ਸਰਦਾਰ ਤਿੰਨ ਮਹੀਨੇ ਇਕ ਦੂਜੇ ਨਾਲ ਲੜਦੇ ਰਹੇ ਪਰ ਗੱਲ ਕਿਸੇ ਸਿਰੇ ਨਾ ਲੱਗੀ। ਹੁਣ ਥਾਮਸ ਦੀ ਹਾਲਤ ਅੰਦਰੋਂ ਪਤਲੀ ਪੈ ਰਹੀ ਸੀ। ਉਸ ਨੇ ਸਮਝੌਤੇ ਦੀ ਪੇਸ਼ਕਸ਼ ਕੀਤੀ। ਅਖ਼ੀਰ ਇਹ ਫ਼ੈਸਲਾ ਹੋਇਆ ਕਿ ਜੀਂਦ ਦੇ

ਘੇਰੇ ਤੋਂ ਪਹਿਲਾਂ ਜਿਥੇ ਹਰ ਇਕ ਰਈਸ ਦਾ ਕਬਜ਼ਾ ਸੀ, ਉਹੀ ਇਲਾਕਾ ਹਰ ਇਕ ਨੂੰ ਦੇ ਦਿੱਤਾ ਜਾਵੇਗਾ। ਇਸ ਸਮਝੌਤੇ ਉੱਪਰ ਸਾਰੇ ਸਰਦਾਰਾਂ ਦਸਖ਼ਤ ਕਰ ਦਿੱਤੇ ਤੇ ਰਾਣੀ ਸਾਹਿਬ ਕੌਰ ਨੇ ਮਹਾਰਾਜਾ ਪਟਿਆਲੇ ਦੀ ਥਾਉਂ ਦਸਖ਼ਤ ਕਰ ਦਿੱਤੇ। ਮਹਾਰਾਜਾ ਸਾਹਿਬ ਨੇ ਇਸ ਨੂੰ ਪਸੰਦ ਨਾ ਕੀਤਾ ਤੇ ਆਪਣੀ ਵੱਡੀ ਭੈਣ ਜੋ ਹਰ ਔਖੀ ਥਾਂ ਉਸ ਦੇ ਨਾਲ ਖਲੋਤੀ ਸੀ, ਨੂੰ ਕੈਦ ਕਰ ਲਿਆ। ਇਹ ਗੱਲ ਜਿੱਥੇ ਹਰ ਸਰਦਾਰ ਨੂੰ ਬੁਰੀ ਲੱਗੀ ਉਥੇ ਥਾਮਸ ਨੇ ਵੀ ਇਸ ਦਾ ਬੁਰਾ ਮਨਾਇਆ। ਥਾਮਸ ਨੇ ਮਹਾਰਾਜਾ ਪਟਿਆਲਾ ਨੂੰ ਧਮਕੀ ਦਿੱਤੀ ਕਿ ਉਹ ਜੰਗ ਲਈ ਤਿਆਰ ਰਵ੍ਹੇ। ਹੁਣ ਮਹਾਰਾਜਾ ਨੇ ਜੰਗ ਦੀ ਬਰਬਾਦੀ ਤੋਂ ਡਰ ਕੇ ਆਪਣੀ ਵੱਡੀ ਭੈਣ ਰਾਣੀ ਸਾਹਿਬ ਕੌਰ ਨੂੰ ਛੱਡ ਦਿੱਤਾ। ਪਰ ਇਸ ਘਟਨਾ ਨਾਲ ਭੈਣ-ਭਰਾ ਦਾ ਵਿਰੋਧ ਹੋਰ ਵੀ ਪੱਕਾ ਹੋ ਗਿਆ। ਹੁਣ ਰਾਣੀ ਸਾਹਿਬ ਕੌਰ ਦਾ ਮਨ ਭਰਾ ਦੇ ਵਤੀਰੇ ਉੱਪਰ ਬਹੁਤ ਦੁਖੀ ਸੀ। ਸੋ ਉਹ ਪਟਿਆਲੇ ਆਉਣ ਦੀ ਬਜਾਏ ਆਪਣੀ ਜਗੀਰ ਭੇਰੀਆ ਚਲੀ ਗਈ।

ਹੁਣ ਵਿਰੋਧੀਆਂ ਨੂੰ ਗੱਲ ਕਰਨ ਦਾ ਹੋਰ ਮੌਕਾ ਮਿਲ ਗਿਆ। ਉਨ੍ਹਾਂ ਨੇ ਰਾਣੀ ਸਾਹਿਬਾ ਦੇ ਖ਼ਿਲਾਫ਼ ਭਰਾ ਨੂੰ ਹੋਰ ਚੁੱਕਿਆ। ਹੁਣ ਰਾਣੀ ਉੱਪਰ ਇਕ ਨਵਾਂ ਦੋਸ਼ ਲਾਇਆ ਗਿਆ ਕਿ ਉਹ ਤਾਂ ਤੁਹਾਡੀ ਪਰਵਾਹ ਹੀ ਨਹੀਂ ਕਰਦੀ। ਤੁਹਾਡੇ ਤੋਂ ਸੁਤੰਤਰ ਹੋਣਾ ਚਾਹੁੰਦੀ ਹੈ। ਕੋਈ ਵੱਡੀ ਗੱਲ ਨਹੀਂ ਕੱਲ੍ਹ ਨੂੰ ਜੇ ਤੁਹਾਡਾ ਹੀ ਕਤਲ ਕਰ ਦੇਵੇ। ਇਨ੍ਹਾਂ ਹੀ ਦਿਨਾਂ ਵਿਚ ਮਹਾਰਾਜਾ ਸਾਹਿਬ ਸਿੰਘ ਦੇ ਘਰ ਪੁੱਤਰ ਜੰਮਿਆ ਸੀ। ਦੁਸ਼ਮਣਾਂ ਨੇ ਕਿਹਾ ਕਿ ਰਾਣੀ ਨੇ ਟਿੱਕਾ ਸਾਹਿਬ ਦੇ ਜਨਮ ਦੀ ਖੁਸ਼ੀ ਨਹੀਂ ਮਨਾਈ ਸਗੋਂ ਦੁਖੀ ਹੈ ਨਹੀਂ ਤਾਂ ਪਟਿਆਲੇ ਨਾ ਆਉਂਦੀ। ਹੁਣ ਵਿਰੋਧੀਆਂ ਨੇ ਇਕ ਨਵਾਂ ਤਰੀਕਾ ਲੱਭਿਆ ਰਾਣੀ ਨੂੰ ਤੰਗ ਕਰਨ ਦਾ। ਉਹ ਸੀ, ਰਾਣੀ ਆਪਣੀ ਜਗੀਰ ਭੇਰੀਆ ਨੂੰ ਛੱਡ ਕੇ ਆਪਣੇ ਸਹੁਰੇ ਘਰ ਚਲੀ ਜਾਵੇ।

ਰਾਣੀ ਸਾਹਿਬ ਕੌਰ ਅਣਖ ਵਾਲੀ ਇਸਤਰੀ ਸੀ। ਉਸ ਨੇ ਆਪਣੇ ਆਪ ਨੂੰ ਮੌਤ ਦੇ ਮੂੰਹ ਵਿਚ ਪਾਇਆ ਸੀ ਤੇ ਮਰਹੱਟਿਆਂ ਨੂੰ ਹਰਾ ਕੇ ਭਰਾ ਦੀ ਆਬਰੂ ਨੂੰ ਬਰਕਰਾਰ ਰੱਖਿਆ ਸੀ। ਅੱਜ ਉਹੀ ਭਰਾ ਭੈਣ ਦਾ ਦੁਸ਼ਮਣ ਬਣਿਆ ਪਿਆ ਸੀ। ਉਹ ਸੋਚ ਵੀ ਨਹੀਂ ਸੀ ਸਕਦੀ ਕਿ ਉਸ ਦਾ ਭਰਾ ਉਸ ਨਾਲ ਇਹ ਸਲੂਕ ਕਰੇਗਾ। ਅਣਖੀਲੀ ਸਾਹਿਬ ਕੌਰ ਦੇ ਅੰਦਰ ਵਿਦਰੋਹ ਦੀ ਭਾਵਨਾ ਜਾਗੀ, ਉਸ ਨੇ ਭੇਰੀਆ ਖਾਲੀ ਕਰਨ ਦੀ ਬਜਾਏ ਭੇਰੀਆ ਦੇ ਕਿਲ੍ਹੇ ਨੂੰ ਮਜ਼ਬੂਤ ਕਰਵਾਉਣਾ ਸ਼ੁਰੂ ਕਰ ਦਿੱਤਾ। ਦੂਰ-ਅੰਦੇਸ਼ ਰਾਣੀ ਨੂੰ ਇਹ ਅਨੁਭਵ ਹੋ ਗਿਆ ਸੀ ਕਿ ਵਿਰੋਧੀਆਂ ਦੇ ਢਹੇ ਚੜ੍ਹਿਆ ਹੋਇਆ ਭੇਰੀਆ ਦਾ ਕਿਲ੍ਹਾ ਖਾਲੀ ਕਰਵਾਉਣ ਲਈ ਫ਼ੌਜ ਵੀ ਭੇਜ ਸਕਦਾ ਹੈ ਤੇ ਆਪ ਵੀ ਚੜ੍ਹਾਈ ਕਰ ਕੇ ਆ ਸਕਦਾ ਹੈ। ਰਾਣੀ ਦਾ ਸ਼ੰਕਾ ਸੱਚ ਨਿਕਲਿਆ। ਮਹਾਰਾਜਾ ਪਟਿਆਲਾ ਆਪ ਕਿਲ੍ਹਾ ਖਾਲੀ ਕਰਵਾਉਣ ਲਈ ਫ਼ੌਜ ਲੈ ਕੇ ਆ ਗਿਆ।

ਰਾਣੀ ਸਾਹਿਬ ਕੌਰ ਜ਼ਖ਼ਮੀ ਸ਼ੀਹਣੀ ਵਾਂਗ ਗਰਜੀ। ਤਿੰਨ ਦਿਨ ਘਮਸਾਨ ਦੀ ਲੜਾਈ ਹੋਈ। ਬਹੁਤ ਸਾਰੇ ਯੋਧੇ ਇਸ ਯੁੱਧ ਦੀ ਭੇਟ ਹੋ ਗਏ। ਹੁਣ ਭਾਈ ਜੋਧ ਸਿੰਘ ਕਲਸੀਆਂ ਤੇ ਭਾਈ ਲਾਲ ਸਿੰਘ ਕੈਥਲਪੁਰੀਆ ਵਿਚ ਪੈ ਗਏ ਤੇ ਦੋਹਾਂ ਦਾ ਆਪਸ ਵਿਚ ਸਮਝੌਤਾ ਕਰਵਾ ਦਿੱਤਾ। ਰਾਣੀ ਪਟਿਆਲੇ ਜਾਣਾ ਮੰਨ ਗਈ।

ਹੁਣ ਇਹ ਸਾਰੇ ਪਟਿਆਲੇ ਵਲ ਰਵਾਨਾ ਹੋ ਗਏ । ਅਜੇ ਇਹ ਸਾਰੇ ਭਵਾਨੀਗੜ੍ਹ ਹੀ ਪੁੱਜੇ ਸਨ ਕਿ ਮਹਾਰਾਜੇ ਨੇ ਆਪਣੀ ਭੈਣ ਨੂੰ ਇਸ ਕਿਲ੍ਹੇ ਵਿਚ ਦੁਬਾਰਾ ਕੈਦ ਕਰ ਦਿੱਤਾ । ਰਾਣੀ ਸਾਹਿਬ ਕੌਰ ਚਤੁਰ ਤੇ ਦਾਨਿਸ਼ਮੰਦ ਸੀ । ਉਹ ਭੇਸ ਬਦਲਾ ਕੇ ਇਸ ਕਿਲ੍ਹੇ ਵਿਚੋਂ ਨਿਕਲ ਗਈ ਤੇ ਮੁੜ ਭੇਰੀਆਂ ਪੁੱਜ ਗਈ । ਮਹਾਰਾਜਾ ਸਾਹਿਬ ਸਿੰਘ ਇਹ ਕਦੋਂ ਬਰਦਾਸ਼ਤ ਕਰਦਾ ਸੀ ! ਉਹ ਦੁਬਾਰਾ ਆਪਣੀ ਫ਼ੌਜ ਲੈ ਕੇ ਭੇਰੀਆਂ ਪੁੱਜਾ । ਇਥੇ ਹੀ ਮਹਾਰਾਜੇ ਪਾਸ ਅਲਿਆਸ ਦਾ ਬੇਨਤੀ ਪੱਤਰ ਸਹਾਇਤਾ ਲਈ ਪੁੱਜਾ । ਉਸ ਉੱਪਰ ਊਨਾ ਦੇ ਬੇਦੀ ਸਾਹਿਬ ਨੇ ਹਮਲਾ ਕਰ ਦਿੱਤਾ ਸੀ ।

ਮਹਾਰਾਜੇ ਨੇ ਭੇਰੀਆਂ ਖਾਲੀ ਕਰਾਉਣ ਨਾਲੋਂ ਅਲਿਆਸ ਦੀ ਮਦਦ ਕਰਨੀ ਉਚਿਤ ਸਮਝੀ ਤੇ ਰਾਇ ਕੋਟ ਵਲ ਚਾਲੇ ਪਾ ਦਿੱਤੇ । ਰਾਇ ਅਲਿਆਸ ਉਮਰ ਦਾ ਛੋਟਾ ਹੋਣ ਕਰ ਕੇ ਜੰਗ ਦੀਆਂ ਨੀਤੀਆਂ ਤੋਂ ਬੇਖ਼ਬਰ ਸੀ । ਇਸ ਵੇਲੇ ਅਸਲ ਵਿਚ ਰਾਇ ਅਲਿਆਸ ਦੀ ਮਾਤਾ ਹੀ ਰਾਜ-ਪ੍ਰਬੰਧ ਕਰ ਰਹੀ ਸੀ । ਰਾਇ ਅਲਿਆਸ ਦੀ ਮਾਤਾ ਨੇ ਬੇਦੀ ਸਾਹਿਬ ਨਾਲ ਸਮਝੌਤਾ ਕਰਨ ਦੀ ਨੀਅਤ ਨਾਲ ਰਾਇ ਅਲਿਆਸ ਨੂੰ ਬੇਦੀ ਸਾਹਿਬ ਵਲ ਭੇਜਿਆ ਪਰ ਫ਼ੈਸਲਾ ਕਰਨ ਦੀ ਬਜਾਇ ਬੇਦੀ ਸਾਹਿਬ ਨੇ ਰਾਇ ਅਲਿਆਸ ਨੂੰ ਕੈਦ ਕਰ ਲਿਆ । ਇਸ ਤਰ੍ਹਾਂ ਮਜਬੂਰ ਹੋ ਕੇ ਰਾਇ ਦੀ ਮਾਤਾ ਨੇ ਜਾਰਜ ਥਾਮਸ ਨੂੰ ਆਪਣੀ ਮਦਦ ਲਈ ਬੁਲਾ ਲਿਆ ਤੇ ਨਾਲ ਹੀ ਉਹਨੂੰ ਖਰਾਜ ਦੇਣਾ ਵੀ ਮੰਨ ਲਿਆ ।

ਜਾਰਜ ਥਾਮਸ ਦੇ ਆਉਣ ਨਾਲ ਲੜਾਈ ਹੋਰ ਭੜਕ ਗਈ । ਕਾਫ਼ੀ ਸਾਰਾ ਨੁਕਸਾਨ ਹੋਇਆ । ਅਖ਼ੀਰ ਮਹਾਰਾਜਾ ਪਟਿਆਲਾ ਨੇ ਵਿਚੋਲਗੀਰੀ ਕਰ ਕੇ ਸਮਝੌਤਾ ਕਰਵਾਇਆ । ਇਸ ਦੀਆਂ ਸ਼ਰਤਾਂ ਇਹ ਸਨ :

1. ਮਿਸਲਦਾਰ ਉਸ ਨੂੰ 1,35,000 ਜੰਗ ਦਾ ਤਾਵਾਨ ਦੇਣਗੇ ।
2. ਰਾਇ ਅਲਿਆਸ ਦੇ ਸਾਰੇ ਇਲਾਕੇ ਛੱਡ ਦਿੱਤੇ ਜਾਣ ।
3. ਮਹਾਰਾਜਾ ਪਟਿਆਲਾ ਆਪਣੀ ਭੈਣ ਨਾਲ ਸਮਝੌਤਾ ਕਰੇ ਤੇ ਭੈਣ ਦੀ ਜ਼ਬਤ ਕੀਤੀ ਜਗੀਰ ਵਾਪਸ ਕਰੇ ।
4. ਸਰਹੰਦ ਨੂੰ ਸੁਰੱਖਿਅਤ ਰੱਖਣ ਲਈ ਮਹਾਰਾਜਾ ਸਾਹਿਬ ਸਿੰਘ ਦੋ ਪਲਟਨਾਂ ਨੀਅਤ ਕਰੇ ।

ਹੁਣ ਰਾਣੀ ਸਾਹਿਬ ਕੌਰ ਤੇ ਮਹਾਰਾਜਾ ਸਾਹਿਬ ਸਿੰਘ ਵਿਚ ਸਮਝੌਤੇ ਦਾ ਮੁੱਢ ਬੱਝ ਗਿਆ । ਰਾਣੀ ਸਾਹਿਬ ਕੌਰ ਤੇ ਮਹਾਰਾਜਾ ਸਾਹਿਬ ਸਿੰਘ ਦਾ ਇਹ ਆਖ਼ਰੀ ਸਮਝੌਤਾ ਸੀ । ਇਹ 1800 ਈਸਵੀ ਦੇ ਅੰਤ ਵਿਚ ਹੋਇਆ ਤੇ ਇਸ ਉੱਪਰ ਅਮਲ 1801 ਈਸਵੀ ਦੇ ਸ਼ੁਰੂ ਵਿਚ ਹੋਇਆ । ਇਸ ਸਮਝੌਤੇ ਮਗਰੋਂ ਰਾਣੀ ਸਾਹਿਬ ਕੌਰ ਪਟਿਆਲੇ ਆ ਕੇ ਪ੍ਰਲੋਕ ਸਿਧਾਰ ਗਈ ।

9

ਰਾਣੀ ਸਾਹਿਬ ਕੌਰ ਆਪਣੇ ਚਰਿੱਤਰ ਵਿਚ ਬੜੀ ਵਚਿੱਤਰ ਇਸਤਰੀ ਸੀ । ਛੋਟੀ ਉਮਰ ਵਿਚ ਹੀ ਉਹ ਦਾਨਸ਼ਮੰਦਾਂ ਵਾਂਗ ਗੱਲਬਾਤ ਕਰਦੀ ਸੀ । ਭਰਾ ਲਈ ਮਮਤਾ ਏਨੀ ਸੀ ਕਿ ਆਪਣਾ ਸੁਖ-ਆਰਾਮ ਤਿਆਗ ਕੇ ਜੰਗ ਦੇ ਮੈਦਾਨ ਵਿਚ ਭੁੱਖੀ-ਪਿਆਸੀ ਲੜ ਸਕਦੀ

ਸੀ। ਅਣਖੀਲੀ ਏਨੀ ਸੀ ਕਿ ਰੋਹ ਵਿਚ ਆਈ ਅਕ੍ਰਿਤਘਣ ਭਰਾ ਦਾ ਮੁਕਾਬਲਾ ਕਰ ਸਕਦੀ ਸੀ। ਪਟਿਆਲਾ ਰਾਜ ਦੀ ਉਹ ਫ਼ੌਜ ਜੋ ਕਦੀ ਉਸ ਨੂੰ ਜਾਨ ਤੋਂ ਪਿਆਰੀ ਸੀ, ਵਕਤ ਪੈਣ 'ਤੇ ਭੇਰੀਆਂ ਦੇ ਕਿਲ੍ਹੇ ਨੂੰ ਬਚਾਉਂਦੀ ਹੋਈ ਅਨੇਕਾਂ ਸੂਰਮਿਆਂ ਦੇ ਸਿਰ ਵੀ ਲਾਹ ਸਕਦੀ ਸੀ। ਸਾਦੀ ਇੰਨੀ ਕਿ ਦੁਸ਼ਮਣ ਭਰਾ ਦੇ ਕਹਿਣ ਉਤੇ ਉਸ ਦੇ ਨਾਲ ਪਟਿਆਲੇ ਵਲ ਤੁਰ ਪਈ। ਦੂਰ-ਅੰਦੇਸ਼ ਇੰਨੀ ਕਿ ਭੇਸ ਬਦਲ ਕੇ ਫਿਰ ਭੇਰੀਆਂ ਪੁੱਜ ਗਈ। ਪਤੀ ਲਈ ਸਤਿਕਾਰ ਇੰਨਾ ਕਿ ਚਾਚੇ ਦੇ ਪੁੱਤ-ਭਰਾ ਨਾਲ ਹੋਈ ਲੜਾਈ ਦਾ ਨਿਪਟਾਰਾ ਕਰਾਉਣ ਲਈ ਫ਼ੌਰੀ ਪੁੱਜ ਗਈ। ਅਣਖੀਲੀ ਇੰਨੀ ਕਿ ਭਰਾ ਦੀ ਜ਼ਿਆਦਤੀ ਉੱਪਰ ਆਪਣੇ ਸਹੁਰੇ ਘਰ ਨਹੀਂ ਗਈ ਸਗੋਂ ਆਪਣੀ ਜਗੀਰ ਭੇਰੀਆਂ ਪਹੁੰਚ ਗਈ। ਹਮਦਰਦ ਇੰਨੀ ਕਿ ਨਾਹਨ ਦੇ ਰਾਜੇ ਦੀ ਪੁਰਾਣੀ ਦੋਸਤੀ ਦਾ ਵਾਸਤਾ ਸੁਣ ਕੇ ਪਿੰਜੌਰ ਦੇ ਇਲਾਕੇ ਨੂੰ ਜਾ ਸੰਭਾਲਿਆ। ਇਨਸਾਫ਼-ਪਸੰਦ ਏਡੀ ਕਿ ਉਦਾਸੀਆਂ ਤੇ ਬੈਰਾਗੀਆਂ ਦਾ ਝਗੜਾ ਸੁਣ ਕੇ ਆਪ ਹਰਿਦੁਆਰ ਪੁੱਜ ਕੇ ਫ਼ੈਸਲਾ ਕੀਤਾ। ਧਾਰਮਿਕ ਏਡੀ ਕਿ ਉਦਾਸੀਆਂ ਦੇ ਡੇਰੇ ਨੂੰ ਜਗੀਰ ਬਖ਼ਸ਼ ਦਿੱਤੀ ਤੇ ਸ਼ਹੀਦਾਂ ਦੇ ਅਸਥਾਨ ਨੂੰ ਵੀ। ਜੰਗੀ ਨੀਤੀ ਵਿਚ ਨਿਪੁੰਨ ਏਨੀ ਕਿ ਰਾਤੀ ਸੁੱਤੇ ਪਏ ਵੈਰੀ ਉੱਪਰ ਜਾ ਟੁੱਟੀ। ਦਿਆਨਤਦਾਰ ਇੰਨੀ ਕਿ ਗੁਆਂਢੀ ਸ. ਭਾਗ ਦੇ ਕਹਿਣ ਉਤੇ ਜੀਂਦ ਜਾ ਪੁੱਜੀ। ਭਾਵੇਂ ਇਸ ਦਾ ਨਤੀਜਾ ਕਿੰਨਾ ਵੀ ਭਿਆਨਕ ਕਿਉਂ ਨਾ ਭੁਗਤਣਾ ਪਿਆ। ਦਲੇਰ ਏਡੀ ਕਿ ਹਰ ਕਰੜੇ ਤੋਂ ਕਰੜੇ ਵਕਤ ਨੂੰ ਆਪ ਸੰਭਾਲਿਆ। ਉਸ ਦੇ ਜੀਵਨ-ਇਤਿਹਾਸ ਵਿਚ ਇਕ ਸਮਾਂ ਵੀ ਅਜਿਹਾ ਨਹੀਂ ਆਇਆ ਕਿ ਉਸ ਨੇ ਆਪਣੀ ਮਦਦ ਲਈ ਆਪਣੇ ਭਰਾ ਜਾਂ ਪਤੀ ਨੂੰ ਆਵਾਜ਼ ਮਾਰੀ ਹੋਵੇ। ਸਗੋਂ ਲੋੜ ਪੈਣ ਉਤੇ ਪਤੀ ਅਤੇ ਭਰਾ ਦੇ ਹਮੇਸ਼ਾ ਕੰਮ ਆਈ।

ਅੰਤ ਵਿਚ, ਕੋਈ ਵੱਡੀ ਗੱਲ ਨਹੀਂ ਜੇ ਰਾਣੀ ਸਾਹਿਬ ਕੌਰ ਵਰਗੀ ਯੋਗ, ਸੂਝਵਾਨ, ਸੂਰਬੀਰ ਤੇ ਆਪਾ ਵਾਰਨ ਵਾਲੀ ਭੈਣ ਮਹਾਰਾਜਾ ਸਾਹਿਬ ਸਿੰਘ ਨੂੰ ਨਾ ਮਿਲਦੀ ਤਾਂ ਉਹ ਕਦੋਂ ਦਾ ਰਾਜ-ਭਾਗ ਗੁਆ ਚੁੱਕਾ ਹੁੰਦਾ। ਇਹ ਰਾਣੀ ਸਾਹਿਬ ਕੌਰ ਦੇ ਹੀ ਕਾਰਨਾਮੇ ਸਨ ਜਿਨ੍ਹਾਂ ਕਰ ਕੇ ਪਟਿਆਲਾ ਰਾਜ ਆਪਣੇ ਸਮਕਾਲੀ ਰਾਜਾਂ ਵਿਚੋਂ ਸਰਬੋਤਮ ਪ੍ਰਤਿਸ਼ਠਾ ਨੂੰ ਪ੍ਰਾਪਤ ਹੋਇਆ। ਆਜ਼ਾਦ ਭਾਰਤ ਵਿਚ ਜਦੋਂ ਸਰਦਾਰ ਪਟੇਲ ਨੇ ਰਿਆਸਤੀ ਰਾਜਾਂ ਨੂੰ ਸਮਾਪਤ ਕਰਨ ਲਈ ਸੋਚਿਆ ਤਾਂ ਪੰਜਾਬ ਵਿਚ ਸਭ ਤੋਂ ਸ਼ਕਤੀਸ਼ਾਲੀ ਰਿਆਸਤ ਪਟਿਆਲਾ ਹੀ ਸੀ।

ਸਹਾਇਕ ਪੁਸਤਕਾਂ ਦੀ ਸੂਚੀ

1. Baddan, Baldev Singh (Dr.) (ed.) Fighter for freedom Maharaja Duleep Singh, National Book Shop, Chandni Chowk, Delhi-110006
2. Ganda Singh, Maharani Jind Kaur of Lahore and her letter, the Punjab Past and Present, Vol. X, Part I, Punjabi University Patiala, 1976.

ਪੰਜਾਬ ਦੀਆਂ ਬਹਾਦਰ ਬੀਬੀਆਂ

ਬੀਬੀ ਅਨੂਪ ਕੌਰ

ਬੀਬੀ ਅਨੂਪ ਕੌਰ ਦਾ ਨਾਮ ਸਿੱਖ ਇਤਿਹਾਸ ਵਿਚ ਖਾਸਾ ਚਰਚਿਤ ਹੈ। ਆਪਣੇ ਧਰਮ ਦੀ ਖ਼ਾਤਰ ਸ਼ਹੀਦ ਹੋਣ ਵਾਲੀਆਂ ਵਿਚੋਂ ਇਕ ਉੱਚ ਆਤਮਾ ਅਨੂਪ ਕੌਰ ਵੀ ਸੀ ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ-ਬਾਟੇ ਦਾ ਅੰਮ੍ਰਿਤਪਾਨ ਕਰ ਕੇ ਕਈ ਯੁੱਧ ਲੜੇ। ਅੰਤ ਸਮੇਂ ਜੇ ਸੰਕਟ ਵਿਚ ਆਪਾ ਵਾਰਨਾ ਪਿਆ ਤਾਂ ਉਸ ਵੇਲੇ ਵੀ ਸਾਬਤ ਰਹੀ। ਸਿੱਖ ਇਤਿਹਾਸ ਦੀ ਇਸ ਸ਼ਖ਼ਸੀਅਤ ਅਨੂਪ ਕੌਰ ਨੂੰ ਸਾਡੇ ਲੇਖਕਾਂ ਤੇ ਇਤਿਹਾਸਕਾਰਾਂ ਨੇ ਨਾ ਕੇਵਲ ਸ਼ਹੀਦ ਆਖਿਆ ਸਗੋਂ ਇਸ ਨੂੰ ਸ਼ਹੀਦ ਤੇ ਸਤੀ ਦੀਆਂ ਉਪਾਧੀਆਂ ਨਾਲ ਸਨਮਾਨਿਤ ਵੀ ਕੀਤਾ।

ਅਨੂਪ ਕੌਰ ਦਾ ਜਨਮ ਅੰਮ੍ਰਿਤਸਰ ਦੇ ਜ਼ਿਲ੍ਹੇ 'ਚ ਬਾਬਾ ਬਕਾਲੇ ਨੇੜੇ ਇਕ ਪਿੰਡ ਜਲੋਪੁਰ ਖੇੜੇ ਵਿਚ ਸੋਢੀ ਖਾਨਦਾਨ ਦੇ ਇਕ ਸਿੱਖ ਲਛਮਣ ਦਾਸ ਦੇ ਘਰ ਹੋਇਆ। ਪੁਰਾਤਨ ਲਿਖਤਾਂ ਵਿਚ ਅਨੂਪ ਕੌਰ ਦੀ ਮਾਂ ਦਾ ਨਾਂਅ ਕਿਧਰੇ ਨਹੀਂ ਮਿਲਦਾ ਹੈ ਤੇ ਨਾ ਹੀ ਉਸ ਦੇ ਜਨਮ-ਸਾਲ ਦੀ ਹੀ ਕੋਈ ਨਿਸ਼ਚਿਤ ਤਰੀਕ ਮਿਲਦੀ ਹੈ। ਇੰਨਾ ਸੰਕੇਤ ਜ਼ਰੂਰ ਮਿਲਦਾ ਹੈ ਜਦ ਇਹ ਸੋਢੀ ਪਰਿਵਾਰ ਆਪਣਾ ਪਿੰਡ ਛੱਡ ਕੇ 1694 ਵਿਚ ਅਨੰਦਪੁਰ ਸਾਹਿਬ ਆ ਵਸਿਆ ਤਾਂ ਉਸ ਸਮੇਂ ਬੱਚੀ ਅਨੂਪ ਦੀ ਉਮਰ ਚਾਰ-ਪੰਜ ਸਾਲ ਦੀ ਸੀ। ਇਸ ਤੋਂ ਅਨੁਮਾਨ ਲੱਗ ਸਕਦਾ ਹੈ ਕਿ ਇਸ ਬੱਚੀ ਦਾ ਜਨਮ 1690 ਦੇ ਲੱਗਭਗ ਹੋਇਆ ਹੋਵੇਗਾ।

ਗੁਰੂ ਤੇਗ ਬਹਾਦਰ ਨੇ ਕੀਰਤਪੁਰ ਆਉਣ ਤੋਂ ਪਿੱਛੋਂ ਛੇਤੀ ਹੀ ਮਾਖੋਵਾਲ ਜ਼ਮੀਨ ਖ਼ਰੀਦ ਕੇ ਚੱਕ ਨਾਨਕੀ ਵਸਾਉਣਾ ਸ਼ੁਰੂ ਕਰ ਦਿੱਤਾ ਜਿਸ ਦਾ ਪਿੱਛੋਂ ਨਾਂਅ ਅਨੰਦਪੁਰ ਰੱਖਿਆ ਗਿਆ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਪਿੱਛੋਂ ਜਦੋਂ ਗੁਰੂ ਗੋਬਿੰਦ ਸਿੰਘ ਜੀ ਦਸਵੀਂ ਨਾਨਕ ਜੋਤ ਬਣੇ ਤਾਂ ਉਨ੍ਹਾਂ ਨੇ ਯੋਜਨਾਬੱਧ ਤਰੀਕੇ ਨਾਲ ਅਨੰਦਪੁਰ ਨੂੰ ਪਿੰਡ ਦੀ ਥਾਂ ਇਕ ਨਗਰ ਦਾ ਰੂਪ ਦੇਣਾ ਸ਼ੁਰੂ ਕਰ ਦਿੱਤਾ ਤੇ ਦੂਰ-ਦੂਰ ਤੋਂ ਗੁਰੂ-ਘਰ ਦੇ ਪ੍ਰੇਮੀਆਂ ਨੂੰ ਅਨੰਦਪੁਰ ਦਾ ਵਸਨੀਕ ਬਣਾਉਣਾ ਸ਼ੁਰੂ ਕਰ ਦਿੱਤਾ। ਅਨੰਦਪੁਰ ਦੇ ਆਸੇ-ਪਾਸੇ ਸੁਰੱਖਿਅਤਾ ਦੀ ਦ੍ਰਿਸ਼ਟੀ ਤੋਂ ਕਿਲ੍ਹਿਆਂ ਦੀ ਉਸਾਰੀ ਹੋਣ ਲੱਗ ਪਈ ਜਿਸ ਨਾਲ ਅਨੰਦਪੁਰ ਦੇ ਵਸਨੀਕਾਂ ਵਿਚ ਸੁਰੱਖਿਅਤਾ ਦੀ ਭਾਵਨਾ ਵਧ ਗਈ।

ਅਗਲੇ ਸਾਲ ਹੀ ਦੇਸ਼ ਭਰ ਵਿਚ ਸਿੱਖ ਸੰਗਤਾਂ ਨੂੰ ਦੂਰ-ਦੁਰਾਡੇ ਕਾਬਲ, ਕੰਧਾਰ ਤਕ ਇਹ ਸਮਾਚਾਰ ਪਹੁੰਚਾ ਦਿੱਤਾ ਗਿਆ ਕਿ ਗੁਰੂ ਗੋਬਿੰਦ ਸਿੰਘ ਸ੍ਰੀ ਅਨੰਦਪੁਰ ਸਾਹਿਬ ਆ ਗਏ ਹਨ ਇਸ ਲਈ ਅੱਗੇ ਤੋਂ ਹੋਲੇ ਮਹੱਲੇ ਦਾ ਪੁਰਬ ਤੇ ਸਿੱਖ ਜਗਤ ਦੇ ਸਮੇਂ-ਸਮੇਂ ਸਿੱਖ ਸੰਗਤਾਂ ਦੇ ਹੁੰਦੇ ਇਕੱਠ ਹੁਣ ਅਨੰਦਪੁਰ ਵਿਚ ਹੀ ਹੋਇਆ ਕਰਨਗੇ। ਇਸ ਤਰ੍ਹਾਂ

ਜਦ ਅਨੰਦਪੁਰ ਨੇ ਵਧੇਰੇ ਵਿਕਾਸ ਕਰ ਕੇ ਇਕ ਵੱਡੇ ਨਗਰ ਦਾ ਰੂਪ ਧਾਰਿਆ ਤਾਂ ਗੁਰੂ-ਘਰ ਨਾਲ ਜੁੜੇ ਸੋਢੀ ਪਰਿਵਾਰ ਵੀ ਅਨੰਦਪੁਰ ਨੂੰ ਹੀ ਆਪਣਾ ਘਰ ਤੇ ਕਾਰ-ਵਿਹਾਰ ਦਾ ਕੇਂਦਰ ਬਣਾਉਣ ਲੱਗ ਪਏ । ਇਸ ਸਮੇਂ ਹੀ ਸੋਢੀ ਲਛਮਣ ਦਾਸ ਵੀ ਅਨੰਦੁਪਰ ਦਾ ਵਸਨੀਕ ਬਣ ਗਿਆ । ਪਹਿਲਾਂ ਉਹ ਸਿਰਫ਼ ਗੁਰੂ ਦਰਬਾਰ ਦੀ ਹਾਜ਼ਰੀ ਭਰਨ ਪਰਿਵਾਰ ਸਮੇਤ ਆਇਆ । ਉਹਦੀ ਚਾਰ-ਪੰਜ ਸਾਲ ਦੀ ਬੱਚੀ ਅਨੂਪ ਉਹਦੇ ਨਾਲ ਸੀ, ਜੋ ਬੜੀ ਸੁੰਦਰ, ਖਿੜੇ ਮਸਤਕ ਵਾਲੀ ਤੇ ਪ੍ਰਭਾਵਸ਼ਾਲੀ ਨੈਣ-ਨਕਸ਼ਾਂ ਵਾਲੀ ਸਪੁੱਤਰੀ ਸੀ । ਛੋਟੀ ਬੱਚੀ ਹਸੂੰ-ਹਸੂੰ ਕਰਦੀ ਤੇ ਹਰ ਵੇਖਣ ਵਾਲੇ ਦੀ ਨਜ਼ਰ ਉਸ 'ਤੇ ਆ ਟਿਕਦੀ । ਇਹ ਬੱਚੀ ਅਨੂਪ ਬੜੀ ਖੁਸ਼-ਰਹਿਣੀ ਤੇ ਹਰ ਮਿਲਣ ਵਾਲੇ ਨਾਲ ਬੜੀ ਛੇਤੀ ਵਾਕਫ਼ਾਂ ਵਾਂਗ ਘੁਲ-ਮਿਲ ਜਾਣ ਵਾਲੀ ਸੀ । ਇਸੇ ਲਈ ਯਾਤਰਾ 'ਤੇ ਆਏ ਸੈਂਕੜੇ ਸਿੱਖ ਪਰਿਵਾਰਾਂ ਵਿਚ ਇਹ ਬੱਚੀ ਬਹੁਤਿਆਂ ਦੇ ਧਿਆਨ ਦਾ ਕੇਂਦਰ ਬਣ ਗਈ । ਹਰ ਕੋਈ ਇਹਨੂੰ ਬੁਲਾਉਂਦਾ ਤੇ ਇਹਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਸੁਣ ਕੇ ਖੁਸ਼ ਹੁੰਦਾ ।

ਉਸ ਵੇਲੇ ਗੁਰੂ ਕੇ ਮਹਿਲ ਮਾਤਾ ਗੁਜਰੀ ਤੇ ਮਾਤਾ ਜੀਤੋ ਜੀ ਸਨ । ਜਿਨ੍ਹਾਂ ਦੇ ਦੋ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਸਨ । ਮਾਤਾ ਸੁੰਦਰੀ ਨੇ ਜਦੋਂ ਬੱਚੀ ਅਨੂਪ ਨੂੰ ਵੇਖਿਆ ਤਾਂ ਬੜੇ ਮਾਂ-ਪਿਆਰ ਵਾਲੀ ਤੱਕਣੀ ਨਾਲ ਉਸ ਨੂੰ ਵੇਖ ਕੇ ਕੋਲ ਬੁਲਾਇਆ, ਪਿਆਰ ਕੀਤਾ ਤੇ ਆਪਣੇ ਨਿਵਾਸ ਅਸਥਾਨ 'ਤੇ ਬੱਚੀ ਨੂੰ ਲੈ ਕੇ ਆਉਣ ਦਾ ਪਰਿਵਾਰ ਨੂੰ ਸੱਦਾ ਵੀ ਦਿੱਤਾ । ਜਦ ਇਹ ਪਰਿਵਾਰ ਗੁਰੂ ਸਾਹਿਬ ਦੇ ਨਿਵਾਸ ਅਸਥਾਨ 'ਤੇ ਗਿਆ ਤਾਂ ਸਾਹਿਬਜ਼ਾਦੇ ਅਨੂਪ ਨਾਲ ਗੱਲਾਂ ਕਰਨ ਤੇ ਖੇਡਣ ਲੱਗ ਪਏ । ਇਸ ਤਰ੍ਹਾਂ ਲਛਮਣ ਦਾਸ ਦਾ ਪਰਿਵਾਰ ਰੋਜ਼ ਹੀ ਗੁਰੂ-ਪਰਿਵਾਰ ਦੇ ਨਿਵਾਸ ਅਸਥਾਨ 'ਤੇ ਆਉਂਦਾ । ਕਈ ਵਾਰੀ ਦੋ-ਤਿੰਨ ਵਾਰ ਵੀ ਇਸ ਪਰਿਵਾਰ ਨੂੰ ਬੁਲਾਇਆ ਜਾਂਦਾ । ਕਦੇ ਮਾਤਾਵਾਂ ਯਾਦ ਕਰਦੀਆਂ ਤੇ ਕਦੇ ਸਾਹਿਬਜ਼ਾਦੇ । ਜਦੋਂ ਯਾਤਰਾ ਪਿੱਛੋਂ ਪਰਿਵਾਰ ਵਾਪਸ ਪਰਤਣ ਦੀ ਤਿਆਰੀ ਕਰਨ ਲੱਗਾ ਤਾਂ ਮਾਤਾ ਸੁੰਦਰੀ ਜੀ ਤੇ ਜੀਤੋ ਜੀ ਅਤੇ ਸਾਹਿਬਜ਼ਾਦਿਆਂ ਨੇ ਇੱਛਾ ਪ੍ਰਗਟ ਕੀਤੀ ਕਿ ਇਹ ਪਰਿਵਾਰ ਅਨੰਦਪੁਰ ਵਿਚ ਹੀ ਟਿਕ ਜਾਏ । ਲਛਮਣ ਦਾਸ ਨੇ ਆਪਣੇ ਧੰਨਭਾਗ ਸਮਝੇ ਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਉਹ ਅਨੰਦਪੁਰ ਦਾ ਵਸਨੀਕ ਬਣ ਗਿਆ ।

ਬੱਚੀ ਅਨੂਪ ਦਿਨ ਦਾ ਬਹੁਤਾ ਸਮਾਂ ਗੁਰੂ ਕੇ ਨਿਵਾਸ ਅਸਥਾਨ 'ਤੇ ਗੁਜ਼ਾਰਦੀ । ਸਾਹਿਬਜ਼ਾਦਿਆਂ ਨਾਲ ਮਿਲ ਕੇ ਪੜ੍ਹਦੀ, ਖੇਡਦੀ ਤੇ ਗੁਰਬਾਣੀ ਸੁਣਦੀ ਤੇ ਇਸ ਤਰ੍ਹਾਂ ਹੌਲੀ-ਹੌਲੀ ਗੁਰਮਤਿ ਦੀ ਵਿਦਿਆ ਪ੍ਰਾਪਤ ਕਰਦੀ ਰਹੀ । ਚਾਰ-ਪੰਜ ਸਾਲਾਂ ਵਿਚ ਜਿਥੇ ਉਹ ਸਰੀਰਕ ਵਿਕਾਸ ਕਰ ਕੇ ਚੰਗੇ ਕੱਦ-ਕਾਠ ਵਾਲੀ ਮੁਟਿਆਰ ਬਣਨ ਲੱਗ ਪਈ ਉਥੇ ਗੁਰੂ-ਪਰਿਵਾਰ ਦੀ ਸੰਗਤ ਨਾਲ ਅਧਿਆਤਮਕ ਤੌਰ ਤੇ ਵੀ ਵਡੇਰੀ ਤੇ ਉਚੇਰੀ ਹੁੰਦੀ ਗਈ । ਸੋਢੀ ਪਰਿਵਾਰ ਦੀ ਬੱਚੀ ਹੋਣ ਕਾਰਨ ਮਾਤਾਵਾਂ ਤੇ ਸਾਹਿਬਜ਼ਾਦੇ ਉਹਨੂੰ ਆਪਣੀ ਬੱਚੀ ਤੇ ਭੈਣ ਸਮਝਦੇ । ਉਹ ਵੀ ਇਨ੍ਹਾਂ ਦੀ ਖੁਸ਼ੀ ਪ੍ਰਾਪਤ ਕਰਨ ਵਿਚ ਕੋਈ ਕਸਰ ਨਾ ਰਹਿਣ ਦਿੰਦੀ ।

1699 ਦੀ ਵਿਸਾਖੀ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਵਿਚ ਸਿੱਖ ਜਗਤ ਦਾ ਇਕ ਵੱਡਾ ਇਕੱਠ ਤੇ ਜੋੜ ਮੇਲਾ ਰੱਖਿਆ । ਜਿਥੇ ਪਹਿਲਾਂ ਪੰਜ ਪਿਆਰਿਆਂ ਦੀ ਚੋਣ

ਕੀਤੀ ਗਈ ਤੇ ਫਿਰ ਉਨ੍ਹਾਂ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ ਸਿੱਖਾਂ ਨੂੰ ਸਿੰਘ ਸਜਾਉਣ ਦੀ ਲਹਿਰ ਸ਼ੁਰੂ ਕਰ ਲਈ । ਇਨ੍ਹਾਂ ਪ੍ਰਥਮ ਪੰਜ ਪਿਆਰਿਆਂ ਰਾਹੀਂ ਹਜ਼ਾਰਾਂ ਸਿੱਖਾਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤੇ ਆਪਣੇ ਨਾਵਾਂ ਨਾਲ ਸਿੰਘ ਸ਼ਬਦ ਗੁਰੂ ਜੀ ਦੇ ਹੁਕਮ ਅਨੁਸਾਰ ਲਾ ਲਿਆ । ਜਿਨ੍ਹਾਂ ਸਿੱਖ ਇਸਤਰੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਪਾਈ ਉਨ੍ਹਾਂ ਦੇ ਨਾਵਾਂ ਨਾਲ ਕੌਰ ਸ਼ਬਦ ਲੱਗ ਗਿਆ । ਪਹਿਲੇ ਦਿਨ ਹੀ ਸੰਗਤ ਵਿਚੋਂ ਜਿਨ੍ਹਾਂ ਅੰਮ੍ਰਿਤ ਛਕਿਆ ਉਨ੍ਹਾਂ ਵਿਚ ਸੋਢੀ ਲਛਮਣ ਦਾਸ ਵੀ ਸੀ, ਜੋ ਲਛਮਣ ਸਿੰਘ ਸਜਿਆ । ਉਸ ਵੇਲੇ ਇਸ ਸਿੱਖੀ ਦੀ ਲੋਕ-ਲਹਿਰ ਵਿਚ ਸਿੰਘ ਸਜਣ ਵਾਲੇ ਆਪਣੀਆਂ ਧਰਮ-ਸੁਪਤਨੀਆਂ ਨੂੰ ਅੰਮ੍ਰਿਤਧਾਰੀ ਨਾਲ ਹੀ ਬਣਾ ਲੈਂਦੇ ਤਾਂ ਕਿ ਪਰਿਵਾਰਕ ਜੀਵਨ ਚੜ੍ਹਦੀ ਕਲਾ ਵਿਚ ਆ ਸਕੇ ।

ਅਨੂਪ ਨੇ ਗੁਰੂ ਪਰਿਵਾਰ ਨਾਲ ਰਹਿ ਕੇ ਸਿੱਖੀ ਜੀਵਨ ਦੀ ਜੋ ਦਾਤ ਪ੍ਰਾਪਤ ਕੀਤੀ ਉਸ ਦੇ ਫਲਸਰੂਪ ਉਹਦੀ ਸਰੀਰਕ ਸੁੰਦਰਤਾ, ਮਨ ਦਾ ਖੇੜਾ ਤੇ ਆਤਮ ਹੁਲਾਰਾ ਉਸ ਦੀ ਸਰਬਪੱਖੀ ਸ਼ਖ਼ਸੀਅਤ ਨੂੰ ਹੋਰ ਵਧੇਰੇ ਨਿਖਾਰਨ ਤੇ ਪ੍ਰਭਾਵਿਤ ਕਰਨ ਵਾਲਾ ਬਣ ਗਿਆ । ਉਹ ਸਵੇਰੇ-ਸ਼ਾਮ ਗੁਰੂ ਦਰਬਾਰ ਦੀ ਹਾਜ਼ਰੀ ਭਰਦੀ, ਕੀਰਤਨ ਸੁਣਦੀ ਤੇ ਕਲਗੀਧਰ ਪਾਤਸ਼ਾਹ ਦੇ ਬਚਨਾਂ ਨੂੰ ਗ੍ਰਹਿਣ ਕਰਦੀ । ਸੰਗਤ ਵਿਚ ਜਿਹੜੀਆਂ ਹੋਰ ਉਹਦੀਆਂ ਹਮ-ਉਮਰ ਕੁੜੀਆਂ ਆਉਂਦੀਆਂ ਉਹ ਇਹਦੀਆਂ ਸਹੇਲੀਆਂ ਬਣ ਗਈਆਂ । ਇਹ ਬਿਨ-ਬੋਲਿਆਂ ਆਪਣੀ ਕਥਨੀ ਤੇ ਕਰਨੀ ਨਾਲ ਹੀ ਕੁੜੀਆਂ ਦੇ ਉਸ ਟੋਲੇ ਦੀ ਮੁਖੀ ਬਣ ਗਈ ਅਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ । ਤੇ ਉਸ ਦੀਆਂ ਸਹੇਲੀਆਂ ਨੇ ਵੀ ।

ਅੰਮ੍ਰਿਤਧਾਰੀ ਅਨੂਪ ਕੌਰ ਨੇ ਮਾਤਾ ਸੁੰਦਰੀ ਜੀ ਨਾਲ ਸਲਾਹ ਕਰ ਕੇ ਤੇ ਗੁਰੂ ਸਾਹਿਬ ਦੀ ਆਗਿਆ ਨਾਲ ਅੰਮ੍ਰਿਤਧਾਰੀ ਕੁੜੀਆਂ ਦੇ ਇਸ ਜੱਥੇ ਨੂੰ ਸ਼ਸਤਰ ਵਿਦਿਆ ਦੇਣ ਦਾ ਪ੍ਰਬੰਧ ਕਰਵਾ ਲਿਆ । ਇਹ ਰੋਜ਼ ਸਵੇਰੇ ਇਕੱਤਰ ਹੁੰਦੀਆਂ । ਉਥੇ ਪਹਿਲਾਂ ਗਤਕਾ ਸਿੱਖਦੀਆਂ ਤੇ ਫਿਰ ਇਨ੍ਹਾਂ ਨੇ ਕਿਰਪਾਨਾਂ ਨਾਲ ਗਤਕਾ ਖੇਡਣ ਤੇ ਢਾਲ-ਤਲਵਾਰ ਨਾਲ ਹਮਲਾ ਰੋਕਣ ਤੇ ਵਾਰ ਕਰਨ ਦੀ ਸਿਖਲਾਈ ਪ੍ਰਾਪਤ ਕਰ ਲਈ । ਇਸ ਨਾਲ ਨੌਜਵਾਨ ਕੁੜੀਆਂ ਦੇ ਮਨਾਂ ਵਿਚੋਂ ਕਮਜ਼ੋਰੀ ਤੇ ਹੀਣਤਾ ਦੀ ਭਾਵਨਾ ਖ਼ਤਮ ਹੋ ਗਈ । ਉਨ੍ਹਾਂ ਵਿਚ ਸਵੈ-ਵਿਸ਼ਵਾਸ ਪੈਦਾ ਹੋ ਗਿਆ ਕਿ ਉਹ ਕਿਸੇ ਵੀ ਸੰਕਟ ਦੀ ਸਥਿਤੀ ਵਿਚ ਸਵੈ-ਰੱਖਿਆ ਕਰ ਸਕਦੀਆਂ ਹਨ ਅਤੇ ਵੈਰੀ ਦੇ ਕਿਸੇ ਵੀ ਹਮਲੇ ਸਮੇਂ ਉਹ ਸਿੰਘਾਂ ਨਾਲ ਬਰਾਬਰ ਖਲੋ ਕੇ ਦੁਸ਼ਮਣ ਦਾ ਮੁਕਾਬਲਾ ਕਰ ਸਕਦੀਆਂ ਹਨ । ਇਸੇ ਸਿਖਲਾਈ ਦੇ ਤੀਜੇ ਪੜਾਅ ਵਿਚ ਇਨ੍ਹਾਂ ਨੇ ਘੋੜਸਵਾਰੀ ਕਰਨੀ ਸ਼ੁਰੂ ਕਰ ਦਿੱਤੀ । ਅਨੰਦਪੁਰ ਦੇ ਬਾਹਰ ਚਰਨ ਗੰਗਾ ਨਦੀ ਦੇ ਕੰਢੇ ਇਹ ਘੋੜਸਵਾਰੀ ਕਰਦੀਆਂ । ਅਨੂਪ ਕੌਰ ਦੀ ਅਗਵਾਈ ਹੇਠ ਪਹਿਲਾਂ 11 ਕੁੜੀਆਂ ਦਾ ਜੱਥਾ ਬਣਿਆ ਤੇ ਫਿਰ ਇਨ੍ਹਾਂ ਵੱਲ ਵੇਖ ਕੇ ਹੋਰ ਵੀ ਨੌਜਵਾਨ ਕੁੜੀਆਂ ਇਸ ਜੱਥੇ ਵਿਚ ਸ਼ਾਮਲ ਹੁੰਦੀਆਂ ਗਈਆਂ । ਅਨੂਪ ਕੌਰ ਇਸ ਜੱਥੇ ਦੀ ਜਥੇਦਾਰਨੀ ਸੀ । ਬੀਬੀਆਂ ਦੇ ਇਸ ਹਥਿਆਰਬੰਦ ਜੱਥੇ ਦੀ ਚਰਚਾ ਕੇਵਲ ਸਿੱਖਾਂ ਵਿਚ ਹੀ ਨਹੀਂ ਸਗੋਂ ਪਹਾੜੀ ਰਾਜਿਆਂ ਤੇ ਮੁਗ਼ਲ ਹਾਕਮਾਂ ਤਕ ਵੀ ਪਹੁੰਚ ਗਈ । ਫਿਰ ਸਮਾਂ ਆਇਆ ਪਹਾੜੀ ਰਾਜਿਆਂ ਨੇ ਗੁਰੂ ਜੀ ਤੋਂ ਮਦਦ ਮੰਗੀ ।

ਗੁਰੂ ਜੀ ਨੇ ਜਰਨੈਲ ਅਲਫ਼ ਖ਼ਾਂ ਦਾ ਟਾਕਰਾ ਕਰਨ ਲਈ ਸਿੰਘਾਂ ਦੀ ਫ਼ੌਜੀ ਸ਼ਕਤੀ

ਭੇਜ ਦਿੱਤੀ। ਨਾਦੌਣ ਵਿਚ ਜ਼ਬਰਦਸਤ ਯੁੱਧ ਹੋਇਆ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਫ਼ੌਜੀ ਸ਼ਕਤੀ ਨਾਲ ਅਲਫ਼ ਖ਼ਾਂ ਹਾਰ ਗਿਆ। ਇਸ ਯੁੱਧ ਵਿਚ ਅਨੂਪ ਕੌਰ ਦੀ ਅਗਵਾਈ ਹੇਠ ਸਿੱਖ ਇਸਤਰੀਆਂ ਦਾ ਜੱਥਾ ਵੀ ਪਹਿਲੀ ਵਾਰ ਸ਼ਾਮਲ ਹੋਇਆ। ਇਸ ਯੁੱਧ ਦੀ ਜਿੱਤ ਨਾਲ ਸਿੱਖ ਨਾਰੀਆਂ ਵਿਚ ਸਵੈ-ਵਿਸ਼ਵਾਸ ਦੀ ਭਾਵਨਾ ਹੋਰ ਵਧ ਗਈ। ਸਿੱਖ ਬੀਬੀਆਂ ਦੀ ਵੀਰਤਾ ਦਾ ਚਰਚਾ ਦੇਸ਼ ਭਰ ਵਿਚ ਦੂਰ-ਦੂਰ ਤਕ ਹੋਣ ਲੱਗ ਪਿਆ। ਜਦੋਂ ਮੁਗਲ ਹਾਕਮਾਂ ਦੇ ਹੁਕਮ ਨਾਲ ਸਰਹੰਦ, ਲਾਹੌਰ, ਮਲੇਰਕੋਟਲਾ, ਕਸੂਰ ਦੇ ਪਠਾਣ ਹਾਕਮਾਂ ਨੇ ਮਿਲਵੀਂ ਤਾਕਤ ਨਾਲ ਅਨੰਦਪੁਰ 'ਤੇ ਚੜ੍ਹਾਈ ਕੀਤੀ ਤਾਂ ਕਲਗੀਧਰ ਦੇ ਹੁਕਮ ਅਨੁਸਾਰ ਖਾਲਸਾ ਪੰਥ ਮੁਕਾਬਲੇ ਲਈ ਡਟ ਗਿਆ ਤਾਂ ਹਮਲਾਵਰਾਂ ਨੂੰ ਨਿਧੜਕ ਹੋ ਕੇ ਅਨੰਦਪੁਰ ਵਿਚ ਦਾਖ਼ਲ ਹੋਣ ਦਾ ਹੌਸਲਾ ਨਾ ਪਿਆ। ਮੁਗ਼ਲ ਹਕੂਮਤ ਨੇ ਸਾਰੇ ਪਹਾੜੀ ਹਿੰਦੂ ਰਾਜਿਆਂ ਨੂੰ ਵੀ ਹੁਕਮ ਦਿੱਤਾ ਕਿ ਉਹ ਗੁਰੂ ਗੋਬਿੰਦ ਸਿੰਘ ਦੀ ਫ਼ੌਜੀ ਸ਼ਕਤੀ ਨੂੰ ਖ਼ਤਮ ਕਰਨ ਲਈ ਅਨੰਦਪੁਰ ਵੱਲ ਆਪਣੀਆਂ ਫ਼ੌਜਾਂ ਭੇਜਣ ਨਹੀਂ ਤਾਂ ਮੁਗ਼ਲ ਫ਼ੌਜਾਂ ਉਨ੍ਹਾਂ ਦਾ ਰਾਜ-ਭਾਗ ਖ਼ਤਮ ਕਰ ਦੇਣਗੀਆਂ। ਮੁਗਲਾਂ ਤੋਂ ਡਰਦੇ ਹੋਏ ਪਹਾੜੀ ਰਾਜਿਆਂ ਵੀ ਆਪਣੀਆਂ ਫ਼ੌਜਾਂ ਅਨੰਦਪੁਰ ਘੇਰਨ ਲਈ ਭੇਜ ਦਿੱਤੀਆਂ। ਅਨੂਪ ਕੌਰ ਦੀ ਅਗਵਾਈ ਹੇਠ ਸਿੱਖ ਬੀਬੀਆਂ ਦਾ ਜੱਥਾ ਵੀ ਸਿੰਘਾਂ ਦੀ ਸਹਾਇਤਾ ਲਈ ਪੂਰੀ ਤਰ੍ਹਾਂ ਤੱਤਪਰ ਸੀ। ਇਹ ਬੀਬੀਆਂ ਤਿੰਨ ਕੰਮ ਕਰ ਰਹੀਆਂ ਸਨ। ਇਕ ਤਾਂ ਗੁਰੂ ਕੇ ਮਹਿਲਾਂ ਤੇ ਗੁਰੂ ਪਰਿਵਾਰਾਂ ਦੀ ਸੇਵਾ ਇਸ ਜੱਥੇ ਦੇ ਸਪੁਰਦ ਸੀ। ਦੂਜਾ ਇਨ੍ਹਾਂ ਦਾ ਕੰਮ ਸੀ ਜੱਥਿਆਂ ਲਈ ਲੰਗਰ ਵਡੇਰੀ ਉਮਰ ਦੀਆਂ ਸਿੰਘਣੀਆਂ ਤਿਆਰ ਕਰਦੀਆਂ, ਉਹ ਮੁਟਿਆਰਾਂ ਦਾ ਜੱਥਾ ਥਾਂ-ਥਾਂ ਮੋਰਚਿਆਂ ਵਿਚ ਬੈਠੇ ਸਿੰਘਾਂ (ਤਕ) ਪਹੁੰਚਾਂਦੀਆਂ। ਤੀਜਾ, ਜਿਸ ਪਾਸਿਉਂ ਵੀ ਦੁਸ਼ਮਣਾਂ ਦੇ ਹਮਲੇ ਦਾ ਸੰਕੇਤ ਮਿਲਦਾ ਤਾਂ ਸਿੱਖ ਬੀਬੀਆਂ ਦਾ ਇਹ ਜੱਥਾ ਉਥੇ ਵੀ ਟਾਕਰੇ ਵਿਚ ਸਹਾਇਤਾ ਲਈ ਪੁੱਜ ਜਾਂਦਾ। ਅਨੰਦਪੁਰ ਵਿਚ ਰਹਿੰਦਿਆਂ ਅਖ਼ੀਰਲੇ ਦੋ ਸਾਲਾਂ ਵਿਚ ਕਈ ਮੌਕਿਆਂ 'ਤੇ ਅਨੂਪ ਕੌਰ ਤੇ ਉਹਦੇ ਜੱਥੇ ਨੇ ਕਮਾਲ ਦੀ ਬੀਰਤਾ ਵਿਖਾਈ। ਅਨੂਪ ਕੌਰ ਯੁੱਧ ਦੀ ਹਰ ਸਥਿਤੀ ਵਿਚ ਪਿੱਛੇ ਰਹਿ ਕੇ ਨਹੀਂ ਸਗੋਂ ਅੱਗੇ ਹੋ ਕੇ ਲੜਦੀ ਤੇ ਸਾਥੀ ਬੀਬੀਆਂ ਨੂੰ ਅੱਗੇ ਵਧ ਕੇ ਵੈਰੀਆਂ 'ਤੇ ਵਾਰ ਕਰਨ ਲਈ ਪ੍ਰੇਰਦੀ।

ਦਸੰਬਰ ਦੇ ਮਹੀਨੇ ਨੇ ਇਕ ਨਵਾਂ ਮੋੜ ਲਿਆ। ਕਾਜ਼ੀਆਂ ਤੇ ਬ੍ਰਾਹਮਣਾਂ ਝੂਠੀਆਂ ਕਸਮਾਂ ਖਾ ਕੇ ਇਹ ਗੱਲ ਮੰਨਵਾਈ ਕਿ ਇਕ ਵਾਰ ਗੁਰੂ ਜੀ ਕਿਲ੍ਹਾ ਖਾਲੀ ਕਰ ਦੇਣ ਇਸ ਨਾਲ ਸ਼ਾਹੀ ਫ਼ੌਜ ਦੀ ਇੱਜ਼ਤ ਰਹਿ ਆਏਗੀ। ਪਹਿਲਾਂ ਤਾਂ ਗੁਰੂ ਸਾਹਿਬ ਨੇ ਇਹ ਗੱਲ ਨਾ ਮੰਨੀ ਪਰ ਫਿਰ ਮਾਤਾ ਗੁਜਰੀ ਜੀ ਤੇ ਕੁਝ ਸਿੰਘਾਂ ਦੇ ਜ਼ੋਰ ਦੇਣ 'ਤੇ ਕਿਲ੍ਹਾ ਅਨੰਦਗੜ੍ਹ ਛੱਡਣ ਦਾ ਫ਼ੈਸਲਾ ਹੋ ਗਿਆ। 7 ਪੋਹ 1761 ਸੰਮਤ (1704) ਈਸਵੀ ਦੀ ਰਾਤ ਨੂੰ ਗੁਰੂ ਜੀ ਨੇ ਪਰਿਵਾਰ ਸਮੇਤ ਅਨੰਦਪੁਰ ਤੋਂ ਕੂਚ ਕੀਤਾ। ਇਸ ਸਮੇਂ ਗੁਰੂ ਜੀ ਦੇ ਮਹਿਲਾਂ ਤੇ ਮਾਤਾ ਗੁਜਰੀ ਜੀ ਦੀ ਸੇਵਾ-ਸੰਭਾਲ ਤੇ ਰਾਖੀ ਦਾ ਕਾਰਜ ਜਿਨ੍ਹਾਂ ਸਿੰਘਾਂ ਤੇ ਸਿੰਘਣੀਆਂ ਦੇ ਸਪੁਰਦ ਕੀਤਾ ਗਿਆ ਉਨ੍ਹਾਂ ਵਿਚ ਸੇਵਾਦਾਰਨੀਆਂ ਦੀ ਮੁਖੀ ਅਨੂਪ ਕੌਰ ਸੀ। ਅਜੇ ਇਹ ਕਾਫ਼ਲਾ ਅਨੰਦਪੁਰ ਤੋਂ ਥੋੜ੍ਹਾ ਦੂਰ ਹੀ ਬਾਹਰ ਗਿਆ ਸੀ ਕਿ ਮੁਗਲਾਂ ਨੇ ਪਹਿਲਾਂ ਖਾਧੀਆਂ ਕਸਮਾਂ ਭੁੱਲ ਕੇ ਹਮਲਾ ਕਰ ਦਿੱਤਾ। ਸਿੰਘ ਟਾਕਰੇ 'ਤੇ ਡਟ ਗਏ ਅਤੇ ਬੜੀ ਚੜ੍ਹਦੀ ਕਲਾ ਨਾਲ ਵੈਰੀਆਂ ਦਾ ਟਾਕਰਾ ਕਰਦੇ ਹੌਲੀ-ਹੌਲੀ ਅੱਗੇ ਵਧਦੇ ਗਏ। ਹਕੂਮਤ

ਦੀਆਂ ਫ਼ੌਜਾਂ ਦੇ ਆਗੂ ਇਹ ਵੇਖ ਕੇ ਹੈਰਾਨ ਹੋ ਰਹੇ ਸਨ ਕਿ ਔਰਤਾਂ ਵੀ ਯੁੱਧ ਵਿਚ ਸ਼ਸਤਰ ਲੈ ਕੇ ਟਾਕਰੇ ਲਈ ਸਾਹਮਣੇ ਆ ਰਹੀਆਂ ਹਨ। ਜਦ ਟਕਰਾਉ ਕਰਦਿਆਂ ਸਿੰਘਾਂ ਦਾ ਇਹ ਕਾਫ਼ਲਾ ਸਰਸਾ ਨਦੀ ਦੇ ਕੰਢੇ 'ਤੇ ਆਣ ਪਹੁੰਚਿਆ ਤਾਂ ਫ਼ੈਸਲਾ ਹੋਇਆ ਕਿ ਰਾਤ ਦੇ ਹਨੇਰੇ ਵਿਚ ਗੁਰੂ-ਪਰਿਵਾਰ ਨੂੰ ਨਦੀ ਪਾਰ ਕਰਵਾ ਦਿੱਤੀ ਜਾਏ ਤਾਂ ਕਿ ਉਹ ਦਿਨ ਦਾ ਚਾਨਣ ਹੋਣ ਤਕ ਕਾਫ਼ੀ ਦੂਰਾਡੇ ਲੰਘ ਜਾਣ ਉਤਨਾ ਚਿਰ ਸਿੰਘ ਦੁਸ਼ਮਣ ਦੀਆਂ ਫ਼ੌਜਾਂ ਨੂੰ ਠੱਲ੍ਹ ਪਾਈ ਰੱਖਣਗੇ। ਸਰਸਾ ਨਦੀ ਵਿਚ ਉਸ ਵੇਲੇ ਹੜ੍ਹ ਦਾ ਜ਼ੋਰ ਸੀ। ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਰਾਤ ਦੇ ਹਨੇਰੇ ਵਿਚ ਹੋਰ ਰਾਹੇ ਪੈ ਗਏ। ਅਨੂਪ ਕੌਰ ਕਾਫ਼ੀ ਦੂਰ ਜਾ ਕੇ ਬੜੀ ਮੁਸ਼ਕਲ ਨਾਲ ਕੰਢੇ ਲੱਗੀ। ਰਾਤ ਦੇ ਹਨੇਰੇ ਵਿਚ ਉਸ ਨੂੰ ਕੁਝ ਪਤਾ ਨਹੀਂ ਲੱਗਾ ਕਿ ਗੁਰੂ-ਪਰਿਵਾਰ ਕਿਹੜੇ ਪਾਸੇ ਨਿਕਲ ਗਿਆ ਹੈ। ਸਰਕਾਰੀ ਟੋਲੀਆਂ ਸ਼ਿਕਾਰੀਆਂ ਵਾਂਗ ਇਸ ਸਾਰੇ ਇਲਾਕੇ ਵਿਚ ਫਿਰ ਰਹੀਆਂ ਸਨ ਇਸ ਲਈ ਖੁੱਲ੍ਹ ਕੇ ਸਾਹਮਣੇ ਆਉਣਾ ਔਖਾ ਸੀ। ਖੇਤਾਂ ਵਿਚ ਲੁਕ-ਛਿਪ ਕੇ ਵਿਚਰਦਿਆਂ ਅਖ਼ੀਰ ਉਹਨੂੰ ਸਿੰਘਾਂ ਦਾ ਇਕ ਜੱਥਾ ਮਿਲਿਆ ਜਿਸ ਤੋਂ ਪਤਾ ਲੱਗਾ ਕਿ ਗੁਰੂ ਕਲਗੀਧਰ ਪਾਤਸ਼ਾਹ ਸਿੰਘਾਂ ਦੇ ਇਕ ਜੱਥੇ ਸਮੇਤ ਚਮਕੌਰ ਵੱਲ ਚਲੇ ਗਏ ਹਨ। ਜਦ ਇਹ ਪਤਾ ਲੱਗਾ ਕਿ ਦੋਵੇਂ ਵੱਡੇ ਸਾਹਿਬਜ਼ਾਦੇ ਤੇ ਸਿੰਘਾਂ ਦਾ ਇਕ ਜੱਥਾ ਯੁੱਧ ਕਰਦਾ ਹੋਇਆ ਸ਼ਹੀਦ ਹੋ ਗਿਆ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਤੋਂ ਕਿਧਰੇ ਹੋਰ ਚਲੇ ਗਏ ਹਨ। ਬੜੀ ਭਿਆਨਕ ਸਥਿਤੀ ਬਣੀ ਹੋਈ ਸੀ। ਸਾਧਾਰਣ ਮਨੁੱਖ ਅਜਿਹੀ ਅਵਸਥਾ ਵਿਚ ਘਬਰਾ ਜਾਂਦਾ ਹੈ ਪਰ ਅਨੂਪ ਕੌਰ ਨਾ ਘਬਰਾਈ ਤੇ ਨਾ ਹੀ ਡਰੀ। ਇਧਰੋਂ ਉਨ੍ਹਾਂ ਸੁਣਿਆ ਕਿ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਮੁਗਲ ਫ਼ੌਜ ਨੇ ਗ੍ਰਿਫ਼ਤਾਰ ਕਰ ਲਏ ਹਨ ਅਤੇ ਉਹ ਨਵਾਬ ਸਰਹੰਦ ਦੀ ਕੈਦ ਵਿਚ ਹਨ। ਇਹ ਸੂਚਨਾ ਮਿਲਦੇ ਸਾਰ ਉਹ ਸਰਹੰਦ ਵੱਲ ਚੱਲ ਪਏ। ਥੋੜ੍ਹਾ ਕੁ ਅੱਗੇ ਗਏ ਸਨ ਕਿ ਹਕੂਮਤ ਦੀ ਗਸ਼ਤੀ ਫ਼ੌਜੀ ਟੁਕੜੀ ਅਚਾਨਕ ਸਾਹਮਣੇ ਆ ਗਈ ਤੇ ਇਸ ਲਈ ਉਸ ਨਾਲ ਟੱਕਰ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਇਥੇ ਡਟ ਕੇ ਅੱਧਾ ਕੁ ਘੰਟਾ ਦੋਹਾਂ ਪਾਸਿਆਂ ਤੋਂ ਤਲਵਾਰਾਂ ਖੜਕੀਆਂ ਤੇ ਘੋੜਸਵਾਰਾਂ ਦੇ ਨੇਜ਼ੇ ਤੇ ਬਰਛੇ ਲਿਸ਼ਕੇ। ਦੋ ਸਿੰਘ ਸ਼ਹੀਦ ਹੋ ਗਏ। ਅਨੂਪ ਕੌਰ ਤੇ ਦੋ ਹੋਰ ਸਿੰਘ ਜ਼ਖ਼ਮੀ ਹੋ ਗਏ ਪਰ ਜਿਸ ਤਰ੍ਹਾਂ ਜ਼ਖ਼ਮੀ ਸ਼ੇਰ ਬੜੇ ਗੁੱਸੇ ਨਾਲ ਝਪਟਦਾ ਹੈ ਉਸੇ ਤਰ੍ਹਾਂ ਅਨੂਪ ਕੌਰ ਵੀ ਜ਼ਖ਼ਮੀ ਹੋਈ ਵੈਰੀ 'ਤੇ ਹੱਲਾ ਕਰਦੀ ਰਹੀ ਅਤੇ ਅਖ਼ੀਰ ਉਹ ਫ਼ੌਜੀ ਟੁਕੜੀ ਪਿੜ ਛੱਡ ਕੇ ਪਿੱਛੇ ਹਟ ਗਈ।

ਹੁਣ ਅਨੂਪ ਕੌਰ ਨਾਲ ਕੇਵਲ ਪੰਜ ਸਿੰਘ ਹੀ ਰਹਿ ਗਏ ਸਨ। ਬੜੀ ਵੱਡੀ ਗਿਣਤੀ ਵਿਚ ਫ਼ੌਜੀ ਗਸ਼ਤੀ ਦਸਤੇ ਹਰ ਪਾਸੇ ਪਿੰਡਾਂ ਵਿਚੋਂ ਲੰਘ ਰਹੇ ਸਨ। ਜਿਸ ਤੋਂ ਅਨੁਮਾਨ ਲੱਗਦਾ ਸੀ ਕਿ ਇਹ ਗੁਰੂ ਸਾਹਿਬ ਦਾ ਪਿੱਛਾ ਕਰ ਰਹੇ ਹਨ। ਅਨੂਪ ਕੌਰ ਦੇ ਮਨ ਵਿਚ ਇਹੀ ਤੜਪ ਸੀ ਕਿ ਇਕ ਵਾਰ ਉਹ ਗੁਰੂ ਮਹਾਰਾਜ ਦੇ ਦਰਸ਼ਨ ਕਰ ਲਵੇ ਤੇ ਇਸ ਸੰਕਟਕਾਲ ਵਿਚ ਉਹ ਆਪਣੇ ਧਰਮ-ਈਮਾਨ ਦੀ ਰਾਖੀ ਕਰਦਿਆਂ ਸ਼ਹੀਦ ਹੋ ਜਾਏ।

ਕੁਝ ਦਿਨ ਹੋਰ ਬੀਤ ਗਏ ਤਾਂ ਇਕ ਸਵੇਰੇ ਮੂੰਹ-ਹਨੇਰੇ ਹੀ ਜਦੋਂ ਅਗਲੇ ਪੜਾਅ ਲਈ ਕੂਚ ਕਰਨ ਦੀ ਤਿਆਰੀ ਵਿਚ ਸਨ ਤਾਂ ਮਲੇਰਕੋਟਲੇ ਦੇ ਸ਼ੇਰ ਮੁਹੰਮਦ ਖ਼ਾਂ (ਗੁਲਸ਼ੇਰ ਖ਼ਾਂ) ਦੀ ਫ਼ੌਜ ਨੇ ਇਨ੍ਹਾਂ ਨੂੰ ਆ ਘੇਰਿਆ। ਜਾਪਦਾ ਹੈ ਕਿ ਕਿਸੇ ਸਿੱਖ-ਵਿਰੋਧੀ ਨੇ ਉਨ੍ਹਾਂ ਨੂੰ ਇਨ੍ਹਾਂ ਦੇ ਇਸ ਟਿਕਾਣੇ ਠਹਿਰਣ ਦੀ ਖ਼ਬਰ ਦੇ ਦਿੱਤੀ ਸੀ। ਸ਼ੇਰ ਮੁਹੰਮਦ ਖ਼ਾਂ

ਅਨੰਦਪੁਰ ਦੇ ਘੇਰੇ ਸਮੇਂ ਤੋਂ ਅਨੂਪ ਕੌਰ ਦੀ ਜਥੇਦਾਰੀ ਹੇਠ ਸਿੱਖ ਬੀਬੀਆਂ ਦੀ ਫ਼ੌਜੀ ਟੁਕੜੀ ਦੀ ਬਹਾਦਰੀ ਦੀਆਂ ਗੱਲਾਂ ਸੁਣ ਚੁੱਕਿਆ ਸੀ। ਅਨੂਪ ਕੌਰ ਦੀ ਸੁੰਦਰਤਾ ਤੇ ਜੋਬਨ ਜੁਆਨੀ ਦੇ ਚਰਚੇ ਵੀ ਸੁਣ-ਸੁਣ ਕੇ ਸ਼ੇਰ ਮੁਹੰਮਦ ਖ਼ਾਂ ਇਸ ਦੇ ਦਰਸ਼ਨ ਕਰਨ ਤੇ ਇਹਨੂੰ ਪਾਉਣ ਦੀ ਲਾਲਸਾ ਮਨ ਵਿਚ ਰੱਖੀ ਬੈਠਾ ਸੀ। ਅੱਜ ਇਸ ਫ਼ੌਜੀ ਟੁਕੜੀ ਦੇ ਘੇਰੇ ਵਿਚ ਆਏ ਸਿੰਘਾਂ ਨੇ ਅਨੁਭਵ ਕੀਤਾ ਕਿ ਦੋ ਸੌ ਫ਼ੌਜੀਆਂ ਦੇ ਟਾਕਰੇ ਵਿਚੋਂ ਬਚ ਨਿਕਲਣ ਦਾ ਕੋਈ ਰਾਹ ਨਹੀਂ ਇਸ ਲਈ ਲੜ ਕੇ ਸ਼ਹੀਦ ਹੋਣਾ ਹੀ ਪਵੇਗਾ। ਸੋ ਉਹ ਪੰਜੇ ਸਿੰਘ ਮਲੇਰਕੋਟਲੇ ਦੀ ਫ਼ੌਜ ਨਾਲ ਲੜਦੇ-ਲੜਦੇ ਸ਼ਹੀਦ ਹੋ ਗਏ। ਅਨੂਪ ਕੌਰ ਬੜੀ ਬਹਾਦਰੀ ਨਾਲ ਯੁੱਧ ਲੜ ਰਹੀ ਸੀ। ਜਦੋਂ ਇਸ ਦਾ ਘੋੜਾ ਸਖ਼ਤ ਜ਼ਖ਼ਮੀ ਹੋ ਕੇ ਡਿੱਗ ਪਿਆ ਤੇ ਘੋੜੇ ਦੇ ਡਿੱਗਣ ਨਾਲ ਇਸ ਦੀ ਇਕ ਬਾਂਹ ਦੀ ਹੱਡੀ ਟੁੱਟ ਗਈ। ਇਉਂ ਮਲੇਰਕੋਟਲੇ ਦੇ ਸ਼ੇਰ ਮੁਹੰਮਦ ਖ਼ਾਂ ਨੇ ਅਨੂਪ ਕੌਰ ਨੂੰ ਕੈਦੀ ਬਣਾ ਲਿਆ।

ਸ਼ੇਰ ਮੁਹੰਮਦ ਖ਼ਾਂ ਨੂੰ ਜਦੋਂ ਇਹ ਪਤਾ ਲੱਗਾ ਕਿ ਇਹੀ ਅਨੂਪ ਕੌਰ ਏ ਜਿਸ ਬਾਰੇ ਉਸ ਨੇ ਬਹੁਤ ਕੁਝ ਸੁਣਿਆ ਸੀ ਤਾਂ ਉਹਨੇ ਮਨ ਵਿਚ ਫ਼ੈਸਲਾ ਕਰ ਲਿਆ ਕਿ ਇਹਨੂੰ ਮੁਸਲਮਾਨੀ ਧਰਮ ਵਿਚ ਲਿਆ ਕੇ ਆਪਣੇ ਹਰਮ ਵਿਚ ਰੱਖੇਗਾ ਤੇ ਜੇ ਇਹ ਉਹਦੇ ਨਾਲ ਨਿਕਾਹ ਕਰਨਾ ਮੰਨ ਜਾਏ ਤਾਂ ਇਸ ਨਾਲ ਨਿਕਾਹ ਕਰ ਲਵੇਗਾ ਨਹੀਂ ਤਾਂ ਇਹਦੇ ਹਾਣ ਦੇ ਆਪਣੇ ਪੁੱਤਰ ਨਾਲ ਇਹਦਾ ਵਿਆਹ ਕਰ ਦਵੇਗਾ। ਇਹ ਸੋਚ ਕੇ ਉਹਨੇ ਆਪਣੇ ਫ਼ੌਜੀਆਂ ਨੂੰ ਹਦਾਇਤ ਕੀਤੀ ਕਿ ਅਜੇ ਇਹਨੂੰ ਪੂਰੇ ਸਤਿਕਾਰ ਨਾਲ ਰੱਖੋ। ਇਸ ਦਾ ਯੋਗ ਇਲਾਜ ਕਰਵਾਉ ਤੇ ਮਲੇਰਕੋਟਲੇ ਲਿਜਾ ਕੇ ਇਸ ਦੇ ਆਰਾਮ ਦਾ ਪ੍ਰਬੰਧ ਕਰੋ। ਉਹ ਜ਼ਰੂਰੀ ਗੱਲਬਾਤ ਲਈ ਨਵਾਬ ਸਰਹੰਦ ਪਾਸ ਜਾ ਰਿਹਾ ਹੈ ਤੇ ਉਸ ਪਾਸੋਂ ਵਾਪਸ ਆ ਕੇ ਮਲੇਰਕੋਟਲੇ ਵਿਚ ਆਪਣੇ ਮਨ ਵਿਚ ਸੋਚੀ ਯੋਜਨਾ ਨੂੰ ਅਮਲੀ ਰੂਪ ਦੇਵੇਗਾ।

ਜ਼ਖ਼ਮੀ ਅਨੂਪ ਕੌਰ ਲਈ ਪਾਲਕੀ ਦਾ ਪ੍ਰਬੰਧ ਕੀਤਾ ਗਿਆ ਤੇ ਪਾਲਕੀ ਵਿਚ ਉਹਨੂੰ ਬਿਠਾ ਕੇ ਸ਼ੇਰ ਮੁਹੰਮਦ ਖ਼ਾਂ ਨੇ ਤੁਰਨ ਤੋਂ ਪਹਿਲਾਂ ਝੱਕਦਿਆਂ-ਝੱਕਦਿਆਂ ਸੰਖੇਪ ਜਿਹੀ ਗੱਲਬਾਤ ਕਰਦਿਆਂ ਆਪਣੇ ਮਨ ਦੇ ਵਿਚਾਰ ਅਨੂਪ ਕੌਰ ਅੱਗੇ ਹੱਥੇ। ਜਿਸ ਤੋਂ ਅਨੂਪ ਕੌਰ ਨੂੰ ਸਮਝ ਆ ਗਈ ਕਿ ਇਹ ਉਹਦੇ ਉਤੇ ਦੋਹਰਾ ਹਮਲਾ ਕਰਨਗੇ—ਇਕ ਤਾਂ ਉਹਨੂੰ ਧਰਮ ਬਦਲਣ ਲਈ ਮਜਬੂਰ ਕਰਨਗੇ ਤੇ ਦੂਜਾ ਉਹਦੇ ਇਸਤਰੀਪਣ ਦੀ ਇੱਜ਼ਤ ਨੂੰ ਹੱਥ ਪਾਉਣਗੇ। ਇਸ ਲਈ ਉਹ ਪਾਲਕੀ ਵਿਚ ਬੈਠੀ ਇਹੀ ਸੋਚ-ਵਿਚਾਰ ਕਰਦੀ ਰਹੀ ਕਿ ਕਿਵੇਂ ਇਨ੍ਹਾਂ ਜ਼ਾਲਮਾਂ ਤੋਂ ਛੁਟਕਾਰਾ ਪਾਏ ਤੇ ਜੇ ਕਿਸੇ ਤਰ੍ਹਾਂ ਆਜ਼ਾਦ ਨਹੀਂ ਹੋ ਸਕਦੀ ਤਾਂ ਫਿਰ ਕਿਵੇਂ ਸ਼ਹਾਦਤ ਪਾ ਜਾਵੇ। ਹੁਣ ਲੜਦਿਆਂ ਸ਼ਹੀਦੀ ਪਾਉਣ ਦਾ ਅਵਸਰ ਤਾਂ ਅਵਸਰ ਨਹੀਂ ਸੀ ਤੇ ਕੈਦ ਵਿਚੋਂ ਨਿਕਲ ਜਾਣ ਦਾ ਕੋਈ ਰਾਹ ਵੀ ਨਹੀਂ ਸੀ ਪਰ ਉਹਨੇ ਦ੍ਰਿੜ੍ਹ ਨਿਸ਼ਚਾ ਕਰ ਲਿਆ ਕਿ ਕੁਝ ਵੀ ਹੋਵੇ ਉਹ ਨਾ ਸਿੱਖੀ ਤਿਆਗੇਗੀ ਅਤੇ ਨਾ ਹੀ ਹਰਮ ਵਿਚ ਇਕ ਪਲ ਵੀ ਰਹੇਗੀ।

ਮਲੇਰਕੋਟਲੇ ਪਹੁੰਚ ਕੇ ਹਦਾਇਤ ਅਨੁਸਾਰ ਉਸ ਦੀ ਕਰੜੇ ਪਹਿਰੇ ਵਿਚ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ। ਸ਼ੇਰ ਮੁਹੰਮਦ ਖ਼ਾਂ ਕਾਫ਼ੀ ਦਿਨ ਲਾ ਕੇ ਆਇਆ ਤੇ ਉਹਨੂੰ ਅਨੂਪ ਕੌਰ ਦੀ ਸੇਵਾ-ਸੰਭਾਲ ਵਿਚ ਲੱਗੀਆਂ ਨਾਰੀਆਂ ਨੇ ਦੱਸਿਆ ਕਿ ਉਹ ਸਵੇਰੇ-ਸ਼ਾਮ ਪਾਠ ਕਰਨ ਵਿਚ ਰੁੱਝੀ ਰਹਿੰਦੀ ਏ। ਮੁਸਲਮਾਨ ਔਰਤਾਂ ਨੂੰ ਸਮਝ ਨਹੀਂ ਆਉਂਦੀ ਕਿ ਉਹ

ਕੀ ਪੜ੍ਹਦੀ ਏ ਤੇ ਜਦੋਂ ਉਹ ਇਬਾਦਤ ਤੋਂ ਵਿਹਲੀ ਹੁੰਦੀ ਏ ਤਾਂ ਬੜੀ ਗੰਭੀਰ ਰੂਪ ਵਿਚ ਬੈਠੀ ਸੋਚਾਂ ਦੇ ਸਾਗਰ ਵਿਚ ਡੁੱਬੀ ਰਹਿੰਦੀ ਏ । ਕਿਸੇ ਨੂੰ ਇਹ ਚਿੰਤ-ਚੇਤਾ ਵੀ ਨਹੀਂ ਸੀ ਕਿ ਉਹ ਮਰਨ ਤੇ ਸ਼ਹੀਦ ਹੋਣ ਦੀ ਵਿਉਂਤ ਬਣਾ ਰਹੀ ਏ । ਸ਼ੇਰ ਮੁਹੰਮਦ ਖ਼ਾਂ ਨੇ ਕਾਫ਼ੀ ਲੰਮਾ ਸਮਾਂ ਇਸ ਲਈ ਉਡੀਕ ਕੀਤੀ ਕਿ ਇਹ ਉਸ ਦੇ ਹਰਮ ਦਾ ਸ਼ਿੰਗਾਰ ਬਣਨਾ ਖਿੜੇ ਮੱਥੇ ਸਵੀਕਾਰ ਕਰੇ । ਉਹਨੇ ਨੌਕਰਾਣੀਆਂ ਰਾਹੀਂ ਵੀ ਇਹ ਦਬਾਅ ਪਾਉਣਾ ਚਾਹਿਆ ਕਿ ਇਸ ਤੋਂ ਬਿਨਾਂ ਹੋਰ ਕੋਈ ਹੱਲ ਨਹੀਂ । ਅਖ਼ੀਰ ਮਨ ਵਿਚ ਪੱਕਾ ਫ਼ੈਸਲਾ ਕਰ ਕੇ ਉਹਨੇ ਤਿਆਰੀ ਕਰ ਲਈ ਤੇ ਇੱਧਰ ਸ਼ੇਰ ਮੁਹੰਮਦ ਖ਼ਾਂ ਨੇ ਆਪਣੀ ਯੋਜਨਾ ਅਨੁਸਾਰ ਕਾਜ਼ੀ ਬੁਲਾ ਲਏ ਤਾਂ ਕਿ ਇਹਦਾ ਧਰਮ ਬਦਲਿਆ ਜਾ ਸਕੇ । ਜਦ ਕਾਜ਼ੀ ਤੇ ਮੌਲਵੀ ਮੁਲਾਣੇ ਆਏ ਤਾਂ ਅਨੂਪ ਕੌਰ ਕਮਰੇ ਵਿਚ ਜ਼ਮੀਨ ਤੇ ਖ਼ੂਨ ਵਿਚ ਲਥ-ਪਥ ਮਰੀ ਪਈ ਸੀ ਤੇ ਛੁਰਾ (ਖੰਜਰ) ਉਸ ਦੇ ਸੀਨੇ ਵਿਚ ਖੁਭਿਆ ਪਿਆ ਸੀ । ਸਾਰੇ ਹੈਰਾਨ ਰਹਿ ਗਏ । ਉਹਨੇ ਹਿਲਾਇਆ-ਜੁਲਾਇਆ ਪਰ ਉਹਦੀ ਆਤਮਾ ਦਾ ਭੌਰ ਸਰੀਰ ਦਾ ਸਾਥ ਛੱਡ ਕੇ ਕਿਧਰੇ ਦੂਰ ਉਡਾਰੀ ਮਾਰ ਚੁੱਕਿਆ ਸੀ । ਉਨ੍ਹਾਂ ਨੇ ਅਨੂਪ ਕੌਰ ਦੇ ਸਰੀਰ ਨੂੰ ਇਸਲਾਮੀ ਰਿਵਾਜ਼ ਅਨੁਸਾਰ ਕਬਰ ਪੁੱਟ ਕੇ ਦਫ਼ਨਾ ਦਿੱਤਾ ।

ਜਦੋਂ ਬੰਦਾ ਬਹਾਦਰ ਨਾਂਦੇੜ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਮੁਗ਼ਲ ਹਾਕਮਾਂ ਨੂੰ ਸੋਧਣ ਲਈ ਪੰਜਾਬ ਆਇਆ ਤਾਂ ਜਿਥੇ ਸਰਹੰਦ ਫਤਹਿ ਕੀਤੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣ ਕੇ ਸ਼ਹੀਦ ਕਰਨ ਵਾਲੇ ਨਵਾਬ ਸਰਹੰਦ ਨੂੰ ਮਾਰਿਆ ਉਥੇ ਸਮਾਣੇ ਵਿਚ ਗੁਰੂ ਤੇਗ ਬਹਾਦਰ ਜੀ ਦੇ ਕਾਤਲ ਸੱਯਦ ਜਲਾਲੁਦੀਨ ਤੋਂ ਬਦਲਾ ਲਿਆ ਉਥੇ ਮਲੇਰਕੋਟਲੇ 'ਤੇ ਵੀ ਧਾਵਾ ਬੋਲਿਆ । ਸ਼ੇਰ ਮੁਹੰਮਦ ਖ਼ਾਂ ਤਾਂ ਡਰਦਾ ਮਾਰਾ ਪਹਿਲਾਂ ਹੀ ਨੱਸ ਗਿਆ । ਦਸ ਹਜ਼ਾਰ ਦੀ ਖਾਲਸਾ ਫ਼ੌਜ ਨੇ ਮਲੇਰਕੋਟਲੇ 'ਤੇ ਕਬਜ਼ਾ ਕਰ ਕੇ ਪਹਿਲਾ ਕੰਮ ਇਹ ਕੀਤਾ ਕਿ ਅਨੂਪ ਕੌਰ ਦੇ ਸਰੀਰ ਨੂੰ ਕਬਰ ਵਿਚੋਂ ਕੱਢਿਆ ਤੇ ਖਾਲਸਾ ਫ਼ੌਜ ਨੇ ਪੂਰੇ ਫ਼ੌਜੀ ਸਨਮਾਨ ਨਾਲ ਉਸ ਦਾ ਦਾਹ-ਸੰਸਕਾਰ ਕੀਤਾ । ਪਹਿਲਾਂ ਨੰਗੀਆਂ ਕਿਰਪਾਨਾਂ ਹੇਠੋਂ ਉਸ ਦੀ ਅਰਥੀ ਲੰਘਾਈ ਤੇ ਬੰਦੂਕਾਂ ਵਿਚੋਂ ਗੋਲੀਆਂ ਚਲਾ ਕੇ ਸਲਾਮੀ ਦਿੱਤੀ ਗਈ । ਇਸ ਸਮੇਂ ਬੰਦਾ ਬਹਾਦਰ ਸਿੰਘ ਨੇ ਐਲਾਨ ਕੀਤਾ ਕਿ ਇਹ ਅਨੂਪ ਕੌਰ ਸਤੀ ਤੇ ਸ਼ਹੀਦ ਹੈ, ਇਸ ਨੂੰ ਇਤਿਹਾਸ ਵਿਚ ਕੌਮ ਆਪਣੀ ਕੁਰਬਾਨੀ ਕਾਰਨ ਸਦਾ ਯਾਦ ਰੱਖੇਗੀ ।

ਬੀਬੀ ਸੁਸ਼ੀਲ ਕੌਰ

ਜਦੋਂ ਤੋਂ ਸਿੱਖ ਧਰਮ ਦੀ ਜੋਤ ਰੌਸ਼ਨ ਹੋਈ ਹੈ, ਇਸ ਕੌਮ ਨੇ ਅਮਨ-ਚੈਨ ਦੀਆਂ ਘੜੀਆਂ ਘੱਟ ਹੀ ਵੇਖੀਆਂ ਹਨ । ਗੁਰੂ ਸਾਹਿਬਾਨ ਦੇ ਜੀਵਨ ਕਾਲ ਦੇ ਦੌਰਾਨ ਅਤੇ ਉਸ ਤੋਂ ਕਾਫ਼ੀ ਅਰਸਾ ਬਾਅਦ ਵਿਚ ਵੀ ਸਿੱਖ ਕੌਮ ਨਿਰੰਤਰ ਆਪਣੇ ਧਰਮ ਅਤੇ ਹੋਂਦ ਦੀ ਰੱਖਿਆ ਲਈ ਮੁਗਲਾਂ ਤੇ ਜ਼ੁਲਮਾਂ ਨਾਲ ਜੂਝਦੀ ਰਹੀ । ਯੂਰਪ ਦੇ ਯਹੂਦੀਆਂ ਦੀ ਤਰ੍ਹਾਂ ਹਰ ਸਮੇਂ ਅਤੇ ਹਰ ਜਗ੍ਹਾ ਤੇ ਸਿੱਖਾਂ ਨੂੰ ਆਪਣੀ ਵੱਖਰੀ ਹੋਂਦ ਅਤੇ ਧਾਰਮਿਕ ਵਿਲੱਖਣਤਾ ਬਰਕਰਾਰ ਰੱਖਣ ਲਈ ਸਖ਼ਤ ਜੱਦੋ-ਜਹਿਦ ਕਰਨੀ ਪਈ ਹੈ । ਇਸ ਪਿਛੋਕੜ ਨੂੰ ਮੁੱਖ ਰੱਖਦਿਆਂ ਹੁਣ ਅਸੀਂ ਬੀਬੀ ਸੁਸ਼ੀਲ ਕੌਰ ਦੇ ਕਿਰਦਾਰ ਬਾਰੇ ਵਿਚਾਰ ਕਰਨੀ ਹੈ । ਇਹ ਤਾਂ ਜ਼ਾਹਿਰ

ਹੈ ਕਿ ਜਦੋਂ ਵੀ ਕਿਸੇ ਕੌਮ 'ਤੇ ਭੀੜ ਪੈਂਦੀ ਹੈ ਤਾਂ ਉਸ ਦਾ ਸਭ ਤੋਂ ਜ਼ਿਆਦਾ ਧੱਕਾ ਸਹਿਣਾ ਪੈਂਦਾ ਹੈ ਉਸ ਦੀਆਂ ਮਾਵਾਂ, ਭੈਣਾਂ ਅਤੇ ਪਤਨੀਆਂ ਨੂੰ। ਇਤਿਹਾਸ ਗਵਾਹ ਹੈ ਉਨ੍ਹਾਂ ਮਾਤਾਵਾਂ ਦਾ ਜਿਨ੍ਹਾਂ ਨੇ ਆਪਣੇ ਬੱਚਿਆਂ ਦੇ ਟੁਕੜੇ-ਟੁਕੜੇ ਕਰਵਾ ਕੇ ਝੋਲੀਆਂ ਵਿਚ ਪੁਆਏ, ਉਨ੍ਹਾਂ ਪਤਨੀਆਂ ਤੇ ਭੈਣਾਂ ਦਾ, ਜਿਨ੍ਹਾਂ ਨੇ ਰੋਕਣ ਦੀ ਬਜਾਏ ਪ੍ਰੇਰਿਤ ਕਰ ਕੇ ਆਪਣੇ ਪਤੀਆਂ ਤੇ ਭਰਾਵਾਂ ਨੂੰ ਜੰਗ ਵਿਚ ਸ਼ਹੀਦੀਆਂ ਪ੍ਰਾਪਤ ਕਰਨ ਲਈ ਭੇਜਿਆ। ਮੁਗਲਾਂ ਦੇ ਸਮਿਆਂ ਵਿਚ ਜਦੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ ਤਾਂ ਉਹ ਜੰਗਲਾਂ, ਪਹਾੜਾਂ ਤੇ ਜੂਹਾਂ ਵਿਚ ਲੁਕ-ਛਿਪ ਕੇ ਰਹਿੰਦੇ ਸਨ। ਉਨ੍ਹਾਂ ਦੀਆਂ ਮਾਵਾਂ-ਭੈਣਾਂ ਤੇ ਪਤਨੀਆਂ ਨੇ ਸਭ ਮੁਸ਼ਕਲਾਂ ਤੇ ਤਸੀਹੇ ਉਨ੍ਹਾਂ ਦੇ ਨਾਲ ਝੱਲੇ ਅਤੇ ਕਦੀ ਹਿੰਮਤ ਨਾ ਹਾਰੀ ਤੇ ਕਮਜ਼ੋਰੀ ਨੂੰ ਆਪਣੇ ਨੇੜੇ ਨਾ ਆਉਣ ਦਿੱਤਾ। ਇਤਿਹਾਸ ਗਵਾਹ ਹੈ ਕਿ ਅੰਗਰੇਜ਼ਾਂ ਦੇ ਰਾਜ ਵੇਲੇ ਜਦੋਂ ਗੁਰਦੁਆਰਾ ਸੁਧਾਰ ਲਹਿਰ ਚੱਲੀ ਤਾਂ ਸਿੱਖ ਬੀਬੀਆਂ ਨੇ ਸਿੰਘਾਂ ਦੇ ਬਰਾਬਰ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ।

ਹੁਣ ਤਕ ਸਿੱਖ ਇਤਿਹਾਸ ਵਿਚ ਸਿੱਖ ਬੀਬੀਆਂ ਦੇ ਕਿਰਦਾਰ ਦਾ ਨਿਰੀਖਣ ਕਰਨਾ ਇਸ ਲਈ ਜ਼ਰੂਰੀ ਹੋ ਗਿਆ ਹੈ ਕਿ ਅਸੀਂ ਸਮਝ ਸਕੀਏ ਕਿ ਸਾਡੀ ਸ਼ਖ਼ਸੀਅਤ ਦੇ ਵਿਕਾਸ ਵਿਚ ਕਿਹੜੇ ਅਹਿਮ ਕਾਰਨ ਮੌਜੂਦ ਹਨ ਅਤੇ ਸਾਡੀ ਸ਼ਖ਼ਸੀਅਤ ਦੀ ਨੀਂਹ ਕਿਨ੍ਹਾਂ ਗੁਣਾਂ 'ਤੇ ਰੱਖੀ ਗਈ ਹੈ ਪਰ ਇਤਿਹਾਸਕਾਰਾਂ ਨੇ ਉਨ੍ਹਾਂ ਬੀਬੀਆਂ ਦੇ ਇਤਿਹਾਸ ਲਿਖਣ ਵਿਚ ਬਹੁਤ ਅਣਗਹਿਲੀ ਕੀਤੀ ਹੈ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਪੰਜਾਬ ਵਿਚ ਤਹਿਲਕਾ ਮਚਾ ਦੇਣ ਵਾਲੇ, ਅਧੋਗਤੀ ਵੱਲ ਜਾ ਰਹੀ ਮੁਗਲ ਹਕੂਮਤ ਨੂੰ ਧੱਕਾ ਮਾਰ ਕੇ ਤਖ਼ਤ ਤੋਂ ਥੱਲੇ ਸੁੱਟਣ ਦੇ ਕੰਮ ਨੂੰ ਅੱਗੇ ਵਧਾਉਣ ਵਾਲੇ ਜਰਨੈਲ ਬੰਦਾ ਸਿੰਘ ਬਹਾਦੁਰ ਬਾਰੇ ਹਰ ਇਤਿਹਾਸਕਾਰ ਨੇ ਲਿਖਿਆ ਹੈ ਅਤੇ ਲਿਖਣਾ ਵੀ ਚਾਹੀਦਾ ਹੈ ਪਰ ਨਾਲ ਹੀ ਉਨ੍ਹਾਂ ਦੀ ਧਰਮਪਤਨੀ ਬੀਬੀ ਸੁਸ਼ੀਲ ਕੌਰ ਦਾ ਰੋਲ ਵੀ ਕੋਈ ਘੱਟ ਅਹਿਮ ਨਹੀਂ ਸੀ ਜਿਸ ਨੇ ਸਿੱਖੀ ਆਨ ਤੇ ਸ਼ਾਨ ਲਈ ਆਪਣੇ ਚਾਰ ਸਾਲ ਦੇ ਜਿਗਰ ਦੇ ਟੁਕੜੇ ਨੂੰ ਜੱਲਾਦਾਂ ਦੇ ਹਵਾਲੇ ਕਰ ਦਿੱਤਾ। ਇਤਨਾ ਹੀ ਨਹੀਂ ਸਗੋਂ ਸਿੱਖੀ ਦੀ ਆਨ ਤੇ ਸ਼ਾਨ ਨੂੰ ਬਰਕਰਾਰ ਰੱਖਣ ਲਈ ਆਪਣੀ ਜਾਨ ਦੀ ਬਾਜ਼ੀ ਵੀ ਲਾ ਦਿੱਤੀ।

ਸਿੱਖ ਕੌਮ ਦੀਆਂ ਬੀਬੀਆਂ ਦੀ ਇਹ ਖ਼ੁਸ਼ਕਿਸਮਤੀ ਹੈ ਕਿ ਸਿੱਖ ਧਰਮ ਨੇ ਔਰਤ ਨੂੰ ਇਕ ਨਵੀਂ ਅਤੇ ਆਦਰ ਵਾਲੀ ਹੋਂਦ ਪ੍ਰਦਾਨ ਕੀਤੀ ਹੈ। ਇਸ ਹੋਂਦ ਵਿਚ ਜਿਸਮਾਨੀ ਸੁੰਦਰਤਾ ਜਾਂ ਕਸ਼ਿਸ਼ ਦਾ ਅੰਸ਼ ਮਾਤਰ ਵੀ ਅਕਸ ਨਹੀਂ ਸੀ। ਇਹ ਰੂਪ ਸੀ ਬਹਾਦਰ ਮਾਵਾਂ ਤੇ ਭੈਣਾਂ ਦਾ ਜਿਨ੍ਹਾਂ ਨੇ ਧਰਮ ਦੀ ਖ਼ਾਤਰ ਆਪਣੇ ਸਮੁੱਚੇ ਪਰਿਵਾਰ ਕੁਰਬਾਨ ਕਰ ਕੇ ਸਬਰ ਦਾ ਘੁੱਟ ਪੀਤਾ। ਇਹ ਰੂਪ ਸੀ ਬਹਾਦਰ ਮਾਈ ਭਾਗੋ ਵਰਗੀ ਜੰਗ ਦੇ ਮੈਦਾਨ ਵਿਚ ਹੈਰਤ-ਅੰਗੇਜ਼ ਕਾਰਨਾਮੇ ਕਰ ਵਿਖਾਉਣ ਵਾਲੀ ਸੇਵਾ ਤੇ ਕੁਰਬਾਨੀ ਦੀ ਮੂਰਤ ਮਾਤਾ ਗੁਜਰੀ ਜੀ ਅਤੇ ਕਾਕਾ ਅਜੈ ਸਿੰਘ ਨੂੰ ਸਿੱਖੀ ਤੇ ਕੁਰਬਾਨੀ ਦਾ ਸਬਕ ਪੜ੍ਹਾਉਣ ਵਾਲੀ ਅਤੇ ਗੁਰੂ ਦੇ ਨਾਮ ਅਤੇ ਸਿੱਖੀ ਦੇ ਨਾਮ 'ਤੇ ਆਪਣੀ ਜਾਨ ਤੇ ਜਵਾਨੀ ਨਿਛਾਵਰ ਕਰ ਦੇਣ ਵਾਲੀ ਬੀਬੀ ਸੁਸ਼ੀਲ ਕੌਰ ਦਾ।

ਸਿੱਖ ਧਰਮ ਦੀ ਸਿਰਜਣਾ ਉਪਰੰਤ ਸਿੱਖ ਇਸ ਸਿੱਖ ਬੀਬੀ ਦੀ ਜੋ ਤਸਵੀਰ ਉੱਭਰ ਕੇ ਸਾਹਮਣੇ ਆਈ ਉਹ ਸੀ ਇਕ ਗ਼ੈਰਤਮੰਦ, ਦਲੇਰ ਅਤੇ ਧਰਮ ਲਈ ਜਿੰਦਜਾਨ

ਕੁਰਬਾਨ ਕਰਨ ਵਾਲੀ ਵਿਲੱਖਣ ਔਰਤ ਦੀ ਤਸਵੀਰ। ਧਰਮ ਦੀ ਆਨ ਤੇ ਸ਼ਾਨ ਲਈ ਉਹਦੇ ਸਾਹਮਣੇ ਉਹਦੇ ਚਾਰ ਸਾਲ ਦੇ ਪੁੱਤਰ ਦਾ ਪੇਟ ਚਾਕ ਕੀਤਾ, ਪਰ ਉਹ ਵੇਖ ਕੇ ਰੋਈ-ਪਿੱਟੀ ਨਹੀਂ, ਪਤੀ ਦਾ ਬੰਦ-ਬੰਦ ਕਟਵਾ ਕੇ ਉਹ ਅਕਾਲ ਪੁਰਖ ਦੀ ਸ਼ੁਕਰਗੁਜ਼ਾਰ ਹੋਈ ਅਤੇ ਅਰਦਾਸ ਕੀਤੀ—ਹੇ ਅਕਾਲ ਪੁਰਖ ! ਮੇਰੇ ਪੁੱਤਰ ਤੇ ਪਤੀ ਦੀ ਸਿੱਖੀ ਨਾਲ ਨਿਭ ਗਈ ਅਤੇ ਹੇ ਮੇਹਰਾਂ ਦੇ ਦਾਤੇ ਮੇਰੇ 'ਤੇ ਵੀ ਇਹੀ ਮੇਹਰ ਕਰੀਂ ਕਿ ਇਹ ਜਾਨ ਧਰਮ ਦੇ ਨਾਮ ਲੱਗ ਜਾਏ ਤੇ ਸਿੱਖੀ ਨਾਲ ਬਣ ਆਵੇ। ਇਤਿਹਾਸ ਗਵਾਹ ਹੈ ਕਿ ਹਰਮ ਦੇ ਸੁੱਖਾਂ ਤੇ ਹੋਰ ਲਾਲਚਾਂ ਨੂੰ ਠੋਕਰ ਮਾਰ ਕੇ ਸਿੱਖੀ ਧਰਮ ਲਈ ਆਪਣੀ ਜਾਨ ਕੁਰਬਾਨ ਕਰ ਗਈ। ਇਹ ਦਲੇਰ, ਬਹਾਦਰ ਅਤੇ ਅਣਖੀਲੀ ਬੀਬੀ ਸੀ ਕਾਕਾ ਅਜੈ ਸਿੰਘ ਦੀ ਮਾਂ ਅਤੇ ਬਾਬਾ ਬੰਦਾ ਬਹਾਦਰ ਦੀ ਪਹਿਲੀ ਧਰਮਪਤਨੀ ਬੀਬੀ ਸੁਸ਼ੀਲ ਕੌਰ।

ਬੰਦਾ ਬਹਾਦਰ ਦਾ ਤੂਫ਼ਾਨੀ ਜੀਵਨ ਸੰਨ 1708 ਈਸਵੀ ਵਿਚ ਸ਼ੁਰੂ ਹੋਇਆ ਅਤੇ ਬਹੁਤ ਜਲਦ ਹੀ ਆਪ ਨੇ ਕੈਥਲ, ਸਮਾਣਾ, ਸੈਫੋਂਰਾ, ਮੁਖ਼ਲਿਸਪੁਰ ਅਤੇ ਸਰਹੰਦ ਨੂੰ ਜਿੱਤ ਕੇ ਮੁਗ਼ਲਾਂ ਨੂੰ ਹਰਾ ਕੇ ਰੱਖ ਦਿੱਤਾ। ਬੰਦਾ ਬਹਾਦਰ ਦਾ ਸਾਰਾ ਜੀਵਨ ਹੀ ਲੜਾਈਆਂ ਵਿਚ ਬੀਤਿਆ ਸੀ ਇਸ ਲਈ ਉਸ ਨੂੰ ਕਦੀ ਵੀ ਇਕ ਥਾਂ ਟਿਕ ਕੇ ਬੈਠਣ ਦਾ ਅਵਸਰ ਨਾ ਮਿਲ ਸਕਿਆ। ਲੋਹਗੜ੍ਹ ਦੀ ਲੜਾਈ ਤੋਂ ਬਾਅਦ 10 ਦਸੰਬਰ 1710 ਨੂੰ ਬੰਦਾ ਬਹਦਾਰ ਲੋਹਗੜ੍ਹ ਤੋਂ ਨਿਕਲ ਕੇ ਨਾਹਨ ਦੀਆਂ ਪਹਾੜੀਆਂ ਵਲ ਚਲੇ ਗਏ। ਨਾਹਨ ਦੀਆਂ ਪਹਾੜੀਆਂ ਵਿਚ ਵੀ ਬੰਦਾ ਬਹਾਦਰ ਚੁੱਪ ਕਰ ਕੇ ਨਾ ਬੈਠੇ ਸਗੋਂ ਉਨ੍ਹਾਂ ਪਹਾੜੀ ਰਾਜਿਆਂ ਨਾਲ ਮੁਹਿੰਮ ਸ਼ੁਰੂ ਕਰ ਦਿੱਤੀ, ਜੋ ਗੁਰੂ ਗੋਬਿੰਦ ਸਿੰਘ ਜੀ ਨਾਲ ਲੜਦੇ ਰਹੇ ਸਨ। ਜਦੋਂ ਬੰਦਾ ਬਹਾਦਰ ਦੇ ਸਾਥੀ ਸਿੰਘਾਂ ਨੇ ਕਹਿਲੂਰ ਨੂੰ ਘੇਰਾ ਪਾ ਲਿਆ ਤਾਂ ਭੀਮ ਚੰਦ ਵਰਗਿਆਂ ਦੇ ਹੋਸ਼ ਟਿਕਾਣੇ ਆ ਗਏ ਤੇ ਉਸ ਨੇ ਅਖ਼ੀਰ ਮਾਫ਼ੀ ਮੰਗ ਲਈ। ਇਸ ਦਾ ਅਸਰ ਬਾਕੀ ਪਹਾੜੀ ਰਾਜਿਆਂ 'ਤੇ ਵੀ ਹੋਇਆ। ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਨਜ਼ਰਾਨੇ ਭੇਜ ਕੇ ਸਮਝੌਤੇ ਕਰ ਲਏ ਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਨਾਲ ਮਿੱਤਰਤਾ ਕਾਇਮ ਕਰ ਲਈ।

ਇਸ ਤੋਂ ਬਾਅਦ ਕੁਝ ਸਮਾਂ ਬਾਬਾ ਬੰਦਾ ਬਹਾਦਰ ਜੀ ਪਹਾੜੀ ਇਲਾਕੇ ਵਿਚ ਹੀ ਰਹੇ ਅਤੇ ਇਸੇ ਵਕਤ ਚੰਬਾ ਦੇ ਮਹਾਰਾਜ ਉਦੈ ਸਿੰਘ ਨੇ ਬਾਬਾ ਜੀ ਅੱਗੇ ਵਿਆਹ ਦੀ ਪੇਸ਼ਕਸ਼ ਕੀਤੀ। ਬਾਬਾ ਜੀ ਨੇ ਆਪਣਾ ਇਹ ਮਾਮਲਾ ਗੁਰਸਿੱਖੀ ਦੇ ਨਿਯਮਾਂ ਅਨੁਸਾਰ ਪੰਜਾਂ ਪਿਆਰਿਆਂ ਅੱਗੇ ਪੇਸ਼ ਕੀਤਾ। ਪੰਜਾਂ ਪਿਆਰਿਆਂ ਨੇ ਮਹਾਰਾਜਾ ਚੰਬਾ ਨਾਲ ਵਿਚਾਰ ਕੀਤੀ ਅਤੇ ਪੁੱਛਿਆ ਕਿ ਉਹ ਕਿਧਰੇ ਡਰ ਦੇ ਕਾਰਨ ਤਾਂ ਇਵੇਂ ਨਹੀਂ ਕਰ ਰਿਹਾ ਜਾਂ ਇਸ ਦੇ ਪਿੱਛੇ ਕੋਈ ਧੋਖਾ ਤਾਂ ਨਹੀਂ। ਜਦੋਂ ਇਹ ਗੱਲਬਾਤ ਹੋ ਰਹੀ ਸੀ ਤਾਂ ਇਕ ਲੜਕੀ ਬਾਹਰ ਆਈ ਅਤੇ ਕਹਿਣ ਲੱਗੀ ਕਿ ਮੈਨੂੰ ਪਤਾ ਹੈ ਗੁਰੂ ਗੋਬਿੰਦ ਸਿੰਘ ਜੀ ਨੇ ਜ਼ੁਲਮ ਦੇ ਖ਼ਿਲਾਫ਼ ਮੁਗਲਾਂ ਨਾਲ ਕਈ ਲੜਾਈਆਂ ਲੜਦਿਆਂ ਆਪਣੇ ਚਾਰ ਪੁੱਤਰ, ਮਾਤਾ-ਪਿਤਾ ਅਤੇ ਬੇਅੰਤ ਸਿੰਘਾਂ ਨੂੰ ਕੁਰਬਾਨ ਕਰ ਦਿੱਤਾ ਸੀ ਪਰ ਇਨ੍ਹਾਂ ਪਹਾੜੀ ਰਾਜਿਆਂ ਨੇ ਲਾਲਚ ਅਤੇ ਈਰਖਾ ਵਿਚ ਆ ਕੇ ਗੁਰੂ ਜੀ ਦਾ ਸਾਥ ਨਾ ਦੇ ਕੇ ਮੁਗ਼ਲਾਂ ਦਾ ਸਾਥ ਦਿੱਤਾ ਸੀ। ਇਹ ਪਹਾੜੀ ਰਾਜੇ ਹੈਨ ਤਾਂ ਰਾਜਪੂਤ ਪਰ ਇਨ੍ਹਾਂ ਦੀ ਗ਼ੈਰਤ ਤੇ ਅਣਖ ਖ਼ਤਮ ਹੋ ਚੁੱਕੀ ਹੈ। ਇਸ ਦਾ ਪਛਤਾਵਾ ਕਰਨ ਲਈ ਮੈਂ ਬਾਬਾ ਬੰਦਾ ਜੀ ਨਾਲ ਵਿਆਹ ਕਰਨ ਨੂੰ ਤਿਆਰ

ਹੋ ਚੁੱਕੀ ਹਾਂ ਅਤੇ ਫ਼ੈਸਲਾ ਕਰ ਚੁੱਕੀ ਹਾਂ ਕਿ ਜ਼ਰੂਰਤ ਪੈਣ ਤੇ ਮੈਂ ਵੀ ਆਪਣੀ ਜਾਨ ਦੇਸ਼ ਤੋਂ ਕੁਰਬਾਨ ਕਰ ਦੇਵਾਂਗੀ। ਮੈਂ ਚੰਗੀ ਤਰ੍ਹਾਂ ਜਾਣਦੀ ਹਾਂ ਕਿ ਬਾਬਾ ਬੰਦਾ ਬਹਾਦਰ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਯਾਨੀ ਜ਼ੁਲਮ ਦੇ ਖ਼ਿਲਾਫ਼ ਲੜ ਰਹੇ ਹਨ ਤੇ ਜੇ ਮੇਰਾ ਜੀਵਨ ਇਨ੍ਹਾਂ ਦੇ ਕਿਸੇ ਕੰਮ ਆ ਜਾਵੇ ਤਾਂ ਮੈਂ ਆਪਣੇ ਧੰਨਭਾਗ ਸਮਝਾਂਗੀ। ਇਸ ਸੂਝਵਾਨ ਬੀਬੀ ਦੀਆਂ ਗੱਲਾਂ ਸੁਣ ਕੇ ਸਿੱਖਾਂ ਨੂੰ ਯਕੀਨ ਹੋ ਗਿਆ ਕਿ ਇਸ ਸ਼ਾਦੀ ਪਿੱਛੇ ਕੋਈ ਧੋਖਾ ਨਹੀਂ। ਫ਼ੈਸਲਾ ਹੋ ਗਿਆ ਕਿ ਸ਼ਾਦੀ ਗੁਰਮਤਿ ਅਨੁਸਾਰ ਹੋਵੇਗੀ। ਸਿੱਖ ਗੁਰੂਆਂ ਦਾ ਇਤਿਹਾਸ ਵੀ ਸਾਹਮਣੇ ਸੀ। ਬਾਲ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਛੱਡ ਕੇ ਬਾਕੀ ਸਾਰੇ ਗੁਰੂ ਵਿਵਾਹਿਤ ਸਨ ਤੇ ਗੁਰੂ ਅਰਜਨ ਦੇਵ ਜੀ ਨੇ ਪਹਿਲੀ ਪਤਨੀ ਦੇ ਸਵਰਗਵਾਸ ਹੋਣ ਪਿੱਛੋਂ ਦੂਸਰੀ ਸ਼ਾਦੀ ਮਾਤਾ ਗੰਗਾ ਜੀ ਨਾਲ ਕੀਤੀ ਸੀ ਤੇ ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ-ਤਿੰਨ ਵਿਆਹ ਹੋਏ ਸਨ। ਗੁਜਰਾਤ ਵਿਚ ਜਦੋਂ ਸ਼ਾਹਦੌਲਾ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਪੁੱਛਿਆ :

ਮੀਰੀ ਕੀ ਤੇ ਪੀਰੀ ਕੀ
ਔਰਤ ਕੀ ਤੇ ਵਿਆਹ ਕੀ
ਪੁੱਤਰ ਕੀ ਤੇ ਵੈਰਾਗ ਕੀ

ਤਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਫ਼ੁਰਮਾਇਆ ਸੀ :

ਪੀਰੀ ਖ਼ੁਦਾ ਦਾ ਦਾਨ
ਔਰਤ ਈਮਾਨ
ਦੌਲਤ ਗੁਜਰਾਨ
ਪੁੱਤਰ ਨਿਸ਼ਾਨ

ਗੁਰੂ ਨਾਨਕ ਦੇਵ ਜੀ ਦਾ ਸਿਧਾਂਤ *"ਅੰਜਨ ਮਾਹਿ ਨਿਰੰਜਨ ਰਹੀਏ ਜੋਗ ਜੁਗਤ ਇਵ ਪਾਈਐ"* ਨੂੰ ਬਾਕੀ ਗੁਰੂ ਸਾਹਿਬਾਨ ਨੇ ਅੱਗੇ ਤੋਰਿਆ ਅਤੇ ਉਨ੍ਹਾਂ ਸਿੱਧ ਕੀਤਾ ਕਿ ਹਸੰਦਿਆ, ਖੇਲੰਦਿਆ, ਖਾਂਦਿਆਂ-ਪੀਂਦਿਆਂ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ ਅਤੇ ਇਸਤਰੀ ਈਮਾਨ ਕਾਇਮ ਰੱਖਣ ਲਈ ਜ਼ਰੂਰੀ ਹੈ ਅਤੇ ਔਰਤ ਕਿਸੇ ਤਰ੍ਹਾਂ ਮਰਦ ਦੇ ਰਸਤੇ ਦੀ ਰੁਕਾਵਟ ਨਹੀਂ ਸਗੋਂ ਉਹ ਹਰ ਤਰ੍ਹਾਂ ਮਰਦ ਦੀ ਸਹਾਇਕ ਹੋ ਕੇ ਉਸ ਦੇ ਬਹੁਤ ਸਾਰੇ ਕੰਮ ਸੌਖੇ ਕਰ ਦਿੰਦੀ ਹੈ। ਇਤਨਾ ਹੀ ਨਹੀਂ ਗੁਰੂ ਅਰਜਨ ਦੇਵ ਜੀ ਨੇ ਉਸ ਨੂੰ ਸਾਰੇ ਪਰਿਵਾਰ ਵਿਚੋਂ ਸੈ੍ਸ਼ਟ ਮੰਨਿਆ *'ਸਭ ਪਰਵਾਰੇ ਮਾਹਿ ਸਰੇਸ਼ਟ ਮਤਿ ਦੇਵੀ ਦੇਵਰ ਜੇਸ਼ਠ"* ਕੁਝ ਲਿਖਾਰੀਆਂ ਨੇ ਭੁਲੇਖਾ ਪਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਬਹਾਦਰ ਨੂੰ ਵਿਆਹ ਕਰਾਉਣ ਦੀ ਮਨਾਹੀ ਕੀਤੀ ਸੀ। ਉਨ੍ਹਾਂ ਨੂੰ ਕਿਹਾ ਸੀ ਕਿ ਜਤ-ਸਤ ਕਾਇਮ ਰੱਖਣਾ ਕਿਉਂਕਿ ਉਨ੍ਹਾਂ ਲੜਾਈਆਂ ਕਰਨੀਆਂ ਸਨ ਅਤੇ ਅਖ਼ੀਰ ਵਿਚ ਬੰਦਾ ਬਹਾਦਰ ਦੀ ਹਾਰ ਦਾ ਕਾਰਨ ਇਹ ਕਿਹਾ ਗਿਆ ਕਿ ਉਨ੍ਹਾਂ ਗੁਰੂ ਸਾਹਿਬ ਦੇ ਹੁਕਮ ਦੀ ਪਾਲਣਾ ਨਹੀਂ ਕੀਤੀ। ਜ਼ਰਾ ਧਿਆਨ ਨਾਲ ਸੋਚੋ ਕਿ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਦੇ ਖ਼ੁਦ ਤਿੰਨ ਵਿਆਹ ਤੇ ਚਾਰ ਪੁੱਤਰ ਸਨ ਤੇ ਉਨ੍ਹਾਂ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਜ਼ੁਲਮ ਦੇ ਵਿਰੁੱਧ ਲੜਾਈਆਂ ਕਰਦਿਆਂ ਹੀ ਬਿਤਾਇਆ। ਉਨ੍ਹਾਂ ਦੀਆਂ ਲੜਾਈਆਂ ਵਿਚ ਉਨ੍ਹਾਂ ਦੇ ਮਹਿਲ ਕਿਸੇ ਤਰ੍ਹਾਂ ਰੁਕਾਵਟ ਨਹੀਂ ਸਨ ਤੇ ਉਹ ਬੰਦਾ ਬਹਾਦਰ ਨੂੰ ਇਸ ਤਰ੍ਹਾਂ

ਦੀ ਆਗਿਆ ਕਿਵੇਂ ਕਰ ਸਕਦੇ ਸਨ ? ਸਿੱਖੀ ਸਿਧਾਂਤ ਤਾਂ ਮੂਲੋਂ ਇਸ ਦੇ ਉਲਟ ਹੈ ਕਿ ਗੁਰੂ ਸਾਹਿਬ ਨੇ ਉਸ ਨੂੰ ਵਿਆਹ ਨਾ ਕਰਾਉਣ ਦਾ ਹੁਕਮ ਦੇਣਾ ਹੁੰਦਾ ਤਾਂ ਉਹ ਉਸ ਨੂੰ ਅੰਮ੍ਰਿਤਪਾਨ ਕਰਾ ਕੇ ਸਿੱਖੀ ਵਿਚ ਹੀ ਨਾ ਲਿਆਉਂਦੇ । ਅਖ਼ੀਰ ਗੁਰਮਤਿ ਅਨੁਸਾਰ ਸ਼ਾਦੀ ਸੰਪੂਰਣ ਹੋਈ ਤੇ ਚੰਬਾ ਵਾਲੀ ਇਸ ਬੀਬੀ ਦਾ ਨਾਮ ਵਿਆਹ ਸਮੇਂ ਸੁਸ਼ੀਲ ਕੌਰ ਰੱਖਿਆ ਗਿਆ । ਕੁਝ ਇਤਿਹਾਸਕਾਰਾਂ ਨੇ ਇਸ ਬੀਬੀ ਦਾ ਨਾਮ ਪ੍ਰਮਜੀਤ ਕੌਰ ਲਿਖਿਆ ਹੈ । ਡਾ. ਹਰਬੰਸ ਸਿੰਘ ਚਾਵਲਾ ਨੇ ਇਸ ਬੀਬੀ ਦਾ ਨਾਮ ਸ਼ੀਲ ਕੌਰ ਤੇ ਕੁਝ ਨੇ ਅਨੂਪ ਕੌਰ ਲਿਖਿਆ ਹੈ । ਡਾ. ਗੰਡਾ ਸਿੰਘ ਨੇ ਇਸ ਬੀਬੀ ਨੂੰ ਚੰਬਾ ਦੇ ਰਾਜਾ ਉਦੈ ਸਿੰਘ ਦੇ ਖ਼ਾਨਦਾਨ ਵਿਚੋਂ ਦੱਸਿਆ ਹੈ ਪਰੰਤੂ ਨਾਮ ਦਾ ਜ਼ਿਕਰ ਨਹੀਂ ਕੀਤਾ । ਮਾਤਾ ਜੋਗਿੰਦਰ ਕੌਰ, ਡੇਰਾ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਬੀਬੀ ਨੂੰ ਰਾਜਾ ਉਦੈ ਸਿੰਘ ਦੀ ਭਤੀਜੀ ਦੱਸਿਆ ਹੈ ਅਤੇ ਇਨ੍ਹਾਂ ਵੀ ਬੀਬੀ ਜੀ ਦੇ ਨਾਮ ਬਾਰੇ ਕੋਈ ਜ਼ਿਕਰ ਨਹੀਂ ਕੀਤਾ । ਗਿਆਨੀ ਜਸਵੰਤ ਸਿੰਘ ਬੰਦਈ ਰਤਨ ਨੇ ਆਪਣੀ ਪੁਸਤਕ 'ਅਮਰ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ' ਵਿਚ ਇਸ ਬੀਬੀ ਦਾ ਨਾਮ ਸੁਸ਼ੀਲ ਕੌਰ ਹੀ ਲਿਖਿਆ ਹੈ । ਇਹ ਵਿਆਹ 1970 ਦੇ ਅਖ਼ੀਰ ਵਿਚ ਜਾਂ 1971 ਦੇ ਸ਼ੁਰੂ ਵਿਚ ਹੋਇਆ ਜਾਪਦਾ ਹੈ ।

ਹੁਣ ਤਕ ਕਾਫ਼ੀ ਰਾਜਿਆਂ ਨਾਲ ਸਮਝੌਤੇ ਹੋ ਚੁੱਕੇ ਸਨ । ਅਹਿਦਨਾਮੇ ਲਿਖੇ ਗਏ ਤੇ ਸਾਰੇ ਇੰਤਜ਼ਾਮ ਕਰ ਕੇ ਬਾਬਾ ਬੰਦਾ ਬਹਾਦਰ ਜੀ ਬੀਬੀ ਸੁਸ਼ੀਲ ਕੌਰ ਨੂੰ ਨਾਲ ਲੈ ਕੇ ਜੰਮੂ ਦੇ ਇਲਾਕੇ, ਰਿਆਸੀ ਨੇੜੇ, ਦਰਿਆ ਚਨਾਬ ਦੇ ਕਿਨਾਰੇ ਚਲੇ ਗਏ । ਇਕਾਂਤ ਜਗ੍ਹਾ ਵੇਖ ਕੇ ਉਥੇ ਹੀ ਡੇਰੇ ਲਾ ਲਏ ਗਏ । ਕੁਝ ਸਿੰਘ ਵੀ ਆਪ ਦੇ ਨਾਲ ਸਨ । ਬਾਬਾ ਜੀ ਨੇ ਇਕ ਬੇਰੀ ਥੱਲੇ ਬੈਠ ਕੇ ਅਤਿਅੰਤ ਤਪ ਆਰੰਭ ਕਰ ਦਿੱਤਾ ਅਤੇ ਸਵੇਰੇ-ਸ਼ਾਮ ਕੀਰਤਨ ਹੋਣ ਲੱਗਾ । ਬੀਬੀ ਸੁਸ਼ੀਲ ਕੌਰ ਹਰ ਸਮੇਂ ਪਤੀ ਦੀ ਸੇਵਾ ਵਿਚ ਤੱਤਪਰ ਰਹਿੰਦੇ । ਹੁਕਮ ਮੰਨਣ ਤੇ ਸੇਵਾ ਕਰਨ ਵਿਚ ਜ਼ਰਾ ਵੀ ਅਵੇਸਲੇ ਨਾ ਹੁੰਦੇ । ਉਹ ਇਹ ਜਾਣਦੇ ਸਨ ਕਿ ਪਤਾ ਨਹੀਂ ਕਿਸ ਵਕਤ ਉਨ੍ਹਾਂ ਦੇ ਬਹਾਦਰ ਪਤੀ ਨੂੰ ਜ਼ਾਲਮਾਂ ਵਿਰੁੱਧ ਲੜਾਈ ਲਈ ਜਾਣਾ ਪੈ ਸਕਦਾ ਹੈ । ਪਤੀ ਦੀ ਸੇਵਾ ਦੇ ਨਾਲ-ਨਾਲ ਲੰਗਰ ਦੀ ਸੇਵਾ ਤੇ ਡੇਰਾ ਸਾਹਿਬ ਦੀ ਸਫ਼ਾਈ ਤੇ ਹੋਰ ਸੇਵਾ ਵਿਚ ਵੀ ਉਹ ਢਿੱਲ ਨਾ ਕਰਦੀ । ਡੇਰਾ ਸਾਹਿਬ ਬਾਬਾ ਜੀ ਨੇ 50 ਫੁੱਟ ਉੱਚੇ ਲੱਕੜੀ ਦੇ ਇਕ ਵੱਲੇ 'ਤੇ ਕੇਸਰੀ ਨਿਸ਼ਾਨ ਸਾਹਿਬ ਗੱਡ ਦਿੱਤਾ ਜੋ ਅੱਜ ਤਕ ਮੌਜੂਦ ਹੈ ਅਤੇ ਉਸ ਨੂੰ ਦੀਮਕ ਵਗੈਰਾ ਵੀ ਨਹੀਂ ਲੱਗੀ । ਡੇਰਾ ਸਾਹਿਬ ਵਿਚ ਇਕ ਹੋਰ ਅਸਥਾਨ ਥੜ੍ਹਾ ਸਾਹਿਬ ਹੈ ਜਿਥੇ ਬੈਠ ਕੇ ਬਾਬਾ ਜੀ ਸਿੰਘਾਂ ਨੂੰ ਫ਼ੌਜੀ ਸਿਖਲਾਈ ਦੇਂਦੇ ਸਨ ਕਿਉਂਕਿ ਉਹ ਸਿੰਘਾਂ ਨੂੰ ਧਰਮ ਯੁੱਧ ਲਈ ਤਿਆਰ-ਬਰ-ਤਿਆਰ ਰੱਖਣਾ ਚਾਹੁੰਦੇ ਸਨ । ਬੀਬੀ ਸੁਸ਼ੀਲ ਕੌਰ ਇਹ ਸਭ ਕੁਝ ਵੇਖਦੇ ਅਤੇ ਮਨ ਹੀ ਮਨ ਆਖਦੇ ਕਿ ਮੈਨੂੰ ਵੀ ਮੌਕਾ ਮਿਲੇ ਤਾਂ ਧਰਮ ਯੁੱਧ ਵਿਚ ਜਾਵਾਂ ਤੇ ਵੇਖਾਂ ਕਿ ਕਿਵੇਂ ਇਹ ਸਿੰਘ ਤੇ ਉਸ ਦੇ ਪਤੀ ਜ਼ਾਲਮਾਂ ਨੂੰ ਸੋਧਦੇ ਹਨ ਅਤੇ ਮਨ ਵਲਵਲੇ ਖਾਂਦਾ ਕਿ ਮੌਕਾ ਮਿਲੇ ਤਾਂ ਮੈਂ ਵੀ ਸਿੱਖੀ ਲਈ ਕੁਰਬਾਨ ਹੋ ਜਾਵਾਂ ਤੇ ਇਹ ਤਨ ਉਸ ਸਤਿਗੁਰੂ ਦੇ ਲੇਖੇ ਲਾ ਦੇਵਾਂ ਜਿਸ ਨੇ ਮਜ਼ਲੂਮਾਂ ਦੀ ਰੱਖਿਆ ਲਈ ਆਪਣਾ ਸਰਬੰਸ ਵਾਰ ਦਿੱਤਾ ਸੀ ।

ਇਸ ਡੇਰਾ ਸਾਹਿਬ ਵਿਚ ਤਕਰੀਬਨ ਢਾਈ ਸਾਲ ਬਾਬਾ ਬੰਦਾ ਬਹਾਦਰ ਨੇ ਰਿਹਾਇਸ਼ ਰੱਖੀ । ਉਹ ਇਸ ਤਰ੍ਹਾਂ ਕਿ ਜਦੋਂ ਕੁਝ ਇਲਾਕੇ ਫ਼ਤਹਿ ਹੋ ਜਾਂਦੇ ਤਾਂ ਆਪ ਕੁਝ ਚਿਰ ਲਈ

ਇਥੇ ਆ ਜਾਂਦੇ, ਕੁਝ ਜੰਗਾਂ-ਯੁੱਧਾਂ ਦੀ ਥਕਾਵਟ ਵੀ ਦੂਰ ਕਰ ਲੈਂਦੇ ਅਤੇ ਕੁਝ ਤਪੱਸਿਆ ਵੀ। ਬੀਬੀ ਸੁਸ਼ੀਲ ਕੌਰ ਕਦੀ-ਕਦੀ ਆਪ ਦੇ ਨਾਲ ਵੀ ਚਲੇ ਜਾਂਦੇ ਪਰ ਬਹੁਤਾ ਕਰ ਕੇ ਡੇਰਾ ਸਾਹਿਬ ਹੀ ਰਹਿੰਦੇ ਖ਼ਾਸ ਕਰ ਕੇ ਜਦੋਂ ਉਹ ਅਜੈ ਸਿੰਘ ਦੇ ਮਾਤਾ ਜੀ ਬਣਨ ਵਾਲੇ ਸਨ। ਬਾਬਾ ਜੀ ਨੂੰ ਇਥੇ ਰਹਿੰਦਿਆਂ ਜਦੋਂ ਕਦੇ ਪੰਜਾਬ ਦੀ ਕਿਸੇ ਬਗ਼ਾਵਤ ਦਾ ਪਤਾ ਲੱਗਦਾ ਤਾਂ ਆਪ ਫੌਰਨ ਉਥੇ ਪਹੁੰਚ ਜਾਂਦੇ ਅਤੇ ਜਿੱਤੇ ਹੋਏ ਇਲਾਕੇ ਸਿੰਘਾਂ ਦੇ ਹਵਾਲੇ ਕਰ ਕੇ ਆਪ ਡੇਰਾ ਸਾਹਿਬ ਆ ਜਾਂਦੇ। ਆਪ ਨੂੰ ਕੋਈ ਲਾਲਚ ਤਾਂ ਸੀ ਨਹੀਂ ਤੇ ਨਾ ਹੀ ਆਪ ਨੇ ਆਪਣੇ ਸਿਰ 'ਤੇ ਤਾਜ ਰੱਖਿਆ ਅਤੇ ਨਾ ਹੀ ਬਾਬਾ ਜੀ ਖ਼ੁਦ ਰਾਜਾ ਬਣਨਾ ਚਾਹੁੰਦੇ ਸਨ। ਪਰ ਆਪ ਹਰ ਪਰਗਣੇ ਦੇ ਸਰਦਾਰ ਨੂੰ ਹਦਾਇਤ ਕਰਦੇ ਸਨ ਕਿ ਇਹ ਰਾਜ ਪੰਚਾਇਤੀ ਹੈ, ਕਿਸੇ ਦਾ ਜਾਤੀ ਨਹੀਂ, ਇਸ ਰਾਜ ਦੀ ਮਾਲਕ ਸਾਰੀ ਕੌਮ ਹੈ। ਜਸਵੰਤ ਸਿੰਘ ਬੰਦਈ ਰਤਨ ਨੇ ਲਿਖਿਆ ਹੈ ਕਿ ਇਥੇ ਡੇਰਾ ਸਾਹਿਬ ਹੀ 12 ਮਈ ਸੰਨ 1712 ਈਸਵੀ ਦਿਨ ਦੇ 10 ਵਜੇ ਸ਼ੁੱਕਰਵਾਰ ਨੂੰ ਸੁਸ਼ੀਲ ਕੌਰ ਦੇ ਉਦਰ ਤੋਂ ਬੰਦਾ ਜੀ ਦੇ ਵੱਡੇ ਬੇਟੇ ਅਜੈ ਸਿੰਘ ਨੇ ਜਨਮ ਲਿਆ। ਪਰੰਤੂ ਡਾ. ਗੰਡਾ ਸਿੰਘ ਨੇ ਅਜੈ ਦਾ ਜਨਮ ਦਸੰਬਰ ਦੇ ਅਖ਼ੀਰ ਵਿਚ 1711 ਨੂੰ ਹੋਇਆ ਦੱਸਿਆ ਹੈ। ਡਾ. ਹਰਬੰਸ ਸਿੰਘ ਚਾਵਲਾ ਨੇ ਵੀ ਆਪਣੇ ਲੇਖ ਬਾਬਾ ਬੰਦਾ ਬਹਾਦਰ ਦੇ ਅੰਤਲੇ ਸਾਲਾਂ ਵਿਚ ਵੀ ਅਜੈ ਸਿੰਘ ਦਾ ਜਨਮ ਦਸੰਬਰ 1711 ਵਿਚ ਹੀ ਲਿਖਿਆ ਹੈ, ਉਨ੍ਹਾਂ ਆਪਣਾ ਸਰੋਤ ਨਹੀਂ ਦੱਸਿਆ। ਪਰ ਜਾਪਦਾ ਹੈ ਕਿ ਡਾ. ਗੰਡਾ ਸਿੰਘ ਹੀ ਉਨ੍ਹਾਂ ਦਾ ਮੁੱਖ ਸਰੋਤ ਹੈ। ਬਾਬਾ ਜੀ ਨੂੰ ਇਕ ਜਗ੍ਹਾ ਟਿਕ ਕੇ ਬੈਠਣ ਦਾ ਮੌਕਾ ਘੱਟ ਹੀ ਮਿਲਿਆ ਇਸ ਕਰ ਕੇ ਅਜੈ ਸਿੰਘ ਦੇ ਮੁੱਢਲੇ ਵਰ੍ਹੇ ਇਨ੍ਹਾਂ ਜੰਗਾਂ-ਯੁੱਧਾਂ ਦੇ ਮਾਹੌਲ ਵਿਚ ਹੀ ਬੀਤੇ। ਕੁਰਬਾਨੀ ਦਾ ਬੀਜ ਤਾਂ ਅਜੈ ਸਿੰਘ ਦੇ ਦਿਮਾਗ਼ ਵਿਚ ਉਦੋਂ ਹੀ ਪੈ ਗਿਆ ਸੀ ਜਦੋਂ ਉਹ ਮਾਂ ਦੇ ਪੇਟ ਵਿਚ ਸੀ। ਕਿਵੇਂ ਬਾਬਾ ਜੀ ਪਾਪੀਆਂ ਤੇ ਜ਼ਾਲਮਾਂ ਨੂੰ ਸੋਧ ਕੇ, ਕਿਵੇਂ ਗਰੀਬਾਂ ਤੇ ਲੋੜਵੰਦਾਂ ਦੀ ਮਦਦ ਕਰ ਕੇ, ਕਿਵੇਂ ਗਰੀਬ ਕਿਸਾਨਾਂ ਨੂੰ ਜ਼ਿਮੀਂਦਾਰਾਂ ਦੇ ਪੰਜੇ 'ਚੋਂ ਛੁਡਾਇਆ, ਇਹ ਕਹਾਣੀਆਂ ਸਿੱਖ ਹਰ ਰੋਜ਼ ਸੁਸ਼ੀਲ ਕੌਰ ਨੂੰ ਸੁਣਾਉਂਦੇ ਸਨ। ਬੀਬੀ ਸੁਸ਼ੀਲ ਕੌਰ ਪਤੀ ਦੀ ਬਹਾਦਰੀ ਤੇ ਦਿਆਨਤਦਾਰੀ ਦੀਆਂ ਗੱਲਾਂ ਸੁਣ ਕੇ ਫੁੱਲੇ ਨਾ ਸਮਾਉਂਦੇ ਤੇ ਬੜੀ ਬੇਤਾਬੀ ਨਾਲ ਬਹਾਦਰ ਪਤੀ ਦੇ ਆਉਣ ਦੀ ਇੰਤਜ਼ਾਰ ਕਰਦੇ। ਜਦੋਂ ਕਦੀ ਬੰਦਾ ਬਹਾਦਰ ਜੀ ਡੇਰਾ ਸਾਹਿਬ ਆਉਂਦੇ ਤੇ ਪੁੱਤਰ ਦੇ ਸਿਰ 'ਤੇ ਹੱਥ ਫੇਰਦੇ ਤਾਂ ਅਸੀਸ ਦੇਂਦੇ ਕਿ ਪੁੱਤਰ ਜਲਦੀ ਵੱਡੇ ਹੋ ਜਾਉ ਤੇ ਜ਼ੁਲਮ ਦਾ ਡਟ ਕੇ ਮੁਕਾਬਲਾ ਕਰੋ ਅਤੇ ਜ਼ਰੂਰਤ ਪਵੇ ਤਾਂ ਕੁਰਬਾਨੀ ਵੀ ਦੇ ਦਿਉ। ਕੁਰਬਾਨੀ ਵੀ ਐਸੀ ਦੇਣੀ ਕਿ ਮਜ਼ਲੂਮਾਂ ਵਿਚ ਆਪਣੇ ਧਰਮ ਦੀ ਸੁਰੱਖਿਆ ਦਾ ਅਹਿਸਾਸ ਪੈਦਾ ਹੋ ਜਾਵੇ ਅਤੇ ਹਕੂਮਤ ਦਾ ਤਖ਼ਤਾ ਕੰਬ ਉਠੇ। ਇਸ ਤਰ੍ਹਾਂ ਅਜੈ ਸਿੰਘ ਨੂੰ ਮਾਂ ਅਤੇ ਪਿਉ ਤੋਂ ਕੁਰਬਾਨੀ ਦੀ ਗੁੜ੍ਹਤੀ ਮਿਲੀ ਸੀ। ਜਦੋਂ ਇਹ ਬਾਲਕ ਚਾਰ ਸਾਲ ਦਾ ਹੋਇਆ ਤਾਂ ਉਸ ਨੇ ਵਿਖਾ ਦਿੱਤਾ ਕਿ ਉਹ ਆਪਣੇ ਮਾਤਾ-ਪਿਤਾ ਤੋਂ ਪਹਿਲਾਂ ਜ਼ਾਲਮ ਦੇ ਜ਼ੁਲਮਾਂ ਨੂੰ ਠੰਡ ਪਾਉਣ ਲਈ ਕੁਰਬਾਨ ਹੋ ਸਕਦਾ ਹੈ ਅਤੇ ਆਪਣੇ ਮਾਂ-ਬਾਪ ਨੂੰ ਸੁਰਖ਼ਰੂ ਕਰ ਗਿਆ ਅਤੇ ਉਨ੍ਹਾਂ ਆਪਣੇ ਜੀਵਨ-ਕਾਲ ਵਿਚ ਹੀ ਵੇਖ ਲਿਆ ਕਿ ਉਨ੍ਹਾਂ ਦਾ ਬੱਚਾ ਉਨ੍ਹਾਂ ਤੋਂ ਵੀ ਪਹਿਲਾਂ ਧਰਮ ਲਈ ਕੁਰਬਾਨ ਹੋ ਗਿਆ ਅਤੇ ਮਾਂ ਦਾ ਇਹ ਡਰ ਕਿ ਕਿਧਰੇ ਬੱਚਾ ਉਨ੍ਹਾਂ ਤੋਂ ਬਾਅਦ ਡੋਲ ਨਾ ਜਾਵੇ, ਦੂਰ ਕਰ ਗਿਆ। ਡੇਰਾ ਸਾਹਿਬ ਵਿਚ

ਹੀ ਬੰਦਾ ਬਹਾਦਰ ਦਾ ਦੂਸਰਾ ਵਿਆਹ ਦੇਵ ਰਾਜ ਖੱਤਰੀ ਜੋ ਵਜ਼ੀਰਾਬਾਦ ਦਾ ਰਹਿਣ ਵਾਲਾ ਸੀ, ਦੀ ਬੇਟੀ ਨਾਲ ਗੁਰ ਮਰਿਆਦਾ ਅਨੁਸਾਰ 1713 ਈਸਵੀ ਵਿਚ ਸੰਪੂਰਨ ਹੋਇਆ। ਇਸ ਬੀਬੀ ਦਾ ਨਾਮ ਵਿਆਹ ਦੇ ਸਮੇਂ ਬੀਬੀ ਸਾਹਿਬ ਕੌਰ ਰੱਖਿਆ ਗਿਆ। ਸਾਰੇ ਇਤਿਹਾਸਕਾਰਾਂ ਅਤੇ ਲਿਖਾਰੀਆਂ ਨੇ ਇਸ ਬੀਬੀ ਦਾ ਨਾਮ ਸਾਹਿਬ ਕੌਰ ਹੀ ਲਿਖਿਆ ਹੈ। ਬੀਬੀ ਸੁਸ਼ੀਲ ਕੌਰ ਨੇ ਬੀਬੀ ਸਾਹਿਬ ਕੌਰ ਦਾ ਸਵਾਗਤ ਕੀਤਾ ਤੇ ਦੋਵੇਂ ਭੈਣਾਂ ਡੇਰਾ ਸਾਹਿਬ ਵਿਚ ਮਿਲ ਕੇ ਰਹਿਣ ਲੱਗੀਆਂ ਅਤੇ ਡੇਰਾ ਸਾਹਿਬ ਦੀਆਂ ਸਭ ਜ਼ਿੰਮੇਵਾਰੀਆਂ ਮਿਲ ਕੇ ਨਿਭਾਉਂਦੀਆਂ। ਬੀਬੀ ਸੁਸ਼ੀਲ ਕੌਰ ਵੱਡੇ ਸਨ ਅਤੇ ਉਨ੍ਹਾਂ ਦਾ ਵਿਆਹ ਹੋਇਆਂ ਵੀ ਦੋ ਕੁ ਸਾਲ ਹੋ ਗਏ ਸਨ ਅਤੇ ਕਾਕਾ ਅਜੈ ਸਿੰਘ ਵੀ ਦੋ ਕੁ ਸਾਲ ਦੇ ਹੋ ਗਏ ਸਨ। ਬੀਬੀ ਸੁਸ਼ੀਲ ਕੌਰ ਨੇ ਡੇਰਾ ਸਾਹਿਬ ਦੀ ਮਰਿਆਦਾ ਬਾਰੇ ਸਾਹਿਬ ਕੌਰ ਨੂੰ ਸਭ ਕੁਝ ਸਮਝਾ ਦਿੱਤਾ ਅਤੇ ਦੋਵੇਂ ਭੈਣਾਂ ਪਿਆਰ-ਮੁਹੱਬਤ ਨਾਲ ਡੇਰਾ ਸਾਹਿਬ ਵਿਚ ਰਹਿੰਦੀਆਂ। ਜਦੋਂ ਬਾਬਾ ਬੰਦਾ ਬਹਾਦਰ ਜੀ ਯੁੱਧ ਲਈ ਜਾਂਦੇ ਤਾਂ ਦੋਵੇਂ ਭੈਣਾਂ ਮਿਲ ਕੇ ਬਾਬਾ ਜੀ ਦੇ ਆਉਣ ਦਾ ਇੰਤਜ਼ਾਰ ਕਰਦੀਆਂ ਤੇ ਅਰਦਾਸ ਕਰਦੀਆਂ—ਹੇ ਅਕਾਲ ਪੁਰਖ! ਉਨ੍ਹਾਂ ਦਾ ਪਤੀ ਜ਼ੁਲਮ ਦੇ ਖ਼ਿਲਾਫ਼ ਜ਼ਾਲਮਾਂ ਨਾਲ ਲੜ ਰਿਹਾ ਹੈ। ਹੇ ਅਕਾਲ ਪੁਰਖ ਉਸ ਨੂੰ ਸਫ਼ਲਤਾ ਬਖ਼ਸ਼ੀਂ। ਜਦੋਂ ਬਾਬਾ ਜੀ ਜ਼ਾਲਮਾਂ ਨੂੰ ਸੋਧ ਕੇ ਜਾਂ ਹਰਾ ਕੇ ਆਉਂਦੇ ਤਾਂ ਦੋਵੇਂ ਭੈਣਾਂ ਅਕਾਲ ਪੁਰਖ ਦਾ ਸ਼ੁਕਰ ਕਰਦੀਆਂ ਅਤੇ ਸ਼ੁਕਰਾਨੇ ਦੀ ਅਰਦਾਸ ਨਾਲ ਅਕਾਲ ਪੁਰਖ ਤੋਂ ਹਿੰਮਤ ਅਤੇ ਬਲ ਮੰਗਦੀਆਂ ਕਿ ਹੇ ਅਕਾਲ ਪੁਰਖ ਜ਼ਰੂਰਤ ਦੇ ਸਮੇਂ ਉਹ ਵੀ ਕੁਰਬਾਨੀ ਦੇਣ ਤੋਂ ਪਿੱਛੇ ਨਾ ਰਹਿਣ ਸਗੋਂ ਇਸ ਨੇਕ ਕੰਮ ਵਿਚ ਉਹ ਆਪ ਵੀ ਕੁਰਬਾਨੀ ਦੇ ਕੇ ਆਪਣੇ ਸਰੀਰ ਨੂੰ ਸਫ਼ਲਾ ਕਰ ਸਕਣ।

ਮੁਗਲਾਂ ਨਾਲ ਬੰਦਾ ਬਹਾਦਰ ਦੀ ਆਖ਼ਰੀ ਲੜਾਈ ਗੁਰਦਾਸ ਨੰਗਲ ਦੇ ਸਥਾਨ 'ਤੇ ਲੜੀ ਗਈ। ਜਦੋਂ ਪੰਜਾਬ ਦੇ ਗ਼ਦਰ ਦੀ ਖ਼ਬਰ ਸੁਣ ਕੇ ਬਾਬਾ ਜੀ ਪੰਜਾਬ ਵੱਲ ਤੁਰਨ ਲੱਗੇ ਤਾਂ ਦੋਵਾਂ ਧਰਮ ਪਤਨੀਆਂ ਨੇ ਵੀ ਨਾਲ ਜਾਣ ਦੀ ਇੱਛਾ ਪ੍ਰਗਟ ਕੀਤੀ। ਬਾਬਾ ਜੀ ਨੇ ਦੋਵੇਂ ਭੈਣਾਂ ਨੂੰ ਸਮਝਾਇਆ ਕਿ ਉਹ ਡੇਰਾ ਸਾਹਿਬ ਹੀ ਰਹਿਣ ਕਿਉਂਕਿ ਲੜਾਈਆਂ ਦੇ ਬਿਖੜੇ ਕੰਮ ਹੁੰਦੇ ਹਨ ਅਤੇ ਉਨ੍ਹਾਂ ਦਾ ਨਾਲ ਜਾਣਾ ਠੀਕ ਨਹੀਂ। ਪਰ ਬੀਬੀ ਸੁਸ਼ੀਲ ਕੌਰ ਨੇ ਕਿਹਾ ਕਿ ਮੈਂ ਰਾਜਪੂਤਾਂ ਦੀ ਬੇਟੀ ਹਾਂ ਅਤੇ ਹਰ ਦੁੱਖ-ਸੁਖ ਵਿਚ ਆਪਣੇ ਪਤੀ ਦੇ ਨਾਲ ਹੀ ਰਹਾਂਗੀ। ਮੇਰਾ ਧਰਮ ਹੈ ਕਿ ਮੈਂ ਪਤੀ ਦੀ ਸੇਵਾ ਵਿਚ ਹੀ ਆਪਣਾ ਜੀਵਨ ਬਤੀਤ ਕਰਾਂ। ਇਸੇ ਤਰ੍ਹਾਂ ਦੀ ਹੀ ਬੇਨਤੀ ਬੀਬੀ ਸਾਹਿਬ ਕੌਰ ਨੇ ਵੀ ਕੀਤੀ ਪਰ ਕਿਉਂਕਿ ਉਨ੍ਹਾਂ ਦੇ ਉਦਰ ਵਿਚ ਬਾਲਕ ਸੀ, ਇਸ ਲਈ ਕੁਝ ਸਿੰਘ ਤੇ ਬੀਬੀ ਸਾਹਿਬ ਕੌਰ ਨੂੰ ਡੇਰੇ ਸਾਹਿਬ ਹੀ ਰਹਿਣ ਦਿੱਤਾ ਗਿਆ। ਪਰ ਬੀਬੀ ਸੁਸ਼ੀਲ ਕੌਰ ਅਤੇ ਕਾਕਾ ਅਜੈ ਸਿੰਘ ਆਪ ਦੇ ਨਾਲ ਹੀ ਗੁਰਦਾਸ ਨੰਗਲ ਨੂੰ ਗਏ।

ਬੰਦਾ ਬਹਾਦਰ ਨੇ ਨਾਹਨ ਤੋਂ ਹੀ ਸਾਰੇ ਸਿੰਘਾਂ ਨੂੰ ਹੁਕਮਨਾਮੇ ਭੇਜੇ ਸਨ ਕਿ ਉਹ ਆਪਣੇ ਆਪ ਨੂੰ ਸੰਗਠਤ ਕਰਨ ਅਤੇ ਮੁਗਲਾਂ ਦੇ ਵਿਰੁੱਧ ਧਰਮ ਯੁੱਧ ਜਾਰੀ ਰੱਖਣ। ਸੋ ਬਾਦਸ਼ਾਹ ਬਹਾਦਰ ਸ਼ਾਹ ਬੰਦੇ ਦੀ ਬਗ਼ਾਵਤ ਦਬਾਉਣ ਵਿਚ ਸਫ਼ਲ ਨਾ ਹੋ ਸਕਿਆ। ਬਹਾਦਰ ਸ਼ਾਹ ਤੋਂ ਪਿੱਛੇ ਜਹਾਨਦਾਰ ਸ਼ਾਹ ਤਖ਼ਤ 'ਤੇ ਬੈਠਾ ਪਰੰਤੂ ਕੁਝ ਚਿਰ ਪਿੱਛੋਂ ਹੀ ਫ਼ਰੁਖ਼ਸੀਅਰ ਉਸ ਨੂੰ ਬੇਦਖ਼ਲ ਕਰ ਕੇ ਆਪ ਬਾਦਸ਼ਾਹ ਬਣ ਗਿਆ। ਉਸ ਨੇ ਸਿੱਖਾਂ ਦਾ

ਖੁਰਾਖੋਜ ਮਿਟਾਉਣ ਦਾ ਦ੍ਰਿੜ੍ਹ ਇਰਾਦਾ ਕਰ ਕੇ ਪੰਜਾਬ ਦੀ ਕਮਾਨ ਆਪਣੇ ਸਭ ਤੋਂ ਲਾਇਕ ਜਰਨੈਲ ਅਬਦੁੱਲ ਸਮੁੱਦ ਖ਼ਾਂ 'ਦਲੇਰ ਜੰਗ' ਦੇ ਹੱਥ ਦੇ ਦਿੱਤੀ ਅਤੇ ਉਸ ਨੂੰ ਹੁਕਮ ਦਿੱਤਾ ਕਿ ਬੰਦੇ ਤੇ ਉਸ ਦੀ ਫ਼ੌਜ ਦੇ ਵਿਰੁੱਧ ਬੜੀ ਭਿਆਨਕ ਜੰਗ ਛੇੜੀ ਜਾਏ।

1715 ਈਸਵੀ ਦੇ ਸ਼ੁਰੂ ਵਿਚ ਬੜੀ ਭਾਰੀ ਤਿਆਰੀ ਕਰ ਕੇ ਅਬਦੁੱਲ ਸਮੁੱਦ ਖ਼ਾਂ ਨੇ ਬੰਦੇ ਬਹਾਦਰ ਉਤੇ ਚੜ੍ਹਾਈ ਕਰ ਦਿੱਤੀ। ਗੁਰਦਾਸਪੁਰ ਤੋਂ ਚਾਰ ਮੀਲ ਦੀ ਵਿੱਥ ਤੇ ਇਕ ਛੋਟੇ ਜਿਹੇ ਪਿੰਡ ਗੁਰਦਾਸ ਨੰਗਲ ਵਿਚ ਬੜੀ ਭਾਰੀ ਤੇ ਦੋ-ਟੂੱਕ ਲੜਾਈ ਹੋਈ। ਸਿੱਖਾਂ ਪਾਸ ਕੋਈ ਕਿਲ੍ਹਾ ਵੀ ਨਹੀਂ ਸੀ ਪਰ ਉਨ੍ਹਾਂ ਨੇ ਭਾਈ ਦੁਨੀ ਚੰਦ ਦੀ ਹਵੇਲੀ ਨੂੰ ਹੀ ਇਕ ਛੋਟੀ ਜਹੀ ਗੜ੍ਹੀ ਵਿਚ ਬਦਲ ਲਿਆ ਤੇ ਉਹਦੇ ਵਿਚ ਹੀ ਕਈ ਮਹੀਨੇ ਮੁਗਲਾਂ ਦਾ ਟਾਕਰਾ ਕਰਦੇ ਰਹੇ, ਇਥੋਂ ਤਕ ਕਿ ਉਨ੍ਹਾਂ ਪਾਸ ਅਨਾਜ ਦਾ ਇਕ ਦਾਣਾ ਤਕ ਨਾ ਰਹਿ ਗਿਆ, ਪਰ ਫਿਰ ਵੀ ਬੀਬੀ ਸੁਸ਼ੀਲ ਕੌਰ ਤੇ ਭਾਕਾ ਅਜੈ ਸਿੰਘ ਬਾਕੀ ਸਿੱਖਾਂ ਦੀ ਤਰ੍ਹਾਂ ਸਬਰ ਤੇ ਸੰਤੋਖ ਕਰ ਕੇ ਜੋ ਖਾਣ ਨੂੰ ਮਿਲਦਾ ਉਸ ਵਿਚ ਹੀ ਅਕਾਲ ਪੁਰਖ ਦੇ ਸ਼ੁਕਰ-ਗੁਜ਼ਾਰ ਹੁੰਦੇ।

ਗੜ੍ਹੀ ਦਾ ਘੇਰਾ ਪਿਆਂ ਅੱਠ ਮਹੀਨੇ ਹੋ ਗਏ ਸਨ। ਬਾਹਰੋਂ ਵੈਰੀ ਕੁਝ ਵੀ ਅੰਦਰ ਨਹੀਂ ਸਨ ਜਾਣ ਦੇਂਦੇ। ਕਿਲ੍ਹਾ ਬੰਦ ਹੋਣ ਲੱਗਿਆਂ ਕਾਹਲੀ-ਕਾਹਲੀ ਵਿਚ ਬਹੁਤਾ ਦਾਣ-ਪੱਠਾ ਵੀ ਇਕੱਠਾ ਨਹੀਂ ਸੀ ਕੀਤਾ ਜਾ ਸਕਿਆ। ਜੋ ਥੋੜ੍ਹਾ-ਬਹੁਤ ਸੀ, ਉਹ ਬਹੁਤ ਪਹਿਲਾਂ ਹੀ ਖ਼ਤਮ ਹੋ ਚੁੱਕਾ ਸੀ। ਫਿਰ ਕੁਝ ਸਿੰਘਾਂ ਨੇ ਛਾਪੇ ਮਾਰ ਕੇ ਵੈਰੀ ਦਲ ਤੋਂ ਖੋਹ ਕੇ ਖਾਣਾ ਸ਼ੁਰੂ ਕੀਤਾ ਅਤੇ ਕਦੀ-ਕਦੀ ਕਿਸੇ ਲਾਲਚੀ ਸ਼ਾਹੀ ਸੈਨਿਕ ਨੂੰ ਦੂਣਾ-ਚੂਣਾ ਮੁੱਲ ਦੇ ਕੇ ਵੀ ਸਿੰਘ ਕੁਝ ਖਾਣ ਨੂੰ ਲੈ ਆਉਂਦੇ ਤੇ ਸਾਰੇ ਸਿੰਘ ਵੰਡ ਛਕਦੇ। ਭੁੱਖ ਦੇ ਦੁੱਖੋਂ ਬਹੁਤ ਸਾਰੇ ਜਾਨਵਰ ਮਾਰੇ ਗਏ ਤੇ ਬਹੁਤ ਸਾਰੇ ਸਿੰਘ ਵੀ ਅਕਾਲ ਪੁਰਖ ਨੂੰ ਪਿਆਰੇ ਹੋ ਗਏ। ਜਦੋਂ ਕੁਝ ਵੀ ਖਾਣ ਨੂੰ ਨਾ ਰਿਹਾ ਤਾਂ ਬੀਬੀ ਸੁਸ਼ੀਲ ਕੌਰ ਦਰਖ਼ਤਾਂ ਦੇ ਪੱਤੇ ਉਬਾਲਦੇ ਤੇ ਸਿੰਘ ਬਿਨਾਂ ਲੂਣ ਦੇ ਉਬਲੇ ਹੋਏ ਪੱਤੇ ਖਾ-ਖਾ ਕੇ ਹੀ ਗੁਜ਼ਾਰਾ ਕਰਨ ਲੱਗੇ। ਜਦੋਂ ਪੱਤੇ ਵੀ ਖ਼ਤਮ ਹੋ ਗਏ ਤਾਂ ਪੇੜਾਂ ਦੀਆਂ ਛਿੱਲਾਂ ਉਤਾਰ ਕੇ, ਸੁਕਾ ਕੇ ਤੇ ਪੀਸ ਕੇ ਆਟਾ ਬਣਾਇਆ ਗਿਆ ਤੇ ਉਸ ਦੀਆਂ ਰੋਟੀਆਂ ਬਣਾ ਕੇ ਖਾਧੀਆਂ ਗਈਆਂ। ਕੁਝ ਦਿਨਾਂ ਬਾਅਦ ਜਦੋਂ ਪੇੜ ਵੀ ਖ਼ਤਮ ਹੋ ਗਏ ਤਾਂ ਘੋੜੇ ਝਟਕਾ ਕੇ ਖਾਧੇ ਗਏ। ਜਦੋਂ ਘੋੜੇ ਖ਼ਤਮ ਹੋ ਗਏ ਤਾਂ ਖੱਚਰ ਤੇ ਗਧੇ ਮਾਰ ਕੇ ਖਾਧੇ ਗਏ। ਕਿਲ੍ਹੇ ਦੇ ਅੰਦਰ ਬਾਲਣ ਵੀ ਮੁੱਕ ਗਿਆ ਸੀ। ਸੋ ਭੁੱਖ ਦੇ ਦੁੱਖੋਂ ਕੱਚਾ ਮਾਸ ਹੀ ਪੇਟ ਵਿਚ ਪਾ ਕੇ ਅੰਦਰ ਦੀ ਅੱਗ ਬੁਝਾਉਣ ਦਾ ਯਤਨ ਕੀਤਾ ਗਿਆ। ਕਈਆਂ ਸਿੰਘਾਂ ਨੇ ਆਪਣੇ ਪੱਟ ਚੀਰ ਕੇ ਖਾਧੇ ਅਤੇ ਅਕਾਲ ਪੁਰਖ ਦਾ ਸ਼ੁਕਰ ਕੀਤਾ। ਦੁਨੀਆ ਵਿਚ ਭੁੱਖ ਦਾ ਅਜਿਹਾ ਦਰਦਨਾਕ ਨਜ਼ਾਰਾ ਅੱਜ ਤਕ ਕਿਸੇ ਨਹੀਂ ਵੇਖਿਆ ਹੋਣਾ। ਬੀਬੀ ਸੁਸ਼ੀਲ ਕੌਰ ਤੇ ਮਾਸੂਮ ਅਜੈ ਸਿੰਘ ਇਹ ਸਾਰੇ ਕਸ਼ਟ ਗੁਰੂ ਦੇ ਨਾਮ 'ਤੇ ਸਹਾਰ ਰਹੇ ਸਨ। ਇਸ ਦੁੱਖ ਦੇ ਵੇਲੇ ਵੀ ਬੀਬੀ ਸੁਸ਼ੀਲ ਕੌਰ ਜ਼ਰਾ ਵੀ ਘਬਰਾਈ ਨਹੀਂ ਤੇ ਨਾ ਹੀ ਬੰਦਾ ਸਿੰਘ ਦੇ ਨਾਲ ਏਥੇ ਆਉਣ ਦਾ ਉਸ ਨੂੰ ਕੋਈ ਪਛਤਾਵਾ ਸੀ। ਬਲਕਿ ਉਹ ਦੁੱਖ ਵਿਚ ਸੁੱਖ ਮਨਾਉਣ ਵਾਲੀ ਬੀਬੀ ਦਿਲੋਂ ਖੁਸ਼ ਸੀ ਕਿ ਉਹ ਇਸ ਦੁੱਖ ਦੇ ਵੇਲੇ ਆਪਣੇ ਪਤੀ ਦੇ ਨਾਲ ਹੈ ਅਤੇ ਜ਼ਰੂਰਤ ਪਈ ਤੇ ਉਹ ਪਤੀ ਦੇ ਨਾਲ ਹੀ ਕੁਰਬਾਨ ਹੋ ਜਾਏਗੀ। ਰਾਸ਼ਨ ਦੀ ਤਰ੍ਹਾਂ ਅਖ਼ੀਰ ਵਿਚ ਸਿੰਘਾਂ ਪਾਸ ਦਾਰੂ-

ਸਿੱਕਾ ਵੀ ਖ਼ਤਮ ਹੋ ਗਿਆ ਤੇ ਸਿੰਘ ਸੂਰਮੇ ਕੇਵਲ ਹੱਡੀਆਂ ਦੇ ਪਿੰਜਰ ਮਾਤਰ ਰਹਿ ਗਏ ਸਨ। ਫ਼ਿਰ ਵੀ ਵੈਰੀ ਦਾ ਹੌਸਲਾ ਨਹੀਂ ਸੀ ਪੈਂਦਾ ਕਿ ਇਨ੍ਹਾਂ ਭੁੱਖੇ ਸ਼ੇਰਾਂ ਨੂੰ ਹੱਥ ਪਾਉਣ। ਲੱਗਭਗ ਅੱਠ ਮਹੀਨੇ ਮੁਗ਼ਲ ਸਾਮਰਾਜ ਦੇ ਬੜੇ ਭਾਰੀ ਲਸ਼ਕਰ ਨਾਲ ਕਹਿਰਾਂ ਦਾ ਟਾਕਰਾ ਕਰਨਾ ਸੱਚਮੁੱਚ ਹੈਰਾਨ ਕਰਨ ਵਾਲਾ ਸੀ। ਅੰਤ ਵਿਚ ਜਦੋਂ ਕੋਈ ਵਾਹ ਨਾ ਰਹਿ ਗਈ ਤਾਂ ਉਨ੍ਹਾਂ ਨੇ ਆਪਣੇ ਆਪ ਨੂੰ ਮੁਗ਼ਲ ਫ਼ੌਜ ਦੇ ਹਵਾਲੇ ਕਰ ਦਿੱਤਾ। ਪਰੰਤੂ ਉਹ ਇੰਨੀ ਸੂਰਮਗਤੀ ਨਾਲ ਲੜੇ ਕਿ 'ਇਬਰਤ ਨਾਮਾ' ਦੇ ਲੇਖਕ ਮੁਹੰਮਦ ਹਾਰੀਸੀ ਨੂੰ ਵੀ ਜੋ ਕਿ ਮੌਕੇ ਦਾ ਗਵਾਹ ਸੀ, ਹੇਠ ਲਿਖੇ ਸ਼ਬਦਾਂ ਵਿਚ ਸਿੰਘਾਂ ਬਾਰੇ ਲਿਖਣਾ ਪਿਆ :

"ਸਿੱਖਾਂ ਦੇ ਬਹਾਦਰੀ ਤੇ ਦਲੇਰੀ ਭਰੇ ਕਾਰਮਨਾਮੇ ਹੈਰਾਨਕੁੰਨ ਸਨ...ਇਨ੍ਹਾਂ ਲੋਕਾਂ ਦਾ ਇਤਨਾ ਭੈਅ ਤੇ ਸਹਿਮ ਪਿਆ ਹੋਇਆ ਸੀ ਅਤੇ ਇਨ੍ਹਾਂ ਦੇ ਜਰਨੈਲ (ਬੰਦਾ ਬਹਾਦਰ) ਤੋਂ ਸ਼ਾਹੀ ਫ਼ੌਜ ਦੇ ਕਮਾਂਡਰ ਇਤਨਾ ਡਰਦੇ ਸਨ ਕਿ ਉਹ ਹਰ ਵੇਲੇ ਦੁਆ ਕਰਦੇ ਕਿ, ਖ਼ੁਦਾ ਕੋਈ ਇਹੋ ਜਿਹਾ ਢੋਅ ਢੁਕਾਏ ਕਿ ਬੰਦਾ ਗੜ੍ਹੀ ਵਿਚੋਂ ਬਚ ਕੇ ਨਿਕਲ ਜਾਵੇ।"

ਕਿਹਾ ਜਾਂਦਾ ਹੈ ਕਿ ਤਕਰੀਬਨ 8000 ਸਿੱਖ ਇਸ ਲੜਾਈ ਵਿਚ ਮਾਰੇ ਗਏ ਅਤੇ ਬਾਕੀ ਦੇ ਕੈਦੀ ਬਣਾ ਲਏ ਗਏ। ਬੰਦਾ ਵੀ ਗ੍ਰਿਫ਼ਤਾਰ ਹੋ ਗਿਆ (ਇਹ ਘਟਨਾ 17 ਦਸੰਬਰ 1715 ਈਸਵੀ ਦੀ ਹੈ)। ਪਰੰਤੂ ਉਸ ਯੋਧੇ ਤੇ ਬਲੀ ਪੁਰਸ਼ ਦਾ ਅਜੇ ਵੀ ਇਤਨਾ ਡਰ ਤੇ ਭੈਅ ਸੀ ਕਿ ਉਸ ਨੂੰ ਸੰਗਲਾਂ ਵਿਚ ਜਕੜ ਕੇ ਲੋਹੇ ਦੇ ਪਿੰਜਰੇ ਵਿਚ ਡੱਕਿਆ ਗਿਆ। ਉਸ ਉਤੇ ਨੰਗੀ ਤਲਵਾਰ ਨਾਲ ਇਕ ਮੁਗ਼ਲ ਅਫ਼ਸਰ ਦਾ ਪਹਿਰਾ ਲਾਇਆ ਗਿਆ ਅਤੇ ਉਸ ਨੂੰ ਹੁਕਮ ਦਿੱਤਾ ਗਿਆ ਜੇ ਬੰਦਾ ਨਿਕਲਣ ਦਾ ਯਤਨ ਕਰੇ ਤਾਂ ਉਸੇ ਵੇਲੇ ਉਸ ਨੂੰ ਖੰਜਰ ਘੋਪ ਕੇ ਮਾਰ ਦਿੱਤਾ ਜਾਏ। ਗੁਰਦਾਸ ਨੰਗਲ ਦੀ ਲੜਾਈ ਵਿਚ ਮਾਰੇ ਗਏ ਸਿੱਖਾਂ ਦੇ ਸਿਰ ਬਰਛਿਆਂ ਉਤੇ ਟੰਗ ਕੇ ਬੰਦਾ ਬਹਾਦਰ, ਬੀਬੀ ਸੁਸ਼ੀਲ ਕੌਰ, ਮਾਸੂਮ ਅਜੈ ਸਿੰਘ ਅਤੇ ਹੋਰ ਕੈਦੀ ਸਿੰਘਾਂ ਸਮੇਤ ਲਾਹੌਰ ਲਿਆਂਦੇ ਗਏ ਅਤੇ ਸ਼ਹਿਰ ਦੇ ਬਜ਼ਾਰਾਂ ਵਿਚ ਉਨ੍ਹਾਂ ਦੀ ਨੁਮਾਇਸ਼ ਕੀਤੀ ਗਈ। ਉਥੋਂ ਕੈਦੀ ਸਿੰਘਾਂ ਨੂੰ ਜੰਜ਼ੀਰਾਂ ਨਾਲ ਬੰਨ੍ਹ ਕੇ ਦਿੱਲੀ ਭੇਜਿਆ ਗਿਆ ਜਿਥੇ ਉਹ 29 ਫਰਵਰੀ 1716 ਈਸਵੀ ਨੂੰ ਪੁੱਜੇ। ਉਥੇ ਵੀ ਬੰਦੇ ਦੇ 740 ਅਨੁਯਾਈਆਂ ਅਤੇ 26 ਨਿਕਟਵਰਤੀ ਸਿੰਘਾਂ ਦੀ ਸ਼ਹਿਰ ਵਿਚ ਨੁਮਾਇਸ਼ ਕੀਤੀ ਗਈ।

ਇਸ ਨੁਮਾਇਸ਼ੀ ਜਲੂਸ ਦੇ ਮੂਹਰੇ ਸਿੱਖਾਂ ਦੇ ਦੋ ਹਜ਼ਾਰ ਸਿਰ ਸਨ, ਜੋ ਲੰਮੇ-ਲੰਮੇ ਬਾਂਸਾਂ ਨਾਲ ਬੰਨ੍ਹੇ ਹੋਏ ਸਨ ਤੇ ਜਿਨ੍ਹਾਂ ਦੇ ਕੇਸ ਹਵਾ ਵਿਚ ਲਹਿਰਾ ਰਹੇ ਸਨ। ਇਕ ਬਾਂਸ ਦੇ ਸਿਰੇ ਉਤੇ ਇਕ ਮਰੀ ਹੋਈ ਬਿੱਲੀ ਬੰਨ੍ਹੀ ਹੋਈ ਸੀ, ਜਿਸ ਦਾ ਭਾਵ ਸੀ ਕਿ ਗੁਰਦਾਸ ਨੰਗਲ ਵਿਚ ਹਰੇਕ ਜਾਨਦਾਰ ਚੀਜ਼ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਇਸ ਤੋਂ ਪਿੱਛੇ ਬੰਦਾ ਸਿੰਘ ਬਹਾਦਰ ਨੂੰ ਇਕ ਲੋਹੇ ਦੇ ਪਿੰਜਰੇ ਵਿਚ ਡੱਕ ਕੇ ਇਕ ਹਾਥੀ ਉਤੇ ਬਿਠਾਇਆ ਹੋਇਆ ਸੀ। ਉਸ ਦਾ ਮਖ਼ੌਲ ਉਡਾਉਣ ਲਈ ਉਸ ਦੇ ਸਿਰ ਉਤੇ ਸੁਨਹਿਰੀ ਤਾਜ ਵਾਲੀ ਤੇ ਤਿੱਲੇ ਜ਼ਰੀ ਨਾਲ ਮੜ੍ਹੀ ਹੋਈ ਪੱਗ ਬੰਨ੍ਹੀ ਹੋਈ ਸੀ। ਬੰਦਾ ਸਿੰਘ ਬਹਾਦਰ ਦੇ ਪਿੱਛੇ ਹੱਥ ਵਿਚ ਨੰਗੀ ਤਲਵਾਰ ਹੱਥ ਵਿਚ ਫੜੀ ਮੁਗ਼ਲ ਖਲੋਤਾ ਸੀ। ਬੰਦੇ ਦੇ ਹਾਥੀ ਦੇ ਪਿੱਛੇ ਸਾਰੇ ਸਿੱਖ ਕੈਦੀ ਦੋ-ਦੋ ਇਕੱਠੇ ਜਕੜ ਕੇ ਊਠਾਂ 'ਤੇ ਲੱਦੇ ਹੋਏ ਸਨ। ਉਨ੍ਹਾਂ ਦੇ ਸਿਰਾਂ ਉਤੇ ਬੜੀ ਹਾਸੋ-ਹੀਣੀ ਸ਼ਕਲ ਦੀਆਂ ਅਨੋਖੀਆਂ ਜਿਹੀਆਂ ਟੋਪੀਆਂ ਪਾਈਆਂ ਹੋਈਆਂ ਸਨ

ਜੋ ਭੇਡ ਦੇ ਚਮੜੇ ਦੀਆਂ ਬਣੀਆਂ ਹੋਈਆਂ ਸਨ ਤੇ ਸ਼ੀਸ਼ੇ ਦੇ ਮਣਕਿਆਂ ਨਾਲ ਸ਼ਿੰਗਾਰੀਆਂ ਹੋਈਆਂ ਸਨ। ਜਿਥੋਂ-ਜਿਥੋਂ ਦੀ ਇਹ ਜਲੂਸ ਲੰਘਦਾ ਸੀ, ਗਲੀਆਂ ਅਤੇ ਬਜ਼ਾਰ, ਲੋਕਾਂ ਦੇ ਹਜੂਮ ਨਾਲ ਭਰ ਜਾਂਦੇ ਤੇ ਲੰਘਣਾ ਔਖਾ ਹੋ ਜਾਂਦਾ ਸੀ। ਮੌਤ ਕੈਦੀਆਂ ਦੇ ਸਿਰਾਂ ਉਤੇ ਨੱਚ ਰਹੀ ਸੀ ਪਰ ਉਹ ਅਨੰਦ ਵਿਚ ਮਗਨ ਹੋਏ ਵਾਹਿਗੁਰੂ ਦੇ ਸ਼ਬਦ ਗਾਉਂਦੇ ਤੁਰੇ ਜਾ ਰਹੇ ਸਨ। ਬੀਬੀ ਸੁਸ਼ੀਲ ਕੌਰ ਨੂੰ ਪਤਾ ਸੀ ਕਿ ਮੌਤ ਉਨ੍ਹਾਂ ਦੇ ਸਿਰ 'ਤੇ ਕੂਕ ਰਹੀ ਹੈ। ਪਰ ਉਹ ਦਲੇਰ ਬੀਬੀ ਘਬਰਾਈ ਨਹੀਂ ਬਲਕਿ ਅਜੈ ਸਿੰਘ ਨੂੰ ਗੋਦ ਵਿਚ ਲਈ ਗੁਰਬਾਣੀ ਦਾ ਪਾਠ ਕਰ ਰਹੀ ਸੀ ਅਤੇ ਅਰਦਾਸ ਕਰ ਰਹੀ ਸੀ ਕਿ ਹੇ ਅਕਾਲ ਪੁਰਖ ਸਾਡੀ ਇਸ ਸਾਰੇ ਪਰਿਵਾਰ ਦੀ ਸਿੱਖੀ ਨਾਲ ਨਿਭ ਜਾਵੇ। ਸਾਡੇ ਵਿਚੋਂ ਕੋਈ ਵੀ ਡੋਲ ਨਾ ਸਕੇ ਅਤੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭ ਜਾਵੇ।

ਦਿੱਲੀ ਦੀ ਮੁਸਲਮਾਨ ਜਨਤਾ ਵਾਸਤੇ ਇਹ ਬੜਾ ਮਨੋਰੰਜਕ ਤਮਾਸ਼ਾ ਸੀ। 'ਇਬਰਤਨਾਮਾ' ਵਿਚ ਮਿਰਜ਼ਾ ਮੁਹੰਮਦ ਹਰੀਸੀ ਲਿਖਦਾ ਹੈ : "ਦਿੱਲੀ ਦੀਆਂ ਗਲੀਆਂ-ਬਜ਼ਾਰਾਂ ਵਿਚ ਇਤਨਾ ਵੱਡਾ ਜਲੂਸ ਕਦੀ ਨਹੀਂ ਸੀ ਵੇਖਿਆ। ਮੁਸਲਮਾਨ ਖੁਸ਼ੀ ਨਾਲ ਫੁੱਲੇ ਨਹੀਂ ਸਨ ਸਮਾਉਂਦੇ। ਪਰ ਇਸ ਦੁਰਦਸ਼ਾ ਦੇ ਸ਼ਿਕਾਰ ਅਭਾਗੇ ਸਿੱਖ ਅਜੇ ਵੀ ਆਪਣੀ ਕਿਸਮਤ ਉਤੇ ਅਨੰਦ-ਪ੍ਰਸੰਨ ਸਨ। ਉਨ੍ਹਾਂ ਦੇ ਚਿਹਰਿਆਂ ਤੋਂ ਦੀਨਤਾ, ਉਦਾਸੀ ਜਾਂ ਸ਼ਰਮਿੰਦਗੀ ਦਾ ਜ਼ਰਾ ਮਾਤਰ ਚਿੰਨ੍ਹ ਵੀ ਨਹੀਂ ਸੀ ਦਿਸਦਾ। ਸੱਚੀ ਗੱਲ ਤਾਂ ਇਹ ਹੈ ਕਿ ਜਦੋਂ ਉਹ ਊਠਾਂ ਉਤੇ ਲੱਦੇ ਹੋਏ ਬਜ਼ਾਰਾਂ ਵਿਚੋਂ ਲੰਘ ਰਹੇ ਸਨ ਤਾਂ ਉਨ੍ਹਾਂ ਵਿਚੋਂ ਬਹੁਤੇ ਸ਼ਬਦ ਪੜ੍ਹਦੇ ਹੋਏ ਅਨੰਦ-ਪ੍ਰਸੰਨ ਤੇ ਸੰਤੁਸ਼ਟ ਜਾਪਦੇ ਸਨ। ਜੇ ਗਲੀਆਂ ਵਿਚ ਕੋਈ ਪੁਰਸ਼ ਉਨ੍ਹਾਂ ਉਤੇ ਅਵਾਜ਼ਾਂ ਕੱਸਦਾ ਕਿ ਉਨ੍ਹਾਂ ਦੀ ਇਹ ਦੁਰਦਸ਼ਾ ਉਨ੍ਹਾਂ ਦੀਆਂ ਆਪਣੀਆਂ ਕਰਤੂਤਾਂ ਕਰ ਕੇ ਹੋਈ ਹੈ, ਤਾਂ ਉਹ ਅੱਗੋਂ ਤੁਰੰਤ ਉੱਤਰ ਦੇਂਦੇ ਕਿ "ਸਰਬ ਸ਼ਕਤੀਮਾਨ ਦੀ ਰਜ਼ਾ ਹੀ ਇਵੇਂ ਹੈ ਤੇ ਸਾਡੇ ਸਾਰੇ ਦੁਖੜੇ ਤੇ ਕਸ਼ਟ ਰੱਬ ਦੇ ਭਾਣੇ ਅਨੁਸਾਰ ਹਨ।" ਜੇ ਕੋਈ ਕਹਿੰਦਾ ਕਿ "ਹੁਣ ਤੁਸੀਂ ਕਤਲ ਕੀਤੇ ਜਾਉਗੇ" ਤਾਂ ਉਹ ਭੁੜਕ ਕੇ ਆਖਦੇ, "ਸਾਨੂੰ ਬੇਸ਼ੱਕ ਕਤਲ ਕਰ ਦਿਓ। ਅਸੀਂ ਮੌਤ ਤੋਂ ਕਦੋਂ ਡਰਦੇ ਹਾਂ ? ਜੇ ਅਸੀਂ ਡਰਦੇ ਹੁੰਦੇ ਤਾਂ ਤੁਹਾਡੇ ਨਾਲ ਇੰਨੇ ਯੁੱਧ ਕਿਵੇਂ ਕਰ ਸਕਦੇ ? ਅਸੀਂ ਤਾਂ ਕੇਵਲ ਭੁੱਖ ਦੀ ਤੰਗੀ ਦੇ ਹੱਥੋਂ ਮਜਬੂਰ ਹੋ ਕੇ ਤੁਹਾਡੇ ਕਾਬੂ ਆ ਗਏ ਹਾਂ, ਨਹੀਂ ਤਾਂ ਤੁਸਾਂ ਪਹਿਲਾਂ ਵੀ ਸਾਡੇ ਹੱਥ ਵੇਖੇ ਹੋਏ ਹਨ।"

ਇਸ ਤਰ੍ਹਾਂ ਜ਼ਲੀਲ ਤੇ ਖੁਆਰ ਕਰਨ ਤੋਂ ਬਾਅਦ ਫ਼ਰੁਖ਼ਸੀਅਰ ਦੇ ਹੁਕਮ ਨਾਲ ਬੰਦਾ ਸਿੰਘ, ਭਾਈ ਬਾਜ ਸਿੰਘ, ਭਾਈ ਫਤਹਿ ਸਿੰਘ, ਭਾਈ ਤਾਜ ਸਿੰਘ ਤੇ ਬੰਦਾ ਬਹਾਦਰ ਦੇ ਹੋਰ 23 ਨਿਕਟਵਰਤੀ ਸਾਥੀਆਂ ਨੂੰ ਤ੍ਰਿਪੋਲੀਆਂ ਜੇਲ੍ਹਖਾਨੇ ਵਿਚ ਕੈਦ ਕਰਨ ਵਾਸਤੇ ਮੀਰ ਆਤਿਸ਼ ਇਬਰਾਹੀਮ-ਓ-ਦੀਨ ਖ਼ਾਂ ਦੇ ਹਵਾਲੇ ਕਰ ਦਿੱਤਾ ਗਿਆ। ਬੀਬੀ ਸੁਸ਼ੀਲ ਕੌਰ, ਕਾਕਾ ਅਜੈ ਸਿੰਘ ਅਤੇ ਉਸ ਦੀ ਪਰਵਰਿਸ਼ ਕਰਨ ਵਾਲੀ ਇਕ ਆਇਆ ਨੂੰ ਨਾਜ਼ਿਰ ਦਰਬਾਰ ਖਾਂ ਦੇ ਹੁਕਮ ਨਾਲ ਸ਼ਾਹੀ ਹਰਮ ਵਿਚ ਭੇਜ ਦਿੱਤਾ ਗਿਆ। ਬਾਕੀ ਦੇ ਸਿੱਖ ਕਤਲ ਕਰਨ ਲਈ ਦਿੱਲੀ ਦੇ ਕੋਤਵਾਲ ਸਰਬਰਾਹ ਦੇ ਹਵਾਲੇ ਕਰ ਦਿੱਤੇ ਗਏ। ਬੀਬੀ ਸੁਸ਼ੀਲ ਕੌਰ ਅਤਿ ਦੀ ਸੁੰਦਰ ਤੇ 25-26 ਕੁ ਸਾਲ ਦੀ ਜਵਾਨ ਬੀਬੀ ਸੀ, ਇਸ ਲਈ ਬਾਦਸ਼ਾਹ ਫ਼ਰੁਖ਼ਸੀਅਰ ਦੀ ਇਸ ਉੱਪਰ ਨਜ਼ਰ ਸੀ। ਇਸ ਲਈ ਬੀਬੀ ਜੀ ਨੂੰ ਕੋਈ ਤਸੀਹੇ ਨਾ ਦਿੱਤੇ

ਗਏ ਸਗੋਂ ਆਰਾਮ ਦੀ ਹਾਰ ਚੀਜ਼ ਮੁਹੱਈਆ ਕਰਾਈ ਗਈ ਤੇ ਹਰਮ ਦੀਆਂ ਹੋਰ ਬੇਗ਼ਮਾਂ ਬਾਦਸ਼ਾਹ ਦੇ ਗੁਣ ਗਾਇਨ ਕਰਦੀਆਂ ਤੇ ਬੀਬੀ ਜੀ ਨੂੰ ਹਰਮ ਦੇ ਹਰ ਸੁਖ-ਸੁਵਿਧਾ ਦੀ ਜਾਣਕਾਰੀ ਦੇਂਦੀਆਂ ਤੇ ਬੀਬੀ ਜੀ ਨੂੰ ਮੁਸਲਮਾਨ ਬਣ ਜਾਣ ਲਈ ਪ੍ਰੇਰਿਤ ਕਰਦੀਆਂ । ਹੀਰੇ, ਜਵਾਹਰਾਤਾਂ, ਗਹਿਣੇ ਤੇ ਸੋਹਣੇ ਰੇਸ਼ਮ ਦੇ ਕੱਪੜਿਆਂ ਦਾ ਲਾਲਚ ਦੇਂਦੀਆਂ ਪਰ ਬੀਬੀ ਜੀ ਨੂੰ ਜੇਕਰ ਇਨ੍ਹਾਂ ਵਸਤੂਆਂ ਦਾ ਲਾਲਚ ਹੁੰਦਾ ਤਾਂ ਉਹ ਭੈਹਰਾ ਸਾਹਿਬ ਤੋਂ ਆਪਣੇ ਪਤੀ ਨਾਲ ਗੁਰਦਾਸ ਨੰਗਲ ਕਿਉਂ ਆਉਂਦੇ । ਉਨ੍ਹਾਂ ਨੂੰ ਇਹ ਪਤਾ ਸੀ ਕਿ ਲੜਾਈ ਵਿਚ ਕਿਤਨੀਆਂ ਲਕਲੀਫਾਂ ਸਹਿਣੀਆਂ ਪੈਂਦੀਆਂ ਹਨ । ਕਦੀ ਖਾਣ ਨੂੰ ਮਿਲਦਾ ਹੈ ਤੇ ਕਦੀ ਨਹੀਂ ਵੀ । ਅੱਠ ਮਹੀਨੇ ਬੀਬੀ ਜੀ ਨੇ ਭੁੱਖ ਦੇ ਦੁੱਖ ਵੇਖੇ ਸਨ ਤੇ ਉਹ ਉਸ ਵਕਤ ਵੀ ਡੋਲੇ ਨਹੀਂ ਤੇ ਉਸ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਦੇ ਰਹੇ । ਜੋ ਕੁਝ ਸਿੰਘ ਖਾਂਦੇ ਕਦੀ ਘਾਹ ਤੇ ਕਦੀ ਪੱਤੇ ਅਤੇ ਕਦੀ ਹੱਡੀਆਂ ਦੇ ਆਟੇ ਦੀਆਂ ਰੋਟੀਆਂ । ਇਹ ਸਭ ਕੁਝ ਸਹਿਣ ਕਰਨ ਤੋਂ ਬਾਅਦ ਅੱਜ ਉਹ ਲਾਲਚ ਵਿਚ ਕਿਵੇਂ ਆ ਸਕਦੇ ਸਨ ।

ਬੀਬੀ ਜੀ ਨੂੰ ਡਰਾਉਣ ਲਈ ਹਰ ਰੋਜ਼ ਉਨ੍ਹਾਂ ਦੇ ਸਾਥੀ ਕੈਦੀ ਸਿੰਘਾਂ ਦੇ ਕਤਲਾਂ ਦੀਆਂ ਗੱਲਾਂ ਦੱਸੀਆਂ ਜਾਂਦੀਆਂ ਜਿਨ੍ਹਾਂ ਕੈਦੀਆਂ ਨੂੰ ਕਤਲ ਕਰਨ ਦਾ ਕੰਮ 5 ਮਾਰਚ 1716 ਨੂੰ ਸ਼ੁਰੂ ਕੀਤਾ ਗਿਆ ਸੀ । ਇਸ ਕਤਲੇਆਮ ਦੀ ਗਵਾਹੀ ਖ਼ਾਫ਼ੀ ਖ਼ਾਂ ਜੋ ਸਮਕਾਲੀਨ ਲਿਖਾਰੀ ਸੀ, ਨੇ ਅਤੇ ਹਰ ਮਾਡਰਨ ਇਤਿਹਾਸਕਾਰ ਨੇ ਦਿੱਤੀ ਹੈ । ਇਸ ਕਤਲ ਦਾ ਬਿਆਨ Earlly Records of British India ਵਿਚ ਦਿੱਤੀ ਇਕ ਅੰਗਰੇਜ਼ ਸਫ਼ੀਰ ਮਿਸਟਰ ਸ਼ਰਮਨ ਦੀ ਲਿਖੀ ਚਿੱਠੀ ਮਿਤੀ 15 ਮਾਰਚ 1716 ਤੋਂ ਵੀ ਮਿਲਦੀ ਹੈ : ਕਤਲ ਕਰਨ ਵਾਸਤੇ ਕੋਤਵਾਲੀ ਦੇ ਚਬੂਤਰੇ ਉਤੇ ਲਿਆਉਣ ਤੋਂ ਪਹਿਲਾਂ ਹਰੇਕ ਸਿੱਖ ਨੂੰ ਸ਼ਰਤ ਪੇਸ਼ ਕੀਤੀ ਜਾਂਦੀ ਕਿ ਜੇ ਉਹ ਸਿੱਖੀ ਤਿਆਗ ਕੇ ਮੁਸਲਮਾਨ ਬਣ ਜਾਏ, ਤਾਂ ਉਸ ਦੀ ਜਾਨ ਬਖ਼ਸ਼ ਦਿੱਤੀ ਜਾਏਗੀ ਅਤੇ ਧਨ-ਦੌਲਤ ਨਾਲ ਮਾਲਾਮਾਲ ਕਰ ਦਿੱਤਾ ਜਾਏਗਾ । ਪਰ ਸਿੱਖ ਆਪਣੇ ਧਰਮ ਵਿਚ ਇਤਨੇ ਦ੍ਰਿੜ੍ਹ ਸਨ ਕਿ ਉਨ੍ਹਾਂ ਵਿਚੋਂ ਕੋਈ ਇਕ ਵੀ ਨਾ ਡੋਲਿਆ ਅਤੇ ਨਾ ਹੀ ਕਿਸੇ ਲਾਲਚ ਵਿਚ ਆਇਆ ਸਗੋਂ ਹਰ ਕੋਈ ਜ਼ਿਦ ਕਰਦਾ ਸੀ ਕਿ ਉਸ ਨੂੰ ਦੂਜਿਆਂ ਤੋਂ ਪਹਿਲਾਂ ਕਤਲ ਕੀਤਾ ਜਾਏ । ਜਦੋਂ ਉਹ ਕਤਲ ਕੀਤੇ ਜਾ ਰਹੇ ਸਨ ਤਾਂ ਇਕ ਸਿੱਖ ਬੱਚੇ ਦੀ ਮਾਂ ਨੇ ਬਾਦਸ਼ਾਹ ਕੋਲ ਦਰਖ਼ਾਸਤ ਕੀਤੀ ਕਿ ਉਸ ਦਾ ਬੱਚਾ ਅਸਲ ਵਿਚ ਸਿੱਖ ਨਹੀਂ ਸੀ ਸਗੋਂ ਗ਼ਲਤੀ ਨਾਲ ਪਕੜਿਆ ਗਿਆ ਸੀ ਅਤੇ ਇਸ ਲਈ ਉਹ ਬੇਗੁਨਾਹ ਹੀ ਮਾਰਿਆ ਜਾ ਰਿਹਾ ਹੈ । ਫ਼ਰੁਖ਼ਸੀਅਰ ਨੂੰ ਤਰਸ ਆ ਗਿਆ ਅਤੇ ਉਸ ਨੇ ਹੁਕਮ ਦਿੱਤਾ ਕਿ ਬੱਚੇ ਨੂੰ ਰਿਹਾਅ ਕਰ ਦਿੱਤਾ ਜਾਏ । ਉਹ ਇਸਤਰੀ ਸ਼ਾਹੀ ਫ਼ੁਰਮਾਨ ਲੈ ਕੇ ਕੋਤਵਾਲ ਕੋਲ ਹਾਜ਼ਰ ਹੋਈ, ਪਰ ਉਸ ਲੜਕੇ ਨੂੰ ਰਿਹਾਈ ਦਾ ਹੁਕਮ ਸੁਣਾਇਆ ਗਿਆ ਤਾਂ ਉਸ ਨੇ ਆਪਣੇ ਸਾਥੀਆਂ ਕੋਲੋਂ ਵੱਖ ਹੋਣ ਤੋਂ ਇਨਕਾਰ ਕਰ ਦਿੱਤਾ ਅਤੇ ਕੋਤਵਾਲ ਨੂੰ ਆਖਿਆ ਕਿ "ਮੇਰੀ ਮਾਂ ਝੂਠ ਬੋਲਦੀ ਹੈ । ਮੈਂ ਪੂਰਾ ਸਿੱਖ ਹਾਂ । ਇਸ ਲਈ ਮੈਨੂੰ ਜਲਦੀ ਮੇਰੇ ਸਾਥੀਆਂ ਕੋਲ ਭੇਜਿਆ ਜਾਵੇ ।" ਇਹ ਆਖਦਾ ਹੋਇਆ ਉਹ ਦੌੜ ਕੇ ਕੋਤਵਾਲੀ ਦੇ ਚਬੂਤਰੇ ਉਤੇ ਜਾ ਚੜ੍ਹਿਆ ਅਤੇ ਹੱਸਦਾ-ਹੱਸਦਾ ਕਤਲ ਹੋ ਗਿਆ । ਜ਼ਰਾ ਸੋਚੋ ਕਿ ਆਪਣੇ ਸਾਥੀ ਸਿੰਘਾਂ ਦੀ ਬਹਾਦਰੀ ਦੇ ਇਹ ਕਾਰਨਾਮੇ ਸੁਣ ਕੇ ਬੀਬੀ

ਸੁਸ਼ੀਲ ਕੌਰ ਜੀ ਕਿਵੇਂ ਡੋਲ ਜਾਂਦੇ ਜਾਂ ਸ਼ਾਹੀ ਹਰਮ ਦੇ ਲਾਲਚ ਵਿਚ ਆ ਕੇ ਮੁਸਲਮਾਨ ਬਣ ਕੇ ਸਿੱਖੀ ਦਾ ਤਿਆਗ ਕਰ ਸਕਦੇ ਸਨ। ਇਹ ਸਭ ਸੁਣ ਕੇ ਉਨ੍ਹਾਂ ਨੂੰ ਲਾਲੀਆਂ ਚੜ੍ਹਦੀਆਂ ਅਤੇ ਮੁਗ਼ਲ ਬਾਦਸ਼ਾਹ ਨਾਲ ਨਫ਼ਰਤ ਹੁੰਦੀ ਅਤੇ ਹਰਮ ਦੇ ਸੁਖ ਉਸ ਨੂੰ ਖਾਣ ਨੂੰ ਪੈਂਦੇ।

ਸਾਰੇ ਹੀ ਸਮਕਾਲੀਨ ਅੰਗਰੇਜ਼ ਤੇ ਭਾਰਤੀ ਲਿਖਾਰੀ ਇਸ ਗੱਲ ਦੀ ਪ੍ਰਸੰਸਾ ਕਰਨ ਵਿਚ ਸਹਿਮਤ ਹਨ ਕਿ ਬੰਦੇ ਦੇ ਸਾਰੇ ਸਾਥੀਆਂ ਨੇ ਬੜੇ ਅਸਚਰਜ ਹੌਸਲੇ ਤੇ ਦ੍ਰਿੜ੍ਹਤਾ ਨਾਲ ਮੌਤ ਕਬੂਲ ਕੀਤੀ। ਉਨ੍ਹਾਂ ਵਿਚੋਂ ਇਕ ਵੀ ਮੌਤ ਤੋਂ ਨਾ ਡਰਿਆ ਅਤੇ ਨਾ ਹੀ ਆਪਣਾ ਧਰਮ ਛੱਡਿਆ ਅਤੇ ਨਾ ਹੀ ਕਿਸੇ ਲਾਲਚ ਵਿਚ ਆਇਆ। ਉਨ੍ਹਾਂ ਦੇ ਹੋਠਾਂ 'ਤੇ ਇਹ ਸ਼ਬਦ ਹੁੰਦੇ ਸਨ, "ਮੇਰੇ ਮੁਕਤੀ ਦਾਤਾ ! ਪਹਿਲਾਂ ਮੇਰੀ ਜਾਨ ਕੱਢ।" ਦਿੱਲੀ ਦੀ ਜਨਤਾ ਵਾਸਤੇ ਇਹ ਤਮਾਸ਼ਾ ਇਕ ਹਫ਼ਤਾ ਚਲਦਾ ਰਿਹਾ ਅਤੇ ਇਕ ਸੌ ਸਿੱਖ ਹਰ ਰੋਜ਼ ਕਤਲ ਕੀਤੇ ਜਾਂਦੇ ਰਹੇ। ਕਤਲ ਹੋਣ ਮਗਰੋਂ ਉਨ੍ਹਾਂ ਨੂੰ ਗਿਰਝਾਂ ਅਤੇ ਕੁੱਤਿਆਂ ਦੇ ਖਾਣ ਲਈ ਕੂੜਿਆਂ ਦੇ ਢੇਰਾਂ ਉਤੇ ਸੁੱਟ ਦਿੱਤਾ ਜਾਂਦਾ। ਕੱਟੇ ਹੋਏ ਸਿਰਾਂ ਵਿਚ ਭੂਸਾ ਭਰ ਕੇ ਉਨ੍ਹਾਂ ਨੂੰ ਦਰਖ਼ਤਾਂ ਨਾਲ ਲਟਕਾ ਦਿੱਤਾ ਜਾਂਦਾ, ਜਿਥੇ ਉਹ ਕਈ-ਕਈ ਦਿਨ ਤਕ ਲਟਕੇ ਰਹਿੰਦੇ। ਕੱਟੇ ਹੋਏ ਸਿਰਾਂ ਨੂੰ ਦਰਖ਼ਤਾਂ ਜਾਂ ਸ਼ਹਿਰ ਦੁਆਲੇ ਉਸਾਰੀ ਗਈ ਦੀਵਾਰ ਦੇ ਦਰਵਾਜ਼ਿਆਂ ਉਤੇ ਟੰਗਣ ਦਾ ਭਾਵ ਇਹ ਸੀ ਕਿ ਹਕੂਮਤ ਲੋਕਾਂ ਨੂੰ ਇਹ ਚਿਤਾਵਨੀ ਦੇਂਦੀ ਸੀ ਕਿ ਜੇ ਤੁਸੀਂ ਵੀ ਸਿੱਖ ਸਜੋਗੇ ਤਾਂ ਤੁਹਾਡਾ ਵੀ ਇਹੀ ਹਸ਼ਰ ਹੋਵੇਗਾ ਜੋ ਬੰਦੇ ਦਾ ਤੇ ਉਸ ਦੇ ਸਾਥੀਆਂ ਦਾ ਹੋ ਰਿਹਾ ਹੈ। ਪਰ ਜ਼ਰਾ ਸੋਚੋ ਕਿ ਕਦੀ ਸ਼ਹਾਦਤਾਂ ਤੇ ਕੁਰਬਾਨੀਆਂ ਨਾਲ ਵੀ ਕਿਸੇ ਧਰਮ ਜਾਂ ਕੌਮ ਨੂੰ ਖ਼ਤਮ ਕੀਤਾ ਜਾ ਸਕਿਆ ਹੈ ਬਲਕਿ ਸ਼ਹਾਦਤਾਂ ਅਤੇ ਕੁਰਬਾਨੀਆਂ ਦੇਣ ਨਾਲ ਤਾਂ ਧਰਮ ਅਤੇ ਕੌਮਾਂ ਵਧਦੀਆਂ-ਫੁੱਲਦੀਆਂ ਹਨ। ਕੁਰਬਾਨੀ ਜ਼ਿੰਦਗੀ ਦੇਂਦੀ ਹੈ, ਲੈਂਦੀ ਨਹੀਂ। ਸ਼ਹੀਦਾਂ ਦਾ ਖ਼ੂਨ ਤਾਂ ਧਰਮ ਦਾ ਬੀਜ ਹੋਇਆ ਕਰਦਾ ਹੈ। ਸ਼ਹੀਦਾਂ ਦਾ ਡੋਲ੍ਹਿਆ ਖ਼ੂਨ ਕਦੀ ਅਜਾਈਂ ਨਹੀਂ ਜਾਂਦਾ ਉਹ ਤਾਂ ਆਪਣੇ ਵਰਗੇ ਕਈ ਸਰੀਰ ਪੈਦਾ ਕਰ ਜਾਂਦਾ ਹੈ। ਸਿੱਖ ਕੌਮ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ, ਅਬਦੁਸ਼ ਸਮੁੱਦ, ਜ਼ਕਰੀਆ ਖ਼ਾਨ, ਯਹੀਆ ਖ਼ਾਨ ਤੇ ਮੀਰ ਮੰਨੂ ਨੇ ਸਿੱਖਾਂ ਉਤੇ ਬਥੇਰੇ ਜ਼ੁਲਮ ਕੀਤੇ ਤੇ ਜ਼ੋਰ ਲਾ ਲਿਆ ਕਿ ਸਿੱਖਾਂ ਦਾ ਖੁਰਾਖੋਜ ਮਿਟਾ ਦਿੱਤਾ ਜਾਏ, ਉਨ੍ਹਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ, ਪਰ ਕੀ ਉਹ ਸਿੱਖੀ ਦੇ ਬੂਟੇ ਨੂੰ ਖ਼ਤਮ ਕਰ ਸਕੇ ? ਜਿਸ ਬੂਟੇ ਨੂੰ ਇਕ ਨਹੀਂ ਹਜ਼ਾਰਾਂ ਤੇ ਲੱਖਾਂ ਸ਼ਹੀਦਾਂ ਦੇ ਖ਼ੂਨ ਨਾਲ ਸਿੰਜਿਆ ਗਿਆ ਹੋਵੇ, ਜਿਸ ਦੀਆਂ ਜੜ੍ਹਾਂ ਵਿਚ ਕੁਰਬਾਨੀ ਦਾ ਤੇਲ ਦਿੱਤਾ ਗਿਆ ਹੋਵੇ। ਉਸ ਕੌਮ ਨੂੰ ਕੌਣ ਖ਼ਤਮ ਕਰ ਸਕਦਾ ਸੀ ? ਕਿਸੇ ਵੀ ਕੌਮ ਲਈ ਸ਼ਹੀਦ ਤਾਂ ਇਕ ਹੀ ਮਾਣ ਨਹੀਂ ਪਰ ਜਿਥੇ ਹਜ਼ਾਰਾਂ ਤੇ ਲੱਖਾਂ ਸ਼ਹੀਦਾਂ ਨੇ ਆਪਣਾ ਖ਼ੂਨ ਡੋਲ੍ਹਿਆ ਹੋਵੇ, ਉਸ ਕੌਮ ਦੀਆਂ ਚੜ੍ਹਦੀਆਂ ਕਲਾਂ ਦਾ ਅੰਦਾਜ਼ਾ ਤੁਸੀਂ ਆਪ ਲਗਾ ਸਕਦੇ ਹੋ। ਮੰਨੂ ਨੂੰ ਮਜ਼ਾਕ ਵਿਚ ਸਿੱਖ ਆਖਦੇ ਹਨ :

ਮੰਨੂ ਅਸਾਂ ਦੀ ਦਾਤਰੀ, ਅਸੀਂ ਮੰਨੂ ਦੇ ਸੋਏ।
ਜਿਉਂ ਜਿਉਂ ਮੰਨੂ ਵੱਢਦਾ, ਅਸੀਂ ਦੂਣੇ ਚੌਣੇ ਹੋਏ।

ਬੰਦਾ ਬਹਾਦਰ ਦੀ ਮੌਤ ਕੁਝ ਸਮੇਂ ਲਈ ਅੱਗੇ ਪਾ ਦਿੱਤੀ ਗਈ ਕਿਉਂਕਿ ਮੁਗਲ

ਅਫ਼ਸਰ ਉਨ੍ਹਾਂ ਪਾਸੋਂ ਉਨ੍ਹਾਂ ਦੇ ਖ਼ਜ਼ਾਨੇ ਬਾਰੇ ਪਤਾ ਕਰਨਾ ਚਾਹੁੰਦੇ ਸਨ। ਬੰਦਾ ਸਿੰਘ ਪਾਸ ਪਿਛਲੇ ਪੰਜ ਸਾਲਾਂ ਵਿਚ ਨਜ਼ਰਾਨਿਆਂ ਅਤੇ ਲਗਾਨ ਦਾ ਕਾਫ਼ੀ ਪੈਸਾ ਇਕੱਠਾ ਹੋ ਚੁੱਕਿਆ ਸੀ ਅਤੇ ਲਾਲਚੀ ਬਾਦਸ਼ਾਹ ਤੇ ਉਸ ਦੇ ਅਫ਼ਸਰ ਇਹ ਜਾਣਨਾ ਚਾਹੁੰਦੇ ਸਨ ਕਿ ਉਸ ਨੇ ਇਹ ਸਾਰਾ ਖ਼ਜ਼ਾਨਾ ਕਿਥੇ ਲੁਕਾਇਆ ਹੋਇਆ ਹੈ। ਪਰ ਸਾਰੇ ਯਤਨਾਂ ਦੇ ਬਾਵਜੂਦ ਵੀ ਉਹ ਬੰਦਾ ਸਿੰਘ ਤੇ ਉਸ ਦੇ ਸਾਥੀਆਂ ਤੋਂ ਇਸ ਬਾਰੇ ਕੋਈ ਸੂਹ ਨਾ ਲਾ ਸਕੇ। ਅੰਤ 19 ਜੂਨ 1716 ਈਸਵੀ ਨੂੰ ਬੰਦਾ ਬਹਾਦਰ ਤੇ ਉਸ ਦੇ ਬਾਕੀ ਬਚੇ ਸਿੰਘ ਸਿਪਾਹੀਆਂ ਤੇ ਨਿਕਟਵਰਤੀਆਂ ਦੀ ਮੌਤ ਦਾ ਹੁਕਮ ਜਾਰੀ ਕੀਤਾ ਗਿਆ ਅਤੇ ਇਸ ਤੋਂ ਇਕ-ਦੋ ਦਿਨ ਪਹਿਲੇ ਕੁਝ ਅਫ਼ਸਰਾਂ ਨੂੰ ਹਰਮ ਵਿਚ ਸੁਸ਼ੀਲ ਕੌਰ ਪਾਸ ਭੇਜਿਆ ਗਿਆ ਤਾਂ ਕਿ ਕਾਕਾ ਅਜੈ ਸਿੰਘ ਤੇ ਸੁਸ਼ੀਲ ਕੌਰ ਨੂੰ ਲਾਲਚ ਅਤੇ ਬੰਦੇ ਬਹਾਦਰ ਦੀ ਮੌਤ ਦਾ ਡਰ ਦੇ ਕੇ ਮੁਸਲਮਾਨ ਬਣਾ ਕੇ ਅਤੇ ਇਸ ਦੀ ਖ਼ਬਰ ਬੰਦੇ ਨੂੰ ਦੇ ਕੇ ਹੋਰ ਦੁਖੀ ਕੀਤਾ ਜਾਵੇ। ਜਦੋਂ ਇਹ ਅਫ਼ਸਰ ਹਰਮ ਵਿਚ ਪਹੁੰਚੇ ਤਾਂ ਸੁਸ਼ੀਲ ਕੌਰ ਅਜੈ ਸਿੰਘ ਨੂੰ ਗੋਦ ਵਿਚ ਲਈ ਬੈਠੀ ਸੀ ਅਤੇ ਪਿਆਰ ਨਾਲ ਉਸ ਦੇ ਸਿਰ 'ਤੇ ਹੱਥ ਫੇਰਦੀ ਸ਼ਾਇਦ ਇਹੀ ਸੋਚ ਰਹੀ ਸੀ ਕਿ ਹੁਣ ਬਹੁਤਾ ਸਮਾਂ ਨਹੀਂ ਜਦੋਂ ਅਜੈ ਸਿੰਘ ਨੂੰ ਉਸ ਤੋਂ ਵੱਖ ਕਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਜਾਵੇਗਾ। ਬਾਦਸ਼ਾਹ ਦੇ ਬੰਦੇ ਬੀਬੀ ਸੁਸ਼ੀਲ ਕੌਰ ਪਾਸ ਗਏ ਤੇ ਕਹਿਣ ਲੱਗੇ, "ਦੇਖ ਤੇਰੇ ਇਸ ਲਾਡਲੇ ਨੂੰ ਵੀ ਉਸੇ ਬੇਦਰਦੀ ਨਾਲ ਕੋਹ ਕੇ ਮਾਰ ਦਿੱਤਾ ਜਾਵੇਗਾ ਜਿਸ ਤਰ੍ਹਾਂ ਬਾਕੀ ਦੇ 740 ਸਿੰਘ ਮਾਰੇ ਗਏ ਹਨ। ਇਸ ਦੀ ਮਾਸੂਮੀਅਤ 'ਤੇ ਵੀ ਤਰਸ ਖਾਹ ਤੇ ਆਪਣੀ ਜਵਾਨੀ 'ਤੇ ਵੀ। ਆਪ ਵੀ ਇਸਲਾਮ ਕਬੂਲ ਕਰ ਲੈ ਤੇ ਇਸ ਬੱਚੇ ਨੂੰ ਕਲਮਾ ਪੜ੍ਹਵਾ ਦੇ।" ਹਕੂਮਤ ਦੇ ਬੰਦਿਆਂ ਦਾ ਇਹ ਖ਼ਿਆਲ ਸੀ ਕਿ ਇਸ ਦੇ ਦਿਲ ਵਿਚ ਮਾਂ ਦੀ ਮਮਤਾ ਜਾਗ ਪਵੇਗੀ ਤੇ ਸੁਸ਼ੀਲ ਕੌਰ ਇਸਲਾਮ ਕਬੂਲ ਕਰ ਲਵੇਗੀ। ਇਹ ਤਾਂ ਠੀਕ ਹੈ ਕਿ ਮਾਂ ਨੂੰ ਬੱਚੇ ਬੜੇ ਪਿਆਰੇ ਹੁੰਦੇ ਹਨ ਪਰ ਜਿਸ ਸੂਰਬੀਰ ਤੇ ਅਣਖੀ ਬੀਬੀ ਨੇ ਆਪਣੇ ਅੱਖੀਂ ਵੇਖਿਆ ਸੀ ਕਿ ਉਸ ਦੇ ਹਜ਼ਾਰਾਂ ਵੀਰ ਸ਼ਹੀਦ ਹੋ ਚੁੱਕੇ ਹਨ ਤੇ ਅਖ਼ੀਰ ਅੱਠ ਦਿਨ ਖ਼ੂਨ ਦੀ ਹੋਲੀ ਖੇਡੀ ਗਈ ਸੀ ਤੇ ਸੈਂਕੜੇ ਸਿੰਘਾਂ ਦੇ ਚਾਂਦਨੀ ਚੌਕ ਵਿਚ ਸਿਰ ਧੜ ਤੋਂ ਅਲੱਗ ਕਰ ਦਿੱਤੇ ਗਏ ਸਨ। ਉਹ ਮਹਾਨ ਆਤਮਾ, ਦ੍ਰਿੜ੍ਹ ਵਿਸ਼ਵਾਸ ਵਾਲੀ ਬੀਬੀ ਨੂੰ ਧਰਮ ਤੋਂ ਕਿਵੇਂ ਗਿਰਾ ਸਕਦੇ ਸਨ। ਬੀਬੀ ਸੁਸ਼ੀਲ ਕੌਰ ਨੂੰ ਬਹੁਤ ਲਾਲਚ ਦਿੱਤੇ ਗਏ ਤੇ ਫਿਰ ਪੁੱਤਰ ਦੀ ਮੌਤ ਦਾ ਡਰਾਵਾ ਵੀ ਦਿੱਤਾ ਪਰ ਉਸ ਬਹਾਦਰ ਤੇ ਦਲੇਰ ਬੀਬੀ ਨੇ ਗਰਜਵੀਂ ਆਵਾਜ਼ ਵਿਚ ਜਵਾਬ ਦਿੱਤਾ ਕਿ ਮੈਂ ਤੁਹਾਡੇ ਕੀਤੇ ਹੋਏ ਜ਼ੁਲਮ ਬਹੁਤ ਵੇਖ ਚੁੱਕੀ ਹਾਂ ਤੇ ਤੁਸੀਂ ਵੀ ਵੇਖ ਲਿਆ ਹੋਣਾ ਹੈ ਕਿ ਸਿੱਖ ਮੌਤ ਨੂੰ ਮਜ਼ਾਕਾਂ ਕਰਦੇ ਹਨ ਅਤੇ ਹੱਸਦੇ-ਹੱਸਦੇ ਸ਼ਹੀਦ ਹੋ ਜਾਣਾ ਉਨ੍ਹਾਂ ਲਈ ਅੰਨ ਖਾਣ ਵਰਗੀ ਸੱਚਾਈ ਬਣ ਗਈ ਹੈ। ਇਸ ਲਈ ਮੈਨੂੰ ਆਪਣੇ ਪੁੱਤਰ ਦੀ ਕੋਈ ਪਰਵਾਹ ਨਹੀਂ ਹੈ ਜਦ ਕਿ ਤੁਸੀਂ ਮੇਰੇ ਸੈਂਕੜੇ ਵੀਰਾਂ ਨੂੰ ਮੌਤ ਦਾ ਜਾਮ ਪਿਆ ਚੁੱਕੇ ਹੋ ਤੇ ਹੁਣ ਮੈਨੂੰ ਆਪਣੇ ਵੀਰਾਂ ਤੋਂ ਪੁੱਤਰ ਬਹੁਤਾ ਪਿਆਰਾ ਨਹੀਂ ਹੈ ਅਤੇ ਤੁਸੀਂ ਜੋ ਕੁਝ ਕਰਨਾ ਹੈ ਕਰ ਲਵੋ। ਪਰ ਮੈਂ ਅਤੇ ਮੇਰਾ ਪੁੱਤਰ ਕਦੀ ਵੀ, ਕਿਸੇ ਵੀ ਕੀਮਤ ਉਤੇ ਆਪਣਾ ਧਰਮ ਛੱਡ ਕੇ ਮੁਸਲਮਾਨ ਨਹੀਂ ਬਣਾਂਗੇ। ਬਾਕੀ ਮਰਨ ਦਾ ਤਾਂ ਸਾਨੂੰ ਕੋਈ ਡਰ ਨਹੀਂ ਅਤੇ ਅਸੀਂ ਮਰਨ ਲਈ ਤਿਆਰ ਹਾਂ। ਮੌਤ ਨੂੰ ਕਬੂਲ ਕਰਨਾ ਹੀ ਸਿੱਖੀ ਦੀ ਪਹਿਲੀ ਤੇ ਲਾਜ਼ਮੀ ਸ਼ਰਤ ਹੈ।

ਪਹਿਲਾਂ ਮਰਣ ਕਬੂਲਿ ਜੀਵਨ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਓ ਹਮਾਰੇ ਪਾਸ ॥

ਹਕੂਮਤ ਦੇ ਬੰਦਿਆਂ ਨੂੰ ਜਦੋਂ ਇਸ ਸ਼ੇਰਨੀ ਨੇ ਇਸ ਤਰ੍ਹਾਂ ਦੇ ਜੁਆਬ ਦਿੱਤੇ ਤਾਂ ਉਹ ਸਮਝ ਗਏ ਕਿ ਇਥੇ ਉਨ੍ਹਾਂ ਦੀ ਦਾਲ ਨਹੀਂ ਗਲਣੀ ਤਾਂ ਉਹ ਗੁੱਸੇ ਨਾਲ ਨਾਲ ਲਾਲ-ਪੀਲੇ ਹੋ ਕੇ ਵਾਪਸ ਚਲੇ ਗਏ । ਉਸ ਵੇਲੇ ਦਾ ਰਿਪੋਰਟਰ ਮੁਹੰਮਦ ਸੂਫ਼ੀ ਲਿਖਦਾ ਹੈ ਕਿ ਇਥੇ ਹੀ ਬਸ ਨਹੀਂ, ਕਈ ਵਾਰ ਫ਼ਿਰ ਲਾਲਚ ਦਿੱਤਾ ਗਿਆ ਕਿ ਤੇਰੀ ਅਤੇ ਤੇਰੇ ਬੱਚੇ ਦੀ ਜਾਨ ਬਖ਼ਸ਼ ਦਿੱਤੀ ਜਾਵੇਗੀ ਅਤੇ ਤੈਨੂੰ ਸ਼ਾਹੀ ਬੇਗ਼ਮ ਬਣਾ ਦਿੱਤਾ ਜਾਵੇਗਾ । ਅਗਰ ਤੁਸੀਂ ਇਸਲਾਮ ਕਬੂਲ ਕਰ ਲਵੋ । ਇਹ ਸੁਣ ਕੇ ਬਹਾਦਰ ਬੀਬੀ ਨੇ ਬੜੇ ਠਰ੍ਹੰਮੇ ਨਾਲ ਹਕੂਮਤ ਦੇ ਬੰਦਿਆਂ ਨੂੰ ਜਵਾਬ ਦਿੱਤਾ : "ਤੁਸੀਂ ਸਾਨੂੰ ਡਰਾ-ਧਮਕਾ ਕੇ ਤੇ ਲਾਲਚ ਦੇ ਕੇ ਸਾਡਾ ਧਰਮ ਭੰਗ ਕਰਨ ਤੇ ਤੁਲੇ ਹੋਏ ਹੋ । ਮੈਂ ਵਾਹਿਗੁਰੂ ਦੇ ਭਾਣੇ ਨੂੰ ਕਬੂਲ ਕਰਾਂਗੀ ਪਰ ਆਪਣਾ ਧਰਮ ਕਦੀ ਨਹੀਂ ਛੱਡਾਂਗੀ । ਇਹ ਬੱਚਾ ਵੀ ਅਕਾਲ ਪੁਰਖ ਦੀ ਦਾਤ ਹੈ ਅਤੇ ਜੇ ਉਸ ਨੇ ਲੈਣਾ ਹੈ ਤਾਂ ਉਸ ਦੇ ਹੁਕਮ ਨੂੰ ਕੌਣ ਮੋੜ ਸਕਦਾ ਹੈ ? ਮੈਂ ਤੁਹਾਨੂੰ ਪਹਿਲਾਂ ਵੀ ਕਹਿ ਚੁੱਕੀ ਹਾਂ ਕਿ ਅਸੀਂ ਮੌਤ ਤੋਂ ਡਰਨ ਵਾਲੇ ਨਹੀਂ । ਸਿਰ ਨੂੰ ਤਲੀ 'ਤੇ ਧਰਨਾ ਤੇ ਮੌਤ ਨੂੰ ਮਜ਼ਾਕਾਂ ਕਰਨੀਆਂ ਤਾਂ ਸਿੱਖੀ ਦੀ ਪਹਿਲੀ ਸ਼ਰਤ ਹੈ । ਸਾਡੇ ਬਜ਼ੁਰਗਾਂ ਨੇ ਸਿਰ ਦੇ ਕੇ ਦਸਮ ਪਾਤਸ਼ਾਹ ਤੋਂ ਸਿੱਖੀ ਲਈ ਸੀ ਅਤੇ ਅਸੀਂ ਸਿਰ ਦੇ ਕੇ ਸਿੱਖੀ ਨਿਭਾਉਣੀ ਜਾਣਦੇ ਹਾਂ । ਅਸੀਂ ਤੁਹਾਡੇ ਕਿਸੇ ਲਾਲਚ ਜਾਂ ਡਰਾਵੇ ਵਿਚ ਆਉਣ ਵਾਲੇ ਨਹੀਂ । ਅਸੀਂ ਆਪਣੇ ਸਿਰ ਤਲੀ 'ਤੇ ਧਰੇ ਹੋਏ ਹਨ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰ ਧਰ ਗਲੀ ਮੋਰੀ ਆਉ ॥
ਇਤ ਮਾਰਗਿ ਪੈਰ ਧਰੀਜੈ, ਸਿਰ ਦੀਜੈ ਕਾਣ ਨਾ ਕੀਜੈ ॥"

ਹਕੂਮਤ ਦੇ ਬੰਦੇ ਇਹ ਜਵਾਬ ਲੈ ਕੇ ਚਲੇ ਗਏ । ਮੁਹੰਮਦ ਸੂਫ਼ੀ ਲਿਖਦਾ ਹੈ : ਕਿ ਅਗਲੇ ਦਿਨ ਫ਼ਿਰ ਇਕ ਝੂਠੀ ਕਹਾਣੀ ਘੜ ਕੇ ਹਕੂਮਤ ਦੇ ਬੰਦੇ ਬੀਬੀ ਸੁਸ਼ੀਲ ਕੌਰ ਪਾਸ ਆਏ ਤੇ ਕਹਿਣ ਲੱਗੇ ਕਿ ਤੁਹਾਡੇ ਪਤੀ ਨੇ ਸਾਨੂੰ ਤੁਹਾਡੇ ਪਾਸ ਭੇਜਿਆ ਹੈ । ਉਨ੍ਹਾਂ ਨੇ ਇਸਲਾਮ ਕਬੂਲ ਕਰ ਲਿਆ ਹੈ ਅਤੇ ਉਨ੍ਹਾਂ ਤੁਹਾਨੂੰ ਵੀ ਇਹੋ ਕਰਨ ਵਾਸਤੇ ਕਿਹਾ ਹੈ । ਇਹ ਸੁਣ ਕੇ ਸੁਸ਼ੀਲ ਕੌਰ ਸਮਝ ਗਈ ਕਿ ਇਹ ਸਭ ਝੂਠ ਬੋਲ ਰਹੇ ਹਨ । ਉਨ੍ਹਾਂ ਦਾ ਪਤੀ ਗੁਰੂ ਤੇ ਪੂਰੀ ਸ਼ਰਧਾ ਰੱਖਣ ਵਾਲਾ ਇਸ ਤਰ੍ਹਾਂ ਕਦੀ ਨਹੀਂ ਕਰ ਸਕਦਾ । ਇਸ ਨੇ ਫ਼ਿਰ ਗੁੱਸੇ ਵਿਚ ਆ ਕੇ ਕਿਹਾ : ਜਾਓ ਇਥੇ ਤੁਹਾਡਾ ਧੋਖਾ ਤੇ ਫ਼ਰੇਬ ਨਹੀਂ ਚੱਲਣਾ । ਅਗਰ ਇਹ ਗੱਲ ਹੈ ਤਾਂ ਮੈਨੂੰ ਮੇਰੇ ਪਤੀ ਪਾਸ ਲੈ ਚੱਲੋ । ਪਰ ਇਹ ਤਾਂ ਝੂਠੀ ਕਹਾਣੀ ਸੀ ਅਸਲੀਅਤ ਨਹੀਂ । ਆਖ਼ਰ ਜ਼ਾਲਮ ਸੁਸ਼ੀਲ ਕੌਰ ਪਾਸੋਂ ਅਜੈ ਸਿੰਘ ਦੀ ਮੰਗ ਕਰਨ ਲੱਗੇ । ਸੁਸ਼ੀਲ ਕੌਰ ਸਮਝ ਗਈ ਸੀ ਕਿ ਹੁਣ ਮੇਰੇ ਪੁੱਤਰ ਦਾ ਵਿਛੋੜਾ ਸਦੀਵੀ ਹੈ ਅਤੇ ਹੁਣ ਉਨ੍ਹਾਂ ਜ਼ਾਲਮਾਂ ਦੇ ਹੱਥੋਂ ਅਜੈ ਸਿੰਘ ਜ਼ਿੰਦਾ ਨਹੀਂ ਆਵੇਗਾ । ਮਾਂ ਨੇ ਅਜੈ ਸਿੰਘ ਨੂੰ ਗੋਦ ਵਿਚ ਲਿਆ ਤੇ ਪਿਆਰ ਕੀਤਾ । ਸਿਰ 'ਤੇ ਕੰਘਾ ਫੇਰਿਆ । ਮੱਥਾ ਚੁੰਮ ਕੇ ਅਸੀਸ ਦਿੱਤੀ :

ਪੂਤ ਮਾਤਾ ਕੀ ਅਸੀਸ ਨਿਮਖ ਨਾ ਬਿਸਰੇ ਤੁਮਕੋ
ਹਰ ਹਰ ਸਦਾ ਭਜੋ ਜਗਦੀਸ ।

ਆਖ਼ਰ ਜ਼ਾਲਮ ਮਾਸੂਮ ਅਜੈ ਸਿੰਘ ਨੂੰ ਸੁਸ਼ੀਲ ਕੌਰ ਦੀ ਗੋਦ ਵਿਚੋਂ ਫੜ ਕੇ ਲੈ ਗਏ । ਕਿਸੇ ਕਵੀ ਨੇ ਬਹੁਤ ਸੋਹਣਾ ਲਿਖਿਆ ਹੈ :

ਪੁੱਤਰਾਂ ਵਾਲਿਓ ਮਾਰ ਕੇ ਨਜ਼ਰ ਵੇਖੋ,
ਕਿਤਨਾ ਪੁੱਤਰਾਂ ਨਾਲ ਪਿਆਰ ਹੁੰਦਾ ।
ਪੁੱਤਰ ਹੋਣ ਤਾਂ ਘਰ ਆਬਾਦ ਹੁੰਦੇ,
ਬਾਝ ਪੁੱਤਰਾਂ ਸੁੰਨਾ ਸੰਸਾਰ ਹੁੰਦਾ ।
ਪੁੱਤਰ ਮਾਂ ਦੀ ਗੋਦ ਵਿਚ ਆ ਬੈਠੇ,
ਹਿਰਦਾ ਮਾਂ ਦਾ ਠੰਡਾ ਠਾਰ ਹੁੰਦਾ ।

ਸਪੱਸ਼ਟ ਹੈ ਕਿ ਦੁਨੀਆ ਵਿਚ ਮਾਂ-ਪੁੱਤਰ ਦਾ ਰਿਸ਼ਤਾ ਹੀ ਸਭ ਤੋਂ ਮਜ਼ਬੂਤ ਤੇ ਭਾਵੁਕ ਮੰਨਿਆ ਜਾਂਦਾ ਹੈ । ਡਾ. ਜਸਪਾਲ ਸਿੰਘ ਲਿਖਦੇ ਹਨ ਪਰ ਇਹ ਰਿਸ਼ਤਾ ਵੀ ਗੁਰਸਿੱਖ ਦੇ ਰਿਸ਼ਤੇ ਦੇ ਤੁੱਲ ਨਹੀਂ । ਗੁਰੂ ਅਤੇ ਸਿੱਖ ਦਾ ਰਿਸ਼ਤਾ ਬਹੁਤ ਡੂੰਘਾ ਹੈ । ਗੁਰੂ ਨੇ ਸਿਰ ਲੈ ਕੇ ਸਿੱਖੀ ਦਿੱਤੀ ਸੀ । ਸਿੱਖ ਨੇ ਸ਼ਹਾਦਤ ਦੀ ਕਸੌਟੀ ਤੇ ਪੂਰਾ ਉਤਰਨ ਦਾ ਬਚਨ ਦਿੱਤਾ ਸੀ ਸਿੱਖੀ ਗ੍ਰਹਿਣ ਕਰਨ ਵੇਲੇ । ਫਿਰ ਜੇ ਕੋਈ ਬਚਨ ਤੋਂ ਫਿਰੇ, ਬੇਵਫ਼ਾਈ ਕਰੇ, ਤਾਂ ਲਾਹਨਤ ਹੈ ਉਸ ਦੇ ਜੀਵਨ 'ਤੇ ! ਸਿੱਖ ਇਤਿਹਾਸ ਗਵਾਹ ਹੈ ਕਿ ਦੁਨੀਆ ਦਾ ਕੋਈ ਵੀ ਰਿਸ਼ਤਾ ਗੁਰੂ-ਸਿੱਖ ਦੇ ਤੁੱਲ ਨਹੀਂ । ਇਸ ਪਰਚੇ ਵਿਚ ਪਹਿਲਾਂ ਹੀ ਜ਼ਿਕਰ ਕੀਤਾ ਗਿਆ ਹੈ ਕਿ ਮਾਂ-ਪੁੱਤਰ ਰਿਸ਼ਤਿਆਂ ਵਿਚ ਟਕਰਾਅ ਦੀ ਸਥਿਤੀ ਪੈਦਾ ਹੋ ਜਾਵੇ ਤਾਂ ਗੁਰ-ਸਿੱਖ ਦੇ ਵਿਚ ਜਿੱਤ ਹੋਵੇਗੀ । ਪੁੱਤਰ ਨੂੰ ਇਹ ਕਹਿਣ ਵਿਚ ਗੁਰੇਜ਼ ਨਹੀਂ ਹੋਵੇਗਾ ਕਿ ਮੇਰੀ ਮਾਂ ਝੂਠ ਬੋਲਦੀ ਹੈ । ਅਸਲ ਵਿਚ ਗੁਰੂ ਲਈ ਅਤੇ ਗੁਰੂ ਦੇ ਦੱਸੇ ਰਾਹ ਲਈ ਸਿੱਖ ਆਪਣੇ ਪ੍ਰਾਣਾਂ ਦਾ ਬਲੀਦਾਨ ਦੇ ਦੇਂਦਾ ਹੈ । ਐਸਾ ਸਾਡੇ ਇਤਿਹਾਸ ਵਿਚ ਬਾਰ-ਬਾਰ ਵਾਪਰਦਾ ਰਿਹਾ ਹੈ । ਸ਼ਹਾਦਤ ਲਈ ਸਿੱਖ ਤਿਆਰ-ਬਰ-ਤਿਆਰ ਹੈ ਪਰ ਇਹ ਸ਼ਹਾਦਤ ਉਸ ਦੀ ਕੋਈ ਮਜਬੂਰੀ ਨਹੀਂ ਸਗੋਂ ਸਿੱਖ ਨੂੰ ਸ਼ਹਾਦਤ ਦਾ ਸ਼ੌਕ ਹੈ । ਬੰਦਾ ਸਿੰਘ ਦੇ ਸਾਥੀਆਂ ਅਤੇ ਪੁੱਤਰ ਅਜੈ ਸਿੰਘ ਨੇ ਜਿਸ ਦੀ ਉਮਰ ਚਾਰ ਸਾਲ ਦੀ ਸੀ, ਇਹ ਸਿੱਧ ਕਰ ਕੇ ਵਿਖਾ ਦਿੱਤਾ ਕਿ ਸਿੱਖੀ ਦੀ ਆਨ ਤੇ ਸ਼ਾਨ ਲਈ, ਆਪਣੇ ਗੁਰੂ ਦੇ ਨਾਮ ਉਤੇ ਉਹ ਖੁਸ਼ੀ ਨਾਲ ਕੁਰਬਾਨੀ ਦੇ ਸਕਦੇ ਹਨ ।

ਅਖ਼ੀਰ ਵਿਚ ਬੀਬੀ ਸੁਸ਼ੀਲ ਕੌਰ ਨੇ ਕੁਝ ਹੋਰ ਗੱਲਾਂ ਪੁੱਤਰ ਨੂੰ ਸਮਝਾਈਆਂ । ਕਵੀ ਦੇ ਸ਼ਬਦਾਂ ਵਿਚ :

ਸੁਸ਼ੀਲ ਕੌਰ : ਮਾਤਾ ਆਖਿਆ ਪੁੱਤਾ ਅਸੀਸ ਲੈ ਜਾ,
ਗੱਲ ਸੁਣੀਂ ਤੂੰ ਜਾਂਦੀ ਵਾਰ ਬੇਟਾ ।
ਡਰਨਾ ਮੌਤ ਤੋਂ ਬੇਟਾ ਕਦੇ ਨਾਹੀਂ ।
ਝੂਠਾ ਸੁਪਨਾ ਇਹ ਸੰਸਾਰ ਬੇਟਾ ।
ਜਿੰਦਾ ਸਦਾ ਜਹਾਨ ਤੇ ਰਹਿਣ ਬੇਟਾ,
ਜਿਹੜੇ ਦੇਸ਼ ਤੋਂ ਹੋਣ ਕੁਰਬਾਨ ਬੇਟਾ ।
ਜੜ੍ਹ ਜ਼ਾਲਮਾਂ ਦੀ ਜਾ ਕੇ ਪੁੱਟਣੀ ਏ,
ਦੇਣੀ ਜਿੰਦੜੀ ਆਪਣੀ ਵਾਰ ਬੇਟਾ ।

ਅੱਗੋਂ ਅਜੀਤ ਸਿੰਘ ਨੇ ਜਵਾਬ ਦਿੱਤਾ :

ਅਜੈ ਸਿੰਘ : ਅੱਗੋਂ ਤੋਤਲੀ ਜ਼ਬਾਨ ਤੋਂ ਬੋਲਿਆ ਸੀ,
ਜੋ ਤੂੰ ਕਹੇਂ ਮਾਤਾ ਸੋਈ ਕਰਾਂਗਾ ਮੈਂ ।
ਖ਼ੌਫ਼ ਮੌਤ ਦਾ ਮੈਨੂੰ ਮੂਲ ਨਾਹੀਂ,
ਹੱਸ ਹੱਸ ਕੇ ਮੌਤ ਨੂੰ ਵਰਾਂਗਾ ਮੈਂ ।
ਜ਼ਾਲਮ ਜਿਤਨੇ ਦੁਖੜੇ ਦੇਣ ਮੈਨੂੰ,
ਐਪਰ ਸਿਰ ਤੇ ਆਪਣੇ ਜਰਾਂਗਾ ਮੈਂ ।
ਜੜ੍ਹ ਜ਼ਾਲਮਾਂ ਦੀ ਜਾ ਕੇ ਪੁੱਟਣੀ ਏ,
ਚਰਨ ਗੁਰਾਂ ਦੇ ਜਾ ਕੇ ਫੜਾਂਗਾ ਮੈਂ ।

ਇਕ ਵਾਰ ਫ਼ਿਰ ਬੀਬੀ ਸੁਸ਼ੀਲ ਕੌਰ ਨੇ ਦਿਲ 'ਤੇ ਹੱਥ ਰੱਖ ਕੇ ਤੇ ਗੁਰੂ ਜੀ ਦਾ ਧਿਆਨ ਧਰ ਕੇ ਕਾਕਾ ਅਜੈ ਸਿੰਘ ਨੂੰ ਸਿੱਖ ਇਤਿਹਾਸ ਦੀ ਜਾਣਕਾਰੀ ਕਰਾਈ ਤਾਂ ਕਿ ਕਿਧਰੇ ਇਹ ਅੱਧ-ਖਿੜਿਆ ਫੁੱਲ ਡੋਲ ਨਾ ਜਾਵੇ :

ਮਾਂ ਨੇ ਆਖਿਆ ਉਨ੍ਹਾਂ ਨੂੰ ਸਵਰਗ ਮਿਲਦੈ,
ਜਿਹੜੇ ਮਾਵਾਂ ਦੀ ਸੇਵਾ ਕਮਾ ਗਏ ਨੇ ।
ਦਾਦੀ ਤੋਰਿਆ ਹੈ ਸੀ ਪੋਤਿਆਂ ਨੂੰ,
ਨਾਲ ਸਿਦਕ ਦੇ ਤੋੜ ਨਿਭਾ ਗਏ ਨੇ ।
ਭਾਵੇਂ ਨੀਂਹਾਂ ਅੰਦਰ ਗਏ ਚਿਣੇ ਬੇਟੇ,
ਹੱਸ ਹੱਸ ਸ਼ਹੀਦੀਆਂ ਪਾ ਗਏ ਨੇ ।
ਰੋਟੀ ਕਾਠ ਦੀ ਮਾਂ ਨੇ ਹੱਥ ਦਿੱਤੀ,
ਨਾਲ ਸਿਦਕ ਦੇ ਭੁੱਖ ਨਿਭਾ ਗਏ ਨੇ ।
ਮਾਤਾ ਭਾਗਭਰੀ ਨੇ ਲਲਕਾਰਿਆ ਸੀ,
ਚਾਲ੍ਹੀ ਮੁਕਤੇ ਉਹ ਸਦਾ ਗਏ ਨੇ ।
ਹੋਏ ਜੰਗ ਦੇ ਵਿਚ ਸ਼ਹੀਦ ਹੈ ਸਨ,
ਭੁੱਲ ਆਪਣੀ ਉਹ ਬਖਸ਼ਵਾ ਗਏ ਨੇ ।
ਮਾਵਾਂ ਤੋਰਿਆ ਜੰਗ ਲਈ ਪੁੱਤਰਾਂ ਨੂੰ,
ਖ਼ਾਤਰ ਦੇਸ਼ ਦੇ ਜਾਨ ਘੁਮਾ ਗਏ ਨੇ ।

ਮਾਂ ਦੇ ਇਹ ਵਚਨ ਸੁਣ ਕੇ ਅਜੈ ਸਿੰਘ ਜ਼ਾਲਮਾਂ ਦੇ ਨਾਲ ਟੂਰ ਪਿਆ ਤੇ ਉਹ ਉਸ ਨੂੰ ਬੰਦਾ ਬਹਾਦਰ ਪਾਸ ਲੈ ਗਏ । ਅਜੈ ਸਿੰਘ ਨੇ ਪਿਤਾ ਦੀ ਗੋਦ ਵਿਚ ਬੈਠ ਕੇ ਗਲਵੱਕੜੀ ਪਾ ਲਈ ਤੇ ਪਿਤਾ ਨੇ ਪੁੱਛਿਆ, "ਪੁੱਤਰ ਅਜੈ ਸਿੰਘ ਤੇਰਾ ਕੀ ਹਾਲ ਹੈ ?" ਪੁੱਤਰ ਨੇ ਅੱਗੋਂ ਜਵਾਬ ਦਿੱਤਾ, "ਪਿਤਾ ਜੀ, ਮਾਂ ਜੀ ਆਖਦੇ ਸਨ ਕਿ ਤੂੰ ਹੁਣ ਕੌਮ ਦੀ ਖ਼ਾਤਰ ਜਾਨ ਦੇਣੀ ਹੈ ।" ਇਹ ਸੁਣ ਕੇ ਪਿਤਾ ਨੂੰ ਬਹੁਤ ਖੁਸ਼ੀ ਹੋਈ ਤੇ ਪਿਤਾ ਨੇ ਪੁੱਤਰ ਦੇ ਸਿਰ 'ਤੇ ਪਿਆਰ ਦਿੱਤਾ । ਉੱਧਰ ਸਿਪਾਹੀ ਵੀ ਕਾਹਲੇ ਸਨ । ਬੰਦੇ ਨੂੰ ਕੋਤਵਾਲੀ ਵਿਚੋਂ ਕੱਢ ਕੇ ਹਾਥੀ ਉਤੇ ਬਿਠਾ ਦਿੱਤਾ ਗਿਆ । ਇਕ ਵਾਰ ਬੰਦੇ ਦੀ ਠਿੱਠ ਕਰਨ ਵਾਸਤੇ ਫ਼ਿਰ ਬੰਦੇ ਤੇ ਉਸ ਦੇ ਸਾਥੀਆਂ ਨੂੰ ਲਾਲ ਕੱਪੜੇ ਤੇ ਟੋਪੀਆਂ ਪਹਿਨਾ ਕੇ ਦਿੱਲੀ ਦੇ ਬਜ਼ਾਰਾਂ ਵਿਚ

ਘੁਮਾਇਆ ਗਿਆ । ਅੱਗੇ-ਅੱਗੇ ਬੰਦਾ ਬਹਾਦਰ ਹਾਥੀ 'ਤੇ ਸਵਾਰ ਜਾ ਰਿਹਾ ਸੀ, ਕਾਕਾ ਅਜੈ ਸਿੰਘ ਉਨ੍ਹਾਂ ਦੀ ਗੋਦ ਵਿਚ ਸੀ । ਬਾਕੀ ਸਿੰਘ ਸਰਦਾਰ ਬਾਜ ਸਿੰਘ, ਰਾਮ ਸਿੰਘ, ਭਾਈ ਫਤਹਿ ਸਿੰਘ ਅਤੇ ਗੁਲਾਬ ਸਿੰਘ ਬਖਸ਼ੀ (ਕੁਲ ਮਿਲਾ ਕੇ 26 ਸਿੰਘ ਸਨ) ਆਦਿ ਬੇੜੀਆਂ ਤੇ ਜੰਜ਼ੀਰਾਂ ਵਿਚ ਜਕੜੇ ਹੋਏ ਮਗਰ-ਮਗਰ ਜਾ ਰਹੇ ਸਨ । ਲੋਕੀਂ ਕੋਠਿਆਂ 'ਤੇ ਚੜ੍ਹ ਕੇ ਤਮਾਸ਼ਾ ਵੇਖ ਰਹੇ ਸਨ ਤੇ ਕਈ ਇਹ ਵੀ ਕਹਿ ਰਹੇ ਸਨ ਕਿ ਇਹ ਜ਼ਾਲਮਾਂ ਦਾ ਨਾਸ਼ ਕਰਨ ਵਾਲਾ, ਧਰਮ ਰੱਖਿਅਕ, ਬਹਾਦਰ ਸਿੰਘ ਜ਼ਾਲਮਾਂ ਦੇ ਹੱਥ ਆ ਕਿਵੇਂ ਗਿਆ ? ਕੁਝ ਤਮਾਸ਼ਬੀਨ ਇਹ ਵੀ ਕਹਿ ਰਹੇ ਸਨ ਕਿ ਜਿਸ ਤੋਂ ਜ਼ਾਲਮ ਥਰ-ਥਰ ਕੰਬਦੇ ਸਨ, ਉਹ ਜ਼ਾਲਮਾਂ ਦੇ ਹੱਥ ਕਿਵੇਂ ਆ ਗਿਆ । ਪਰ ਉਹ ਤਾਂ ਉਸ ਮਾਲਕ ਦੀ ਰਜ਼ਾ ਮੰਨ ਕੇ ਸੂਰੇ ਧਰਮ ਲਈ ਆਪ ਵੀ ਸ਼ਹਾਦਤ ਦੇਣ ਜਾ ਰਹੇ ਸਨ । ਸ਼ਹਿਰ ਦੇ ਬਜ਼ਾਰਾਂ ਵਿਚੋਂ ਹੁੰਦਾ ਹੋਇਆ, ਇਹ ਜਲੂਸ ਖਵਾਜਾ ਕੁਤਬਦੀਨ ਬਖਤਿਆਰ ਕਾਕੀ ਦੀ ਦਰਗਾਹ ਕੋਲ (ਮਹਿਰੌਲੀ) ਪੁੱਜਾ । ਬੰਦਾ ਸਿੰਘ ਨੂੰ ਹਾਥੀ ਤੋਂ ਉਤਾਰ ਕੇ ਜ਼ਮੀਨ 'ਤੇ ਬਿਠਾ ਦਿੱਤਾ ਗਿਆ । ਸਰਬਰਾਹ ਖ਼ਾਂ ਕੋਤਵਾਲ ਨੇ ਉਹੀ ਹੁਕਮ—ਜੇ ਇਸਲਾਮ ਪ੍ਰਵਾਨ ਕਰ ਲਵੋ, ਤਾਂ ਜਾਨ ਬਖ਼ਸ਼ੀ ਜਾਵੇਗੀ—ਸਾਰਿਆਂ ਸਿੰਘਾਂ ਨੂੰ ਸੁਣਾਇਆ ਪਰ ਜਿਸ ਹੁਕਮ ਨੂੰ ਅੱਗੇ ਐਨੇ ਸਿੱਖਾਂ ਨੇ ਨਹੀਂ ਸੀ ਮੰਨਿਆ ਤਾਂ ਹੁਣ ਇਨ੍ਹਾਂ ਵਿਚੋਂ ਕੌਣ ਮੰਨਣ ਵਾਲਾ ਸੀ ? ਸੋਹਣ ਸਿੰਘ ਸੀਤਲ ਦੇ ਅਨੁਸਾਰ ਹਰ ਇਕ ਸਿੰਘ ਨੂੰ ਬੜੇ ਤਸੀਹੇ ਦੇ ਕੇ ਕਤਲ ਕੀਤਾ ਗਿਆ । ਉਨ੍ਹਾਂ ਦੇ ਸਿਰ ਨੇਜ਼ਿਆਂ 'ਤੇ ਟੰਗ ਕੇ ਬੰਦਾ ਸਿੰਘ ਦੇ ਦੁਆਲੇ ਖੜ੍ਹੇ ਕੀਤੇ ਗਏ ਪਰ ਬੰਦਾ ਸਿੰਘ ਚੌਂਕੜੀ ਮਾਰ ਕੇ ਸ਼ਾਂਤ-ਚਿੱਤ ਅਡੋਲ ਬੈਠੇ ਹੋਏ ਸਨ । ਉਨ੍ਹਾਂ ਦੇ ਆਸ-ਪਾਸ ਹਜ਼ਾਰਾਂ ਵੇਖਣ ਵਾਲਿਆਂ ਦੀ ਭੀੜ ਸੀ ।

ਅਜੈ ਸਿੰਘ ਇਸ ਵਕਤ ਕੋਈ ਚਾਰ ਕੁ ਸਾਲਾਂ ਦਾ ਸੀ । ਵੇਖਣ ਵਿਚ ਉਹ ਬਹੁਤ ਹੀ ਭੋਲਾ ਤੇ ਖ਼ੂਬਸੂਰਤ ਸੀ । ਇਕ ਵਾਰ ਫਿਰ ਬੰਦਾ ਬਹਾਦਰ ਨੂੰ ਉਹੀ ਹੁਕਮ 'ਮੌਤ ਜਾਂ ਇਸਲਾਮ' ਸੁਣਾਇਆ ਗਿਆ । ਜਦ ਬੰਦਾ ਸਿੰਘ ਨੇ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਅਜੈ ਸਿੰਘ ਨੂੰ ਬਾਂਹ ਤੋਂ ਫੜ ਕੇ ਉਸ ਦੇ ਪੱਟਾਂ 'ਤੇ ਲਿਟਾ ਦਿੱਤਾ ਗਿਆ ਤੇ ਛੁਰੀ ਸਾਹਮਣੇ ਰੱਖ ਕੇ ਬੰਦਾ ਸਿੰਘ ਨੂੰ ਕਿਹਾ ਗਿਆ ਕਿ ਉਹ ਆਪਣੇ ਹੱਥੀਂ ਬੱਚੇ ਨੂੰ ਕਤਲ ਕਰੇ । ਪਰ ਕੀ ਕੋਈ ਪਿਤਾ ਵੀ ਆਪਣੇ ਪੁੱਤਰ ਨੂੰ ਆਪਣੇ ਹੱਥੀਂ ਮਾਰ ਸਕਦਾ ਹੈ ? ਬੰਦਾ ਸਿੰਘ ਨੇ ਇਸ ਕੰਮ ਤੋਂ ਇਨਕਾਰ ਕਰ ਦਿੱਤਾ । ਫ਼ਿਰ ਜੱਲਾਦਾਂ ਨੇ ਮਾਸੂਮ ਬੱਚੇ ਨੂੰ ਪਿਤਾ ਦੀ ਗੋਦੀ ਵਿਚ ਹੀ ਛੁਰੀ ਨਾਲ ਕੋਹ ਸੁੱਟਿਆ । ਉਸ ਦੇ ਕੋਮਲ ਸਰੀਰ ਦੇ ਛੋਟੇ-ਛੋਟੇ ਟੁਕੜੇ ਕਰ ਕੇ ਪਿਤਾ ਦੇ ਮੂੰਹ ਉਤੇ ਮਾਰੇ ਗਏ । ਬੱਚੇ ਦਾ ਕਲੇਜਾ ਕੱਢ ਕੇ ਬੰਦਾ ਸਿੰਘ ਦੇ ਮੂੰਹ ਵਿਚ ਤੁੰਨਿਆ ਗਿਆ, ਪਰ ਧੰਨ ਉਸ ਸੰਤ-ਸਿਪਾਹੀ ਦੇ, ਜੋ ਪੱਥਰ ਦੀ ਮੂਰਤੀ ਵਾਂਗ ਅਡੋਲ, ਸ਼ਾਂਤ-ਚਿੱਤ ਬੈਠਾ ਰਿਹਾ । ਉਸ ਦੇ ਮੂੰਹੋਂ ਅਫ਼ਸੋਸ ਦਾ ਇਕ ਸ਼ਬਦ ਵੀ ਨਾ ਨਿਕਲਿਆ ।

ਇਸ ਤੋਂ ਬਾਅਦ ਬੰਦਾ ਸਿੰਘ ਦੀ ਆਪਣੀ ਵਾਰੀ ਆਈ । ਤੇਜ਼ ਛੁਰੀ ਨਾਲ ਜੱਲਾਦ ਨੇ ਪਹਿਲਾਂ ਉਸ ਦੀ ਸੱਜੀ ਅੱਖ ਕੱਢੀ । ਫ਼ਿਰ ਖੱਬੀ ਅੱਖ ਵੀ ਪਹਿਲਾਂ ਵਾਂਗ ਕੱਢੀ ਗਈ । ਉਸ ਦਾ ਖੱਬਾ ਪੈਰ ਵੱਢ ਦਿੱਤਾ ਗਿਆ । ਉਹ ਅਜੇ ਵੀ ਉਸੇ ਤਰ੍ਹਾਂ ਅਡੋਲ ਬੈਠਾ ਸੀ । ਜੱਲਾਦ ਨੇ ਫ਼ਿਰ ਦੋਵੇਂ ਹੱਥ ਵੱਢ ਦਿੱਤੇ । ਉਹਦੇ ਚਿਹਰੇ 'ਤੇ ਅਜੇ ਵੀ ਪਹਿਲਾਂ ਵਰਗਾ

ਹੀ ਤੇਜ ਸੀ । ਫਿਰ ਲੋਹੇ ਦੀਆਂ ਜਮੂਰਾਂ ਗਰਮ ਕਰ ਕੇ ਉਸ ਦੇ ਸਰੀਰ ਦੇ ਮਾਸ ਦੀਆਂ ਬੋਟੀਆਂ ਤੋੜੀਆਂ ਗਈਆਂ ਪਰ ਉਹ ਸੂਰਮਾ ਤਾਂ ਅਜੇ ਵੀ ਇਸ ਦੁੱਖ ਨੂੰ ਸ਼ਾਂਤੀ ਤੇ ਹੌਸਲੇ ਨਾਲ ਸਹਾਰ ਰਿਹਾ ਸੀ ਤੇ ਕਹਿ ਰਿਹਾ ਸੀ : 'ਹੁਕਮੈ ਅੰਦਰ ਸਭਿ ਕੋ ਬਾਹਰ ਹੁਕਮਿ ਨ ਕੋਇ' ਅੰਤ ਵਿਚ ਇਸ ਸੰਤ ਦੇ ਪਵਿੱਤਰ ਸਰੀਰ ਦੇ ਤਲਵਾਰ ਨਾਲ ਹਜ਼ਾਰਾਂ ਟੁਕੜੇ ਕਰ ਦਿੱਤੇ ਗਏ । ਉਹ ਬਲੀ ਯੋਧਾ ਸੱਤ ਕਰ ਕੇ ਵਾਹਿਗੁਰੂ ਦਾ ਭਾਣਾ ਮੰਨ ਗਿਆ ਤੇ ਕੇਸਾਂ-ਸੁਆਸਾਂ ਨਾਲ ਸਿੱਖੀ ਨਿਭਾਉਂਦਾ ਹੋਇਆ ਸ਼ਹੀਦੀ ਪਾ ਗਿਆ । 'ਸੈਰੁਲ ਮੁਤਖ਼ਾਰੀਨ' ਦਾ ਲਿਖਾਰੀ ਲਿਖਦਾ ਹੈ ਕਿ ਬੰਦੇ ਨੇ ਇਹ ਤਸੀਹੇ ਬੜੇ ਜਿਗਰੇ ਨਾਲ ਸਹੇ । ਡਾ. ਗੰਡਾ ਸਿੰਘ ਦੇ ਅਨੁਸਾਰ ਬੰਦਾ ਸਿੰਘ ਦੇ ਬਾਕੀ ਬਚੇ ਸਾਥੀਆਂ ਨੂੰ ਦੂਜੇ ਦਿਨ ਕਤਲ ਕੀਤਾ ਗਿਆ ।

ਬੰਦਾ ਬਹਾਦਰ ਅਤੇ ਉਨ੍ਹਾਂ ਦੇ ਸਾਥੀਆਂ ਦਾ ਇਹ ਸਾਰਾ ਹਾਲ ਸੁਸ਼ੀਲ ਕੌਰ ਨੂੰ ਦੱਸਿਆ ਗਿਆ ਤਾਂ ਕਿ ਉਹ ਡਰ ਜਾਵੇ ਤੇ ਇਸਲਾਮ ਕਬੂਲ ਕਰ ਲਵੇ । ਪਰ ਅਣਖੀ ਤੇ ਬਹਾਦਰ ਬੀਬੀ ਨੇ ਉਸ ਅਕਾਲ ਪੁਰਖ ਅੱਗੇ ਸ਼ੁਕਰਾਨੇ ਦੀ ਅਰਦਾਸ ਕੀਤੀ ਕਿ ਉਸ ਦਾ ਪੁੱਤਰ, ਪਤੀ ਤੇ ਬਾਕੀ ਸਿੰਘ, ਕੇਸਾਂ-ਸੁਆਸਾਂ ਨਾਲ ਨਿਭਾ ਗਏ ਅਤੇ ਨਾਲ ਹੀ ਕਬੀਰ ਦੀ ਬਾਣੀ ਦਾ ਇਹ ਸ਼ਬਦ ਪੜ੍ਹਿਆ :

ਕਬੀਰ ਮੇਰਾ ਮੁਝ ਮੇਂ ਕੁਛ ਨਹੀਂ ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕੋ ਸੌਂਪਤੇ ਕਿਆ ਲਾਗੇ ਮੇਰਾ ॥

ਸੁਸ਼ੀਲ ਕੌਰ ਰੱਜ ਕੇ ਖ਼ੂਬਸੂਰਤ ਸੀ ਤੇ ਬਾਦਸ਼ਾਹ ਦੀ ਉਸ ਉੱਪਰ ਨਜ਼ਰ ਸੀ, ਇਸੇ ਲਈ ਉਸ ਨੂੰ ਹਰਮ ਵਿਚ ਰੱਖਿਆ ਗਿਆ ਸੀ, ਤਾਂ ਕਿ ਉਹ ਹਰਮ ਦੇ ਐਸ਼ੋ-ਆਰਾਮ ਨੂੰ ਵੇਖ ਕੇ ਲਾਲਚ ਵਿਚ ਆ ਜਾਵੇ । ਉਸ ਉਤੇ ਬਹੁਤ ਜ਼ੋਰ ਪਾਇਆ ਗਿਆ ਕਿ ਉਹ ਇਸਲਾਮ ਕਬੂਲ ਕਰ ਲਵੇ ਤਾਂ ਉਸ ਦੀ ਜਾਨ ਬਖ਼ਸ਼ੀ ਜਾਵੇਗੀ । ਭਲਾ ਉਹ ਬਹਾਦਰ ਬੀਬੀ ਜਿਸ ਨੇ ਆਪਣੇ ਬੱਚੇ ਨੂੰ ਕੁਰਬਾਨ ਕਰ ਦਿੱਤਾ, ਆਪਣੇ ਪਤੀ ਨੂੰ ਸਿੱਖੀ ਤੋਂ ਕੁਰਬਾਨ ਹੁੰਦਾ ਵੇਖਿਆ, ਸੈਂਕੜੇ ਸਿੰਘ ਗੁਰੂ ਦੇ ਨਾਮ 'ਤੇ ਸ਼ਹੀਦ ਹੋ ਗਏ ਪਰ ਇਸਲਾਮ ਕਬੂਲ ਨਹੀਂ ਕੀਤਾ ਤਾਂ ਸੋਚੋ ਇਹ ਰਾਜਪੂਤ ਬੀਬੀ, ਧਰਮੀ ਅਣਖੀ, ਸੂਰਬੀਰ, ਬਹਾਦਰ ਦੀ ਧਰਮਪਤਨੀ ਕਿਵੇਂ ਇਸਲਾਮ ਕਬੂਲ ਕਰ ਸਕਦੀ ਸੀ ? 'ਲਾਲ ਕਿਲ੍ਹੇ ਦੀ ਕੈਦਣ' ਨਾਮੀ ਪੁਸਤਕ ਵਿਚ ਲਿਖਾਰੀ ਲਿਖਦਾ ਹੈ ਕਿ ਜਦੋਂ ਇਸ ਬੀਬੀ ਨੇ ਵੇਖਿਆ ਕਿ ਬਾਦਸ਼ਾਹ ਦੇ ਅਫ਼ਸਰਾਂ ਦਾ ਦਿਲ ਬੇਈਮਾਨ ਹੈ ਅਤੇ ਉਸ ਦੀ ਇੱਜ਼ਤ ਖ਼ਤਰੇ ਵਿਚ ਹੈ ਤਾਂ ਇਸ ਸ਼ੇਰਨੀ ਨੇ ਬੀਬੀ ਅਨੂਪ ਕੌਰ ਦੀ ਤਰ੍ਹਾਂ ਆਪਣੇ ਸੀਨੇ ਵਿਚ ਖੰਜਰ ਮਾਰ ਕੇ ਸ਼ਹੀਦੀ ਪ੍ਰਾਪਤ ਕਰ ਲਈ । ਜਿਥੇ ਬਾਬਾ ਬੰਦਾ ਬਹਾਦਰ ਤੇ ਉਸ ਦੇ ਸਾਥੀ ਸਿੰਘਾਂ ਦੀ ਸ਼ਹਾਦਤ ਨੂੰ ਸਿੱਖ ਯਾਦ ਕਰਨਗੇ, ਉਥੇ ਬੀਬੀ ਸੁਸ਼ੀਲ ਕੌਰ ਦੀ ਕੁਰਬਾਨੀ ਵੀ ਭੁਲਾਈ ਨਹੀਂ ਜਾ ਸਕੇਗੀ । ਅਨੁਮਾਨ ਹੈ ਕਿ ਇਹ ਘਟਨਾ 20 ਜੂਨ 1716 ਈਸਵੀ ਦੀ ਹੈ । ਅੰਖੀਰ ਵਿਚ ਦੁੱਖ ਵਿਚ ਸੁਖ ਮਨਾਉਣ ਵਾਲੀ ਬੀਬੀ, ਕਾਕਾ ਅਜੈ ਸਿੰਘ ਨੂੰ ਕੁਰਬਾਨੀ ਦਾ ਸਬਕ ਪੜ੍ਹਾਉਣ ਵਾਲੀ ਅਤੇ ਬਾਬਾ ਬੰਦਾ ਬਹਾਦਰ ਦੀ ਪ੍ਰੇਰਨਾ-ਸ੍ਰੋਤ ਬੀਬੀ ਸੁਸ਼ੀਲ ਕੌਰ ਨੂੰ ਸਾਡਾ ਸ਼ਤ-ਸ਼ਤ ਪ੍ਰਣਾਮ !

ਪੁਸਤਕ ਸੂਚੀ

1. ਸੋਹਣ ਸਿੰਘ ਸੀਤਲ—ਬੰਦਾ ਸਿੰਘ ਸ਼ਹੀਦ
2. ਕਿਰਪਾਲ ਸਿੰਘ ਨਾਰੰਗ ਅਤੇ ਹਰੀ ਰਾਮ ਗੁਪਤਾ—ਪੰਜਾਬ ਦਾ ਇਤਿਹਾਸ
3. ਗਿਆਨੀ ਜਸਵੰਤ ਸਿੰਘ ਬੰਦਈ ਰਤਨ—ਅਮਰ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ
4. ਪ੍ਰੋ. ਸਤਿਬੀਰ ਸਿੰਘ—ਸਾਡਾ ਇਤਿਹਾਸ, ਭਾਗ ਪਹਿਲਾ ਅਤੇ ਦੂਜਾ
5. ਬੀ. ਆਰ. ਗਰੇਵਰ (ਸੰਪਾਦਕ)—ਸਰਦਾਰ ਜੱਸਾ ਸਿੰਘ ਆਹਲੂਵਾਲੀਆ
6. ਡਾ. ਮਹਿੰਦਰ ਕੌਰ ਗਿੱਲ (ਸੰਪਾਦਿਕਾ)—ਸ਼ਹੀਦੀ ਪਰੰਪਰਾ ਅਤੇ ਸਿੱਖ ਇਤਿਹਾਸ
7. ਡਾ. ਮਹਿੰਦਰ ਕੌਰ ਗਿੱਲ (ਸੰਪਾਦਿਕਾ)—ਗੁਰੂ ਮਹਿਲ ਅਤੇ ਹੋਰ ਬੀਬੀਆਂ
8. ਡਾ ਮਹਿੰਦਰ ਕੌਰ ਗਿੱਲ (ਸੰਪਾਦਿਕਾ)—ਪਰਿਵਾਰ ਤੇ ਨਿਕਟਵਰਤੀ (ਮਾਤਾ ਸੁੰਦਰੀ ਜੀ)
9. ਕਰਮ ਸਿੰਘ ਹਿਸਟੋਰੀਅਨ—ਬੰਦਾ ਕੌਣ ਸੀ
10. ਸੰਤ ਸਿੰਘ ਸੇਖੋਂ—ਬੰਦਾ ਬਹਾਦਰ
11. ਭਾਂਈ ਵੀਰ ਸਿੰਘ—ਸ੍ਰੀ ਕਲਗੀਧਰ ਚਮਤਕਾਰ, ਉਤਰਾਰਧ
12. ਭਾਈ ਕਾਹਨ ਸਿੰਘ ਨਾਭਾ—ਮਹਾਨ ਕੋਸ਼
13. ਗਿਆਨੀ ਗਿਆਨ ਸਿੰਘ—ਪੰਥ ਪ੍ਰਕਾਸ਼
14. ਗਿਆਨੀ ਗਿਆਨ ਸਿੰਘ—ਤਵਾਰੀਖ ਗੁਰੂ ਖਾਲਸਾ
15. ਭਾਈ ਸਾਹਿਬ ਭਾਈ ਸੰਤੋਖ ਸਿੰਘ—ਗੁਰਪ੍ਰਤਾਪ ਸੂਰਜ ਪ੍ਰਕਾਸ਼
16. ਰਤਨ ਸਿੰਘ ਭੰਗੂ—ਪ੍ਰਾਚੀਨ ਪੰਥ ਪ੍ਰਕਾਸ਼
17. ਕਰਮ ਸਿੰਘ—ਬੰਦਾ ਬਹਾਦਰ।

ਬੀਬੀ ਦੀਪ ਕੌਰ : ਇਕ ਅਸਾਧਾਰਨ ਇਸਤਰੀ

ਇਤਿਹਾਸ ਕੌਮਾਂ ਦੀ ਜਿੰਦ-ਜਾਨ ਹੁੰਦਾ ਹੈ। ਜਿਹੜੀਆਂ ਕੌਮਾਂ, ਸਮਾਜ ਤੇ ਭਾਈਚਾਰਾ ਆਪਣੇ ਬਜ਼ੁਰਗਾਂ ਦੇ ਇਤਿਹਾਸ ਕਾਰਨਾਮੇ ਤੇ ਮਹਾਨ ਪ੍ਰਾਪਤੀਆਂ ਨੂੰ ਯਾਦ ਨਹੀਂ ਰੱਖਦੇ ਉਹ ਆਪਣੇ ਵਿਕਾਸ ਦੇ ਸੋਮਿਆਂ ਨੂੰ ਬੰਦ ਕਰ ਰਹੇ ਹਨ। ਜਿਹੜੀਆਂ ਕੌਮਾਂ ਆਪਣੇ ਸੁਨਹਿਰੀ ਵਿਰਸੇ ਤੇ ਸੁਚੇਤ ਰੂਪ ਵਿਚ ਲਾਭ ਉਠਾਉਣਾ ਚਾਹੁੰਦੀਆਂ ਹਨ, ਉਹ ਬਾਰ-ਬਾਰ ਪਿਉ-ਦਾਦੇ ਦੇ ਕਾਰਨਾਮਿਆਂ ਨੂੰ ਆਪ ਵੀ ਯਾਦ ਕਰਦੀਆਂ ਹਨ ਤੇ ਆਪਣੀਆਂ ਅਗਲੀਆਂ ਪੀੜ੍ਹੀਆਂ ਦੇ ਯੁਵਕਾਂ ਤੇ ਬੱਚਿਆਂ ਨੂੰ ਆਪਣੇ ਕੌਮੀ ਇਤਿਹਾਸ ਦੀਆਂ ਘਟਨਾਵਾਂ ਤੇ ਮਹਾਨ ਵਿਅਕਤੀਆਂ ਦੇ ਜੀਵਨ ਤੋਂ ਜਾਣੂ ਕਰਵਾਉਂਦੀਆਂ ਹਨ। ਚੇਤੰਨ ਤੇ ਸਿਆਣੇ ਲੋਕ ਆਪਣੇ ਘਰਾਂ ਵਿਚ ਅਜਿਹੀਆਂ ਪੁਸਤਕਾਂ ਤੇ ਕਿਤਾਬਚੇ ਰੱਖਦੇ ਹਨ ਤਾਂ ਕਿ ਸਮਾਂ ਮਿਲਣ 'ਤੇ ਪਰਿਵਾਰ ਦੇ ਸਾਰੇ ਜੀਅ ਉਨ੍ਹਾਂ ਤੋਂ ਲਾਭ ਉਠਾਉਣ। ਗੁਰਬਾਣੀ ਵਿਚ ਵੀ ਇਸ ਬਾਰੇ ਗੁਰੂ ਸਾਹਿਬ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਫੁਰਮਾਇਆ ਹੈ : 'ਪਿਉ ਦਾਦੇ ਦਾ ਖੋਲ ਡਿੱਠਾ ਖਜ਼ਾਨਾ, ਤਾਂ ਮੇਰੇ ਮਨ ਪਿਆ ਨਿਧਾਨਾਂ'। ਆਪਣੇ ਬਜ਼ੁਰਗਾਂ ਦੇ ਗੌਰਵਮਈ ਇਤਿਹਾਸ ਨੂੰ ਪੜ੍ਹਨ-ਸੁਣਨ ਤੇ ਜਾਣਨ ਨਾਲ ਸੱਚਮੁੱਚ ਮਨੁੱਖ ਨੂੰ ਸੰਤੁਸ਼ਟਤਾ, ਖੁਸ਼ੀ ਤੇ ਚੜ੍ਹਦੀ ਕਲਾ ਤੇ ਜੀਵਨ ਘੋਲ ਵਿਚ ਜੂਝਣ ਲਈ ਪ੍ਰੇਰਨਾ ਮਿਲਦੀ ਹੈ।

ਹਰ ਕੌਮ ਦੇ ਇਤਿਹਾਸ ਵਿਚ ਉਤਾਰ-ਚੜ੍ਹਾਅ ਆਉਂਦੇ ਹਨ। ਜੀਵਨ ਸੰਘਰਸ਼ ਵਿਚ ਜਿੱਤਾਂ ਤੇ ਹਾਰਾਂ ਦੋਵੇਂ ਵਾਪਰਦੀਆਂ ਹਨ। ਇਹ ਸੰਸਾਰ ਇਕ ਵਿਸ਼ਾਲ ਸਾਗਰ ਹੈ, ਜਿਸ ਵਿਚ ਸਾਡਾ ਜੀਵਨ ਰੂਪੀ ਜਹਾਜ਼ ਪਾਣੀ ਦੀਆਂ ਲਹਿਰਾਂ 'ਤੇ ਤਰਦਾ ਜਾ ਰਿਹਾ ਹੈ। ਕਈ ਵਾਰ ਇਹ ਜੀਵਨ ਰੂਪੀ ਜਹਾਜ਼ ਘੁੰਮਣ-ਘੇਰ ਵਿਚ ਅਦ੍ਰਿਸ਼ ਤੇ ਲੁਕਵੀਆਂ ਚੱਟਾਨਾਂ ਨਾਲ ਜਾ ਟਕਰਾਉਂਦਾ ਹੈ, ਫਿਰ ਸੰਕਟ ਦੀ ਘੜੀ ਆ ਜਾਂਦੀ ਹੈ। ਅਜਿਹੇ ਵੇਲੇ ਸਾਡੇ ਜਹਾਜ਼ ਦੇ ਮੱਲਾਹ ਅਥਵਾ ਕੌਮੀ ਨੇਤਾ ਆਪਣੀ ਸੂਝ-ਬੂਝ ਤੇ ਦੂਰ-ਦ੍ਰਿਸ਼ਟੀ ਨਾਲ ਸਾਡੇ ਜੀਵਨ ਦੇ ਬੇੜੇ ਨੂੰ ਸੰਕਟ ਵਿਚੋਂ ਕੱਢ ਲੈਂਦੇ ਹਨ। ਘਬਰਾਏ ਤੇ ਦਿਲ ਛੱਡ ਰਹੇ ਮੁਸਾਫ਼ਰਾਂ ਨੂੰ ਇਤਿਹਾਸ ਸੁਣਾ ਕੇ ਮੁੜ ਦਿਲ ਰੱਖਣ ਤੇ ਸਥਿਤੀ ਦਾ ਟਾਕਰਾ ਕਰਨ ਲਈ ਤਿਆਰ ਕਰ ਲੈਂਦੇ ਹਨ।

ਅੱਜ ਯੁਗ ਦੀ ਸੋਚ ਤੇ ਜੀਵਨ-ਦ੍ਰਿਸ਼ਟੀ ਬਦਲ ਗਈ ਹੈ। ਅਸੀਂ ਅਧਿਆਪਕ ਕਦਰਾਂ-ਕੀਮਤਾਂ ਤੋਂ ਦੂਰ ਹੁੰਦੇ ਜਾ ਰਹੇ ਹਾਂ। ਸਾਡੀ ਸੋਚ ਦੂਰ ਦੀ ਨਹੀਂ ਰਹੀ ਇਸੇ ਲਈ ਹਰ ਗੱਲ ਵਿਚ ਪਹਿਲਾਂ ਸਵਾਲ ਕਰਦੇ ਹਾਂ ਕਿ ਇਸ ਵਿਚ ਸਾਨੂੰ ਕੀ ਲਾਭ ? 'ਇਹ ਜੀਵਨ ਮਿੱਠਾ ਤੇ ਅਗਲਾ ਕਿਹਨੇ ਡਿੱਠਾ' ਸਾਡੀ ਸੋਚਣੀ ਦਾ ਕੇਂਦਰ ਬਣ ਗਿਆ ਹੈ। ਇਸੇ ਰੁਚੀ ਕਾਰਣ ਅਸੀਂ ਆਪਣੇ ਇਤਿਹਾਸਕ ਵਿਰਸੇ ਨੂੰ ਵੀ ਭੁਲਾਈ ਬੈਠੇ ਹਾਂ। ਇਹ ਸੋਚ ਉਸਾਰੂ ਨਹੀਂ, ਇਹ ਵਿਕਾਸ ਦੀ ਥਾਂ ਵਿਨਾਸ਼ ਦੇ ਰਾਹੇ ਪਾਉਣ ਵਾਲੀ ਰੁਚੀ ਹੈ। ਜਿਸ ਤੋਂ ਬੁੱਧੀਜੀਵੀ ਤੇ ਦੂਰ-ਦ੍ਰਿਸ਼ਟੀ ਵਾਲੇ ਵੀ ਫ਼ਿਕਰਮੰਦ ਹਨ। ਕੌਮ, ਦੇਸ਼ ਤੇ ਸਮਾਜ ਦੇ ਭਾਈਚਾਰੇ ਨੂੰ ਇਸ ਸਮੱਸਿਆ ਦਾ ਗੰਭੀਰਤਾ ਨਾਲ ਘੋਖ ਕਰ ਕੇ ਇਸ ਬਿਮਾਰੀ ਦਾ ਠੀਕ ਇਲਾਜ ਕਰਨਾ ਚਾਹੀਦਾ ਹੈ। ਇਹ ਸਾਡੀ ਬਦਕਿਸਮਤੀ ਹੈ ਕਿ ਅਸੀਂ ਆਪਣੇ ਇਤਿਹਾਸ ਦੀ ਜਿਥੇ ਸੰਭਾਲ ਵਲੋਂ ਅਣਗਹਿਲੀ ਕੀਤੀ ਹੈ, ਉਥੇ ਇਸ ਦੀ ਮਹੱਤਤਾ ਨੂੰ ਪੂਰੀ ਤਰ੍ਹਾਂ ਸਮਝਿਆ ਵੀ ਨਹੀਂ। ਇਸੇ ਲਈ ਸੂਝਵਾਨਾਂ ਦਾ ਨਿਰਣਾ ਹੈ ਕਿ ਅਸੀਂ ਇਤਿਹਾਸ ਸਿਰਜਿਆ ਹੈ ਤੇ ਇਤਿਹਾਸ ਨੂੰ ਸੁਨਹਿਰੀ ਰੂਪ ਦੇਣ ਲਈ ਅਣਗਿਣਤ ਕੁਰਬਾਨੀਆਂ ਕੀਤੀਆਂ ਹਨ ਪਰ ਜਿਤਨੇ ਅਸੀਂ ਇਤਿਹਾਸ ਸਿਰਜਣ ਵਿਚ ਤਿੱਖੇ ਤੇ ਅਗਾਂਹਵਧੂ ਸਾਂ ਉਤਨੇ ਹੀ ਇਤਿਹਾਸ ਦੀ ਸੰਭਾਲ ਵੱਲੋਂ ਢਿੱਲੇ ਤੇ ਪਛੜੇ ਹੋਏ ਹਾਂ।

ਜਿਥੇ ਸਾਡੇ ਗੁਰੂ ਸਾਹਿਬਾਨ, ਸਾਡੇ ਸੂਰਬੀਰ ਯੋਧੇ ਤੇ ਜਰਨੈਲ, ਸਾਡੇ ਮਹਾਨ ਵਿਦਵਾਨ ਤੇ ਮਹਾਪੁਰਖਾਂ ਨੇ ਯੋਗਦਾਨ ਪਾਇਆ ਹੈ ਉਥੇ ਸਾਡੇ ਸਮਾਜ ਦੀ ਇਸਤਰੀ ਜਾਤੀ ਦੀ ਕੁਰਬਾਨੀ, ਦਲੇਰੀ ਤੇ ਇਤਿਹਾਸ ਸਿਰਜਣ ਵਿਚ ਮਰਦਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਅਸਾਧਾਰਨ ਕਾਰਜ ਕਰਨ ਦੀਆਂ ਵੀ ਅਨੇਕ ਗੱਲਾਂ ਇਤਿਹਾਸ ਦੀ ਬੁੱਕਲ ਵਿਚ ਸਾਂਭੀਆਂ ਪਈਆਂ ਹਨ। ਮਾਈ ਭਾਗੋ ਵਰਗੀਆਂ ਬਥੇਰੀਆਂ ਇਸਤਰੀਆਂ ਇਤਿਹਾਸ ਵਿਚ ਵੇਖੀਆਂ ਜਾ ਸਕੀਆਂ ਹਨ ਜਿਨ੍ਹਾਂ ਨੇ ਅਤਿ ਦੇ ਸੰਕਟ ਦੇ ਸਮੇਂ ਕੌਮੀ ਜੀਵਨ ਵਿਚ ਦੂਰ-ਰਸ ਨਤੀਜੇ ਪੈਦਾ ਕਰਨ ਵਾਲੇ ਕਾਰਜ ਕੀਤੇ। ਅਜਿਹੀਆਂ ਇਤਿਹਾਸਕ ਜੀਵਨੀਆਂ ਵਿਚ ਇਕ ਮਾਤਾ ਦੀਪ ਕੌਰ ਵੀ ਹੈ, ਜਿਸ ਨੇ 19ਵੀਂ ਸਦੀ ਦੇ ਮੁੱਢਲੇ ਸਾਲਾਂ ਵਿਚ ਮਹਾਨ ਪੰਥਕ ਸੇਵਾ ਕਰ ਕੇ ਇਹ ਸਾਬਤ ਕਰ ਦਿੱਤਾ ਕਿ ਨਾਰੀ ਕਿਸੇ ਪੱਖੋਂ ਵੀ ਕਮਜ਼ੋਰ ਤੇ ਨਿਰਬਲ ਨਹੀਂ। ਮਨ ਦੀ ਦ੍ਰਿੜ੍ਹਤਾ, ਸਿਦਕ, ਭਰੋਸਾ ਤੇ ਗੁਰੂ ਦੇ ਵਿਸ਼ਵਾਸ ਨਾਲ ਮਰਦ ਜਾਤੀ ਦੇ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਵਿਚ ਜਿੱਤਾਂ ਪ੍ਰਾਪਤ ਕਰ ਸਕਦੀ ਹੈ।

ਦੀਪ ਕੌਰ ਗੁਰੂ ਤੇਗ ਬਹਾਦਰ ਜੀ ਦੀ ਧਰਮ ਪਤਨੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ, ਮਾਤਾ ਗੁਜਰੀ ਜੀ ਦੇ ਪੇਕੇ ਪਰਿਵਾਰ ਵਿਚ ਸ੍ਰੀ ਲਾਭ ਚੰਦ ਜੀ ਦੇ ਸਪੁੱਤਰ ਕਰਮ ਸਿੰਘ ਦੀ ਪਤਨੀ ਬਣ ਕੇ ਕਰਤਾਰ ਪੁਰ ਦੁਆਬਾ ਵਿਚ ਆਈ[1] ਤੇ ਆਉਂਦਿਆਂ ਹੀ ਸਿੱਖ ਲੋਕ-ਲਹਿਰ ਵਿਚ ਅਨੇਕਾਂ ਘੱਲੂਘਾਰਿਆਂ ਵਿਚ ਉਸ ਨੇ ਆਪਣੇ ਪਤੀ ਤੇ ਉਸ ਵੇਲੇ ਦੀਆਂ ਸਿੱਖ ਮਿਸਲਾਂ ਦੀ ਜੱਦੋ-ਜਹਿਦ ਵਿਚ ਬੜਾ ਯੋਗਦਾਨ ਪਾਇਆ ਜੋ ਪੰਜਾਬ ਦੇ ਇਤਿਹਾਸ ਦੀ ਅਮਿਟ ਯਾਦਗਾਰ ਬਣ ਗਿਆ ਹੈ। ਇਸ ਦੇ ਨਾਲ ਹੀ ਇਸ ਦਾ ਪਤੀ ਕਰਮ ਸਿੰਘ ਦੁਆਬੇ ਵਿਚ ਉਸ ਵੇਲੇ ਦੀ ਜਥੇਬੰਦੀ ਜੋ ਮਿਸਲਾਂ ਦੇ ਰੂਪ ਵਿਚ ਉੱਭਰ ਰਹੀ ਸੀ, ਦਾ ਜਥੇਦਾਰ ਬਣ ਗਿਆ। ਨੌਜਵਾਨ ਬੀਬੀ ਦੀਪ ਕੌਰ ਦੇ ਦੋ ਕੰਮ ਸਦਾ ਯਾਦ ਰਹਿਣਗੇ, ਇਕ ਤਾਂ ਉਹਨੇ ਸਿੱਖ ਔਰਤਾਂ ਦੀ ਜਥੇਬੰਦੀ ਬਣਾ ਕੇ ਇਕ ਪਾਸੇ ਸ਼ਸਤਰ-ਵਿਦਿਆ ਦੇਣ ਦੀ ਪਰੰਪਰਾ ਸ਼ੁਰੂ ਕਰ ਲਈ ਤੇ ਦੂਜੇ ਪਾਸੇ ਸਮੇਂ ਦੇ ਹਾਕਮਾਂ ਵਲੋਂ ਉੱਜੜੇ ਤੇ ਸ਼ਰਨਾਰਥੀ ਬਣਾਏ ਪਰਿਵਾਰਾਂ ਨੂੰ ਅਨੰਦਪੁਰ, ਕੀਰਤਪੁਰ ਵਿਚ ਮੁੜ ਵਸਾਉਣ ਸਮੇਂ ਮਹੱਤਵਪੂਰਨ ਸੇਵਾ ਕੀਤੀ। ਜਿਸ ਦੇ ਫਲਸਰੂਪ ਸ਼ਹੀਦਾਂ ਦੇ ਪਰਿਵਾਰ ਮੁੜ ਜੀਵਨ ਦੀਆਂ ਖੁਸ਼ੀਆਂ ਲੈਣ ਦੇ ਯੋਗ ਹੋ ਗਏ। ਇਸ ਦੇ ਨਾਲ ਹੀ 1704 ਈਸਵੀ ਵਿਚ ਤਬਾਹ ਹੋਏ ਅਨੰਦਪੁਰ ਦੀ ਨਗਰੀ ਵਿਚ ਮੁੜ ਰੌਣਕਾਂ ਹੋਣ ਲੱਗ ਪਈਆਂ।

ਜਿਸ ਨਗਰ ਕਰਤਾਰਪੁਰ ਵਿਚ ਬੀਬੀ ਦੀਪ ਕੌਰ ਨੇ ਵਿਸ਼ੇਸ਼ ਸੇਵਾ ਕਾਰਜ ਕੀਤਾ। ਇਹ ਨਗਰ ਕਰਤਾਰਪੁਰ ਗੁਰੂ ਅਰਜਨ ਦੇਵ ਜੀ ਦਾ ਵਸਾਇਆ ਹੋਇਆ ਨਗਰ ਹੈ। ਗੁਰੂ ਅਰਜਨ ਦੇਵ ਜੀ ਨੇ ਦੁਆਬੇ ਵਿਚ ਸਿੱਖੀ ਪ੍ਰਚਾਰ ਦਾ ਇਹ ਕੇਂਦਰ ਸਥਾਪਤ ਕਰਦਿਆਂ ਇਥੇ ਜਿਸ ਅਸਥਾਨ 'ਤੇ ਇਕ ਵੱਡਾ ਸਾਰਾ ਲੱਕੜ ਦਾ ਥੰਮ ਗੱਡ ਕੇ ਜਿਸ ਅਸਥਾਨ ਦੀ ਉਸਾਰੀ ਕੀਤੀ ਉਥੇ ਵਿਸ਼ੇਸ਼ ਇਤਿਹਾਸਕ ਗੁਰਧਾਮ ਗੁਰਦੁਆਰਾ ਥੰਮ ਸਾਹਿਬ ਬਣਿਆ ਹੋਇਆ ਹੈ। ਉਸ ਦੇ ਨਾਲ ਹੀ ਛਿਰ ਛੇਵੀਂ ਨਾਨਕ ਜੋਤ ਗੁਰੂ ਹਰਿਗੋਬਿੰਦ ਸਾਹਿਬ ਨੇ ਇਕ ਵਿਸ਼ੇਸ਼ ਫ਼ੌਜੀ ਦ੍ਰਿਸ਼ਟੀਕੋਣ ਨਾਲ ਕਿਲ੍ਹਾ ਉਸਾਰਿਆ ਤੇ ਦਸ ਸਾਲ ਇਸ ਕਿਲ੍ਹੇ ਵਿਚ ਗੁਰੂ ਹਰਿਗੋਬਿੰਦ ਸਾਹਿਬ ਦਾ ਨਿਵਾਸ ਰਿਹਾ। ਕਿਲ੍ਹੇ ਅੰਦਰ ਉਹ ਨਿਵਾਸ ਅਸਥਾਨ ਸ਼ੀਸ਼ ਮਹਿਲ ਹੁਣ ਤਕ ਮੌਜੂਦ ਹੈ। ਇਸੇ ਕਿਲ੍ਹੇ ਵਿਚ ਗੁਰੂ-ਪਰਿਵਾਰ ਦੇ ਮੋਢੀਆਂ ਪਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਹ ਬੀੜ ਹੁਣ ਤਕ ਸੰਭਾਲੀ ਹੋਈ ਹੈ, ਜਿਸ ਦੀ ਲਿਖਾਈ ਦਾ ਕਾਰਜ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿਚ ਰਾਮਸਰ ਦੇ ਕੰਢੇ ਬਿਠਾ ਕੇ ਭਾਈ ਗੁਰਦਾਸ ਜੀ ਤੋਂ ਕਰਵਾਇਆ ਸੀ। ਇਸੇ ਕਰਤਾਰਪੁਰ ਵਿਚ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੀਆਂ ਚਾਰ ਇਤਿਹਾਸਕ ਲੜਾਈਆਂ ਵਿਚੋਂ ਆਖ਼ਰੀ ਲੜਾਈ ਸਮੇਂ ਦੇ ਹਾਕਮਾਂ ਨਾਲ ਲੜੀ ਤੇ ਜਿੱਤ ਪ੍ਰਾਪਤ ਕੀਤੀ। ਇਸੇ ਕਰਤਾਰਪੁਰ ਦੇ ਯੁੱਧ ਸਮੇਂ ਗੁਰੂ ਦੀਆਂ ਫ਼ੌਜਾਂ ਸਾਹਿਬਜ਼ਾਦਾ ਤੇਗ ਬਹਾਦਰ ਦੀ ਕਮਾਨ ਹੇਠ ਲੜੀਆਂ।[2] ਗੁਰਦੁਆਰਾ ਥੰਮ ਸਾਹਿਬ ਦੇ ਲਹਿੰਦੇ ਪਾਸੇ ਥੋੜ੍ਹੀ ਵਿੱਥ 'ਤੇ ਭਾਈ ਲਾਭ ਚੰਦ ਜੀ ਦਾ ਮਕਾਨ ਸੀ। ਜਿਸ ਦੀ ਭੈਣ ਗੁਜਰੀ ਜੀ ਦਾ ਵਿਆਹ (ਗੁਰੂ) ਤੇਗ ਬਹਾਦਰ ਜੀ ਨਾਲ ਹੋਇਆ। ਉਸੇ ਘਰ ਦੀਪ ਕੌਰ ਵਿਆਹੀ ਗਈ।

---

1. 'ਕਰਕ ਕਲੇਜੇ ਮਾਹਿ' ਇਤਿਹਾਸਕ ਗਲਪ ਦੀ ਵਾਰਤਾ ਅਨੁਸਾਰ
2. ਇਤਿਹਾਸ ਕਰਤਾਰਪੁਰ ਅਨੁਸਾਰ

ਦੀਪ ਕੌਰ ਦਾ ਜਨਮ ਕਰਤਾਰਪੁਰ ਨੇੜੇ ਦਿਆਲਪੁਰ ਵਿਚ ਸ਼ਾਮੂ ਸ਼ਾਹ ਦੇ ਘਰ ਰੁਕਮਣੀ ਦੀ ਕੁੱਖੋਂ ਹੋਇਆ । ਮਾਪਿਆਂ ਨੇ ਲਾਡ-ਪਿਆਰ ਨਾਲ ਉਸ ਦਾ ਨਾਂ ਦੀਪੋ ਰੱਖਿਆ । ਇਹ ਬੜੀ ਸੁੰਦਰ, ਸੋਹਣੇ ਨੈਣ-ਨਕਸ਼ ਤੇ ਚੇਤੰਨ ਬੁੱਧੀ ਵਾਲੀ ਸੀ । ਜਦ ਯੁਵਾ-ਅਵਸਥਾ ਵਿਚ ਆਈ ਤਾਂ ਮਾਪਿਆਂ ਨੇ ਕਰਤਾਰਪੁਰ ਦੇ ਲਾਭ ਚੰਦ ਦੇ ਸਪੁੱਤਰ ਕਰਮੇ ਨਾਲ ਇਸ ਦਾ ਰਿਸ਼ਤਾ ਕਰ ਦਿੱਤਾ । ਉਸ ਸਮੇਂ ਗੱਲਬਾਤ ਪੱਕੀ ਹੋਈ ਤੇ ਵਧਾਈਆਂ ਲਈਆਂ-ਦਿੱਤੀਆਂ ਗਈਆਂ । ਇਹ ਗੱਲ 1704 ਈਸਵੀ ਦੀ ਹੈ । ਇਤਿਹਾਸਕ ਘਟਨਾਵਾਂ ਦੇ ਵੇਰਵੇ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ 1704 ਈਸਵੀ ਦੇ ਅਖ਼ੀਰ ਵਿਚ ਜਦ ਅਨੰਦਪੁਰ ਛੱਡਿਆ ਅਤੇ ਉਸ ਤੋਂ ਤੁਰੰਤ ਪਿੱਛੋਂ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ ਤਾਂ ਇਨ੍ਹਾਂ ਸ਼ਹੀਦੀਆਂ ਦਾ ਬਹੁਤ ਵੱਡਾ ਦੁੱਖ ਮਾਤਾ ਗੁਜਰੀ ਜੀ ਦੇ ਪੇਕੇ-ਪਰਿਵਾਰ ਨੇ ਮਹਿਸੂਸ ਕੀਤਾ । ਇਹ ਸਾਰਾ ਸਹਿਜਧਾਰੀ ਸਿੱਖ ਪਰਿਵਾਰ ਸੀ । ਭਾਈ ਲਾਭ ਚੰਦ ਨੇ ਆਪਣੇ ਪੁੱਤਰ ਕਰਮੇ ਨੂੰ ਤਿਆਰ ਕੀਤਾ ਕਿ ਉਹ ਮਾਲਵੇ ਵਿਚ ਜਾ ਕੇ ਗੁਰੂ ਗੋਬਿੰਦ ਸਿੰਘ ਜੀ ਦਾ ਪਤਾ ਕਰੇ । ਗੁਜਰੀ ਜੀ ਤੇ ਚਾਰ ਸਾਹਿਬਜ਼ਾਦਿਆਂ ਦੇ ਵਿਛੋੜੇ ਤੇ ਰਜ਼ਾ ਬੁਲਾ ਕੇ ਆਵੇ । ਕਰਮਾ ਗੁਰੂ ਗੋਬਿੰਦ ਸਿੰਘ ਜੀ ਦਾ ਮਾਲਵੇ ਵਿਚ ਪਤਾ ਕਰਦਾ ਸਾਬੋ ਦੀ ਤਲਵੰਡੀ ਪਹੁੰਚ ਗਿਆ । ਉਥੇ ਉਨ੍ਹਾਂ ਨਿਰਾਸ਼ਾ ਤੇ ਢਹਿੰਦੀ ਕਲਾ ਦੀ ਥਾਂ ਜਿਸ ਚੜ੍ਹਦੀ ਕਲਾ ਦਾ ਦ੍ਰਿਸ਼ ਵੇਖਿਆ, ਉਸ ਤੋਂ ਪ੍ਰਭਾਵਿਤ ਹੋ ਕੇ ਖੰਡੇ-ਬਾਟੇ ਦਾ ਅੰਮ੍ਰਿਤਪਾਨ ਕਰ ਲਿਆ ਤੇ ਇਸ ਤਰ੍ਹਾਂ ਕੁਝ ਮਹੀਨਿਆਂ ਪਿੱਛੋਂ ਸ਼ਸਤਰਧਾਰੀ ਸਿੰਘ ਬਣ ਕੇ ਕਰਮ ਸਿੰਘ ਵਾਪਸ ਆਇਆ । ਸ਼ਾਮੂ ਸ਼ਾਹ ਅਤੇ ਉਸ ਦੇ ਭਰਾ-ਭਤੀਜਿਆਂ ਨੇ ਜਦ ਕਰਮੇ ਨੂੰ ਸਿੰਘ ਸਜਿਆ ਵੇਖਿਆ ਤਾਂ ਉਹ ਰਿਸ਼ਤਾ ਤੋੜ ਕੇ ਵਾਪਸ ਆਪਣੇ ਪਿੰਡ ਦਿਆਲਪੁਰ ਚਲੇ ਗਏ । ਰਿਸ਼ਤਾ ਟੁੱਟਣ ਦੀ ਗੱਲ ਦਾ ਰੁਕਮਣੀ ਤੇ ਦੀਪੋ ਦੇ ਮਨ 'ਤੇ ਬੜਾ ਡੂੰਘਾ ਅਸਰ ਹੋਇਆ । ਦੀਪੋ ਨੇ ਮਨ ਵਿਚ ਧਾਰ ਲਿਆ ਕਿ ਉਹ ਕਰਮ ਸਿੰਘ ਨੂੰ ਦਿਲੋਂ-ਮਨੋਂ ਸਵੀਕਾਰ ਕਰ ਚੁੱਕੀ ਹੈ ਇਸ ਲਈ ਉਸੇ ਨਾਲ ਵਿਆਹ ਕਰਵਾਏਗੀ । ਕੋਈ ਹੋਰ ਉਸ ਦਾ ਜੀਵਨ-ਸਾਥੀ ਨਹੀਂ ਬਣ ਸਕਦਾ, ਪਰ ਸਮਾਜਿਕ ਬੰਧਨ ਉਹਦੀ ਇੱਛਾ-ਪੂਰਤੀ ਵਿਚ ਰੁਕਵਾਟ ਬਣ ਰਹੇ ਸਨ । ਉਹ ਆਪਣੀ ਇਕ ਸਹੇਲੀ ਨਾਲ ਉਹਦੀ ਭੈਣ ਦੇ ਘਰ ਕਰਤਾਰਪੁਰ ਗਈ, ਜਿਥੇ ਉਹਨੂੰ ਵਿਸ਼ਵਾਸ ਹੋ ਗਿਆ ਕਿ ਕਰਮ ਸਿੰਘ ਉਹਨੂੰ ਆਪਣੇ ਦਿਲ ਤੋਂ ਦੂਰ ਨਹੀਂ ਕਰ ਸਕਿਆ । ਕਰਤਾਰਪੁਰੋਂ ਮੁੜਦਿਆਂ ਰਾਹ ਵਿਚ ਪਠਾਣ ਚੌਧਰੀ ਦੇ ਬੰਦਿਆਂ ਨੇ ਦੀਪੋ ਨੂੰ ਜ਼ਬਰਦਸਤੀ ਚੁੱਕ ਲਿਆ ਤੇ ਰਾਮਗੜ੍ਹ ਲੈ ਗਏ ਜਿਥੋਂ ਸਿੰਘਾਂ ਦੇ ਇਕ ਜੱਥੇ ਨੇ ਉਸੇ ਦਿਨ ਇਨ੍ਹਾਂ ਨੂੰ ਛੁਡਾ ਕੇ ਦਿਆਲਪੁਰ ਪਹੁੰਚਾ ਦਿੱਤਾ । ਇਸ ਨਾਲ ਦੀਪੋ ਦੇ ਪੇਕੇ ਪਰਿਵਾਰ ਨੂੰ ਸਿੰਘਾਂ ਦੀ ਬੀਰਤਾ ਤੇ ਸੇਵਾ ਨੇ ਅਜਿਹਾ ਪ੍ਰਭਾਵਤ ਕੀਤਾ ਕਿ ਉਨ੍ਹਾਂ ਦੀ ਸਿੰਘਾਂ ਪ੍ਰਤੀ ਸੋਚ ਬਦਲਣ ਲੱਗ ਪਈ । ਪਰ ਪਠਾਣ ਚੌਧਰੀ ਤੋਂ ਡਰਦਿਆਂ ਸ਼ਾਮੂ ਸ਼ਾਹ ਹੋਰੀਂ ਪਿੰਡ ਛੱਡ ਕੇ ਦੂਰ ਫਗਵਾੜੇ ਜਾ ਲੁਕੇ । ਜਿਥੇ ਉਨ੍ਹਾਂ ਨੂੰ ਕਰਮ ਸਿੰਘ ਦੇ ਜੱਥੇ ਦੇ ਸਿੰਘਾਂ ਨੇ ਲੱਭ ਕੇ ਮੁੜ ਦਿਆਲਪੁਰ ਲੈ ਆਂਦਾ । ਇਉਂ ਦੀਪੋ ਕਰਮ ਸਿੰਘ ਨਾਲ ਵਿਆਹ ਪਿੱਛੋਂ ਕਰਤਾਰਪੁਰ ਆ ਗਈ ਤੇ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਦੀਪੋ ਤੋਂ ਦੀਪ ਕੌਰ ਬਣ ਗਈ ।

ਜਥੇਦਾਰ ਕਰਮ ਸਿੰਘ ਦੁਆਬੇ ਦੀ ਸਿੱਖ ਲੋਕ ਲਹਿਰ ਦਾ ਜਥੇਦਾਰ ਚੁਣਿਆ ਗਿਆ ਜਿਸ ਕਾਰਨ ਉਹਨੂੰ ਬਹੁਤਾ ਸਮਾਂ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਦੇਣਾ ਪਿਆ । ਪੂਰੀ

ਚੜ੍ਹਦੀ ਕਲਾ ਨਾਲ ਪਤੀ ਦੇ ਇਸ ਕਾਰਜ ਵਿਚ ਪੂਰਾ ਯੋਗਦਾਨ ਪਾਉਣਾ ਸ਼ੁਰੂ ਕਰ ਦਿੱਤਾ। ਦੁਆਬੇ ਵਿਚ ਹੀ ਨਹੀਂ ਮਾਝੇ ਤੇ ਮਾਲਵੇ ਵਿਚ ਵੀ ਸਿੰਘਾਂ ਦੇ ਸਾਰੇ ਚੱਕਰਵਰਤੀ ਜਥਿਆਂ ਨੂੰ ਇਹ ਪਤਾ ਸੀ ਕਿ ਕਰਤਾਰਪੁਰ ਵਿਚ ਇਸ ਪਰਿਵਾਰ ਕਾਰਨ ਪੰਥਕ ਸੰਘਰਸ਼ ਦਾ ਕੇਂਦਰ ਹੈ। ਇਸ ਲਈ ਦੁਆਬੇ ਵਿਚੋਂ ਲੰਘਦੇ ਸਿੰਘ ਕਰਤਾਰਪੁਰ ਰੁਕਦੇ। ਦੀਪ ਕੌਰ ਉਨ੍ਹਾਂ ਦੀ ਸੇਵਾ-ਸੰਭਾਲ ਦਾ ਕੰਮ ਆਪ ਕਰਦੀ। ਬਾਹਰਲੀ ਹਵੇਲੀ ਵਿਚ ਜਥੇਦਾਰ ਠਹਿਰਦੇ ਤੇ ਘਰੋਂ ਲੰਗਰ ਤਿਆਰ ਕਰ ਕੇ ਉਹ ਬਾਹਰ ਹਵੇਲੀ ਵਿਚ ਭੇਜਦੀ। ਕਰਮ ਸਿੰਘ ਕਰਤਾਰਪੁਰ ਹੋਵੇ ਜਾਂ ਨਾ, ਆਏ-ਗਏ ਸਿੰਘਾਂ ਦੀ ਪੂਰੀ ਸੇਵਾ-ਸੰਭਾਲ ਹੁੰਦੀ। ਦੀਪ ਕੌਰ ਦੀ ਪ੍ਰੇਰਨਾ ਨਾਲ ਗਲੀ-ਮੁਹੱਲੇ ਦੀਆਂ ਕਈ ਇਸਤਰੀਆਂ ਇਸ ਸੇਵਾ ਵਿਚ ਉਹਦਾ ਹੱਥ ਵਟਾਉਣ ਲੱਗ ਪਈਆਂ। ਉਹਨੇ ਆਸ-ਪਾਸ ਦੀਆਂ ਕਈ ਹਮਉਮਰ ਜ਼ਨਾਨੀਆਂ ਨੂੰ ਆਪਣੀ ਕਥਨੀ ਤੇ ਕਰਨੀ ਨਾਲ ਅਜਿਹਾ ਪ੍ਰਭਾਵਿਤ ਕੀਤਾ ਕਿ ਸਿੱਖਾਂ ਤੋਂ ਬਿਨਾਂ ਗ਼ੈਰ-ਸਿੱਖ ਔਰਤਾਂ ਵੀ ਇਸ ਸੇਵਾ ਵਿਚ ਯੋਗਦਾਨ ਪਾਉਣ ਲੱਗ ਪਈਆਂ। ਉਹਨੇ ਆਪ ਸਿੱਖੀ ਜੀਵਨ ਦੀਆਂ ਜੋ ਵਿਸ਼ੇਸ਼ਤਾਈਆਂ ਗ੍ਰਹਿਣ ਕੀਤੀਆਂ ਉਨ੍ਹਾਂ ਨੂੰ ਬੜੇ ਸੁਆਦਲੇ ਢੰਗ ਨਾਲ ਆਂਢਣਾ-ਗੁਆਂਢਣਾਂ ਵਿਚ ਵੰਡਿਆ। ਉਹਨੇ ਇਹ ਯਕੀਨ ਦੁਆ ਦਿੱਤਾ ਕਿ ਨਾਰੀ ਕੋਈ ਕਮਜ਼ੋਰ ਵਰਗ ਨਹੀਂ। ਇਹ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਜੀਵਨ-ਵਿਕਾਸ ਵੱਲ ਕਦਮ ਪੁੱਟ ਸਕਦੀ ਹੈ। ਇਹ ਆਪਣੀ ਰੱਖਿਆ ਦੇ ਸਮਰੱਥ ਹੈ। ਆਮ ਨਾਰੀਆਂ ਵਿਚ ਸਵੈ-ਵਿਸ਼ਵਾਸ ਦੀ ਘਾਟ ਹੈ। ਜੇ ਉਹ ਆਪਣੇ ਆਤਮ-ਵਿਸ਼ਵਾਸ ਨੂੰ ਤਕੜਾ ਕਰ ਲਵੇ ਤੇ ਚੜ੍ਹਦੀ ਕਲਾ ਨਾਲ ਜੀਵਨ ਦੇ ਹਰ ਸੰਕਟ ਦਾ ਟਾਕਰਾ ਕਰਨ ਦਾ ਦ੍ਰਿੜ੍ਹ ਇਰਾਦਾ ਕਰ ਲਵੇ ਤਾਂ ਉਹ ਹਰ ਮੈਦਾਨ ਫਤਹਿ ਕਰਨ ਦੇ ਸਮਰੱਥ ਹੋ ਸਕਦੀ ਹੈ। ਉਹਦੀਆਂ ਇਨ੍ਹਾਂ ਗੱਲਾਂ ਦਾ ਬੜਾ ਚੰਗਾ ਅਸਰ ਹੁੰਦਾ ਗਿਆ।

ਜਥੇਦਾਰ ਕਰਮ ਸਿੰਘ ਜਦ ਵੀ ਕਿਸੇ ਮੁਹਿੰਮ 'ਤੇ ਜਾਂਦਾ ਜਾਂ ਕਿਸੇ ਯੁੱਧ-ਖੇਤਰ ਵਿਚ ਭਾਗ ਲੈਣ ਲਈ ਤੁਰਦਾ ਤਾਂ ਦੀਪ ਕੌਰ ਉਹਨੂੰ ਖੁਸ਼ੀ-ਖੁਸ਼ੀ ਵਿਦਾ ਕਰਦੀ। ਉਹਨੇ ਉਹਦੇ ਘਰੋਂ ਜਾਣ ਲੱਗੇ ਕਦੇ ਮਨ ਮੈਲਾ ਨਹੀਂ ਕੀਤਾ। ਕਦੇ ਉਦਾਸੀ ਪ੍ਰਗਟ ਨਹੀਂ ਕੀਤੀ। ਸਗੋਂ ਮੁਸਕਰਾਂਦਿਆਂ ਖਿੜੇ ਮੱਥੇ ਗੁਰਬਾਣੀ ਦੀਆਂ ਤੁਕਾਂ ਰਾਹੀਂ ਸ਼ੁਭ ਕਾਮਨਾਵਾਂ ਭੇਟ ਕਰਦਿਆਂ ਤੋਰਦੀ ਰਹੀ। ਪਹਿਲਾਂ-ਪਹਿਲ ਉਹ ਬਾਹਰਲੀ ਹਵੇਲੀ ਤਕ ਵੀ ਨਹੀਂ ਸੀ ਜਾਂਦੀ। ਕਿਉਂਕਿ ਸਮੇਂ ਦੇ ਰਿਵਾਜ ਅਨੁਸਾਰ ਔਰਤਾਂ ਘਰ ਦੀ ਚਾਰਦੀਵਾਰੀ ਵਿਚ ਹੀ ਰਹਿੰਦੀਆਂ। ਹਨੇਰੇ-ਸਵੇਰੇ ਹੀ ਬਾਹਰ ਖੇਤਾਂ ਤਕ ਜਾਂਦੀਆਂ। ਦੀਪ ਕੌਰ ਨੂੰ ਇਹ ਗੱਲ ਪਸੰਦ ਨਹੀਂ ਸੀ। ਉਹ ਸਮਝਦੀ ਸੀ ਕਿ ਇਹ ਰਿਵਾਜ਼ ਉਨ੍ਹਾਂ ਦੇ ਸੇਵਾ ਕਾਰਜ ਵਿਚ ਰੁਕਾਵਟ ਹੈ। ਉਹਨੇ ਪਹਿਲਾਂ ਕਰਮ ਸਿੰਘ ਨਾਲ ਗੱਲ ਕਰ ਕੇ ਇਹਦੀ ਆਗਿਆ ਲਈ ਤੇ ਫਿਰ ਸੱਸ (ਮਾਤਾ) ਪਿਤਾ (ਸਹੁਰੇ ਜੀ) ਦੀ ਪ੍ਰਵਾਨਗੀ ਨਾਲ ਉਹ ਜੱਥਿਆਂ ਨਾਲ ਗੱਲ-ਬਾਤ ਕਰਦੀ। ਕਈ ਮਾਮਲਿਆਂ ਵਿਚ ਉਨ੍ਹਾਂ ਨੂੰ ਸਲਾਹ ਵੀ ਦੇਂਦੀ। ਇਉਂ ਉਹਦਾ ਮਰਦ-ਜਾਤੀ ਤੋਂ ਦੂਰ ਰਹਿਣ ਦਾ ਝਾਕਾ ਖ਼ਤਮ ਹੋ ਗਿਆ। ਉਹਦੀ ਦੇਖਾ-ਦੇਖੀ ਕਈ ਹੋਰ ਮੁਟਿਆਰਾਂ ਵੀ ਖੁੱਲ੍ਹ ਕੇ ਜੀਵਨ ਵਿਚ ਵਿਚਰਨ ਲੱਗ ਪਈਆਂ। ਇਸ ਤਰ੍ਹਾਂ ਦੀਪ ਕੌਰ ਦਾ ਜੀਵਨ ਨਾਰੀ ਜਾਤੀ ਨੂੰ ਸਮਾਜਿਕ ਕਾਰਜਾਂ ਵਿਚ ਸੁਤੰਤਰ ਵਿਚਰਣ ਦਾ ਇਕ ਇਨਕਲਾਬੀ ਕਦਮ ਬਣ ਗਿਆ।

ਦੂਜਾ ਕਦਮ ਦੀਪ ਕੌਰ ਦਾ ਸਿੱਖ ਨਾਰੀਆਂ ਨੂੰ ਸਿੰਘਾਂ ਵਾਂਗ ਹੀ ਹਥਿਆਰਬੰਦ ਤੇ ਜਥੇਬੰਦ ਕਰਨ ਦਾ ਸੀ। ਉਹ ਸਮਝਦੀ ਸੀ ਕਿ ਕਿਸੇ ਆ ਬਣੀ ਭੀੜ ਸਮੇਂ ਜਾਂ ਵੈਰੀਆਂ ਦੇ ਹਮਲੇ ਸਮੇਂ ਸਵੈ-ਰੱਖਿਆ ਲਈ ਜ਼ਰੂਰੀ ਹੈ ਕਿ ਨਾਰੀਆਂ ਨੂੰ ਸ਼ਸਤਰ ਚਲਾਉਣਾ ਆਵੇ। ਇਸ ਲਈ ਦੀਪ ਕੌਰ ਨੇ ਸਿੱਖ ਨੌਜਵਾਨ ਇਸਤਰੀਆਂ ਨੂੰ ਗਤਕਾ ਸਿਖਾਉਣ ਦੀ ਤਜਵੀਜ਼ ਰੱਖੀ ਤੇ ਇਸ ਤਰ੍ਹਾਂ ਪਹਿਲੀ ਵਾਰ ਕਰਤਾਰਪੁਰ ਵਿਚ ਹੀ ਸਿੱਖ ਬੀਬੀਆਂ ਦੀ ਗਤਕਾ-ਪਾਰਟੀ ਤਿਆਰ ਕਰਨ ਦਾ ਕੰਮ ਸ਼ੁਰੂ ਹੋ ਗਿਆ। ਜਿਨ੍ਹਾਂ ਔਰਤਾਂ ਨੇ ਕਦੇ ਛੋਟੀ-ਮੋਟੀ ਸੋਟੀ ਨਾਲ ਵੀ ਕਿਸੇ ਦਾ ਟਾਕਰਾ ਨਹੀਂ ਸੀ ਕੀਤਾ, ਉਹ ਹੁਣ ਵੱਡੀਆਂ ਡਾਂਗਾਂ ਚੁੱਕ ਕੇ ਵਾਰ ਰੋਕਣ ਤੇ ਵਾਰ ਕਰਨ ਦੇ ਸਮਰੱਥ ਹੋ ਗਈਆਂ। ਫ਼ਿਰ ਹੌਲੀ-ਹੌਲੀ ਬਰਛੇ ਚੁੱਕਣ ਤੇ ਕਿਰਪਾਨਾਂ ਦੇ ਟਾਕਰੇ ਦੇ ਗੁਰ ਵੀ ਕਈਆਂ ਨੇ ਸਿੱਖ ਲਏ। ਇਸ ਤਰ੍ਹਾਂ ਨਾਰੀ ਜਾਤੀ ਅੰਦਰ ਸਵੈ-ਭਰੋਸੇ ਤੇ ਆਤਮ-ਵਿਸ਼ਵਾਸ ਦੀ ਭਾਵਨਾ ਪ੍ਰਬਲ ਹੋਣ ਲੱਗ ਪਈ। ਦੀਪ ਕੌਰ ਸਿੱਖ ਨਾਰੀਆਂ ਵਿਚ ਸ਼ਸਤਰ-ਵਿਦਿਆ ਪ੍ਰਚੱਲਤ ਕਰਨ ਦੀ ਜਥੇਦਾਰ ਕਰਮ ਸਿੰਘ ਤੇ ਸਿੱਖ ਲੋਕ-ਲਹਿਰ ਦੇ ਦੂਜੇ ਆਗੂਆਂ ਦਾ ਚਰਚਾ ਦੂਰ-ਦੁਰਾਡੇ ਤਕ ਸਿੱਖ ਤੇ ਗ਼ੈਰ-ਸਿੱਖ ਹਲਕਿਆਂ ਵਿਚ ਹੋਣ ਲੱਗ ਪਿਆ।

ਪਰ ਇਲਾਕੇ ਦੀਆਂ ਕੁਝ ਵਡੇਰੀ ਉਮਰ ਦੀਆਂ ਔਰਤਾਂ ਨੇ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਉਹ ਪੁਰਾਤਨਵਾਦੀ ਵਿਚਾਰਾਂ ਦੀਆਂ ਤੇ ਵਹਿਮਾਂ-ਭਰਮਾਂ ਵਿਚ ਫਸੀਆਂ ਇਨ੍ਹਾਂ ਨਵੇਂ ਖ਼ਿਆਲਾਂ ਤੇ ਜੀਵਨ-ਢੰਗ ਨੂੰ ਕਿਵੇਂ ਬਰਦਾਸ਼ਤ ਕਰਦੀਆਂ ? ਉਨ੍ਹਾਂ ਨੂੰ ਇਉਂ ਜਾਪਣ ਲੱਗ ਪਿਆ ਕਿ ਦੀਪ ਕੌਰ ਨੂੰਹਾਂ-ਧੀਆਂ ਨੂੰ ਮਾਪਿਆਂ ਤੋਂ ਬਾਗ਼ੀ ਕਰਵਾ ਰਹੀ ਹੈ। ਕਈਆਂ ਨੇ ਔਰਤਾਂ ਦੀ ਇਸ ਜਾਗ੍ਰਤੀ ਲਹਿਰ ਨੂੰ ਤੇ ਇਸ ਵਿਚ ਸ਼ਾਮਲ ਹੋ ਰਹੀਆਂ ਨੌਜਵਾਨ ਔਰਤਾਂ ਨੂੰ ਬੇਸ਼ਰਮ ਬੇਹਯਾ ਤਕ ਦੀਆਂ ਗਾਲ੍ਹਾਂ ਵੀ ਕੱਢੀਆਂ। ਪਰ ਉਹ ਆਪਣੀ ਧੁਨ ਵਿਚ ਵਿਰੋਧਤਾ ਦੀ ਪਰਵਾਹ ਕੀਤੇ ਬਿਨਾਂ ਅੱਗੇ ਵਧਦੀਆਂ ਗਈਆਂ। ਇਸ ਨਵ-ਜਾਗ੍ਰਤੀ ਲਹਿਰ ਦੀ ਮੁਖੀ ਦੀਪ ਕੌਰ ਨਾ ਗੁੱਸਾ ਕਰਦੀ ਤੇ ਨਾ ਹੀ ਵਿਰੋਧਤਾ ਕਰਨ ਵਾਲਿਆਂ ਵਿਰੁੱਧ ਦੂਸ਼ਣਬਾਜ਼ੀ ਵਿਚ ਉਲਝਦੀ। ਉਸ ਦਾ ਵਿਸ਼ਵਾਸ ਸੀ ਕਿ ਜੇ ਤੁਸੀਂ ਨੇਕਨੀਅਤ ਹੋ ਤੇ ਨਿਸ਼ਕਾਮ ਹੋ ਕੇ ਸਮਾਜ ਤੇ ਭਾਈਚਾਰੇ ਦੀ ਸੇਵਾ ਕਰਦੇ ਚੱਲੋ। ਜਦ ਇਸ ਸੇਵਾ ਨੂੰ ਫਲ ਲੱਗਾ ਫ਼ਿਰ ਲੋਕਾਂ ਦੇ ਉਸਾਰੂ ਜੀਵਨ ਵਿਚ ਨਵੇਂ ਗੁਣਾਂ ਦਾ ਸੰਚਾਰ ਹੋਇਆ ਤਾਂ ਆਪੇ ਉਹ ਵਿਰੋਧਤਾ ਕਰਨ ਵਾਲੇ ਪ੍ਰਸੰਸਕ ਬਣ ਜਾਣਗੇ। ਨਿੰਦਾ ਨੂੰ ਨਿੰਦਾ ਨਾਲ ਨਹੀਂ ਕੱਟਿਆ ਜਾ ਸਕਦਾ, ਗੁਣਾਂ ਦੀ ਬਹੁਲਤਾ ਨਿੰਦਕਾਂ ਲਈ ਢੁੱਕਵਾਂ ਉੱਤਰ ਹੋ ਸਕਦੀ ਹੈ। ਇਸ ਨੀਤੀ ਨਾਲ ਉਹ ਆਪਣੇ ਮਿਸ਼ਨ ਵਿਚ ਬੜੀ ਸਫਲ ਹੋਈ।

ਫ਼ਿਰ ਉਹਨੇ ਇਕ ਇਸਤਰੀ ਜੱਥਾ ਬਣਾ ਲਿਆ। ਜੋ ਅਮਨ-ਸ਼ਾਂਤੀ ਦੇ ਦਿਨਾਂ ਵਿਚ ਲੋਕ-ਸੇਵਾ ਦੇ ਕਾਰਜ ਕਰਦਿਆਂ ਬਿਮਾਰ ਤੇ ਬੁੱਢੀਆਂ ਔਰਤਾਂ ਦੀ ਸੇਵਾ-ਸੰਭਾਲ ਕਰਦੀਆਂ, ਦਵਾ-ਦਾਰੂ ਲਿਆ ਦੇਂਦੀਆਂ ਤੇ ਜਿਨ੍ਹਾਂ ਦੀ ਰੋਟੀ-ਪਾਣੀ ਤੇ ਖਾਣੇ ਦਾ ਪ੍ਰਬੰਧ ਕਰਨ ਵਾਲਾ ਪਰਿਵਾਰ ਦਾ ਕੋਈ ਜੀਅ ਨਹੀਂ ਸੀ, ਉਨ੍ਹਾਂ ਲਈ ਇਹ ਪ੍ਰਬੰਧ ਕਰਦੀਆਂ। ਉਹ ਅਸੀਸਾਂ ਦੇਂਦੀਆਂ ਤੇ ਇਸ ਇਸਤਰੀ ਜੱਥੇ ਦੀ ਸੇਵਾ ਦਾ ਹਰ ਆਏ-ਗਏ ਅੱਗੇ ਚਰਚਾ ਕਰਦੀਆਂ। ਇਕ-ਦੋ ਵਾਰ ਅਜਿਹੀ ਘਟਨਾ ਵਾਪਰੀ ਕਿ ਦੋ-ਤਿੰਨ ਜਵਾਨ ਕੁੜੀਆਂ ਖੇਤਾਂ ਨੂੰ ਜਾਂਦੀਆਂ ਜਦ ਕਰਤਾਰਪੁਰ ਦਾ ਬਾਹਰਲਾ ਖੁੱਲ੍ਹਾ ਰਾਹ ਪਾਰ ਕਰਨ ਲੱਗੀਆਂ ਤਾਂ ਦੋ ਸ਼ਰਾਬੀਆਂ ਤੇ

ਨਸ਼ੀਲੀਆਂ ਵਸਤਾਂ ਦਾ ਸੇਵਨ ਕਰਨ ਵਾਲੇ ਅਵਾਰਾ ਬੰਦਿਆਂ ਨੇ ਉਨ੍ਹਾਂ ਦਾ ਰਾਹ ਰੋਕਦੇ ਹੋਏ ਰੀਦੇ ਮਖ਼ੌਲ ਕਰਨੇ ਸ਼ੁਰੂ ਕਰ ਦਿੱਤੇ । ਉਨ੍ਹਾਂ ਵੇਖਿਆ ਕਿ ਕੋਈ ਬੰਦਾ ਨੇੜੇ ਨਹੀਂ ਤੇ ਉਹ ਜੋ ਚਾਹੁਣ ਇਨ੍ਹਾਂ ਨਾਲ ਛੇੜਖਾਨੀ ਕਰ ਸਕਦੇ ਨੇ । ਉਹ ਇਸਤਰੀ ਜੱਥੇ ਦੀਆਂ ਮੈਂਬਰ ਸਨ । ਉਨ੍ਹਾਂ ਨੇ ਬੜੀ ਹੁਸ਼ਿਆਰੀ ਨਾਲ ਉਨ੍ਹਾਂ ਦੋਨਾਂ ਨੂੰ ਵੱਸੋਂ ਦੇ ਨੇੜੇ ਲੈ ਆਂਦਾ ਫ਼ਿਰ ਰੌਲਾ ਪਾ ਦਿੱਤਾ, ਸੱਚਮੁੱਚ ਪੰਜ-ਸੱਤ ਕੁੜੀਆਂ ਸੋਟੀਆਂ ਤੇ ਕਿਰਪਾਨਾਂ ਲੈ ਕੇ ਆ ਗਈਆਂ । ਭੱਜਣ ਦਾ ਯਤਨ ਕਰਨ ਵਾਲੇ ਉਨ੍ਹਾਂ ਦੋਹਾਂ ਬੰਦਿਆਂ ਨੂੰ ਅਜਿਹਾ ਕੁਟਾਪਾ ਚਾੜ੍ਹਿਆ ਕਿ ਸਾਰੇ ਇਲਾਕੇ ਦੇ ਸਮਾਜ ਵਿਰੋਧੀ ਅਨਸਰਾਂ ਨੂੰ ਕੰਨ ਹੋ ਗਏ ਕਿ ਇਨ੍ਹਾਂ ਸ਼ੇਰਨੀਆਂ ਤੋਂ ਹੁਣ ਮਾੜਾ ਵਿਅਕਤੀ ਮਾਰ ਖਾਧੇ ਬਿਨਾਂ ਨਹੀਂ ਰਹਿ ਸਕਦਾ । ਇਸੇ ਤਰ੍ਹਾਂ ਇਕ-ਦੋ ਘਰਾਂ ਵਿਚ ਜਦ ਚੋਰ ਚੋਰੀ ਕਰਨ ਲਈ ਆਏ ਤਾਂ ਇਨ੍ਹਾਂ ਨਾਰੀਆਂ ਦੇ ਜੱਥੇ ਨੇ ਘੇਰ ਕੇ ਅਜਿਹੀ ਸਜ਼ਾ ਦਿੱਤੀ ਜਿਹੜੀ ਸ਼ਾਇਦ ਮਰਦ ਵੀ ਨਾ ਸਕਦੇ ।

ਫ਼ਿਰ ਹਥਿਆਰਬੰਦ ਨਾਰੀਆਂ ਦਾ ਪਹਿਲਾ ਜੱਥਾ ਵੀ ਕਰਤਾਰਪੁਰ ਵਿਚ ਬਣ ਗਿਆ । ਜੋ ਚੌਧਰੀਆਂ ਤੇ ਫ਼ੌਜਦਾਰਾਂ ਦੀਆਂ ਛੋਟੀਆਂ-ਮੋਟੀਆਂ ਟੁਕੜੀਆਂ ਨਾਲ ਲੋੜ ਪੈਣ 'ਤੇ ਮੁਕਾਬਲੇ ਲਈ ਵੀ ਤਿਆਰ ਰਹਿਣ ਲੱਗ ਪਈਆਂ । ਜਿਹੜੀਆਂ ਔਰਤਾਂ ਰਾਤ ਦੇ ਹਨੇਰੇ ਵਿਚ ਘਰ ਦੀ ਦਹਿਲੀਜ਼ ਟੱਪਣ ਦੀ ਦਲੇਰੀ ਨਹੀਂ ਸਨ ਕਰ ਸਕਦੀਆਂ ਉਨ੍ਹਾਂ ਵਿਚ ਠੀਕਰੀ ਤੋੜਨ ਦਾ ਸਾਹਸ ਵੀ ਪੈਦਾ ਹੋ ਗਿਆ । ਮਰਦ ਹੈਰਾਨ ਸਨ ਕਿ ਜਿਹੜੀ ਔਰਤ-ਜਾਤ ਨੂੰ ਹਰ ਵੇਲੇ ਆਪਣੀ ਇੱਜ਼ਤ ਦੀ ਚਿੰਤਾ ਲੱਗੀ ਰਹਿੰਦੀ ਸੀ, ਉਹ ਹੁਣ ਨਿਧੜਕ ਹੋ ਕੇ ਹਰ ਬਿਪਤਾ ਵਿਚ ਅੱਗੇ ਹੋ ਕੇ ਮੁਕਾਬਲੇ ਵੀ ਦਲੇਰੀ ਨਾਲ ਕਰਨ ਲੱਗ ਪਈਆਂ ਸਨ ।

1727 ਈਸਵੀ ਨੂੰ ਜਦੋਂ ਪੰਥ ਦੇ ਪ੍ਰਸਿੱਧ ਸੇਵਕ ਭਾਈ ਤਾਰਾ ਸਿੰਘ ਨੂੰ ਸਮੇਂ ਦੇ ਹਾਕਮਾਂ ਨੇ ਸ਼ਹੀਦ ਕਰ ਦਿੱਤਾ ਤਾਂ ਸਾਰੇ ਸਿੱਖ ਜਗਤ ਵਿਚ ਗੁੱਸੇ ਤੇ ਜੋਸ਼ ਦੀ ਲਹਿਰ ਫੈਲ ਗਈ ਅਤੇ ਜ਼ਾਲਮ ਹਾਕਮ ਵਰਗ ਦੀ ਇਸ ਬੇਇਨਸਾਫ਼ੀ ਵਿਰੁੱਧ ਸੰਘਰਸ਼ ਲਈ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਪੰਥਕ ਇਕੱਠ ਨੇ ਇਹ ਫ਼ੈਸਲਾ ਕੀਤਾ ਕਿ ਹਕੂਮਤ ਦੀ ਆਰਥਿਕ ਨਾਕਾਬੰਦੀ ਕੀਤੀ ਜਾਏ ਤੇ ਕਿਧਰੋਂ ਵੀ ਸਰਕਾਰੀ ਖ਼ਜ਼ਾਨਾ ਲਾਹੌਰ ਨਾ ਅੱਪੜਨ ਦਿੱਤਾ ਜਾਏ । ਇਸ ਸਾਰੇ ਕਾਰਜ ਲਈ ਮੁੱਖ ਜਥੇਦਾਰ (ਨਵਾਬ) ਕਪੂਰ ਸਿੰਘ ਨੂੰ ਚੁਣਿਆ ਗਿਆ ਤਾਂ ਉਹਨੇ ਸਤਲੁਜ ਤੇ ਬਿਆਸਾ ਵਿਚਕਾਰ ਆਉਂਦੇ ਖ਼ਜ਼ਾਨੇ ਨੂੰ ਗੁਰਿਲਾ ਹਮਲਿਆਂ ਨਾਲ ਖੋਹ ਲੈਣ ਦੀ ਸੇਵਾ ਜਥੇਦਾਰ ਕਰਮ ਸਿੰਘ ਦੇ ਸਪੁਰਦ ਕੀਤੀ ਅਤੇ ਉਨ੍ਹਾਂ ਢਿਲਵਾਂ ਤੇ ਸੁਲਤਾਨਪੁਰ ਲੋਧੀ ਵਿਚਕਾਰ ਸਰਕਾਰੀ ਖ਼ਜ਼ਾਨਾ ਫ਼ੌਜੀ ਦਸਤਿਆਂ ਨੇ ਖੋਹ ਲਿਆ । ਇਸ 'ਤੇ ਪੰਜਾਬ ਦੇ ਸੂਬੇਦਾਰ ਜ਼ਕਰੀਆ ਖ਼ਾਂ ਨੇ ਮੁਲਤਾਨ ਤੇ ਸਰਹੰਦ ਦੇ ਸੂਬਿਆਂ ਦੀ ਮਦਦ ਨਾਲ ਮਾਝੇ ਤੇ ਦੁਆਬੇ ਵਿਚ ਸਿੱਖਾਂ ਨੂੰ ਕਤਲ ਕਰਨਾ ਤੇ ਸਿੱਖ ਪਰਿਵਾਰਾਂ ਨੂੰ ਉਜਾੜਨਾ ਤੇ ਬੇਪਤ ਕਰਨ ਲਈ ਫ਼ੌਜੀ ਦਸਤੇ ਫੇਰ ਦਿੱਤੇ । ਇਸ ਸਥਿਤੀ ਦਾ ਟਾਕਰਾ ਕਰਨ ਲਈ ਫ਼ੈਸਲਾ ਹੋਇਆ ਕਿ ਸਿੰਘ ਤਾਂ ਚੱਕਰਵਰਤੀ ਹੋ ਜਾਣ ਤੇ ਪਰਿਵਾਰ ਝਟਪਟ ਜੰਗਲਾਂ ਤੇ ਪਹਾੜਾਂ ਵਲ ਸੁਰੱਖਿਅਤ ਥਾਵਾਂ 'ਤੇ ਪਹੁੰਚਾ ਦਿੱਤੇ ਜਾਣ । ਮਾਝੇ ਵਿਚੋਂ ਸੈਂਕੜੇ ਪਰਿਵਾਰ ਸਰਕਾਰੀ ਦਮਨ ਕਾਰਨ ਬਿਆਸਾ ਪਾਰ ਕਰ ਕੇ ਦੁਆਬੇ ਵਿਚ ਆਉਣ ਲੱਗ ਪਏ । ਇਨ੍ਹਾਂ ਦੇ ਮੁੜ ਵਸੇਬੇ ਲਈ ਜ਼ਿੰਮੇਵਾਰੀ ਦੁਆਬੇ ਦੇ ਸਿੰਘਾਂ ਨੂੰ ਲੈਣੀ ਪਈ । ਇਸ ਸਮੇਂ ਫ਼ੈਸਲਾ ਹੋਇਆ ਕਿ ਅਨੰਦਪੁਰ ਤੇ ਕੀਰਤਪੁਰ ਕੈਂਪ ਲਾਏ ਜਾਣ । ਗੁਰੂ ਗੋਬਿੰਦ ਸਿੰਘ ਜੀ ਦੇ

ਅਨੰਦਪੁਰ ਛੱਡਣ ਪਿੱਛੋਂ ਇਸ ਖੇਤਰ ਵਿਚ ਸਰਕਾਰੀ ਦਬਾਅ ਤੇ ਦਖ਼ਲ ਖ਼ਤਮ ਹੋ ਗਿਆ ਸੀ। ਖੁੱਲ੍ਹੀਆਂ ਥਾਵਾਂ ਤੇ ਹਵੇਲੀਆਂ ਆਦਿ ਵੀ ਕਾਫ਼ੀ ਸਨ। ਜਿਹੜੀ ਥੋੜ੍ਹੀ-ਬਹੁਤ ਸਥਾਨਕ ਵੱਸੋਂ ਹੈ, ਉਹ ਬੇਰੋਜ਼ਗਾਰੀ ਤੇ ਵੀਹ ਸਾਲਾਂ ਕਾਰਨ ਬੜੀ ਉਦਾਸ ਤੇ ਨਿਰਾਸ ਹੈ। ਮੁੜ ਰੌਣਕਾਂ ਲੱਗਣ ਤੇ ਉਹ ਮੁੜ-ਉਸਾਰੀ ਵਿਚ ਤਨੋਂ-ਮਨੋਂ ਸਹਿਯੋਗ ਦੇਣਗੇ। ਇਉਂ 1714 ਈਸਵੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਛੱਡਣ ਪਿੱਛੋਂ ਧੜਾਧੜ ਸਿੱਖ ਪਰਿਵਾਰ, ਖ਼ਾਸ ਕਰ ਕੇ ਵਿਧਵਾਵਾਂ ਤੇ ਯਤੀਮ ਬੱਚੇ, ਚੱਕਰਵਰਤੀ ਸਿੱਖ ਜੱਥਿਆਂ ਦੀ ਨਿਗਰਾਨੀ ਹੇਠ ਇਥੇ ਪੁੱਜਣ ਲੱਗ ਪਏ। ਦੁਆਬੇ ਦੇ ਸਿੰਘਾਂ ਦੇ ਇਕੱਠ ਨੇ ਫ਼ੈਸਲਾ ਕੀਤਾ ਕਿ ਇਨ੍ਹਾਂ ਪਰਿਵਾਰਾਂ ਦੀ ਸੇਵਾ-ਸੰਭਾਲ ਤੇ ਮੁੜ-ਵਸੇਬੇ ਦੇ ਕੰਮ ਦੀ ਨਿਗਰਾਨੀ ਸੋਢੀ ਵਡਭਾਗ ਸਿੰਘ ਕਰਨ। ਫ਼ਿਰ ਸਵਾਲ ਪੈਦਾ ਹੋਇਆ ਕਿ ਔਰਤਾਂ, ਸਿੱਖ ਬੱਚੀਆਂ ਤੇ ਬੱਚਿਆਂ ਦੀ ਸੇਵਾ-ਸੰਭਾਲ ਦਾ ਕਾਰਜ ਮਰਦ ਚੰਗੀ ਤਰ੍ਹਾਂ ਨਹੀਂ ਕਰ ਸਕਦੇ ਤੇ ਇਸ ਕਾਰਜ ਲਈ ਸਿੱਖ ਬੀਬੀਆਂ ਅੱਗੇ ਆਉਣ ਤਾਂ ਇਸ ਮੌਕੇ ਦੀਪ ਕੌਰ ਨੇ ਇਹ ਪੇਸ਼ਕਸ਼ ਕੀਤੀ ਕਿ ਉਹਦਾ ਸਿੱਖ ਬੀਬੀਆਂ ਦਾ ਜੱਥਾ ਇਸ ਸੇਵਾ ਲਈ ਅਨੰਦਪੁਰ ਜਾ ਕੇ ਆਪਣਾ ਪੂਰਾ ਸਮਾਂ ਦੇਣ ਲਈ ਤਿਆਰ ਹੈ। ਉਹਨੇ ਇਹ ਸੁਝਾਅ ਆਪਣੇ ਪਤੀ ਜਥੇਦਾਰ ਕਰਮ ਸਿੰਘ ਰਾਹੀਂ ਜਦ ਭੇਜਿਆ ਤਾਂ ਸਾਰੇ ਮੁਖੀ ਜਥੇਦਾਰਾਂ ਨੂੰ ਖੁਸ਼ੀ ਹੋਈ। ਇਉਂ ਸੋਢੀ ਵਡਭਾਗ ਸਿੰਘ ਦੇ ਨਾਲ ਦੀਪ ਕੌਰ ਕਰਤਾਰਪੁਰ ਤੋਂ ਅਨੰਦਪੁਰ ਆ ਗਈ। ਜਥੇਦਾਰ ਕਰਮ ਸਿੰਘ ਤਾਂ ਪੱਕੇ ਤੌਰ ਤੇ ਅਨੰਦਪੁਰ ਟਿਕ ਨਹੀਂ ਸੀ ਸਕਦਾ। ਉਹਨੇ ਤਾਂ ਸਾਰੇ ਦੁਆਬੇ ਵਿਚ ਸਿੱਖ ਜੱਥਿਆਂ ਦੀਆਂ ਸਰਗਰਮੀਆਂ ਵੱਲ ਧਿਆਨ ਦੇਣਾ ਸੀ। ਦੂਜਾ, ਕਰਤਾਰਪੁਰ ਦੇ ਮੁੱਖ ਕੇਂਦਰ ਨੂੰ ਵੀ ਸੰਭਾਲਣਾ ਸੀ। ਦੀਪ ਕੌਰ ਨੇ ਚਾਰ-ਪੰਜ ਸਾਲ ਅਨੰਦਪੁਰ ਰਹਿ ਕੇ ਜੋ ਬੇਘਰ ਹੋਏ ਪਰਿਵਾਰਾਂ ਦੀ ਸੇਵਾ-ਸੰਭਾਲ ਕੀਤੀ, ਉਹ ਉਸ ਦੀ ਇਤਿਹਾਸਕ ਦੇਣ ਹੈ। ਅੱਜ ਦੇ ਯੁਗ ਦੇ ਫਸਟ-ਏਡ ਵਰਗੀਆਂ ਸੰਸਥਾਵਾਂ ਤਾਂ ਉਦੋਂ ਹੁੰਦੀਆਂ ਨਹੀਂ ਸਨ ਪਰ ਜਿਵੇਂ ਸੇਵਾ-ਸੰਭਾਲ ਦਾ ਕੰਮ ਦੀਪ ਕੌਰ ਨੇ ਅਨੰਦਪੁਰ ਤੇ ਕੀਰਤਪੁਰ ਵਿਚ ਕੀਤਾ ਉਹ ਅੱਜ ਦੇ ਯੁਗ ਦੀ ਮਦਰ ਟੈਰੇਸਾ ਦੀ ਸੇਵਾ ਜਿੰਨੀ ਹੀ ਮਹਾਨ ਸੇਵਾ ਹੈ। ਬਿਮਾਰਾਂ ਦੇ ਦਵਾ-ਦਾਰੂ ਲਈ ਤੇ ਸਿਹਤ ਸੰਭਾਲ ਲਈ ਜੋ ਸਾਧਨ ਦੀਪ ਕੌਰ ਨੇ ਪਹੁੰਚਾਏ ਉਨ੍ਹਾਂ ਦਾ ਲਾਭ ਵੀ ਬੇਹੱਦ ਰੋਗੀਆਂ ਨੂੰ ਪਹੁੰਚਿਆ। ਉਨ੍ਹਾਂ ਦੀ ਕੁੱਲੀ, ਗੁੱਲੀ ਤੇ ਜੁੱਲੀ ਦੀ ਸਮੱਸਿਆ ਹੱਲ ਹੀ ਨਹੀਂ ਕੀਤੀ ਸਗੋਂ ਉਨ੍ਹਾਂ ਅੰਦਰ ਸਵੈ-ਵਿਸ਼ਵਾਸ ਦੀ ਭਾਵਨਾ ਵੀ ਪ੍ਰਬਲ ਕਰ ਦਿੱਤੀ। ਜਦ ਚੜ੍ਹਦੀ ਕਲਾ ਦਾ ਜਜ਼ਬਾ ਉਭਰ ਪਏ ਤਾਂ ਦੁੱਖਾਂ ਦਾ ਅਹਿਸਾਸ ਘਟ ਜਾਂਦਾ ਹੈ ਤੇ ਭਵਿੱਖ ਦੇ ਸੁਖ ਦੀ ਆਸ ਵਧਣ ਲੱਗ ਪੈਂਦੀ ਹੈ।

ਅੱਜ ਦੇ ਯੁਗ ਦੀ ਮਾਨਵ ਬੁੱਧੀ ਦੀ ਉਡਾਰੀ ਸਾਡੇ ਸਾਹਮਣੇ ਹੈ। ਅੱਜ ਦਾ ਮਨੁੱਖ ਜਿਵੇਂ ਤਕਨੀਕੀ ਸਿਖਲਾਈ ਲਈ ਪ੍ਰੇਰਿਤ ਹੋ ਰਿਹਾ ਹੈ ਅਤੇ ਨਰ-ਨਾਰੀ ਆਰਥਿਕ ਤੌਰ ਤੇ ਆਪਣੇ ਪੈਰੀਂ ਖੜ੍ਹੇ ਹੋਣ ਦਾ ਚਾਹਵਾਨ ਹੈ ਇਸ ਤਰ੍ਹਾਂ ਦੀ ਸੋਚ ਤਿੰਨ ਸਦੀਆਂ ਪਹਿਲਾਂ ਸਾਡੇ ਸਮਾਜਿਕ ਜੀਵਨ ਵਿਚ ਨਹੀਂ ਸੀ। ਪਰ ਹੈਰਾਨੀ ਹੁੰਦੀ ਹੈ ਜਦ ਅਸੀਂ ਵੇਖਦੇ ਹਾਂ ਕਿ 18ਵੀਂ ਸਦੀ ਦੇ ਪਹਿਲੇ ਅੱਧ ਵਿਚ ਹੀ ਜੋ ਬੇਘਰ ਪਰਿਵਾਰਾਂ ਦੇ ਅਨੰਦਪੁਰ ਕੈਂਪ ਵਿਚ ਦੀਪ ਕੌਰ ਦੀ ਸੁਚੱਜੀ ਅਗਵਾਈ ਹੇਠ ਨਾਰੀ ਜਗਤ ਨੇ ਤਕਨੀਕੀ ਸਿੱਖਿਆ ਲੈ ਕੇ ਕੁਝ ਅਜਿਹੇ ਕੰਮ ਸਿੱਖ ਲਏ ਜੋ ਉਨ੍ਹਾਂ ਦੀ ਆਮਦਨ ਦਾ ਵਸੀਲਾ ਬਣ ਸਕਦੇ ਸਨ। ਫ਼ਿਰ

ਇਨ੍ਹਾਂ ਕੈਂਪਾਂ ਦੇ ਵਸਨੀਕ ਆਪਣਾ ਭਾਰ ਆਪ ਚੁੱਕਣ ਦੇ ਸਮਰੱਥ ਹੋ ਗਏ। ਬੱਚਿਆਂ ਨੂੰ ਪੰਜਾਬੀ, ਗੁਰਬਾਣੀ ਤੇ ਗਣਿਤ ਵਿਦਿਆ ਦੀ ਪੜ੍ਹਾਈ ਦਾ ਪ੍ਰਬੰਧ ਵੀ ਅਨੰਦਪੁਰ ਤੇ ਕੀਰਤਪੁਰ ਵਿਚ ਕਰ ਦਿੱਤਾ ਗਿਆ।

ਇਨ੍ਹਾਂ ਅਸਥਾਨਾਂ 'ਤੇ ਜੋ ਸਿੱਖ ਬੱਚੀਆਂ ਅੱਠ, ਦਸ ਸਾਲ ਦੀਆਂ ਪਹੁੰਚੀਆਂ, ਉਹ ਅਗਲੇ ਚਾਰ-ਪੰਜ ਸਾਲਾਂ ਵਿਚ ਮੁਟਿਆਰਾਂ ਬਣ ਗਈਆਂ। ਮਾਵਾਂ ਲਈ ਇਨ੍ਹਾਂ ਦੇ ਰਿਸ਼ਤੇ ਤੇ ਵਿਆਹ ਵੱਡੀ ਸਮੱਸਿਆ ਹੁੰਦੀ ਏ। ਖ਼ਾਸ ਕਰ ਕੇ ਉਨ੍ਹਾਂ ਪਰਿਵਾਰਾਂ ਲਈ ਜਿਨ੍ਹਾਂ ਦੇ ਸਿਰ 'ਤੇ ਪਤੀ ਦਾ ਸਾਇਆ ਨਹੀ ਹੁੰਦਾ ਤੇ ਪਰਿਵਾਰਕ ਜੀਵਨ ਵੀ ਪਿੰਡਾਂ ਵਿਚ ਉਖੱੜਿਆ ਹੁੰਦਾ ਹੈ। ਦੀਪ ਕੌਰ ਨੇ ਇਹ ਸਮੱਸਿਆ ਵੀ ਕੁਝ ਹੱਦ ਤਕ ਹੱਲ ਕਰਨੀ ਸ਼ੁਰੂ ਕਰ ਦਿੱਤੀ। ਇਉਂ ਲੜਕੀਆਂ ਦੇ ਵਿਆਹ ਵੀ ਕੀਤੇ ਜਾਣ ਲੱਗ ਪਏ।

ਦੀਪ ਕੌਰ ਦੇ ਘਰ ਇਕੋ-ਇਕ ਲੜਕਾ ਫਤਹਿ ਸਿੰਘ ਸੀ, ਜਿਸ ਦੀ ਪਾਲਣਾ ਵਲ ਵੀ ਦੀਪ ਕੌਰ ਨੇ ਪੂਰਾ ਧਿਆਨ ਦਿੱਤਾ। ਉਹ ਆਮ ਤੌਰ ਤੇ ਨਾਰੀਆਂ ਦੇ ਸਮੂਹ ਵਿਚ ਬੈਠੀ ਜਾਂ ਤਾਂ ਪ੍ਰਭੂ ਭਗਤੀ ਦੀਆਂ ਗੱਲਾਂ ਕਰਦੀ ਤੇ ਜਾਂ ਬੱਚਿਆਂ ਦੇ ਵਿਕਾਸ ਦੀ ਚਰਚਾ ਛੇੜ ਲੈਂਦੀ। ਜਦ ਵੀ ਕੋਈ ਗੁਣੀ-ਗਿਆਨੀ ਆ ਜਾਂਦਾ ਤਾਂ ਉਹਦਾ ਯਤਨ ਹੁੰਦਾ ਕਿ ਔਰਤਾਂ ਦੀ ਇਕੱਤਰਤਾ ਸਭ ਨੂੰ ਸੁਣਾਈ ਜਾਵੇ। ਉਨ੍ਹਾਂ ਦਿਨਾਂ ਵਿਚ ਗੁਟਕੇ ਤੇ ਸਟੀਕ ਆਮ ਨਹੀਂ ਸਨ ਹੁੰਦੇ। ਇਸ ਲਈ ਜ਼ਬਾਨੀ ਕੰਠ ਕੀਤੀ ਬਾਣੀ ਹੀ ਪੜ੍ਹੀ-ਸੁਣਾਈ ਜਾਂਦੀ ਸੀ। ਉਸ ਦਾ ਵਿਸ਼ਵਾਸ ਸੀ ਕਿ ਬਾਣੀ ਦੇ ਅਰਥ ਭਾਵ ਸਮਝ ਲੈਣ ਨਾਲ ਮਨ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ, ਮਨ ਬਾਣੀ ਨਾਲ ਜ਼ਿਆਦਾ ਚੰਗੀ ਤਰ੍ਹਾਂ ਜੁੜਦਾ ਹੈ। ਆਪਣਾ ਇਤਿਹਾਸ ਤੇ ਸਾਖੀਆਂ ਵੀ ਉਹ ਸੁਣਾਂਦੀ ਤੇ ਇਉਂ ਉਹਦੇ ਸੰਪਰਕ ਵਿਚ ਆਉਣ ਵਾਲੇ ਪਰਿਵਾਰ ਆਪਣੇ ਵਿਰਸੇ ਨਾਲ ਜੁੜਨ ਲੱਗ ਪਏ। ਉਹ ਆਮ ਤੌਰ ਤੇ ਆਖਿਆ ਕਰਦੀ ਸੀ ਕਿ ਵਿਹਲਾ ਮਨ ਸ਼ੈਤਾਨੀ ਰੁਚੀਆਂ ਦਾ ਗ਼ੁਲਾਮ ਬਣ ਜਾਂਦਾ ਹੈ। ਜੀਵਨ ਦੇ ਉਸਾਰੂ ਰਾਹ ਤੋਂ ਹਟ ਕੇ ਕੁਰਾਹੇ ਪੈ ਜਾਂਦਾ ਹੈ। ਇਸ ਲਈ ਵੱਧ ਤੋਂ ਵੱਧ ਸਮਾਂ ਮਨ ਨੂੰ ਚੰਗੇ ਪਾਸੇ ਲਾਈ ਰੱਖਣਾ ਹੀ ਲਾਹੇਵੰਦ ਹੁੰਦਾ ਹੈ। ਉਹਦਾ ਪ੍ਰਚਾਰ ਸੀ ਕਿ ਚੁਗਲੀ, ਨਿੰਦਾ ਤੇ ਦੂਜੀਆਂ ਔਰਤਾਂ ਦੀਆਂ ਕਮਜ਼ੋਰੀਆਂ ਜਾਂ ਤ੍ਰੁੱਟੀਆਂ ਦੀ ਚਰਚਾ ਕਰਨ ਨਾਲ ਈਰਖਾ, ਵਿਰੋਧ ਤੇ ਨਫ਼ਰਤ ਪੈਦਾ ਹੁੰਦੀ ਹੈ। ਜਿਸ ਦਾ ਜੀਵਨ ਵਿਚ ਨੁਕਸਾਨ ਹੀ ਨੁਕਸਾਨ ਹੈ, ਲਾਭ ਕੋਈ ਨਹੀਂ। ਇਹੋ ਜਿਹੀਆਂ ਰੁਚੀਆਂ ਕਾਰਨ ਇਕ ਨਰੋਏ ਸਮਾਜਿਕ ਜੀਵਨ ਵੱਲ ਉਹਦੀ ਭਾਵਨਾ ਦਾ ਸੰਚਾਰ ਨਾਰੀ ਜਗਤ ਵਿਚ ਹੋਣ ਲੱਗ ਪਿਆ। ਦੀਪ ਕੌਰ ਨੇ ਵੇਖਿਆ ਕਿ ਪੁਰਾਣੀ ਤੇ ਨਵੀਂ ਪੀੜ੍ਹੀ ਵਿਚਕਾਰ ਵਿੱਥਾਂ ਦੇ ਤਣਾਓ ਬਹੁਤੇ ਘਰਾਂ ਵਿਚ ਹੈ। ਵਧੇਰੇ ਸੱਸਾਂ-ਨੂੰਹਾਂ ਨੂੰ ਆਪਣੇ ਦਾਬੇ ਹੇਠ ਰੱਖਣ ਦਾ ਯਤਨ ਕਰਦੀਆਂ ਹਨ। ਉਨ੍ਹਾਂ ਨੂੰ ਸੁਤੰਤਰ ਵਿਚਰਣ ਨਹੀਂ ਦੇਂਦੀਆਂ ਤੇ ਉਨ੍ਹਾਂ ਦੀਆਂ ਭਾਵਨਾਵਾਂ ਤੇ ਜਜ਼ਬਾਤ ਦੀ ਪਰਵਾਹ ਨਹੀਂ ਕਰਦੀਆਂ। ਇਸੇ ਤਰ੍ਹਾਂ ਉਹਨੇ ਵੇਖਿਆ ਕਿ ਕੁਝ ਘਰਾਂ ਵਿਚ ਜਵਾਨ ਮੁਟਿਆਰਾਂ ਕਈ ਕਾਰਨਾਂ ਕਰ ਕੇ ਇਤਨੀਆਂ ਹਾਵੀ ਹੋ ਗਈਆਂ ਹਨ ਕਿ ਉਹ ਪਰਿਵਾਰ ਦੀਆਂ ਵਡੇਰੀ ਉਮਰ ਦੀਆਂ ਬਿਰਧ ਔਰਤਾਂ ਨਾਲ ਚੰਗੇਰਾ ਵਰਤਾਉ ਨਹੀਂ ਕਰਦੀਆਂ ਤੇ ਜਿਨ੍ਹਾਂ ਨੂੰ ਬੁਢਾਪੇ ਵਿਚ ਸੇਵਾ-ਸੰਭਾਲ ਦੀ ਅਤਿ ਲੋੜ ਹੁੰਦੀ ਹੈ, ਉਸ ਵਲੋਂ ਬੇਪਰਵਾਹ ਹਨ। ਇਉਂ ਜੀਵਨ ਵਿਚ ਸੁਖ ਤੇ ਸ਼ਾਂਤੀ ਦੀ ਥਾਂ ਕੁਝ ਪਰਿਵਾਰਾਂ ਵਿਚ ਬਿਲਕੁਲ ਅਸ਼ਾਂਤ ਤੇ ਦੁਖੀ ਵਾਤਾਵਰਣ ਬਣਿਆ ਹੋਇਆ

ਹੈ। ਸਮਾਜ ਸੁਧਾਰ ਦੀ ਆਪਣੀ ਇਸ ਲਹਿਰ ਵਿਚ ਦੀਪ ਕੌਰ ਨੇ ਇਸ ਪਾੜੇ ਨੂੰ ਘਟਾਉਣ ਦਾ ਵੀ ਯਤਨ ਕੀਤਾ। ਦੋਹਾਂ ਵਰਗਾਂ ਦੀਆਂ ਔਰਤਾਂ ਨੂੰ ਇਕ ਦੂਜੇ ਦੀਆਂ ਲੋੜਾਂ ਤੇ ਜਜ਼ਬਾਤ ਨੂੰ ਸਮਝਣ 'ਤੇ ਜ਼ੋਰ ਦਿੱਤਾ। ਇਸ ਦੇ ਕਈ ਚੰਗੇ ਨਤੀਜੇ ਸਾਹਮਣੇ ਆਉਣ ਲੱਗ ਪਏ। ਉਹ ਸ਼ਾਮ ਨੂੰ ਆਮ ਤੌਰ ਤੇ ਔਰਤਾਂ ਦਾ ਇਕੱਠ ਕਰ ਕੇ ਵਡੇਰੀ ਉਮਰ ਦੀਆਂ ਔਰਤਾਂ ਨੂੰ ਆਪਣੇ ਜੀਵਨ ਤਜਰਬੇ ਸੁਣਾਉਣ ਲਈ ਪ੍ਰੇਰਦੀ ਜਿਸ ਤੋਂ ਮੁਟਿਆਰਾਂ ਨੂੰ ਆਪਣੀਆਂ ਕਈ ਸਮੱਸਿਆਵਾਂ ਦਾ ਹੱਲ ਮਿਲ ਜਾਂਦਾ। ਨਾਰੀ ਜਗਤ ਵਿਚ ਕਈ ਅਜਿਹੇ ਗੁਪਤ ਰੋਗ ਉਤਪੰਨ ਹੋ ਜਾਂਦੇ ਹਨ ਤਾਂ ਵੀ ਉਹ ਸ਼ਰਮ ਦੇ ਮਾਰੇ ਕਿਸੇ ਨਾਲ ਛੇਤੀ ਕੀਤਿਆਂ ਗੱਲ ਨਹੀਂ ਕਰਦੀਆਂ। ਇਉਂ ਬਿਰਧ ਔਰਤਾਂ ਨਾਲ ਵਿਚਾਰ-ਵਟਾਂਦਰੇ ਵਿਚ ਆਪਣੇ ਆਪ ਉਨ੍ਹਾਂ ਨੂੰ ਆਪਣੇ ਸਰੀਰਕ ਰੋਗਾਂ ਦੀ ਪਛਾਣ ਹੋ ਜਾਂਦੀ ਤੇ ਨਾਲ ਹੀ ਦੇਸੀ ਟੋਟਕਿਆਂ ਰਾਹੀਂ ਇਲਾਜ ਦਾ ਪਤਾ ਵੀ ਲੱਗ ਜਾਂਦਾ ਹੈ।

ਕਈ ਵਡੇਰੀ ਉਮਰ ਦੀਆਂ ਔਰਤਾਂ ਕਦੇ-ਕਦੇ ਪ੍ਰਸ਼ਨ ਕਰਦੀਆਂ ਕਿ ਜਿਨ੍ਹਾਂ ਦੇ ਇਕੋ-ਇਕ ਪੁੱਤਰ ਹੈ, ਉਹਨੂੰ ਸਿੰਘ ਸਜਾ ਕੇ ਖ਼ਤਰਾ ਕਿਉਂ ਮੁੱਲ ਲਿਆ ਜਾ ਰਿਹਾ ਹੈ ? ਘਰ-ਬਾਹਰ ਛੱਡ ਕੇ ਸਮੇਂ ਦੇ ਹਾਕਮਾਂ ਨਾਲ ਲੜਾਈਆਂ ਛੇੜਨਾ ਕਿੱਥੋਂ ਦੀ ਸਿਆਣਪ ਹੈ ? ਸਿੰਘ ਸਜਣ ਵਾਲਾ ਅੱਜ ਨਹੀਂ ਤੇ ਕੱਲ੍ਹ, ਵਰ੍ਹੇ ਨੂੰ ਹਾਕਮ ਫ਼ੌਜ ਹੱਥੋਂ ਮਾਰਿਆ ਜਾਵੇਗਾ। ਦੀਪ ਕੌਰ ਅਜਿਹੇ ਵਿਚਾਰਾਂ ਦਾ ਬੜਾ ਢੁੱਕਵਾਂ ਉੱਤਰ ਦੇਂਦੀ ਤੇ ਸਮਝਾਉਂਦੀ ਕਿ ਸਿੰਘ ਨਾ ਸਜਣ ਵਾਲੇ ਸਦੀਆਂ ਤਕ ਜੀਉਂਦੇ ਰਹਿ ਸਕਦੇ ਹਨ ਕੀ ਉਨ੍ਹਾਂ ਨੂੰ ਲੰਮੇਰੀ ਉਮਰ ਦਾ ਸਮਾਂ ਮਿਲ ਜਾਂਦਾ ਹੈ ? ਮੌਤ ਦਾ ਤਾਂ ਕੋਈ ਪਤਾ ਨਹੀਂ, ਉਹ ਬਾਲ-ਅਵਸਥਾ ਵਿਚ ਵੀ ਆ ਸਕਦੀ ਹੈ ਤੇ ਜਵਾਨ ਉਮਰ ਵਿਚ ਵੀ। ਕੋਈ ਸੱਪ ਲੜਨ ਨਾਲ ਮਰ ਸਕਦਾ ਹੈ, ਕਿਸੇ ਨੂੰ ਜੰਗਲੀ ਜਾਨਵਰ ਆ ਕੇ ਜੀਵਨ ਸਮਾਪਤ ਕਰ ਸਕਦੇ ਹਨ। ਕੋਈ ਕਿਸੇ ਰੋਗ ਕਾਰਨ ਕਿਸੇ ਉਮਰ ਵਿਚ ਵੀ ਮਰ ਸਕਦਾ ਹੈ। ਇਸ ਲਈ ਉਹ ਸਮਝਾਉਂਦੀ ਕਿ ਜਨਮ ਤੇ ਮਰਨਾ ਮਨੁੱਖ ਦੇ ਵੱਸ ਨਹੀਂ। ਇਹ ਸਭ ਉਸ ਪ੍ਰਮਾਤਮਾ ਦੀ ਖੇਡ ਹੈ, ਮਨੁੱਖ ਦੇ ਆਪਣੇ ਵੱਸ ਵਿਚ ਕੁਝ ਨਹੀਂ, ਸਾਡੇ ਵਿਚੋਂ ਕਿਸੇ ਨੂੰ ਵੀ ਨਹੀਂ ਪਤਾ ਕਿ ਉਹਨੇ ਕਦੋਂ ਮਰਨਾ ਹੈ, ਕਿੱਥੇ ਮਰਨਾ ਹੈ ਕਿਸ ਕਾਰਨ ਮਰਨਾ ਹੈ। ਇਉਂ ਉਸ ਨੇ ਮੌਤ ਦਾ ਭੈਅ ਘਟਾਉਣ ਦਾ ਪ੍ਰਚਾਰ ਕੀਤਾ। ਜਦੋਂ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਹਮਲੇ ਸਮੇਂ ਇਸ ਧਰਮ ਅਸਥਾਨ ਦੀ ਰਾਖੀ ਲਈ ਲੜਦਿਆਂ ਜਥੇਦਾਰ ਕਰਮ ਸਿੰਘ ਸ਼ਹੀਦ ਹੋ ਗਿਆ ਤਾਂ ਜਿਸ ਬਹਾਦਰੀ ਨਾਲ ਇਸ ਦੁੱਖ ਨੂੰ ਦੀਪ ਕੌਰ ਨੇ ਬਰਦਾਸ਼ਤ ਕੀਤਾ ਅਤੇ ਅਫ਼ਸੋਸ ਕਰਨ ਆਉਣ ਵਾਲੇ ਪ੍ਰਭੂ ਦੇ ਭਾਣੇ ਨੂੰ ਮੰਨਣ ਦੀ ਗੱਲ ਉਹ ਕਰਦੀ ਉਸ ਤੋਂ ਸਾਫ਼ ਪ੍ਰਗਟ ਹੁੰਦਾ ਸੀ ਕਿ ਸਿੱਖੀ ਜੀਵਨ ਦੀਆਂ ਵਿਸ਼ੇਸ਼ਤਾਈਆਂ ਤੇ ਗੁਣ ਉਹਦੇ ਰੋਮ-ਰੋਮ ਵਿਚ ਰਚ ਚੁੱਕੇ ਸਨ। ਉਹ ਕਥਨੀ ਤੇ ਕਰਨੀ ਨੂੰ ਇਉਂ ਇਕਸਾਰ ਕਰ ਚੁੱਕੀ ਸੀ ਕਿ ਜੋ ਜੀਵਨ ਵਿਚ ਉਹਨੇ ਸਮਝਿਆ ਤੇ ਪ੍ਰਚਾਰਿਆ, ਉਹਨੂੰ ਆਪਣੇ ਅਮਲੀ ਜੀਵਨ ਰਾਹੀਂ ਲੋਕਾਂ ਸਾਹਮਣੇ ਪੇਸ਼ ਵੀ ਕੀਤਾ। ਇਸ ਕਰ ਕੇ ਉਹਦੀ ਹਰ ਗੱਲ ਦਾ ਵੇਖਣ ਤੇ ਸੁਣਨ ਵਾਲਿਆਂ 'ਤੇ ਬੜਾ ਡੂੰਘਾ ਪ੍ਰਭਾਵ ਪੈਂਦਾ ਰਿਹਾ। ਜਿਹੋ ਜਿਹਾ ਉਸ ਦਾ ਜੀਵਨ ਸੀ, ਉਹੋ ਜਿਹਾ ਉਹਨੇ ਆਪਣੇ ਪੁੱਤਰ ਫਤਹਿ ਸਿੰਘ ਤੇ ਨੂੰਹ ਸੁੰਦਰਾਂ ਨੂੰ ਉਸ ਵਿਚ ਢਾਲ ਦਿੱਤਾ। ਉਸ ਨੇ ਆਪਣੇ ਪਤੀ ਨਮਿਤ ਅੰਤਮ ਅਰਦਾਸ ਦੇ ਅਵਸਰ 'ਤੇ ਫਤਹਿ ਸਿੰਘ ਨੂੰ ਪਿਤਾ ਦੇ ਕਾਰਜ ਨੂੰ ਨੇਪਰੇ ਚਾੜ੍ਹਨ

ਲਈ ਪੰਥਕ ਸੇਵਾ ਲਈ ਤੱਤਪਰ ਰਹਿਣ ਦੀ ਆਗਿਆ ਕੀਤੀ। ਅਖ਼ੀਰ ਉਹ ਕਰਤਾਰਪੁਰ ਵਿਚ ਹੀ ਅਕਾਲ ਚਲਾਣਾ ਕਰ ਗਈ। ਆਪਣੇ ਜੀਵਨ ਦੇ ਇਸ ਯੋਗਦਾਨ ਕਾਰਨ ਇਤਿਹਾਸ ਵਿਚ ਉਹਨੂੰ ਅਮਰ ਅਸਥਾਨ ਪ੍ਰਾਪਤ ਹੋ ਗਿਆ।

ਬੀਬੀ ਬਲਜੀਤ ਕੌਰ

ਰਜਵਾੜਾ ਸ਼ਾਹੀ ਦਾ ਜ਼ਮਾਨਾ ਸੀ। ਹਰ ਇਕ ਸਰਦਾਰ ਸੁਤੰਤਰ ਰਾਜਾ ਬਣਨਾ ਚਾਹੁੰਦਾ ਸੀ। ਸਰਦਾਰ ਆਪਣੇ ਇਲਾਕੇ ਦੀ ਰੱਖਿਆ ਕਰਨ ਲਈ ਛੋਟੇ-ਛੋਟੇ ਕਿਲ੍ਹੇ ਬਣਾ ਲੈਂਦੇ ਸਨ। ਉਸ ਵਿਚ ਛੋਟੀ ਜਹੀ ਸੈਨਾ ਵੀ ਰੱਖਦੇ ਸਨ। ਸ. ਬਘੇਲ ਸਿੰਘ ਵੀ ਆਪਣੇ ਛੋਟੇ ਜਿਹੇ ਰਾਜ ਦੇ ਰਾਜਾ ਸਨ। ਉਸ ਦਾ ਰਾਜ ਸਿੰਘਾਂਵਾਲਾ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਇਹ ਕਿਲ੍ਹਾ ਦਰਿਆ ਚਿਨਾਬ ਜਿਸ ਨੂੰ ਝਨਾਂ ਵੀ ਆਖਿਆ ਜਾਂਦਾ ਹੈ, ਦੇ ਕੰਢੇ ਉੱਪਰ ਬਣਾਇਆ ਗਿਆ ਸੀ। ਇਹੀ ਛੋਟੇ-ਛੋਟੇ ਰਾਜ ਤੇ ਸਰਦਾਰ ਅੱਗੇ ਜਾ ਕੇ ਮਿਸਲਾਂ ਦੇ ਨਾਮ ਨਾਲ ਪ੍ਰਸਿੱਧ ਹੋਏ। ਮਹਾਰਾਜਾ ਰਣਜੀਤ ਸਿੰਘ ਦੇ ਇਕਪੁਰਖੀ ਰਾਜ ਤੋਂ ਪਹਿਲਾਂ ਪੰਜਾਬ ਵਿਚ ਬਾਰਾਂ ਮਿਸਲਾਂ ਦਾ ਰਾਜ ਸੀ। ਅਸਲ ਵਿਚ ਜਦੋਂ ਬਾਹਰਲੇ ਹਮਲਾਵਰ ਪੰਜਾਬ ਵਿਚ ਆਉਂਦੇ ਤਾਂ ਸਾਰੇ ਪੰਜਾਬੀ ਇਕੱਠੇ ਹੋ ਕੇ ਸਾਂਝੇ ਫ਼ਰੰਟ ਉੱਪਰ ਲੜਦੇ। ਉਸ ਸਮੇਂ ਜਦੋਂ ਕਿਸੇ ਸਰਦਾਰ ਦਾ ਕਿਸੇ ਦੂਸਰੇ ਇਲਾਕੇ ਉੱਪਰ ਕਬਜ਼ਾ ਹੋ ਜਾਂਦਾ ਤਾਂ ਉਸ ਦੇ ਇਲਾਕੇ ਨੂੰ ਆਪਣੇ ਰਾਜ ਵਿਚ ਮਿਲਾ ਲੈਂਦਾ। ਇਸ ਤਰ੍ਹਾਂ ਸਰਦਾਰਾਂ ਦੇ ਰਾਜ ਦੀਆਂ ਹੱਦਾਂ ਬਦਲਦੀਆਂ ਰਹਿੰਦੀਆਂ। ਕਈ ਵਾਰ ਇਸ ਤਰ੍ਹਾਂ ਵੀ ਹੋਇਆ ਕਿ ਇਹ ਸਰਦਾਰ ਆਪਸ ਵਿਚ ਹੀ ਲੜਦੇ-ਭਿੜਦੇ ਰਹੇ। ਜਿਹੜਾ ਸਰਦਾਰ ਜਿੱਤ ਜਾਂਦਾ ਉਹ ਹਾਰੇ ਹੋਏ ਸਰਦਾਰ ਦਾ ਇਲਾਕਾ ਆਪਣੇ ਰਾਜ ਵਿਚ ਮਿਲਾ ਲੈਂਦਾ। ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਦੇ ਮਿਸਲੀ ਰਾਜ ਨੂੰ ਜਿੱਤ ਕੇ ਸਾਰੇ ਪੰਜਾਬ ਉੱਪਰ ਆਪਣਾ ਰਾਜ ਸਥਾਪਤ ਕੀਤਾ ਸੀ। ਬਲਜੀਤ ਕੌਰ ਦਾ ਸੰਬੰਧ ਮਿਸਲੀ ਰਾਜ ਤੋਂ ਪਹਿਲਾਂ ਦੇ ਸਮੇਂ ਨਾਲ ਹੈ। ਉਦੋਂ ਜਦੋਂ ਪੰਜਾਬ ਵਿਚ ਛੋਟੇ-ਛੋਟੇ ਰਾਜ ਹੁੰਦੇ ਸਨ ਅਤੇ ਇਨ੍ਹਾਂ ਦੇ ਅਧਿਕਾਰੀ ਨੂੰ ਰਾਜਾ ਨਹੀਂ, ਸਰਦਾਰ ਕਿਹਾ ਜਾਂਦਾ ਸੀ।

ਬਲਜੀਤ ਕੌਰ ਸ. ਬਘੇਲ ਸਿੰਘ ਦੀ ਸਪੁੱਤਰੀ ਸੀ। ਸਿੱਖ ਇਤਿਹਾਸ ਵਿਚ ਇਕ ਤੋਂ ਵਧੀਕ ਬਘੇਲ ਸਿੰਘਾਂ ਦਾ ਜ਼ਿਕਰ ਆਉਂਦਾ ਹੈ ਜਿਸ ਤੋਂ ਸ. ਬਘੇਲ ਸਿੰਘ ਸੰਬੰਧੀ ਭੁਲੇਖਾ ਪੈ ਜਾਂਦਾ ਹੈ। ਪਰ ਜਿਸ ਸ. ਬਘੇਲ ਸਿੰਘ ਦੀ ਪੁੱਤਰੀ ਦਾ ਜ਼ਿਕਰ ਹੈ, ਇਨ੍ਹਾਂ ਦੇ ਬਜ਼ੁਰਗ ਗੁਰੂ ਗੋਬਿੰਦ ਸਿੰਘ ਦੀ ਸੈਨਾ ਵਿਚ ਸੈਨਿਕ ਰਹੇ ਸਨ। ਸ. ਬਘੇਲ ਦੇ ਬਾਬੇ ਨੂੰ ਦਸਮ ਗੁਰੂ ਨੇ ਅਨੰਦਪੁਰ ਦੀ ਲੜਾਈ ਸਮੇਂ ਆਪਣੀ ਕਿਰਪਾਨ ਬਖ਼ਸ਼ਿਸ਼ ਵਜੋਂ ਦਿੱਤੀ ਸੀ। ਸ. ਬਘੇਲ ਸਿੰਘ ਦਾ ਬਾਬਾ ਵੱਡੇ ਘੱਲੂਘਾਰੇ ਵਿਚ ਸ਼ਹੀਦ ਹੋ ਗਿਆ ਸੀ। ਉਸ ਵੇਲੇ ਉਸ ਉਸ ਦੇ ਨਾਲ ਉਸ ਦਾ ਪੁੱਤਰ ਜੰਗ ਬਹਾਦਰ ਸਿੰਘ ਵੀ ਲੜ ਰਿਹਾ ਸੀ। ਉਸ ਨੇ ਪਿਤਾ ਨੂੰ ਸ਼ਹੀਦ ਹੁੰਦਿਆਂ ਵੇਖ ਕੇ ਪਿਤਾ ਦੇ ਹੱਥੋਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖ਼ਸ਼ੀ ਹੋਈ ਸ਼ਮਸ਼ੀਰ ਸੰਭਾਲ ਲਈ ਸੀ। ਸ. ਜੰਗ ਬਹਾਦਰ ਸਿੰਘ ਦੀ ਸ਼ਹੀਦੀ ਪਿੱਛੋਂ ਇਹ ਇਤਿਹਾਸਕ ਤਲਵਾਰ ਸ. ਜੰਗ ਬਹਾਦਰ ਸਿੰਘ ਦੇ ਪੁੱਤਰ ਸ. ਬਘੇਲ ਸਿੰਘ ਪਾਸ ਆਈ। ਸ. ਬਘੇਲ ਸਿੰਘ ਦੇ ਲੜਕਾ ਕੋਈ ਨਹੀਂ ਸੀ। ਸੋ ਸ. ਬਘੇਲ ਸਿੰਘ ਦੀ ਸ਼ਹੀਦੀ

ਤੋਂ ਬਾਅਦ ਇਹ ਸ਼ਮਸ਼ੀਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੀ ਪਈ ਸੀ।

ਬਲਜੀਤ ਕੌਰ ਵਿਚ ਸ਼ਹੀਦਾਂ ਦਾ ਲਹੂ ਸੀ। ਪਿਤਾ ਦੇ ਚਲਾਣੇ ਤੋਂ ਬਾਅਦ ਉਸ ਨੇ ਜਿਸ ਚੀਜ਼ ਦੀ ਸਭ ਤੋਂ ਵੱਧ ਕਮੀ ਮਹਿਸੂਸ ਕੀਤੀ ਉਹ ਸੀ, ਭਰਾ। ਉਸ ਦਾ ਭਰਾ ਕੋਈ ਨਹੀਂ ਸੀ। ਉਸ ਦੀ ਮਾਤਾ ਹਰ ਵੇਲੇ ਇਸੇ ਦੁੱਖ ਵਿਚ ਨਿੱਘਰਦੀ ਜਾ ਰਹੀ ਸੀ। ਉਹ ਹਰ ਵੇਲੇ ਸੋਚਦੀ, ਹੁਣ ਕੋਈ ਹੋਰ ਸਰਦਾਰ ਸਾਡੇ ਉਤੇ ਹਮਲਾ ਕਰ ਕੇ ਸਿੰਘਾਂਵਾਲੇ ਉੱਪਰ ਆਪਣਾ ਰਾਜ ਕਾਇਮ ਕਰ ਲਵੇਗਾ। ਸਾਰੇ ਗੁਆਂਢੀ ਸਰਦਾਰਾਂ ਦੀ ਨਜ਼ਰ ਸਿੰਘਾਂਵਾਲੇ ਉੱਪਰ ਟਿਕੀ ਹੋਈ ਸੀ। ਇਧਰੋਂ ਬਲਜੀਤ ਕੌਰ ਸੋਚਦੀ ਕਿਉਂ ਨਹੀਂ ਮੈਂ ਲੜਕੇ ਵਾਂਗ ਆਪਣੇ ਬਜ਼ੁਰਗਾਂ ਦੀ ਸ਼ਮਸ਼ੀਰ ਹੱਥ ਵਿਚ ਲੈ ਕੇ ਲੜਾਈ ਕਰ ਸਕਦੀ ? ਮੈਂ ਕਿਉਂ ਨਹੀਂ ਲੋਕਾਂ ਦੇ ਦੁੱਖ-ਸੁੱਖ ਦੀ ਭਾਈਵਾਲ ਬਣ ਸਕਦੀ ? ਹਰ ਵੇਲੇ ਇਹੀ ਸੋਚਦੀ ਕਿ ਕਿਸੇ ਤਰ੍ਹਾਂ ਉਹ ਆਪਣੀ ਮਾਤਾ ਦਾ ਦੁਖ ਵੰਡਾਵੇ।

ਉਸ ਦੇ ਪਿਤਾ ਦੇ ਰਾਜ ਵਿਚ ਕੋਈ ਪੰਜ-ਛੇ ਪਿੰਡ ਨਿਰੋਲ ਮੁਸਲਮਾਨਾਂ ਦੇ ਸਨ। ਅਸਲ ਵਿਚ ਇਨ੍ਹਾਂ ਪਿੰਡਾਂ ਦੀ ਵੱਸੋਂ ਪਹਿਲਾਂ ਹਿੰਦੂ ਸੀ। ਉਦੋਂ ਹਿੰਦੂ-ਸਿੱਖਾਂ ਵਿਚ ਫ਼ਰਕ ਨਹੀਂ ਸੀ ਹੁੰਦਾ ਸਗੋਂ ਬਹਾਦਰੀ ਦਾ ਅੰਸ਼ ਵਧੇਰੇ ਮਾਤਰਾ ਵਿਚ ਰੱਖਣ ਵਾਲੇ ਲੋਕ ਸਿੱਖ ਅਖਵਾਉਂਦੇ ਸਨ। ਇਹ ਉਹੀ ਲੋਕ ਸਨ, ਜੋ ਬਾਹਰਲੇ ਵਿਦੇਸ਼ੀ ਹਮਲਾਵਰਾਂ ਨਾਲ ਮੁਕਾਬਲੇ ਕਰਦੇ ਸਨ ਤੇ ਆਪਣੇ ਦੇਸ਼ ਦੀ ਰੱਖਿਆ ਕਰਦੇ ਸਨ। ਪਰ ਜਦੋਂ ਪੰਜਾਬ ਦਾ ਹਾਕਮ ਜ਼ਕਰੀਆ ਖ਼ਾਂ ਬਣਿਆ ਉਦੋਂ ਸਿੱਖਾਂ ਉੱਪਰ ਬਹੁਤ ਜ਼ੁਲਮ ਹੋਇਆ। ਸਿੱਖ ਜੰਗਲਾਂ ਵਿਚ ਜਾ ਲੁਕੇ। ਉਦੋਂ ਸਿੱਖਾਂ ਦੇ ਸਿਰਾਂ ਦਾ ਮੁੱਲ ਪੈਂਦਾ ਸੀ। ਦੂਸਰੇ ਸ਼ਬਦਾਂ ਵਿਚ ਜੇ ਕੋਈ ਸਿੱਖ ਦਾ ਸਿਰ ਵੱਢ ਕੇ ਲੈ ਆਵੇ ਤਾਂ ਹਕੂਮਤ ਉਸ ਨੂੰ ਅੱਸੀ ਰੁਪਏ ਇਨਾਮ ਵਜੋਂ ਦੇਂਦੀ ਸੀ। ਆਮ ਜਨਤਾ ਡਰਦੀ ਮਾਰੀ ਮੁਸਲਮਾਨ ਹੋਣ ਲੱਗ ਪਈ। ਕਈ ਹਿੰਦੂ ਰਾਜਪੂਤ ਆਪਣੀ ਜਾਨ-ਮਾਲ ਦੀ ਰੱਖਿਆ ਲਈ ਡਰ ਕੇ ਮੁਸਲਮਾਨ ਬਣ ਗਏ। ਸਿੱਖ ਸਰਦਾਰ ਜਿਥੇ ਆਪਸ ਵਿਚ ਲੜਦੇ-ਭਿੜਦੇ ਰਹਿੰਦੇ ਉਥੇ ਗ਼ੈਰ-ਸਿੱਖਾਂ ਤੋਂ ਵੀ ਉਨ੍ਹਾਂ ਨੂੰ ਤੌਖਲਾ ਬਣਿਆ ਰਹਿੰਦਾ। ਬਲਜੀਤ ਕੌਰ ਦੀ ਮਾਂ ਨੂੰ ਇਕੋ-ਇਕ ਹੱਲ ਸੁੱਝਦਾ। ਉਹ ਬਲਜੀਤ ਦਾ ਵਿਆਹ ਛੇਤੀ ਤੋਂ ਛੇਤੀ ਕਰ ਦੇਵੇ ਤੇ ਆਪਣੇ ਜਵਾਈ ਨੂੰ ਖ਼ਾਨਦਾਨੀ ਇਤਿਹਾਸਕ ਤਲਵਾਰ ਹੱਥ ਵਿਚ ਫੜਾ ਦੇਵੇ ਜੋ ਉਸ ਦੇ ਰਾਜ ਦੀ ਰੱਖਿਆ ਕਰ ਸਕੇ। ਘਰ ਵਿਚ ਸੋਗ ਤੇ ਉਦਾਸੀ ਦਾ ਮਾਹੌਲ ਸੀ। ਸਰਦਾਰਨੀ ਪ੍ਰਤਾਪ ਕੌਰ, ਬਲਜੀਤ ਕੌਰ ਦੀ ਮਾਤਾ, ਕਦੀ ਬੈਠੀ-ਬੈਠੀ ਰੋ ਪੈਂਦੀ। ਜਾਂ ਫਿਰ ਗੁਰੂ ਮਹਾਰਾਜ ਦੇ ਕਮਰੇ ਵਿਚ ਬੈਠ ਕੇ ਵੈਰਾਗ ਨਾਲ ਪਾਠ ਕਰਦੀ। ਨਿੱਤਨੇਮ ਨਾਲ ਪਾਠ ਕਰਨਾ ਸਰਦਾਰਨੀ ਦਾ ਪ੍ਰਮੁੱਖ ਕਾਰਜ ਸੀ। ਪਰ ਜੇ ਮਨ ਬਹੁਤ ਬੇਚੈਨ ਹੋ ਜਾਵੇ ਤਾਂ ਉਹ ਦਿਨ ਵਿਚ ਤਿੰਨ ਵਾਰ ਜਾਂ ਉਸ ਤੋਂ ਵਧੀਕ ਵਾਰ ਗੁਰੂ ਮਹਾਰਾਜ ਦੇ ਕਮਰੇ ਵਿਚ ਜਾ ਕੇ ਧਿਆਨ ਨਾਲ ਪਾਠ ਅਤੇ ਅਰਦਾਸ ਕਰਦੀ। ਸਰਦਾਰਨੀ ਦਾ ਪਹਿਲਾ ਸਹਾਰਾ ਗੁਰੂ ਮਹਾਰਾਜ ਸੀ ਤੇ ਦੂਜਾ ਉਸ ਦੀ ਪੁੱਤਰੀ ਬਲਜੀਤ।

2

ਬਲਜੀਤ ਕੌਰ ਸੋਹਣੀ ਲੰਮੀ-ਝੰਮੀ, ਤਿੱਖੇ ਨਕਸ਼ਾਂ ਵਾਲੀਆਂ ਕਾਲੀਆਂ ਅੱਖਾਂ ਤੇ ਗੋਰੀ-ਚਿੱਟੀ

ਚਮੜੀ ਵਾਲੀ ਕੁੜੀ ਸੀ। ਨਾਜ਼ੁਕ ਤੇ ਮਲੂਕ ਏਨੀ ਕਿ ਹੱਥ ਲਾਇਆਂ ਮੈਲੀ ਹੋ ਜਾਵੇ। ਭਾਵੇਂ ਉਸ ਦੇ ਪਿਤਾ ਸ. ਬਘੇਲ ਸਿੰਘ ਦੀ ਮੌਤ ਹੋ ਗਈ ਸੀ ਪਰ ਉਸ ਦੇ ਰਹਿਣ-ਸਹਿਣ ਵਿਚ ਕੋਈ ਫ਼ਰਕ ਨਹੀਂ ਸੀ ਪਿਆ। ਇਕ ਪਾਸੇ, ਬਲਜੀਤ ਕੌਰ ਦੀ ਚੜ੍ਹਦੀ ਜਵਾਨੀ ਸੀ। ਦੂਜੇ ਪਾਸੇ, ਬਲਜੀਤ ਕੌਰ ਦੀ ਚੜ੍ਹਦੀ ਜਵਾਨੀ ਸੀ। ਦੂਜੇ ਪਾਸੇ, ਘਰ ਦਾ ਉਦਾਸ ਮਾਹੌਲ ਸੀ। ਕਦੀ-ਕਦੀ ਬਲਜੀਤ ਵੀ ਆਪਣੀ ਮਾਂ ਕੋਲ ਬੜੇ ਵੈਰਾਗ ਵਾਲੀਆਂ ਗੱਲਾਂ ਕਰਦੀ। ਬਲਜੀਤ ਕੌਰ ਦੀਆਂ ਵੈਰਾਗ ਵਾਲੀਆਂ ਗੱਲਾਂ ਸੁਣ ਕੇ ਮਾਂ ਪ੍ਰਤਾਪ ਕੌਰ ਅੰਦਰੋ-ਅੰਦਰੀ ਘਬਰਾਈ ਹੋਈ ਸੀ। ਉਸ ਨੇ ਗੋਲੀਆਂ ਨੂੰ ਉਚੇਚੀ ਹਦਾਇਤ ਕੀਤੀ ਕਿ ਬਲਜੀਤ ਕੌਰ ਦੇ ਸਾਹਮਣੇ ਕਿਸੇ ਤਰ੍ਹਾਂ ਦੇ ਸੋਗ ਦੀ ਗੱਲ ਨਾ ਕੀਤੀ ਜਾਵੇ ਤੇ ਨਾ ਹੀ ਸ਼ਾਦੀ ਵਰਗੀ ਗੱਲ ਦੀ ਜ਼ਿੰਮੇਵਾਰੀ ਨੂੰ ਬਿਆਨ ਕੀਤਾ ਜਾਵੇ। ਉਹ ਬਲਜੀਤ ਕੌਰ ਨੂੰ ਹਰ ਤਰ੍ਹਾਂ ਖੁਸ਼ ਰੱਖਣਾ ਚਾਹੁੰਦੀ ਸੀ।

ਇਕ ਦਿਨ ਸ਼ਾਮ ਦੀ ਗੱਲ ਹੈ। ਉਹ ਆਪਣੀਆਂ ਨੌਕਰਾਣੀਆਂ ਨਾਲ ਦਰਿਆ ਚਨਾਬ ਦੇ ਕਿਨਾਰੇ ਸੈਰ ਕਰਨ ਗਈ ਹੋਈ ਸੀ। ਉਹਦਾ ਬੜਾ ਹੀ ਜੀਅ ਕੀਤਾ ਕਿ ਉਹ ਦਰਿਆ ਚਨਾਬ ਵਿਚ ਦੂਰ ਤਕ ਤਰ ਕੇ ਜਾਵੇ। ਦਰਿਆ ਦੀਆਂ ਲਹਿਰਾਂ ਨਾਲ ਖੇਡੇ। ਸ਼ਾਂਤ ਚੰਨ ਦੀ ਚਾਨਣੀ ਵਿਚ ਦਰਿਆ ਵਿਚੋਂ ਉਠਦੀਆਂ ਲਹਿਰਾਂ ਨੂੰ ਵੇਖੇ। ਚੜ੍ਹਦੇ ਸੂਰਜ ਦੀਆਂ ਲਾਲ ਕਿਰਨਾਂ ਨਾਲ ਰੰਗਿਆ ਦਰਿਆ ਚਨਾਬ ਦਾ ਪਾਣੀ ਵੇਖੇ। ਖੌਰੂ ਪਾਉਂਦੇ ਦਰਿਆ ਦੀਆਂ ਲਹਿਰਾਂ ਨੂੰ ਪੈਰਾਂ ਹੇਠ ਮਧੋਲ ਸੁੱਟੇ। ਪਰ ਕਿੱਥੇ ? ਉਹ ਕੋਈ ਮੁੰਡਾ ਥੋੜ੍ਹਾ ਸੀ ਕਿ ਦਰਿਆ ਵਿਚ ਖੁੱਲ੍ਹਾ ਨਹਾ ਸਕਦੀ ? ਜੋ ਉਹਨੂੰ ਵੀ ਮੁੰਡਿਆਂ ਵਾਂਗ ਹਰ ਥਾਂ ਉਤੇ ਆਉਣ-ਜਾਣ ਦੀ ਆਜ਼ਾਦੀ ਹੁੰਦੀ ! ਖ਼ਿਆਲ ਆਉਂਦੇ ਹੀ ਉਹ ਮਸੋਸੀ ਗਈ। ਉਸ ਨੂੰ ਨੌਕਰਾਣੀ ਦੇ ਸ਼ਬਦ ਯਾਦ ਆਏ : 'ਸਰਦਾਰਨੀ ਸਾਹਿਬਾਂ ਨੇ ਕਿਹਾ ਹੈ ਕਿ ਬਲਜੀਤ ਕੌਰ ਨੂੰ ਕੋਈ ਵੀ ਖ਼ਤਰੇ ਵਾਲਾ ਕੰਮ ਨਾ ਕਰਨ ਦਿੱਤਾ ਜਾਵੇ।' ਤੇ ਉਹ ਦਰਿਆ ਦੇ ਕਿਨਾਰੇ ਉਤ੍ਰੇ-ਉਤ੍ਰੇ ਹੀ ਨਹਾ ਕੇ ਬਾਹਰ ਨਿਕਲ ਆਈ ਸੀ। ਪਰ ਉਹ ਬਾਰ-ਬਾਰ ਸੋਚਦੀ ਰਹੀ ਮੁੰਡਿਆਂ ਵਾਂਗ ਵਰਤ-ਵਿਹਾਰ ਕਿਉਂ ਨਹੀਂ ਕਰ ਸਕਦੀ ? ਇਨ੍ਹਾਂ ਹੀ ਸੋਚਾਂ ਵਿਚ ਡੁੱਬੀ ਉਹ ਗੋਲੀਆਂ (ਨੌਕਰਾਣੀਆਂ) ਨਾਲ ਘਰ ਵਲ ਪਰਤ ਆਈ।

ਮਹਿਲਾਂ ਵਿਚ ਆਉਂਦੇ ਹੀ ਉਹ ਮਾਂ ਦੇ ਕਮਰੇ ਵਲ ਗਈ। ਮਾਂ ਨੂੰ ਉਥੇ ਨਾ ਵੇਖ ਉਸ ਨੂੰ ਖ਼ਿਆਲ ਆਇਆ, ਮਾਂ ਜੀ ਗੁਰੂ ਗ੍ਰੰਥ ਵਾਲੇ ਕਮਰੇ ਵਿਚ ਹੋਣਗੇ। ਉਹ ਮਹਾਰਾਜ ਦੇ ਕਮਰੇ ਵੱਲ ਗਈ। ਅੱਗੇ ਉਸ ਦੀ ਮਾਤਾ ਹੱਥ ਜੋੜ ਕੇ ਅਰਦਾਸ ਕਰ ਰਹੀ ਸੀ। ਬਲਜੀਤ ਵੀ ਹੱਥ ਜੋੜ ਕੇ ਮਾਂ ਦੇ ਪਿੱਛੇ ਖਲੋ ਕੇ ਅਰਦਾਸ ਸੁਣਨ ਲੱਗੀ। ਤਰਲਿਆਂ ਭਰੀ ਆਵਾਜ਼ ਵਿਚ ਸਰਦਾਰਨੀ ਪ੍ਰਤਾਪ ਕੌਰ ਬੋਲ ਰਹੀ ਸੀ, 'ਹੇ ਦਸਮ ਪਿਤਾ, ਤੁਹਾਡੀ ਦਿੱਤੀ ਕਿਰਪਾਨ ਹੁਣ ਤਕ ਸਾਡੇ ਖ਼ਾਨਦਾਨ ਦੀ ਸ਼ਾਨ ਰਹੀ। ਕੀ ਹੁਣ ਇਹ ਦੁਸ਼ਮਣਾਂ ਦੇ ਹੱਥ ਆ ਜਾਏਗੀ ? ਕੀ ਅਸੀਂ ਮਾਵਾਂ-ਧੀਆਂ ਕਿਸੇ ਹੋਰ ਦੇ ਅਧੀਨ ਹੋ ਕੇ ਰਹਾਂਗੀਆਂ ? ਮੇਰੇ ਦਿਆਲੂ ਪਿਤਾ ਕੋਈ ਰਾਹ ਕੱਢੋ।' ਕਹਿੰਦਿਆਂ ਉਹਦਾ ਗੱਚ ਭਰ ਆਇਆ। ਕਿਰਪਾਨ ਨੂੰ ਚੁੱਕ ਕੇ ਉਹਨੇ ਆਪਣੇ ਮੱਥੇ ਨਾਲ ਛੁਹਾਇਆ ਤੇ ਫਿਰ ਉਥੇ ਹੀ ਰੱਖ ਦਿੱਤਾ। 'ਸੱਚੇ ਪਾਤਸ਼ਾਹ ! ਆਪ ਮਿਹਰ ਕਰੋ...ਮੈਂ ਨਿਮਾਣੀ ਦਾ ਆਸ਼ਾ ਪੂਰਣ ਕਰੋ। ਤੁਹਾਡੇ ਘਰੋਂ ਕੋਈ ਖ਼ਾਲੀ ਨਹੀਂ ਗਿਆ। ਮੈਂ ਭੀ ਨਾ ਜਾਵਾਂ', ਆਦਿ ਜੋਦੜੀਆਂ ਕਰ ਕੇ ਜਦੋਂ ਸਰਦਾਰਨੀ

ਨੇ ਮੱਥਾ ਟੇਕਿਆ ਤਾਂ ਫੌਰਨ ਹੀ ਉਠਣ ਤੋਂ ਬਾਅਦ ਬਲਜੀਤ ਨੂੰ ਖੜ੍ਹੀ ਵੇਖਿਆ । ਮਨ ਹੀ ਮਨ ਤ੍ਰਹਿ ਗਈ ਕਿ ਬਲਜੀਤ ਨੇ ਸਭ ਕੁਝ ਸੁਣ ਲਿਆ ਹੈ । ਸਰਦਾਰਨੀ ਬਲਜੀਤ ਕੌਰ ਜੋ ਹੁਣ ਤਕ ਸਹਿਜ ਭਾਅ ਨਾਲ ਸੁਣ ਰਹੀ ਸੀ, ਨੇ ਹੁਕਮਨਾਮਾ ਵੀ ਪਿਆਰ ਨਾਲ ਸੁਣਿਆ ਤੇ ਵਿਚਾਰ ਮਗਨ ਗੁਰੂ ਮਹਾਰਾਜ ਦੇ ਕਮਰੇ ਵਿਚੋਂ ਬਾਹਰ ਆ ਗਈ । ਸਰਦਾਰਨੀ ਘੋਖਵੀਆਂ ਨਜ਼ਰਾਂ ਨਾਲ ਬਲਜੀਤ ਨੂੰ ਵੇਖਦੀ ਰਹੀ ਤੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਦਾ ਸੁਖ-ਆਸਨ ਕਰਨ ਲੱਗ ਪਈ ।

ਅੱਜ ਸ਼ਾਮੀਂ ਜਦੋਂ ਉਹ ਦਰਿਆ ਦੀ ਸੈਰ ਕਰਨ ਗਈ ਸੀ ਉਦੋਂ ਵੀ ਸੋਚਾਂ ਵਿਚ ਹੀ ਸੀ । ਹੁਣ ਉਹ ਮਾਂ ਦੀ ਅਰਦਾਸ ਸੁਣ ਕੇ ਤਿਲਮਿਲਾ ਉਠੀ ਸੀ । ਉਹ ਆਪਣੀ ਮਾਂ ਦਾ ਦੁਖ ਦੂਰ ਕਰਨਾ ਚਾਹੁੰਦੀ ਸੀ । ਉਹ ਆਪਣੇ ਭਰਾ ਦੀ ਥਾਂ ਲੈਣਾ ਚਾਹੁੰਦੀ ਸੀ । ਉਹ ਚਾਹੁੰਦੀ ਸੀ ਲੋਕੀਂ ਉਹਨੂੰ ਸਰਦਾਰ ਬਘੇਲ ਸਿੰਘ ਦਾ ਪੁੱਤਰ ਸਮਝਣ । ਅੱਜ ਦੀ ਰਾਤ ਉਹਦੇ ਲਈ ਬੜੀ ਜ਼ਾਲਮ ਸੀ । ਅੱਜ ਉਹ ਫ਼ੈਸਲਾ ਕਰ ਲੈਣਾ ਚਾਹੁੰਦੀ ਸੀ, ਜਿਸ ਨਾਲ ਆਪਣੀ ਮਾਂ ਦਾ ਦੁਖ ਮਿਟਾ ਸਕੇ । ਆਪਣੇ ਅਰਮਾਨ ਪੂਰੇ ਕਰ ਸਕੇ । ਆਖ਼ਰ ਉਹਨੂੰ ਇਕ ਤਰਕੀਬ ਸੁੱਝ ਪਈ । ਸਵੇਰੇ ਅੰਮ੍ਰਿਤ ਵੇਲੇ ਮਹਾਰਾਜ ਦਾ ਹੁਕਮਨਾਮਾ ਲੈ ਕੇ ਵੇਖਾਂਗੀ ਜੇ ਹੱਕ ਵਿਚ ਆਇਆ ਤਾਂ ਕਿਰਪਾਨ ਧਾਰਨ ਕਰ ਕੇ ਮਾਂ ਦੇ ਸੁਪਨੇ ਸੱਚੇ ਕਰ ਦਿਆਂਗੀ । ਹੁਣ ਉਸ ਦਾ ਮਨ ਸ਼ਾਂਤ ਸੀ । ਤੇ ਉਹ ਕੀਰਤਨ ਸੋਹਲੇ ਦਾ ਪਾਠ ਕਰ ਕੇ ਸ਼ਾਂਤੀ ਨਾਲ ਸੌਂ ਗਈ ।

3

ਬਲਜੀਤ ਕੌਰ ਧਾਰਮਿਕ ਬਿਰਤੀ ਰੱਖਦੀ ਸੀ । ਉਹ ਤਾਰਿਆਂ ਦੀ ਛਾਵੇਂ ਸੌਂਦੀ ਤੇ ਅੰਮ੍ਰਿਤ ਵੇਲੇ ਜਾਗਦੀ । ਅੱਜ ਵੀ ਰੋਜ਼ ਦੀ ਤਰ੍ਹਾਂ ਉਸ ਨੇ ਅੰਮ੍ਰਿਤ ਵੇਲੇ ਇਸ਼ਨਾਨ ਕੀਤਾ, ਪਾਠ ਕੀਤਾ ਤੇ ਫ਼ਿਰ ਮਹਾਰਾਜ ਦੇ ਕਮਰੇ ਵਿਚ ਚਲੀ ਗਈ । ਉਥੇ ਬੈਠ ਕੇ ਚੰਡੀ ਦੀ ਵਾਰ ਦਾ ਪਾਠ ਕੀਤਾ ਤੇ ਬੜੇ ਹੀ ਉਤਸ਼ਾਹ ਨਾਲ ਅਰਦਾਸ ਕਰ ਕੇ ਗੁਰੂ ਗ੍ਰੰਥ ਸਾਹਿਬ ਦਾ ਹੁਕਮਨਾਮਾ ਲਿਆ । ਹੁਕਮਨਾਮਾ ਸੀ :

ਉਦਮ ਕਰਤ ਅਨੰਦੁ ਭਇਆ ਨਿਰਮਲ ਸੁਖ ਸਾਰੁ ॥
ਜਪੁ ਜਪੁ ਨਾਮ ਗੋਬਿੰਦ ਕਾ ਪੂਰਨ ਬੀਚਾਰ ॥

(ਬਿਲਾਵਲ ਮਹਲਾ 5)

ਪੜ੍ਹਦਿਆਂ-ਪੜ੍ਹਦਿਆਂ ਹੀ ਬਲਜੀਤ ਕੌਰ ਖਿੜ ਉੱਠੀ । ਸ਼ੁਕਰਾਨੇ ਨਾਲ ਉਸ ਦੇ ਹੱਥ ਜੁੜ ਗਏ । ਅੱਖਾਂ ਮੀਟੀਆਂ ਗਈਆਂ । ਅੱਜ ਉਹ ਰਵਾਇਤੀ ਗੱਲਾਂ ਤਿਆਗ ਕੇ ਸਤਿਗੁਰੂ ਪਾਸੋਂ ਮਾਈ ਭਾਗੋ ਵਰਗੀ ਹਿੰਮਤ ਮੰਗ ਰਹੀ ਸੀ । ਮਹਾਰਾਜ ਮੈਨੂੰ ਚੰਡੀ ਵਰਗੀ ਸ਼ਕਤੀ ਬਖਸ਼ਣਾ, ਜਿੱਧਰ ਵੀ ਜਾਵਾਂ 'ਨਿਸ਼ਚੈ ਕਰ ਅਪਨੀ ਜੀਤ ਕਰਉ' ਤੁਕ ਦਾ ਉਚਾਰਨ ਕਰਦੀ ਹੋਈ ਨੇ ਮੱਥਾ ਟੇਕ ਕੇ ਕਿਰਪਾਨ ਚੁੱਕ ਲਈ । ਉਹ ਖ਼ਾਨਦਾਨੀ ਕਿਰਪਾਨ ਜੋ ਦਸਮ ਗੁਰੂ ਦੀ ਬਖ਼ਸ਼ਿਸ਼ ਸੀ । ਜੋ ਬੀਬੀ ਦੇ ਖ਼ਾਨਦਾਨ ਦੀ ਸ਼ਾਨ ਸੀ । ਅੱਜ ਬਲਜੀਤ ਨੇ ਬੀਰ ਬਾਣਾ ਪਾਇਆ, ਕਮਰਕੱਸਾ ਬੱਧਾ ਤੇ ਕਿਰਪਾਨ ਆਪਣੇ ਕਮਰਕੱਸੇ ਵਿਚ ਪਾ ਲਈ । ਅਜੇ ਉਹ ਕਿਰਪਾਨ ਧਾਰਨ ਕਰ ਹੀ ਰਹੀ ਸੀ ਕਿ ਉਸ ਦੀ ਮਾਂ ਗੁਰੂ ਮਹਾਰਾਜ ਦੇ ਕਮਰੇ ਵਿਚ ਆ

ਗਈ ਤੇ ਵੇਖ ਕੇ ਬੋਲੀ, "ਧੀਏ ! ਸ਼ਸਤਰ ਨਾ ਉਠਾ । ਇਹ ਬੜਾ ਔਖਾ ਕੰਮ ਏ । ਕੋਈ ਵਿਰਲਾ ਹੀ ਇਸ ਕੰਮ ਵਿਚ ਨੇਪਰੇ ਚੜ੍ਹਦੈ । ਲਾਹ ਦੇ ਮੇਰੀ ਧੀ ! ਕਿਰਪਾਨ ਮਹਾਰਾਜ ਅੱਗੇ ਰੱਖ ਕੇ ਮੱਥਾ ਟੇਕ ਲੈ ਤੇ ਆਪਣੀ ਭੁੱਲ ਬਖ਼ਸ਼ਵਾ ਲੈ !!"

ਬਲਜੀਤ ਕੌਰ ਮਾਂ ਦੀ ਗੱਲ ਕਿੱਥੋਂ ਮੰਨਦੀ ? ਉਸ ਦਾ ਮਨ ਚੜ੍ਹਦੀ ਕਲਾ ਵਿਚ ਆ ਚੁੱਕਾ ਸੀ । ਉਸ ਦਾ ਚਿਹਰਾ ਭਖ ਰਿਹਾ ਸੀ ਕਿਸੇ ਅਰੀਮੀ ਚਾਅ ਵਿਚ । ਅੱਖਾਂ ਵਿਚ ਲਿਸ਼ਕ ਦਿਸਦੀ ਸੀ ਕਿ ਉਸ ਨੇ ਸਤਿਗੁਰੂ ਦੀ ਕਿਰਪਾ ਨਾਲ ਔਖਾ ਰਾਹ ਚੁਣ ਲਿਆ ਹੈ । ਮਾਂ ਨੂੰ ਉਸ ਨੇ ਬੜੇ ਹੀ ਠਰ੍ਹੰਮੇ ਨਾਲ ਸੰਬੋਧਨ ਕੀਤਾ, "ਮਾਂ ਜੀ, ਸਤਿਗੁਰੂ ਨੇ ਆਪ ਆਪਣਾ ਹੁਕਮ ਸੁਣਾਇਆ ਹੈ । ਉੱਦਮ ਕਰਨ ਦੀ ਪ੍ਰੇਰਨਾ ਦਿੱਤੀ ਹੈ । ਤੁਸੀਂ ਚਿੰਤਾ ਨਾ ਕਰੋ । ਮੈਨੂੰ ਆਪਣਾ ਪੁੱਤਰ ਸਮਝੋ ।" ਆਖਦਿਆਂ ਉਸ ਦੇ ਬੁੱਲ੍ਹ ਫਰਕਣ ਲੱਗ ਪਏ । ਹੁਣੇ-ਹੁਣੇ ਜੋ ਸ਼ਾਂਤ ਖਲੋਤੀ ਸੀ ਜੋਸ਼ ਨਾਲ ਕੰਬਣ ਲੱਗ ਪਈ । ਮਾਂ ਨੇ ਧੀ ਦਾ ਅਜਿਹਾ ਰੂਪ ਪਹਿਲੀ ਵਾਰ ਵੇਖਿਆ ਸੀ । ਅਚੰਭੇ ਤੇ ਹੈਰਾਨੀ ਨਾਲ ਅਡੋਲ ਖਲੋਤੀ ਰਹੀ । ਉਹਨੂੰ ਜਾਪਿਆ ਪਲ ਵਿਚ ਹੀ ਬਾਲੜੀ ਬਲਜੀਤ ਕੌਰ ਗੱਭਰੂ ਬਲਜੀਤ ਸਿੰਘ ਬਣ ਗਿਆ ਹੈ । ਸੁੰਦਰ, ਜਵਾਨ, ਜੁਸ਼ੀਲਾ ਤੇ ਹੋਣਹਾਰ ਪੁੱਤਰ । ਮੰਤਰ-ਮੁਗਧ ਵੇਖ ਰਹੀ ਮਾਂ ਦਾ ਹੱਥ ਬਲਜੀਤ ਕੌਰ ਨੇ ਫੜ ਕੇ ਹਿਲਾਇਆ : "ਮਾਂ ਮੈਨੂੰ ਸ਼ਸਤਰ ਸਜਾਉ । ਆਪਣੇ ਰਾਜ ਦੀ ਰਾਖੀ ਲਈ ਤਿਆਰ ਕਰੋ । ਮਾਂ ਤੂੰ ਸਿੰਘਣੀ ਹੈਂ, ਕੋਈ ਅਬਲਾ ਨਹੀਂ, ਜੋ ਚੁੱਪ ਕਰ ਕੇ ਬੈਠੀ ਰਹੇਂਗੀ ।" ਸਰਦਾਰਨੀ ਨੇ ਧੀ ਦੇ ਬੋਲ ਸੁਣੇ ਜਿਵੇਂ ਨੀਂਦਰ ਵਿਚੋਂ ਜਾਗ ਪਈ ਹੋਵੇ । ਉਸ ਨੇ ਆਪਣੀ ਬੱਚੀ ਵਿਚੋਂ ਪਤੀ ਦੀ ਝਲਕ ਵੇਖੀ । ਉਹੀ ਪਿਤਾ ਵਾਲੀ ਨੁਹਾਰ... ਉਹਨੂੰ ਲੱਗਿਆ ਜਿਵੇਂ ਉਹਦੇ ਸਵਰਗਾਵਾਸੀ ਪਤੀ ਵੀ ਬੱਚੀ ਦੇ ਇਸ ਫ਼ੈਸਲੇ ਉੱਪਰ ਪ੍ਰਸੰਨ ਹੋਏ ਹਨ ।

ਅੱਜ ਬਲਜੀਤ ਕੌਰ ਦਾ ਲਿਬਾਸ ਬਹਾਦਰਾਂ ਵਾਲਾ ਸੀ । ਉਸ ਨੇ ਸ਼ਸਤਰ ਲਾਏ । ਸਿਰ 'ਤੇ ਚੱਕਰ ਸਜਾਇਆ । ਚੂੜੀਦਾਰ ਪਜਾਮੇ ਉੱਪਰ ਚੋਗਾ ਪਾਇਆ । ਤਿਆਰ ਹੋ ਕੇ ਆਪਣੇ ਰਾਜ ਨੂੰ ਵੇਖਣ ਜਾਣ ਲਈ ਖਲੋਤੀ ਹੀ ਸੀ ਕਿ ਸ. ਲਛਮਣ ਸਿੰਘ ਜੋ ਉਸ ਦੇ ਪਿਤਾ ਦੇ ਦੋਸਤ ਸਨ ਤੇ ਉਸ ਦੇ ਪਿਤਾ ਦੀ ਮੌਤ ਤੋਂ ਬਾਅਦ ਸਿੰਘਾਂਵਾਲੇ ਕਿਲ੍ਹੇ ਦੀ ਰਾਖੀ ਕਰਦੇ ਰਹੇ ਸੀ, ਬਲਜੀਤ ਕੌਰ ਨੂੰ ਬੀਰ ਲਿਬਾਸ ਵਿਚ ਵੇਖ ਕੇ ਖੁਸ਼ੀ ਨਾਲ ਉਛਲ ਪਏ । "ਪੁੱਤਰੀ !" ਆਖਦਿਆਂ ਜਿਵੇਂ ਹੀ ਉਸ ਨੇ ਬਲਜੀਤ ਕੌਰ ਦੀ ਕੰਡ 'ਤੇ ਹੱਥ ਫੇਰਿਆ ਉਸ ਦਾ ਗੱਚ ਭਰ ਆਇਆ । ਉਸ ਦੇ ਸਾਹਮਣੇ ਉਸ ਦੇ ਦੋਸਤ ਸ. ਬਘੇਲ ਸਿੰਘ ਦਾ ਸਰੂਪ ਸੀ । ਉਸ ਨੂੰ ਬਘੇਲ ਸਿੰਘ ਦਾ ਮੂੰਹ ਬਲਜੀਤ ਕੌਰ ਵਿਚੋਂ ਦਿਸਿਆ । ਪਿਆਰ ਨਾਲ ਬਲਜੀਤ ਕੌਰ ਦੀ ਕੰਡ ਉਤੇ ਕਿੰਨਾ ਚਿਰ ਹੱਥ ਫੇਰਦੇ ਰਹੇ । "ਧੀਏ ! ਤੇਰਾ ਅਕਾਲ ਪੁਰਖ ਸਹਾਈ ਹੋਵੇਗਾ । ਤੇਰੀ ਰੱਖਿਆ ਕਲਗੀਆਂ ਵਾਲਾ ਕਰੇਗਾ । ਬੱਚੀਏ ! ਅੱਜ ਮੇਰੀ ਇਕ ਗੱਲ ਪੱਲੇ ਬੰਨ੍ਹ ਲੈ । ਮਿਆਨ ਵਿਚੋਂ ਤਲਵਾਰ ਬਾਹਰ ਕੱਢਣ ਲੱਗਿਆਂ ਕਾਹਲੀ ਨਾ ਕਰੀਂ ।" ਏਨੇ ਵਿਚ ਇਕ ਚੰਗਾ ਅਰਬੀ ਘੋੜਾ ਸਾਹਮਣੇ ਆ ਗਿਆ । ਉਸ ਉੱਪਰ ਉਹੀ ਕਾਠੀ ਪਾਈ ਗਈ ਜੋ ਉਸ ਦੇ ਪਿਤਾ ਆਪਣੇ ਘੋੜੇ ਉੱਪਰ ਪਾਇਆ ਕਰਦੇ ਸਨ । ਵੀਹ ਕੁ ਜਵਾਨਾਂ ਦਾ ਦਸਤਾ ਵੀ ਉਸ ਦੇ ਨਾਲ ਦੌੜੇ 'ਤੇ ਜਾ ਰਿਹਾ ਸੀ ।

ਸ. ਲਛਮਣ ਸਿੰਘ ਸ. ਬਘੇਲ ਸਿੰਘ ਦਾ ਵਫ਼ਾਦਾਰ ਤੇ ਨੇਕਨੀਅਤ ਦੋਸਤ ਸੀ। ਚਾਹੁੰਦਾ ਤਾਂ ਬਘੇਲ ਸਿੰਘ ਦੀ ਮੌਤ ਤੋਂ ਬਾਅਦ 'ਸਿੰਘਾਂਵਾਲੇ' ਉੱਪਰ ਕਬਜ਼ਾ ਕਰ ਲੈਂਦਾ ਪਰ ਉਸ ਨੇ ਅਜਿਹਾ ਨਹੀਂ ਕੀਤਾ। ਨੀਤੀਵਾਨ ਲਛਮਣ ਸਿੰਘ ਨੇ ਇਕ ਨੌਜਵਾਨ ਸ਼ਮਸ਼ੇਰ ਸਿੰਘ ਜੋ ਸ. ਬਘੇਲ ਸਿੰਘ ਦੇ ਇਕ ਸੈਨਿਕ ਦਾ ਲੜਕਾ ਸੀ, ਨੂੰ ਬਲਜੀਤ ਕੌਰ ਦਾ ਸੈਨਾਪਤੀ (ਅੰਗ-ਰੱਖਿਅਕ) ਬਣਾ ਕੇ ਨਾਲ ਭੇਜਿਆ। ਇਹ ਨਿਰਾ ਸੈਨਾਪਤੀ ਹੀ ਨਹੀਂ ਸੀ ਸਗੋਂ ਬਲਜੀਤ ਕੌਰ ਦਾ ਗਾਈਡ ਵੀ ਸੀ। ਇਹ ਸਾਰੇ ਰਾਜ ਦੀਆਂ ਹੱਦਾਂ-ਬੰਨੇ ਵੀ ਜਾਣਦਾ ਸੀ।

ਅੱਜ ਬੀਰ ਪੁੱਤਰੀ ਬਲਜੀਤ ਕੌਰ ਸਿੰਘਾਂਵਾਲੇ ਦੇ ਕਿਲ੍ਹੇ ਵਿਚੋਂ ਵੀਹ ਜਵਾਨਾਂ ਦਾ ਦਸਤਾ ਲੈ ਕੇ ਆਪਣੇ ਰਾਜ ਦਾ ਦੌਰਾ ਕਰਨ ਲਈ ਨਿਕਲੀ। ਵੇਖਣ ਵਾਲੇ ਹੈਰਾਨ ਸਨ। ਇਹ ਲੜਕੀ ਬੀਰ ਬਾਣੇ ਵਿਚ ਕਿਤਨੀ ਸਜਦੀ ਏ। ਕਿੰਨੀ ਪ੍ਰਭਾਵਸ਼ਾਲੀ ਏ। ਅੱਗੇ-ਅੱਗੇ ਬਲਜੀਤ ਕੌਰ ਸੀ, ਉਸ ਦੇ ਪਿੱਛੇ-ਪਿੱਛੇ ਸ਼ਮਸ਼ੇਰ ਸਿੰਘ ਤੇ ਉਸ ਦੇ ਪਿੱਛੇ ਬਾਕੀ ਦੇ ਜਵਾਨ। ਬਲਜੀਤ ਕੌਰ ਨੇ ਹਾਕਮਾਨਾ ਲਹਿਜੇ ਵਿਚ ਆਵਾਜ਼ ਦਿੱਤੀ, "ਸ਼ਮਸ਼ੇਰ ਸਿੰਘ ! ਘੋੜਾ ਅੱਗੇ ਲੈ ਆਉ।" ਸ਼ਮਸ਼ੇਰ ਸਿੰਘ ਨੇ ਘੋੜਾ ਬਲਜੀਤ ਕੌਰ ਦੇ ਬਰਾਬਰ ਕਰ ਲਿਆ। "ਕਿਸ ਪਿੰਡ ਦੀ ਫ਼ਰਿਆਦ ਹੈ ?" ਬਲਜੀਤ ਕੌਰ ਨੇ ਪੁੱਛਿਆ। "ਖੇਮਪੁਰ ਦੇ ਜੱਟਾਂ ਦੀ ਹੈ।" ਸ਼ਮਸ਼ੇਰ ਨੇ ਦੱਸਿਆ। "ਕੀ ?" ਬਲਜੀਤ ਕੌਰ ਨੇ ਉਤਸੁਕਤਾ ਨਾਲ ਪੁੱਛਿਆ। "ਖੇਮਕਰਨ ਦੇ ਲਾਗੇ ਇਕ ਭਾਰੀ ਰੱਖ (ਦਰਖ਼ਤਾਂ) ਦਾ ਝੁੰਡ ਹੈ। ਉਥੇ ਡਾਕੂ ਰਹਿੰਦੇ ਹਨ। ਉਹ ਵੇਲੇ-ਕੁਵੇਲੇ ਪਿੰਡ ਵਾਲਿਆਂ ਦਾ ਨੁਕਸਾਨ ਕਰਦੇ ਹਨ।" ਸ਼ਮਸ਼ੇਰ ਅਜੇ ਦੱਸ ਰਿਹਾ ਸੀ ਕਿ ਬਲਜੀਤ ਕੌਰ ਵਿਚੋਂ ਹੀ ਗੱਲ ਟੁੱਕ ਕੇ ਪੁੱਛਣ ਲੱਗੀ, "ਕਿੰਨੇ ਕੁ ਹਨ ?" "ਕੋਈ ਪੰਦਰਾਂ-ਵੀਹ ਜਣੇ ਹੋਣਗੇ।" ਸ਼ਮਸ਼ੇਰ ਨੇ ਦੱਸਿਆ। "ਇਥੋਂ ਕਿੰਨੀ ਕੁ ਦੂਰ ਹੈ ?" ਬਲਜੀਤ ਕੌਰ ਨੇ ਪ੍ਰਸ਼ਨ ਕੀਤਾ। "ਕੋਈ ਪੰਜ-ਛੇ ਕੋਹ" ਸ਼ਮਸ਼ੇਰ ਸਿੰਘ ਨੇ ਉੱਤਰ ਦਿੱਤਾ। ਪਹਿਲੇ ਵਕਤਾਂ ਵਿਚ ਫ਼ਾਸਲੇ ਦੇ ਨਾਪ ਦੇ ਪੈਮਾਨੇ ਦਾ ਨਾਮ ਕੋਹ ਹੁੰਦਾ ਸੀ, ਜਿਵੇਂ ਅੱਜ ਕਿਲੋਮੀਟਰ ਹੈ। "ਚਲੋ ਫਿਰ ਦੌਰਾ ਉਧੱਰੋਂ ਹੀ ਸ਼ੁਰੂ ਕਰਦੇ ਹਾਂ।" ਬਲਜੀਤ ਕੌਰ ਨੇ ਹਾਕਮਾਨਾ ਅੰਦਾਜ਼ ਵਿਚ ਕਿਹਾ। "ਜੀ ਸਰਕਾਰ !" ਸ਼ਮਸ਼ੇਰ ਸਿੰਘ ਬੋਲਿਆ।

ਹੁਣ ਸਾਰੇ ਚੁੱਪਚਾਪ ਜਾ ਰਹੇ ਸਨ। ਹਰੇ-ਹਰੇ ਖੇਤ ਚੁੰਗੀਆਂ ਭਰਦੇ ਹਿਰਨ, ਚਹਿਕਦੇ ਪੰਛੀ, ਵਾਤਾਵਰਣ ਵਿਚ ਇਕ ਛੋਟਾ ਜਿਹਾ ਦਸਤਾ ਖ਼ਾਮੋਸ਼ੀ ਨਾਲ ਤੁਰਿਆ ਜਾ ਰਿਹਾ ਸੀ। ਸ਼ਮਸ਼ੇਰ ਸਿੰਘ ਨੇ ਖ਼ਾਮੋਸ਼ੀ ਨੂੰ ਤੋੜਦਿਆਂ ਬਲਜੀਤ ਕੌਰ ਨੂੰ ਦੱਸਿਆ, "ਇਹ ਸਾਹਮਣੀ ਵੱਸੋਂ ਆਪਣੇ ਹੀ ਰਾਜ ਵਿਚ ਹੈ।" "ਕੀ ਨਾਮ ਹੈ ਇਸ ਦਾ ?" ਬਲਜੀਤ ਕੌਰ ਨੇ ਪੁੱਛਿਆ। "ਅਕਾਲ ਗੜ੍ਹ।" ਸ਼ਮਸ਼ੇਰ ਸਿੰਘ ਨੇ ਦੱਸਿਆ। "ਇਸ ਤੋਂ ਪਹਿਲਾਂ ਇਸ ਨੂੰ ਅਲੀਗੜ੍ਹ ਕਹਿੰਦੇ ਸਨ। ਪਰ ਸਰਦਾਰ ਜੀ ਨੇ ਇਸ ਦਾ ਨਾਮ ਅਕਾਲ ਗੜ੍ਹ ਰੱਖਿਆ ਸੀ।" ਘੋੜੇ ਆਪਣੀ ਚਾਲ ਤੁਰੇ ਜਾ ਰਹੇ ਸਨ। ਪਿੰਡ ਦੇ ਬਾਹਰਵਾਰ ਇਕ ਵੱਡਾ ਸੰਘਣਾ ਪਿੱਪਲ ਸੀ। ਉਸ ਦੇ ਹੇਠਾਂ ਪਿੰਡ ਦੇ ਮੁਖੀਏ ਬੈਠੇ ਸਨ। ਓਪਰੇ ਬੰਦਿਆਂ ਨੂੰ ਆਪਣੇ ਵੱਲ ਆਉਂਦਿਆਂ ਤੱਕ ਕੇ ਇਹ ਉਠ ਖਲੋਤੇ। ਇੰਨੇ ਨੂੰ ਇਹ ਦਸਤਾ ਨੇੜੇ ਪੁੱਜ ਗਿਆ। ਸ਼ਮਸ਼ੇਰ ਸਿੰਘ ਨੇ ਘੋੜੇ ਉਤੋਂ ਉਤਰ ਕੇ ਬਜ਼ੁਰਗ ਨੂੰ ਦੱਸਿਆ "ਇਹ ਬੀਬੀ ਬਲਜੀਤ ਕੌਰ

ਸ. ਬਘੇਲ ਦੀ ਲੜਕੀ ਹੈ। ਜੇ ਤੁਹਾਡੀ ਕੋਈ ਸ਼ਿਕਾਇਤ ਹੈ ਤਾਂ ਬੀਬੀ ਜੀ ਨੂੰ ਕਹੋ।" ਬਜ਼ੁਰਗ ਨੇ ਮਿੰਨਤ ਤੇ ਅਦਬ ਨਾਲ ਬੀਬੀ ਨੂੰ ਫਤਹਿ ਬੁਲਾਈ ਤੇ ਕਾਹਲੀ ਨਾਲ ਤੁਰਨ ਲੱਗਾ। "ਤੁਸੀਂ ਰੁਕੋ, ਅਸੀਂ ਨਜ਼ਰਾਨਾ ਲੈ ਕੇ ਆਏ।" ਗੱਲ ਸੁਣ ਕੇ ਬੀਬੀ ਨੇ ਹਲੀਮੀ ਨਾਲ ਕਿਹਾ, "ਮੈਂ ਤੁਹਾਡੇ ਦਰਸ਼ਨ ਕਰਨ ਆਈ ਹਾਂ, ਨਜ਼ਰਾਨਾ ਲੈਣ ਨਹੀਂ। ਇਹ ਆਪਣੇ ਸਾਰਿਆਂ ਦਾ ਰਾਜ ਹੈ। ਆਪਾਂ ਸਾਰੇ ਇਸ ਦੇ ਰਾਖੇ ਹਾਂ।" ਜਿਸ ਦਾਨਾਈ ਨਾਲ ਬੀਬੀ ਨੇ ਇਹ ਸ਼ਬਦ ਆਖੇ, ਸੁਣਨ ਵਾਲੇ ਸਾਰਿਆਂ ਦੇ ਚਿਹਰੇ ਉਤੇ ਅਪਣੱਤ ਦੇ ਭਾਵ ਆ ਗਏ। ਕੁਝ ਦੇਰ ਗੱਲਾਂ ਕਰਨ ਤੋਂ ਬਾਅਦ ਬੀਬੀ ਨੇ ਖੁਸ਼ੀ-ਖੁਸ਼ੀ ਬਜ਼ੁਰਗਾਂ ਤੋਂ ਵਿਦਾ ਲਈ ਤੇ ਘੋੜੇ ਉਤੇ ਸਵਾਰ ਹੋ ਕੇ ਚਲ ਪਈ। ਬੀਬੀ ਹੁਣ ਤੇਜ਼ ਨਾਲ ਉਸ ਰੱਖ ਕੋਲ ਪੁੱਜੀ। ਜਵਾਨਾਂ ਨੇ ਰੱਖ ਨੂੰ ਘੇਰਾ ਪਾ ਕੇ ਲਲਕਾਰਿਆ। ਡਾਕੂ ਵੀ ਸਾਹਮਣੇ ਆ ਗਏ। ਅੱਧੇ ਕੁ ਘੰਟੇ ਦੀ ਲੜਾਈ ਬਾਅਦ ਡਾਕੂਆਂ ਦਾ ਸਰਦਾਰ ਮਾਰਿਆ ਗਿਆ ਤੇ ਬਾਕੀ ਬਚਦਿਆਂ ਨੇ ਆਪਣਾ ਆਪ ਬੀਬੀ ਅੱਗੇ ਸਮਰਪਿਤ ਕਰ ਦਿੱਤਾ। ਜਿੱਤ ਦੇ ਜੈਕਾਰੇ ਗਜਾਉਂਦੀ ਬੀਬੀ ਸ਼ਾਮ ਨੂੰ ਆਪਣੇ ਫ਼ੌਜੀ ਦਸਤੇ ਸਮੇਤ ਸਿੰਘਾਂਵਾਲੇ ਕਿਲ੍ਹੇ ਵਿਚ ਦਾਖਲ ਹੋਈ। ਰਾਤ ਨੂੰ ਖੁਸ਼ੀ ਵਿਚ ਦੀਪਮਾਲਾ ਕੀਤੀ ਗਈ। ਮਹਿਲਾਂ ਦੇ ਸੋਗੀ ਮਾਹੌਲ ਵਿਚ ਤਬਦੀਲੀ ਆਈ। ਸਰਦਾਰਨੀ ਪ੍ਰਤਾਪ ਕੌਰ ਖੁਸ਼ੀ ਭਰੀ ਹੈਰਾਨੀ ਨਾਲੇ ਧੀ ਤੋਂ ਬਲਿਹਾਰੇ-ਬਲਿਹਾਰੇ ਜਾ ਰਹੀ ਸੀ।

5

ਬਲਜੀਤ ਕੌਰ ਨੇ ਜਦੋਂ ਰਾਜ-ਪ੍ਰਬੰਧ ਸੰਭਾਲਿਆ ਸੀ ਉਦੋਂ ਪੰਜਾਬ ਦਾ ਵਾਤਾਵਰਣ ਬਹੁਤ ਅਨੋਖਾ ਸੀ। ਅਹਿਮਦਸ਼ਾਹ ਅਬਦਾਲੀ ਦੇ ਪਿੱਛੋਂ ਉਸ ਦਾ ਪੁੱਤਰ ਤੈਮੂਰ ਵੀ ਕੁਝ ਚਿਰ ਰਾਜ ਕਰ ਕੇ ਮਰ ਗਿਆ ਸੀ। ਅੱਜਕਲ੍ਹ ਸ਼ਾਹਜ਼ਮਾਨ ਜੋ ਅਬਦਾਲੀ ਦਾ ਪੋਤਰਾ ਸੀ, ਕਾਬਲ ਦਾ ਬਾਦਸ਼ਾਹ ਸੀ। ਉਸ ਦੀ ਨੀਅਤ ਪੰਜਾਬ ਨੂੰ ਕਾਬਲ ਦਾ ਸੂਬਾ ਬਣਾ ਕੇ ਰੱਖਣ ਦੀ ਸੀ। ਦੂਜੇ ਪਾਸੇ ਅਟਕ ਤੋਂ ਲੈ ਕੇ ਦਰਿਆ ਜਮਨਾ ਤਕ ਦਾ ਸਾਰਾ ਇਲਾਕਾ ਪੰਜਾਬ ਅਖਵਾਉਂਦਾ ਸੀ। ਇਥੇ ਸਿੱਖ ਸਰਦਾਰਾਂ ਦੀਆਂ ਬਾਰਾਂ ਮਿਸਲਾਂ ਦਾ ਰਾਜ ਸੀ। ਉਹ ਆਪਣੇ ਰਾਜ ਦੀਆਂ ਹੱਦਾਂ ਵਧਾਉਣ ਦੇ ਤਾਂ ਚਾਹਵਾਨ ਸੀ। ਸਾਧਾਰਨ ਜਨਤਾ ਉਨ੍ਹਾਂ ਉੱਪਰ ਖੁਸ਼ ਸੀ। ਉਹ ਸੁਖੀ ਵੀ ਸੀ ਤੇ ਸੰਤੁਸ਼ਟ ਵੀ। ਪਰ ਕਈ ਥਾਂਈਂ ਸਿੱਖ ਸਰਦਾਰ ਇਕ-ਦੂਜੇ ਤੋਂ ਵੱਡਾ ਬਣਨਾ ਚਾਹੁੰਦੇ ਸਨ। ਇਸੇ ਲੋਚਾ ਅਧੀਨ ਉਹ ਇਕ ਦੂਜੇ ਨਾਲ ਲੜਦੇ ਵੀ ਸਨ। ਇਕ ਦੂਜੇ ਦਾ ਇਲਾਕਾ ਵੀ ਖੋਂਹਦੇ ਜਾਂ ਹਥਿਆ ਲੈਂਦੇ ਸਨ।

ਸ. ਬਘੇਲ ਸਿੰਘ ਦੀ ਮੌਤ ਤੋਂ ਬਾਅਦ ਸਿੰਘਾਂਵਾਲੇ ਉੱਪਰ ਗੁਆਂਢੀ ਰਾਜਾਂ ਦੀ ਨਜ਼ਰ ਵਧੇਰੇ ਕਰ ਕੇ ਪਈ। ਦਰਿਆ ਚਨਾਬ ਦੇ ਇਕ ਕੰਢੇ ਸਿੰਘਾਂਵਾਲਾ ਆਬਾਦੀ ਸੀ ਤੇ ਦੂਜੇ ਕੰਢੇ ਰਣਜੀਤਪੁਰਾ। ਰਣਜੀਤਪੁਰਾ ਨਗਰ ਦਾ ਸਰਦਾਰ ਲਹਿਣਾ ਸਿੰਘ ਸੀ ਜੋ ਬਘੇਲ ਸਿੰਘ ਦਾ ਚੰਗਾ ਮਿੱਤਰ ਰਿਹਾ ਸੀ। ਇਹ ਬੜਾ ਦਿਆਨਤਦਾਰ ਤੇ ਵਫ਼ਾਦਾਰ ਸੀ। ਪਰ ਸ. ਲਹਿਣਾ ਸਿੰਘ ਦੇ ਪੁੱਤਰ ਬਹਾਦਰ ਸਿੰਘ ਦੀ ਨੀਅਤ ਸਿੰਘਾਂਵਾਲੇ ਦੇ ਰਾਜ ਉੱਪਰ ਬਦ ਹੋ ਗਈ ਸੀ। ਬਹਾਦਰ ਸਿੰਘ ਨਾਲੇ ਤਾਂ ਸਿੰਘਾਂਵਾਲੇ ਉੱਪਰ ਕਬਜ਼ਾ ਕਰਨਾ ਚਾਹੁੰਦਾ ਸੀ, ਤੇ ਦੂਜਾ, ਬਲਜੀਤ ਕੌਰ ਨਾਲ ਸ਼ਾਦੀ ਕਰਵਾਉਣਾ ਚਾਹੁੰਦਾ ਸੀ ਜਿਸ ਦਾ ਅਰਥ ਇਹ ਸੀ

ਕਿ ਬਹਾਦਰ ਸਿੰਘ ਸਿੰਘਾਂਵਾਲੇ ਦੇ ਪੂਰੇ ਇਲਾਕੇ ਦਾ ਮਾਲਕ ਆਪ ਬਣਨਾ ਚਾਹੁੰਦਾ ਸੀ। ਇਸ ਗੱਲ ਦੀ ਸੂਹ ਜਦੋਂ ਸ. ਲਹਿਣਾ ਸਿੰਘ ਨੂੰ ਲੱਗੀ ਤਾਂ ਉਹ ਪੁੱਤਰ ਨਾਲ ਬਹੁਤ ਖ਼ਫ਼ਾ ਹੋਏ। ਪਰ ਬਹਾਦਰ ਸਿੰਘ ਗੁਸਤਾਖ਼ ਵੀ ਸੀ ਤੇ ਲਾਲਚੀ ਵੀ। ਉਸ ਨੂੰ ਜਿਵੇਂ ਹੀ ਇਹ ਸਮਝ ਆਈ ਕਿ ਉਸ ਦਾ ਪਿਤਾ ਉਸ ਦੇ ਇਰਾਦਿਆਂ ਨੂੰ ਸਿਰੇ ਨਹੀਂ ਚੜ੍ਹਨ ਦੇਵੇਗਾ, ਉਸ ਨੇ ਝਟ ਹੀ ਆਪਣੇ ਬਜ਼ੁਰਗ ਪਿਤਾ ਨੂੰ ਕੈਦ ਕਰ ਲਿਆ ਤਾਂ ਜੋ ਉਹ ਉਸ ਦੀ ਬਦਨੀਅਤੀ ਵਿਚ ਕਿਸੇ ਤਰ੍ਹਾਂ ਵਿਘਨ ਨਾ ਪਾ ਸਕੇ। ਜਾਂ ਇਉਂ ਕਹੋ ਕਿ ਸਿੰਘਾਂਵਾਲੇ ਉਪਰ ਕਬਜ਼ਾ ਕਰਨ ਵਿਚ ਕੋਈ ਰੁਕਾਵਟ ਨਾ ਪਵੇ।

ਦੂਜੇ ਪਾਸੇ, ਸ. ਲਹਿਣਾ ਸਿੰਘ ਧਰਮੀ ਬੰਦਾ ਸੀ ਤੇ ਨਾਲੇ ਸ. ਬਘੇਲ ਸਿੰਘ ਦਾ ਦੋਸਤ ਵੀ ਸੀ। ਉਹ ਦੋਸਤੀ ਨੂੰ ਲਾਜ ਨਹੀਂ ਸੀ ਲੁਆਉਣਾ ਚਾਹੁੰਦਾ। ਪੁੱਤਰ ਭਾਵੇਂ ਉਸ ਦਾ ਵੈਰੀ ਬਣ ਗਿਆ ਸੀ। ਪਰ ਵੇਖੋ ਰੱਬ ਦਾ ਭਾਣਾ! ਸ. ਲਹਿਣਾ ਸਿੰਘ ਆਪਣੇ ਹੀ ਕਿਲ੍ਹੇ ਵਿਚ ਆਪਣੇ ਪੁੱਤਰ ਦਾ ਕੈਦੀ ਬਣਿਆ ਪਿਆ ਸੀ। ਸ. ਲਹਿਣਾ ਸਿੰਘ ਨੂੰ ਪੁੱਤਰ ਦੀ ਕੈਦ ਵਿਚ ਪਿਆ ਵੇਖ ਕੇ ਉਸ ਦੇ ਇਕ ਪੁਰਾਣੇ ਸੇਵਕ ਨੇ ਉਸ ਦੀ ਮਦਦ ਕੀਤੀ। ਸਮੇਂ ਦੇ ਰੰਗ ਸ. ਲਹਿਣਾ ਸਿੰਘ ਆਪਣੇ ਹੀ ਕਿਲ੍ਹੇ ਵਿਚੋਂ ਕੈਦੀ ਦੀ ਹੈਸੀਅਤ ਵਿਚ ਭੱਜ ਨਿਕਲਿਆ। ਉਸ ਦੇ ਸੇਵਕ ਨੇ ਉਸ ਲਈ ਕਿਲ੍ਹੇ ਦੀ ਚਾਰਦੀਵਾਰੀ ਕੋਲ ਇਕ ਚੰਗਾ ਘੋੜਾ ਤਿਆਰ ਰੱਖਿਆ ਹੋਇਆ ਸੀ। ਕਿਲ੍ਹੇ ਦਾ ਬੂਹਾ ਖੋਲ੍ਹ ਕੇ ਸ. ਲਹਿਣਾ ਸਿੰਘ ਨੂੰ ਘੋੜੇ ਉੱਪਰ ਬਿਠਾ ਕੇ ਉਹ ਸਿੰਘਾਂਵਾਲੇ ਵਲ ਚਲ ਪਿਆ। ਦਰਿਆ ਚਨਾਬ ਦੇ ਇਕ ਕੰਢੇ ਤੋਂ ਦੂਜੇ ਕੰਢੇ ਤਰ ਕੇ ਹੀ ਜਾਇਆ ਜਾ ਸਕਦਾ ਸੀ। ਇਧਰੋਂ ਰੱਬ ਦੀ ਕਰਨੀ, ਦਰਿਆ ਚਨਾਬ ਵਿਚ ਹੜ੍ਹ ਆਇਆ ਹੋਇਆ ਸੀ। ਸ. ਲਹਿਣਾ ਸਿੰਘ ਦਾ ਸੇਵਕ ਸਰਦਾਰ ਨੂੰ ਬਚਾਂਦੇ-ਬਚਾਂਦੇ ਆਪ ਹੀ ਦਰਿਆ ਚਨਾਬ ਵਿਚ ਡੁੱਬ ਮੋਇਆ। ਘੋੜਾ ਵੀ ਹੜ੍ਹ ਦੀ ਭੇਂਟ ਹੋ ਗਿਆ। ਬੁੱਢਾ ਸ. ਲਹਿਣਾ ਸਿੰਘ ਵੀ ਕਿਨਾਰੇ ਲੱਗਣ ਤੋਂ ਪਹਿਲਾਂ ਹੀ ਦਰਿਆ ਵਿਚ ਬੇਹੋਸ਼ ਹੋ ਗਿਆ ਤੇ ਕੁਦਰਤੀ ਇਕ ਵੱਡੀ ਸਾਰੀ ਛੱਲ ਨੇ ਸ. ਲਹਿਣਾ ਸਿੰਘ ਦੇ ਸਰੀਰ ਨੂੰ ਬਾਹਰ ਕੰਢੇ ਉਤੇ ਵਗਾਹ ਮਾਰਿਆ।

ਬਲਜੀਤ ਕੌਰ ਹੁਣ ਕੇਵਲ ਰਾਜ-ਪ੍ਰਬੰਧ ਹੀ ਨਹੀਂ ਕਰ ਰਹੀ ਸੀ ਸਗੋਂ ਰਾਜਿਆਂ ਵਾਂਗ ਸ਼ਿਕਾਰ ਖੇਡਣ ਵੀ ਜਾਂਦੀ ਸੀ। ਆਪਣੇ ਸੂਹੀਏ ਇੱਧਰ-ਉੱਧਰ ਭੇਜੀ ਰੱਖਦੀ ਜੋ ਉਸ ਨੂੰ ਸੂਚਨਾ ਦੇਂਦੇ ਰਹਿੰਦੇ। ਅੱਜ ਬਲਜੀਤ ਕੌਰ ਸ਼ਮਸ਼ੇਰ ਸਿੰਘ ਨਾਲ ਸ਼ਿਕਾਰ ਖੇਡਦੀ-ਖੇਡਦੀ ਅੱਗੇ ਨਿਕਲ ਆਈ। ਅਚਾਨਕ ਉਸ ਨੂੰ ਇਕ ਬੰਦੇ ਦੀ ਲਾਸ਼ ਵਿਖਾਈ ਦਿੱਤੀ। ਦੋਵੇਂ ਗੌਰ ਨਾਲ ਵੇਖਦੇ-ਵੇਖਦੇ ਅੱਗੇ ਆ ਗਏ। ਨੇੜੇ ਆ ਕੇ ਸ਼ਮਸ਼ੇਰ ਸਿੰਘ ਕਾਹਲੀ ਨਾਲ ਬੋਲਿਆ, "ਇਹ ਤਾਂ ਸ. ਲਹਿਣਾ ਸਿੰਘ ਹਨ, ਰਣਜੀਤ ਪੁਰ ਵਾਲੇ। ਅਜੇ ਜਿਊਂਦੇ ਹਨ। ਸਰਦਾਰ ਸਾਹਿਬ ਦੇ ਬੜੇ ਚੰਗੇ ਦੋਸਤ ਸਨ।" ਬਲਜੀਤ ਕੌਰ ਨੇ ਸ. ਲਹਿਣਾ ਸਿੰਘ ਦੀ ਭਾਰੀ ਦੇਹ ਨੂੰ ਹੱਥ ਪੁਆ ਕੇ ਘੋੜੇ ਉੱਪਰ ਲਦਾਇਆ ਤੇ ਛੇਤੀ ਨਾਲ ਘੋੜੇ ਮਹਿਲਾਂ ਨੂੰ ਮੋੜੇ। ਉਸੇ ਵੇਲੇ ਸ਼ਾਹੀ ਵੈਦ ਨੂੰ ਬੁਲਾਇਆ ਗਿਆ। ਤਿੰਨ ਦਿਨਾਂ ਦੀ ਸਖ਼ਤ ਮਿਹਨਤ ਤੋਂ ਬਾਅਦ ਲਹਿਣਾ ਸਿੰਘ ਤੁਰਨ-ਫਿਰਨ ਜੋਗੇ ਹੋ ਗਏ।

ਅੱਜਕਲ੍ਹ ਸ. ਲਹਿਣਾ ਸਿੰਘ ਦੀ ਸੇਵਾ ਸ਼ਾਹੀ ਮਹਿਮਾਨ ਵਾਂਗ ਕੀਤੀ ਜਾ ਰਹੀ ਸੀ। ਪਰ ਅੰਦਰਲਾ ਭੈਅ ਉਨ੍ਹਾਂ ਨੂੰ ਬੇਚੈਨ ਕਰ ਰਿਹਾ ਸੀ। ਉਹ ਬਾਰ-ਬਾਰ ਇਹੀ ਸੋਚਦੇ—

ਕਿਧਰੇ ਬਹਾਦਰ ਸਿੰਘ ਸਿੰਘਾਂਵਾਲੇ ਉੱਪਰ ਚੜ੍ਹਾਈ ਨਾ ਕਰ ਦੇਵੇ। ਚਾਹੁੰਦਾ ਤਾਂ ਲਹਿਣਾ ਸਿੰਘ ਇਹੀ ਸੀ ਕਿ ਉਹ ਸਾਰੀ ਗੱਲ ਸਰਦਾਰਨੀ ਪ੍ਰਤਾਪ ਕੌਰ ਨੂੰ ਦੱਸਦਾ, ਪਰ ਕੋਈ ਮੁਸੀਬਤ ਨਾ ਖੜ੍ਹੀ ਹੋ ਜਾਵੇ। ਸੋ ਉਨ੍ਹਾਂ ਨੇ ਇਹ ਗੱਲ ਜਦੋਂ ਸ. ਲਛਮਣ ਸਿੰਘ ਜੋ ਉਨ੍ਹਾਂ ਦੀ ਬਿਮਾਰ-ਪੁਰਸੀ ਲਈ ਆਏ ਤਾਂ ਬੜੇ ਹੀ ਰਾਜ਼ਦਾਰਾਨਾ ਢੰਗ ਨਾਲ ਦੱਸੀ ਤੇ ਨਾਲ ਹੀ ਪੱਕੀ ਕੀਤੀ ਕਿ ਉਹ ਇਹ ਸਾਰੀ ਗੱਲ ਸਰਦਾਰਨੀ ਸਾਹਿਬਾਂ ਨੂੰ ਦੱਸ ਦੇਣ। ਸ. ਲਛਮਣ ਸਿੰਘ, ਸ. ਬਘੇਲ ਸਿੰਘ ਦੇ ਕਰੀਬੀ ਦੋਸਤ ਹੋਣ ਕਰ ਕੇ ਅਕਸਰ ਸਰਦਾਰਨੀ ਪ੍ਰਤਾਪ ਕੌਰ ਨੂੰ ਮਿਲਣ ਆਉਂਦੇ ਰਹਿੰਦੇ ਸਨ। ਪਰ ਅੱਜ ਉਹ ਕੁਝ ਵਧੇਰੇ ਬੇਚੈਨ ਨਜ਼ਰ ਆ ਰਹੇ ਸਨ। ਸ੍ਰਦਾਰਨੀ ਨੇ ਜਦੋਂ ਉਨ੍ਹਾਂ ਤੋਂ ਕਾਰਣ ਪੁੱਛਿਆ ਤਾਂ ਉਨ੍ਹਾਂ ਨੇ ਝੱਕਦਿਆਂ-ਝੱਕਦਿਆਂ ਸ. ਲਹਿਣਾ ਸਿੰਘ ਦੇ ਪੁੱਤਰ ਦੀ ਬਦਨੀਅਤੀ ਦਾ ਸਾਰਾ ਹਾਲ ਦੱਸਿਆ। ਇਹ ਸਾਰੀ ਗੱਲ ਬਲਜੀਤ ਤੇ ਸ਼ਮਸ਼ੇਰ ਸਿੰਘ ਨੂੰ ਵੀ ਦੱਸੀ ਗਈ। ਉਹ ਦੋਵੇਂ ਸਹਿਮਤ ਸਨ ਕਿ ਬਹਾਦਰ ਸਿੰਘ ਦੇ ਸੂਹੀਏ ਜ਼ਰੂਰ ਸ. ਲਹਿਣਾ ਦੀ ਖ਼ਬਰ ਲੈਣ ਸਿੰਘਾਂਵਾਲੇ ਆਉਣਗੇ। ਨਾਲੇ, ਉਹ ਅਚਾਨਕ ਚੜ੍ਹਾਈ ਵੀ ਕਰੇਗਾ। ਉਨ੍ਹਾਂ ਦਾ ਖ਼ਿਆਲ ਸੱਚ ਨਿਕਲਿਆ। ਦਰਿਆ ਚਨਾਬ ਵਿਚ ਹੜ੍ਹ ਦੇ ਬਾਵਜੂਦ ਬਹਾਦਰ ਸਿੰਘ ਦੀਆਂ ਫ਼ੌਜਾਂ ਦਰਿਆ ਪਾਰ ਕਰਨ ਦਾ ਯਤਨ ਕਰ ਰਹੀਆਂ ਸਨ। ਬਲਜੀਤ ਕੌਰ ਨੇ ਸਾਰੀ ਫ਼ੌਜ ਨੂੰ ਸੁਚੇਤ ਰਹਿਣ ਦਾ ਹੁਕਮ ਦਿੱਤਾ ਤੇ ਸ਼ਮਸ਼ੇਰ ਸਿੰਘ ਨੂੰ ਕਿਲ੍ਹੇ ਦੇ ਬਾਕੀ ਦੇ ਪ੍ਰਬੰਧ ਸੌਂਪੇ ਗਏ।

ਸ. ਲਛਮਣ ਸਿੰਘ ਅੱਜ ਜਦੋਂ ਸੌਣ ਵਾਲੇ ਕਮਰੇ ਵਿਚ ਗਏ ਤਾਂ ਉਨ੍ਹਾਂ ਨੂੰ ਫ਼ਿਕਰ ਵਿਚ ਨੀਂਦ ਨਹੀਂ ਸੀ ਆ ਰਹੀ। ਉਨ੍ਹਾਂ ਨੇ ਕਮਰੇ ਦਾ ਦਰਵਾਜ਼ਾ ਕੇਵਲ ਢੋਇਆ ਹੀ ਹੋਇਆ ਸੀ। ਬੂਹਾ ਖੁੱਲ੍ਹਾ ਤੇ ਉਨ੍ਹਾਂ ਵੇਖਿਆ ਸਾਹਮਣੇ ਉਨ੍ਹਾਂ ਦਾ ਆਪਣਾ ਪੁੱਤਰ ਦਿਆਲਾ ਖੜ੍ਹਾ ਸੀ। ਦਿਆਲ ਸਿੰਘ ਨੇ ਬਿਨਾਂ ਲੁਕ-ਲੁਕਾ ਦੇ ਆਪਣੀ ਨੀਅਤ ਪਿਉ ਨੂੰ ਦੱਸੀ ਤੇ ਨਾਲ ਹੀ ਪਿਤਾ ਕੋਲੋਂ ਇਸ ਗੱਲ ਵਿਚ ਮਦਦ ਵੀ ਮੰਗੀ। ਗੱਲ ਸੁਣ ਕੇ ਲਛਮਣ ਸਿੰਘ ਨੂੰ ਉਹ ਘਟਨਾ ਯਾਦ ਆਈ ਜੋ ਸਰਦਾਰਨੀ ਪ੍ਰਤਾਪ ਕੌਰ ਨੇ ਉਸ ਨੂੰ ਦੱਸੀ ਸੀ। ਇਕ ਵੇਰਾਂ ਬਲਜੀਤ ਤੇ ਸ਼ਮਸ਼ੇਰ ਸਿੰਘ ਕਿਲ੍ਹੇ ਦੀ ਬਾਹਰਲੀ ਦੀਵਾਰ ਦਾ ਨਿਰੀਖਣ ਕਰ ਰਹੇ ਸਨ ਤਾਂ ਦੂਰੋਂ ਉਨ੍ਹਾਂ ਨੇ ਇਕ ਆਦਮੀ ਨੂੰ ਘੋੜੇ ਉਤੇ ਨੱਸੇ ਆਉਂਦੇ ਵੇਖਿਆ। ਇਹ ਦੋਵੇਂ ਤਿਆਰ ਹੋ ਗਏ ਤੇ ਆਪਣੀਆਂ ਕਿਰਪਾਨਾਂ ਹੱਥ ਵਿਚ ਫੜ ਲਈਆਂ। ਦਿਆਲ ਸਿੰਘ ਨੇੜੇ ਆ ਕੇ ਗਰਜਿਆ, "ਬਲਜੀਤ, ਤੈਨੂੰ ਸ਼ਮਸ਼ੇਰ ਸਿੰਘ ਨਾਲ ਫਿਰਦਿਆਂ ਸ਼ਰਮ ਨਹੀਂ ਆਉਂਦੀ। ਵਿਆਹੁਣਾ ਤੈਨੂੰ ਮੈਂ ਹੈ, ਤੇ ਤੂੰ ਫਿਰਨੀ ਏਂ ਇਹਦੇ ਨਾਲ..." ਉਹਨੇ ਲੰਮੀ ਬਾਂਹ ਸ਼ਮਸ਼ੇਰ ਸਿੰਘ ਵਲ ਕਰ ਕੇ ਕਿਹਾ ਸੀ। ਪਰ ਜਿਵੇਂ ਹੀ ਬਲਜੀਤ ਨੇ ਤਲਵਾਰ ਮਿਆਨ ਵਿਚੋਂ ਖਿੱਚੀ, ਉਹ ਘੋੜੇ ਨੂੰ ਅੱਡੀ ਲਾ ਕੇ ਨੱਸ ਗਿਆ ਸੀ। ਘਰ ਪਹੁੰਚ ਕੇ ਬਲਜੀਤ ਕੌਰ ਨੇ ਮਾਂ ਨੂੰ ਰੋਹ ਨਾਲ ਕਿਹਾ ਸੀ, "ਮਾਂ, ਮੈਨੂੰ ਤਾਇਆ ਲਛਮਣ ਸਿੰਘ ਦਾ ਲਿਹਾਜ਼ ਸੀ। ਨਹੀਂ ਤਾਂ ਦਿਆਲੇ ਦੇ ਟੁਕੜੇ-ਟੁਕੜੇ ਕਰ ਦੇਂਦੀ।" ਇਹ ਘਟਨਾ ਸਰਦਾਰਨੀ ਪ੍ਰਤਾਪ ਕੌਰ ਨੇ ਜਦੋਂ ਲਛਮਣ ਸਿੰਘ ਨੂੰ ਦੱਸੀ ਤਾਂ ਉਹਨੂੰ ਉਦੋਂ ਸੱਚ ਨਹੀਂ ਸੀ ਆਇਆ। ਪਰ ਅੱਜ ਦਿਆਲ ਸਿੰਘ ਆਪਣੇ ਮੂੰਹੋਂ ਕਬੂਲ ਕਰ ਰਿਹਾ ਸੀ। ਲਛਮਣ ਸਿੰਘ ਨੂੰ ਸੋਚ ਵਿਚ ਡੁੱਬਾ ਜਾਣ ਕੇ ਦਿਆਲ ਸਿੰਘ ਨੇ ਸੋਚਿਆ ਉਹਦਾ ਪਿਉ ਉਹਦੀ ਮਦਦ ਕਰਨ ਦੀ ਕੋਈ ਵਿਉਂਤ ਮਨ ਵਿਚ ਬਣਾ ਰਿਹਾ ਹੈ। ਦਿਆਲ ਸਿੰਘ ਨੇ ਉਤਸ਼ਾਹ ਨਾਲ ਪੁੱਛਿਆ,

"ਫਿਰ ਦੱਸੋ ਤੁਸੀਂ ਸਰਦਾਰਨੀ ਨਾਲ ਗੱਲ ਕਰੋਗੇ ?" ਲਛਮਣ ਸਿੰਘ ਜਿਵੇਂ ਨੀਂਦ ਵਿਚੋਂ ਜਾਗ ਪਿਆ ਹੋਵੇ। ਇਕਦਮ ਭਬਕ ਕੇ ਬੋਲਿਆ, "ਠਹਿਰ ਕਮੀਨੇ ਤੇਰੀ ਇਹ ਮਜਾਲ ! ਮੈਂ ਬਲਜੀਤ ਨੂੰ ਧੀ ਜਾਣਦਾ ਹਾਂ ਤੇ ਤੂੰ ਭੈਣ ਉਤੇ ਨਜ਼ਰ ਟਿਕਾਈ ਬੈਠੈਂ ?" ਲਛਮਣ ਸਿੰਘ ਦਾ ਹੱਥ ਤਲਵਾਰ ਦੀ ਮੁੱਠ ਵਲ ਜਾਂਦਾ ਵੇਖ ਕੇ ਦਿਆਲ ਸਿੰਘ ਕਮਰੇ ਤੋਂ ਬਾਹਰ ਵਲ ਦੌੜ ਪਿਆ। ਹੁਣ ਦਿਆਲ ਸਿੰਘ ਬਾਗ਼ੀ ਹੋ ਗਿਆ। ਗੁੱਸੇ ਵਿਚ ਆਏ ਹੋਏ ਨੇ ਰਾਤੋ-ਰਾਤ ਰਣਜੀਤਪੁਰ ਨਗਰ ਦੀਆਂ ਪੱਕੀਆਂ ਫ਼ਸਲਾਂ ਨੂੰ ਅੱਗ ਲਾ ਦਿੱਤੀ। ਲੋਕਾਂ ਵਿਚ ਹਾ-ਹਾਕਾਰ ਮੱਚ ਗਈ। ਦੋਸ਼ੀ ਦਾ ਪਤਾ ਲੱਗਿਆ ਤਾਂ ਲਛਮਣ ਸਿੰਘ ਆਪ ਪੁੱਤਰ ਨੂੰ ਸੋਧਣ ਜਾਣਾ ਚਾਹੁੰਦਾ ਸੀ। ਪਰ ਬਲਜੀਤ ਕੌਰ ਨਾ ਆਪ ਗਈ ਤੇ ਨਾ ਉਹਨੂੰ ਜਾਣ ਦਿੱਤਾ ਸਗੋਂ ਸ਼ਮਸ਼ੇਰ ਸਿੰਘ ਨੂੰ ਭੇਜ ਕੇ ਮੌਕੇ ਉਤੇ ਕਾਬੂ ਪਾ ਲਿਆ। ਪਰ ਇਸ ਝਗੜੇ ਵਿਚ ਦਿਆਲ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਬਹੁਤ ਇਲਾਜ ਕਰਾਉਣ ਦੇ ਬਾਵਜੂਦ ਵੀ ਉਹ ਬਚ ਨਾ ਸਕਿਆ।

ਬਲਜੀਤ ਕੌਰ ਹੁਣ ਤਕ ਦਿਆਲ ਸਿੰਘ ਤੇ ਬਹਾਦਰ ਸਿੰਘ ਦੀ ਨੀਅਤ ਬਾਰੇ ਜਾਣ ਚੁੱਕੀ ਸੀ। ਉਹਦਾ ਅੰਦਾਜ਼ਾ ਠੀਕ ਹੀ ਨਿਕਲਿਆ। ਬਹਾਦਰ ਸਿੰਘ ਨੇ ਲਹਿਣਾ ਸਿੰਘ ਦੇ ਵਰਤਾਉ ਤੋਂ ਹੋਰ ਰੋਹ ਖਾਧਾ ਤੇ ਛੇਤੀ ਹੀ ਸਿੰਘਾਂਵਾਲੇ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ। ਬਲਜੀਤ ਕੌਰ ਵੀ ਅੱਗੋਂ ਪੂਰੀ ਤਰ੍ਹਾਂ ਤਿਆਰ ਸੀ। ਦੁਸ਼ਮਣ ਦੀ ਫ਼ੌਜ ਉਤੇ ਅੱਗ ਸੁੱਟੀ ਗਈ। ਗਰਮ ਪਾਣੀ ਦੀਆਂ ਹਾਂਡੀਆਂ ਸੁੱਟੀਆਂ ਗਈਆਂ। ਤੀਰ, ਨੇਜ਼ੇ ਤੇ ਤੋਪ ਦੇ ਗੋਲੇ ਪਾਸਿਆਂ ਤੋਂ ਮਾਰੇ ਗਏ। ਸ. ਲਛਮਣ ਸਿੰਘ ਨੇ ਇਕ ਚਾਲ ਖੇਡੀ। ਕਿਲ੍ਹੇ ਦੇ ਚੋਰ-ਦਰਵਾਜ਼ੇ ਤੋਂ ਬਾਹਰ ਨਿਕਲ ਕੇ ਬਹਾਦਰ ਸਿੰਘ ਦੀ ਫ਼ੌਜ ਉੱਪਰ ਪਿਛਲੇ ਪਾਸਿਉਂ ਹਮਲਾ ਕਰ ਦਿੱਤਾ। ਕਟਾ-ਵੱਢੀ ਸ਼ੁਰੂ ਹੋ ਗਈ। ਦੂਜੇ ਪਾਸੇ, ਬਲਜੀਤ ਕੌਰ ਕਿਲ੍ਹੇ ਦਾ ਦਰਵਾਜ਼ਾ ਖੋਲ੍ਹ ਕੇ ਸਾਹਮਣਿਉਂ ਵੈਰੀ ਉਤੇ ਆਣ ਟੁੱਟੀ। ਬਹਾਦਰ ਸਿੰਘ ਨੂੰ ਬਲਜੀਤ ਕੌਰ ਨੇ ਪਿਛਲੇ ਪਾਸਿਉਂ ਦਾਅ ਲਾ ਕੇ ਜੀਉਂਦੇ-ਜੀਅ ਹੀ ਫੜ ਲਿਆ। ਬਹਾਦਰ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਸੀ। ਕੋਲ ਖਲੋਤਾ ਉਸ ਦਾ ਪਿਤਾ ਆਖ ਰਿਹਾ ਸੀ, "ਬੇਈਮਾਨੀ ਦਾ ਫਲ ਵੇਖ ਲਿਆ ?" ਬਹਾਦਰ ਸਿੰਘ ਦਾ ਲਹੂ ਬੜੀ ਤੇਜ਼ੀ ਨਾਲ ਵਗ ਰਿਹਾ ਸੀ। ਉਹ ਹੌਂਸਲਾ ਹਾਰ ਰਿਹਾ ਸੀ ਪਰ ਸੰਭਲ ਕੇ ਬੋਲਿਆ, "ਮੈਨੂੰ ਮੁਆਫ਼ ਕਰ ਦਿਓ ਪਿਤਾ ਜੀ !" "ਤੈਨੂੰ ਮੁਆਫ਼ ਤਾਂ ਬੀਬੀ ਬਲਜੀਤ ਹੀ ਕਰ ਸਕਦੀ ਹੈ" ਲਹਿਣਾ ਸਿੰਘ ਨੇ ਉੱਤਰ ਦਿੱਤਾ। ਕੋਲ ਖਲੋਤੀ ਬਲਜੀਤ ਕੌਰ ਆਪਣੀ ਜਿੱਤ ਦੇ ਭਾਵ ਲੁਕਾਉਂਦੀ ਹੋਈ ਬੋਲੀ, "ਮੈਂ ਤੁਹਾਨੂੰ ਸਜ਼ਾ ਦੇਂਦੀ ਚੰਗੀ ਲੱਗਦੀ ਹਾਂ ? ਮੈਂ ਤਾਂ ਤੁਹਾਡੀ ਭਤੀਜੀ ਹਾਂ। ਭਲਾ ਕੋਈ ਭਤੀਜੀ ਆਪਣੇ ਚਾਚੇ ਨੂੰ ਵੀ ਸਜ਼ਾ ਦੇ ਸਕਦੀ ਹੈ ?" ਇਹ ਬੋਲ ਸੁਣ ਕੇ ਬਹਾਦਰ ਸਿੰਘ ਬਹੁਤ ਹੀ ਸ਼ਰਮਿੰਦਾ ਹੋਇਆ। ਕਹਿੰਦੇ ਨੇ ਬਹਾਦਰ ਸਿੰਘ ਰਣਜੀਤ ਪੁਰ ਕਿਲ੍ਹੇ ਵਿਚ ਅਜਿਹਾ ਬਿਮਾਰ ਹੋਇਆ ਕਿ ਇਕ ਸਾਲ ਬਾਅਦ ਮਰ ਕੇ ਹੀ ਬਾਹਰ ਨਿਕਲਿਆ।

ਇਸ ਲੜਾਈ ਦੀ ਜਿੱਤ ਦੇ ਇਕ ਮਹੀਨੇ ਬਾਅਦ ਸਾਰੇ ਰਾਜ ਵਿਚ ਖ਼ਬਰ ਕੀਤੀ ਗਈ ਕਿ ਬੀਬੀ ਬਲਜੀਤ ਕੌਰ ਦੀ ਸ਼ਾਦੀ ਪੁੰਨਿਆਂ ਵਾਲੇ ਦਿਨ ਸ. ਸ਼ਮਸ਼ੇਰ ਸਿੰਘ ਨਾਲ ਹੋਣੀ ਨੀਅਤ ਹੋਈ ਹੈ। ਸ. ਲਛਮਣ ਸਿੰਘ ਖੁਸ਼ ਸੀ। ਉਸ ਨੇ ਯੋਗ ਸੈਨਾਪਤੀ ਹੀ ਨਹੀਂ ਸਗੋਂ ਯੋਗ ਵਰ ਵੀ ਬੀਬੀ ਲਈ ਚੁਣਿਆ ਸੀ। ਸ. ਲਹਿਣਾ ਸਿੰਘ ਪ੍ਰਸੰਨ ਸੀ ਕਿ ਉਸ ਨੇ ਦੋਸਤੀ

ਦਾ ਫ਼ਰਜ਼ ਪੂਰਾ ਕੀਤਾ ਸੀ। ਮਾਂ ਖੁਸ਼ ਸੀ ਕਿ ਉਸ ਦੀ ਪੁੱਤਰੀ ਆਪਣੇ ਪਿਤਾਪੁਰਖੀ ਰਾਜ ਉੱਪਰ ਹੀ ਆਪਣਾ ਅਧਿਕਾਰ ਜਮਾਈ ਰੱਖੇਗੀ। ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਵਾਲੀ ਕਿਰਪਾਨ ਹੁਣ ਸਦਾ ਲਈ ਉਨ੍ਹਾਂ ਦੇ ਖ਼ਾਨਦਾਨ ਵਿਚ ਹੀ ਰਹੇਗੀ। ਅੱਜ ਪੁੰਨਿਆਂ ਵਾਲਾ ਦਿਨ ਸੀ। ਸਿੰਘਾਂਵਾਲੇ ਦਾ ਕਿਲ੍ਹਾ ਦੁਲਹਨ ਵਾਂਗ ਸ਼ਿੰਗਾਰਿਆ ਗਿਆ। ਸ਼ਮਸ਼ੇਰ ਸਿੰਘ ਸ਼ਾਹੀ ਸ਼ਾਨੋ-ਸ਼ੌਕਤ ਨਾਲ ਆਇਆ। ਜੰਞ ਦੀ ਮਿਲਣੀ ਆਦਿ ਹੋਈ। ਅਨੰਦ ਕਾਰਜ ਤੋਂ ਬਾਅਦ ਕਿਲ੍ਹੇ ਦੀ ਡਿਉੜੀ ਉਤੇ ਸ਼ਾਹੀ ਬੈਂਡ ਵੱਜਿਆ। ਸਾਰਾ ਕਿਲ੍ਹਾ ਖੁਸ਼ੀ ਦੀ ਲਹਿਰ ਵਿਚ ਆ ਗਿਆ। ਸਰਦਾਰਨੀ ਪ੍ਰਤਾਪ ਕੌਰ ਦੇ ਹੁਕਮ ਨਾਲ ਤੋਪਚੀ ਨੇ 51 ਗੋਲੇ ਛੱਡੇ ਜੋ ਕਿ ਇਕ ਤਰ੍ਹਾਂ ਖੁਸ਼ੀ ਅਤੇ ਜਿੱਤ ਦੇ ਪ੍ਰਤੀਕ ਸਨ। ਸਰਦਾਰਨੀ ਨੇ ਦਿਲ ਖੋਲ੍ਹ ਕੇ ਦਾਨ-ਪੁੰਨ ਕੀਤਾ। ਸਾਰੇ ਰਾਜ ਦੇ ਅਮੀਰ-ਗਰੀਬ ਵਧਾਈਆਂ ਦੇਣ ਆਏ। ਏਸੇ ਖੁਸ਼ੀ ਭਰੇ ਮਾਹੌਲ ਵਿਚ ਦਿਨ ਢਲਣ ਲੱਗਾ। ਅੱਜ ਵਰ੍ਹਿਆਂ ਬਾਅਦ ਕਿਲ੍ਹੇ ਵਿਚ ਆਤਸ਼ਬਾਜ਼ੀ ਚਲਾਈ ਗਈ। ਅੱਜ ਸਰਦਾਰਨੀ ਪ੍ਰਤਾਪ ਕੌਰ ਦਾ ਕਈ ਵਾਰ ਪਤੀ ਨੂੰ ਯਾਦ ਕਰ ਕੇ ਗੱਚ ਭਰ ਆਇਆ : ਕਾਸ਼ ! ਅੱਜ ਇਸ ਖੁਸ਼ ਦੇ ਸਮੇਂ ਤੁਸੀਂ ਵੀ ਹੁੰਦੇ !

ਬਲਜੀਤ ਕੌਰ ਨੇ ਆਪਣੇ ਚਰਿੱਤਰ ਰਾਹੀਂ ਇਹ ਸਾਬਤ ਕਰ ਦਿੱਤਾ ਕਿ ਲੜਕੇ ਤੇ ਲੜਕੀ ਵਿਚ ਕੋਈ ਫ਼ਰਕ ਨਹੀਂ ਹੁੰਦਾ। ਜੇ ਲੜਕੀ ਵਿਚ ਸਵੈਮਾਨ ਤੇ ਅਣਖ ਦਾ ਜਜ਼ਬਾ ਜਗਾ ਦਿੱਤਾ ਜਾਵੇ ਤਾਂ ਉਹ ਲੜਕੇ ਵਾਂਗ ਹੀ ਆਪਣੀ ਤੇ ਆਪਣੇ ਰਾਜ ਦੀ ਰੱਖਿਆ ਕਰ ਸਕਦੀ ਹੈ। ਚਰਿੱਤਰਵਾਨ ਇਸਤਰੀ ਆਪਣੇ ਦ੍ਰੈਖੀਆਂ ਨੂੰ ਨਾ ਕੇਵਲ ਕੁਚਲ ਹੀ ਸਕਦੀ ਹੈ ਸਗੋਂ ਉਨ੍ਹਾਂ ਵਿਚ ਅਜਿਹੀ ਹੀਣ-ਭਾਵਨਾ ਭਰ ਸਕਦੀ ਹੈ ਜਿਸ ਦੀ ਸ਼ਰਮ ਨਾਲ ਉਹ ਜੀਉਂਦੇ-ਜੀਅ ਹੀ ਮਰ ਜਾਣ ਜਿਹਾ ਕਿ ਬਹਾਦਰ ਸਿੰਘ। ਕਾਇਰ ਤੇ ਲਾਲਚੀ ਬੰਦੇ ਚਰਿੱਤਰਵਾਨ ਇਸਤਰੀ ਦਾ ਸਾਹਮਣਾ ਨਹੀਂ ਕਰ ਸਕਦੇ। ਉਹ ਤਾਂ ਹਮੇਸ਼ਾ ਹਾਰਦੇ ਹਨ ਜਿਹਾ ਕਿ ਦਿਆਲ ਸਿੰਘ। ਸ਼ਸਤਰ ਉਠਾਉਣਾ ਬਹੁਤ ਕਠਿਨ ਗੱਲ ਹੈ ਪਰ ਜੇ ਇਕ ਵਾਰ ਇਸਤਰੀ ਉਠਾ ਲਵੇ ਤਾਂ ਉਸ ਦੀ ਹਿੰਮਤ ਨੂੰ ਡੇਗਣ ਵਾਲਾ ਕੋਈ ਨਹੀਂ ਹੁੰਦਾ। ਬਲਜੀਤ ਕੌਰ ਭਾਵੇਂ ਲੜਕੀ ਸੀ ਤੇ ਉਹ ਵੀ ਚੜ੍ਹਦੀ ਜਵਾਨੀ ਵਿਚ, ਪਰ ਉਸ ਦੀਆਂ ਰਗਾਂ ਵਿਚ ਸੂਰਬੀਰ ਪਿਤਾ ਦਾ ਖ਼ੂਨ ਸੀ। ਉਸ ਨੇ ਖ਼ਾਨਦਾਨੀ ਕਿਰਪਾਨ ਨੂੰ ਜਿਵੇਂ ਹੀ ਹੱਥਾਂ ਨਾਲ ਚੁੱਕਿਆ ਫਿਰ ਹਾਰ ਦਾ ਮੂੰਹ ਕਦੀ ਨਹੀਂ ਵੇਖਿਆ। ਮੁਕਾਬਲੇ ਵਿਚ ਭਾਵੇਂ ਡਾਕੂ ਸਨ, ਕੋਈ ਲਾਲਚੀ ਸੀ, ਦੇਸ਼-ਧਰੋਹੀ ਸਨ ਜਾਂ ਈਰਖਾਲੂ। ਉਸ ਦੀ ਦਾਨਾਈ, ਸਿਆਣਪ, ਬਹਾਦਰੀ ਤੇ ਸੂਝ-ਬੂਝ ਵੱਡਿਆਂ-ਵੱਡਿਆਂ ਨੂੰ ਸੋਚ ਵਿਚ ਪਾ ਜਾਂਦੀ ਸੀ। ਉਸ ਨੇ ਜਿਵੇਂ ਹੀ ਬੀਰ ਬਾਣਾ ਪਾਇਆ, ਹੱਥ ਵਿਚ ਸ਼ਮਸ਼ੀਰ ਫੜੀ ਫਿਰ ਭਾਵੇਂ ਕਿਲ੍ਹੇ ਦੀ ਰੱਖਿਆ ਸੀ ਜਾਂ ਦੁਸ਼ਮਣ, ਮੁਕਾਬਲਾ ਮਰਦਾਂ ਵਾਂਗ ਕੀਤਾ। ਸ਼ਿਕਾਰ ਖੇਡਣ ਜਾਣਾ ਵੀ ਉਸ ਦੀ ਮਰਦਾਨਗੀ ਦਾ ਹੀ ਇਕ ਸਬੂਤ ਹੈ।

ਬਲਜੀਤ ਕੌਰ ਦੀ ਸ਼ਾਦੀ ਨੂੰ ਅਜੇ ਕੁਝ ਦਿਨ ਹੀ ਹੋਏ ਸਨ ਕਿ ਇਕ ਅਫ਼ਵਾਹ ਫੈਲ ਗਈ। ਕਾਬਲ ਵੱਲੋਂ ਸ਼ਾਹਜ਼ਮਾਨ ਪੰਜਾਬ ਉਤੇ ਹਮਲਾ ਕਰਨ ਲਈ ਆ ਰਿਹਾ ਸੀ। ਸਾਰੇ ਸਰਦਾਰਾਂ ਨੇ ਇਹ ਫ਼ੈਸਲਾ ਕੀਤਾ ਕਿ ਸਾਰੇ ਸਰਦਾਰ ਇਕਮੁੱਠ ਹੋ ਕੇ ਗੁਜਰਾਤ ਦੇ ਇਲਾਕੇ ਵਿਚ ਦੁਸ਼ਮਣ ਦਾ ਮੁਕਾਬਲਾ ਕਰਨ। ਇਸ ਫ਼ੈਸਲੇ ਦੀ ਖ਼ਬਰ ਜਿਵੇਂ ਹੀ ਬਲਜੀਤ ਕੌਰ ਨੂੰ ਮਿਲੀ, ਉਹ ਵੀ ਗੁਜਰਾਤ ਜਾਣ ਲਈ ਤਿਆਰ ਹੋ ਪਈ। ਸਰਦਾਰਨੀ ਪ੍ਰਤਾਪ ਕੌਰ ਨੇ

ਧੀ ਨੂੰ ਬਥੇਰਾ ਵਰਜਿਆ ਕਿ ਅਜੇ ਤਾਂ ਤੇਰੀ ਸ਼ਾਦੀ ਨੂੰ ਕੁਝ ਦਿਨ ਹੀ ਹੋਏ ਹਨ। ਅਜੇ ਨਾ ਜਾਓ, ਪਰ ਸੂਰਬੀਰ ਬਲਜੀਤ ਕੌਰ ਆਪਣੇ ਪਤੀ ਨਾਲ ਗੁਜਰਾਤ ਵਲ ਰਵਾਨਾ ਹੋ ਗਈ। ਉਸ ਲਈ ਸਰੀਰਕ ਸੁਖਾਂ ਨਾਲੋਂ ਦੇਸ਼ ਦੀ ਰੱਖਿਆ ਕਰਨਾ ਬਹੁਤਾ ਮਹੱਤਵਪੂਰਣ ਕੰਮ ਸੀ। ਭਾਵੇਂ ਅੱਜ ਸਿੰਘਾਂਵਾਲੇ ਦੇ ਨਿਸ਼ਾਨ ਦਰਿਆ ਚਨਾਬ ਦੇ ਭੇਟਾ ਹੋ ਗਏ ਪਰ ਅੱਜ ਵੀ ਗੁਜਰਾਤ ਜ਼ਿਲ੍ਹੇ ਦੇ ਲੋਕ-ਗੀਤਾਂ ਵਿਚ ਬਲਜੀਤ ਕੌਰ ਦੀ ਬਹਾਦਰੀ ਦੇ ਕਈ ਲੋਕ-ਗੀਤ ਗਾਏ ਜਾਂਦੇ ਹਨ।

ਬੀਬੀ ਨਿਰਭੈਅ ਕੌਰ

ਬੀਬੀ ਨਿਰਭੈਅ ਦਾ ਜਨਮ ਕਰਤਾਰਪੁਰ, ਜ਼ਿਲ੍ਹਾ ਜਲੰਧਰ ਵਿਚ ਹੋਇਆ। ਗੁਰੂ-ਇਤਿਹਾਸ ਵਿਚ ਦੋ ਕਰਤਾਰਪੁਰਾਂ ਦਾ ਜ਼ਿਕਰ ਆਉਂਦਾ ਹੈ। ਪਹਿਲਾ, ਗੁਰੂ ਨਾਨਕ ਦੇਵ ਜੀ ਦਾ ਸੰਨ 1504 ਈਸਵੀ ਵਿਚ ਜ਼ਿਲ੍ਹਾ ਗੁਰਦਾਸਪੁਰ ਵਿਚ ਵਸਾਇਆ ਗਿਆ ਸੀ। ਦੂਸਰਾ, ਗੁਰੂ ਅਰਜਨ ਦੇਵ ਜੀ ਨੇ ਸੰਨ 1593 ਈਸਵੀ ਵਿਚ ਜ਼ਿਲ੍ਹਾ ਜਲੰਧਰ ਵਿਚ ਆਬਾਦ ਕੀਤਾ। ਬੀਬੀ ਨਿਰਭੈਅ ਕੌਰ ਦਾ ਸੰਬੰਧ ਜ਼ਿਲ੍ਹਾ ਜਲੰਧਰ ਵਿਚਲੇ ਕਰਤਾਰਪੁਰ ਨਾਲ ਹੈ।

ਕਰਤਾਰਪੁਰ ਸ਼ਹਿਰ ਦਾ ਮੁਖੀ ਸੋਢੀ ਵਡਭਾਗ ਸਿੰਘ ਬਾਬਾ ਪ੍ਰਿਥੀਚੰਦ ਦੀ ਵੰਸ਼ ਵਿਚੋਂ ਸੀ। ਬਾਬਾ ਪ੍ਰਿਥੀ ਚੰਦ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਸਨ। ਸੋ ਸੋਢੀ ਵਡਭਾਗ ਸਿੰਘ ਗੁਰੂ-ਵੰਸ਼ ਦੇ ਨੇਕ ਤੇ ਧਰਮਾਤਮਾ ਪੁਰਖ ਸਨ। ਇਨ੍ਹਾਂ ਨੇ ਆਪਣੇ ਨਗਰ ਕਰਤਾਰਪੁਰ ਦੀ ਰੱਖਿਆ ਲਈ ਇਕ ਕਿਲ੍ਹਾ ਬਣਾਇਆ ਹੋਇਆ ਸੀ ਤੇ ਸ਼ਹਿਰ ਦੀ ਰੱਖਿਆ ਲਈ ਫ਼ੌਜੀ ਦਸਤੇਨੁਮਾ ਇਕ ਛੋਟੀ ਜਿਹੀ ਸੈਨਾ ਵੀ ਰੱਖੀ ਹੋਈ ਸੀ। ਨਿਰਭੈਅ ਕੌਰ ਦੇ ਪਿਤਾ ਇਸੇ ਸੈਨਾ ਦੇ ਇਕ ਬੀਰ ਸੈਨਿਕ ਸਨ।

1

ਉਦੋਂ ਪੰਜਾਬ ਵਿਚ ਗੁਰੂ ਸਾਹਿਬਾਨ ਦੀ ਬੜੀ ਮਾਨਤਾ ਸੀ। ਗੁਰੂ-ਵੰਸ਼ ਦੇ ਜੀਆਂ ਦਾ ਲੋਕ ਬੜਾ ਆਦਰ-ਮਾਣ ਕਰਦੇ ਸਨ। ਸ਼ਰਧਾ ਨਾਲ ਖਾਣ-ਪੀਣ ਦੀਆਂ ਵਸਤਾਂ ਤੇ ਪੈਸਾ ਵੀ ਭੇਟਾ ਵਜੋਂ ਦੇਂਦੇ ਸਨ। ਇਤਿਹਾਸ ਅਨੁਸਾਰ ਗੁਰਧਾਮਾਂ ਨਾਲ ਕੁਝ ਜ਼ਮੀਨ ਜੁੜੀ ਹੁੰਦੀ ਸੀ। ਇਸ ਜ਼ਮੀਨ ਦੀ ਆਮਦਨ ਵੀ ਗੁਰੂ-ਵੰਸ਼ ਦੇ ਵਿਅਕਤੀਆਂ ਨੂੰ ਹੀ ਮਿਲਦੀ ਸੀ। ਇਸ ਤਰ੍ਹਾਂ ਜਨ-ਸਾਧਾਰਣ ਨਾਲੋਂ ਗੁਰੂ-ਵੰਸ਼ ਦੇ ਵਿਅਕਤੀ ਉਸ ਵੇਲੇ ਅਮੀਰ ਸਨ। ਇਹ ਲੋਕ ਪਿੰਡ ਜਾਂ ਨਗਰ ਦੀ ਭਲਾਈ ਲਈ ਸੋਚਦੇ ਸਨ। ਆਮ ਲੋਕਾਂ ਦੇ ਦੁਖ-ਸੁਖ ਵਿਚ ਸ਼ਾਮਲ ਹੁੰਦੇ ਸਨ। ਸੰਕਟ ਵੇਲੇ ਲੋਕਾਂ ਦੀ ਸੁਰੱਖਿਆ ਦਾ ਭਾਰ ਵੀ ਇਨ੍ਹਾਂ ਉੱਪਰ ਹੀ ਹੁੰਦਾ ਸੀ। ਕੁਝ ਇਸੇ ਤਰ੍ਹਾਂ ਦੀ ਹਾਲਤ ਸੀ ਸੋਢੀ ਵਡਭਾਗ ਸਿੰਘ ਦੀ। ਨਿਰਭੈਅ ਕੌਰ ਦੇ ਪਿਤਾ ਇਕ ਤਰ੍ਹਾਂ ਸੋਢੀ ਸਾਹਿਬ ਦੇ ਮੁਲਾਜ਼ਮ ਸਨ।

ਨਿਰਭੈਅ ਕੌਰ ਆਪਣੇ ਮਾਤਾ-ਪਿਤਾ ਦੀ ਇਕਲੌਤੀ ਬੇਟੀ ਸੀ। ਉਸ ਦੇ ਦੋ ਭਰਾ ਵੀ ਸਨ, ਪਰ ਉਹ ਛੋਟੀ ਉਮਰੇ ਹੀ ਪ੍ਰਲੋਕ ਸਿਧਾਰ ਗਏ ਸਨ। ਇਕੱਲੀ ਹੋਣ ਕਰ ਕੇ ਨਿਰਭੈਅ ਕੌਰ ਮਾਤਾ-ਪਿਤਾ ਦੀ ਲਾਡਲੀ ਸੀ। ਦੋਹਾਂ ਨੇ ਉਸ ਦਾ ਲਾਲਣ-ਪਾਲਣ ਵਿਚ ਆਪੋ-ਆਪਣਾ ਹਿੱਸਾ ਪਾਇਆ। ਪਿਤਾ ਨੇ ਨਿਰਭੈਅ ਕੌਰ ਨੂੰ ਪੜ੍ਹਨ-ਲਿਖਣਾ ਸਿਖਾਇਆ।

ਉਦੋਂ ਲੜਕੀਆਂ ਨੂੰ ਪਾਠਸ਼ਾਲਾ ਵਿਚ ਨਹੀਂ ਸੀ ਭੇਜਦੇ । ਨਿਰਭੈਅ ਕੌਰ ਨੂੰ ਗੁਟਕੇ ਉੱਪਰ ਬਾਣੀਆਂ ਦਾ ਪਾਠ ਕਰਨਾ ਆਉਂਦਾ ਸੀ । ਉਹ ਮਾਤਾ-ਪਿਤਾ ਨਾਲ ਮਿਲ ਕੇ ਸਵੇਰੇ ਅੰਮ੍ਰਿਤ ਵੇਲੇ ਧਰਮਸ਼ਾਲਾ (ਗੁਰਦੁਆਰੇ) ਜਾਂਦੀ ਸੀ । ਸਾਰੀ ਸੰਗਤ ਨਾਲ ਮਿਲ ਕੇ ਉੱਚੀ ਸੁਰ ਵਿਚ ਬੜਾ ਰਸੀਲਾ ਪਾਠ ਕਰਦੀ ਸੀ । ਗੁਰੂ ਸਾਹਿਬਾਨ ਦੇ ਪ੍ਰਸੰਗ ਸੁਣਦੀ ਸੀ । ਗੁਰੂ ਸਾਹਿਬ ਦੇ ਸੂਰਬੀਰ ਬੱਚਿਆਂ ਦੀ ਸ਼ਹੀਦੀ ਦਾ ਪ੍ਰਸੰਗ ਸੁਣ ਕੇ ਉਸ ਵਿਚ ਜੋਸ਼ ਜਾਗ ਪੈਂਦਾ ਸੀ । ਉਹਦਾ ਜੀਅ ਕਰਦਾ ਕਿ ਉਹ ਵੀ ਜੰਗ ਵਿਚ ਜਾਵੇ । ਉਹ ਵੀ ਬੀਰਤਾ ਨਾਲ ਲੜੇ । ਨਿਰਭੈਅ ਕੌਰ ਨੂੰ ਜੰਗ ਬਹਾਦਰ ਸਿੰਘ, ਨਿਰਭੈਅ ਕੌਰ ਦੇ ਪਿਤਾ ਨੇ ਘੋੜਸਵਾਰੀ ਕਰਨੀ ਸਿਖਾਈ ਸੀ । ਤੇਗ ਚਲਾਉਣੀ, ਗਤਕਾ ਖੇਡਣਾ, ਚੱਕਰ ਸੁੱਟਣੇ ਆਦਿ ਦੀ ਟ੍ਰੇਨਿੰਗ ਵੀ ਦਿੱਤੀ ਸੀ । ਪਿਤਾ ਨੇ ਬੀਰਤਾ ਵਾਲੇ ਗੁਣ ਨਿਰਭੈਅ ਕੌਰ ਵਿਚ ਜਗਾਏ । ਜੰਗ ਬਹਾਦਰ ਸਿੰਘ ਨੂੰ ਜਦ ਕਦੀ ਸਮਾਂ ਮਿਲਦਾ ਆਪਣੀ ਧੀ ਨਾਲ ਆਪਣੇ ਵਿਹੜੇ ਵਿਚ ਗਤਕਾ ਖੇਡਦਾ, ਚੱਕਰ ਸੁੱਟਦਾ । ਇਸ ਤਰ੍ਹਾਂ ਮਿਲਟਰੀ ਟ੍ਰੇਨਿੰਗ ਨਿਰਭੈਅ ਕੌਰ ਨੂੰ ਆਪਣੇ ਪਿਤਾ ਪਾਸੋਂ ਹੀ ਮਿਲੀ ।

ਨਿਰਭੈਅ ਕੌਰ ਦੀ ਮਾਤਾ ਦੀਦਾਰ ਕੌਰ ਨੇ ਵੀ ਨਿਰਭੈਅ ਦਾ ਪਾਲਣ-ਪੋਸਣ ਧਿਆਨ ਨਾਲ ਕੀਤਾ । ਨਿਰਭੈਅ ਕੌਰ ਸਾਰੇ ਘਰ ਦੇ ਕੰਮਾਂ ਵਿਚ ਮਾਂ ਦਾ ਹੱਥ ਵਟਾਉਂਦੀ । ਉਹ ਭਾਂਡੇ ਮਾਂਜਦੀ, ਸਫ਼ਾਈ ਕਰਦੀ, ਖੂਹ ਤੋਂ ਪਾਣੀ ਭਰ ਕੇ ਲਿਆਉਂਦੀ । ਉਦੋਂ ਲੋਕੀਂ ਘਰਾਂ ਵਿਚ ਪਸ਼ੂ ਰੱਖਦੇ ਸਨ । ਉਹ ਉਨ੍ਹਾਂ ਦਾ ਗੋਹਾ-ਕੂੜਾ ਸਾਂਭਦੀ, ਦੁੱਧ ਚੋਂਦੀ । ਖੇਤਾਂ ਵਿਚੋਂ ਪੱਠੇ ਵੱਢ ਕੇ ਲਿਆਉਂਦੀ, ਕੁਤਰ ਕੇ ਮੱਝਾਂ ਨੂੰ ਪਾਉਂਦੀ । ਤੂੜੀ ਤੇ ਖਲ਼ ਦਾ ਗੁਤਾਵਾ ਕਰਦੀ, ਮੱਝਾਂ ਨੂੰ ਨੁਹਾਉਂਦੀ । ਸਿੰਗਾਂ ਨੂੰ ਤੇਲ ਲਾ ਕੇ ਚੋਪੜਦੀ । ਸਾਰਾ ਦਿਨ ਸਖ਼ਤ ਕੰਮ ਕਰਨ ਕਰ ਕੇ ਉਹਨੂੰ ਭੁੱਖ ਵੀ ਬੜੀ ਲੱਗਦੀ । ਉਹ ਖੁੱਲ੍ਹਾ ਖਾਂਦੀ-ਪੀਂਦੀ ਸੀ । ਉਹਦੇ ਪਿਤਾ ਜਦੋਂ ਉਹ ਨਿੱਕੀ ਹੁੰਦੀ ਸੀ, ਤਾਂ ਉਹਨੂੰ ਮੱਝ ਦੀਆਂ ਧਾਰਾਂ ਦੇਂਦੇ ਸਨ । ਹੁਣ ਜਦੋਂ ਉਹ ਵੱਡੀ ਹੋ ਗਈ ਸੀ ਤਾਂ ਆਪੇ ਮੱਝ ਦੇ ਅੱਧੇ ਦੁੱਧ ਦੀਆਂ ਧਾਰਾਂ ਲੈ ਲੈਂਦੀ । ਉਹ ਕਰੜੀ ਮਿਹਨਤ ਕਰਦੀ ਸੀ । ਰੱਜ ਕੇ ਖਾਂਦੀ ਸੀ ਤੇ ਇਸੇ ਕਰ ਕੇ ਉਹਦਾ ਸਰੀਰ ਰਿਸ਼ਟ-ਪੁਸ਼ਟ ਸੀ । ਉਹ ਉੱਚੇ-ਲੰਮੇ ਕੱਦ ਦੀ ਸੀ । ਰੰਗ ਕਣਕਵੰਨਾ ਸੀ । ਨੈਣ-ਨਕਸ਼ ਤਿੱਖੇ ਤੇ ਸੋਹਣੇ ਸਨ । ਉਹ ਕੱਪੜੇ ਆਮ ਕੁੜੀਆਂ ਵਰਗੇ ਨਹੀਂ ਸੀ ਪਾਉਂਦੀ । ਸਰੋਂ ਚੂੜੀਦਾਰ ਪਜਾਮਾ ਤੇ ਖੁੱਲ੍ਹਾ ਕੁੜਤਾ ਪਾਉਂਦੀ ਸੀ । ਲੱਕ ਦੁਆਲੇ ਕਮਰਕੱਸਾ ਰੱਖਦੀ ਸੀ । ਉਹਦੇ ਵਿਚ ਲੰਮੀ ਤਿੰਨ ਫੁਟੀ ਤਲਵਾਰ ਬੰਨ੍ਹਦੀ ਸੀ । ਸਿਰ 'ਤੇ ਨੀਲਾ ਜਾਂ ਚਿੱਟਾ ਦੁਪੱਟਾ ਲੈਂਦੀ ਸੀ । ਚਿਹਰੇ 'ਤੇ ਚੰਗੀ ਸਿਹਤ ਕਰ ਕੇ ਲਾਲੀ ਭਖਦੀ ਸੀ । ਉਹ ਆਪਣੇ ਖੇਤਾਂ ਨੂੰ ਆਮ ਤੌਰ ਤੇ ਘੋੜੇ 'ਤੇ ਚੜ੍ਹ ਕੇ ਜਾਂਦੀ ਸੀ । ਉਥੋਂ ਪੱਠੇ ਆਦਿ ਵੱਢ ਕੇ ਘੋੜੇ ਉਤੇ ਲੱਦ ਕੇ ਲਿਆਉਂਦੀ । ਉਹਦੇ ਮਨ ਵਿਚ ਡਰ-ਭਉ ਦਾ ਨਾਮ-ਨਿਸ਼ਾਨ ਤਕ ਨਹੀਂ ਸੀ । ਇਕ ਦਿਨ ਦੀ ਗੱਲ ਹੈ । ਉਸ ਨੇ ਖੇਤਾਂ ਵਿਚੋਂ ਗੰਨੇ ਵੱਢੇ । ਉਨ੍ਹਾਂ ਨੂੰ ਛਿੱਲ ਕੇ ਘੋੜੀ ਉਤੇ ਰੱਖ ਕੇ ਜਦੋਂ ਘਰ ਆਈ ਤਾਂ ਉਹਨੂੰ ਕੁਝ ਦੇਰ ਹੋ ਗਈ ਸੀ । ਮਾਂ ਨੂੰ ਗੁੱਸਾ ਚੜ੍ਹਿਆ ਹੋਇਆ ਸੀ । ਮਾਂ ਦਾ ਗੁੱਸਾ ਵੇਖ ਕੇ ਉਹ ਬੜੀ ਸਹਿਜ ਨਾਲ ਬੋਲੀ, "ਮਾਂ, ਮੈਂ ਤਾਂ ਕੰਮ ਕਰਦੀ ਸੀ, ਤੈਨੂੰ ਹਰ ਵੇਲੇ ਕਿਸ ਦਾ ਡਰ ਖਾਈ ਜਾਂਦਾ ਹੈ ?" ਮਾਂ ਕਹਿਣ ਲੱਗੀ, "ਸੁਣਿਆ ਨਹੀਂ । ਅਬਦਾਲੀ ਫ਼ਿਰ ਹਿੰਦੁਸਤਾਨ ਵਲ ਆ ਰਿਹਾ ਹੈ । ਤੂੰ ਜਵਾਨ ਕੁੜੀ ਹੈਂ । ਜੇ ਤੇਰੀ ਇੱਜ਼ਤ ਨੂੰ ਕਿਸੇ

ਹੱਥ ਪਾ ਲਿਆ ?" ਨਿਰਭੈਅ ਕੌਰ ਮਾਂ ਦੀ ਗੱਲ ਸੁਣ ਕੇ ਰਤਾ ਰੋਹ ਵਿਚ ਆ ਗਈ। ਉਹ ਮਾਂ ਲਈ ਰੀਨੇ ਦੀਆਂ ਗੁੱਲੀਆਂ ਬਣਾ ਰਹੀ ਸੀ। ਉਹਨੇ ਦਾਤੀ ਰੀਨੇ ਨੂੰ ਏਨੇ ਜ਼ੋਰ ਦੀ ਮਾਰੀ ਕਿ ਰੀਨੇ ਦਾ ਟੁਕੜਾ ਉਥੋਂ ਲਹਿ ਕੇ ਡਿੱਗ ਪਿਆ ਤੇ ਨਾਲ ਹੀ ਉਸ ਨੇ ਮਾਂ ਨੂੰ ਕਿਹਾ, "ਮੈਂ ਉਨ੍ਹਾਂ ਨੂੰ ਰੀਨੇ ਦੀਆਂ ਪੋਰੀਆਂ ਵਾਂਗ ਕੱਟ ਸੁੱਟਾਂਗੀ।" ਫਿਰ ਲਾਡ ਨਾਲ "ਮੇਰੀਏ ਮਾਏ, ਮੈਂ ਤਾਂ ਚੰਡੀ ਦਾ ਪਾਠ ਕਰਦੀ ਹਾਂ, ਮੈਨੂੰ ਕਾਸਦਾ ਡਰ ?" ਨਿਰਭੈਅ ਨੇ ਮਾਂ ਨੂੰ ਸਮਝਾਇਆ।

ਵਿਦੇਸ਼ੀ ਹਮਲਾਵਰ ਜਦੋਂ ਵੀ ਹਿੰਦੁਸਤਾਨ ਉੱਪਰ ਹਮਲਾ ਕਰਦੇ ਉਨ੍ਹਾਂ ਦੀ ਨੀਅਤ ਦੋ ਗੱਲਾਂ ਵਿਚ ਹੁੰਦੀ। ਪਹਿਲਾ, ਧਨ ਤੇ ਦੂਜਾ ਔਰਤ। ਉਹ ਪੈਸਾ ਲੁੱਟਮਾਰ ਕਰ ਕੇ ਨਾਲ ਲੈ ਜਾਂਦੇ ਤੇ ਜਵਾਨ ਇਸਤਰੀਆਂ ਦੀ ਇੱਜ਼ਤ ਲੁੱਟਦੇ। ਇਸ ਲਈ ਜਦੋਂ ਵੀ ਲੋਕਾਂ ਨੂੰ ਹਮਲੇ ਦੀ ਕੰਨਸੋਅ ਪੈਂਦੀ, ਧੀਆਂ ਵਾਲੇ ਮਾਪੇ ਚਿੰਤਾ ਵਿਚ ਫਸ ਜਾਂਦੇ। ਛੇਤੀ ਤੋਂ ਛੇਤੀ ਧੀਆਂ ਨੂੰ ਵਿਆਹੁਣ ਦੀ ਸੋਚਦੇ। ਦੀਦਾਰ ਕੌਰ ਵੀ ਆਪਣੇ ਪਤੀ ਨੂੰ ਕਹਿਣ ਲੱਗੀ, "ਛੇਤੀ ਨਾਲ ਕੋਈ ਲੜਕਾ ਲੱਭੋ ਤੇ ਨਿਰਭੈਅ ਕੌਰ ਦਾ ਵਿਆਹ ਕਰ ਦੇਈਏ।" ਉੱਧਰ ਸ਼ਿਵ ਦਿਆਲ ਜੋ ਕਰਤਾਰਪੁਰ ਦਾ ਸਭ ਤੋਂ ਵੱਡਾ ਹਟਵਾਣੀਆਂ ਸੀ। ਇਸ ਦੀ ਦੁਕਾਨ ਸੋਢੀ ਵਡਭਾਗ ਸਿੰਘ ਦੇ ਕਿਲ੍ਹੇ ਦੇ ਥੱਲੇ ਡਿਉਢੀ ਦੇ ਲਾਗੇ ਸੀ, ਇਸ ਦੀ ਵੀ ਇਕ ਲੜਕੀ ਸੀ, ਉਸ ਦਾ ਨਾਮ ਸੀ ਕਾਂਤਾ। ਉਸ ਨੇ ਵੀ ਆਪਣੀ ਧੀ ਦਾ ਵਿਆਹ ਰਚਾ ਦਿੱਤਾ। ਉਦੋਂ ਵਿਆਹ-ਸ਼ਾਦੀਆਂ ਉਤੇ ਕੁੜੀਆਂ ਕਈ-ਕਈ ਦਿਨ ਰਾਤ ਵੇਲੇ ਗੀਤ ਗਾਇਆ ਕਰਦੀਆਂ ਸਨ। ਕਾਂਤਾ ਦੇ ਵਿਆਹ ਉਤੇ ਵੀ ਸਾਰੇ ਪਿੰਡ ਦੀਆਂ ਕੁੜੀਆਂ ਰਾਤ ਨੂੰ ਗੀਤ ਗਾਉਣ ਗਈਆਂ। ਉਨ੍ਹਾਂ ਨਾਲ ਨਿਰਭੈਅ ਕੌਰ ਵੀ ਸੀ। ਵਾਪਸੀ ਉਤੇ ਕੁਝ ਦੇਰ ਹੋ ਗਈ। ਪਰ ਨਿਰਭੈਅ ਕੌਰ ਨੂੰ ਤਾਂ ਡਰ ਲੱਗਦਾ ਹੀ ਨਹੀਂ ਸੀ। ਭਾਵੇਂ ਰਾਤ ਕਾਫੀ ਲੰਘ ਗਈ ਸੀ, ਪਰ ਨਿਰਭੈਅ ਕੌਰ ਇਕੱਲੀ ਹੀ ਆਪਣੇ ਘਰ ਵੱਲ ਪਰਤ ਰਹੀ ਸੀ ਕਿ ਰਾਹ ਵਿਚ ਦੋ ਮੁਗ਼ਲ ਸਿਪਾਹੀ ਖਲੋਤੇ ਹੋਏ ਸਨ। ਜਦੋਂ ਇਹ ਉਨ੍ਹਾਂ ਦੇ ਨੇੜਿਉਂ ਲੰਘਣ ਲੱਗੀ ਤਾਂ ਇਕ ਨੇ ਅੱਗੇ ਵਧ ਕੇ ਇਸ ਨੂੰ ਰੋਕਣਾ ਚਾਹਿਆ। ਨਿਰਭੈਅ ਤਾਂ ਕਦੋਂ ਦਾ ਇਹੋ ਜਿਹਾ ਮੌਕਾ ਭਾਲਦੀ ਸੀ। ਉਸ ਨੇ ਫੁਰਤੀ ਨਾਲ ਤਲਵਾਰ ਕੱਢੀ। ਨਿਰਭੈਅ ਨੂੰ ਤਲਵਾਰ ਕੱਢਦਿਆਂ ਵੇਖ ਉਹ ਪਿੱਛੇ ਭੱਜਾ ਪਰ ਇਸ ਨੇ ਭੱਜੇ ਜਾਂਦੇ ਸਿਪਾਹੀ ਦੇ ਮੋਢੇ ਉਤੇ ਕਿਰਪਾਨ ਕੱਢ ਮਾਰੀ। ਸਿਪਾਹੀ ਦੀ ਬਾਂਹ ਉਤਰ ਕੇ ਥੱਲੇ ਜਾ ਪਈ। ਉਹ ਚੀਕਾਂ ਮਾਰਦਾ ਪਿਛਾਂਹ ਭੱਜਾ ਤੇ ਦੂਸਰਾ ਸਿਪਾਹੀ ਵੀ ਉਹਦੇ ਮਗਰੇ-ਮਗਰ ਭੱਜਣ ਲੱਗ ਪਿਆ। ਨਿਰਭੈਅ ਕੌਰ ਨੂੰ ਲੱਗਾ ਜਿਵੇਂ ਉਹ ਬਹੁਤ ਵੱਡੀ ਲੜਾਈ ਜਿੱਤ ਗਈ ਹੋਵੇ। ਉਹ ਉਤਸ਼ਾਹ ਨਾਲ ਕਾਹਲੀ-ਕਾਹਲੀ ਘਰ ਵਲ ਤੁਰਨ ਲੱਗੀ। ਮਾਂ ਨੇ ਬੂਹਾ ਖੋਲ੍ਹਿਆ ਤੇ ਸਿਆਣੀ ਮਾਂ ਧੀ ਦੀ ਉਤਸੁਕਤਾ ਵੇਖ ਕੇ ਭਾਂਪ ਗਈ ਕਿ ਕੋਈ ਗੱਲ ਹੈ ? ਪੁੱਛਣ 'ਤੇ ਨਿਰਭੈਅ ਨੇ ਬੜੀ ਹੀ ਖੁਸ਼ੀ ਨਾਲ ਲਹੂ ਲਿੱਬੜੀ ਤਲਵਾਰ ਵਿਖਾਈ। ਨਿਰਭੈਅ ਦੇ ਪਿਤਾ ਅੰਦਰ ਬਿਸਤਰੇ ਵਿਚ ਬੈਠੇ ਹੋਏ ਸਨ। ਗੱਲ ਸੁਣ ਕੇ ਵਿਹੜੇ ਵਿਚ ਆ ਗਏ। ਨਿਰਭੈਅ ਨੂੰ ਸ਼ਾਬਾਸ਼ ਦਿੱਤੀ ਤੇ ਕਿਹਾ, "ਹਰ ਪੁੱਤਰੀ ਨੂੰ ਤੇਰੇ ਵਾਂਗ ਆਪਣੀ ਰੱਖਿਆ ਕਰਨੀ ਆਉਣੀ ਚਾਹੀਦੀ ਹੈ।" ਜੰਗ ਬਹਾਦਰ ਸਿੰਘ ਨੂੰ ਅੱਜ ਆਪਣੀ ਦਿੱਤੀ ਟ੍ਰੇਨਿੰਗ ਉੱਪਰ ਮਾਣ ਹੋ ਆਇਆ। ਆਪਣੀ ਧੀ ਦੇ ਸਿਰ 'ਤੇ ਪਿਆਰ ਨਾਲ ਹੱਥ ਫੇਰਨ ਲੱਗ ਪਿਆ। ਅੱਖਾਂ ਸ਼ੁਕਰਾਨੇ ਨਾਲ ਭਰ

ਆਈਆਂ। ਦੀਦਾਰ ਕੌਰ ਨੇ ਜੋ ਹੁਣ ਤਕ ਹੈਰਾਨੀ ਨਾਲ ਲਹੂ-ਲਿੱਬੜੀ ਤਲਵਾਰ ਵੱਲ ਵੇਖ ਰਹੀ ਸੀ, ਨੇ ਆਪਣੀ ਧੀ ਨੂੰ ਕਲੇਜੇ ਨਾਲ ਲਾ ਲਿਆ। ਹੁਣ ਸਾਰਿਆਂ ਨੇ ਮੂੰਹ-ਹੱਥ ਧੋਤਾ ਤੇ ਕੀਰਤਨ ਸੋਹਿਲੇ ਦਾ ਪਾਠ ਕਰ ਕੇ ਲੇਟ ਗਏ। ਜੰਗ ਬਹਾਦਰ ਸਿੰਘ ਤੇ ਦੀਦਾਰ ਕੌਰ ਨੂੰ ਤਾਂ ਝਟ ਨੀਂਦ ਆ ਗਈ। ਪਰ ਨਿਰਭੈਅ ਕੌਰ ਨੂੰ ਉਤਸ਼ਾਹ ਵਿਚ ਨੀਂਦ ਨਹੀਂ ਸੀ ਆ ਰਹੀ। ਉਹਦਾ ਜੀਅ ਕਰਦਾ ਸੀ, ਕੋਈ ਹੋਰ ਮੌਕਾ ਮਿਲੇ ਤੇ ਉਹ ਹੋਰ ਬਹਾਦਰੀ ਵਿਖਾਏ। ਇਹੀ ਸੋਚਾਂ ਸੋਚਦੀ ਨੂੰ ਪਤਾ ਨਹੀਂ ਕਿਹੜੇ ਵੇਲੇ ਨੀਂਦ ਆ ਗਈ।

ਜੰਗ ਬਹਾਦਰ ਸਿੰਘ ਨੇ ਨਿੱਤਨੇਮ ਅਨੁਸਾਰ ਜਾਗ ਕੇ ਇਸ਼ਨਾਨ-ਪਾਣੀ ਕੀਤਾ ਤੇ ਧਰਮਸ਼ਾਲਾ ਚਲਿਆ ਗਿਆ। ਦਿਨ ਚੜ੍ਹੇ ਜਦੋਂ ਘਰ ਪਰਤਿਆ ਤਾਂ ਉਹਦੇ ਨਾਲ ਇਕ ਨੌਜਵਾਨ ਗੱਭਰੂ ਸੀ। ਦੀਦਾਰ ਕੌਰ ਨੇ ਪ੍ਰਸ਼ਾਦਾ ਛਕਾਇਆ। ਜੰਗ ਬਹਾਦਰ ਸਿੰਘ ਨੇ ਨਿਰਭੈਅ ਕੌਰ ਨੂੰ ਬੁਲਾ ਕੇ ਮੱਝਾਂ ਦਾ ਦੁੱਧ ਚੋਣ ਲਈ ਕਿਹਾ। ਨਿਰਭੈਅ ਪਿਤਾ ਦੀ ਗੱਲ ਸੁਣ ਕੇ ਬਾਲਟੀ ਚੁੱਕ ਕੇ ਹਵੇਲੀ ਵਲ ਮੱਝਾਂ ਨੂੰ ਚੋਣ ਲਈ ਚਲੀ ਗਈ। ਪਿੱਛੋਂ ਉਸ ਨੇ ਦੀਦਾਰ ਕੌਰ ਨੂੰ ਕੋਲ ਬਿਠਾ ਕੇ ਕਿਹਾ, "ਇਹ ਸ. ਹਰਬੇਲ ਸਿੰਘ ਹੈ, ਭਾਈ ਝੰਡਾ ਸਿੰਘ ਦਾ ਪੁੱਤਰ। ਮੇਰਾ ਖ਼ਿਆਲ ਹੈ, ਨਿਰਭੈਅ ਲਈ ਇਹ ਵਰ ਠੀਕ ਰਹੇਗਾ।" ਦੀਦਾਰ ਕੌਰ ਇਹ ਸੁਣ ਕੇ ਖੁਸ਼ ਹੋ ਗਈ ਤੇ ਬੋਲੀ, "ਜੋੜੀ ਤਾਂ ਠੀਕ ਰਹੇਗੀ। ਸੋਹਣਾ, ਗੱਭਰੂ ਹੈ, ਗੁਰਸਿੱਖ ਹੈ।" ਤੇ ਫਿਰ ਕੁਝ ਦੇਰ ਹਰਬੇਲ ਸਿੰਘ ਅੱਜਕਲ੍ਹ ਕੀ ਕਰ ਰਿਹਾ ਹੈ, ਤੇ ਉਸ ਦੇ ਪਰਿਵਾਰ ਦੀਆਂ ਗੱਲਾਂ ਹੁੰਦੀਆਂ ਰਹੀਆਂ ਆਦਿ। ਏਨੇ ਨੂੰ ਨਿਰਭੈਅ ਕੌਰ ਦੁੱਧ ਚੋਅ ਕੇ ਆ ਗਈ। ਜੰਗ ਬਹਾਦਰ ਸਿੰਘ ਹਰਬੇਲ ਸਿੰਘ ਨਾਲ ਬਾਹਰ ਚਲਿਆ ਗਿਆ। ਪਿੱਛੋਂ ਮਾਂ ਨੇ ਧੀ ਨੂੰ ਹਰਬੇਲ ਸਿੰਘ ਬਾਰੇ ਦੱਸਿਆ। ਨਿਰਭੈਅ ਕੌਰ ਸ਼ਰਮਾ ਕੇ ਨੀਵੀਂ ਪਾਈ ਅੰਦਰਲੇ ਕਮਰੇ ਵਲ ਚਲੀ ਗਈ।

ਅੱਜ ਕਾਂਤਾ ਦੀ ਸ਼ਾਦੀ ਸੀ। ਨਿਰਭੈਅ ਕੌਰ ਹੋਰ ਸਹੇਲੀਆਂ ਨਾਲ ਰਲ ਕੇ ਵਿਆਹ ਵੇਖਣ ਗਈ। ਬਾਕੀ ਦੀਆਂ ਕੁੜੀਆਂ ਵਿਆਹ ਦੀਆਂ ਗੱਲਾਂ ਕਰਦੀਆਂ ਸਨ ਤੇ ਨਿਰਭੈਅ ਕੌਰ ਜੰਗ ਦੀਆਂ। ਰਾਧਾ ਰਾਣੀ ਨਿਰਭੈਅ ਦੀ ਸਹੇਲੀ ਨੇ ਕਿਹਾ, "ਤੂੰ ਤਾਂ ਵਿਆਹ ਹੀ ਕਿਸੇ ਸੈਨਿਕ ਨਾਲ ਕਰਾਈਂ।" ਨਿਰਭੈਅ ਕੌਰ ਨੇ ਚਾਮ੍ਹਲ ਕੇ ਕਿਹਾ, "ਸਗੋਂ ਚੰਗੈ, ਨਿੱਤ ਮੁਹਿੰਮਾਂ 'ਤੇ ਜਾਇਆ ਕਰਾਂਗੀ।" ਉਹਦੀ ਗੱਲ ਸੁਣ ਕੇ ਸਾਰੀਆਂ ਸਹੇਲੀਆਂ ਹੱਸਣ ਲੱਗ ਪਈਆਂ। ਬਲਬੀਰ ਨੇ ਉੱਚੀ ਸਾਰੀ ਕਿਹਾ, "ਸੁਣੋ ਵਾਜੇ ਦੀ ਆਵਾਜ਼, ਜੰਞ ਆ ਵੀ ਗਈ।" ਸਾਰੀਆਂ ਨੇ ਗੌਰ ਨਾਲ ਕੰਨਸੋਅ ਲਈ ਤੇ ਖੁਸ਼ੀ ਨਾਲ ਉੱਛਲ ਪਈਆਂ। ਕਾਂਤਾ ਦਾ ਵਿਆਹ ਹੁਣ ਵੇਦੀ ਨਾਲ ਹੋਣਾ ਸੀ। ਸਾਰੇ ਜਾਂਞੀ-ਮਾਂਝੀ ਰੋਟੀ ਖਾ ਕੇ ਵੇਦੀ ਦੇ ਨੇੜੇ-ਨੇੜੇ ਜੁੜਨ ਲੱਗੇ।

3

ਇਹ ਗੱਲ 1755 ਤੋਂ 1759 ਈਸਵੀ ਦੀ ਹੈ। ਉਦੋਂ ਅਹਿਮਦਸ਼ਾਹ ਅਬਦਾਲੀ ਦਾ ਪੁੱਤਰ ਤੈਮੂਰ ਲਾਹੌਰ ਦਾ ਸੂਬੇਦਾਰ ਸੀ। ਉਸ ਨੇ ਬਹਾਦਰ ਸਿੱਖਾਂ ਦਾ ਨਾਸ਼ ਕਰਨ ਲਈ ਅੰਮ੍ਰਿਤਸਰ ਵਿਚ ਇਕ ਬੜਾ ਜ਼ਾਲਮ ਫ਼ੌਜਦਾਰ ਨੀਅਤ ਕੀਤਾ। ਉਸ ਦਾ ਨਾਮ ਸੀ ਜਹਾਨ ਖ਼ਾਨ। ਇਹ ਆਪਣੇ ਜ਼ੁਲਮ ਲਈ ਬਦਨਾਮ ਸੀ। ਦੂਜੇ ਪਾਸੇ, ਜਲੰਧਰ ਦਾ ਫ਼ੌਜਦਾਰ

ਨਾਸਰ ਅਲੀ ਸੀ। ਨਾਸਰ ਅਲੀ ਦੀ ਇਕ ਵਾਰ ਪਹਿਲਾਂ ਵੀ ਕਰਤਾਰਪੁਰ ਦੇ ਮੁਖੀ ਸੋਢੀ ਵਡਭਾਗ ਸਿੰਘ ਨਾਲ ਝੜਪ ਹੋ ਚੁੱਕੀ ਸੀ। ਪਰ ਇਹ ਹਾਰ ਗਿਆ ਸੀ। ਉਹ ਹਾਰ ਦੀ ਨਮੋਸ਼ੀ ਵੈਰ ਵਿਚ ਬਦਲ ਗਈ ਸੀ। ਇਸ ਨੇ ਆਪਣਾ ਬਦਲਾ ਚੁਕਾਉਣ ਦੀ ਨੀਅਤ ਨਾਲ ਜਹਾਨ ਖ਼ਾਨ ਨੂੰ ਮਦਦ ਦੇਣ ਲਈ ਕਿਹਾ। ਜਹਾਨ ਖ਼ਾਨ ਮੰਨ ਗਿਆ। ਇਸ ਤਰ੍ਹਾਂ ਜਹਾਨ ਖ਼ਾਨ ਤੇ ਨਾਸਰ ਅਲੀ ਨੇ ਮਿਲ ਕੇ ਕਰਤਾਰਪੁਰ ਉੱਪਰ ਸਾਂਝਾ ਹਮਲਾ ਕਰ ਦਿੱਤਾ। ਠੀਕ ਇਸੇ ਰਾਤ ਜਿਸ ਰਾਤ ਕਾਂਤਾ ਦੀਆਂ ਲਾਵਾਂ ਹੋਣੀਆਂ ਸਨ। ਦੁਸ਼ਮਣਾਂ ਦੀਆਂ ਫ਼ੌਜਾਂ ਮਾਰ-ਕੁਟਾਈ ਕਰਦੀਆਂ ਆਈਆਂ ਤੇ ਕਰਤਾਰਪੁਰ ਦੇ ਜ਼ਿਲ੍ਹੇ ਨੂੰ ਘੇਰ ਲਿਆ। ਸ਼ਿਵਦਿਆਲ ਹਟਵਾਣੀਏ ਦੇ ਘਰ ਸ਼ਾਦੀ ਕਰ ਕੇ ਚਹਿਲ-ਪਹਿਲ ਸੀ। ਨਾਲੇ, ਲੜਕੀ ਦੇ ਗਹਿਣੇ-ਕੱਪੜਿਆਂ ਨੇ ਵੀ ਲਾਲਚੀਆਂ ਨੂੰ ਆਕ੍ਰਸ਼ਿਤ ਕੀਤਾ। ਪਲੋ-ਪਲੀ ਵਿਚ ਸ਼ਿਵ ਦਿਆਲ ਦੀ ਹਵੇਲੀ ਦੇ ਦਰਵਾਜ਼ੇ ਟੁੱਟ ਗਏ। ਡਰਦੇ ਮਾਰੇ ਬੰਦੇ ਇਸਤਰੀਆਂ ਛੱਤਾਂ ਉਤੇ ਚੜ੍ਹ ਗਏ, ਕੁਝ ਕਮਰਿਆਂ ਵਿਚ ਲੁਕ ਗਏ। ਗੱਲ ਕੀ ਜਿਥੇ ਵੀ ਕਿਸੇ ਨੂੰ ਥਾਂ ਮਿਲੀ ਲੁਕ-ਛਿਪ ਗਏ। ਦੁਸ਼ਮਣਾਂ ਦਾ ਮੁਕਾਬਲਾ ਕਰਨ ਲਈ ਉਥੇ ਕੇਵਲ ਇਕ ਜਾਨ ਸੀ, ਨਿਰਭੈਅ ਕੌਰ। ਨਿਰਭੈਅ ਕੌਰ ਨੇ ਡਟ ਕੇ ਮੁਕਾਬਲਾ ਕੀਤਾ। ਚਿਰਾਂ ਦੀ ਪਿਆਸੀ ਕਿਰਪਾਨ ਅੱਜ ਲਹੂ ਨਾਲ ਤ੍ਰਿਪਤ ਹੋ ਰਹੀ ਸੀ। ਕੋਈ ਕਿੰਨਾ ਵੀ ਦਲੇਰ ਹੋਵੇ, ਹਜ਼ਾਰਾਂ ਦੀ ਗਿਣਤੀ ਵਿਰੁੱਧ ਇਕੱਲਾ ਕਿੰਨੀ ਦੇਰ ਤਕ ਨਿਭ ਸਕਦਾ ਹੈ। ਅਖ਼ੀਰ ਨਿਰਭੈਅ ਕੌਰ ਬਹੁਤ ਦੇਰ ਲੜਨ ਮਗਰੋਂ ਆਪਣੀਆਂ ਤਿੰਨ ਹੋਰ ਸਹੇਲੀਆਂ ਸਮੇਤ ਜੋ ਵਿਆਹ ਉਤੇ ਆਈਆਂ ਹੋਈਆਂ ਸਨ, ਫੜੀ ਗਈ। ਨੰਗੀਆਂ ਤਲਵਾਰਾਂ ਦੇ ਪਹਿਰੇ ਵਿਚ ਇਹ ਚਾਰੇ ਜਹਾਨ ਖ਼ਾਨ ਦੇ ਸਾਹਮਣੇ ਲਿਆਂਦੀਆਂ ਗਈਆਂ। ਚੌਹਾਂ ਦੇ ਕਪੱੜੇ ਪਾਟੇ ਹੋਏ ਸਨ। ਜਿਥੋਂ ਇਹ ਅੰਦਾਜ਼ਾ ਲੱਗਦਾ ਸੀ ਕਿ ਇਹ ਚਾਰੇ ਆਪਣੀ ਹਿਫ਼ਾਜ਼ਤ ਕਰਦੀਆਂ ਹੋਈਆਂ ਫੜੀਆਂ ਗਈਆਂ ਸਨ। ਜਦੋਂ ਨਿਰਭੈਅ ਕੌਰ ਸਿਪਾਹੀਆਂ ਦੀ ਪਕੜ ਵਿਚ ਸੀ ਤੇ ਉਹਨੂੰ ਜਹਾਨ ਖ਼ਾਨ ਵੱਲ ਲਿਜਾਇਆ ਜਾ ਰਿਹਾ ਸੀ ਤਾਂ ਉਸ ਨੇ ਰਸਤੇ ਵਿਚ ਤੱਕਿਆ ਕਿ ਪਵਿੱਤਰ ਗੁਰਦੁਆਰਾ ਥੰਮ੍ਹ ਸਾਹਿਬ ਜਿਸ ਨੂੰ ਪੰਚਮ ਗੁਰੂ ਨੇ ਆਪਣੇ ਪਾਵਨ ਹੱਥਾਂ ਨਾਲ ਬਣਵਾਇਆ ਸੀ, ਵਿਚੋਂ ਅੱਗ ਦੇ ਭਾਂਬੜ ਨਿਕਲ ਰਹੇ ਸਨ। ਪਾਵਨ ਗੁਰਧਾਮ ਲਟ-ਲਟ ਬਲਦਾ ਜ਼ਾਲਮਾਂ ਦੇ ਜ਼ੁਲਮ ਦੀ ਸ਼ਾਹਦੀ ਭਰ ਰਿਹਾ ਸੀ। ਸ਼ਹਿਰ ਵਿਚ ਹਾਹਾਕਾਰ ਮੱਚੀ ਹੋਈ ਸੀ। ਚੀਕਾਂ, ਰੋਣ, ਪਿੱਟਣ ਦੀਆਂ ਅਵਾਜ਼ਾਂ, ਗੋਲੀਆਂ ਦੀਆਂ ਅਵਾਜ਼ਾਂ, ਯਾ ਅਲੀ ਅਲੀ ਦੇ ਨਾਹਰੇ, ਬਚਾਓ, ਮਾਰੋ, ਸਾੜੋ ਦੀਆਂ ਭਿਆਨਕ ਅਵਾਜ਼ਾਂ ਨਾਲ ਸ਼ਹਿਰ ਗੂੰਜ ਰਿਹਾ ਸੀ। ਸੜਕਾਂ, ਗਲੀਆਂ ਖ਼ੂਨ ਨਾਲ ਲੱਥ-ਪੱਥ ਸਨ। ਜ਼ਾਲਮਾਂ ਦੀਆਂ ਅੱਖਾਂ ਵਿਚ ਵਹਿਸ਼ਤ ਦਾ ਸਰੂਰ ਸੀ। ਇਨ੍ਹਾਂ ਚਾਰਾਂ ਨੂੰ ਜਹਾਨ ਖ਼ਾਨ ਜੋ ਉਸ ਵੇਲੇ ਸ਼ਰਾਬ ਦੇ ਨਸ਼ੇ ਵਿਚ ਚੂਰ ਸੀ, ਦੇ ਸਾਹਮਣੇ ਪੇਸ਼ ਕੀਤਾ ਗਿਆ। ਲਲਚਾਈਆਂ ਅੱਖਾਂ ਨੇ ਸਭ ਦੇ ਚਿਹਰਿਆਂ ਨੂੰ ਵੇਖਿਆ। ਨਿਰਭੈਅ ਕੌਰ ਗੁੱਸੇ ਵਿਚ ਬੁੱਲ੍ਹ ਟੁੱਕ ਰਹੀ ਸੀ। ਗੁੱਸੇ ਵਿਚ ਅੱਖਾਂ ਲਾਲ ਸਨ। ਅਚਾਨਕ ਜਹਾਨ ਖ਼ਾਨ ਨੇ ਪੁੱਛਿਆ, "ਤੇਰਾ ਨਾਮ ਕੀ ਹੈ ?" "ਮੌਤ !" ਨਿਰਭੈਅ ਕੌਰ ਨੇ ਉੱਤਰ ਦਿੱਤਾ। "ਇਸ ਦਾ ਗੁੱਸਾ ਇਤਨਾ ਹੁਸੀਨ ਹੈ ਤਾਂ ਪਿਆਰ ਕਿਤਨਾ ਲਾਜਵਾਬ ਹੋਵੇ ਗਾ" ਕਹਿੰਦਿਆਂ ਉਹ ਨਿਰਭੈਅ ਕੌਰ ਵੱਲ ਲਪਕਿਆ। "ਖ਼ਬਰਦਾਰ ਜੇ ਮੈਨੂੰ ਹੱਥ ਲਾਇਆ" ਨਿਰਭੈਅ ਕੌਰ ਨੇ ਇੰਨੀ ਉੱਚੀ ਗਰਜ ਕੇ ਕਿਹਾ ਕਿ ਸਾਰੇ ਹੱਕੇ-ਬੱਕੇ ਹੋ ਕੇ

ਵੇਖਣ ਲੱਗ ਪਏ । ਇਹ ਬੋਲ ਸੁਣ ਕੇ ਜਹਾਨ ਖ਼ਾਨ ਵੀ ਜੋਸ਼ ਵਿਚ ਪਰਤਿਆ ਤੇ ਗੁੱਸੇ ਨਾਲ ਕੰਬਦਾ ਹੋਇਆ, "ਇਸ ਦੇ ਹੱਥ ਬੰਨ੍ਹ ਕੇ ਮੇਰੇ ਤੰਬੂ ਵਿਚ ਭੇਜ ਦਿਓ, ਰਾਤੀਂ ਇਸ ਨਾਲ ਗੱਲ ਕਰਾਂਗਾ ।" ਕਹਿੰਦਿਆਂ ਜਹਾਨ ਖ਼ਾਨ ਉੱਠ ਖਲੋਤਾ ਤੇ ਨਾਸਰ ਅਲੀ ਨੂੰ ਕਹਿਣ ਲੱਗਾ, "ਆਓ ਕਾਫ਼ਰਾਂ ਦਾ ਸੜਦਾ ਸ਼ਹਿਰ ਵੇਖਣ ਚੱਲੀਏ ।"

4

ਹੁਣ ਜਹਾਨ ਦੇ ਤੰਬੂ ਵਿਚ ਨਿਰਭੈਅ ਕੌਰ, ਕਾਂਤਾ ਤੇ ਦੋ ਹੋਰ ਲੜਕੀਆਂ ਜੋ ਸ਼ਾਦੀ ਵੇਖਣ ਆਈਆਂ ਸਨ, ਮੌਜੂਦ ਸਨ । ਤੰਬੂ ਦੇ ਦਰਵਾਜ਼ੇ ਕੋਲ ਇਕ ਸਿਪਾਹੀ ਨੰਗੀ ਤਲਵਾਰ ਲੈ ਕੇ ਖੜ੍ਹਾ ਸੀ । ਨਿਰਭੈਅ ਕੌਰ ਨੇ ਮੌਕਾ ਤਾੜ ਕੇ ਸਿਪਾਹੀ ਨੂੰ ਧੱਕਾ ਦਿੱਤਾ । ਉਹ ਡਿੱਗ ਪਿਆ । ਇੰਨੇ ਵਿਚ ਨਿਰਭੈਅ ਕੌਰ ਨੇ ਉਸ ਪਾਸੋਂ ਕਿਰਪਾਨ ਖੋਹ ਕੇ ਐਸੀ ਵਾਹੀ ਕਿ ਉਸ ਦੀਆਂ ਆਂਦਰਾਂ ਬਾਹਰ ਨਿਕਲ ਆਈਆਂ ਤੇ ਉਹ ਮਰ ਗਿਆ । ਇਸ ਦੀ ਅਵਾਜ਼ ਸੁਣ ਕੇ ਦੂਸਰਾ ਸਿਪਾਹੀ ਅੰਦਰ ਵੱਲ ਦੌੜਿਆ । ਨਿਰਭੈਅ ਨੇ ਉਸ ਦੇ ਸੀਨੇ ਵਿਚ ਵੀ ਕਿਰਪਾਨ ਖੋਭ ਦਿੱਤੀ ਤੇ ਉਹ ਵੀ ਤੜਪ ਕੇ ਥੱਲੇ ਡਿੱਗ ਪਿਆ । ਹੁਣ ਨਿਰਭੈਅ ਕੌਰ ਨੇ ਬੇਹੋਸ਼ ਹੋਈ ਕਾਂਤਾ ਜੋ ਨਿਰਭੈਅ ਕੌਰ ਦੇ ਨਾਲ ਹੀ ਤੰਬੂ ਵਿਚ ਕੈਦੀ ਦੀ ਸ਼ਕਲ ਵਿਚ ਖਲੋਤੀ ਸੀ ਤੇ ਇਹ ਸਭ ਕੁਝ ਵੇਖ ਕੇ ਬੇਹੋਸ਼ ਹੋ ਕੇ ਡਿੱਗ ਪਈ ਸੀ, ਨੂੰ ਨਿਰਭੈਅ ਕੌਰ ਨੇ ਫ਼ੁਰਤੀ ਨਾਲ ਘੋੜੀ ਉੱਪਰ ਲੱਦਿਆ ਤੇ ਦੂਜੀਆਂ ਦੋਹਾਂ ਨੂੰ ਵੀ ਅੱਖੇ-ਸੱਖੇ ਘੋੜੀ ਉਤੇ ਬਿਠਾ ਕੇ ਘੋੜੀ ਨੂੰ ਅੱਡੀ ਲਾਈ ਤੇ ਸਿੱਧਾ ਬਾਬਾ ਅੱਡਣ ਸ਼ਾਹ ਦੀ ਧਰਮਸ਼ਾਲਾ ਪੁੱਜੀ । ਉਨ੍ਹਾਂ ਤਿੰਨਾਂ ਨੂੰ ਘੋੜੀ ਉਤੋਂ ਉਤਾਰਿਆ । ਅੱਗੇ ਬਾਬਾ ਅੱਡਣ ਜੀ ਪਾਣੀ ਪਿਆਉਣ ਦੀ ਸੇਵਾ ਕਰ ਰਹੇ ਸਨ । ਉਨ੍ਹਾਂ ਨੇ ਪਿਛਲੀਆਂ ਕੋਠੜੀਆਂ ਵੱਲ ਜਾਣ ਦਾ ਇਸ਼ਾਰਾ ਕੀਤਾ । ਇਹ ਬਿਜਲੀ ਦੀ ਫ਼ੁਰਤੀ ਨਾਲ ਪਿੱਛੇ ਪਹੁੰਚੀ । ਦੂਜੀਆਂ ਦੋਹਾਂ ਨੂੰ ਕਾਂਤਾ ਨੂੰ ਹੋਸ਼ ਵਿਚ ਲਿਆਉਣ ਦਾ ਉਪਾਅ ਕਰਨ ਲਈ ਕਿਹਾ । ਉਨ੍ਹਾਂ ਦੋਵਾਂ ਦੇ ਕਾਂਤਾ ਹੱਥ-ਪੈਰ ਮਲਣ ਲੱਗ ਪਈ । ਨਿਰਭੈਅ ਆਪ ਪਾਣੀ ਲੈਣ ਲਈ ਬਾਹਰ ਆਈ ਤਾਂ ਉਸ ਵੇਲੇ ਰਾਧਾ ਰਾਣੀ ਦੀ ਮਾਂ ਜੋ ਕਿ ਨਿਰਭੈਅ ਕੌਰ ਦੀ ਸਹੇਲੀ ਸੀ, ਉੱਚੀ-ਉੱਚੀ ਰੋਂਦੀ ਮਿਲੀ ਤੇ ਦੱਸਿਆ ਕਿ ਰਾਧਾ ਰਾਣੀ ਨੂੰ ਨਾਸਰ ਅਲੀ ਦੇ ਬੰਦੇ ਹੁਣੇ-ਹੁਣੇ ਚੁੱਕ ਕੇ ਲੈ ਗਏ ਹਨ । ਗੱਲ ਸੁਣਦਿਆਂ ਹੀ ਨਿਰਭੈਅ ਛੇਤੀ ਨਾਲ ਕਟੋਰੇ 'ਚ ਪਾਣੀ ਲੈ ਕੇ ਪਿਛਲੀਆਂ ਕੋਠੜੀਆਂ ਵਲ ਦੌੜੀ । ਏਨੇ ਵਿਚ ਹਰਬੇਲ ਸਿੰਘ ਨੇ ਆ ਕੇ ਉੱਚੀ-ਉੱਚੀ ਪੁਕਾਰਿਆ, "ਨਿਰਭੈਅ ਕੌਰ ਹੈ ?" ਨਿਰਭੈਅ ਆਪਣਾ ਨਾਮ ਸੁਣ ਕੇ ਹਰਬੇਲ ਸਿੰਘ ਵਲ ਦੌੜੀ । ਦੋਹਾਂ ਨੇ ਅਦਬ ਨਾਲ ਇਕ-ਦੂਜੇ ਨੂੰ ਹੱਥ ਜੋੜੇ । ਨਿਰਭੈਅ ਕੌਰ ਤੁਰੰਤ ਬੋਲੀ, "ਤੁਸੀਂ ਮੇਰੇ ਨਾਲ ਚੱਲਣਾ ਹੈ । ਮੇਰੀ ਸਹੇਲੀ, ਰਾਧਾ ਰਾਣੀ ਨੂੰ ਨਾਸਰ ਅਲੀ ਦੇ ਬੰਦੇ ਚੁੱਕ ਕੇ ਲੈ ਗਏ ਹਨ ।" ਹਰਬੇਲ ਸਿੰਘ ਨੇ ਝਟਪਟ ਘੋੜੇ ਤੋਂ ਛਾਲ ਮਾਰੀ ਤੇ ਦੋਹਾਂ ਦੇ ਘੋੜੇ ਹਵਾ ਨਾਲ ਗੱਲਾਂ ਕਰਨ ਲੱਗੇ । ਪਲਾਂ ਵਿਚ ਹੀ ਉਹ ਨਾਸਰ ਅਲੀ ਦੇ ਤੰਬੂ ਕੋਲ ਪਹੁੰਚ ਗਏ । ਪਰ ਅੱਜ ਦੀ ਲੁੱਟ ਦਾ ਮਾਲ ਚਾਹੇ ਉਹ ਰੁਪਿਆ, ਪੈਸਾ, ਕੀਮਤੀ ਬਸਤਰ ਜਾਂ ਇਸਤਰੀ ਸੀ, ਪਹਿਲਾਂ ਜਹਾਨ ਖ਼ਾਨ ਦੇ ਪੇਸ਼ ਹੋਣਾ ਸੀ । ਦੋਹਾਂ ਨੇ ਤੰਬੂ ਤੋਂ ਉਰ੍ਹਾਂ ਹੀ ਘੋੜੇ ਖਲ੍ਹਾਰ ਲਏ । ਪਹਿਰੇਦਾਰਾਂ ਨੇ ਪੁੱਛਿਆ, "ਕੌਣ ?" "ਅੱਲਾ ਦੇ ਬੰਦੇ" ਉਨ੍ਹਾਂ ਨੇ ਉੱਤਰ ਦਿੱਤਾ । ਪਹਿਰੇਦਾਰਾਂ ਸੋਚਿਆ ਤੰਬੂ ਦੇ ਇਤਨੇ ਨੇੜੇ ਤਾਂ ਆਪਣੇ

ਬੰਦੇ ਹੀ ਆ ਸਕਦੇ ਹਨ। ਸੋ ਉਹ ਨਿਸ਼ਚਿੰਤ ਬੈਠੇ ਰਹੇ। ਦੋਹਾਂ ਨੇ ਤੰਬੂ ਨਾਲ ਕੰਨ ਲਾ ਕੇ ਸੁਣਿਆ, ਜਹਾਨ ਖ਼ਾਨ ਗੁੱਸੇ ਨਾਲ ਕਹਿ ਰਿਹਾ ਸੀ, "ਬੰਦ ਕਰ ਬਕਵਾਸ!" ਪਰ ਰਾਧਾ ਰਾਣੀ ਅੱਗੋਂ ਬੋਲਦੀ ਜਾ ਰਹੀ ਸੀ, "ਮੈਨੂੰ ਮਾਰ ਸੁੱਟੋ, ਮੈਨੂੰ ਮਾਰ ਸੁੱਟੋ।" ਪਲ ਵਿਚ ਹੀ ਰਾਧਾ ਰਾਣੀ ਨੇ ਚੀਕ ਮਾਰੀ। ਲੱਗਿਆ ਜਹਾਨ ਖ਼ਾਨ ਜ਼ਬਰਦਸਤੀ ਕਰਨ ਲੱਗਾ ਸੀ। ਨਿਰਭੈਅ ਕੌਰ ਨੇ ਆਪਣੀ ਤਲਵਾਰ ਦੀ ਨੋਕ ਨਾਲ ਤੰਬੂ ਪਾੜ ਸੁੱਟਿਆ। ਹਰਬੇਲ ਸਿੰਘ ਨੇ ਅੱਗੇ ਵਧ ਕੇ ਰਾਧਾ ਰਾਣੀ ਨੂੰ ਚੁੱਕਣਾ ਚਾਹਿਆ। ਅਜੇ ਜਹਾਨ ਖ਼ਾਨ ਬੋਲਣ ਹੀ ਲੱਗਾ ਸੀ ਕਿ ਨਿਰਭੈਅ ਕੌਰ ਦੀ ਕਿਰਪਾਨ ਨੇ ਉਸ ਦਾ ਸਿਰ ਧੜ ਨਾਲੋਂ ਜੁਦਾ ਕਰ ਦਿੱਤਾ। ਹਰਬੇਲ ਸਿੰਘ ਨੇ ਰਾਧਾ ਰਾਣੀ ਨੂੰ ਚੁੱਕ ਕੇ ਘੋੜੇ ਉਤੇ ਸੁੱਟਿਆ। ਨਿਰਭੈਅ ਕੌਰ ਨੇ ਸ਼ਮ੍ਹਾਂਦਾਨ ਨਾਲ ਤੰਬੂ ਨੂੰ ਅੱਗ ਲਾ ਦਿੱਤੀ ਤੇ ਆਪ ਦੋਵੇਂ ਘੋੜਿਆਂ ਨੂੰ ਉਡਾ ਕੇ ਲੈ ਗਏ। ਤੰਬੂ ਨੂੰ ਅੱਗ ਲੱਗੀ ਵੇਖ ਕੇ ਤੇ ਘੋੜਿਆਂ ਦੀਆਂ ਟਾਪਾਂ ਸੁਣ ਕੇ ਪਹਿਰੇਦਾਰਾਂ ਨੂੰ ਸਮਝ ਆ ਗਈ ਕਿ ਇਹ ਕੋਈ ਬਾਹਰ ਦੇ ਆਦਮੀ ਸਨ। ਥੋੜ੍ਹਾ ਫ਼ਾਸਲਾ ਤੈਅ ਕਰਨ ਮਗਰੋਂ ਦੋਹਾਂ ਨੇ ਘੋੜੇ ਰੋਕ ਲਏ ਤੇ ਮੁੜ ਕੇ ਦੁਸ਼ਮਣ ਦੇ ਬਲਦੇ ਹੋਏ ਤੰਬੂ ਵਲ ਵੇਖਿਆ। ਦੋਹਾਂ ਨੇ ਜਿਵੇਂ ਗੁਰਦੁਆਰਾ ਥੰਮ੍ਹ ਸਾਹਿਬ ਦਾ ਬਦਲਾ ਚੁਕਾਇਆ ਹੋਵੇ। "ਦੁਸ਼ਮਣ ਨੇ ਗੁਰੂ-ਘਰ ਦੀ ਬੇਅਦਬੀ ਕੀਤੀ ਸੀ। ਆਪ ਹੀ ਫਲ ਪਾ ਗਿਆ" ਕਹਿੰਦੇ ਹੋਏ ਹਰਬੇਲ ਸਿੰਘ ਨੇ ਨਿਰਭੈਅ ਕੌਰ ਵਲ ਵੇਖਿਆ।

ਨਿਰਭੈਅ ਕੌਰ ਅੱਜ ਉਤਸ਼ਾਹ ਵਿਚ ਸੀ। ਮਸੀਂ-ਮਸੀਂ ਉਸ ਨੂੰ ਆਪਣੇ ਹੌਸਲੇ ਤੇ ਬੀਰਤਾ ਨੂੰ ਪਰਖਣ ਦਾ ਸਮਾਂ ਮਿਲਿਆ ਸੀ। ਅੱਜ ਉਸ ਨੇ ਕਈਆਂ ਦੇ ਸਿਰ ਲਾਹੇ ਸਨ। ਕਈਆਂ ਦੇ ਹੱਥ-ਬਾਹਾਂ ਕੱਟੇ ਸਨ। ਕਈਆਂ ਨੂੰ ਜ਼ਖ਼ਮੀ ਕੀਤਾ ਸੀ। ਕਈਆਂ ਦੇ ਬੰਦ-ਖਲਾਸ ਕਰਵਾਏ ਸਨ। ਹਰਬੇਲ ਸਿੰਘ, ਨਿਰਭੈਅ ਕੌਰ ਅਤੇ ਰਾਧਾ ਰਾਣੀ ਤਿੰਨੇ ਘੋੜਿਆਂ ਉੱਪਰ ਸਵਾਰ ਸੰਘਣੇ ਰੁੱਖਾਂ ਦੇ ਵਿਚਕਾਰ ਆਣ ਕੇ ਰੁਕੇ। ਤਿੰਨੇ ਥੱਕੇ ਹੋਏ ਸਨ। ਹੁਣ ਰਾਧਾ ਰਾਣੀ ਹੋਸ਼ ਵਿਚ ਸੀ। ਤਿੰਨੇ ਹੀ ਜ਼ਮੀਨ ਨੂੰ ਆਪਣਾ ਬਿਸਤਰਾ ਸਮਝ ਕੇ ਸੌਂ ਗਏ।

ਦਿਨ ਚੜ੍ਹੇ ਹਰਬੇਲ ਸਿੰਘ ਨਿਰਭੈਅ ਕੌਰ ਤਾਂ ਅੱਗੇ ਹੁਸ਼ਿਆਰਪੁਰ ਵਲ ਜਾਣਾ ਚਾਹੁੰਦੇ ਸਨ। ਪਰ ਰਾਧਾ ਰਾਣੀ ਆਪਣੇ ਘਰ ਆਪਣੀ ਮਾਂ ਨੂੰ ਮਿਲਣਾ ਚਾਹੁੰਦੀ ਸੀ। ਅੰਤ, ਕਰਤਾਰਪੁਰ ਮੁੜਨ ਦਾ ਫ਼ੈਸਲਾ ਹੋਇਆ। ਰਾਧਾ ਰਾਣੀ ਦੇ ਘਰ ਪੁੱਜੇ। ਰਸਤੇ ਵਿਚ ਕਈ ਸਿਪਾਹੀਆਂ ਨੇ ਉਨ੍ਹਾਂ ਨੂੰ ਗੌਰ ਨਾਲ ਵੇਖਿਆ ਪਰ ਕਿਸੇ ਦੀ ਵੀ ਮੁਕਾਬਲਾ ਕਰਨ ਜਾਂ ਰੋਕਣ ਦੀ ਹਿੰਮਤ ਨਾ ਪਈ। ਰਾਧਾ ਰਾਣੀ ਦੀ ਮਾਂ ਵਿਹੜੇ ਵਿਰਲਾਪ ਕਰਦੀ ਹੋਈ ਬੈਠੀ ਸੀ ਕਿ ਇਨ੍ਹਾਂ ਦੇ ਘੋੜੇ ਵਿਹੜੇ ਵਿਚ ਆਣ ਖੜ੍ਹੇ। ਮਾਵਾਂ-ਧੀਆਂ ਇੰਜ ਧਾਹ ਕੇ ਮਿਲੀਆਂ ਜਿਵੇਂ ਲਹਿਰ ਨੂੰ ਕੰਢਾ। ਇਥੇ ਹੀ ਬੈਠਿਆਂ ਨਿਰਭੈਅ ਨੂੰ ਆਪਣੀ ਮਾਤਾ ਦਾ ਖ਼ਿਆਲ ਆਇਆ। ਉਸ ਨੂੰ ਆਪਣੀ ਮਾਤਾ ਦੀ ਕੋਈ ਖ਼ਬਰ ਨਹੀਂ ਸੀ। ਉਹ ਤੇ ਹਰਬੇਲ ਸਿੰਘ ਦੋਵੇਂ ਰਾਧਾ ਰਾਣੀ ਨੂੰ ਛੱਡ ਕੇ ਆਪਣੇ ਘਰ ਤੁਰ ਪਏ। ਦੀਦਾਰ ਕੌਰ ਦੇ ਹੱਥ ਵਿਚ ਅਜੇ ਵੀ ਤਲਵਾਰ ਘੁੱਟ ਕੇ ਫੜੀ ਹੋਈ ਸੀ। ਉਹ ਵਿਹੜੇ ਵਿਚ ਫਰਸ਼ 'ਤੇ ਪਈ ਦਮ ਤੋੜ ਚੁੱਕੀ ਸੀ। ਨਾਲ ਇਕ ਫ਼ੌਜੀ ਲਹੂਲੁਹਾਣ ਪਿਆ ਸੀ। ਮਾਂ ਦੀ ਹਾਲਤ ਵੇਖ ਕੇ ਨਿਰਭੈਅ ਕੌਰ ਵੈਰਾਗ ਵਿਚ ਆ ਗਈ। ਪਰ ਛੇਤੀ ਹੀ ਸੰਭਲ ਗਈ। ਨਿਰਭੈਅ ਕੌਰ ਨੂੰ ਯਾਦ ਆਇਆ

ਕਿ ਮਾਂ ਨੇ ਇਕ ਕੁੱਜੇ ਵਿਚ ਕੁਝ ਮੋਹਰਾਂ ਤੇ ਗਹਿਣੇ ਪਾ ਕੇ ਰਸੋਈ ਵਿਚ ਦੱਬੇ ਸਨ ਜੋ ਦੋਹਾਂ ਨੇ ਧਰਤੀ ਵਿਚੋਂ ਪੁੱਟ ਲਏ ਤੇ ਇਕ ਲੀੜੇ ਵਿਚ ਬੰਨ੍ਹ ਕੇ ਨਾਲ ਲੈ ਲਏ। ਲਾਚਾਰ ਨਿਰਭੈਅ ਕੌਰ ਨੇ ਆਪਣੇ ਹੀ ਘਰ ਨੂੰ ਅੱਗ ਲਾ ਦਿੱਤੀ ਤਾਂ ਕਿ ਮਾਂ ਦੀ ਦੇਹੀ ਦੀ ਨਿਰਾਦਰੀ ਨਾ ਹੋਵੇ ਤੇ ਇਕ ਤਰ੍ਹਾਂ ਸਸਕਾਰ ਵੀ ਹੋ ਜਾਵੇ।

5

ਹੁਣ ਹਰਬੇਲ ਸਿੰਘ ਤੇ ਨਿਰਭੈਅ ਕੌਰ ਹੁਸ਼ਿਆਰਪੁਰ ਜ਼ਿਲ੍ਹੇ ਦੇ ਇਕ ਕਸਬੇ ਹਾਜੀਪੁਰ ਵਿਚ ਜੈਗ ਬਹਾਦਰ ਸਿੰਘ ਨੂੰ ਜਾ ਮਿਲੇ। ਪਿਤਾ ਨੇ ਧੀ ਨੂੰ ਜਿਵੇਂ ਹੀ ਗਲ਼ ਨਾਲ਼ ਲਾਇਆ ਖੁਸ਼ੀ ਦੇ ਹੰਝੂ ਆਪਮੁਹਾਰੇ ਆ ਗਏ। ਨਿਰਭੈਅ ਕੌਰ ਨੇ ਮਾਂ ਦੇ ਕੁੱਜੇ ਵਿਚੋਂ ਮਿਲੀ ਮਾਇਆ ਤੇ ਗਹਿਣੇ ਪਿਤਾ ਦੇ ਸਾਹਮਣੇ ਰੱਖ ਦਿੱਤੇ। ਪਿਉ-ਧੀ ਨੇ ਢੇਰ ਚਿਰ ਮਾਂ ਦੀਆਂ ਗੱਲਾਂ ਕੀਤੀਆਂ। ਦੋਵਾਂ ਦੇ ਹੀ ਕਈ ਵਾਰ ਗੱਚ ਭਰ ਆਏ। ਦੋਵੇਂ ਹੀ ਇਕ-ਦੂਜੇ ਨੂੰ ਕਦੀ-ਕਦੀ ਦਿਲਾਸਾ ਦੇ ਲੈਂਦੇ। ਦੋਹਾਂ ਨੇ ਮਾਂ ਦੀ ਆਖ਼ਰੀ ਨਿਸ਼ਾਨੀ ਗਹਿਣਿਆਂ ਤੇ ਮੋਹਰਾਂ ਨੂੰ ਮੋਹ ਦੀ ਨਜ਼ਰ ਨਾਲ ਵੇਖਿਆ। ਅਖ਼ੀਰ ਇਹ ਫ਼ੈਸਲਾ ਹੋਇਆ, ਸਾਰੇ ਹੀ ਹੁਸ਼ਿਆਰਪੁਰ ਸੋਢੀ ਵਡਭਾਗ ਸਿੰਘ ਕੋਲ ਜਾਂਦੇ ਹਾਂ। ਉਥੇ ਹੀ ਸੋਢੀ ਸਾਹਿਬ ਦੀ ਮੌਜੂਦਗੀ ਵਿਚ ਨਿਰਭੈਅ ਕੌਰ ਅਤੇ ਹਰਬੇਲ ਸਿੰਘ ਦਾ ਅਨੰਦ ਕਾਰਜ ਹੋ ਜਾਵੇਗਾ।

ਅੱਜ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਨਿਰਭੈਅ ਕੌਰ ਨੇ ਗੁਰਬਾਣੀ ਦਾ ਪਾਠ ਕੀਤਾ ਪਰ ਮਨ ਬਾਰ-ਬਾਰ ਮਾਂ ਨੂੰ ਯਾਦ ਕਰਦਾ ਸੀ। ਮਾਂ ਹੁੰਦੀ ਤਾਂ ਸੌ ਸ਼ਗਨ ਮਨਾਉਂਦੀ। ਕਿੰਨੀ ਰੀਝ ਨਾਲ ਗਹਿਣੇ ਪੁਆਉਂਦੀ ਆਪਣੇ ਹੱਥੀਂ, ਆਪਣੀ ਧੀ ਦੀ ਡੋਲੀ ਤੋਰਦੀ। ਅੱਜ ਨਿਰਭੈਅ ਕੌਰ ਆਪ ਹੀ ਨ੍ਹਾਤੀ-ਧੋਤੀ। ਆਪ ਹੀ ਤਿਆਰ ਹੋ ਕੇ ਧਰਮਸ਼ਾਲਾ ਪੁੱਜੀ। ਪਿਤਾ ਨੇ ਅਨੰਦ ਕਾਰਜ ਦੀ ਰਸਮ ਪੂਰੀ ਕਰਵਾਈ। ਸੋਢੀ ਵਡਭਾਗ ਸਿੰਘ ਨੇ ਪਹਿਲਾਂ ਸਿੱਖਿਆ ਤੇ ਫ਼ਿਰ ਅਸੀਸ ਦਿੱਤੀ। ਨਿਰਭੈਅ ਕੌਰ ਦੇ ਚਿਹਰੇ 'ਤੇ ਅੰਤਾਂ ਦਾ ਠਰ੍ਹੰਮਾ ਤੇ ਸੰਜਮ ਸੀ। ਉਹਨੂੰ ਵੇਦੀ ਦੁਆਲੇ ਬੈਠੀ ਕਾਂਤਾ ਸਹੇਲੀ ਦੀ ਯਾਦ ਆਈ। ਉਹਦੇ ਵਿਆਹ ਦੇ ਗਾਉਣ ਗਾ ਕੇ ਜਾਂਦੀ ਨੂੰ ਜਦੋਂ ਸਿਪਾਹੀਆਂ ਨੇ ਛੇੜਿਆ ਸੀ ਤਾਂ ਉਹਨੇ ਕਿਵੇਂ ਉਨ੍ਹਾਂ ਦੀ ਬਾਂਹ ਕੱਟੀ ਸੀ। ਮਾਂ ਨੇ ਕਿਵੇਂ ਖੁਸ਼ੀ ਨਾਲ ਉਛਲ ਕੇ ਕਿਹਾ ਸੀ, "ਮੇਰੀ ਧੀ ਬਹਾਦਰ ਏ!" ਕਿਵੇਂ ਉਹ ਜਹਾਨ ਖ਼ਾਨ ਦੇ ਤੰਬੂ ਵਿਚੋਂ ਸਿਪਾਹੀਆਂ ਦਾ ਕਤਲ ਕਰ ਕੇ ਕਾਂਤਾ ਨੂੰ ਲੈ ਕੇ ਭੱਜੀ ਸੀ? ਕਿਵੇਂ ਉਸ ਨੇ ਰਾਧਾ ਰਾਣੀ ਨੂੰ ਬਚਾਇਆ ਸੀ? ਕਿਵੇਂ ਜਹਾਨ ਖ਼ਾਨ ਦਾ ਤੰਬੂ ਸਾੜਿਆ ਸੀ? ਸਾਰੀਆਂ ਘਟਨਾਵਾਂ ਇਕ-ਇਕ ਕਰ ਕੇ ਉਸ ਦੀਆਂ ਅੱਖਾਂ ਅੱਗੋਂ ਲੰਘ ਰਹੀਆਂ ਸਨ। ਪਤਾ ਨਹੀਂ ਇਤਨਾ ਹੌਸਲਾ ਉਸ ਵਿਚ ਕਿੱਥੋਂ ਆ ਗਿਆ ਸੀ? ਮਾਂ ਨੂੰ ਤਾਂ ਸਦਾ ਨਿਰਭੈਅ ਕੌਰ ਦਾ ਹੀ ਫ਼ਿਕਰ ਲੱਗਾ ਰਹਿੰਦਾ ਸੀ। ਉਹੀ ਨਿਰਭੈਅ ਕੌਰ ਦੁਸ਼ਮਣਾਂ ਦੇ ਅੱਡੇ ਤੋਂ ਬਚ ਨਿਕਲੀ ਸੀ। ਉਹਨੇ ਆਪਣੇ ਜਿਸਮ ਨੂੰ ਹਵਸੀ ਬੰਦਿਆਂ ਦਾ ਹੱਥ ਨਹੀਂ ਲੱਗਣ ਦਿੱਤਾ ਸੀ। ਉਸ ਨੇ ਆਪਣੀ ਇੱਜ਼ਤ-ਆਬਰੂ ਹੀ ਨਹੀਂ ਬਚਾਈ ਸੀ ਸਗੋਂ ਕਈ ਇਸਤਰੀਆਂ ਦੀ ਪੱਤ ਬਚਾਉਣ ਵਿਚ ਸਹਾਇਤਾ ਵੀ ਦਿੱਤੀ ਸੀ।

ਉਹ ਸਹਿਜੇ ਹੀ ਸੋਚਣ ਲੱਗ ਪਈ—ਭਲਾ ਕਾਂਤਾ, ਰਾਧਾ ਉਸ ਵਾਗ ਆਪਣੀ ਰੱਖਿਆ

ਕਿਉਂ ਨਹੀਂ ਸੀ ਕਰ ਸਕੀਆਂ ? ਇਸ ਦਾ ਇਕੋ-ਇਕ ਕਾਰਣ ਉਸ ਦੇ ਪਿਤਾ ਦੀ ਟ੍ਰੇਨਿੰਗ ਸੀ । ਜੇ ਜੰਗ ਬਹਾਦਰ ਸਿੰਘ, ਉਸ ਦਾ ਪਿਤਾ ਆਪਣੀ ਰੱਖਿਆ ਆਪ ਕਰਨ ਦਾ ਵਿਚਾਰ ਉਸ ਦੇ ਮਨ ਵਿਚ ਨਾ ਭਰਦੇ, ਤਾਂ ਉਹ ਵੀ ਹੋਰਨਾਂ ਕੁੜੀਆਂ ਵਾਂਗ ਚੁੱਕੀ ਜਾਣਾ ਸੀ । ਨਾਲੇ ਜਿਹੜੇ ਕਦੇ-ਕਦਾਈਂ ਉਸ ਦੇ ਪਿਤਾ ਉਸ ਨੂੰ ਸ਼ਸਤਰਾਂ ਦੇ ਦਾਅ-ਪੇਚ ਸਿਖਾਉਂਦੇ ਰਹੇ ਸਨ, ਉਹੀ ਔਖੇ ਵੇਲੇ ਉਸ ਦੇ ਕੰਮ ਆਏ ਸਨ । ਉਹ ਮਨ ਹੀ ਮਨ ਆਪਣੇ ਪਿਤਾ ਦੀ ਸ਼ੁਕਰਗੁਜ਼ਾਰ ਹੋ ਰਹੀ ਸੀ ਜਿਨ੍ਹਾਂ ਨੇ ਆਮ ਕੁੜੀਆਂ ਨਾਲੋਂ ਉਹਨੂੰ ਵੱਖਰੀ ਤਰ੍ਹਾਂ ਦੀ ਟ੍ਰੇਨਿੰਗ ਦਿੱਤੀ ਸੀ । ਇਸੇ ਸਦਕਾ ਉਹ ਆਪਣੀ ਤੇ ਆਪਣੀਆਂ ਹੋਰ ਸਹੇਲੀਆਂ ਦੀ ਇੱਜ਼ਤ ਤੇ ਜਾਨ ਬਚਾ ਸਕੀ ਸੀ । ਅੱਜ ਉਹ ਪਿਤਾ ਦੀ ਸਿੱਖਿਆ ਅਨੁਸਾਰ ਹੀ ਗ੍ਰਹਿਸਥ ਆਸ਼ਰਮ ਵਿਚ ਪ੍ਰਵੇਸ਼ ਕਰਨ ਲੱਗੀ ਸੀ । ਉਹ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਬੈਠੀ ਪਤਾ ਨਹੀਂ ਹੋਰ ਕਿੰਨੀ ਦੇਰ ਇਨ੍ਹਾਂ ਖ਼ਿਆਲਾਂ ਵਿਚ ਗੁਆਚੀ ਰਹਿੰਦੀ ਕਿ ਅਚਾਨਕ ਜਥੇਦਾਰ ਬਘੇਲ ਸਿੰਘ ਦੇ ਜੱਥੇ ਨੇ ਗੁਰਦੁਆਰਾ ਸਾਹਿਬ ਦੀ ਡਿਉੜੀ 'ਤੇ ਵਾਹਿਗੁਰੂ ਜੀ ਕੀ ਫਤਹਿ ਗਜਾਈ । ਨਿਰਭੈਅ ਕੌਰ ਵੀ ਸਾਧ ਸੰਗਤ ਸਮੇਤ ਡਿਉੜੀ ਵੱਲ ਵੇਖਣ ਲੱਗ ਪਈ । ਉਸ ਦੇ ਪਿਤਾ ਬੋਲ ਉਠੇ, "ਲਉ ਜਥੇਦਾਰ ਬਘੇਲ ਸਿੰਘ ਹੋਰੀਂ ਵੀ ਆ ਗਏ ।" ਸਭ ਦੇ ਮਨ ਪ੍ਰਸੰਨਤਾ ਨਾਲ ਖਿੜ ਗਏ । ਉਨ੍ਹਾਂ ਦੇ ਸਾਰੇ ਜੱਥੇ ਨੇ ਪਲੋ-ਪਲੀ ਵਿਚ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਮੱਥਾ ਟੇਕਿਆ ਤੇ ਸਾਰੇ ਜਣੇ ਸੰਗਤ ਵਿਚ ਬਹਿ ਗਏ । ਸੋਢੀ ਵਡਭਾਗ ਸਿੰਘ ਨੇ ਗੁਰੂ ਮਹਾਰਾਜ ਦੀ ਤਾਬਿਆ ਬੈਠਿਆਂ ਹੀ ਜਥੇਦਾਰ ਬਘੇਲ ਸਿੰਘ ਹੋਰਾਂ ਨੂੰ ਜੰਗ ਬਹਾਦਰ ਸਿੰਘ ਦੀ ਬੱਚੀ ਬੀਬੀ ਨਿਰਭੈਅ ਕੌਰ ਦੀ ਸ਼ਾਦੀ ਬਾਰੇ ਦੱਸਿਆ ਤੇ ਨਾਲ ਹੀ ਲਾੜੇ-ਲਾੜੀ ਨੂੰ ਕੁਝ ਸਿੱਖਿਆ ਤੇ ਦੇਸ਼ ਦੇ ਹਾਲਾਤ ਤੋਂ ਜਾਣੂ ਕਰਵਾਉਣ ਲਈ ਕਿਹਾ ।

ਜਥੇਦਾਰ ਬਘੇਲ ਸਿੰਘ ਸੋਢੀ ਵਡਭਾਗ ਸਿੰਘ ਦੇ ਹੁਕਮ ਅਨੁਸਾਰ ਉਠ ਖੜ੍ਹੇ ਹੋਏ । ਪਹਿਲਾਂ ਤਾਂ ਉਨ੍ਹਾਂ ਨੇ ਨਵੀਂ ਵਿਆਹੁਤਾ ਜੋੜੀ ਨੂੰ ਅਸੀਸ ਦਿੱਤੀ ਤੇ ਨਾਲ ਹੀ ਕਿਹਾ, "ਇਸ ਵੇਲੇ ਦੇਸ਼ ਨੂੰ ਸਿਰਲੱਥ ਦੇਸ਼ ਭਗਤਾਂ ਦੀ ਲੋੜ ਹੈ । ਤੁਸੀਂ ਗ੍ਰਹਿਸਥ ਵਿਚ ਫਸ ਕੇ ਦੇਸ਼ ਦੀ ਇਸ ਲੋੜ ਤੋਂ ਅਵੇਸਲੇ ਨਾ ਹੋ ਜਾਣਾ । ਸਗੋਂ ਬਲੀਦਾਨੀ ਬਣ ਕੇ ਦੇਸ਼ ਦੀ ਸੇਵਾ ਕਰਨੀ । ਬਾਹਰਲੇ ਹਮਾਲਾਵਰਾਂ ਤੋਂ ਦੇਸ਼ ਨੂੰ ਬਚਾਉਣਾ, ਹਰ ਇਕ ਪ੍ਰਾਣੀ ਦਾ ਫ਼ਰਜ਼ ਹੈ ।" ਜਥੇਦਾਰ ਬਘੇਲ ਸਿੰਘ ਪੰਜਾਬ ਵਲੋਂ ਹੀ ਆਏ ਸਨ । ਸੋ ਉਨ੍ਹਾਂ ਨੇ ਦੇਸ਼ ਦੀ ਅੰਦਰੂਨੀ ਨਿੱਘਰੀ ਹੋਈ ਹਾਲਤ ਉੱਪਰ ਚੰਗਾ ਚਾਨਣਾ ਪਾਇਆ । ਜਥੇਦਾਰ ਬਘੇਲ ਸਿੰਘ ਦੇ ਸ਼ਬਦਾਂ ਵਿਚ ਅਜਿਹਾ ਬਲ ਤੇ ਜੋਸ਼ ਸੀ ਕਿ ਸ. ਹਰਬੇਲ ਸਿੰਘ ਤੇ ਨਿਰਭੈਅ ਕੌਰ ਜੋ ਅਜੇ ਲਾਵਾਂ ਵਾਲੇ ਸਥਾਨ ਉੱਪਰ ਹੀ ਬੈਠੇ ਸਨ, ਦੋਹਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਜਥੇਦਾਰ ਬਘੇਲ ਸਿੰਘ ਦੇ ਜੱਥੇ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਜਾਵੇ । ਉਹ ਜੱਥੇ ਨਾਲ ਰਹਿ ਕੇ ਆਪਣਾ ਜੀਵਨ ਦੇਸ਼ ਕੌਮ ਲਈ ਕੁਰਬਾਨ ਕਰਨ ਲਈ ਤਿਆਰ ਹਨ । ਇਸ ਦੀ ਇਜਾਜ਼ਤ ਸੰਗਤ ਨੇ ਜੈਕਾਰਿਆਂ ਨਾਲ ਦਿੱਤੀ । ਜੰਗ ਬਹਾਦਰ ਸਿੰਘ, ਨਿਰਭੈਅ ਕੌਰ ਦੇ ਪਿਤਾ ਦੀਆਂ ਅੱਖਾਂ ਵਿਚ ਖੁਸ਼ੀ ਨਾਲ ਹੰਝੂ ਛਲਕਣ ਲੱਗ ਪਏ । ਉਸ ਨੂੰ ਆਪਣੀ ਪਤਨੀ ਦੀਦਾਰ ਕੌਰ ਦਾ ਖ਼ਿਆਲ ਆਇਆ : ਜੇ ਅੱਜ ਉਹ ਜੀਊਂਦੀ ਹੁੰਦੀ ਤਾਂ ਆਪਣੀ ਧੀ ਦੇ ਕਾਰਨਾਮੇ ਵੇਖ ਕੇ ਕਿੰਨੀ ਖੁਸ਼ ਹੁੰਦੀ । ਬੀਬੀ

ਨਿਰਭੈਅ ਕੌਰ ਨੇ ਆਪਣੇ ਪਤੀ ਸਮੇਤ ਅੱਜ ਇਕ ਨਵੀਂ ਮਿਸਾਲ ਕਾਇਮ ਕਰ ਦਿੱਤੀ। ਨਵੀਂ ਵਿਆਹੀ ਜੋੜੀ ਨੇ ਸਰੀਰਕ ਸੁੱਖਾਂ ਨਾਲੋਂ ਦੇਸ਼ ਦੀ ਰੱਖਿਆ ਨੂੰ ਵਧੇਰੇ ਤਰਜੀਹ ਦਿੱਤੀ। ਅੱਗੇ ਤੋਂ ਨਿਰਭੈਅ ਕੌਰ ਨੇ ਆਪਣੇ ਪਤੀ ਸਮੇਤ ਜਥੇਦਾਰ ਬਘੇਲ ਸਿੰਘ ਦੇ ਜੱਥੇ ਵਿਚ ਸ਼ਾਮਲ ਹੋ ਕੇ ਦੇਸ਼ ਦੀ ਰੱਖਿਆ ਲਈ ਤਿਆਰ-ਬਰ-ਤਿਆਰ ਰਹਿਣ ਦੀ ਪ੍ਰਤਿੱਗਿਆ ਕੀਤੀ।



ਸ੍ਰੀ ਰਾਜੀਵ ਗਾਂਧੀ—ਸੰਤ ਹਰਚੰਦ ਸਿੰਘ ਲੌਂਗੋਵਾਲ ਸਮਝੌਤੇ ਦੇ ਅੰਤਰਗਤ ਸਥਾਪਿਤ ਵਿਸ਼ੇਸ਼ ਪੰਜਾਬੀ ਸੈੱਲ 'ਚ ਪ੍ਰਕਾਸ਼ਿਤ ਮੂਲ ਪੰਜਾਬੀ ਪੁਸਤਕਾਂ

1. ਭਗਤਾਂ ਦੀ ਬਾਣੀ : ਡਾ. ਧਰਮਪਾਲ ਸਿੰਗਲ (ਸੰਪਾਦਕ)
2. ਪੰਦਰ੍ਹਵੀਂ ਸਦੀ ਤਕ ਦਾ ਚੋਣਵਾਂ ਪੰਜਾਬੀ ਸਾਹਿਤ : ਡਾ. ਮਹਿੰਦਰ ਕੌਰ ਗਿੱਲ (ਸੰਪਾਦਕ)
3. ਸੋਲ੍ਹਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ : ਡਾ. ਧਰਮਪਾਲ ਸਿੰਗਲ (ਸੰਪਾਦਕ)
4. ਸਤਾਰ੍ਹਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ : ਡਾ. ਦਰਸ਼ਨ ਸਿੰਘ (ਸੰਪਾਦਕ)
5. ਅਠਾਰ੍ਹਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ : ਡਾ. ਅਮਰਜੀਤ ਸਿੰਘ ਕਾਂਗ (ਸੰਪਾਦਕ)
6. ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ : ਡਾ. ਹਰਿਭਜਨ ਸਿੰਘ (ਸੰਪਾਦਕ)
7. ਦਸਮ ਗ੍ਰੰਥ ਦੀ ਚੋਣਵੀਂ ਬਾਣੀ : ਡਾ. ਸੇਵਾ ਸਿੰਘ (ਸੰਪਾਦਕ)
8. ਸ਼ਹੀਦ-ਏ-ਆਜ਼ਮ ਭਗਤ ਸਿੰਘ ਕਾਵਿ : ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)
9. ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਕਾਵਿ ਸ਼ਰਧਾਂਜਲੀ : ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)
10. ਚੋਣਵਾਂ ਪੰਜਾਬੀ ਸੂਫ਼ੀ ਕਲਾਮ : ਧਰਮਪਾਲ ਸਿੰਗਲ, ਬਲਦੇਵ ਸਿੰਘ 'ਬੱਦਨ' (ਸੰਪਾਦਕ)
11. ਪੰਜਾਬ ਦੇ ਸੰਤ ਕਵੀ : ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ 'ਬੱਦਨ'
12. ਪੰਜਾਬੀ ਨਾਰੀ ਕਾਵਿ : ਡਾ. ਵਨੀਤਾ (ਸੰਪਾਦਕ)
13. ਬੁੱਲ੍ਹੇ ਸ਼ਾਹ ਜੀਵਨ ਤੇ ਰਚਨਾ : ਡਾ. ਹਰਜਿੰਦਰ ਸਿੰਘ ਢਿੱਲੋਂ (ਸੰਪਾਦਕ)
14. ਪੰਜਾਬ ਦੀਆਂ ਫ਼ਸਲਾਂ : ਡਾ. ਰਣਜੀਤ ਸਿੰਘ
15. ਵਿੱਸਰਿਆ ਵਿਰਸਾ : ਡਾ. ਨਰੇਸ਼
16. ਬੇੜੀਆਂ ਦਾ ਪੁਲ਼ (ਗ਼ਜ਼ਲ ਸੰਗ੍ਰਹਿ) : ਸੁਲੱਖਣ ਸਰਹੱਦੀ
17. ਸ਼ਾਹ ਹੁਸੈਨ ਜੀਵਨ ਤੇ ਰਚਨਾ : ਡਾ. ਨਰੇਸ਼ (ਸੰਪਾਦਕ)
18. ਮੱਧਕਾਲੀ ਪਾਠ ਵਰਤਮਾਨ ਪਰਿਪੇਖ : ਡਾ. ਜਗਬੀਰ ਸਿੰਘ
19. ਕਿਉਂ ਛੂਟਹਿ ਬਿਨੁ ਪਿਆਰ (ਕਵਿਤਾ ਸੰਗ੍ਰਹਿ) : ਕਰਤਾਰ ਸਿੰਘ ਦੁੱਗਲ
20. ਪੰਜਾਬ ਦੇ ਚੋਣਵੇਂ ਖਿਡਾਰੀ : ਪ੍ਰਿੰਸੀਪਲ ਸਰਵਣ ਸਿੰਘ
21. 'ਬੰਦੀ ਬੋਲ' (ਸੁਤੰਤਰਤਾ ਅੰਦੋਲਨ ਦੌਰਾਨ ਅੰਗਰੇਜ਼ ਸਰਕਾਰ ਦੁਆਰਾ ਜ਼ਬਤ ਪੰਜਾਬੀ ਕਵਿਤਾ) : ਡਾ. ਗੁਰਦੇਵ ਸਿੰਘ ਸਿੱਧੂ (ਸੰਪਾਦਕ)
22. ਸੋਹਲੇ ਸ਼ਹੀਦ ਭਗਤ ਸਿੰਘ (ਢਾਡੀ ਵਾਰਾਂ ਤੇ ਕਵੀਸ਼ਰੀ ਪ੍ਰਸੰਗ) : ਡਾ. ਗੁਰਦੇਵ ਸਿੰਘ ਸਿੱਧੂ (ਸੰਪਾਦਕ)
23. ਪੰਜਾਬੀ ਹਾਸ-ਵਿਲਾਸ : ਡਾ. ਜਸਵੰਤ ਸਿੰਘ ਨੇਕੀ
24. ਪੰਜਾਬੀ ਸਭਿਆਚਾਰ : ਮੂਲ ਪਛਾਣ : ਡਾ. ਜਰੀਰ ਸਿੰਘ ਨੂਰ
25. ਮਲਕਜ਼ਾਦਾ ਵਾ ਸ਼ਾਹਪਰੀ : ਡਾ. ਗੁਲਜ਼ਾਰ ਸਿੰਘ ਕੰਗ (ਸੰਪਾਦਕ)
26. ਤੂੰ ਸਤਵੰਤੀ ਤੂੰ ਪਰਧਾਨਿ : ਡਾ. ਮਹਿੰਦਰ ਕੌਰ ਗਿੱਲ

ਗੁਰੂ ਮਹਿਲ, ਗੁਰੂ ਜਣਨੀਆਂ, ਗੁਰੂ ਭੈਣਾਂ, ਗੁਰੂ ਪੁੱਤਰੀਆ, ਗੁਰੂ ਨੂੰਹਾ, ਗੁਰੂ ਪ੍ਰੇਮਣਾ ਤੇ ਗੁਰੂ ਘਰ ਦੀਆਂ ਬੇਨਾਮ ਸ਼ਹੀਦ ਸਿੰਘਣੀਆਂ ਸਾਰੀਆਂ ਦੀਆਂ ਸਾਰੀਆਂ ਇਕ ਸੂਤ ਪ੍ਰੋਏ ਧਾਗੇ ਵਿਚ ਪਰੁੱਚੀਆਂ, ਗੁਰੂ ਘਰ ਨੂੰ ਸਮਰਪਿਤ ਹਨ। ਗੁਰੂ ਸਾਹਿਬ ਸਭ ਦੇ ਪੂਜ, ਸਭ ਦੇ ਪ੍ਰੇਰਨਾ ਸ੍ਰੋਤ, ਸਭ ਲਈ ਦਇਆ-ਪੁੰਜ, ਸਭ ਨਾਲ ਸਨੇਹਮਈ, ਸਭ ਲਈ ਮਿਹਰਵੰਤ ਹਨ। ਗੁਰੂ ਲਈ ਸਭ ਇਕੋ ਜਿਹੀਆਂ ਸਨ। ਦੂਜੇ ਬੰਨੇ ਇਹ ਸਾਰੀਆਂ ਗੁਰੂ ਮਿਸ਼ਨ ਤੋਂ ਵਾਰੇ-ਬਲਿਹਾਰੇ ਜਾਂਦੀਆਂ ਰਹੀਆਂ। ਇਨ੍ਹਾਂ ਸਾਰੀਆਂ ਨੇ ਆਪੋ-ਆਪਣਾ ਰੋਲ ਨਿਭਾਇਆ ਪਰ ਅਚਰਜ ਤਾਂ ਇਹ ਹੈ, ਇਹ ਸਾਰੀਆਂ ਇਕ ਅਦੁੱਤੀ ਇਕਸੁਰਤਾ ਨੂੰ ਰੂਪਮਾਨ ਕਰਦੀਆਂ ਹਨ। ਇਨ੍ਹਾਂ ਲਈ ਗੁਰੂ-ਮਿਸ਼ਨ ਸਭ ਤੋਂ ਉਚੇਰਾ ਸੀ। ਇਹ ਸਿਦਕ ਭਰੋਸੇ ਦੀਆਂ ਮੂਰਤਾਂ, ਆਗਿਆਕਾਰਤਾ ਨਾਲ ਸੰਪੰਨ, ਗੁਰੂ ਸੇਵਾ ਵਿਚ ਖੀਵੀਆਂ, ਆਪੋ-ਆਪਣੀ ਸਮਰੱਥਾ ਤੇ ਲੋੜ ਅਨੁਸਾਰ ਸੀਰ ਪਾਉਂਦੀਆਂ ਰਹੀਆਂ। ਇਨ੍ਹਾਂ ਸਾਰੀਆਂ ਦਾ ਇਕੋ ਥਾਵੇਂ ਦੀਦਾਰ ਇਕ ਰੂਹਾਨੀ ਹੁਲਾਰਾ ਦੇਂਦਾ ਹੈ। ਆਪਣੀ ਭਾਰੀ-ਗਉਰੀ ਵਿਰਾਸਤ ਨੂੰ ਸਮਝ ਕੇ ਉਸ ਪ੍ਰਤੀ ਜਸ਼ਨ ਦੀ ਭਾਵਨਾ ਜਾਗਦੀ ਹੈ। ਉਸ ਪ੍ਰਤੀ ਗੌਰਵ ਸਿਰ ਚੜ੍ਹ ਕੇ ਬੋਲਦਾ ਹੈ। ਬੰਦਾ ਭਰਿਆ-ਭਰਿਆ ਮਹਿਸੂਸ ਕਰਦਾ ਹੈ, ਨਤ-ਮਸਤਕ ਹੁੰਦਾ ਹੈ, ਇਹ ਸਾਰੀਆਂ ਬੁਲੰਦ ਰੁਤਬੇ ਵਾਲੀਆਂ ਜੂ ਹੋਈਆਂ।

ਡਾ. ਮਹਿੰਦਰ ਕੌਰ ਗਿੱਲ ਗੁਰਮਤਿ ਪਰੰਪਰਾ ਦੀ ਉੱਘੀ ਵਿਆਖਿਆਕਾਰ ਹੈ। ਗੁਰਬਾਣੀ ਅਤੇ ਗੁਰੂ ਇਤਿਹਾਸ ਉਸ ਦੇ ਚੋਣਵੇਂ ਅਧਿਐਨ ਖੇਤਰ ਹਨ। ਪਿਛਲੇ 35 ਸਾਲਾਂ ਵਿਚ 110 ਤੋਂ ਵਧ ਪੁਸਤਕਾਂ ਦੀ ਲੇਖਿਕਾ ਦਾ ਜੀਵਨ ਸਾਹਿਤ-ਸਾਧਨਾ ਅਤੇ ਅਧਿਆਤਮ ਸਾਧਨਾ ਦੀ ਉੱਤਮ ਉਦਾਹਰਣ ਹੈ। ਅਜਿਹੀ ਇਕਾਗਰ ਸਾਧਨਾ ਕਰ ਕੇ ਹੀ ਉਸ ਦਾ ਨਾਂ ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਪ੍ਰੋ. ਸਾਹਿਬ ਸਿੰਘ, ਡਾ. ਰਤਨ ਸਿੰਘ ਜੱਗੀ ਆਦਿ ਦੀ ਪਰੰਪਰਾ ਵਿਚ ਗਿਣਨਯੋਗ ਪ੍ਰਤੀਤ ਹੁੰਦਾ ਹੈ। ਉਹਦੀਆਂ ਲਿਖਤਾਂ ਰਾਹੀਂ ਧਰਮ-ਚਿੰਤਨ ਨੂੰ ਆਧੁਨਿਕ ਦਿੱਖ ਪ੍ਰਾਪਤ ਹੋਈ ਹੈ। ਲੋਕਯਾਨ ਤੋਂ ਲੈ ਕੇ ਸਾਹਿਤ-ਵਿਗਿਆਨ ਤਕ ਦੀਆਂ ਅੰਤਰ-ਦ੍ਰਿਸ਼ਟੀਆਂ ਨੇ ਉਹਦੇ ਚਿੰਤਨ ਦਾ ਚਿਹਰਾ-ਮੁਹਰਾ ਨਿਖਾਰਿਆ ਹੈ। ਕਈ ਸਾਹਿਤਕ ਤੇ ਧਾਰਮਿਕ ਸੰਸਥਾਵਾਂ ਨੇ ਉਸ ਦੀ ਪ੍ਰਤਿਭਾ ਨੂੰ ਪਛਾਣਦਿਆਂ ਉਸ ਦਾ ਯੋਗ ਸਨਮਾਨ ਵੀ ਕੀਤਾ ਹੈ।

ਮੁੱਲ : 120.00

ISBN 978-81-237-5446-8

ਨੈਸ਼ਨਲ ਬੁਕ ਟਰੱਸਟ, ਇੰਡੀਆ